# ਭਾਈ ਰਣਧੀਰ ਸਿੰਘ (ਰਿਸਰਚ ਸਕਾਲਰ) ਦਾ ਰਚਨਾ ਸੰਸਾਰ

## ਸਰਵੇਖਣ ਤੇ ਵਿਸ਼ਲੇਸ਼ਣ

### (ਸਿਧਾਂਤਕ ਤੇ ਇਤਿਹਾਸਕ ਪਰਿਪੇਖ)

**ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸੋਸ਼ਲ ਸਾਇੰਸਿਜ਼ ਫ਼ੈਕਲਟੀ ਅਧੀਨ**

**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਵਿਚ**

**ਪੀਐਚ.ਡੀ. ਦੀ ਡਿਗਰੀ ਹਿਤ ਪੇਸ਼ ਕੀਤਾ**

**ਖੋਜ-ਪ੍ਰਬੰਧ (Thesis)**

**2019**


**ਨਿਗਰਾਨ**

**ਡਾ. ਤੇਜਿੰਦਰ ਕੌਰ ਧਾਲੀਵਾਲ**
ਸਹਾਇਕ ਪ੍ਰੋਫੈਸਰ,
ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ।

**ਖੋਜਾਰਥੀ**

**ਨਿਰਵੈਰ ਸਿੰਘ**

PUNJABI UNIVERSITY PATIALA

**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,**

**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਨਿਰਵੈਰ ਸਿੰਘ ਨੇ **ਭਾਈ ਰਣਧੀਰ ਸਿੰਘ (ਰਿਸਰਚ ਸਕਾਲਰ) ਦਾ ਰਚਨਾ ਸੰਸਾਰ: ਸਰਵੇਖਣ ਤੇ ਵਿਸ਼ਲੇਸ਼ਣ (ਸਿਧਾਂਤਕ ਤੇ ਇਤਿਹਾਸਕ ਪਰਿਪੇਖ)** ਵਿਸ਼ੇ ਉਤੇ ਪੀਐਚ.ਡੀ. ਦਾ ਖੋਜ ਪ੍ਰਬੰਧ ਮੇਰੀ ਨਿਗਰਾਨੀ ਹੇਠ ਪੂਰਾ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਰਚਨਾ ਤੇ ਉਸਦੀ ਮਿਹਨਤ ਦਾ ਫਲ ਹੈ। ਮੈਂ ਇਸ ਕਾਰਜ ਨੂੰ ਪੀਐਚ.ਡੀ. ਦੀ ਉਪਾਧੀ ਲਈ ਪੂਰੀ ਤਰ੍ਹਾਂ ਯੋਗ ਸਮਝਦੀ ਹੋਈ ਮੁਲਾਂਕਣ ਲਈ ਪੇਸ਼ ਕਰਨ ਦੀ ਸਿਫ਼ਾਰਸ਼ ਕਰਦੀ ਹਾਂ।

ਮਿਤੀ: 19-12-2019

**ਡਾ. ਤੇਜਿੰਦਰ ਕੌਰ ਧਾਲੀਵਾਲ**

ਨਿਗਰਾਨ,

ਸਹਾਇਕ ਪ੍ਰੋਫੈਸਰ

ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਅਧਿਆਇ ਪਹਿਲਾ

# ਭਾਈ ਰਣਧੀਰ ਸਿੰਘ : ਜੀਵਨ ਅਤੇ ਤਤਕਾਲੀ ਹਾਲਾਤ

ਸਿੱਖ ਪੰਥ ਕਲਮ ਅਤੇ ਕ੍ਰਿਪਾਨ ਦਾ ਸੁਮੇਲ ਹੈ, ਇਸ ਦਾ ਆਧਾਰ ਗੁਰਬਾਣੀ ਹੈ। ਇਹ ਸਿੱਖ ਨੂੰ ਸੰਤ ਅਤੇ ਸਿਪਾਹੀ ਬਣਨ ਦਾ ਰਾਹ ਦੱਸਦਾ ਹੈ। ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਖਾਲਸੇ ਨੇ ਕਲਮ ਅਤੇ ਤੇਗ ਦੇ ਸੁਮੇਲ ਦੀਆ ਅਨੇਕ ਉਦਾਹਰਨਾਂ ਇਤਿਹਾਸ ਦੇ ਸਨਮੁਖ ਕੀਤੀਆਂ ਹਨ। ਇਸ ਲਈ ਗੁਰਮਤਿ ਆਧਾਰਿਤ ਵਿਦਵਤਾ ਅਤੇ ਵਿਦਵਾਨਾਂ ਦਾ ਜੀਵਨ ਅਕਾਦਮਿਕਤਾ ਦੇ ਖੇਤਰ ਦਾ ਵਿਸ਼ਾ ਬਣਦਾ ਰਿਹਾ ਹੈ। ਹਥਲੇ ਖੋਜ ਕਾਰਜ ਦਾ ਕੇਂਦਰ ਭਾਈ ਰਣਧੀਰ ਸਿੰਘ, ਜਿਨ੍ਹਾਂ ਨੂੰ 'ਇਤਿਹਾਸ ਖੋਜੀ' 'ਰੀਸਚਰ ਸਕਾਰਲਰ' 'ਹਿਸਟਰੀ ਰੀਸਰਚ ਸਕਾਲਰ' ਆਦਿ ਨਾਵਾਂ ਨਾਲ ਜਾਣਿਆ ਜਾਂਦਾ ਹੈ, ਦਾ ਜੀਵਨ ਅਤੇ ਲਿਖਤਾਂ ਹਨ। ਇਸ ਅਧਿਆਇ ਵਿੱਚ ਅਸੀਂ ਉਨ੍ਹਾਂ ਦੇ ਜੀਵਨ ਅਤੇ ਸਮਕਾਲੀ ਹਾਲਾਤਾਂ ਬਾਰੇ ਜਾਨਣ ਦੀ ਕੋਸ਼ਿਸ਼ ਕਰਾਂਗੇ:

**ਪਿੰਡ ਅਤੇ ਆਲਾ-ਦੁਆਲਾ:** ਭਾਈ ਰਣਧੀਰ ਸਿੰਘ ਦਾ ਪਿੰਡ 'ਡੂਮਛੇੜੀਂ' ਸੀ। ਇਹ ਪਿੰਡ ਮੋਰਿੰਡੇ ਤੋਂ ਪੰਜ ਕਿਲੋਮੀਟਰ ਦੂਰ ਸਰਹੰਦ ਨੂੰ ਜਾਣ ਵਾਲੇ ਰਸਤੇ 'ਤੇ ਪੈਂਦਾ ਹੈ। ਇਹ ਰਸਤਾ ਡੂਮਛੇੜੀ ਦੀ ਜੂਹ ਵਿਚ ਦੀ ਲੰਘਦਾ ਹੈ। ਇਸ ਪਿੰਡ ਤੋਂ ਦਸ ਕੁ ਕਿ.ਮੀ. ਗੰਗੂ, ਜਿਸਨੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਫੜਾਇਆ ਦਾ ਪਿੰਡ ਸਹੇੜੀ ਪੈਂਦਾ ਹੈ। 'ਡੂਮਛੇੜੀ' ਪਿੰਡ ਨੂੰ ਡੂਮੇਂ 'ਦੱਲੂ' ਨੇ ਵਸਾਇਆ ਸੀ। ਇਸ ਦਾ ਪਿਛੋਕੜ 'ਬਿਜੈਰਾਓ ਭੱਟੀ' ਨਾਲ ਮਿਲਦਾ ਹੈ।[1] ਪ੍ਰੋ ਪਿਆਰਾ ਸਿੰਘ ਪਦਮ ਅਨੁਸਾਰ, "ਧਾਲੀਵਾਲ ਗੋਤ ਤੇ ਚਾਰ ਬਜ਼ੁਰਗ ਡੂਮਾ, ਕੂਆ, ਸੂਮ ਤੇ ਧੂਮਾ ਇਸ ਇਲਾਕੇ ਵਿੱਚ ਬੈਠੇ ਸਨ। ਭਾਈ ਡੂਮੇ ਨੇ 'ਡੂਮਛੇਡੀ ਪਿੰਡ ਦਾ ਮੁੱਢ ਬੰਨਿਆ ਅਤੇ ਦੂਜਿਆਂ ਨੇ ਸਿਲ ਕਪੜ ਪਿੰਡ ਵਸਾਏ।"[2] ਪਿਆਰਾ ਸਿੰਘ ਪਦਮ ਦੁਆਰਾ ਦੱਸੇ 'ਸਿਲ-ਕਪੜ' ਵੱਖੋ-ਵੱਖਰੇ ਪਿੰਡ 'ਸਿਲ' ਅਤੇ ਕੱਪੜਾ' ਹਨ। ਇਹ ਪਿੰਡ ਵੀ ਡੂਮਛੇੜੀ ਦੀ ਤਰ੍ਹਾਂ ਮੋਰਿੰਡਾ ਤੋਂ 6-7 ਕਿਲੋਮੀਟਰ ਦੀ ਦੂਰੀ 'ਤੇ ਵਸੇ ਹਨ। ਇਨ੍ਹਾਂ ਤੋਂ ਇਲਾਵਾਂ 'ਡੂਮਛੇੜੀ' ਦੇ ਨਾਲ ਲਗਦੇ ਪਿੰਡ ਗੜਾਗਾਂ, ਬੈਂਤਾ, ਥੇੜ੍ਹੀ, ਮਾਛੀਪੁਰ, ਮੜੌਲੀ ਕਲਾਂ ਅਤੇ ਖੁਰਦ ਆਦਿ ਹਨ। ਡੂਮਛੇੜੀ ਜਿਲ੍ਹਾ ਰੋਪੜ, ਡਾਕਖਾਨਾਂ ਅਤੇ ਤਹਿਸੀਲ ਮੋਰਿੰਡਾ ਵਿੱਚ ਪੈਂਦਾ ਹੈ।

ਇਸ ਪਿੰਡ ਦੇ ਆਲੇ-ਦੁਆਲੇ ਨੂੰ ਜੇਕਰ ਸਿੱਖ ਇਤਿਹਾਸਕ ਪ੍ਰਸੰਗਾਂ ਵਿੱਚ ਵੇਖਿਆ ਜਾਵੇ ਤਾਂ

---

[1] ਪ੍ਰੋ. ਨਿਰਮਲ ਸਿੰਘ, ਇਤਿਹਾਸ ਖੋਜੀ ਭਾਈ ਰਣਧੀਰ ਸਿੰਘ ਡੂਮਛੇੜੀ, *ਪੰਜਾਬੀ ਟ੍ਰਿਬਿਊਨ,* 7 ਦਸਬੰਰ 1991.

[2] ਪਿਆਰਾ ਸਿੰਘ ਪਦਮ, *ਗੁਰੂ ਸਰ,* ਸਿੰਘ ਬ੍ਰਦਰਜ, ਅੰਮ੍ਰਿਤਸਰ, 2012, ਪੰ. 115.

ਦੁਨੀਆ ਦੇ ਮਹਾਨ ਸਾਕੇ ਇੱਥੇ ਵਾਪਰੇ ਹਨ। ਜੇਕਰ ਸਿੱਖ-ਵਿਸ਼ਵਾਸ ਦੀ ਗੱਲ ਕਰੀਏ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦਾ ਖ਼ੂਨ ਇਸ ਇਲਾਕੇ ਵਿਚ ਡੁਲਿਆ ਹੈ। ਇਸ ਇਲਾਕੇ ਜਾਂ ਆਲੇ ਦੁਆਲੇ ਨੂੰ ਸਿੱਖੀ ਦੀ ਪਿਓਂਦ ਚੜ੍ਹੀ ਹੈ।

**ਭਾਈ ਰਣਧੀਰ ਸਿੰਘ ਦਾ ਜਨਮ, ਨਾਮਰਕਣ ਅਤੇ ਵਿੱਦਿਆ:**

ਨਿਰਮਲ ਸਿੰਘ ਨੇ ਆਪਣੇ ਲੇਖ ਵਿਚ ਉਨ੍ਹਾਂ ਦੀ ਜਨਮ ਤਾਰੀਖ ਬਾਰੇ ਲਿਖਿਆ ਹੈ ਕਿ, "ਭਾਈ ਰਣਧੀਰ ਸਿੰਘ ਦਾ ਜਨਮ 21 ਜੁਲਾਈ 1898 ਈ. ਨੂੰ ਮਾਈ ਜਾਤਣ ਦੀ ਕੁਖੋਂ ਸ. ਬਿਸ਼ਨ ਸਿੰਘ ਦੇ ਘਰ ਹੋਇਆ। ਇਨ੍ਹਾਂ ਦੇ ਜਨਮ ਸਮੇਂ ਇਨ੍ਹਾਂ ਦੀ ਦਾਦੀ ਨੰਦੋਂ ਜੀ ਜਿੰਦਾ ਸਨ। ਦੋ ਕੁ ਸਾਲ ਬਾਅਦ ਉਨ੍ਹਾਂ ਦੀ ਮਾਤਾ ਜਾਤਣ ਅਤੇ ਦਾਦੀ ਨੰਦੋ ਚੱਲ ਵਸੀਆਂ।"[3] ਕਰਨੈਲ ਸਿੰਘ ਸੋਮਲ ਲਿਖਦੇ ਹਨ ਕਿ, "ਭਾਈ ਰਣਧੀਰ ਸਿੰਘ ਦਾ ਪਹਿਲਾ ਨਾਮ ਸਰਵਣ ਸਿੰਘ ਰੱਖਿਆ ਗਿਆ ਸੀ। ਫਿਰ ਉਨ੍ਹਾਂ ਦੀ ਦਾਦੀ ਨੰਦੋ ਨੇ ਆਪਣੇ ਪੋਤੇ ਨੂੰ ਸਰੀਰ ਦਾ ਹੌਲਾ ਵੇਖਕੇ ਉਸ ਦਾ ਨਾ ਈਸ਼ਰ ਸਿੰਘ ਇਸ ਵਿਸ਼ਵਾਸ਼ ਨਾਲ ਰੱਖਿਆ ਕਿ ਸ਼ਾਇਦ ਨਾ ਬਦਲੀ ਕਰਨ ਨਾਲ ਤਕੜਾ ਹੋ ਜਾਵੇ।"[4] ਭਾਈ ਸਾਹਿਬ ਨੇ ਅੰਮ੍ਰਿਤ ਛਕਣ ਤੋਂ ਬਾਅਦ ਆਪਣਾ ਨਾਮ ਰਣਧੀਰ ਸਿੰਘ ਰੱਖ ਲਿਆ। ਇਸੇ ਨਾਂ ਨਾਲ ਹੀ ਉਨ੍ਹਾਂ ਦੀਆਂ ਲਿਖਤਾਂ ਪ੍ਰਕਾਸ਼ਿਤ ਹੁੰਦੀਆ ਰਹੀਆਂ। ਪਰੰਤੂ ਵਿਦਵਾਨਾ ਵੱਲੋਂ ਉਨ੍ਹਾਂ ਦੀ ਪ੍ਰਸੰਸਾ ਵਿਚ ਕੁੱਝ ਲਿਖਦਿਆਂ 'ਸਰਦਾਰ', 'ਇਤਿਹਾਸ ਖੋਜੀ', 'ਭਾਈ', 'ਨਿਰਮਣ ਅਤੇ ਮੌਲਿਕ ਖੋਜੀ', 'ਗਿਆਨੀ', 'ਰੀਸਰਚ ਸਕਾਲਰ' ਆਦਿ ਵਿਸ਼ੇਸਣ ਉਨ੍ਹਾ ਦੇ ਨਾ ਦੇ ਅੱਗੇ ਲਗਾਏ ਜਾਂਦੇ ਰਹੇ ਹਨ। ਡਾ. ਕਰਨੈਲ ਸਿੰਘ ਸੋਮਲ ਨੇ ਇਨ੍ਹਾਂ ਨਾਵਾਂ ਦਾ ਵੇਰਵਾ ਇਸ ਤਰ੍ਹਾਂ ਦਿਤਾ ਹੈ ਕਿ, "ਉੱਘੇ ਵਿਦਵਾਨਾਂ ਵੱਲੋਂ ਭਾਈ ਰਣਧੀਰ ਸਿੰਘ ਦੇ ਨਾਂ ਤੋਂ ਪਹਿਲਾਂ ਜਾਂ ਪਿੱਛੋਂ ਕਈ ਇੱਕ ਵਿਸ਼ੇਸ਼ਣੀ ਸ਼ਬਦ, ਉਨ੍ਹਾਂ ਦੇ ਕਾਰਜ ਅਤੇ ਕੀਰਤੀ ਨੂੰ ਮੁੱਖ ਰੱਖ ਕੇ, ਵਰਤੇ ਗਏ ਹਨ। ਡਾ. ਗੰਡਾ ਸਿੰਘ ਨੇ *ਉਦਾਸੀ ਸਿੱਖਾਂ ਦੀ ਵਿਥਿਆ* ਪੁਸਤਕ ਦੇ 'ਆਰੰਭਕ ਸ਼ਬਦ' ਉਨ੍ਹਾਂ ਦੇ ਨਾਂ ਅੱਗੇ 'ਸਰਦਾਰ' ਸ਼ਬਦ ਲਾਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਾਪੀ ਗਈ ਇਸ ਪੁਸਤਕ ਦੇ ਟਾਈਟਲ ਪੰਨੇ ਉੱਤੇ ਲਿਖਾਰੀ ਦੇ ਤੌਰ 'ਤੇ ਉਨ੍ਹਾਂ ਦੇ ਨਾਂ ਨਾਲ ਇਤਿਹਾਸ-ਖੋਜੀ' ਲਿਖਿਆ ਗਿਆ ਹੈ। ਪ੍ਰੋ. ਪ੍ਰੀਤਮ ਸਿੰਘ ਨੇ *ਉਦਾਸੀ ਸਿੱਖਾਂ ਦੀ ਵਿਥਿਆ* ਪੁਸਤਕ ਦੇ ਰੀਵਿਊ ਵਿੱਚ ਲੇਖਕ ਦੇ ਨਾਂ ਤੋਂ ਪਹਿਲਾਂ ਭਾਈ ਸ਼ਬਦ ਵਰਤਿਆ ਹੈ, ਨਾਲ ਹੀ ਉਨ੍ਹਾਂ ਨੂੰ 'ਨਿਰਮਾਣ ਅਤੇ ਮੌਲਿਕ ਖੋਜੀ' ਕਿਹਾ ਹੈ। ਪਿਆਰਾ ਸਿੰਘ ਪਦਮ ਨੇ ਉਨ੍ਹਾਂ ਦੇ ਨਾਂ ਅੱਗੇ 'ਗਿਆਨੀ' ਸ਼ਬਦ ਲਿਖਿਆ ਹੈ। 'ਸਿੱਖ ਇਤਿਹਾਸ ਰੀਸਰਚ

[3] ਪ੍ਰੋ. ਨਿਰਮਲ ਸਿੰਘ, ਇਤਿਹਾਸ ਖੋਜੀ ਭਾਈ ਰਣਧੀਰ ਸਿੰਘ ਡੂਮਛੇੜੀ, *ਪੰਜਾਬੀ ਟ੍ਰਿਬਿਊਨ*, 7 ਦਸਬੰਰ 1991.

[4] ਡਾ. ਕਰਨੈਲ ਸਿੰਘ ਸੋਮਲ, *ਸਿੱਖ ਇਤਿਹਾਸ ਦਾ ਟਕਸਾਲੀ ਖੋਜੀ ਭਾਈ ਰਣਧੀਰ ਸਿੰਘ ਡੂਮਛੇੜੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018, ਪੰਨੇ 17-18.

ਬੋਰਡ' ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਿਤ *ਗੁਰ-ਪ੍ਰਣਾਲੀਆਂ* ਦੇ ਸਰਵਰਕ ਉੱਤੇ 'ਸ. ਰਣਧੀਰ ਸਿੰਘ ਰੀਸਰਚ ਸਕਾਲਰ ਸ਼੍ਰੋ: ਕਮੇਟੀ' ਲਿਖਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਉਨ੍ਹਾਂ ਨੂੰ ਜਿਹੜੇ ਆਹੁਦਿਆਂ ਉੱਤੇ ਕੰਮ ਕਰਨ ਦਾ ਅਵਸਰ ਮਿਲਿਆ, ਉਸ ਅਨੁਸਾਰ, ਉਨ੍ਹਾਂ ਦੇ ਨਾਂ ਨਾਲ 'ਗੁਰਦੁਆਰਾ ਇੰਸਪੈਕਟਰ', 'ਹਿਸਟਰੀ ਰੀਸਰਚ ਸਕਾਲਰ' ਅਤੇ 'ਰੀਸਰਚ ਸਕਾਲਰ' ਸ਼ਬਦ ਆਏ ਹਨ। ਪੰਜਾਬੀ ਯੂਨੀਵਰਸਿਟੀ ਵਿੱਚ ਉਨ੍ਹਾਂ ਦੇ ਪਦ ਦਾ ਨਾਂ 'ਓਰੀਐਂਟਲ' ਸਕਾਲਰ ਸੀ। ਉਨ੍ਹਾਂ ਦੀ ਵਿਦਵਤਾ ਕਾਰਨ ਵੀ ਉਨ੍ਹਾਂ ਲਈ ਇਹ ਸਤਿਕਾਰ ਭਰੇ ਸ਼ਬਦ ਵਰਤੇ ਜਾਂਦੇ ਰਹੇ ਹਨ। ਆਪਣੇ ਕੰਮ ਪ੍ਰਤੀ ਨਿਸ਼ਠਾ ਨੂੰ ਦੇਖਦੇ ਹੋਏ ਸਾਧੂ ਸਿੰਘ ਹਮਦਰਦ ਨੇ ਉਨ੍ਹਾਂ ਲਈ 'ਖਾਮੋਸ਼ ਰੀਸਰਚ ਸਕਾਲਰ' ਜਿਹੇ ਵਿਸ਼ੇਸ਼ਣੀ ਸ਼ਬਦ ਵਰਤੇ।" [5]

ਇਨ੍ਹਾਂ ਦੀ ਦਾਦੀ ਅਤੇ ਮਾਤਾ ਦੇ ਦੇਹਾਂਤ ਪਿੱਛੋਂ ਇਨ੍ਹਾਂ ਦੇ ਪਿਤਾ ਨੂੰ ਖੇਤੀ ਛੱਡਣੀ ਪਈ ਅਤੇ ਕੁੱਝ ਸਮੇਂ ਲਈ ਵਪਾਰ ਵੀ ਕਰਨਾ ਪਿਆ। ਭਾਈ ਰਣਧੀਰ ਸਿੰਘ ਦੇ ਤਾਇਆ ਜੀ ਦੇ ਦੇਹਾਂਤ ਪਿੱਛੋਂ ਇਨ੍ਹਾਂ ਦੇ ਪਿਤਾ ਨੇ ਆਪਣੇ ਭਤੀਜਿਆਂ ਨਾਲ ਮਿਲ ਕੇ ਖੇਤੀ ਕੀਤੀ।

ਭਾਈ ਰਣਧੀਰ ਸਿੰਘ ਨੇ ਰਸਮੀ ਵਿਦਿਆ ਮਿਡਲ ਸਕੂਲ ਤੱਕ ਹੀ ਪ੍ਰਾਪਤ ਕੀਤੀ। ਉਨ੍ਹਾਂ ਨੇ ਅੱਖਰ ਗਿਆਨ ਬਾਬਾ ਗੁਰਦਿੱਤ ਸਿੰਘ ਖਮਾਣੋਂ ਵਾਲਿਆ ਤੋਂ ਪ੍ਰਾਪਤ ਕੀਤਾ। ਇਹ ਸਾਧੂ-ਸੁਭਾ ਅਤੇ ਪਰਉਪਕਾਰੀ ਪੁਰਖ ਮੋਰਿੰਡਾ-ਸਰਹੰਦ ਸੜਕ ਉੱਤੇ ਪੈਂਦੇ ਪਿੰਡ ਸੇਖੋਮਾਜਰਾ ਦੀ ਖੂਹੀ ਉੱਤੇ ਰਾਹੀਆਂ ਨੂੰ ਪਾਣੀ ਪਿਆਉਣ ਦੀ ਸੇਵਾ ਕਰਦੇ ਸਨ। ਇਸ ਤੋਂ ਇਲਾਵਾਂ ਉਹ ਆਲੇ-ਦੁਆਲੇ ਪਿੰਡਾਂ ਦੇ ਬੱਚਿਆ ਨੂੰ ਵਿੱਦਿਆ ਦੇਣ ਦੀ ਸੇਵਾ ਵੀ ਕਰਦੇ ਸਨ। ਭਾਈ ਰਣਧੀਰ ਸਿੰਘ ਨੇ ਉਨ੍ਹਾਂ ਤੋ ਵਿੱਦਿਆ ਹਾਸਿਲ ਕਰਨੀ ਸ਼ੁਰੂ ਕੀਤੀ। ਉਨ੍ਹਾਂ ਨੇ ਪਹਿਲੇ ਦਿਨ ਪੈਂਤੀ ਸਿੱਖੀ, ਸਾਲ ਦੇ ਅੰਦਰ ਹੀ 'ਪੰਜ ਗ੍ਰੰਥੀ', 'ਦਸ ਗ੍ਰੰਥੀ' ਅਤੇ 'ਭਗਤ ਬਾਣੀ' ਆਦਿ ਪੋਥੀਆਂ ਦਾ ਪਾਠ ਸਿੱਖਿਆ ਅਤੇ ਉਰਦੂ ਦਾ ਕਾਇਦਾ ਵੀ ਪੜ੍ਹ ਲਿਆ।[6] ਵਿੱਦਿਆ ਲੈਣ ਦੀ ਤਸਦੀਕ ਭਾਈ ਸਾਹਿਬ ਨੇ ਆਪਣੀ ਲਿਖਤ ਵਿਚ ਇਸ ਤਰ੍ਹਾਂ ਕੀਤੀ ਹੈ:

"ਇਨ੍ਹਾਂ ਅੱਖਰਾਂ ਦੇ ਲਿਖਾਰੀ ਨੂੰ, ਗੁਰਮਤਿ ਦੀ ਗੁੜ੍ਹਤੀ, ਅੱਠ-ਦਸ ਵਰ੍ਹੇ ਦੀ ਉਮਰੇ ਮਿਲੀ। ਗੁਰਮੁਖੀ ਅੱਖਰ ਸਿਖਾਣ ਵਾਲੇ ਬਾਬਾ ਗੁਰਦਿੱਤ ਸਿੰਘ ਤੋਂ ਦਸਮ ਪਾਤਿਸ਼ਾਹ ਦੀ ਬਾਣੀ ਪੜ੍ਹਨ-ਲਿਖਣ ਦਾ ਸ਼ੋਕ

---

5 ਡਾ. ਕਰਨੈਲ ਸਿੰਘ ਸੋਮਲ, *ਸਿੱਖ ਇਤਿਹਾਸ ਦਾ ਟਕਸਾਲੀ ਖੋਜੀਂ ਭਾਈ ਰਣਧੀਰ ਸਿੰਘ ਡੂਮਛੇੜੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018, ਪੰ.18.

6 ਪ੍ਰੋ. ਨਿਰਮਲ ਸਿੰਘ, ਇਤਿਹਾਸ ਖੋਜੀ ਭਾਈ ਰਣਧੀਰ ਸਿੰਘ ਡੂਮਛੇੜੀ, *ਪੰਜਾਬੀ ਟ੍ਰਿਬਿਊਨ,* 7 ਦਸਬੰਰ 1991.

ਜਾਗਿਆ ਸੀ।"[7]

ਭਾਈ ਸਾਹਿਬ ਨੇ 1914 ਵਿੱਚ ਮੋਰਿੰਡੇ ਤੋਂ ਮਿਡਲ ਪਾਸ ਕੀਤੀ। ਪਰੰਤੂ ਘਰੇਗੀ ਹਾਲਤ ਠੀਕ ਨਾ ਹੋਣ ਕਰਕੇ ਉਨ੍ਹਾਂ ਨੂੰ ਪੜ੍ਹਾਈ ਛਡਣੀ ਪਈ।[8] ਭਾਈ ਸਾਹਿਬ ਦੇ ਪੁੱਤਰ ਹਰਜੀਤ ਸਿੰਘ ਦੀ ਗਵਾਹੀ ਅਨੁਸਾਰ ਉਨ੍ਹਾਂ ਨੇ ਸਕੂਲੀ ਪੜ੍ਹਾਈ ਪਿੰਡ ਤੋਂ ਕੁੱਝ ਕਿਲੋਮੀਟਰ ਦੂਰੀ ਤੇ ਪੈਂਦੇ ਪਿੰਡ ਮਾਨਪੁਰ ਦੇ ਗੁਰਦੁਆਰਾ ਸਾਹਿਬ ਵਿਚ ਚੱਲ ਰਹੇ ਸਕੂਲ ਤੋਂ ਕੀਤੀ।[9] ਪ੍ਰੋ. ਨਿਰਮਲ ਸਿੰਘ ਅਨੁਸਾਰ ਭਾਈ ਸਾਹਿਬ ਅੱਠਵੀ ਜਮਾਤ ਵਿਚੋਂ ਪਹਿਲੇ ਨੰਬਰ 'ਤੇ ਰਹੇ।[10]

**ਭਾਈ ਸਾਹਿਬ ਦੀ ਪਤਨੀ ਅਤੇ ਸੰਤਾਨ:**

ਭਾਈ ਰਣਧੀਰ ਸਿੰਘ ਆਪਣੇ ਮਾਪਿਆਂ ਦੀ ਇਕਲੋਤੀ ਸੰਤਾਨ ਸਨ। ਇਨ੍ਹਾਂ ਦਾ ਵਿਆਹ ਪਿੰਡ ਰਾਣਵਾਂ ਦੀ ਬੀਬੀ ਮਹਿੰਦਰ ਕੌਰ ਦੇ ਨਾਲ ਹੋਇਆ। ਇੰਨ੍ਹਾ ਦੇ ਘਰ ਪੰਜ ਪੁੱਤਰ ਤੇ ਇਕ ਧੀ ਪੈਦਾ ਹੋਈ। ਇਨ੍ਹਾਂ ਦੇ ਨਾਮ ਇਹ ਸਨ:

1) ਸੁਰਜੀਤ ਸਿੰਘ (ਜਨਮ 1930 ਈ.)
2) ਸੰਤਪਾਲ ਸਿੰਘ (ਜਨਮ 1935 ਈ.)
3) ਹਰਮੀਤ ਸਿੰਘ (ਜਨਮ 1940 ਈ.)
4) ਹਰਜੀਤ ਸਿੰਘ (ਜਨਮ 1941 ਈ.)
5) ਗੁਰਦੀਪ ਕੌਰ (ਜਨਮ 1944 ਈ.)
6) ਸਫਲ ਸਿੰਘ (ਜਨਮ 1947 ਈ.)

ਇਨ੍ਹਾਂ ਵਿਚੋਂ ਹਰਮੀਤ ਸਿੰਘ, ਹਰਜੀਤ ਸਿੰਘ ਅਤੇ ਗੁਰਦੀਪ ਕੌਰ ਜੀਵਤ ਹਨ। ਗੁਰਦੀਪ ਕੌਰ ਆਪਣੇ ਪਰਿਵਾਰ ਸਮੇਤ ਆਸਟ੍ਰੇਲੀਆ ਰਹਿੰਦੀ ਹੈ। ਉਸ ਦਾ ਲੜਕਾ ਉੱਥੇ ਪ੍ਰੋਫੈਸਰ ਹੈ। ਭਾਈ ਸਾਹਿਬ ਦੇ ਇਕ ਸਪੁੱਤਰ ਸੁਰਜੀਤ ਸਿੰਘ ਦੀ ਮ੍ਰਿਤੂ 12/03/1985 ਨੂੰ ਹੋ ਗਈ। ਸੁਰਜੀਤ ਸਿੰਘ, ਗੁਰਦੀਪ ਕੌਰ, ਅਤੇ ਸਫ਼ਲ ਸਿੰਘ ਦਸ ਜਮਾਤਾ ਪਾਸ ਹੋਏ। ਸੰਤਪਾਲ ਸਿੰਘ ਨੇ ਕੇਵਲ

---

7 ਰਣਧੀਰ ਸਿੰਘ (ਸੰਪਾ) *ਪ੍ਰੇਮ ਸੁਮਾਰਗ ਗ੍ਰੰਥ,* ਨਿਊ ਬੁੱਕ ਕੰਪਨੀ, ਜਲੰਧਰ, 2000, ਪੰਨੇ 52-53.

8 ਪਿਆਰਾ ਸਿੰਘ ਪਦਮ, *ਗੁਰੂ ਸਰ,* ਸਿੰਘ ਬ੍ਰਦਰਜ, ਅੰਮ੍ਰਿਤਸਰ, 2012 ਪੰ.116.

9 ਡਾ. ਕਰਨੈਲ ਸਿੰਘ ਸੋਮਲ, *ਸਿੱਖ ਇਤਿਹਾਸ ਦਾ ਟਕਸਾਲੀ ਖੋਜੀਂ ਭਾਈ ਰਣਧੀਰ ਸਿੰਘ ਡੂਮਛੇੜੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018, ਪੰ.20.

10 ਪ੍ਰੋ. ਨਿਰਮਲ ਸਿੰਘ, ਇਤਿਹਾਸ ਖੋਜੀ ਭਾਈ ਰਣਧੀਰ ਸਿੰਘ ਡੂਮਛੇੜੀ, *ਪੰਜਾਬੀ ਟ੍ਰਿਬਿਊਨ,* 7 ਦਸਬੰਰ 1991.

ਅੱਖਰ ਗਿਆਨ ਪ੍ਰਾਪਤ ਕੀਤਾ। ਹਰਮੀਤ ਸਿੰਘ ਅਨਪੜ੍ਹ ਰਿਹਾ। ਹਰਜੀਤ ਸਿੰਘ ਸੱਤਵੀ ਤੱਕ ਪੜਿਆ ਸਫ਼ਲ ਸਿੰਘ ਅਤੇ ਗੁਰਦੀਪ ਕੌਰ ਅੰਮ੍ਰਿਤਸਰ ਵਿਖੇ ਪੜ੍ਹੇ ਸਨ। ਉਸ ਸਮੇਂ ਭਾਈ ਸਾਹਿਬ ਜੀ ਅੰਮ੍ਰਿਤਸਰ ਰਹਿੰਦੇ ਸਨ। ਸੁਰਜੀਤ ਸਿੰਘ ਨੇ ਨੇਵੀ ਵਿੱਚ ਨੌਕਰੀ ਕੀਤੀ ਅਤੇ ਸਫ਼ਲ ਸਿੰਘ ਨੇ ਬਿਜਲੀ ਬੋਰਡ ਵਿੱਚ। ਭਾਈ ਸਾਹਿਬ ਦੀ ਪੁੱਤਰੀ ਬੀਬੀ ਗੁਰਦੀਪ ਕੌਰ ਨੇ ਆਪਣੀ ਪੜ੍ਹਾਈ ਡੂਮਛੇੜੀ, ਮੋਰਿੰਡੇ ਅਤੇ ਅੰਮ੍ਰਿਤਸਰ ਤੋਂ ਕੀਤੀ। ਉਸਦਾ ਵਿਆਹ ਰੁਪਾਲਹੇੜੀ ਪਿੰਡ ਵਿੱਚ ਹੋਇਆ ਫਿਰ ਉਸਦਾ ਸਹੁਰਾ ਪਰਿਵਾਰ ਖਰੜ ਵਿਖੇ ਆ ਕੇ ਰਹਿਣ ਲੱਗਾ। ਸੁਰਜੀਤ ਸਿੰਘ ਅਤੇ ਸਫ਼ਲ ਸਿੰਘ ਨੇ ਆਈ.ਟੀ.ਆਈ ਕੀਤੀ। ਸੰਤਪਾਲ ਸਿੰਘ ਅਤੇ ਹਰਮੀਤ ਸਿੰਘ ਖੇਤੀ ਕਰਦੇ ਰਹੇ।[11] ਜਦੋਂ ਅਸੀ ਭਾਈ ਸਾਹਿਬ ਦੇ ਸਪੁੱਤਰ ਸ. ਹਰਜੀਤ ਸਿੰਘ ਨਾਲ ਮੁਲਾਕਾਤ ਕੀਤੀ ਤਾਂ ਉਨਾਂ ਨੇ ਪਰਿਵਾਰ ਬਾਰੇ ਉਪਰੋਕਤ ਜਾਣਕਾਰੀ ਸਾਨੂੰ ਦਿਤੀ।

**ਨੌਕਰੀ ਦੀ ਭਾਲ ਵਿਚ:**

ਭਾਈ ਸਾਹਿਬ ਦੀ ਘਰੇਗੀ ਹਾਲਤ ਠੀਕ ਨਾ ਹੋਣ ਕਾਰਨ ਇੰਨ੍ਹਾ ਨੂੰ ਆਪਣੀ ਪੜ੍ਹਾਈ ਛੱਡ ਕੇ ਨੌਕਰੀ ਕਰਨੀ ਪਈ। "ਇਹ ਜੁਲਾਈ 1915 ਈ. ਵਿਚ ਜਲੰਧਰ, ਫੌਜ ਵਿੱਚ ਭਰਤੀ ਹੋਏ ਤੇ 92 ਨੰਬਰ ਪੰਜਾਬੀ ਰੈਜਮੈਂਟ ਜਬਲਪੁਰ ਚਲੇ ਗਏ। ਲਿਖਣ-ਪੜ੍ਹਨ ਦੀ ਮੁਹਾਰਤ ਕਰਕੇ ਦਫ਼ਤਰੀ ਕਾਰਜ ਸੰਭਾਲ ਲਿਆ। 1915 ਵਿੱਚ ਅੰਮ੍ਰਿਤ ਛਕ ਲਿਆ। ਫੌਜ ਵਿੱਚ ਡਰਿੱਲ ਇੰਸਪੈਕਟਰ ਦਾ ਅਹੁਦਾ ਸੰਭਾਲਿਆ ਅਤੇ ਹੋਲੀ-ਹੋਲੀ ਤਰੱਕੀ ਕਰਦੇ 1917 ਵਿਚ ਨੈਕ ਦੇ ਰੈਂਕ ਤੱਕ ਪਹੁੰਚ ਗਏ। ਉਸ ਸਮੇਂ ਪਹਿਲਾ ਵਿਸ਼ਵ-ਯੁੱਧ ਬੰਦ ਹੋ ਗਿਆ । ਭਾਰਤੀ ਅਤੇ ਪੰਜਾਬੀ ਨੌਜਵਾਨ ਅੰਗਰੇਜ਼ ਫੌਜ ਵਲੋਂ ਲੜ ਰਹੇ ਸਨ। ਉਸ ਸਮੇਂ ਅੰਗਰੇਜ਼ਾਂ ਨੇ ਸਿੱਖਾ ਨੂੰ ਤਰੱਕੀਆਂ ਦਿੱਤੀਆਂ ਸਨ। ਵਿਸ਼ਵ-ਯੁੱਧ ਦੇ ਬੰਦ ਹੋਣ ਨਾਲ ਅਤੇ ਫੌਜ ਵਿਚ ਤਰੱਕੀ ਦੀ ਆਸ ਘਟ ਜਾਣ ਕਾਰਨ ਸਤੰਬਰ 1920 ਵਿਚ ਕੋਇਟੇ ਤੋਂ ਨਾ ਕਟਾ ਕੇ ਭਾਈ ਸਾਹਿਬ ਘਰ ਆ ਗਏ।"[12]

**ਗੁਰਦੁਆਰਾ ਸੁਧਾਰ ਲਹਿਰ ਅਤੇ ਭਾਈ ਰਣਧੀਰ ਸਿੰਘ**

ਮੰਨਿਆ ਜਾਂਦਾ ਹੈ ਕਿ 1920 ਈ. ਗੁਰਦੁਆਰਾ ਸੁਧਾਰ ਲਹਿਰ ਆਰੰਭ ਹੋਈ। ਇਸ ਦਾ ਕਾਰਨ ਸਿੱਖ ਰਾਜ ਦੀ ਸਮਾਪਤੀ ਤੋਂ ਬਾਅਦ ਗੁਰਦੁਆਰਿਆਂ ਦੇ ਪ੍ਰਬੰਧਕ ਮਹੰਤਾਂ ਦੇ ਜੀਵਨ ਵਿਚ ਆਈ ਵਿਲਾਸਤਾ

---

[11] ਸ. ਹਰਜੀਤ ਸਿੰਘ ਨਾਲ ਨਿੱਜੀ ਮੁਲਾਕਾਤ; ਕਰਨੈਲ ਸਿੰਘ ਸੋਮਲ, *ਸਿੱਖ ਇਤਿਹਾਸ ਦਾ ਟਕਸਾਲੀ ਖੋਜੀ ਭਾਈ ਰਣਧੀਰ ਸਿੰਘ ਡੂਮਛੇੜੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018, ਪੰਨੇ, 21-22.

[12] ਪ੍ਰੋ. ਪਿਆਰਾ ਸਿੰਘ ਪਦਮ, *ਗੁਰੂ ਸਰ,* ਸਿੰਘ ਬ੍ਰਦਰਜ, ਅੰਮ੍ਰਿਤਸਰ, 2012 ਪੰ.116; ਪ੍ਰੋ. ਨਿਰਮਲ ਸਿੰਘ, ਇਤਿਹਾਸ ਖੋਜੀ ਭਾਈ ਰਣਧੀਰ ਸਿੰਘ ਡੂਮਛੇੜੀ, *ਪੰਜਾਬੀ ਟ੍ਰਿਬਿਊਨ, 7* ਦਸਬੰਰ 1991.

ਸੀ। ਅੰਗਰੇਜ਼ ਸਰਕਾਰ ਉਨ੍ਹਾਂ ਨੂੰ ਸ਼ਹਿ ਦੇ ਰਹੀ ਸੀ। ਇਸ ਤੋਂ ਇਲਾਵਾਂ ਸਿੱਖਾਂ ਨੂੰ ਗੁੰਮਰਾਹ ਕਰਨ ਲਈ ਸਰਕਾਰ ਮਨਮਰਜੀ ਦੇ ਹੁਕਮਨਾਮੇ ਲਾਗੂ ਕਰਵਾਕੇ ਸਿੱਖ ਜਥੇਬੰਦੀ ਨੂੰ ਕਮਜ਼ੋਰ ਕਰਨਾ ਚਾਹੁੰਦੀ ਸੀ। ਇਸ ਸਮੇਂ ਸਿੰਘ ਸਭਾ ਲਹਿਰ ਕਾਰਜਸ਼ੀਲ ਸੀ, ਪਰੰਤੂ ਇਸ ਵਿਚ ਕਈ ਤਰ੍ਹਾਂ ਦੀ ਤਕਰਾਰਬਾਜ਼ੀ ਹੋਣ ਕਾਰਨ ਇਹ ਲਹਿਰ ਕਮਜ਼ੋਰ ਹੋ ਚੁਕੀ ਸੀ। ਇਸ ਲਹਿਰ ਦਾ ਆਸ਼ਾ ਅੰਗਰੇਜ਼ਾਂ ਨਾਲ ਰਲ ਕੇ ਸਿੱਖਾਂ ਨੂੰ ਵਿਦਿਅਕ ਤੌਰ ’ਤੇ ਜਾਗਰੂਕ ਕਰਨਾ ਸੀ। ਇਸ ਦਾ ਇਕ ਧੜਾ ਅੰਗਰੇਜ਼ ਪੱਖੀ ਸੀ ਅਤੇ ਦੂਜੇ ਧੜੇ ਦੇ ਜਿਸ ਵੀ ਮੈਂਬਰ ਨੇ ਅੰਗਰੇਜ਼ਾਂ ਦੀ ਵਿਰੋਧਤਾ ਕਰਨ ਦੀ ਕੋਸ਼ਿਸ਼ ਕੀਤੀ, ਉਸਨੂੰ ਪੰਥ ਵਿਚੋਂ ਛੇਕ ਦਿੱਤਾ ਗਿਆ। ਇਸ ਤਰ੍ਹਾਂ ਦੀ ਮਨਮਾਨੀ ਦੀ ਭੇਂਟ ਗਿ. ਦਿੱਤ ਸਿੰਘ ਅਤੇ ਪ੍ਰੋ. ਗੁਰਮੁਖ ਸਿੰਘ ਵਰਗੇ ਸੁਤੰਤਰ ਚੇਤਨਾ ਵਾਲੇ ਸਿੱਖ ਚੜ੍ਹ ਚੁੱਕੇ ਸਨ। ਬੱਬਰ ਅਕਾਲੀ ਅਤੇ ਗਦਰੀ ਸਿੱਖਾਂ ਨੂੰ ਵੀ ਅਜਿਹੀਆਂ ਕਾਰਵਾਈਆਂ ਕਰਕੇ ਤਨਖਾਹੀਏ ਕਰਾਰ ਦਿੱਤਾ ਗਿਆ।

“ਸੰਨ 1840 ਈ. ਤੋਂ ਬਾਅਦ ਅੰਗਰੇਜ਼ਾਂ ਨੇ ਦਰਬਾਰ ਸਾਹਿਬ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਕੇ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਗੁਰਦੁਆਰਿਆ ਦੀ ਕਮੇਟੀ ਬਣਾਈ। ਇਸ ਵਿੱਚ ਸਿੱਖ ਰਈਸ ਸ਼ਾਮਿਲ ਸਨ। ਦਰਬਾਰ ਸਾਹਿਬ ਦੇ ਪ੍ਰਬੰਧ ਲਈ ਸਰਬਹਾਰ ਨਿਯੁਕਤ ਕੀਤਾ ਗਿਆ। ਪਹਿਲੀ ਵਾਰ ਰਾਜਾ ਤੇਜਾ ਸਿੰਘ ਮਿਸਟਰ ਕਪੂਰ (ਡਿਪਟੀ ਕਮਿਸ਼ਨਰ, ਅਮ੍ਰਿਤਸਰ) ਅਤੇ ਜੋਧ ਸਿੰਘ ਸਰਬਰਾਹ ਨੇ ਜਿਹੜੀ ਕਮੇਟੀ ਬਣਾਈ ਉਸ ਵਿਚ ਰਾਜਾ ਤੇਜਾ ਸਿੰਘ, ਸ਼ਮਸ਼ੇਰ ਸਿੰਘ ਸੰਧਾਵਾਲੀਆਂ, ਰਾਜਾ ਸੂਰਤ ਸਿੰਘ ਮਜੀਠੀਆ, ਭਗਵਾਨ, ਸਿੰਘ ਗਿਆਨੀ ਆਦਿ ਮੈਂਬਰ ਸਨ। ਕੁਝ ਚਿਰ ਬਾਅਦ ਇਹ ਕਮੇਟੀ ਤੋੜ ਕੇ ਹੋਰ ਕਮੇਟੀ ਬਣਾ ਦਿੱਤੀ। ਇਸ ਵਿੱਚ ਰਾਜਾ ਦਿਆਲ ਸਿੰਘ, ਰਾਜਾ ਹਰਬੰਸ ਸਿੰਘ, ਠਾਕੁਰ ਸਿੰਘ ਸੰਧਾਵਾਲੀਆਂ ਆਦਿ ਮੈਂਬਰ ਬਣੇ। ਇਨ੍ਹਾਂ ਕਮੇਟੀਆਂ ਦੀ ਕੋਈ ਪੁਛ ਪੜਤਾਲ ਨਹੀਂ ਸੀ, ਸਿਵਾਏ ਪੁਜਾਰੀਆਂ ਅਤੇ ਸਰਬਰਾਹ ਆਦਿ ਦੇ ਕਿਸੇ ਝਗੜੇ ਸਮੇਂ ਦਖ਼ਲ ਦੇਣ ਤੋਂ। 1881 ਵਿਚ ਸਰਕਾਰ ਨੇ ਕਮੇਟੀ ਖ਼ਤਮ ਕਰਕੇ ਸਰਬਰਾਹ ਨੂੰ ਹੀ ਸਾਰੇ ਹੱਕ ਦਿੱਤੇ। ਇਹ ਸਰਕਾਰ ਦੀ ਮਰਜ਼ੀ ਨਾਲ ਕੰਮ ਕਰਦਾ ਸੀ। ਸਿੱਖਾਂ ਨੇ ਇਸ ਸੰਬੰਧੀ ਸਰਕਾਰ ਕੋਲ ਇਤਰਾਜ਼ ਵੀ ਕੀਤਾ। ਪਰੰਤੂ ਇਸ ਨਾਲ ਕੋਈ ਫ਼ਰਕ ਨਾ ਪਿਆ।

...ਖਾਲਸਾ ਕਾਲਜ ਦੇ ਸਥਾਪਿਤ ਹੋਣ ਨਾਲ ਕੌਮ ਰਾਜਨੀਤਿਕ ਤੌਰ ’ਤੇ ਵੀ ਜਾਗ੍ਰਿਤ ਹੋਈ। ਇਸ ਤੋਂ ਬਾਅਦ ਜਗ੍ਹਾ-ਜਗ੍ਹਾ ਖਾਲਸਾ ਦੀਵਾਨ ਅਤੇ ਸਿੰਘ ਸਭਾਵਾਂ ਆਦਿ ਨੇ ਗੁਰਦੁਆਰਿਆਂ ਦੇ ਸੁਧਾਰ ਲਈ ਕਦਮ ਚੁਕਣੇ ਸ਼ੁਰੂ ਕਰ ਦਿੱਤੇ। ਸੁਧਾਰਕਾਰੀਆਂ ਵਿਚ ਕਰਤਾਰ ਸਿੰਘ ਝੱਬਰ ਅਤੇ ਭਾਈ ਮਹਿਤਾਬ ਸਿੰਘ ਬੀਰ ਦਾ ਨਾਮ ਮੋਹਰੀਆਂ ਵਿੱਚ ਆਉਂਦਾ ਹੈ, ਇਨ੍ਹਾਂ ਨੇ ਕ੍ਰਮਵਾਰ ‘ਖਾਲਸਾ ਦੀਵਾਨ ਖਰਾ ਸੌਦਾ ਬਾਰ’ ਅਤੇ

'ਖਾਲਸਾ ਬਿਰਾਦਰੀ' ਨਾਮ ਦੇ ਜਥੇ ਬਣਾ ਕੇ ਇਸ ਪਾਸੇ ਕੌਮ ਦਾ ਧਿਆਨ ਖਿਚਿਆ।"[13]

ਗੁਰਦੁਆਰਾ ਸੁਧਾਰ ਲਹਿਰ ਦੇ ਜਨਮ ਦਾ ਤਤਕਾਲੀ ਕਾਰਨ ਗੁਰਦੁਆਰਾ ਰਕਾਬ ਗੰਜ, ਦਿੱਲੀ ਦੀ ਦੀਵਾਰ ਢਾਹ ਕੇ ਬ੍ਰਿਟਿਸ਼ ਸਰਕਾਰ ਦੇ ਵਾਇਸਰਾਇ ਦੀ ਕੋਠੀ ਵੱਲ ਸਿੱਧੀ ਸੜਕ ਬਣਾਉਣਾ ਸੀ। ਇਹ ਗੱਲ 14 ਜਨਵਰੀ 1914 ਈ. ਦੀ ਹੈ। ਸਿੱਖਾ ਵਿਚ ਇਸ ਗੱਲ ਦਾ ਰੋਸ ਸੀ। ਉਂਨੀ ਦਿਨੀ ਚੀਫ਼ ਖਾਲਸਾ ਦੀਵਾਨ ਦੀ ਸਿੱਖ ਐਜੂਕੇਸ਼ਨਲ ਕਾਨਫਰੰਸ, ਮਿਤੀ 10 ਤੋਂ 12 ਅਪ੍ਰੈਲ 1914 ਈ .ਨੂੰ ਜਲੰਧਰ ਵਿਖੇ ਹੋਈ। ਜਿਸ ਵਿਚ ਸ. ਹਰਚੰਦ ਸਿੰਘ ਅਤੇ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੇ ਮਸਲਾ ਉਠਾਇਆ। ਪਰੰਤੂ ਉਨ੍ਹਾਂ ਨੂੰ ਕਾਨਫਰੰਸ ਵਿਚੋਂ ਬਾਹਰ ਕੱਢ ਦਿੱਤਾ ਗਿਆ। ਇਸ ਤੇ ਸਿੱਖਾਂ ਦਾ ਵਿਸ਼ਵਾਸ ਚੀਫ਼ ਖਾਲਸਾ ਦੀਵਾਨ ਤੋਂ ਜਾਂਦਾ ਰਿਹਾ।

"ਇਨ੍ਹਾਂ ਦਿਨਾਂ ਵਿਚ ਪਹਿਲਾ ਵਿਸ਼ਵ-ਯੁਧ ਸ਼ੁਰੂ ਹੋਇਆ। ਇਸ ਸਮੇਂ ਅੰਗਰੇਜਾ ਨੇ ਸਿੱਖਾਂ ਤੋਂ ਮਦਦ ਮੰਗੀ ਅਤੇ ਇਹ ਵਾਅਦਾ ਕੀਤਾ ਕਿ ਸਿੱਖ ਅੰਗਰੇਜਾ ਦਾ ਸਾਥ ਦੇਣ, ਜੰਗ ਖ਼ਤਮ ਹੋਣ ਤੇ ਦੀਵਾਰ ਬਣਾ ਦਿਤੀ ਜਾਵੇਗੀ। ਇਕ ਪਾਸੇ ਸਿੱਖ ਜੰਗ ਵਿਚ ਲੜ ਰਹੇ ਸਨ ਅਤੇ ਦੂਜੇ ਪਾਸੇ ਕਾਮਾ-ਗਾਟਾ ਮਾਰੂ ਵਰਗੀਆਂ ਘਟਨਾਂਵਾਂ ਨੇ ਸਿੱਖਾ ਦੇ ਮਨਾਂ ਨੂੰ ਠੇਸ ਪਹੁੰਚਾਈ। ਇਸ ਦੇ ਨਾਲ ਗਦਰ ਲਹਿਰ ਸ਼ੁਰੂ ਹੋ ਗਈ। ਇਹ ਵੀ ਕਾਮਾਗਾਟਾ ਮਾਰੂ ਦਾ ਬਦਲਾ ਲੈਣ ਅਤੇ ਭਾਰਤ ਦੇ ਨਾਲ ਹੋਰ ਦੇਸਾਂ ਵਿੱਚ ਅੰਗਰੇਜ਼ਾਂ ਦੁਆਰਾ ਕੀਤੇ ਜਾ ਰਹੇ ਧੱਕੇ ਨੂੰ ਰੋਕਣ ਲਈ ਸਿੱਖਾ ਦੁਆਰਾ ਸ਼ੁਰੂ ਕੀਤਾ ਹਥਿਆਰਬੰਦ ਵਿਦਰੋਹ ਸੀ। ਪਰੰਤੂ ਇਹ ਲਹਿਰ ਵੀ ਕੁਝ ਗਦਾਰੀਆਂ ਅਤੇ ਮੁਖ਼ਬਰੀਆਂ ਕਰਕੇ ਫੇਲ ਹੋ ਗਈ। ਇਸ ਲਹਿਰ ਦੇ ਬਹੁਤ ਸਾਰੇ ਲੀਡਰ ਜੇਲ੍ਹਾਂ ਵਿਚ ਬੰਦ ਕੀਤੇ ਗਏ ਅਤੇ ਬਹੁਤਿਆਂ ਨੂੰ ਫਾਂਸੀ ਦੇ ਦਿੱਤੀ ਗਈ।" [14]

ਨਵੰਬਰ 1918 ਵਿਚ ਪਹਿਲਾ ਵਿਸ਼ਵ-ਯੁੱਧ ਖ਼ਤਮ ਹੋਇਆ। ਪਰੰਤੂ ਗੁਰਦੁਆਰਾ ਰਕਾਬ ਗੰਜ ਦਾ ਮੁੱਦਾ ਵਿਚੇ ਲਟਕਦਾ ਰਹਿ ਗਿਆ। ਇਸ ਤੋਂ ਇਲਾਵਾਂ "ਨਵਾਂ ਕਾਨੂੰਨ 'ਰੋਲਟ ਐਕਟ' ਸਰਕਾਰ ਨੇ ਬਣਾਇਆ। ਇਸ ਦਾ ਪੂਰਾ ਨਾਮ The Anarchical and Revolutionary Crime Act 1919 ਸੀ। ਇਹ ਭਾਰਤ ਵਿੱਚ ਹੋ ਰਹੇ ਰਾਸ਼ਟਰੀ ਅੰਦੋਲਨ ਨੂੰ ਦਬਾਉਣ ਲਈ ਬਣਾਇਆ ਗਿਆ। ਇਸ ਤਹਿਤ ਸਰਕਾਰ ਕਿਸੇ ਨੂੰ ਜੇਲ ਵਿੱਚ ਬੰਦ ਕਰ ਸਕਦੀ ਸੀ। 13 ਅਪ੍ਰੈਲ 1919 ਨੂੰ ਜਲ੍ਹਿਆਂ ਵਾਲੇ ਬਾਗ ਦਾ ਖੂਨੀ ਸਾਕਾ ਵਾਪਰਿਆਂ। ਇਥੇ 379 ਬੰਦੇ ਸ਼ਹੀਦ ਅਤੇ 2000 ਜਖ਼ਮੀ ਹੋਏ। ਇਸ ਸਾਕੇ ਦੇ ਦੋਸ਼ੀ ਜਨਰਲ

---

[13] ਡਾ. ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ?*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2000,ਪੰਨੇ 11-12.

[14] ਨਰੈਣ ਸਿੰਘ, ਅਕਾਲੀ ਮੋਰਚੇ ਅਤੇ ਝੱਬਰ ਗੁਰਦੁਆਰਾ ਪ੍ਰਬੰਧਕ ਕਮੇਈ ਸ੍ਰੀ ਅੰਮ੍ਰਿਤਸਰ, 1998 ਪੰ. 19.

ਮਾਈਕਲਓਡਵਾਇਰ  ਅਤੇ ਜਨਰਲ ਡਾਇਰ ਨੂੰ ਅਕਾਲ ਤਖ਼ਤ ਸਾਹਿਬ ਤੋਂ ਸਿਰੋਪਾ ਦਿੱਤਾ ਗਿਆ। ਇਸ ਹਾਲਾਤ  ਵਿੱਚ ਸਿੱਖਾਂ ਨੇ ਇਕ ਨਵੀਂ ਜਥੇਬੰਦੀ ਬਣਾਈ ਜਿਸਦਾ ਨਾਮ ਸਿੰਘ ਲੀਗ ਰੱਖਿਆ ਗਿਆ । 1 ਮਈ 1920 ਵਿਚ ਮਾਸਟਰ ਸੁੰਦਰ ਸਿੰਘ, ਸ. ਹਰਚੰਦ ਸਿੰਘ ਲਾਇਲਪੁਰੀ, ਸਰਦੂਲ ਸਿੰਘ ਕਵੀਸ਼ਰ ਅਤੇ ਗਿ. ਹੀਰਾ ਸਿੰਘ ਆਦਿ ਨੇ ਲਾਹੌਰ ਤੋਂ ਰੋਜਾਨਾਂ 'ਅਕਾਲੀ' ਅਖ਼ਬਾਰ ਕੱਢਣਾ ਦਾ ਫੈਸਲਾ ਕੀਤਾ। 21 ਮਈ 1920 ਦੇ ਦਿਨ ਇਸਦਾ ਪਹਿਲਾ ਪਰਚਾ ਛਪਿਆ। ਇਸ ਨਾਲ ਦੂਰ-ਦੁਰਾਡੇ ਦੇ ਸਿੱਖ ਆਗੂ ਅਤੇ ਵਰਕਰ ਇਕ ਦੂਜੇ ਨਾਲ ਜੁੜ ਗਏ। ਇਸ ਅਖ਼ਬਾਰ ਨੇ ਇਕ ਅਣ-ਐਲਾਨੀਂ ਅਕਾਲੀ ਲਹਿਰ ਚਲਾ ਦਿੱਤੀ।"[15]

ਇਸ ਤੋਂ ਬਾਅਦ ਸਿੱਖਾ ਨੇ ਗੁਰਦੁਆਰਿਆਂ ਦੇ ਸੁਧਾਰ ਲਈ ਆਪਣੇ ਆਪ ਨੂੰ ਲਾਮਬੰਦ ਕੀਤਾ ਭਾਵੇਂ ਗੁਰਦੁਆਰਾ ਸੁਧਾਰ ਲਹਿਰ ਦਾ ਮੁੱਢ 12 ਅਕਤੂਬਰ 1920 ਦੇ ਦਿਨ ਮੰਨਿਆ ਜਾਂਦਾ ਹੈ। ਪਰੰਤੂ ਇਸ ਦਾ ਪਹਿਲਾ ਮੋਰਚਾ 'ਗੁਰਦੁਆਰਾ ਚੁਮਾਲਾ ਸਾਹਿਬ,' ਲਾਹੌਰ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈਣ ਲਈ ਲਗਿਆ ਸੀ। ਛੇਵੀਂ ਪਾਤਸ਼ਾਹੀ ਨਾਲ ਸੰਬੰਧਿਤ ਇਸ ਗੁਰਦੁਆਰੇ ਦੇ ਮਹੰਤ ਹਰੀ ਸਿੰਘ ਨੇ ਮਨਮਤ ਦਾ ਮਹੌਲ ਪੈਦਾ ਕੀਤਾ। ਸਿੱਖਾਂ ਦੇ 14 ਮੈਂਬਰੀ ਜਥੇ ਨੇ ਇੱਥੇ ਕਬਜਾ ਕੀਤਾ। ਇਸ ਤੋਂ ਬਾਅਦ ਬਾਬੇ ਦੇ ਬੇਰ (ਸਿਆਲਕੋਟ) ਦਾ ਮਸਲਾ ਨਜਿਠਿਆ। ਇਸ ਗੁਰਦੁਆਰੇ ਦਾ ਮਹੰਤ ਹਰਨਾਮ ਸਿੰਘ 1918 ਨੂੰ ਮਰ ਗਿਆ  ਉਸਦਾ ਨਾ-ਬਾਲਗ ਪੁਤਰ ਗੁਰਚਰਨ ਸਿੰਘ ਮਹੰਤ ਬਣ ਗਿਆ। ਉਸਦੀ ਗੱਦੀਦਾਰੀ ਦਾ ਸਮਾਗਮ 8 ਨਵੰਬਰ 1918 ਨੂੰ ਰੱਖਿਆ ਗਿਆ, ਸਿੱਖਾਂ ਨੇ ਇਸ ਦੀ ਮੁਖਾਲਫਤ ਕੀਤੀ  ਅਤੇ ਡੀ.ਸੀ ਤੱਕ ਪਹੁੰਚ ਕੀਤੀ। ਡੀ.ਸੀ. ਨੇ ਚੁਪ-ਚਾਪ ਗੁਰਦੁਆਰੇ ਦੀ ਜਮ੍ਹਾਬੰਦੀ ਗੁਰਚਨ ਸਿੰਘ ਦੇ ਨਾਂਅ ਕਰ ਦਿੱਤੀ। ਇਸ ਲਈ ਸਿੱਖਾਂ ਨੇ ਲੰਮਾ ਸਮਾਂ ਜਦੋਂ ਜਹਿਦ ਕਰਕੇ ਅਤੇ ਕਾਨੂੰਨੀ-ਲੜਾਈ ਲੜਕੇ ਗੁਰਦੁਆਰੇ ਦਾ ਪ੍ਰਬੰਧ ਆਪਣੇ ਹੱਥ ਵਿਚ ਲਿਆ। ਇਸ ਤੋਂ ਬਾਅਦ ਗੁਰਦੁਆਰਿਆਂ ਦੇ ਪ੍ਰਬੰਧ ਦੀ ਸਾਂਭ-ਸੰਭਾਲ ਆਪਣੇ ਹੱਥਾਂ ਵਿਚ ਲੈਣ ਲਈ ਸਿੱਖਾਂ ਵਿਚ ਉਤਸ਼ਾਹ ਜਾਗਿਆ।

10 ਤੋਂ 12 ਅਕਤੂਬਰ 1920 ਨੂੰ 'ਖਾਲਸਾ ਬਰਾਦਰੀ' ਜਥੇਬੰਦੀ ਵਲੋਂ ਇਕ ਦੀਵਾਨ ਸਜਾਇਆ ਗਿਆ। ਇਸ ਜਥੇਬੰਦੀ ਦੇ ਮੁਖੀ ਭਾਈ ਮਹਿਤਾਬ ਸਿੰਘ ਬੀਰ ਸਨ। ਇਸ ਦੀਵਾਨ ਵਿਚ ਅਖੌਤੀ ਪਛੜੀਆਂ ਜਾਤਾਂ ਦਾ ਇੱਕਠ ਬੁਲਾਇਆ ਗਿਆ। ਉਨ੍ਹਾਂ ਦਿਨ੍ਹਾਂ ਵਿਚ ਦਰਬਾਰ ਸਾਹਿਬ ਦੇ ਪੁਜਾਰੀ ਪਛੜੀਆਂ ਜਾਤਾਂ ਦੇ ਸਿੱਖਾਂ ਦਾ ਪ੍ਰਸ਼ਾਦ ਕਬੂਲ ਨਹੀਂ ਕਰਦੇ ਸਨ। 12 ਅਕਤੂਬਰ ਨੂੰ ਇਸ ਦੀਵਾਨ ਦੀ ਸਮਾਪਤੀ ਤੋਂ ਬਾਅਦ

---

[15] ਹਰਜਿੰਦਰ ਸਿੰਘ ਦਿਲਗੀਰ, ਡਾ. ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ?,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2000,ਪੰ. 13.

ਪਛੜੀਆਂ ਜਾਤਾਂ ਦੇ ਸਿੱਖ ਦਰਬਾਰ ਸਾਹਿਬ ਪ੍ਰਸ਼ਾਦ ਲੈ ਕੇ ਗਏ। ਪ੍ਰੋ. ਬਾਵਾ ਹਰਕ੍ਰਿਸ਼ਨ ਸਿੰਘ ਨੇ ਤਿੰਨ ਵਾਰ ਪੁਜਾਰੀਆਂ ਨੂੰ ਪ੍ਰਸ਼ਾਦ ਲੈਣ ਲਈ ਬੇਨਤੀ ਕੀਤੀ। ਪਰੰਤੂ ਉਨ੍ਹਾਂ ਨੇ ਪ੍ਰਸ਼ਾਦ ਕਬੂਲ ਨਾ ਕੀਤਾ। ਇੰਨੇ ਨੂੰ ਹੋਰ ਸੰਗਤ ਵਿਚ ਉਥੇ ਪੁਜ ਗਈ। ਅਖੀਰ ਗੁਰੂ ਗ੍ਰੰਥ ਸਾਹਿਬ ਵਿਚੋਂ ਹੁਕਮਨਾਮਾ ਲਿਆ ਗਿਆ। ਹੁਕਨਾਮੇ ਵਜੋਂ ਤੀਜੇ ਪਾਤਸ਼ਾਹ ਦਾ ਸ਼ਬਦ ਆਇਆ, 'ਨਿਰਗੁਣਿਆ ਸੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇਆ॥' ਇਹ ਹੁਕਮ ਸੁਣ ਸੰਗਤ ਪੁਜਾਰੀਆਂ ਖਿਲਾਫ਼ ਰੋਸ ਜਾਹਿਰ ਕਰਨ ਲਗੀ। ਪੁਜਾਰੀਆਂ ਨੂੰ ਅਰਦਾਸ ਕਰਨੀ ਪਈ ਅਤੇ ਪ੍ਰਸਾਦ ਵਰਤਾਇਆ। ਇਸ ਤੋਂ ਬਾਅਦ ਸੰਗਤ ਅਕਾਲ ਤਖ਼ਤ ਸਾਹਿਬ 'ਤੇ ਪੁੱਜੀ। ਇਸ ਨੂੰ ਵੇਖ ਕੇ ਪੁਜਾਰੀ ਤਖ਼ਤ ਸਾਹਿਬ ਛੱਡ ਕੇ ਦੌੜ ਗਏ। ਸੰਗਤ ਵਲੋਂ 17 ਸਿੰਘਾ ਦੀ ਕਮੇਟੀ ਬਣਾਈ ਗਈ ਇਸ ਕਮੇਟੀ ਦਾ ਕੰਮ ਅਕਾਲ ਤਖ਼ਤ ਸਾਹਿਬ ਤੇ ਪਹਿਰਾ ਦੇਣਾ ਸੀ। ਇਸ ਦੇ ਜਥੇਦਾਰ ਤੇਜਾ ਸਿੰਘ ਭੁੱਚਰ ਥਾਪੇ ਗਏ। ਇਸ ਤੋਂ ਬਾਅਦ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਮਾਮਲੇ ਵਿਚ ਦਖ਼ਲ ਦੇ ਕੇ 9 ਮੈਂਬਰੀ ਇਕ ਆਰਜੀ ਕਮੇਟੀ ਬਣਾ ਦਿੱਤੀ।

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਭਾਈ ਰਣਧੀਰ ਸਿੰਘ:**

ਉਪਰੋਕਤ ਘਟਨਾਵਾਂ ਦੇ ਚਲਦਿਆ ਹੀ ਮਾਸਟਰ ਮੋਤਾ ਸਿੰਘ ਨੇ ਸਿੱਖ ਪੰਥ ਦਾ ਸਰਬੱਤ ਖਾਲਸਾ ਬਣਾਉਣ ਦੀ ਤਜਵੀਜ ਰੱਖੀ। ਇਸ ਇਕਤਰਤਾ ਲਈ "ਡਾਕਟਰ ਗੁਰਬਖ਼ਸ ਸਿੰਘ ਨੇ 'ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ' ਸਿੱਖ ਪੰਥ ਦੇ ਨਾਮ ਜਾਰੀ ਕੀਤਾ। ਇਸ ਇੱਕਠ ਦੀ ਮਿਤੀ 15 ਨਵੰਬਰ 1920 ਈ. ਰੱਖੀ ਗਈ। 15 ਅਤੇ 16 ਨਵੰਬਰ ਨੂੰ ਅਕਾਲ ਤਖ਼ਤ ਸਾਹਮਣੇ ਵੱਡੀ ਗਿਣਤੀ ਵਿਚ ਸੰਗਤ ਜੁੜੀ। ਕਾਫ਼ੀ ਵਿਚਾਰ ਤੋਂ ਬਾਅਦ ਇਕ ਕਮੇਟੀ ਬਣਾਈ ਜਿਸਦਾ ਨਾਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰੱਖਿਆ ਗਿਆ। ਇਸ ਵਿਚ 175 ਮੈਂਬਰ ਲਏ ਗਏ। ਇਨ੍ਹਾਂ ਮੈਂਬਰਾਂ ਵਿਚ ਪੰਜਾਬ ਦੇ ਸਾਰੇ ਜਿਲ੍ਹਿਆਂ, ਸਿੱਖ ਰਿਆਸਤਾਂ, ਦੇਸ਼ ਤੇ ਹੋਰਨਾਂ ਸੂਬਿਆਂ ਅਤੇ ਵਿਦੇਸ਼ਾ ਤੋਂ ਇਲਾਵਾਂ ਸਰਕਾਰ ਦੁਆਰਾ ਸਥਾਪਿਤ ਕਮੇਟੀ ਦੇ 36 ਮੈਂਬਰ ਨੂੰ ਵੀ ਲੈ ਲਿਆ ਗਿਆ। ਇਸ ਕਮੇਟੀ ਦੀ ਉਦਘਾਟਨੀ ਮੀਟਿੰਗ 12 ਦਸੰਬਰ 1920 ਨੂੰ ਅਕਾਲ ਤਖ਼ਤ 'ਤੇ ਰੱਖੀ ਗਈ। ਇਸ ਵਿੱਚ ਸ.ਸੁੰਦਰ ਸਿੰਘ ਮਜੀਠੀਆ ਪ੍ਰਧਾਨ, ਸ. ਹਰਬੰਸ ਸਿੰਘ ਅਟਾਰੀ ਮੀਤ-ਪ੍ਰਧਾਨ ਅਤੇ ਸ. ਸੁੰਦਰ ਸਿੰਘ ਰਾਮਗੜ੍ਹੀਆ ਸਕੱਤਰ ਬਣੇ। ਅਗਲੇ ਸਾਲ 23 ਜਨਵਰੀ 1921 ਨੂੰ ਸ. ਸੁੰਦਰ ਸਿੰਘ ਮਜੀਠੀਆ ਦੁਆਰਾ ਅਸਤੀਫਾ ਦੇਣ 'ਤੇ ਬਾਬਾ ਖੜਕ ਸਿੰਘ ਨੂੰ ਪ੍ਰਧਾਨ ਬਣਾਇਆ ਗਿਆ। 1 ਜੁਲਾਈ 1921 ਈ. ਵਿਚ ਇਸ ਕਮੇਟੀ ਨੂੰ ਰਜਿਸਟਰ ਕਰਵਾਇਆ ਗਿਆ। ਫਿਰ ਬਾਬਾ ਖੜਕ ਸਿੰਘ ਪ੍ਰਧਾਨ, ਕਪਤਾਨ ਰਾਮ ਸਿੰਘ ਮੀਤ-ਪ੍ਰਧਾਨ ਅਤੇ ਸਰਦਾਰ ਬਹਾਦੁਰ ਮਹਿਤਾਬ ਸਿੰਘ ਸਕੱਤਰ ਬਣੇ। ਇਸ ਕਮੇਟੀ

ਦਾ ਉਦੇਸ਼ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਕਰਨਾ, ਉਨ੍ਹਾਂ ਨੂੰ ਸਿੱਖ ਮਰਯਾਦਾ ਦਾ ਘਾਣ ਕਰਨ ਵਾਲੇ ਪੁਜਾਰੀਆਂ ਤੋਂ ਆਜ਼ਾਦ ਕਰਾਉਣਾ, ਵਿਦਿਆ ਅਤੇ ਲੰਗਰ ਉਪਰ ਗੁਰਦੁਆਰਿਆਂ ਦੀ ਆਮਦਨ ਦਾ ਖਰਚ ਕਰਨਾ ਬਣਾਇਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਉਦਘਾਟਨੀ ਮੀਟਿੰਗ ਤੋਂ ਦੋ ਦਿਨ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਾਜਨੀਤਿਕ ਸ਼ਾਖਾ 'ਸ਼੍ਰੋਮਣੀ ਅਕਾਲੀ ਦਲ' ਦੀ ਸਥਾਪਨਾ ਕੀਤੀ ਗਈ।"[16]

ਇਸ ਕਮੇਟੀ ਦੇ ਬਣਨ ਤੋਂ ਬਾਅਦ ਕੁਝ ਗੁਰਦੁਆਰੇ ਗੱਲਬਾਤ ਨਾਲ ਖਾਲੀ ਕਰਵਾਏ ਗਏ। ਕੁਝ ਮਹੰਤਾਂ ਨੇ ਗੱਲਬਾਤ ਦੌਰਾਨ ਸਿੱਖਾਂ ਦਾ ਸਾਥ ਨਾ ਦਿੱਤਾ ਅਤੇ ਗੁੰਡਾ ਗਰਦੀ ਉਪਰ ਉਤਾਰੂ ਹੋ ਗਏ। ਹਿੰਸਕ ਕਾਰਵਾਈਆ ਵਾਪਰਨ ਲਗੀਆ ਜਿਨ੍ਹਾਂ ਵਿਚੋਂ ਪਹਿਲੀ  ਘਟਨਾ 26 ਜਨਵਰੀ 1921 ਈ. ਨੂੰ ਤਰਨਤਾਰਨ ਵਿਖੇ ਵਾਪਰੀ। ਇੱਥੇ ਸਮਝੌਤੇ ਲਈ ਗਏ ਸਿੱਖਾਂ ਉਪਰ ਹਮਲਾ ਕੀਤਾ ਗਿਆ। ਸਿੱਟੇ ਵਜੋਂ ਦੋ ਸਿੰਘ ਹਜ਼ਾਰਾ ਸਿੰਘ ਅਤੇ ਹੁਕਮ ਸਿੰਘ ਸ਼ਹੀਦ ਹੋ ਗਏ ਅਤੇ ਬਹੁਤ ਸਾਰੇ ਜਖ਼ਮੀ ਹੋ ਗਏ। ਕਾਫੀ ਲੰਮੀ ਜਦੋਂ ਜਹਿਦ ਤੋਂ ਬਾਅਦ ਸਿੱਖਾ ਨੇ ਗੁਰਦੁਆਰੇ ਦਾ ਪ੍ਰਬੰਧ ਆਪਣੇ ਹੱਥ ਵਿੱਚ ਲੈ ਲਿਆ।

ਇਸ ਨਾਲ ਗੁਰਦੁਆਰਾ ਸੁਧਾਰ ਲਹਿਰ ਨੂੰ ਬਲ ਮਿਲਿਆ। ਮੋਰਚਿਆਂ ਦੀ ਇਕ ਲੜੀ ਚੱਲ ਪਈ। ਗੁਰਦੁਆਰਾ ਬੇਰ ਸਾਹਿਬ, ਮਾਛੀਕੇ, ਸ਼ੇਖੂਪਰਾ, ਖਡੂਰ ਸਾਹਿਬ, ਪੰਜਾ ਸਾਹਿਬ, ਨਨਕਾਣਾ ਸਾਹਿਬ ਆਦਿ ਅਨੇਕ ਗੁਰਦੁਆਰੇ ਇਸ ਲਹਿਰ ਰਾਹੀਂ ਆਜਾਦ ਕਰਵਾਏ ਗਏ। 12 ਅਕਤੂਬਰ 1923 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੋਹਾਂ ਨੂੰ ਗੈਰ-ਕਾਨੂੰਨੀ ਘੋਸ਼ਿਤ ਕਰ ਦਿੱਤਾ ਗਿਆ। ਇਸ ਨਾਲ ਬਹੁਤ ਸਾਰੇ ਸਿੱਖਾਂ ਨੂੰ ਜੇਲ੍ਹਾਂ  ਵਿਚ ਸੁੱਟਿਆ ਗਿਆ। ਇਸ ਲਈ ਸਿੱਖ ਸ਼ਹਾਦਤਾਂ ਦਿੰਦੇ ਅਤੇ ਜ਼ੁਲਮ ਸਹਿੰਦੇ ਰਹੇ। ਸਰਕਾਰ ਨੂੰ ਇਨ੍ਹਾਂ ਦੇ ਜੋਸ਼ ਅੱਗ ਝੁਕਣਾ ਪਿਆ। 1925 ਈ. ਵਿਚ ਗੁਰਦੁਆਰਾ ਐਕਟ ਬਣਿਆ ਜਿਸ ਨਾਲ ਸਿੱਖ ਪੰਥ ਕੋਲ ਗੁਰਦੁਆਰਿਆ ਦਾ ਪ੍ਰਬੰਧ ਕਰਨ ਦੀ ਤਾਕਤ ਆ ਗਈ।

"ਅਕਾਲੀ ਲਹਿਰ ਦੇ ਸ਼ੁਰੂ ਹੋਣ ਸਮੇਂ ਭਾਈ ਰਣਧੀਰ ਸਿੰਘ ਅੰਮ੍ਰਿਤਸਰ ਗਏ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਵਿਚ ਬਤੌਰ ਅਕਾਊਂਟੈਂਟ ਨੌਕਰੀ ਕੀਤੀ। ਇਸ ਸਮੇਂ ਇਥੇ ਸ. ਸੁੰਦਰ ਸਿੰਘ ਰਸਾਲਦਾਰ ਪ੍ਰਧਾਨ, ਸ. ਭਾਗ ਸਿੰਘ ਐਡਵੋਕੇਟ ਜਨਰਲ ਸਕੱਤਰ, ਪ੍ਰੋ. ਸਾਹਿਬ ਸਕੱਤਰ, ਬਾਬੂ ਦਲੀਪ ਸਿੰਘ ਸੁਪਰਡੈਂਟ ਸਨ।"[17] ਪ੍ਰੋ. ਨਿਰਮਲ ਸਿੰਘ ਅਨੁਸਾਰ, "ਭਾਈ ਸਾਹਿਬ 'ਗੁਰੂ ਕੇ ਬਾਗ' ਦੇ

---

16 ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* (ਭਾਗ ਪਹਿਲਾ), ਗ੍ਰੇਸ਼ੀਅਸ ਬੁਕਸ, ਪਟਿਆਲਾ, 2014, ਪੰ. 444.

17 ਪਿਆਰਾ ਸਿੰਘ ਪਦਮ, *ਗੁਰੂ ਸਰ,* ਸਿੰਘ ਬ੍ਰਦਰਜ, ਅੰਮ੍ਰਿਤਸਰ, 2012, ਪੰ.118.

ਮੋਰਚੇ ਵਿਚ ਸ਼ਾਮਿਲ ਹੋਣ ਲਈ ਪਹੁੰਚੇ ਪਰ ਜਥੇ ਵਿਚ ਸ਼ਾਮਿਲ ਨਾ ਹੋ ਸਕੇ। ਇਨ੍ਹਾਂ ਨੇ ਮੋਰਚਾ ਸਮਾਪਤ ਹੋਣ ਤੇ 1922 ਈ. ਵਿਚ ਕੋਇਟੇ ਜਾ ਕੇ ਠੇਕੇਦਾਰੀ ਕੀਤੀ। ਪਰੰਤੂ ਘਰ ਵਿਚ ਭਰਜਾਈ ਦੀ ਮੌਤ ਹੋ ਜਾਣ ਤੇ ਵਾਪਿਸ ਆ ਗਏ।"[18] ਪ੍ਰੋ. ਪ੍ਰੀਤਮ ਸਿੰਘ ਨੇ ਇਨ੍ਹਾਂ ਦਾ ਠੇਕੇਦਾਰੀ ਕਰਨ ਦਾ ਸਾਲ 1923 ਈ. ਦਸਿਆ ਹੈ।[19]

ਜੈਤੋ ਦੇ ਮੋਰਚੇ ਸਮੇਂ ਭਾਈ ਸਾਹਿਬ 'ਅਕਾਲੀ' ਅਤੇ 'ਪ੍ਰਦੇਸੀ' ਅਖਬਾਰਾਂ ਦੇ ਐਡੀਟਰ ਰਹੇ। ਇਹ ਦੋਨੋਂ ਅਖਬਾਰ ਅੰਮ੍ਰਿਤਸਰ ਤੋਂ 'ਓਅੰਕਾਰ ਪ੍ਰੈਸ' ਤੋਂ ਨਿਕਲਦੇ ਸਨ। "ਇਨ੍ਹਾਂ ਦੇ ਚੀਫ ਐਡੀਟਰ ਸ. ਮੰਗਲ ਸਿੰਘ ਗਿੱਲ ਸਨ। ਇਨ੍ਹਾਂ ਦੇ ਗ੍ਰਿਫਤਾਰ ਹੋ ਜਾਣ 'ਤੇ ਭਾਈ ਸਾਹਿਬ ਨੇ ਸੰਪਾਦਕੀ ਦਾ ਕਾਰਜਭਾਰ ਸੰਭਾਲ ਲਿਆ। ਬਾਅਦ ਵਿਚ ਸਰਕਾਰ ਵਿਰੋਧੀ ਖਬਰਾਂ ਅਤੇ ਸੰਪਾਦਕੀ ਨੋਟ ਲਿਖਣ ਕਰਕੇ ਭਾਈ ਸਾਹਿਬ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਦੋਹਾਂ ਅਖਬਾਰਾਂ ਦੀ ਜਿੰਮੇਵਾਰੀ ਕਰਕੇ ਇਨ੍ਹਾਂ ਨੂੰ ਦੋ-ਦੋ ਸਾਲ ਦੀ ਕੈਦ ਅਤੇ 200 ਰੁਪਏ ਜੁਰਮਾਨਾ ਹੋਇਆ। ਪੰਜ ਸਾਲ ਕੈਦ ਤੋਂ ਬਾਅਦ ਜੁਲਾਈ 1927 ਈ. ਵਿਚ ਰਾਵਲਪਿੰਡੀ ਜੇਲ੍ਹ ਤੋਂ ਰਿਹਾ ਹੋਏ।"[20] ਪ੍ਰੋ. ਨਿਰਮਲ ਸਿੰਘ ਨੇ ਉਪਰੋਕਤ ਘਟਨਾ ਕ੍ਰਮ ਦਾ ਵੇਰਵਾ ਇਸ ਤਰ੍ਹਾਂ ਦਿਤਾ ਹੈ:

"ਰਾਜਾ ਰਿਪੁਦਮਨ ਸਿੰਘ ਨਾਭਾ ਨੂੰ ਗੱਦੀਓਂ ਉਤਾਰਨ ਕਾਰਨ 1924 ਵਿਚ ਮੋਰਚਾ ਲੱਗ ਗਿਆ। ਆਪ ਅੰਮ੍ਰਿਤਸਰ ਪਹੁੰਚ ਗਏ। ਉਦੋਂ ਨੂੰ ਸਰਵਣ ਸਿੰਘ ਮਲਵਈ ਦੇ ਵਾਰੰਟ ਗ੍ਰਿਫਤਾਰੀ ਹੋ ਚੁੱਕੇ ਸਨ ਅਤੇ ਜਿਹੜੇ ਓਅੰਕਾਰ ਪ੍ਰੈਸ ਦੇ ਪ੍ਰਿੰਟਰ ਅਤੇ 'ਅਕਾਲੀ' ਅਤੇ 'ਪਰਦੇਸੀ' (ਪੰਜਾਬੀ) ਅਤੇ 'ਅਕਾਲੀ' (ਉਰਦੂ) ਦੇ ਐਡੀਟਰ ਸਨ। ਸੋ ਆਪ ਤਿੰਨਾਂ ਹੀ ਅਦਾਰਿਆਂ ਦੇ ਪ੍ਰਿੰਟਰ ਅਤੇ ਪਬਲਿਸ਼ਰ ਬਣੇ ਅਤੇ 'ਨੌਕਰਸ਼ਾਹੀ ਰੋਸਾ ਦੀਵਾਨੀਆ' ਲੇਖ ਲਿਖਣ 'ਤੇ ਅਕਤੂਬਰ 1924 ਵਿਚ ਫੜੇ ਗਏ ਅਤੇ ਦਸੰਬਰ 1924 ਵਿਚ ਦੋ ਸਾਲ ਦੀ ਕੈਦ ਸੁਣਾ ਕੇ ਕੈਮਲਪੁਰ ਜੇਲ੍ਹ ਭੇਜ ਦਿੱਤੇ ਗਏ।"[21]

ਰਿਹਾਈ ਤੋਂ ਬਾਅਦ ਭਾਈ ਸਾਹਿਬ ਦੀ ਸ਼ਾਦੀ ਹੋਈ। ਕੁਝ ਸਮਾਂ ਪਿੰਡ ਰਹਿਣ ਪਿਛੋਂ ਇਹ ਆਪਣੇ ਕਿਸੇ ਰਿਸ਼ਤੇਦਾਰ ਨਾਲ ਕਲਕੱਤੇ ਚਲੇ ਗਏ। ਇਥੇ ਇਨ੍ਹਾਂ ਨੇ ਕੁਝ ਸਮਾਂ ਹੋਟਲ ਵੀ ਚਲਾਇਆ। ਇਥੇ ਇਨ੍ਹਾਂ ਦਾ ਸੰਪਰਕ ਨਿਰੰਜਣ ਸਿੰਘ 'ਤਾਲਿਬ' ਨਾਲ ਹੋਇਆ। ਤਾਲਿਬ ਜੀ ਨੇ 'ਕਵਿ' ਪ੍ਰੈਸ ਖ਼ਰੀਦ ਕੇ ਸਪਤਾਹਿਕ ਪੱਤਰ 'ਦੇਸ' ਦਰਪਣ ਕੱਢਿਆ ਇਸ ਦੇ ਦੋ, ਫਿਰ ਚਾਰ, ਫਿਰ ਛੇ ਅਤੇ ਅੰਤ ਵਿਚ ਅੱਠ ਪੰਨੇ ਰੋਜਾਨਾ ਛਪਦੇ

18 ਪ੍ਰੋ. ਨਿਰਮਲ ਸਿੰਘ, ਇਤਿਹਾਸ ਖੋਜੀ ਭਾਈ ਰਣਧੀਰ ਸਿੰਘ ਡੂਮਛੇੜੀ, *ਪੰਜਾਬੀ ਟ੍ਰਿਬਿਊਨ,* 7 ਦਸਬੰਰ 1991.

19 *ਪੰਜਾਬੀ ਲੇਖਕ ਕੋਸ਼,* (ਸੰਪਾ.) ਪ੍ਰੋ. ਪ੍ਰੀਤਮ ਸਿੰਘ, ਯੂਨੀਸਟਾਰ ਬੁਕਸ, ਚੰਡੀਗੜ੍ਹ, 2003, ਪੰ.545.

20 ਪਿਆਰਾ ਸਿੰਘ ਪਦਮ, *ਗੁਰੂ ਸਰ,* ਸਿੰਘ ਬ੍ਰਦਰਜ, ਅੰਮ੍ਰਿਤਸਰ, ਪੰ.116.

21 ਪ੍ਰੋ. ਨਿਰਮਲ ਸਿੰਘ, ਉਹੀ.

ਰਹੇ।[22] ਤਾਲਿਬ ਜੀ ਤਿੰਨ ਸਾਲ ਤਕ ਮਹਾਰਾਜਾ ਨਾਭਾ ਰਿਪੁਦਮਨ ਸਿੰਘ ਦੇ ਨਿੱਜੀ ਸਕੱਤਰ ਰਹੇ। ਇਸ ਕਰਕੇ ਇਸ ਨੂੰ ਆਪਣੀ ਜਨਮਭੂਮੀ ਵਿਚ ਦਾਖਲ ਹੋਣ ਦੀ ਇਜਾਜਤ ਨਹੀਂ ਸੀ। ਇਨ੍ਹਾਂ ਦੇ ਅਖ਼ਬਾਰ ਉਪਰ ਵੀ ਕੇਸ ਚਲਿਆ। ਇਨ੍ਹਾਂ ਨੂੰ ਨੇਤਾ ਜੀ ਸੁਭਾਸ਼ ਚੰਦਰ ਬੋਸ ਨਾਲ ਸੰਪਰਕ ਬਣਾਉਣ ਦੇ ਦੋਸ਼ ਵਿਚ ਵੀ ਗ੍ਰਿਫਤਾਰ ਕੀਤਾ ਗਿਆ।[23]

ਨਿਰੰਜਣ ਸਿੰਘ ਤਾਲਿਬ ਦੇ ਫੜੇ ਜਾਣ 'ਤੇ ਉਸਦੇ ਪੱਤਰ ਦਾ ਸੰਪਾਦਕੀ ਕਾਰਜ-ਭਾਰ ਭਾਈ ਸਾਹਿਬ ਨੇ ਸੰਭਾਲਿਆ। ਇਸ ਦਾ ਕਾਰਨ ਉਨ੍ਹਾਂ ਨਾਲ ਤਾਲਿਬ ਜੀ ਦਾ ਸੰਪਰਕ ਬਹੁਤ ਗੂੜਾ ਸੀ। ਉਨ੍ਹਾਂ ਦੇ ਲੇਖ ਇਸ ਅਖ਼ਬਾਰ ਵਿਚ ਛਪਦੇ ਹੁੰਦੇ ਸਨ। 1935 ਈ. ਵਿਚ ਇਨ੍ਹਾਂ ਨੇ ਇਸ ਅਖ਼ਬਾਰ ਦੇ ਵਿਸਾਖੀ ਅੰਕ ਵਿਚ 'ਸਾਂਝੀ ਵਿਸਾਖੀ' ਲੇਖ ਲਿਖਿਆ, ਇਸ ਕਾਰਨ ਇਨ੍ਹਾਂ ਨੂੰ ਸੱਤ ਸਾਲ ਦੀ ਸਜਾ (ਕੈਦ) ਅਤੇ ਸੱਤ ਸੌ ਰੁਪਏ ਜੁਰਮਾਨਾ ਹੋਇਆ।

ਇਨ੍ਹਾਂ ਸਾਰੀਆਂ ਘਟਨਾਵਾਂ ਦੇ ਨਾਲ-ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਪਰਕ ਬਣਿਆ ਰਿਹਾ। ਪਿਆਰਾ ਸਿੰਘ ਪਦਮ ਅਨੁਸਾਰ 15 ਫਰਵਰੀ 1927 ਤੋਂ ਸ਼੍ਰੋਮਣੀ ਕਮੇਟੀ ਦੀ ਨੌਕਰੀ ਸ਼ੁਰੂ ਕੀਤੀ ਅਤੇ ਵਧੇਰਾ ਸਮਾਂ ਬਤੌਰ ਗੁਰਦੁਆਰਾ ਇੰਸਪੈਕਟਰ ਸੇਵਾ ਨਿਭਾਈ... 1945 ਵਿਚ 'ਸਿੱਖ ਹਿਸਟਰੀ ਸੁਸਾਇਟੀ' ਬਣੀ ਤੇ ਆਪ ਇਸਦਾ ਕਾਰਜ ਨਿਭਾਉਂਦੇ ਰਹੇ। ਅਪ੍ਰੈਲ 1956 ਵਿਚ ਕਮੇਟੀ ਦੀ ਨੌਕਰੀ ਤੋਂ ਰਿਟਾਇਰ ਹੋਏ ਤੇ ਫਿਰ ਸੁਸਾਇਟੀ ਦੀ ਸੇਵਾ ਲਈ ਰੱਖ ਲਏ ਗਏ। ਆਪ ਨੇ ਬੜੀ ਹਿੰਮਤ ਨਾਲ ਸਿੱਖ ਰੈਫਰੈਂਸ ਲਾਇਬ੍ਰੇਰੀ ਸਥਾਪਿਤ ਕੀਤੀ।[24]

ਭਾਈ ਸਾਹਿਬ ਦੀਆਂ ਹੱਥ ਲਿਖਤਾਂ ਤੋਂ ਉਨਾਂ ਦੁਆਰਾ ਕਿਸੇ ਪੁਸਤਕ ਦੇ ਉਤਾਰੇ ਕਰਨ ਅਤੇ ਪੜ੍ਹਨ ਦੀ ਮਿਤੀ ਦਾ ਵੀ ਪਤਾ ਲਗਦਾ ਹੈ।[25]

ਸ਼੍ਰੋਮਣੀ ਕਮੇਟੀ ਤੋਂ ਰਿਟਾਇਰ ਹੋ ਕੇ ਮਾਰਚ 1966 ਵਿਚ ਪਟਿਆਲੇ ਆ ਗਏ ਤੇ 1969 ਤੱਕ ਰਹੇ। ਇੱਥੇ ਉਨ੍ਹਾਂ ਨੇ 'ਰਿਸਰਚ ਸਕਾਲਰ' ਵਜੋਂ ਸੇਵਾ ਨਿਭਾਈ। ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਲਈ 'ਦਸਮ ਗ੍ਰੰਥ' ਦਾ ਸ਼ਬਦਾਰਥ ਤਿਆਰ ਕੀਤਾ। ਇਹ ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਛਪਿਆ।

---

22 ਨਰਿੰਦਰ ਸਿੰਘ ਕਪੂਰ, *ਪੰਜਾਬੀ ਪੱਤਰਕਾਰੀ ਦਾ ਵਿਕਾਸ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012, ਪੰ.125.

23 ਰਛਪਾਲ ਸਿੰਘ ਗਿੱਲ (ਸੰਪਾ.), *ਪੰਜਾਬ ਕੋਸ਼* (ਭਾਗ ਦੂਜਾ), ਭਾਸ਼ਾ ਵਿਭਾਗ, ਪੰਜਾਬ, 2004, ਪੰ.305.

24 ਪਿਆਰਾ ਸਿੰਘ ਪਦਮ, *ਗੁਰੂ ਸਰ,* ਸਿੰਘ ਬ੍ਰਦਰਜ, ਅੰਮ੍ਰਿਤਸਰ, ਪੰ. 118.

25 ਅੰਤਿਕਾ 3. ਇਸ ਅੰਤਿਕਾ ਵਿਚ ਭਾਈ ਰਣਧੀਰ ਸਿੰਘ ਦੀ ਹੱਥ ਲਿਖਤ ਅਤੇ ਹਸਤਾਖਰ ਦਾ ਨਮੂਨਾ ਦਿੱਤਾ ਗਿਆ ਹੈ।

**ਦੇਹਾਂਤ**

ਭਾਈ ਰਣਧੀਰ ਸਿੰਘ ਦਾ ਦੇਹਾਂਤ ਉਨ੍ਹਾਂ ਦੇ ਪਿੰਡ ਡੂਮਛੇੜੀ ਹੀ ਹੋਇਆ। ਉਹ 1970 ਈ. ਵਿਚ ਪਿੰਡ ਚਲੇ ਗਏ। ਉਦੋਂ ਉਨ੍ਹਾਂ ਦੀ ਉਮਰ 73-74 ਸਾਲ ਦੀ ਸੀ। ਅੰਤਲੇ ਸਮੇਂ ਉਹ ਬਿਮਾਰ ਰਹਿੰਦੇ ਸਨ। ਬਿਮਾਰੀ ਦਾ ਕਾਰਨ ਸ਼ੂਗਰ ਹੋਣਾ ਸੀ। ਇਕ ਦਿਨ ਉਹ ਆਪਣੇ ਘਰ ਦੇ ਵਿਹੜੇ ਵਿਚ ਪਏ ਸਨ, ਅਚਾਨਕ ਇਕ ਥਮਲਾ ਉਨ੍ਹਾਂ ਉੱਪਰ ਡਿੱਗ ਪਿਆ। ਇਸ ਨਾਲ ਉਨ੍ਹਾਂ ਦੀ ਰੀੜ੍ਹ ਦੀ ਹੱਡੀ ਉੱਤੇ ਸੱਟ ਵੱਜੀ ਅਤੇ ਹਾਲਤ ਹੋਰ ਵਿਗੜ ਗਈ। ਅੰਤ, 7 ਦਸੰਬਰ, 1972[26] ਨੂੰ ਰਾਤ ਦੇ ਦਸ ਵਜੇ ਆਪਣੀ ਜੀਵਨ-ਯਾਤਰਾ ਪੂਰੀ ਕਰ ਗਏ। ਉਨ੍ਹਾਂ ਤੋਂ ਬਾਅਦ 1986 ਈ. ਵਿਚ ਉਨ੍ਹਾਂ ਦੀ ਪਤਨੀ ਦਾ ਦੇਹਾਂਤ ਕੈਂਸਰ ਦੀ ਬਿਮਾਂਰੀ ਤੋਂ ਪੀੜਤ ਹੋਣ ਕਰਕੇ ਹੋਇਆ।[27]

**ਭਾਈ ਸਾਹਿਬ ਦੀ ਸ਼ਖਸ਼ੀਅਤ, ਦਿੱਖ ਅਤੇ ਸੁਭਾਅ**

ਭਾਈ ਸਾਹਿਬ ਦਾ ਕੱਦ 5 ਫੁੱਟ ਸੱਤ ਕੁ ਇੰਚ ਲੰਮਾ ਅਤੇ ਦਾੜ੍ਹਾ ਪ੍ਰਕਾਸ਼ ਕੀਤਾ ਹੋਇਆ ਸੀ। ਪਰਿਵਾਰ ਵਿਚ ਉਨ੍ਹਾਂ ਦੀ ਆਗਿਆ ਦੀ ਪਾਲਣਾ ਹੁੰਦੀ ਸੀ ਉਨ੍ਹਾਂ ਦੇ ਅਮ੍ਰਿਤਸਰ ਨਿਵਾਸ ਸਮੇਂ ਘਰ ਦੇ ਸਾਰੇ ਕਾਰਜ ਉਨ੍ਹਾਂ ਦੀ ਆਗਿਆ ਨਾਂਲ ਹੁੰਦੇ ਸਨ। ਇਹ ਆਗਿਆ ਉਨ੍ਹਾਂ ਤੋਂ ਚਿੱਠੀ ਰਾਹੀਂ ਪ੍ਰਾਪਤ ਕੀਤੀ ਜਾਂਦੀ ਸੀ।[28] ਭਾਈ ਸਾਹਿਬ ਦੀ ਸ਼ਪਸ਼ਟ ਹਦਾਇਤ ਸੀ ਕਿ ਘਰ ਦੀ ਆਮਦਨ ਵਿਚੋ ਦਸਬੰਧ ਜਰੂਰੀ ਕੱਢਿਆ ਜਾਵੇ। ਲੋੜਵੰਦਾ ਦੀ ਮਦਦ ਕੀਤੀ ਜਾਵੇ ਅਤੇ ਕਿਸੇ ਨੂੰ ਦਰ ਤੋਂ ਖਾਲੀ ਨਾ ਮੋੜਿਆ ਜਾਵੇਂ।

ਭਾਈ ਸਾਹਿਬ ਪੁਰਾਤਨ ਦਿੱਖ ਵਾਲੇ ਚੰਗੇ ਸਿੱਖ ਸਨ। ਭਾਈ ਸਾਹਿਬ ਦੀ ਦਿੱਖ ਅਤੇ ਸ਼ਖਸ਼ੀਅਤ ਨੂੰ ਦਰਸਾਉਂਦਾ ਜਾਂ ਭਾਈ ਸਾਹਿਬ ਦਾ ਆਪਣਾ ਹੱਥ-ਲਿਖਤ ਸਾਹਿਤ ਉਨ੍ਹਾਂ ਦੇ ਪਰਿਵਾਰ ਕੋਲ ਨਹੀਂ। ਪਰੰਤੂ ਉਨ੍ਹਾਂ ਦੇ ਪੁਤਰ ਹਰਜੀਤ ਸਿੰਘ ਅਤੇ ਪੁਤਰੀ ਗੁਰਦੀਪ ਕੌਰ ਜੀਵਤ ਹਨ। ਇਨ੍ਹਾਂ ਤੋਂ ਭਾਈ ਸਾਹਿਬ ਦੀ ਸ਼ਖਸ਼ੀਅਤ ਬਾਰੇ ਜਾਣਿਆ ਜਾ ਸਕਦਾ ਹੈ। ਇਸ ਤੋ ਇਲਾਵਾ ਭਾਈ ਸਾਹਿਬ ਬਾਰੇ ਛਪੀ ਡਾ. ਕਰਨੈਲ ਸਿੰਘ ਸੋਮਲ ਦੀ ਪੁਸਤਕ *ਸਿੱਖ ਇਤਿਹਾਸ ਦਾ ਟਕਸਾਲੀ ਖੋਜੀ ਭਾਈ ਰਣਧੀਰ ਸਿੰਘ ਡੂਮਛੇੜੀ* ਵਿਚਲੀ ਡਾ. ਹਰਿੰਦਰ ਕੌਰ ਸਪੁੱਤਰੀ ਪ੍ਰੋ. ਪਿਆਰਾ ਸਿੰਘ ਪਦਮ ਦੁਆਰਾ ਦਿੱਤੀ ਗਈ ਸੂਚਨਾ ਭਾਈ ਸਾਹਿਬ ਬਾਰੇ

---

26 ਭਾਈ ਸਾਹਿਬ ਦੇ ਘਰ ਲਗੀ ਫੋਟੋ ਉਪਰ ਅਤੇ ਪ੍ਰੋ. ਨਿਰਮਲ ਸਿੰਘ ਦੇ ਲੇਖ ਵਿਚ ਉਨ੍ਹਾਂ ਦੇ ਦੇਹਾਂਤ ਦਾ ਸਾਲ 1974 ਲਿਖਿਆ ਮਿਲਦਾ ਹੈ। ਇਹ ਫੋਟੋ ਅੰਤਿਕਾ 2 ਵਿਚ ਸ਼ਾਮਿਲ ਕੀਤੀ ਹੈ।

27 ਕਰਨੈਲ ਸਿੰਘ ਸੋਮਲ, *ਸਿੱਖ ਇਤਿਹਾਸ ਦਾ ਟਕਸਾਲੀ ਖੋਜੀਂ ਭਾਈ ਰਣਧੀਰ ਸਿੰਘ ਡੂਮਛੇੜੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018, ਪੰ. 22.

28 *ਉਹੀ,* ਪੰ. 33.

ਪ੍ਰਮਾਣਿਕ ਜਾਣਕਾਰੀ ਮੁਹਈਆ ਕਰਦੀ ਹੈ।[29] ਭਾਈ ਸਾਹਿਬ ਦੀਆਂ ਆਪਣੀਆਂ ਪੁਸਤਕਾਂ ਦੇ ਮੁਖਬੰਧ, ਭੂਮਿਕਾਵਾਂ, ਰਿਵਿਊ ਆਦਿ ਵੀ ਉਨ੍ਹਾਂ ਬਾਰੇ ਸਾਡੀ ਜਾਣਕਾਰੀ ਵਿਚ ਕਾਫੀ ਵਾਧਾ ਕਰਦੇ ਹਨ। ਇਥੇ ਇਨ੍ਹਾਂ ਸਭ ਦੇ ਅਧਾਰ 'ਤੇ ਅਸੀਂ ਭਾਈ ਸਾਹਿਬ ਸ਼ਖਸ਼ੀਤ ਨਾਲ ਸੰਬੰਧਿਤ ਹੋਰ ਹਾਲਾਤਾਂ ਬਾਰੇ ਜਾਨਣ ਦੀ ਕੋਸ਼ਿਸ਼ ਕਰਾਂਗੇ:

ਭਾਈ ਸਾਹਿਬ ਦਾ ਜੀਵਨ ਮੁਸ਼ਕਿਲਾਂ ਭਰਿਆ ਸੀ। ਉਸ ਸਮੇਂ ਖੇਤੀ ਆਰਥਿਕ ਪੱਖੋਂ ਮੰਦਹਾਲੀ ਦਾ ਸਾਹਮਣਾ ਕਰ ਰਹੀ ਸੀ। ਇਸ ਲਈ ਪੰਜਾਬ ਦੇ ਨੌਜਵਾਨ ਰੁਜਗਾਰ ਦੀ ਭਾਲ ਵਿਚ ਫੌਜ ਅਤੇ ਹੋਰ ਨੌਕਰੀਆਂ ਨੂੰ ਤਰਜੀਹ ਦਿੰਦੇ ਸਨ। ਇਸ ਲਈ ਭਾਈ ਸਾਹਿਬ ਘਰ ਦੇ ਹਾਲਾਤ ਤੋਂ ਮਜਬੂਰ ਹੋ ਕੇ ਫੌਜ ਦੀ ਨੌਕਰੀ ਵਿਚ ਜਾ ਲਗੇ। ਇਸ ਵਿਚ ਤਰਕੀ ਵੀ ਹਾਸਿਲ ਕੀਤੀ। ਪਰੰਤੂ ਪਹਿਲੇ ਵਿਸ਼ਵ ਯੁਧ ਤੋਂ ਬਾਅਦ ਅੰਗਰੇਜ਼ਾਂ ਨੂੰ ਫੌਜ ਦੀ ਜਿਆਦਾ ਗਿਣਤੀ ਦੀ ਲੋੜ ਨਹੀਂ ਰਹੀ। ਇਸ ਲਈ ਨੌਜਵਾਨ ਆਪਣੇ ਪਿਤਰੀ ਕਿੱਤਿਆਂ ਵਿਚ ਵਾਪਿਸ ਆ ਗਏ। ਦੂਜੇ ਪਾਸੇ ਸਿੱਖਾਂ ਵਿਚ ਆਪਣੇ ਗੁਰਦੁਆਰਾ ਸਾਹਿਬਾਨ ਦੀ ਸਾਂਭ ਸੰਭਾਲ ਲਈ ਸ਼ਹਾਦਤ ਦਾ ਜ਼ਜਬਾ ਪ੍ਰਧਾਨ ਹੋ ਰਿਹਾ ਸੀ। ਸਿੱਖ ਕੌਮ ਸ਼ਹਾਦਤਾਂ ਪਾਉਣ ਲਈ ਤਿਆਰ ਸੀ, ਇਸ ਲਈ ਨੌਜਵਾਨ ਅਗੇ ਆ ਰਹੇ ਸਨ। ਭਾਈ ਰਣਧੀਰ ਸਿੰਘ ਇਕ ਉਤਸ਼ਾਹੀ ਨੌਜਵਾਨ ਸਨ। ਉਸ ਸਮੇਂ ਦੀ ਫੌਜ ਵਿਚ ਰਹਿਣ ਕਰਕੇ ਅਤੇ ਅਨੁਸ਼ਾਸ਼ਨ ਵਿਚ ਬਝਣ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਨਾਲ ਪੂਰਨ ਅਤੇ ਅਨੁਸ਼ਾਸ਼ਿਤ ਰੂਪ ਜੁੜੇ ਹੋਏ ਸਨ। ਇਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੀ ਸਥਾਪਤੀ ਹੋਣ ਕਾਰਨ ਮੋਰਚਿਆਂ ਨੂੰ ਜਥੇਬੰਧਕ ਰੂਪ ਮਿਲ ਚੁਕਾ ਸੀ। ਇਸ ਸਮੇਂ ਭਾਈ ਸਾਹਿਬ ਸ਼੍ਰੋਮਣੀ ਕਮੇਟੀ ਦੇ ਦਫਤਰ ਵਿਚ ਬਤੌਰ ਅਕਾਉਂਟੈਂਟ ਕਾਰਜਸ਼ੀਲ ਰਹੇ। ਇਸ ਸੰਘਰਸ਼ ਨੂੰ ਉਨ੍ਹਾਂ ਨੇ ਅੱਖੀ ਦੇਖਿਆ ਅਤੇ ਹੱਡੀਂ ਹੰਢਾਇਆ। ਇਸ ਤਰ੍ਹਾਂ ਭਾਈ ਸਾਹਿਬ ਦੀ ਸ਼ਖਸ਼ੀਅਤ ਦਾ ਇਕ ਪਖ ਸ਼ੰਘਰਸ਼ਸ਼ੀਲ ਸਿੱਖ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ।

ਉਨ੍ਹਾਂ ਦੇ ਜੀਵਨ ਦਾ ਅਗਲਾ ਪੱਖ ਇਕ ਪੱਤਰਕਾਰ ਦਾ ਹੈ ਜਿਹੜਾ ਜ਼ੁਲਮ ਦੇ ਵਿਰੋਧ ਅਤੇ ਸਿੱਖ ਕੌਮ ਦੀ ਜਾਗਰੂਕਤਾ ਲਈ ਲਿਖਦਾ ਹੈ। ਇਸ ਦੇ ਨਾਲ ਰੁਜਗਾਰ ਦੀ ਭਾਲ ਵਿਚ ਫਿਰਦੇ ਨੌਜਵਾਨ ਦੇ ਰੂਪ ਵਿਚ ਜਿਹੜਾ ਇਕ ਬਿਜਨਿਸ-ਮੈਨ ਵਜੋਂ ਹੋਟਲ ਚਲਾਉਂਦਾ ਹੈ ਦੇ ਰੂਪ ਵਿਚ ਭਾਈ ਸਾਹਿਬ ਕਾਰਜਸ਼ੀਲ

---

[29] ਕਰਨੈਲ ਸਿੰਘ ਸੋਮਲ, *ਸਿੱਖ ਇਤਿਹਾਸ ਦਾ ਟਕਸਾਲੀ ਖੋਜੀ ਭਾਈ ਰਣਧੀਰ ਸਿੰਘ ਡੂਮਛੇੜੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018, ਪੰਨੇ 24-26.

ਰਹੇ। ਪਰੰਤੂ ਸਮਾਜਕ, ਰਾਜਸੀ ਅਤੇ ਪੰਥਕ ਮਸਲਿਆਂ ਦੇ ਵਡੇ ਸਰੋਕਾਰ ਬਿਸਜਨਿਸ ਵਿਚ ਟਿਕਣ ਨਹੀਂ ਦਿੰਦੇ, ਇਸ ਲਈ ਪੱਤਰਕਾਰਤਾ ਦਾ ਰਾਹ ਅਪਣਾਉਣਾ ਪੈਂਦਾ ਹੈ। ਉਹ 'ਅਕਾਲੀ', 'ਰੋਜਾਨਾ ਅਕਾਲੀ'(ਉਰਦੂ), 'ਪਰਦੇਸੀ' ਆਦਿ ਅਖਬਾਰਾਂ ਦੀ ਸੰਪਾਦਨਾ ਦਾ ਕਾਰਜ ਸੰਭਾਲਦੇ ਹਨ। ਉਨ੍ਹਾਂ ਨੂੰ ਆਪਣੀ ਲੇਖਣੀ ਦੀ ਅਜਾਦੀ ਦੀ ਕੀਮਤ ਚੁਕਾਉਂਦਿਆਂ ਜੇਲ੍ਹ ਯਾਤਰਾ ਕਰਨੀ ਪਈ। ਅਖਬਾਰਾਂ ਤੋਂ ਇਲਾਵਾ ਇਨ੍ਹਾਂ ਨੇ 'ਸਿੱਖ ਹਿਸਟਰੀ ਸੁਸਾਇਟੀ' ਦੇ ਮੈਗਜ਼ੀਨ 'ਇਤਿਹਾਸਿਕ ਪੱਤ੍ਰ' ਦੀ ਸੰਪਾਦਕੀ ਵੀ ਕੀਤੀ।

ਭਾਈ ਸਾਹਿਬ ਦੀ ਸ਼ਖਸ਼ੀਅਤ ਦਾ ਅਹਿਮ ਅਤੇ ਵਡਾ ਪੱਖ ਉਨ੍ਹਾਂ ਦੀ ਖੋਜੀ ਬਿਰਤੀ ਨਾਲ ਸੰਬੰਧਿਤ ਹੈ। ਖੋਜੀ ਬਿਰਤੀ ਦੇ ਹਵਾਲੇ ਉਨ੍ਹਾਂ ਦੁਆਰਾ ਪ੍ਰਕਾਸ਼ਿਤ ਕੀਤੇ ਮੌਲਿਕ ਅਤੇ ਸੰਪਾਦਿਤ ਗ੍ਰੰਥਾਂ ਵਿਚੋਂ ਮਿਲਦੇ ਹਨ। ਭਾਈ ਸਾਹਿਬ ਗ੍ਰੰਥਾਂ ਦੀਆਂ ਭੂਮਿਕਾਵਾਂ ਵਿਚ ਉਨ੍ਹਾਂ ਲਿਖਤਾਂ ਨੂੰ ਲਭਣ ਵਿਚ ਆਈਆਂ ਮੁਸ਼ਕਿਲਾਂ ਦਾ ਜ਼ਿਕਰ ਕਰਦੇ ਹਨ। ਇਸ ਦੀ ਇਕ ਉਦਾਹਰਨ *ਪ੍ਰੇਮ ਸੁਮਾਰਗ* ਗ੍ਰੰਥ ਦੀ ਭੂਮਿਕਾ ਵਿਚ ਲਿਖੇ ਸ਼ਬਦਾਂ ਦੇ ਰੂਪ ਵਿਚ ਵੇਖ ਸਕਦੇ ਹਾਂ:

'ਇਨ੍ਹਾਂ ਅੱਖਰਾਂ ਦੇ ਲਿਖਾਰੀ ਨੂੰ, ਗੁਰਮਤਿ ਦੀ ਗੁੜ੍ਹਤੀ, ਅੱਠ-ਦਸ ਵਰ੍ਹੇ ਦੀ ਉਮਰੇ ਗੁਰਮੁਖੀ ਅੱਖਰ ਸਿਖਾਣ ਵਾਲੇ ਬਾਬਾ ਗੁਰਦਿੱਤ ਸਿੰਘ ਜੀ ਤੋਂ ਦਸਮ ਪਾਤਿਸ਼ਾਹੀ ਦੀ ਬਾਣੀ ਪੜ੍ਹਨ-ਗੁੜਹਨ ਦਾ ਸ਼ੌਕ ਜਾਗਿਆ। ਫਿਰ 'ਗੁਰਦੁਆਰਾ ਸੁਧਾਰ ਲਹਿਰ' ਸਮੇਂ ਜਦੋਂ ਪੰਥਕ ਸਰਗਰਮੀਆਂ ਵਿਚ ਹਿੱਸਾ ਲੈਣ ਦਾ ਅਉਸਰ ਮਿਲਿਆ, ਤਾਂ ਜੇਲ੍ਹ ਯਾਤਰਾ ਵਿਚ ਹੋਰ ਧਾਰਮਿਕ ਗ੍ਰੰਥਾਂ ਦੇ ਪਾਠ-ਵਿਚਾਰ ਦਾ ਸੁਭਾਗ ਭੀ ਲੱਭਾ। ....1927 ਈ. ਵਿਚ ਜੇਲ੍ਹੋਂ ਖਲਾਸੀ ਮਿਲਣ ਪੁਰ, ਮੁੜਿ ਅਕਾਲੀ ਅਖਬਾਰਾਂ ਦੀ ਸੇਵਾ ਮਿਲੀ। ਸ਼ਾਇਦ 1930 ਵਿਚ, ਖਾਲਸਾ ਸਮਾਚਾਰ ਅੰਮ੍ਰਿਤਸਰ ਦੇ ਸਤਿਕਾਰਯੋਗ ਸੰਪਾਦਕ ਭਾਈ ਸੇਵਾ ਸਿੰਘ ਜੀ ਨਾਲ ਦਸਵੇਂ ਪਾਤਿਸ਼ਾਹ ਦੀ ਰਚਨਾ ਬਾਰੇ ਵਿਚਾਰ, ਕਦੀ ਕਦਾਈਂ ਹੁੰਦੀ ਰਹੀ। ਉਨ੍ਹਾਂ ਹੀ ਦਿਨਾਂ ਵਿਚ ਭਾਈ ਸਾਹਿਬ ਨੇ ਇਸ ਗ੍ਰੰਥ-ਪ੍ਰੇਮ ਸੁਮਾਰਗ ਦਾ ਜ਼ਿਕਰ ਕੀਤਾ ਅਰੁ ਦੱਸਿਆ, ਕਿ "ਪੁਸਤਕ ਦੁਰਲੱਭ ਹੈ, ਪਰੁ ਇਕ ਕਾਪੀ 'ਪਬਲਿਕ ਲਾਇਬ੍ਰੇਰੀ-ਲਾਹੌਰ' ਵਿਚ ਹੈਗੀ ਐ।" ਲੇਕਿਨ ਉਸ ਮੌਕੇ ਸਰੀਰ ਦੀ ਸੇਵਾ ਚੂੰਕਿ ਅਕਾਲੀ ਅਖਬਾਰ ਦੇ ਸਮਰਪਨ ਸੀ; ਕੰਮ ਕਾਰ ਦੇ ਅੱਠਾ-ਕੁੱਠ ਰੁਝੇਵੇਂ ਦੇ ਕਾਰਨ ਸਾਲ ਕੁ ਭਰ ਲਾਹੌਰ ਰਹਿੰਦਿਆਂ ਭੀ ਪਬਲਿਕ ਲਾਇਬ੍ਰੇਰੀ ਤੱਕ ਜਾਣ ਦੀ ਫੁਰਸਤ ਨਾ ਮਿਲੀ।

ਸੰਮਤ 1997 ਬਿੱਕ੍ਰਮੀ (1940 ਈ.) ਤੋਂ ਬੁੰਗਾ-'ਸ਼ਹੀਦ ਗੰਜ ਬਾਬਾ ਬਸੰਤ ਸਿੰਘ ਜੀ' ਵਿਚ ਟਿਕਾਣਾ ਪ੍ਰਾਪਤ ਹੋਇਆ। ਇਸ ਬੁੰਗੇ ਦੇ ਸਾਹਮਣੇ ਮਕਾਨ ਵਿਚ ਬ੍ਰਿਧ ਬਾਬਾ ਈਸ਼ਰ ਸਿੰਘ ਜੀ 'ਰਾਗੀ'

ਨਿਵਾਸ ਰਖਦੇ ਸਨ। ਬੀਕਾਨੇਰ ਵਿਚ ਜਮੀਨ ਖਰੀਦ ਲੈਣ ਕਰਕੇ ਉਨ੍ਹਾਂ ਨੂੰ 'ਗੁਰੂ ਕੀ ਨਗਰੀ' ਦਾ ਵਾਸਾ ਛਡਣਾ ਪਿਆ। ਬਾਬਾ ਜੀ ਨੇ ਆਪਣੇ ਪੁਰਾਣੇ ਪੁਸਤਕਾਂ ਦੇ ਪਟਾਰ ਝਾੜੇ-ਫੋਲੇ, ਤਾਂ ਇਕ ਫਟੀ ਪੁਰਾਣੀ ਲਿਖਤੀ ਪੁਸਤਕ ਸ਼ਾਇਦ ਨਿਕਾਰਾ ਜਾਣ ਕੇ 'ਸ਼ਹੀਦ ਗੰਜ' ਵਿਚ ਲੱਗੇ ਸੇਵਾਦਾਰ ਭਾਈ ਸੰਤ ਸਿੰਘ 'ਨੰਗਲ' (ਜ਼ਿਲਾ ਲੁਧਿਆਣਾ) ਨਿਵਾਸੀ ਨੂੰ ਦੇ ਗਏ। ਭਾਈ ਜੀ ਨੇ ਉਹ ਸਾਨੂੰ ਸੌਂਪ ਦਿੱਤੀ। ਪੜ੍ਹਿਆ ਤਾਂ ਨਾਮ ਪ੍ਰੇਮ ਸੁਮਾਰਗ ਮਾਲੂਮ ਹੋਇਆ। ਇਸ ਨਾਮ ਨੇ ਸੁੱਤੀਆਂ ਯਾਦਾਂ ਜਗਾ ਦਿੱਤੀਆਂ। ਪਰ ਪੁਸਤਕ ਦਾ ਸਿਰਫ ਧੜ ਹੀ ਸੀ, ਸਿਰ ਅਤੇ ਪੈਰ , ਜ਼ਾਲਿਮ ਸਮੇਂ ਦੀ ਬੇ-ਦਰੇਗ ਤੇਗ ਨੇ ਲਾਹ ਸੁੱਟੇ ਸਨ। ਏਨਾ ਹੀ ਗ਼ਨੀਮਤ ਜਾਣ ਕੇ, ਰਾਤ ਬਰਾਤੇ ਉਸ ਨੂੰ ਪਦ-ਛੇਦ ਰੂਪ ਵਿਚ ਨਵਾਂ ਚੋਲਾ ਪਹਿਨਾ ਦਿੱਤਾ ਗਿਆ। ਪਰ ਪੂਰਾ ਕਰਨ ਦੀ ਖੁਤਖੁਤੀ ਅੰਦਰ ਲੱਗੀ ਹੀ ਰਹੀ।'

ਇਸ ਗੱਲ ਨੂੰ ਅੱਗੇ ਤੋਰਦਿਆਂ ਭਾਈ ਸਾਹਿਬ ਨੇ ਲਿਖਿਆ ਹੈ:

'ਉਨ੍ਹੀਂ ਦਿਨੀ ਚੂੰਕਿ ਗੁਰਦੁਆਰਿਆਂ ਦੇ ਪ੍ਰਬੰਧ ਦੀ ਦੇਖ-ਭਾਲ, ਤੇ ਹਿਸਾਬ-ਕਿਤਾਬ ਦੀ ਪੁੱਛ-ਪੜਤਾਲ ਵਾਸਤੇ ਦੌਰੇ ਪਏ ਰਹਿੰਦੇ, ਟਿਕਾਉ ਘੱਟ ਹੀ ਪ੍ਰਾਪਤ ਹੁੰਦਾ ਸੀ। ਕਈ ਵਾਰੀ ਇਕ ਦੋ ਦਿਨਾਂ ਦੀ ਛੁਟੀ ਲੈ ਕੇ ਲਾਹੌਰ ਜਾਣਾ ਤੇ ਪਬਲਿਕ ਲਾਇਬ੍ਰੇਰੀ ਵਿਚ ਬਹਿ ਕੇ ਪ੍ਰੇਮ ਸੁਮਾਰਗ ਦੀ ਨਕਲ ਕਰਨੀ। ਇਸ ਤਰ੍ਹਾਂ ਕੁਝ ਆਪ ਅਤੇ ਕੁਝ ਸ. ਬਚਿੱਤਰ ਸਿੰਘ ਗੁ. ਇੰਸਪੈਕਟਰ ਦੇ ਉਦਮ ਨਾਲ ਜੋ ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 'ਕਾਨੂੰਨੀ ਮਹਿਕਮੇ' ਵਿਚ ਲਾਹੌਰ ਲਗੇ ਹੋਏ ਸਨ-ਉਤਾਰਾ ਕਰਕੇ, ਇਹ ਦੁਰਲੱਭ ਰਹਿਤਨਾਮਾ, ਮਸਾਂ ਮਸਾਂ ਮੁਕੰਮਲ ਕੀਤਾ। ਹਾਂ ਸੱਚ! ਬਾਬਾ ਈਸਰ ਸਿੰਘ ਪਾਸੋਂ ਮਿਲਿਆ ਪੁਰਾਣਾ ਖਰੜਾ, ਸਾਡੇ ਇਕ ਸਾਥੀ ਸ. ਅਰਜਨ ਸਿੰਘ, ਗੁ. ਇੰਸ. ਨੇ ਪੜ੍ਹਨ ਲਈ ਮੰਗ ਲਿਆ ਤੇ ਮੁੜ ਦਰਸ਼ਨ ਨਹੀਂ ਕਰਾਏ। ਇਸ ਤਰ੍ਹਾਂ ਆਪਣਾ ਕੀਤਾ ਉਤਾਰਾ ਹੀ ਪੱਲੇ ਰਹਿ ਗਿਆ।'

*ਪ੍ਰੇਮ ਸੁਮਾਰਗ* ਦੀ ਭੂਮਿਕਾ ਵਜੋਂ ਲਿਖੇ ਗਏ ਭਾਈ ਸਾਹਿਬ ਦੇ ਉਪਰੋਕਤ ਸ਼ਬਦਾਂ ਨੂੰ ਪੜ੍ਹਦਿਆਂ ਉਨ੍ਹਾਂ ਦੀ ਖੋਜੀ ਬਿਰਤੀ ਦਾ ਝਲਕਾਰਾ ਮਿਲਦਾ ਹੈ। ਇਸ ਬਾਰੇ ਸਾਨੂੰ ਉਨ੍ਹਾਂ ਸੰਬੰਧੀ ਪੇਸ਼ ਕੀਤੇ ਗਏ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਪੜ੍ਹ ਕੇ ਵੀ ਪਤਾ ਲਗਦਾ ਹੈ। ਇਸ ਦੀ ਇਕ ਉਦਾਹਰਨ ਡਾ. ਗੰਡਾ ਸਿੰਘ ਦੁਆਰਾ *ਪ੍ਰੇਮ ਸੁਮਾਰਗ* ਦੇ 'ਆਰੰਭਕ ਸ਼ਬਦ' ਸਿਰਲੇਖ ਹੇਠ ਛਪੀ ਟਿਪਣੀ ਹੈ, ਉਹ ਲਿਖਦੇ ਹਨ:

'ਜਿਸ ਜਾਨ ਮਾਰੀ, ਮਿਹਨਤ ਤੇ ਲਗਨ ਨਾਲ ਆਪ ਨੇ ਇਸ (ਭਾਵ ਪ੍ਰੇਮ ਸੁਮਾਰਗ ਗ੍ਰੰਥ ਤੋਂ ਹੈ) ਵਿਚ ਦਿੱਤੇ ਵੱਖ-ਵੱਖ ਵਿਸ਼ਿਆਂ ਤੇ ਨੁਕਤਿਆਂ ਉੱਤੇ ਖੋਜ-ਪੜਤਾਲ ਕੀਤੀ ਹੈ, ਉਹ ਸ਼ਲਾਘਾਯੋਗ ਤੇ ਰਾਹ

ਵਿਖਾਉ ਹੈ। ਅਤੇ ਜਿਤਨਾ ਮਸਾਲਾ ਆਪ ਨੇ ਥਾਂ-ਥਾਂ ਢੂੰਡ ਕੇ ਇਸ ਵਿਚ ਜਮ੍ਹਾਂ ਕਰ ਦਿੱਤਾ ਹੈ, ਉਹ ਆਪਣੇ ਆਪ ਵਿਚ ਇਕ ਬੜੀ ਭਾਰੀ ਸੇਵਾ ਹੈ, ਜੋ ਇਸੇ ਰਾਹ ਦੇ ਹੋਰ ਪੰਧਾਊਆਂ ਨੂੰ ਕਾਫੀ ਕੁਝ ਸਹਾਈ ਹੋਵੇਗਾ।'[30]

ਡਾ. ਗੰਡਾ ਸਿੰਘ ਦੇ ਨਾਲ ਪਿਆਰਾ ਸਿੰਘ ਪਦਮ,[31] ਸ. ਸਾਧੂ ਸਿੰਘ ਹਮਦਰਦ,[32] ਸਮਸ਼ੇਰ ਸਿੰਘ ਅਸ਼ੋਕ,[33] ਡਾ. ਤਾਰਨ ਸਿੰਘ[34] ਭਾਈ ਸਾਹਿਬ ਬਾਰੇ ਇਕ ਪ੍ਰੌੜ੍ਹ ਖੋਜੀ, ਪੱਤਰਕਾਰ, ਇਕ ਟਕਸਾਲੀ ਸਿੱਖ ਵਜੋਂ ਆਪਣੇ ਵਿਚਾਰ ਪੇਸ਼ ਕਰਦੇ ਹਨ।

**ਸਾਰਾਂਸ਼:** ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਭਾਈ ਸਾਹਿਬ ਇਕ ਸਾਧਾਰਨ ਪਰਿਵਾਰ ਵਿਚ ਪੈਦਾ ਹੋਏ, ਪੜ੍ਹਦਿਆਂ, ਰੁਜਗਾਰ ਦੀ ਭਾਲ ਵਿਚ ਵਿਚਰਦਿਆਂ, ਲਹਿਰਾਂ ਦਾ ਅੰਗ ਬਣਦਿਆਂ, ਸਰਕਾਰ ਦੇ ਜ਼ੁਲਮ ਸਹਿੰਦਿਆਂ ਵੀ ਇਕ ਚੰਗੇ ਗੁਰਸਿੱਖ, ਵਿਦਵਾਨ, ਖੋਜੀ ਵਜੋਂ ਆਪਣਾ ਜੀਵਨ ਬਸਰ ਕੀਤਾ। ਉਨ੍ਹਾਂ ਦੇ ਇਸ ਜੀਵਨ ਤੋਂ ਸੇਧ ਲੈ ਕੇ ਅਸੀਂ ਅੱਜ ਵੀ ਮਿਹਨਤ, ਮਜ਼ਬੂਤ ਇਰਾਦੇ ਅਤੇ ਦ੍ਰਿੜਤਾ ਨੂੰ ਆਪਣੇ ਅੰਦਰ ਧਾਰਨ ਕਰ ਸਕਦੇ ਹਾਂ। ਜਿਸ ਸਦਕਾ ਅਸੀਂ ਸਬਰ ਅਤੇ ਸ਼ੁਕਰ ਵਿਚ ਰਹਿਕੇ ਚੜ੍ਹਦੀ ਕਲਾ ਵਾਲਾ ਜੀਵਨ ਜੀਅ ਸਕਦੇ ਹਾਂ।

---

30 *ਪ੍ਰੇਮ ਸੁਮਾਰਗ ਅਰਥਾਤ ਖਾਲਸਾਈ ਜੀਵਨ-ਜਾਚ (ਪਾਤਸ਼ਾਹੀ ਦਸਵੀਂ),* (ਸੰਪਾ.) ਭਾਈ ਰਣਧੀਰ ਸਿੰਘ ਨਿਊ ਬੁੱਕ ਕੰਪਨੀ, ਜਲੰਧਰ, 2000, ਪੰ.53.

31 ਪਿਆਰਾ ਸਿੰਘ ਪਦਮ, *ਗੁਰੂ ਸਰ,* ਸਿੰਘ ਬ੍ਰਦਰਜ, ਅੰਮ੍ਰਿਤਸਰ, 2012, ਪੰ.116.

32 *ਪ੍ਰੇਮ ਸੁਮਾਰਗ,* ਉਹੀ, ਪੰ.53.

33 ਸਮਸ਼ੇਰ ਸਿੰਘ ਅਸ਼ੋਕ, *ਪੰਜਾਬੀ ਪੱਤਰਕਲਾ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1991, ਪੰਨੇ 182-83.

34 ਭਾਈ ਰਣਧੀਰ ਸਿੰਘ, *ਸ਼ਬਦਾਰਥ ਸ੍ਰੀ ਦਸਮ ਗ੍ਰੰਥ* (ਤਿੰਨ ਭਾਗ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰ.4.

# ਅਧਿਆਇ ਦੂਜਾ

# ਭਾਈ ਰਣਧੀਰ ਸਿਘ ਦਾ ਰਚਨਾ ਸੰਸਾਰ: ਸਰਵੇਖਣ ਅਤੇ ਵਰਗੀਕਰਨ

ਭਾਈ ਰਣਧੀਰ ਸਿੰਘ ਸਿੱਖ ਪੰਥ ਦੇ ਪ੍ਰਸਿੱਧ ਵਿਦਵਾਨ ਅਤੇ ਰਹਿਤਵਾਨ ਸਿੱਖ ਸਨ। ਉਨ੍ਹਾਂ ਨੇ ਕਾਫੀ ਸਾਰੀਆਂ ਪੁਸਤਕਾਂ ਅਤੇ ਲੇਖਾਂ ਦੁਆਰਾ ਸਿੱਖ ਜਗਤ ਦੇ ਵਿਦਵਤਾ ਦੇ ਖੇਤਰ ਵਿਚ ਪ੍ਰਸੰਸਾ ਯੋਗ ਸੇਵਾ ਕੀਤੀ। ਉਨ੍ਹਾਂ ਦੀਆਂ ਪੁਸਤਕਾਂ ਮੁਖ ਰੂਪ ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਹਨ। ਇਨ੍ਹਾਂ ਵਿਚ ਸਿੱਖ ਸਰੋਤ ਗ੍ਰੰਥਾਂ ਦੀ ਸੰਪਾਦਨਾ ਇਕ ਵਡ-ਅਕਾਰੀ ਕਾਰਜ ਹੈ। ਇਸ ਅਧਿਆਇ ਵਿਚ ਉਨ੍ਹਾਂ ਦੀ ਸਾਹਿਤਕ-ਇਤਹਾਸਿਕ ਸਮਗਰੀ ਉਪਰ ਝਾਤ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ:

**1. ਗੁਰਪ੍ਰਣਾਲੀਆਂ:** ਇਹ ਪੁਸਤਕ ਭਾਈ ਰਣਧੀਰ ਸਿੰਘ ਦੁਆਰਾ ਸੰਪਾਦਿਤ ਹੈ। ਇਸ ਦਾ ਪਹਿਲਾ ਸੰਸਕਰਨ 1951 ਈ. ਵਿਚ ਅਤੇ ਦੂਜਾ 1964 ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਾਪਿਆ ਗਿਆ। ਗੁਰਪ੍ਰਣਾਲੀ ਤੋਂ 'ਭਾਵ ਗੁਰੂ ਦੇ ਜੀਵਨ ਅਤੇ ਵੰਸ਼ ਦਾ ਵਿਵਰਣ ਦੇਣ ਵਾਲੀ ਰਚਨਾ ਹੈ। ਪੰਜਾਬੀ ਵਿਚ ਲਿਖੀਆਂ ਇਤਿਹਾਸ-ਨੁਮਾ ਰਚਨਾਵਾਂ ਦਾ ਇਹ ਉਹ ਸਾਹਿਤਕ ਰੂਪਾਕਾਰ ਹੈ, ਜਿਸ ਵਿਚ ਸਿੱਖ ਗੁਰੂ ਸਾਹਿਬਾਨ ਦੇ ਜਨਮ ਵਿਆਹ, ਮਹਾਂਪ੍ਰਸਥਾਨ ਦੀਆਂ ਤਾਰੀਖਾਂ ਦਰਜ ਹੁੰਦੀਆਂ ਹਨ। ਇਨ੍ਹਾਂ ਵਿਚ ਕਈ ਵਾਰ ਮਹੱਤਵਪੂਰਣ ਘਟਨਾਵਾਂ ਦੀਆਂ ਤਿਥੀਆਂ ਵੀ ਲਿਖ ਦਿੱਤੀਆਂ ਜਾਂਦੀਆਂ ਹਨ। ਇਹ ਕਵਿਤਾ ਜਾਂ ਵਾਰਤਕ ਦੋਹਾਂ ਵਿਚ ਮਿਲਦੀਆਂ ਹਨ।[1] ਭਾਈ ਰਣਧੀਰ ਸਿੰਘ ਦੀ ਸੂਚਨਾ ਅਨੁਸਾਰ 'ਸਿੱਖ ਇਤਿਹਾਸ' ਦਾ ਮੁੱਢ ਮੂਲ ਮੰਨ ਕੇ ਹੀ 'ਸਿੱਖ ਹਿਸਟਰੀ ਸੋਸਾਇਟੀ' ਨੇ ਸਭ ਤੋਂ ਪਹਿਲਾਂ ਇਨ੍ਹਾਂ ਜਰੂਰੀ ਖਰੜਿਆਂ ਨੂੰ ਢੂੰਢਣ ਅਤੇ 'ਸਿੱਖ ਰੈਫਰੈਂਸ ਲਾਇਬ੍ਰੇਰੀ' ਵਿਚ ਸੁਰਖਿਅਤ ਕਰਨਾ ਅਰੰਭਿਆ।' ਇਨ੍ਹਾਂ ਖਰੜਿਆਂ ਨੂੰ 'ਇਤਿਹਾਸਕ ਪੱਤ੍ਰ'[2] ਨਾਮੀ ਰਸਾਲੇ ਵਿਚ ਛਾਪਿਆ ਵੀ ਗਿਆ। ਆਪਣੇ ਪਹਿਲੇ ਸੰਸਕਰਨ ਵਿਚ ਛੇ ਕੁ ਗੁਰਪ੍ਰਣਾਲੀਆਂ ਛਾਪੀਆਂ ਗਈਆਂ। ਇਸ ਤੋਂ ਬਾਅਦ ਭਾਈ ਸਾਹਿਬ ਨੇ ਹੋਰ ਗੁਰਪ੍ਰਣਾਲੀਆਂ ਲੱਭ ਕੇ ਨਵੇਂ ਸਿਰਿਓ ਸੰਪਾਦਿਤ ਕਰ ਦੁਬਾਰਾ ਪੁਸਤਕ ਰੂਪ ਵਿਚ ਛਾਪ ਦਿਤਾ। ਇਸ ਅਧਿਆਇ ਵਿਚ ਦੂਜੇ ਸੰਸਕਰਨ ਨੂੰ ਹੀ ਅਧਾਰ ਬਣਾਇਆ ਗਿਆ ਹੈ।

ਇਸ ਪੁਸਤਕ ਦੇ ਤਿੰਨ ਭਾਗ ਹਨ, ਜਿਨ੍ਹਾਂ ਨੂੰ ਤਤਕਰੇ ਵਿਚ ਦਰਸਾ ਦਿੱਤਾ ਗਿਆ ਹੈ। ਇਨ੍ਹਾਂ ਤਿੰਨ੍ਹਾਂ

---

[1] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* ਭਾਗ ਦੂਜਾ, ਗ੍ਰੇਸ਼ੀਅਸ ਬੁਕਸ, ਪਟਿਆਲਾ, 2014, ਪੰਨਾ 607

[2] ਭਾਈ ਰਣਧੀਰ ਸਿੰਘ, *ਗੁਰਪ੍ਰਣਾਲੀਆਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1964, (ਮੁਖ ਸ਼ਬਦ), ਪੰਨਾ, ਹ.

ਭਾਗਾਂ ਦੇ ਸਿਰਲੇਖ 'ਸਤਿਗੁਰਾਂ ਦੇ ਸਮੇਂ ਦੀਆਂ ਗੁਰਪ੍ਰਣਾਲੀਆਂ', 'ਉਨੀਹਵੀਂ ਸਦੀ ਬਿਕ੍ਰਮੀ ਦੀਆਂ ਗੁਰਪ੍ਰਣਾਲੀਆਂ' ਅਤੇ 'ਵੀਹਵੀਂ ਸਦੀ ਬਿਕ੍ਰਮੀ ਦੀ ਰਚਨਾ-ਗੁਪ੍ਰਣਾਲੀਆਂ'। ਪਹਿਲੇ ਭਾਗ ਜਿਹੜਾ ਪੁਸਤਕ ਦੇ 87 ਪੰਨਿਆਂ ਤੇ ਪਸਰਿਆ ਹੈ, ਇਸ ਵਿਚ 'ਗੁਰੂ-ਕੁਲ ਬਾਰੇ ਭੱਟਾਂ ਦੇ ਬਿਆਨ' ਜਿਨ੍ਹਾਂ ਵਿਚ ਗੁਰੂ ਗ੍ਰੰਥ ਸਾਹਿਬ ਵਿਚਲੇ 'ਸਵਈਏ ਮਹਲੇ ਪਹਿਲੇ ਕੇ' ਤੋਂ 'ਸਵਈਏ ਮਹਲੇ ਪੰਜਵੇ ਕੇ' ਤੱਕ ਅਤੇ 'ਹਜ਼ੂਰੀ ਢਾਢੀਆਂ ਦੀ ਗਵਾਹੀ' ਸਿਰਲੇਖ ਅਧੀਨ ਸੱਤੇ ਬਲਵੰਡ ਦੀ ਵਾਰ ਦਰਜ ਕੀਤੀ ਗਈ ਹੈ। ਉਸ ਤੋਂ ਬਾਅਦ 'ਭਾਈ ਗੁਰਦਾਸ 'ਭੱਲੇ' ਦੀ ਉਗਾਹੀ ਸਿਰਲੇਖ ਅਧੀਨ ਪਹਿਲੇ, ਦੂਜੇ, ਤੀਜੇ, ਚੌਥੇ, ਪੰਜਵੇਂ ਅਤੇ ਛੇਵੇਂ ਸਤਿਗੁਰੂ ਸਾਹਿਬਾਨ ਤੋਂ ਇਲਾਵਾ ਉਨ੍ਹਾਂ ਦੇ ਪੁੱਤਰ ਪੋਤਰੇ ਆਦਿ ਦੇ ਵੇਰਵੇ ਜਿਹੜੇ ਭਾਈ ਸਾਹਿਬ ਦੀਆਂ ਵਾਰਾਂ ਵਿਚ ਦਿੱਤੇ ਹਨ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਤੋਂ ਬਾਅਦ ਭਾਈ ਗੁਰਦਾਸ ਜੀ ਦੇ ਸਮਕਾਲੀ ਸ੍ਰੀ (ਸਿਤ) ਬਹਰਾਮ ਦੀ 'ਦੱਬਿਸਤਾਨਿ ਮਜਾਹਬ' ਵਿਚ ਮਿਲਦੀ ਗੁਰੂ ਹਰਿਰਾਇ ਸਾਹਿਬ ਦੀ 'ਬਾਬਾਣੀ-ਪੀੜੀ' ਜਿਸ ਨੂੰ ਇਸ ਪੁਸਤਕ ਵਿਚ 'ਦਰਸੇ-ਪਰਸੇ ਸਤਿਗੁਰੂ' ਸਿਰਲੇਖ ਅਧੀਨ ਦਰਜ ਕੀਤਾ ਗਿਆ ਹੈ।[3] ਇਹ ਪ੍ਰਣਾਲੀ ਵਾਰਤਕ ਵਿਚ ਹੈ। ਇਸ ਤੋਂ ਬਾਅਦ ਕਵੀ ਕੁਵਰੇਸ਼ ਜਿਹੜੇ ਦਸਵੇਂ ਪਾਤਸ਼ਾਹ ਦੇ ਦਰਬਾਰੀ ਕਵੀ ਸਨ ਅਤੇ ਇਨ੍ਹਾਂ ਤੋਂ ਗੁਰੂ ਸਾਹਿਬ ਨੇ 'ਮਹਾਂਭਾਰਤ' ਦਾ ਦ੍ਰੋਣ ਪਰਬ ਦੇਸੀ ਬੋਲੀ ਵਿਚ ਲਿਖਵਾਇਆ ਸੀ, ਦੀ ਗੁਰਪ੍ਰਣਾਲੀ ਇਸ ਪੁਸਤਕ ਵਿਚ ਪੰਜਵੇਂ ਸਥਾਨ ਤੇ ਅੰਕਿਤ ਹੈ। ਇਸਦਾ ਸਿਰਲੇਖ 'ਕਵੀ ਕੁਵਰੇਸ਼ ਦੀ ਕਥੀ ਗੁਰਪ੍ਰਣਾਲੀ' ਹੈ। ਕਵੀ ਕੁੰਵਰੇਸ਼ ਦੇ ਹੀ ਸਮਕਾਲੀ ਸੁਜਾਨ ਰਾਏ ਭੰਡਾਰੀ ਹੋਏ ਹਨ ਉਨ੍ਹਾਂ ਨੇ ਆਪਣੀ ਮਸ਼ਹੂਰ ਪੁਸਤਕ 'ਖੁਲਾਸਤੁਲ ਤ੍ਵਾਰੀਖ' 1695-96 ਈ. ਵਿਚ ਪੂਰੀ ਕੀਤੀ ਇਸ ਵਿਚ ਇਕ ਗੁਰਪ੍ਰਣਾਲੀ ਵਾਰਤਕ ਵਿਚ ਅੰਕਿਤ ਕੀਤੀ ਹੈ, ਜਿਹੜੀ ਇਸ ਪੁਸਤਕ ਵਿਚ 'ਮੁਗਲਸ਼ਾਹੀ ਪ੍ਰਸਿੱਧ ਇਤਿਹਾਸਕਾਰ ਦੀ ਤਸਦੀਕ' ਵਜੋਂ ਛੇਵੇਂ ਥਾਂ ਦਰਜ ਹੈ। ਇਸ ਗੁਰਪ੍ਰਣਾਲੀ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਪਾਤਸ਼ਾਹ ਤੱਕ ਉਨ੍ਹਾਂ ਦਾ ਗੁਰਿਆਈ ਕਾਲ ਲਿਖਿਆ ਹੈ। ਇਸਦੇ ਨਾਲ ਪੁਰਾਤਨ ਸਿੱਖਾਂ ਦੇ ਰਹਿਣ ਸਹਿਣ ਬਾਰੇ ਵੀ ਦੱਸਿਆ ਹੋਇਆ ਹੈ।[4] ਅਗਲੀ ਗੁਰਪ੍ਰਣਾਲੀ ਬਚਿਤ੍ਰ ਨਾਟਕ ਵਿਚਲੀ ਕਥਾ ਹੈ ਜਿਸ ਵਿਚ ਗੁਰੂ ਨਾਨਕ ਤੋਂ ਗੁਰੂ ਤੇਗ ਬਹਾਦਰ ਜੀ ਦੇ ਸੀਸ ਦੇਣ ਤੱਕ ਦਾ ਵਰਨਣ ਹੈ। ਇਸ ਦਾ ਸਿਰਲੇਖ 'ਦਸਵੇਂ ਪਾਤਿਸ਼ਾਹ ਦੀ ਮੋਹਰ-ਛਾਪ' ਰਖਿਆ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਸਜਾਉਣ ਸਮੇਂ ਕਵੀ ਸੈਨਾਪਤਿ ਦਿੱਲੀ ਨਿਵਾਸੀ ਹੋਰ ਸਿੱਖਾਂ ਦੇ ਨਾਲ ਹਾਜ਼ਰ ਸਨ। ਉਨ੍ਹਾਂ ਨੇ ਦਸ ਸਾਲਾਂ ਦੀ ਮਿਹਨਤ ਨਾਲ ਗੁਰੂ

[3] ਭਾਈ ਰਣਧੀਰ ਸਿੰਘ, *ਗੁਰਪ੍ਰਣਾਲੀਆਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1964, ਪੰ. 20.

[4] *ਉਹੀ,* ਪੰ. 9,

ਸਾਹਿਬ ਅਤੇ ਖਾਲਸਾ ਪੰਥ ਦੇ ਹਾਲ ਲਿਖੇ ਅਤੇ ਆਪਣੇ ਗ੍ਰੰਥ ਦਾ ਨਾਮ *ਸ੍ਰੀ ਗੁਰੁ-ਸੋਭਾ* ਰਖਿਆ। ਇਸ ਗ੍ਰੰਥ ਵਿਚਲੇ ਦਸ ਗੁਰੂ ਸਾਹਿਬਾਨ ਦੇ ਵੇਰਵਿਆਂ ਨੂੰ 'ਹਜ਼ੂਰੀ ਕਵੀ ਸੈਨਾਪਤਿ ਦੀ ਅੱਖੀਂ ਡਿੱਠੀ ਸ਼ਹਾਦਤ' ਸਿਰਲੇਖ ਅਧੀਨ ਦਰਜ ਕੀਤਾ ਗਿਆ ਹੈ। ਇਸ ਪੁਸਤਕ ਵਿਚ ਨੌਵੇਂ ਨੰਬਰ ਉਪਰ 'ਸਿੱਖ ਰਾਜ ਸਮੇ ਦੇ ਅਤੇ ਮਗਰਲੇ ਸਮੇਂ ਦੇ ਲਿਖਾਰੀ' ਸਿਰਲੇਖ ਦਰਜ ਕਰਕੇ ਭਾਈ ਕੇਸਰ ਸਿੰਘ ਛਿੱਬਰ ਦੀ ਲਿਖੀ ਗੁਰਪ੍ਰਣਾਲੀ ਦੀਆਂ ਸੀਮਾਂਵਾਂ ਦੀ ਪੜਚੋਲ ਕੀਤੀ ਹੈ।[5]

ਪੁਸਤਕ ਵਿਚ ਵਰਤੇ ਗਏ ਗ੍ਰੰਥਾਂ ਦੀ ਜਾਣਕਾਰੀ 'ਸਹਾਇਕ ਗ੍ਰੰਥ-ਪੁਸਤਕ' ਭਾਗ ਵਿਚ ਦਿੱਤੀ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ, *ਅਕਬਰ ਨਾਮਾ, ਤੋਜ਼ਕਿ ਜਹਾਂਗੀਰੀ, ਬਾਣੀ ਭਾਈ ਗੁਰਦਾਸ ਭਲੇ ਦੀ, ਦੱਬਿਸਤਾਨਿ ਮਜ਼ਾਹਬ, ਭਾਈ ਪੈਂਹਦਾ ਸਾਹਿਬ ਵਾਲਾ ਗ੍ਰੰਥ, ਬਾਦਸ਼ਾਹ ਨਾਮਾ, ਸ਼ਾਹਿਜਹਾਂ ਨਾਮਾ, ਗੋਸਟਿ ਸਤਿਗੁਰੂ ਮਿਹਰਬਾਨ ਜੀ ਕੀ, ਅੱਮਲਿ ਸਾਲਿਹ, ਭੱਟ ਵਹੀਆਂ, ਗਿਆਨ ਪ੍ਰਬੋਧ ਗ੍ਰੰਥ, ਖੁਲਾਸਾਤੁਲ ਤ੍ਵਾਰੀਖ, ਅਹਿਕਾਮਿ ਆਲਿਮਗੀਰੀ, ਬਚਿੱਤ੍ਰ ਨਾਟਕ ਗ੍ਰੰਥ, ਜ਼ਫਰਨਾਮਾ, ਤਾਰੀਖਿ ਮੁਅੱਜ਼ਿਮ ਸ਼ਾਹ, ਮੁਆਸਰਿ ਆਲਿਮਗੀਰੀ, ਤਜ਼ਕਰਾਤੁਲ ਤ੍ਵਾਰੀਖਿ ਚੁਗੱਤਾ, ਅਖ਼ਬਾਰਾਤਿ ਦਰਬਾਰ ਮੁਅੱਲਾ, ਸ੍ਰੀ ਗੁਰੂ ਸੋਭਾ, ਗੁਰ ਬਿਲਾਸ ਪਾਤਿਸ਼ਾਹੀ ਦਸਵੀਂ, ਮਆਸਰੁਲ ਉਮਰਾ, ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਗੁਰਬਿਲਾਸ-ਚਰਿਤ੍ਰ ਦਸਵੇਂ ਪਾਤਿਸ਼ਾਹ ਕੇ, ਹਾਤਿਮਨਾਮਾ, ਤ੍ਵਾਰੀਖਿ ਸਿੱਖਾਂ, ਸ਼ਹੀਦ ਬਿਲਾਸ ਭਾਈ ਮਨੀ ਸਿੰਘ, ਸਾਖੀ ਪੋਥੀ, ਸ੍ਰੀ ਗੁਰੂ ਨਾਨਕ ਪ੍ਰਕਾਸ਼, ਸਿੰਘ ਸਾਗਰ, ਸ੍ਰੀ ਗੁਰ ਕੀਰਤਿ ਪ੍ਰਕਾਸ਼, ਉਮਦਾਤੁਲ ਤ੍ਵਾਰੀਖ, ਸ੍ਰੀ ਗੁਰੂ ਹਰਿਕ੍ਰਿਸ਼ਨ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਿਤ੍ਰ ਬਪੁ-ਤਯਾਗ, ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਮਹਿਮਾ ਪ੍ਰਕਾਸ਼ (ਕਾਵਿ), ਗੁਰੂ ਨਾਨਕ ਬੰਸ ਪ੍ਰਕਾਸ਼, ਸ੍ਰੀ ਅੰਮ੍ਰਿਤਸਰ ਜੀ ਦੀ ਉਸਤਤਿ, ਸ੍ਰੀ ਗੁਰੂ ਪੰਥ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ, ਤ੍ਵਾਰੀਖ਼ ਮਖ਼ਜਨਿ ਪੰਜਾਬ, ਤ੍ਵਾਰੀਖਿ ਪਰਗਣਾ ਮਮਦੋਟ ਵ ਮੁਕਤਿਸਰ, ਸ਼ਸ਼ਿ ਵੰਸ਼, ਬਿਨੋਦ, ਸ੍ਰੀ ਗੁਰਪਦ-ਪ੍ਰੇਮ ਪ੍ਰਕਾਸ਼, ਸ੍ਰੀ ਗੁਰ ਤੀਰਥ ਸੰਗ੍ਰਹ ਗ੍ਰੰਥ, ਤ੍ਵਾਰੀਖ ਗੁਰੂ ਖਾਲਸਾ, ਇਮਪੀਰੀਅਲ ਗੈਜ਼ਿਟਿਯਰ ਅਓਫ ਇੰਡੀਆ (ਭਾਗ 2), ਜੀਵਨ ਬ੍ਰਿਤਾਂਤ ਬਾਬਾ ਬੁੱਢਾ ਜੀ, ਜੀਵਨ ਬ੍ਰਿਤਾਂਤ ਮਹਾਰਾਜਾ ਆਲਾ ਸਿੰਘ ਜੀ, ਗੁਰ-ਸਿੱਖ ਵਾੜੀ, ਗੁਰ ਸਾਗਰ ਰਤਨ ਪ੍ਰਕਾਸ਼, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਅਹੋਮ ਬੁਰੰਜੀ, ਸਾਹਿਬਜ਼ਾਦੋਂ ਕੇ ਜੀਵਨ ਬ੍ਰਿਤਾਂਤ (ਹਿੰਦੀ), ਹਿਸਟਰੀ ਆਉਫ ਦੀ ਸਿਖਜ਼ (ਪ੍ਰੋ. ਹਰੀ ਰਾਮ ਗੁਪਤਾ), ਕਬਿੱਤ ਭਾਈ ਗੁਰਦਾਸ-ਦੂਸਰਾ ਸਕੰਧ, ਸਾਖੀ ਸ੍ਰੀ ਚੋਲਾ ਸਾਹਿਬ, ਮਾਖ਼ਜ਼ਿ ਤ੍ਵਾਰੀਖਿ ਸਿੱਖਾਂ, ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ* । ਇਨ੍ਹਾਂ ਸਾਰੀਆਂ ਪੁਸਤਕਾਂ/ਗ੍ਰੰਥਾਂ ਬਾਰੇ

---

5 ਭਾਈ ਰਣਧੀਰ ਸਿੰਘ, *ਗੁਰਪ੍ਰਣਾਲੀਆਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1964, ਪੰਨਾ 36.

ਸੰਖੇਪ ਜਾਣਕਾਰੀ ਵਜੋਂ ਹਰ ਇਕ ਪੁਸਤਕ ਦੇ ਨਾਮ ਨਾਲ ਕੁਝ ਸਤਰਾਂ ਵਿਚ ਪੁਸਤਕ ਦੇ ਕਰਤਾ/ਸੰਪਾਦਕ/ਲਿਖਾਰੀ, ਉਸ ਵਿਚਲੀ ਸਮਗਰੀ ਅਤੇ ਉਸ ਦੇ ਛਪਣ ਦੀ ਮਿਤੀ ਆਦਿ ਬਾਰੇ ਸੰਖੇਪ ਵਿਚ ਦੱਸ ਦਿਤਾ ਹੈ। ਇਹ ਸਾਰਾ ਵੇਰਵਾ ਭਾਈ ਸਾਹਿਬ ਦੁਆਰਾ ਵਰਤੇ ਗ੍ਰੰਥਾਂ ਤੱਕ ਉਨ੍ਹਾਂ ਦੀ ਨਿੱਜੀ ਪਹੁੰਚ ਅਤੇ ਗੰਭੀਰ ਵਾਕਫੀ ਬਾਰੇ ਇਸ਼ਾਰਾ ਕਰਦਾ ਹੈ।

'ਗੁਰ ਪ੍ਰਣਾਲੀਆਂ ਦੇ ਲਿਖਾਰੀਆਂ ਨਾਲ ਜਾਣ-ਪਛਾਣ' ਵਾਲਾ ਭਾਗ ਹਥਲੀ ਪੁਸਤਕ ਦਾ ਤੀਜਾ ਅਧਿਆਇ ਹੈ। ਇਸ ਵਿਚ ਕਵੀ ਸੌਧਾ ਸਿੰਘ, ਕੇਸਰ ਸਿੰਘ ਛਿੱਬਰ ਅਤੇ ਉਨ੍ਹਾਂ ਦੇ ਖਾਨਦਾਨ, ਪ੍ਰਮੁੱਖ ਗੁਰਸਿੱਖ ਜਿਵੇਂ ਭਾਈ ਜੈਤਾ, ਭਾਈ ਪਿਰਾਗਾ, ਭਾਈ ਨੰਦਾ, ਭਾਈ ਦਰਗਾਹ ਮੱਲ, ਭਾਈ ਸਤੀ ਦਾਸ, ਮਤੀ ਦਾਸ, ਚਉਪਾ ਸਿੰਘ, ਭਾਈ ਹਰਿਜਸ ਰਾਇ, ਭਾਈ ਧਰਮ ਚੰਦ, ਭਾਈ ਸਾਹਿਬ ਚੰਦ, ਭਾਈ ਚਰਨ ਦਾਸ, ਭਾਈ ਗੁਰਬਖਸ਼ ਸਿੰਘ ਆਦਿ ਬਾਰੇ ਜਾਣਕਾਰੀ ਤੋਂ ਇਲਾਵਾ ਛਿਬਰ ਵੰਸ਼ ਦਾ ਕੁਰਸੀਨਾਮਾ ਵੀ ਦਰਜ ਕੀਤਾ ਗਿਆ ਹੈ। ਇਸ ਤੋਂ ਬਾਅਦ 'ਬੰਸਾਵਲੀਨਾਮੇ ਬਾਰੇ' ਸਿਰਲੇਖ ਅਧੀਨ ਇਸ ਦੇ ਲਿਖੇ ਜਾਣ, ਨਸ਼ਟ ਹੋ ਜਾਣ ਅਤੇ ਪੁਨਰ-ਲਿਖੇ ਜਾਣ ਬਾਰੇ ਦਸਿਆ ਗਿਆ ਹੈ। ਇਸ ਤੋਂ ਬਾਅਦ ਦੋ ਗੁਰਪ੍ਰਣਾਲੀਆਂ ਜਿਨ੍ਹਾਂ ਦੇ ਲੇਖਕ ਅਗਿਆਤ ਹਨ, ਦਾ ਵੇਰਵਾ ਦਿੱਤਾ ਗਿਆ ਹੈ। ਇਨ੍ਹਾਂ ਵਿਚੋਂ ਇਕ ਗੁਰਪ੍ਰਣਾਲੀ ਜਿਸ ਦੀਆਂ ਦੋ ਪਤ੍ਰੀਆਂ ਮਿਲੀਆਂ ਸਨ ਦਾ ਲੇਖਕ ਗੁਲਾਬ ਸਿੰਘ 'ਸੁਧਾਸਰ' ਨਾਮੀ ਵਿਅਕਤੀ ਸੀ। ਇਸ ਲਈ ਭਾਈ ਸਾਹਿਬ ਨੇ ਖਾਲਸਾ ਪੰਥ ਵਿਚ ਹੋਏ ਕਈ ਗੁਲਾਬ ਸਿੰਘ ਨਾਮੀ ਵਿਦਵਾਨਾਂ ਬਾਰੇ ਚਰਚਾ ਕੀਤੀ ਹੈ, ਜਿਹੜੇ ਸਮਕਾਲੀ ਸਨ। ਇਨ੍ਹਾਂ ਵਿਚ ਪੰਡਿਤ ਗੁਲਾਬ ਸਿੰਘ ਨਿਰਮਲੇ, ਭਾਈ ਗੁਲਾਬ ਸਿੰਘ 'ਸਿੱਠਾਂ' ਵਾਲੇ, ਕਵਿ ਗੁਲਾਬ ਸਿੰਘ, ਸੰਤ ਗੁਲਾਬ ਸਿੰਘ ਪ੍ਰਯਾਗ, ਪੰਡਿਤ ਗੁਲਾਬ ਸਿੰਘ ਜੀ ਗਿਰਵੜੀ-ਕਰਾਲਾ ਆਦਿ ਸ਼ਾਮਿਲ ਹਨ। ਇਨ੍ਹਾਂ ਸਭ ਦੇ ਜੀਵਨ ਬਾਰੇ ਚਰਚਾ ਕਰਕੇ ਗੁਰਪ੍ਰਣਾਲੀ ਦੇ ਲੇਖਕ ਦਾ ਨਿਰਣਾ ਪਾਠਕਾਂ ਉਪਰ ਹੀ ਛੱਡ ਦਿੱਤਾ ਹੈ। ਅਗਲੀ ਗੁਰਪ੍ਰਣਾਲੀ 'ਸਤਿਗੁਰ ਕਾ ਵੰਸ ਵਰਨਣ' ਹੈ ਜਿਸਦਾ ਕਰਤਾ ਕਵੀ ਰਾਮ ਸਿੰਘ, ਅਨੰਦਪੁਰ ਦਾ ਵਾਸੀ ਹੈ। ਇਹ ਰਚਨਾ ਸਿੱਖ-ਰਾਜ ਦੇ ਨੇੜੇ ਦੀ ਹੈ, ਇਸ ਲਈ ਉਸ ਸਮੇਂ ਸਿੱਖ ਪੰਥ ਵਿਚ ਹੋਏ ਭਾਈ ਰਾਮ ਸਿੰਘ ਨਾਮੀ ਵਿਅਕਤੀਆਂ ਦੀ ਚਰਚਾ ਕੀਤੀ ਗਈ ਹੈ। ਅਠਵੇਂ ਥਾਂ ਭਾਈ ਨਾਰਾਇਣ ਸਿੰਘ 'ਸੰਤ' ਦੀ ਗੁਰਪ੍ਰਣਾਲੀ ਰੱਖੀ ਗਈ ਹੈ। ਨੌਵੇਂ ਅਤੇ ਦਸਵੇਂ ਨੰਬਰ ਉਪਰ ਗਿਆਨੀ ਗਿਆਨ ਸਿੰਘ ਅੰਮ੍ਰਿਤਸਰ ਅਤੇ ਉਨ੍ਹਾਂ ਦੇ ਸਪੁੱਤ੍ਰ ਗਿਆਨੀ ਸਰਦੂਲ ਸਿੰਘ ਦੇ ਬਾਰੇ ਵਿਚ ਵਿਸਤਾਰ ਸਹਿਤ ਜਾਣਕਾਰੀ ਦਿੱਤੀ ਹੈ। 'ਗੁਰਵੰਸ ਦਰਪਨ ਪੱਤ੍ਰ' ਨਾਮੀ ਗੁਰਪ੍ਰਣਾਲੀ ਜਿਹੜੀ ਚੀਫ ਖਾਲਸਾ ਵਲੋਂ ਤਿਆਰ ਕਰਵਾਈ ਗਈ, ਦੀ ਜਾਣਕਾਰੀ ਦਿੱਤੀ ਗਈ ਹੈ।

ਇਸ ਤੋਂ ਅਗਲਾ ਭਾਗ 'ਉੱਨੀਹਵੀਂ ਸਦੀ ਬਿਕ੍ਰਮੀ ਦੀਆਂ ਗੁਰਪ੍ਰਣਾਲੀਆਂ' ਸ਼ੁਰੂ ਹੁੰਦਾ ਹੈ। ਇਸ ਵਿਚ ਪਹਿਲੀ ਗੁਰਪ੍ਰਣਾਲੀ ਸੰਤ ਕਵੀ ਸੌਂਧਾ ਸਿੰਘ ਦੀ ਦਿੱਤੀ ਹੈ। ਇਸ ਵਿਚਲੇ ਵੇਰਵੇ ਮਹਿਮਾ ਪ੍ਰਕਾਸ਼ ਅਤੇ ਇਸ ਦੀਆਂ ਹੋਰ ਪਤ੍ਰੀਆਂ ਨਾਲ ਮੇਲੇ ਗਏ ਹਨ।[6] ਇਸ ਗੁਰ ਪ੍ਰਣਾਲੀ ਵਿਚ ਗੁਰੂ ਸਾਹਿਬਾਨ ਦਾ ਵਰਨਣ 'ਮਹਲਾ 1, ਮਹਲਾ 2, ਮਹਲਾ 10, ਲਿਖਕੇ ਕਵਿਤਾ ਵਿਚ ਦਿੱਤਾ ਹੈ। ਉਦਾਹਰਨ ਲਈ ਗੁਰੂ ਨਾਨਕ ਸਾਹਿਬ ਬਾਰੇ ਦਿੱਤਾ ਦੋਹਰਾ ਦੇਖ ਸਕਦੇ ਹਾਂ:

ਗੁਰੂ ਨਾਨਕ ਪ੍ਰਿਥਮ ਮਹਲ, ਜਗਤਾਰਕ ਅਵਤਾਰ।
ਕਰੇ ਚਰਨ ਕੀ ਸੇਵ ਜਨੁ, ਭਏ ਸਿੰਧ-ਭਵਿ ਪਾਰ।।5॥
ਬੇਦੀ ਕੁਲਿ ਕਾਲੂ ਪਿਤਾ ਮਾਤਾ ਤਿਪਰੋ ਤਾਸ।
ਨਾਨਕ ਘੁੱਮੀ ਪਤਿ ਸੁਤ, ਸ੍ਰੀ ਚੰਦ ਲਖਮੀਦਾਸੁ॥6॥
ਸੱਤਰ ਬਰਸ ਅਰੁ ਸਾਤ ਦਿਨ, ਮਾਸ ਪਾਂਚ ਹੈ ਜੋਇ।
ਕੀਯੋ ਰਾਜ ਨਾਨਕ ਗੁਰੂ, ਭਗਤਿ ਗਜਾਨ ਜੁਤ ਹੋਇ॥7॥
ਪੰਦ੍ਰਾਂ ਸੈ ਛਿਨਵੇਂ ਬਰਖ, ਸੰਮਤ ਬਿਕ੍ਰਮ ਰਾਇ।
ਦਸਮੀ ਥਿਤਿ-ਅੱਸੂ ਵਦੀ ਨਾਨਕ ਗੁਰੂ ਸਮਾਇ॥8॥[7]

ਦਸਮ-ਪਾਤਸ਼ਾਹ ਤੋਂ ਬਾਅਦ ਇਸ ਵਿਚ ਖਾਲਸਾ, ਗੁਰੂ ਸਾਹਿਬਾਨ ਨਾਲ ਸੰਬੰਧਿਤ ਸਥਾਨਾਂ ਦੇ ਵੇਰਵੇ ਆਦਿ ਵੀ ਦਿੱਤੇ ਹਨ। ਇਨ੍ਹਾਂ ਨੂੰ ਗਿਆਨੀ ਠਾਕੁਰ ਸਿੰਘ ਦੀ ਪੁਸਤਕ 'ਗੁਰਦੁਆਰੇ ਦਰਸ਼ਨ' ਅਤੇ ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਦਿਤੇ ਵੇਰਵਿਆਂ ਨਾਲ ਮੇਲਿਆ ਗਿਆ ਹੈ। ਇਸ ਤੋਂ ਬਾਅਦ ਭਾਈ ਕੇਸਰ ਸਿੰਘ ਛਿੱਬਰ ਦੀ ਗੁਰਪ੍ਰਣਾਲੀ, ਅਗਿਆਤ ਗੁਰਪ੍ਰਣਾਲੀਆਂ, ਗੁਲਾਬ ਸਿੰਘ ਆਦਿ ਦੀਆਂ ਗੁਰਪ੍ਰਣਾਲੀਆਂ, ਜਿਨ੍ਹਾਂ ਦਾ ਜ਼ਿਕਰ ਪਿਛੇ ਹੋ ਚੁਕਾ ਹੈ, ਦਾ ਮੂਲ ਪਾਠ ਦਿੱਤਾ ਹੈ। ਅੰਤ ਵਿਚ ਭਾਈ ਸਾਹਿਬ ਨੇ 'ਸੁੱਧ ਗੁਰਪ੍ਰਣਾਲੀ' ਸਿਰਲੇਖ ਅਧੀਨ 13 ਅਤੇ 14 ਨੰਬਰ ਉਪਰ ਦੋ ਗੁਪ੍ਰਣਾਲੀਆਂ ਦਿੱਤੀਆਂ ਹਨ। ਪਹਿਲੀ ਗੁਰਪ੍ਰਣਾਲੀ (13 ਨੰਬਰ) ਵਿਚ ਸ਼ੁੱਧ ਗੁਰਪ੍ਰਣਾਲੀ ਦੀ ਲੋੜ ਅਤੇ ਗੁਰਪ੍ਰਣਾਲੀਆਂ ਪੜ੍ਹਨ ਦਾ ਤਰੀਕਾ ਦਸਿਆ ਹੈ। ਫਿਰ ਆਪਣੀ ਗੁਰਪ੍ਰਣਾਲੀ ਨੂੰ ਵਿਗਿਆਨਕ ਢੰਗ ਦੀਆਂ ਬਣੀਆਂ ਜੰਤਰੀਆਂ ਜਾਂ ਕੈਲੰਡਰਾਂ ਜਿਨ੍ਹਾਂ ਵਿਚ ਕੰਨੂੰ ਪਿਲੇਇ ਦੀ ਐਫੇਮਿਰੀਜ ਅਤੇ ਅੰਜੁਮਨਿ ਤਰੱਕੀਇ ਉਰਦੂ ਦੁਆਰਾ ਤਿਆਰ ਕੀਤੀ 'ਤਕਵੀਮ' ਨਾਲ ਮੇਲ

---

6 ਭਾਈ ਰਣਧੀਰ ਸਿੰਘ, *ਗੁਰਪ੍ਰਣਾਲੀਆਂ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1964, ਪੰ. 94.

7 *ਉਹੀ,* ਪੰ. 90.

ਕੇ ਨਵੀਂ ਗੁਰਪ੍ਰਣਾਲੀ ਪੇਸ਼ ਕਰਨ ਬਾਰੇ ਦੱਸਿਆ ਹੈ। ਅੰਤ ਵਿਚ ਪੁਸਤਕ ਵਿਚ ਦਿੱਤੀਆਂ ਸਾਰੀਆਂ ਗੁਰਪ੍ਰਣਾਲੀਆਂ ਦਾ ਅਧਿਐਨ ਕਰਕੇ ਨਵੀਂ ਗੁਰਪ੍ਰਣਾਲੀ ਦਿੱਤੀ ਗਈ ਹੈ। ਇਸ ਨੂੰ ਵਰਨਣ ਕਰਨ ਸਮੇਂ ਵਰਤੇ ਗਏ ਹਵਾਲਾ ਗ੍ਰੰਥਾਂ ਦਾ ਵੇਰਵਾ ਜਾਂ ਉਨ੍ਹਾਂ ਗ੍ਰੰਥਾਂ ਵਿਚ ਹੋਈਆਂ ਭੁੱਲਾਂ ਦੀਆਂ ਸੋਧਾਂ ਫੁੱਟ ਨੋਟਾਂ ਵਿਚ ਦਿੱਤੀਆਂ ਗਈਆਂ ਹਨ।

**2. ਪ੍ਰੇਮ ਸੁਮਾਰਗ ਗ੍ਰੰਥ:** ਭਾਈ ਰਣਧੀਰ ਸਿੰਘ ਨੇ 'ਪ੍ਰੇਮ ਸੁਮਾਰਗ ਗ੍ਰੰਥ' ਨਾਂ ਦੀ ਪੁਰਾਣੀ ਰਚਨਾ ਲੱਭੀ ਤੇ ਫਿਰ ਇਸ ਦੀ ਸੰਪਾਦਨਾ ਕੀਤੀ। ਉਨ੍ਹਾਂ ਨੇ ਇਸ ਗ੍ਰੰਥ ਦੀ ਸੰਪਾਦਨਾਂ ਕਰਦਿਆਂ, ਕੀ ਕੁਝ ਕੀਤਾ ਹੈ, ਦਾ ਸਪਸ਼ਟ ਵੇਰਵਾ ਦਿੱਤਾ ਹੈ। ਉਹ ਲਿਖਦੇ ਹਨ: "ਇਸ ਗ੍ਰੰਥ ਦਾ ਮਸਾਲਾ, ਚੂਕਿ ਦੋ ਵੱਖ-ਵੱਖ ਸੰਚਿਆਂ ਵਿਚੋਂ ਲੈ ਕੇ, ਪੂਰਾ ਕੀਤਾ ਗਿਆ ਹੈ, ਇਸ ਲਈ ਹੋ ਸਕਦਾ ਕਿਸੇ ਥਾਂ ਦੋਹਾ ਦੀ ਲੜੀ ਜੋੜਨ ਸਮੇਂ ਤਰਤੀਬ ਵਿਚ ਫਰਕ ਪੈ ਗਿਆ ਹੋਵੇ। ਆਪਣੇ ਦਾਓਂ ਠੀਕ ਜੋੜਨ ਦਾ ਪੂਰਾ ਖਿਆਲ ਰੱਖਿਆ ਗਿਆ ਹੈ। ਕਈ ਥਾਈਂ ਲਿਖਤ ਬੜੀ ਸੰਦਿਗਧ (ਮਾਸ਼ਕੂਕ) ਸੀ, ਜੋ ਦੋਹਾਂ ਖਰੜਿਆਂ ਵਿਚੋਂ ਮੇਲ ਕੇ ਦਰੁਸਤ ਹੋ ਸਕੀ, ਕਰ ਦਿੱਤੀ ਗਈ, ਲੇਕਿਨ ਜਿਥੇ ਅਜਿਹਾ ਨਹੀਂ ਹੋ ਸਕਿਆ ਉਹ ਜਿਉਂ ਦਾ ਤਿਉਂ ਰਹਿਣ ਰਿਹਾ ਹੈ। ਜਿਹਾ ਕੁ-

1. ਪੰਨਾ 39, ਸਤਰ 8 ਦੇ ਅਖੀਰ ਪੁਰ- "ਹੜਵਾਈ"
2. ਪੰਨਾ 62, ਸਤਰ 8 ਵਿਚ- "ਦੇਹ ਵਾਸਤੇ ਉਸ ਨੂੰ ਸ਼ਿਖੀਨ"--
3. ਪੰਨਾ 63, ਸਤਰ 6 ਵਿਚ- "ਜਿਉਂ ਨਠੀ ਧੋਈਦਾ ਹੈ"
4. ਪੰਨਾ 70 ਸਤਰ 21 ਵਿਚ- "ਬਾਲੇਸੂਤ੍ਰਹ"--
5. ਪੰਨਾ 81, ਸਤਰ 3 ਵਿਚ- "ਜੋਹਾਂ", ਆਦਿ

ਇਨ੍ਹਾਂ ਪਦਾਂ ਦੇ ਅਰਥ-ਭਾਵ ਕੀ ਹਨ? ਸਮਝ ਨਹੀਂ ਆਏ, ਇਸ ਲਈ ਨਿਸ਼ਾਨ ਲਾ ਕੇ ਪ੍ਰਯਾਯ ਲਿਖਣ ਵਾਲੀ ਪੈਰ ਟਿੱਪਨੀ ਦੀ ਥਾਂ ਖਾਲੀ ਛੱਡ ਦਿੱਤੀ ਗਈ ਹੈ। ਕਿਸੇ ਸੱਜਣ ਪਾਸ ਹੋਰ ਸੈਂਚਾ ਹੋਵੇ, ਇਹ ਪਾਠ ਉਸ ਨਾਲ ਸੋਧ ਲਵੇ। ਸੰਪਾਦਕ ਜਾਂ ਪ੍ਰਕਾਸ਼ਕ ਨੂੰ ਸੂਚਿਤ ਕਰਨ ਦੀ ਬੀ ਕਿਰਪਾ ਕਰੇ, ਤਾਂ ਜੋ ਅਗਲੀ ਵਾਰ ਛਾਪਣ ਸਮੇਂ ਸੋਧ ਕੀਤੀ ਜਾ ਸਕੇ।

ਦੂਜੀ ਸੇਵਾ ਇਹ ਕੀਤੀ ਹੈ, ਕਿ ਪਾਠ ਪਦ-ਛੇਦ ਕਰ ਕੇ ਬਿਸ੍ਰਾਮ-ਚਿੰਨ੍ਹ (ਕਾਮੇ ਤੇ ਸੈਮੀਕੋਲਨ ਆਦਿ) ਲਾ ਦਿੱਤੇ ਹਨ ਤਾਂ ਜੋ ਪੜ੍ਹਨਾ ਸੌਖਾ ਹੋ ਜਾਵੇ। ਅਸਲ ਖਰੜੇ ਵਿਚ, ਪੁਰਾਣੇ ਰਿਵਾਜ ਅਨੁਸਾਰ

ਬਿਸਰਾਮ-ਚਿੰਨ੍ਹ ਤੇ ਫੁਲ-ਸਟਾਫ (ਡੰਡੀ) ਦੀ ਥਾਂ, ਦੂਹਰੀ ਡੰਡੀ ਹੀ ਲਗੀ ਸੀ। ਜਿਸ ਨਾਲ ਪਾਠ ਸਪਸ਼ਟ ਨਹੀ ਸੀ ਹੁੰਦਾ; ਤੇ ਭਾਵ ਨਹੀਂ ਸੀ ਸਮਝੀਂਦਾ।

ਤੀਜੀ ਸੇਵਾ- ਔਖੇ ਤੇ ਪੁਰਾਣੇ ਸ਼ਬਦਾਂ ਦੇ ਅਰਥ, ਪੈਰ-ਟਿਪਣੀਆਂ ਵਿਚ ਲਿਖੇ ਹਨ। ਗੁੰਝਲਦਾਰ ਫਿਕਰਿਆਂ ਦੇ ਭਾਵ ਭੀ ਸਪਸ਼ਟ ਕਰਨ ਦਾ ਵਿਤੁ ਅਨੁਸਾਰ ਯਤਨ ਕੀਤਾ ਗਿਆ ਹੈ।

ਚੌਥੀ ਸੇਵਾ-'ਰਹਿਤ ਮ੍ਰਿਯਾਦਾ' ਸੰਬੰਧੀ ਬਹੁਤ ਸਾਰੀਆਂ ਅਸਪਸ਼ਟ ਗੱਲਾਂ ਨੂੰ ਮੁਖਬੰਦ (ਉਥਾਨਕਾ ਤੇ ਭੂਮਿਕਾ) ਵਿਚ, ਇਤਿਹਾਸਕ ਹਵਾਲੇ ਦੇ ਕੇ ਸੁਲਝਾਣ ਦੀ ਕੋਸ਼ਿਸ਼ ਕੀਤੀ ਹੈ।

ਪੰਜਵੀ ਸੇਵਾ- ਕਈ ਥਾਵੇਂ 'ਗੁਰਬਾਣੀ ਦੇ ਹਵਾਲੇ' 'ਤੇ ਅਰਦਾਸ ਆਦਿ ਕਰਨ ਦੇ 'ਬਚਨ' ਤੇ 'ਖ਼ਾਸ-ਖ਼ਾਸ ਸ਼ਬਦ' ਨਿਵੇਕਲੇ ਤੇ ਸਪਸ਼ਟ ਦਿਖਾਣ ਹਿਤੁ, ਉਨ੍ਹਾਂ ਨੂੰ ਪੁੱਠੇ-ਸਿੱਧੇ ਦੂਹਰੇ ਨਾ ਇਕਹਰੇ ਕਾਮੇ ("-" '-') ਲਾਏ ਗਏ ਹਨ; ਅਰੁ ਨਿਵੇਕਲੇ ਕਰ ਕੇ, ਛੋਟੇ ਅਖਰ (ਮਾਪ) ਵਿਚ ਵਿਖਾਏ ਹਨ।"

ਉਨ੍ਹਾਂ ਨੇ ਇਸ ਗ੍ਰੰਥ ਦੇ ਮਨੋਰਥ ਬਾਰੇ ਵੱਖਰਾ ਸਿਰਲੇਖ 'ਪ੍ਰੇਮ ਸੁਮਾਰਗ ਦਾ ਮਨੋਰਥ' ਦੇ ਕੇ ਲਿਖਿਆ ਹੈ। "ਜਿਹਾ ਕਿ ਇਸ ਦੇ ਨਾਮ ਤੋਂ ਜ਼ਾਹਿਰ ਹੈ, ਇਹ ਮੁਹੱਬਤ ਦਾ ਇਕ ਸਰੇਸ਼ਟ ਰਸਤਾ (ਮਾਰਗੁ) ਦੱਸਣ ਵਾਲਾ ਗ੍ਰੰਥ ਹੈ। ਸਿਰਜਨਹਾਰ ਦੇ ਸਾਜੇ ਸਰਬ ਸਾਧਾਰਨ ਮਨੁੱਖਾਂ ਲਈ, ਇਸ ਗ੍ਰੰਥ ਦੇ ਸਾਜਨਹਾਰ ਨੇ ਬੜੇ ਸੌਖੇ ਤੇ ਸਿੱਧਰੇ ਪੱਧਰੇ ਸਾਧਨ ਦੱਸੇ ਹਨ। ਸਿਰਸ਼ਟੀ ਦੇ ਸਾਰੇ ਕਾਰ-ਵਿਹਾਰ, ਸ੍ਰੇਸ਼ਟਾਚਾਰ ਤੇ ਪਿਆਰ ਨਾਲ ਨਿਬਾਹੁ ਹੁੰਦਿਆਂ ਹੋਇਆਂ, ਪਰਮਾਤਮਾ ਨਾਲ ਪ੍ਰੀਤਿ ਪਾਲਣ ਦੇ ਭੀ ਸੁਚੱਜੇ 'ਗੁਰ' ਦੱਸੇ ਹਨ। ਜਨਮ ਤੋਂ ਮਰਨ ਪ੍ਰਯੰਤ, ਇਨਸਾਨੀ ਜ਼ਿੰਦਗੀ ਦੇ ਹਰ ਪਾਸੇ ਪ੍ਰਕਾਸ਼ ਪਾ ਕੇ, ਮਨੁੱਖਤਾ ਦਾ ਸਹਿਜ ਗਿਆਨ ਦ੍ਰਿੜ੍ਹਾਇਆ ਹੈ। ਫਿਰਿ, ਜੇ ਇਸ 'ਨਿਰਮਲ-ਮਾਰਗ' ਦੇ ਪੰਧਾਊ ਨੂੰ ਭਾਗਾਂ ਨਾਲ ਸਾਰੇ ਦੁਨੀਆਂਦਾਰਾਂ ਪੁਰ, ਰਾਜ ਕਰਨ ਦਾ ਸੁਭਾਗ ਪ੍ਰਾਪਤਿ ਹੋਵੇ, ਤਾਂ ਕਿਵੇਂ ਰਾਜ-ਪ੍ਰਬੰਧ ਕਰੇ? ਕਿਵੇਂ ਪਰਜਾ ਨਾਲ ਵਰਤੇ? ਆਪਣੇ ਮੁਸਾਹਿਬਾਂ, ਕਰੀਬੀ ਰਿਸ਼ਤੇਦਾਰਾਂ ਤੇ ਅਧੀਨ ਅਹਿਲਕਾਰਾਂ ਨਾਲ ਕਿਹੋ ਜਿਹਾ ਸਲੂਕ ਕਰੇ? ਹਰ ਗੱਲੇ ਉਸ ਦੀ ਰਾਹ-ਨੁਮਾਈ ਬੜੇ ਸੋਹਣੇ ਢੰਗ ਨਾਲ ਕੀਤੀ ਹੈ। ਗ੍ਰੰਥ ਦੇ ਲਾਭਾਂ ਦਾ ਸਾਰਾ ਵੇਰਵਾ, 'ਵਿਸ਼ੇ ਸੂਚਕ ਤਤਕਰੇ' ਨੂੰ ਪੜ੍ਹਿਆਂ ਮਾਲੂਮ ਹੋ ਜਾਂਦਾ ਹੈ।"

ਭਾਈ ਰਣਧੀਰ ਸਿੰਘ ਨੇ ਆਪਣੇ ਸੰਪਾਦਿਤ ਕੀਤੇ 'ਪ੍ਰੇਮ ਸੁਮਾਰਗ ਗ੍ਰੰਥ' ਨੂੰ ਛਾਪਣ ਦੀ ਲੋੜ ਬਾਰੇ ਜੋ ਲਿਖਿਆ ਹੈ, ਉਹ ਬੜਾ ਦਿਲਚਸਪ ਹੈ। ਉਨ੍ਹਾਂ ਨੇ ਲਿਖਿਆ ਹੈ-

"ਪ੍ਰੋਫ਼ੈਸਰ ਤੇਜਾ ਸਿੰਘ, ਐਮ.ਏ., 'ਖਾਲਸਾ ਕਾਲਜ ਅੰਮ੍ਰਿਤਸਰ' ਦੀ ਸੇਵਾ ਪੂਰੀ ਨਿਭਾਹ ਕੇ, 'ਖਾਲਸਾ ਕਾਲਜ ਬੰਬਈ' ਦੇ ਪ੍ਰਿੰਸੀਪਲ ਜਾ ਲੱਗੇ, ਤਾਂ ਉਨ੍ਹਾਂ ਨੇ 'ਪ੍ਰੇਮ ਸੁਮਾਰਗ ਗ੍ਰੰਥ' ਲੱਭਕੇ ਉਤਾਰਾ ਕਰ ਭੇਜਣ ਦੀ ਆਗਿਆ ਕੀਤੀ। ਪਰ ਇਹ ਸਰੀਰ ਕਾਰੋਬਾਰ ਦੇ ਰੁਝੇਵੇਂ ਕਰਕੇ, ਦੋਵੇਂ ਸੇਵਾ ਸਾਰਨ ਤੋਂ ਅਸਮਰੱਥ ਰਿਹਾ। ਇਹ ਗ੍ਰੰਥ ਪੂਰਾ ਤਾਂ ਕਦੀ ਛਪਿਆ ਹੀ ਨਹੀਂ, ਵਿਚੋਂ ਪਹਿਲੇ, ਦੂਜੇ ਅਧਿਆਉ ਦਾ ਕੁਝ ਕੁ ਅੰਸ਼ 'ਭਾਈ ਪ੍ਰਤਾਪ ਸਿੰਘ, ਸੁੰਦਰ ਸਿੰਘ, ਪੁਸਤਕਾਂ ਵਾਲੇ-ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ' ਨੇ ਆਪਣੇ ਛਾਪੇ 'ਰਹਿਤਨਾਮੇ' ਪੁਸਤਕ ਵਿਚ ਦਿੱਤਾ ਸੀ। ਪਰ ਮਸਾਂ ਵੰਨਗੀ ਮਾਤ੍ਰ। ਸ: ਬ: ਭਾਈ ਕਾਨ੍ਹ ਸਿੰਘ 'ਨਾਭਾ' ਜੀ ਨੇ ਭੀ ਸਾਧਾਰਨ ਸਿੱਖ ਲਈ ਦੱਸੀਆਂ ਗਈਆਂ ਰਹਿਤਾਂ, ਛਾਂਟ ਸਵਾਰ ਕੇ ਆਪਣੇ ਲਿਖੇ ਗ੍ਰੰਥ 'ਗੁਰਮਤ ਸੁਧਾਕਰ' ਨਾਲ ਰਲਾਈਆਂ ਸਨ। ਪਰ 'ਖਾਲਸਾ-ਰਾਜ' ਤੇ 'ਸਹਜ-ਜੋਗ ਵਾਲੇ ਭਾਗ ਉਕੇ ਨਹੀਂ ਸਨ ਛੁਹੇ।"

ਇਸ ਤੋਂ ਅੱਗੇ ਭਾਈ ਸਾਹਿਬ ਦੇ ਸ਼ਬਦ ਹਨ, "ਹੁਣ ਭਾਰਤ-ਵਰਸ਼ ਦੇ, ਬਦੇਸ਼ੀ ਗੁਲਾਮੀ ਤੋਂ ਖਲਾਸੀ ਪ੍ਰਾਪਤ ਕਰਨ ਪੁਰ, ਦੇਸ ਵਿਚ ਸਹੀ, ਸੌਖਾ ਤੇ ਸੁਚੱਜਾ ਰਾਜ ਪ੍ਰਬੰਧ ਸਥਾਪਨ ਦੀ ਲੋੜ ਪ੍ਰਤੀਤ ਹੋਣ ਲੱਗੀ ਹੈ। ਮੁਸਲਮਾਨਾਂ ਤਾਂ ਹੱਥ ਪੱਲਾ ਮਾਰ ਕੇ, ਦੇਸ਼ ਦੇ ਦੋ ਚਾਰ ਟੋਟੇ ਟੁੱਕ ਲਏ, ਤੇ 'ਇਸਲਾਮੀ ਹਕੂਮਤ' ਕਾਇਮ ਕਰਨ ਦਾ ਚਾਉ ਪੂਰਾ ਕਰ ਲਿਆ। ਪਰ ਬਾਕੀ ਭਾਰਤ ਵਿਚ, ਧਰਮ-ਕਰਮ ਤੇ ਇਸ਼ਟ-ਉਪਾਸਨਾ, ਸਭਨਾਂ ਦੀ ਇਕ ਨਾ ਹੋਣ ਕਰਕੇ, ਉਲਟੀ ਵਾਉ ਵਗ ਪਈ ਹੈ। ਸਾਂਝਾ ਤੇ ਸਰਬ ਸੁਖਦਾਈ ਰਾਜ-ਪ੍ਰਬੰਧ ਚਾਲੂ ਕਰਨ ਦੀ ਥਾਂ, ਆਪੋ ਆਪਣੀ ਮੱਚ ਗਈ, ਤੇ ਉਲਟੀ ਵਾੜ ਖੇਤ ਨੂੰ ਹੀ ਖਾਣ ਡਹਿ ਪਈ ਹੈ। ਜਿਸ ਖ਼ਾਲਸਾ ਰਾਜ ਦਾ ਖਿਆਲ, ਦੀਨਾਂ ਦੇ ਦਰਦੀ ਸ੍ਰੀ ਸਤਿਗੁਰ ਨਾਨਕ ਗੁਰੂ ਗੋਬਿੰਦ ਸਿੰਘ ਨੇ ਅਰਸ਼ਾਂ ਤੋਂ ਫਰਸ਼ਾਂ ਦੇ ਵਾਸੀਆਂ ਲਈ ਆਂਦਾ ਸੀ, ਅਰ ਥੋੜਾ ਕੁ ਚਿਰ, ਮਹਾਰਾਜਾ ਰਣਜੀਤ ਸਿੰਘ ਨੇ, ਉਸ ਦਾ ਝਲਕਾਰਾ ਪੰਜਾਬ ਦੀ ਧਰਤੀ 'ਤੇ ਵਿਖਾਲਿਆ ਸੀ, ਉਸ ਨੂੰ ਪਿਛਾਹਾਂ ਸੁੱਟ ਕੇ, ਫਿਰਕੂ ਨਫ਼ਰਤ ਦਾ ਨਾਮ ਹੀ 'ਸੈਕੂਲਰ-ਸਰਕਾਰ' ਰੱਖ ਲਿਆ ਗਿਆ ਹੈ। ਬਦੇਸ਼ੀ ਗੁਲਾਮੀ ਨਾਲੋਂ ਭੀ ਭੈੜੀ ਤੇ ਮਾਰੂ ਜ਼ਹਿਰ, ਨਵੀਆਂ ਬੋਤਲਾਂ ਵਿਚ ਭਰ ਕੇ, 'ਗ਼ੈਰ-ਮਜ਼ਹਬੀ ਹਕੂਮਤ' ਦੇ ਲੇਬਲ (ਚਿੱਟ) ਲਾ ਦਿੱਤੇ ਗਏ ਹਨ। ਇਹੋ ਨਹੀਂ, ਬਈ ਆਰੀਆ ਸਮਾਜੀ ਸੂਝ-ਬੂਝ ਵਾਲੇ ਮਹਾਸ਼ਾ ਗਣ ਹੀ ਇਸ ਗਰਲ-ਗੋਲੀ ਨੂੰ ਅੰਮ੍ਰਿਤ-ਸੰਜੀਵਨੀ ਬੂਟੀ ਦੱਸ ਕੇ ਬਦੋਬਦੀ ਲੋਕਾਂ ਦੇ ਸੰਘਾਂ ਵਿਚ ਤੁੰਨੀ ਜਾ ਰਹੇ ਸਨ, 'ਖਾਲਸਾ ਪੰਥ' ਦੇ ਆਗੂਆਂ ਵਿਚੋਂ ਭੀ ਕਈ ਸੱਜਣ, ਛੱਤ

ਦੇ ਖੱਖਿਆਂ, ਬੱਬਿਆਂ ਦੇ ਖੜਪੈਂਚਾਂ ਨਾਲ ਰਲ ਕੇ, ਇਸ ਛਲ-ਛਿਦਰ ਦੀ ਛਿੰਞ ਵਿਚ ਲਾਕੜੀ ਬਣੇ ਫਿਰਦੇ ਨਿ।"

ਅਖੀਰ ਉੱਤੇ ਭਾਈ ਸਾਹਿਬ ਸਾਰ ਰੂਪ ਦਿੰਦੇ ਹੋਏ ਲਿਖਦੇ ਹਨ, "ਇਸ ਹਾਲਤ ਵਿਚ, ਜ਼ਰੂਰਤ ਮਹਿਸੂਸ ਹੋਈ ਕਿ ਇਹ ਅਮੋਲਕ ਗ੍ਰੰਥ ਛੇਤੀ-ਛੇਤੀ ਪ੍ਰਕਾਸ਼ਤ ਕਰਕੇ, ਇਸ ਵਿਚ ਦੱਸੇ ਗਏ ਮਾਨੁੱਖੀ-ਜੀਵਨ ਤੇ ਦੇਸ਼ ਕੌਮ ਦੀ ਭਲਾਈ ਦੇ ਸਾਧਨ, ਆਗੂਆਂ, ਹਾਕਮਾਂ, ਤੇ ਮਹਕੂਮ ਲੋਕਾਂ ਦੇ ਪੇਸ਼ ਕੀਤੇ ਜਾਣ। ਇਨ੍ਹਾਂ ਪੂਰਨਿਆਂ ਤੇ ਪੈਰੋ ਪੈਰ ਚਲਦਿਆਂ, ਜੀਵਨ ਪੈਂਡਾ ਪੂਰਾ ਕਰਨ ਦੀ ਪ੍ਰੇਰਨਾ ਕੀਤੀ ਜਾਵੇ।"

ਉਨ੍ਹਾਂ ਨੇ 'ਪ੍ਰੇਮ ਸੁਮਾਰਗ ਗ੍ਰੰਥ' ਦੇ ਕਰਤਾ ਨੂੰ ਜਾਨਣ-ਪਛਾਨਣ ਲਈ 'ਗ੍ਰੰਥ ਕਰਤਾ ਨਾਲ ਜਾਣ-ਪਛਾਣ` ਸਿਰਲੇਖ ਲਿਖਿਆ ਹੈ, ਇਸ ਲਈ ਗ੍ਰੰਥ ਦੇ ਅੰਦਰੋਂ ਗਵਾਹੀਆਂ ਲੱਭੀਆਂ ਹਨ। ਭਾਈ ਸਾਹਿਬ ਨੇ ਲਿਖਿਆ ਹੈ:

"ਇਸ ਪੁਸਤਕ ਦੇ ਅਰੰਭ ਵਿਚ ਕਿਤੇ ਕਿਤੇ 'ਸ੍ਰੀ ਮੁਖਵਾਕ ਪਾਤਸ਼ਾਹੀ ੧੦' ਤੇ ਕਿਤੇ ਸਿਰਫ਼ 'ਪਾਤਸ਼ਾਹੀ ੧੦' ਪਾਠ ਮਿਲਦਾ ਹੈ। ਇਸ ਦਾ ਮਤਲਬ ਸਿਰਫ਼ ਇਹੋ ਹੈ ਕਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਬਿਚਿੱਤ੍ਰ ਨਾਟਕ ਗ੍ਰੰਥ' ਦੇ 'ਅਪਨੀ ਕਥਾ' ਵਾਲੇ ਭਾਗ ਵਿਚ, ਆਪਣੇ ਅਕਾਲ ਪੁਰਖ ਦੀ ਆਗਿਆ ਦਾ ਜੋ ਜ਼ਿਕਰ ਕੀਤਾ ਹੈ, ਉਸੇ ਦਾ ਉਲੇਖ ਇਸ ਦੇ ਪਹਿਲੇ ਅਧਿਆਇ ਵਿਚ ਕੀਤਾ ਗਿਆ ਹੈ। ਫਿਰ ਕੁਝ ਭਵਿੱਖਤ ਬਚਨ ਵੀ ਦਸਮ ਪਾਤਸ਼ਾਹ ਵਲੋਂ,'ਕਲਗੀ ਅਵਤਾਰ ਕਥਾ' ਤੇ 'ਸਾਖੀ ਰਤਨ ਮਾਲ (ਸੌ ਸਾਖੀ)' ਵਿਚ ਵਰਨੇ ਪ੍ਰਸੰਗਾਂ ਦੀ ਰੋਸ਼ਨੀ ਲੈ ਕੇ ਆਖੇ ਹਨ। ਲੇਕਿਨ ਇਸ ਤੋਂ ਇਹ ਨਹੀਂ ਮੰਨ ਲੈਣਾ ਚਾਹੀਦਾ ਕਿ ਦਸਵੇਂ ਪਾਤਿਸ਼ਾਹ ਖ਼ੁਦ ਆਪ, ਇਸ ਗ੍ਰੰਥ ਦੇ ਰਚਨਹਾਰ ਹਨ। ਇਸੇ ਅਧਿਆਇ ਦੇ ਦੂਜੇ ਪੰਨੇ ਪੁਰ ਤੇਰਵੀਂ ਸਤਰ ਤੋਂ ਲਿਖਿਆ ਇਹ ਪਾਠ:-"ਜੋ ਬਿਰਦੁ ਜਾਨਕੈ ਸਤਿਗੁਰੂ ਜੀ ਨੇ ਕਹੀ ਹੈ। ਤਬ ਬਿਰਦੁ ਜਾਨਕੈ ਦਸ ਜਾਮੈ ਇਨ੍ਹਾਂ ਜੀਆਂ ਦੇ ਵਾਸਤੇ ਸਤਿਗੁਰੂ ਪੈਧੇ ਸੇ, ਜੋ ਇਨ੍ਹਾਂ ਜੀਆਂ ਦੀ ਪਾਰਗਿਰਾਮੀ ਹੋਵੈ!"-ਸਪੱਸ਼ਟ ਕਰ ਦੇਂਦਾ ਹੈ, ਕਿ ਇਸ ਗ੍ਰੰਥ ਦਾ ਲਿਖਾਰੀ, ਦਸਾਂ ਪਾਤਿਸ਼ਾਹਾਂ ਦੇ ਜੋਤਿ-ਜਾਮਿਆਂ ਤੋਂ ਵੱਖਰਾ ਕੋਈ ਹੋਰ ਹੈ, ਜਿਸ ਨੇ ਸਤਿਗੁਰੂ ਦੇ ਸ੍ਰੀ ਮੁਖ ਤੋਂ ਸੁਣੇ, ਯਾ ਉਨ੍ਹਾਂ ਦੇ ਕਵਿਤਾ ਵਿਚ ਲਿਖੇ ਬਚਨਾਂ ਨੂੰ ਵਾਰਤਕ ਕਰਕੇ ਪ੍ਰਚਾਰਿਆ ਹੈ।"

"ਫਿਰ ਪੰਨੇ ਤੀਜੇ ਦੀ ਗਿਆਰ੍ਹਵੀਂ ਸਤਰ ਤੋਂ ਅਰੰਭੇ ਇਹ ਲਫ਼ਜ਼ -

ਅਰ ਕਹੈਗਾ: "ਮੈਂ ਪਰਮ ਪੁਰਖੁ ਕਾ ਦਾਸ ਹੌਂ! ਮਰਦ ਕਾ ਚੇਲਾ ਹੌਂ!"

ਅਰੁ ਜਿਤਨੀਆਂ ਮੰਜੀਆਂ ਹੋਨਿਗੀਆਂ ਤਿਤਣੀਆਂ ਸਭਣਾਂ ਕਾ ਨਾਸੁ ਹੋਏਗਾ।

ਕਿਉ ਜੋ ਓਤ ਸਮੇਂ ਦੀਵਾਨ ਸਭ ਮੌਕਫ ਹੋਨਿਗੇ; ਓਤ ਸਮੇਂ ਕੇ।

ਅਗਲੀਆਂ ਕਿ ਪਿਛਲੀਆਂ ਸਭਨਾਂ ਮੰਜੀਆਂ ਕਾ ਨਾਸੁ ਕਰੇਗਾ।

-ਇਸ਼ਾਰਾ ਕਰਦੇ ਹੈਨਿ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਾਕ-

"ਮੈਂ ਹੋਂ ਪਰਮ ਪੁਰਖ ਕੇ ਦਾਸਾ॥

ਦੇਖਣ ਆਇਓ ਜਗਤ ਤਮਾਸ਼ਾ॥ ੩੩। ਆਦਿ;

(ਅਪਨੀ ਕਥਾ-ਅਧਿ:੬)

ਅਰੁ ਮਸੰਦਾਂ ਦੀਆਂ ਮੰਜੀਆਂ (ਗੱਦੀਆਂ) ਦੇ ਸਾਰੇ ਦੀਵਾਨ (ਦਰਬਾਰ-ਸੰਗਤਾਂ) ਮਨਸੂਖ ਕਰਕੇ ਸਰਬਤਿ ਸੰਗਤਿ ਨੂੰ ਆਪਣਾ 'ਖਾਲਸਾ' ਬਨਾਉਣ ਦੇ ਪ੍ਰਸੰਗ ਵਲਿ ਇਹ ਬਚਨ ਅਕਾਲ ਪੁਰਖ ਵਲੋਂ ਦਸਵੇਂ ਪਾਤਸ਼ਾਹ ਪ੍ਰਤਿ ਆਖੇ ਦੱਸੇ ਹਨ; ਪਰ ਦੱਸਣਹਾਰ ਗੁਰੂ ਗੋਬਿੰਦ ਸਿੰਘ ਸਾਹਿਬ ਨਹੀਂ, ਸਗੋਂ ਉੱਤਮ, ਮੱਧਮ ਪੁਰਖ ਤੋਂ ਵੱਖਰਾ ਕੋਈ ਤੀਜਾ-ਤਿਹਾੜ (ਥਰਡ-ਪਰਸਨ) ਹੈ। ਹੋ ਸਕਦਾ ਇ, ਇਸ ਲਿਖਾਰੀ ਦੇ ਰੂਬਰੂ, ਭਾਈ ਚਉਪਾ ਸਿੰਘ ਜੀ ਪਾਸੋਂ ਲਿਖਵਾਇਆ ਸ੍ਰੀ ਦਸਮੇਸ਼ ਜੀ ਦਾ 'ਬੁੱਧਿ-ਬਿਬੇਕ-ਰਹਿਤਨਾਮਾ' ਹੀ ਹੋਵੇ। ਅਰੁ ਉਸੇ ਦੇ ਆਸਰੇ ਇਹ ਸਾਰਾ ਗ੍ਰੰਥ ਤਿਆਰ ਹੋਇਆ ਹੋਵੇ। ਲੇਕਿਨ ਇਸ ਵਿਚ ਦੱਸੀ ਗਈ ਰਹਿਤ ਮ੍ਰਿਜਾਦਾ ਚੂੰਕਿ ਉਹੋ ਹੈ, ਜੋ ਦਸਵੇਂ ਪਾਤਸ਼ਾਹ ਨੇ ਸੰਗਤਿ ਨੂੰ ਆਪਣਾ 'ਖਾਲਸਾ' ਬਣਾ ਕੇ, ਤੇ ਖੰਡੇ ਦਾ ਅੰਮ੍ਰਿਤ ਛਕਾ ਕੇ, ਉਪਦੇਸ਼ੀ ਸੀ। ਅਰੁ ਫਿਰ ਚਉਪਾ ਸਿੰਘ ਪਾਸੋਂ ਲਿਖਵਾਕੇ, ਸਹੀ ਪਾਈ ਸੀ। ਇਸੇ ਕਰਕੇ ਇਸ ਗ੍ਰੰਥ ਪੁਰ 'ਪਾਤਿਸ਼ਾਹੀ ੧੦' ਪਾ ਕੇ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਸਿੱਧਾ ਮਨਸੂਬ ਕੀਤਾ ਹੈ। ਭਾਈ ਸਾਹਿਬ ਅੱਗੇ ਲਿਖਦੇ ਹਨ:

"ਇਹ ਪੋਥੀ ਪੜ੍ਹਦਿਆਂ ਕਈ ਥਾਂਈ ਐਉ ਜਾਪਦਾ ਇ ਜਿਵੇਂ ਲਿਖਾਰੀ ਕਿਸੇ ਛੰਦ-ਬੱਧ ਪੁਸਤਕ ਨੂੰ ਉਸੇ ਬੋਲੀ ਵਿਚ ਵਾਰਤਕ ਕਰਦਾ ਜਾ ਰਿਹਾ ਹੈ, ਜਿਸ ਵਿਚ, ਅਸਲ ਲੇਖਕ ਨੇ ਲਿਖੀ ਸੀ। ਜਿਵੇਂ ਕਿ ਹੇਠ ਲਿਖੇ ਵਾਕ ਜਾਂ ਬਚਨ, ਕਈ ਛੰਦਾਂ ਵਿਚੋਂ ਭਾਵ ਲੈ ਕੇ ਪੂਰੇ ਕੀਤੇ ਹਨ, ਪਰ ਨਾਲ ਹੀ ਛੰਦਾਂ ਦੇ ਅੰਕ ਭੀ ਦੇ ਦਿੱਤੇ ਹਨ:-

"ਇਸ ਪ੍ਰਾਣੀ ਸਿਖ ਖਾਲਸੇ ਸ੍ਰੀ ਅਕਾਲ ਪੁਰਖ ਕੇ ਨੇ ਚਾਹੀਐ॥ ੧॥ ਪਹਿਲੇ ਤਉ ਪ੍ਰਸਾਦਿ ਕਰਨੇ ਕੀ, ਖਾਣ ਕੀ ਜਾਗਹਿ ਅੱਛੀ ਬਨਾਏ॥ ੨॥ ਲੀਪੇ ਪੋਚੇ ਮਾਟੀ ਸਪੇਦ ਸਾਥਿ॥ ੩॥ (ਪੰਨਾ 56)

ਅਤੇ- "ਜਬ ਪ੍ਰਸਾਦਿ ਹੋਵੈ, ਅਰੁ ਸਬੱਬ ਪਾਇਕੇ ਜੋ ਆਦਮੀ ਪ੍ਰਸਾਦਿ ਦੀ ਤਿਆਰੀ ਸਮੈ ਆਵਨਿ। ਆਗੈ ਪ੍ਰਸਾਦ ਮਾਫਿਕ ਹੋਵੈ॥ ਤਾਂ ਮਨ ਬਿਖੈ ਨਾ ਲਿਆਵੈ, ਜੋ 'ਥੋੜਾ ਹੈ ਕਿਉ ਆਇ ਹੈਨਿ।' ਇਸ ਨੀਅਤ ਵਿਚਾਰ ਦਾਲਿਦ੍ਰ ਹੋਂਦਾ ਹੈ॥ ੮॥ ਅਰੁ ਜੋ ਆਏ ਹੋਇ ਥੋੜੇ ਮੈਂ ਮਨ ਬਚ ਕ੍ਰਮ ਕਰਿ ਰਾਜੀ ਹੋਵੈਂ। ਛੱਡਿ ਨ ਖਾਏਂ। ਉਸ ਵਿਚ ਬਰਕਤਿ ਪਵੈ; ਕਿਸੀ ਗੱਲ ਦੀ ਕਮੀ ਨ ਹੋਵੈ॥ ੯॥" (ਪੰਨਾ ੬੩)

"ਸਾਗ ਜਹਾਂ ਤੱਕ ਹੈ, ਸੋ ਸਭ ਪਵਿਤ੍ਰ ਹੈ। ਜੋ ਇਨ੍ਹਾਂ ਵਸਤਾਂ ਮੈ ਸੇ ਅਪਨੀ ਦੇਹੀ ਨੂੰ ਮਾਫਿਕ ਹੋਵੈ ਸੋ ਖਾਏ॥ ੪॥ ਮਾਸ ਖਾਣੇ ਮੈ ਬੀਚਾਰ ਹੈ॥ ੫॥ ਮੱਛੀ ਖਾਣੇ ਮੈ ਬੀਚਾਰ ਹੈ॥ ੬॥ ਕਿਉਕਰਿ ਕਿ ਪ੍ਰਥਮ ਤਉ ਅਖੇਟ ਬ੍ਰਿਤ ਸ਼ਿਕਾਰ ਕਰਿ ਖਾਏ॥ ੭॥ ਅਰੁ ਜੋ ਸ਼ਿਕਾਰ ਕਰਿ ਨ ਸਕੈ, ਝਟਕੇ ਕਾ ਖਾਏ। ਅਰੁ ਜੋ ਜਾਨਵਰ ਕਦਾਂਚ ਅਚਾਨਕ ਚੋਟ ਲੱਗੇ ਜੀਵਦੇ, ਤਾਂ ਉਸਦਾ ਮਾਸ ਖਾਣਾ ਕਹਿਆ ਹੈ। ਇਕ ਨਹੀ ਖਾਇ; ਜੇ ਜਾਨ ਕਰਿ ਰੋਗੀ ਹੋਇ। ਉਸਦਾ ਮਾਸ ਮਾਸ ਬਹੁਤ ਬੁਰਾ ਹੈ ਖਾਣਾ। ਅਪਵਿਤ੍ਰਾਂ ਸਿਹ ਅਪਵਿਤ੍ਰ ਹੈ। ਭਾਵੈਂ ਸ਼ਿਕਾਰ ਕਰੇ ਭਾਵੈਂ ਝਟਕਾ। ਭਾਵੈਂ ਚੋਟ ਲਾਗੇ, ਭਾਵੈਂ ਜ਼ਿਬਹ ਹੋਵੈ।

ਸਭ ਏ ਰੋਗ ਕਰਕੇ ਖਾਣਾ ਕਹਿਆ ਨਾਹੀਂ॥ ੮" (ਪੰਨਾ ੬੪)-ਆਦਿ॥

ਭਾਈ ਰਣਧੀਰ ਸਿੰਘ ਅੱਗੇ ਟਿੱਪਣੀ ਕਰਦੇ ਹਨ: "ਉਤੇ ਦਿੱਤੇ ਵਾਰਤਕ ਪਾਠਾਂ ਵਿਚ ਕਿਸੇ ਛੰਦ ਦਾ ਸੰਖੇਪ ਭਾਵ, ਇਕ ਨਿੱਕੇ ਜਿਹੇ ਵਾਕ ਯਾ ਤੁਕ ਵਿਚ ਹੀ ਦੇ ਦਿੱਤਾ ਹੈ, ਪਰ ਕਿਸੇ ਇਕ ਤੁਕ ਯਾ ਵਾਕ ਨੂੰ, ਇਕ ਤੋਂ ਵੱਧ ਛੰਦਾਂ ਵਿਚੋਂ ਭਾਵ ਲੈ ਕੇ ਪੂਰਿਆਂ ਕੀਤਾ ਗਿਆ ਹੈ। ਅਰੁ ਕਿਸੇ ਛੰਦ ਦਾ ਭਾਵ ਸਪੱਸ਼ਟ ਕਰਨ ਲਈ ਲੰਮਾ ਪਾਠ ਲਿਖਣਾ ਪਿਆ ਹੈ। ਸੋ, ਸਪੱਸ਼ਟ ਹੈ ਕਿ ਗ੍ਰੰਥ-ਲਿਖਾਰੀ ਕਿਸੇ ਕਵਿਤਾ ਵਿਚ ਰਚੇ ਹੋਏ ਗ੍ਰੰਥ ਨੂੰ ਆਮਫਹਿਮ ਵਾਰਤਾ ਵਿਚ ਲਿਖਣ ਦਾ ਜਤਨ ਕਰ ਰਿਹਾ ਹੈ॥

"ਅਸਲ ਗ੍ਰੰਥ ਦੇ ਰਚਨਹਾਰ, ਜੇ ਦਸਵੇਂ ਪਾਤਿਸ਼ਾਹ ਆਪ ਨਹੀਂ, ਤਾਂ ਉਹਨਾਂ ਦਾ ਕੋਈ ਸਮਕਾਲੀ ਤੇ ਨਿਕਟਵਰਤੀ ਵਿੱਦਵਾਨ ਜ਼ਰੂਰ ਪ੍ਰਤੀਤ ਹੁੰਦਾ ਇ। ਅਰੁ ਉਹ ਸੰਸਾਰ ਦੇ ਜ਼ਰੂਰੀ ਮਸਲਿਆਂ-ਧਰਮ, ਅਰਥ, ਕਾਮ ਤੇ ਮੋਖ-ਤੋਂ ਪੂਰੀ ਤਰ੍ਹਾਂ ਜਾਣੂ ਹੈ। ਜ਼ਿੰਦਗੀ ਦੇ ਹਰ ਪਹਿਲੂ ਦੀ ਉਸ ਨੂੰ ਸਿੱਖੀ ਨੁਕਤਾ ਨਿਗਾਹ ਤੋਂ ਚੋਖੀ ਵਾਕਫੀਅਤ ਹੈ। ਫਾਰਸੀ ਬੋਲੀ ਤੇ ਸਰਕਾਰੀ ਰਿਵਾਜੀ ਸ਼ਬਦਾਵਲੀ (ਇਸਤਿਲਾਹਾਤ) ਸੰਬੰਧੀ ਉਸ ਨੂੰ ਚੰਗਾ ਗਿਆਨ ਹੈ। ਰਾਜ-ਪ੍ਰਬੰਧ ਸੰਬੰਧੀ ਅਹੁਦਿਆਂ ਤੇ ਮਨਸਬਾਂ ਆਦਿ ਬਾਰੇ ਖਾਲਸਾਈ ਸ਼ਬਦ ਬੜੇ ਢੁਕਵੇਂ ਤੇ ਭਾਵਪੂਰਤ ਘੜ ਸਕਦਾ ਹੈ। ਆਮ-ਵਾਕਫੀਅਤ (ਜਨਰਲ ਨਾਲਿਜ) ਭੀ ਗ੍ਰੰਥਕਾਰ ਭਾਈ ਗੁਰਦਾਸ 'ਭੱਲੇ ਵਾਂਗੂੰ ਬੜੀ ਖੁਲ੍ਹੀ ਤੇ ਵਿਸ਼ਾਲ ਹੈ। ਫਾਰਸੀ ਦੇ ਕਈ ਲਫ਼ਜ਼ਾਂ ਨੂੰ ਆਮ ਪ੍ਰਚਲਿਤ ਰੂਪ ਵਿਚ

ਭੀ ਵਰਤਦਾ ਹੈ। ਜਿਹਾ ਕਿ 'ਪੈਗੰਬਰ' ਨੂੰ 'ਪਿਕੰਬਰ', 'ਫਾਰਗ' ਨੂੰ 'ਫਾਰਕ', 'ਨਜ਼ਦੀਕ' ਨੂੰ 'ਨਜੀਕ', 'ਰੋਜ਼ਗਾਰ' ਨੂੰ 'ਰੁਜ਼ਗਾਰ' ਤੇ 'ਸਫ਼ੇਦ' ਨੂੰ 'ਸੁਪੇਦ' ਆਦਿ। ਇਨ੍ਹਾਂ ਰੂਪਾਂਤ੍ਰ ਸ਼ਬਦਾਂ ਤੋਂ ਬਿਨਾਂ, ਲਿਖਾਰੀ ਨੇ ਹੋਰ ਅਨੇਕ ਲਫ਼ਜ਼ ਅਰਬੀ ਫਾਰਸੀ ਦੇ ਪੂਰੀ ਸੁੱਧ ਸੂਰਤਿ ਵਿਚ ਵਰਤੇ ਹਨ। ਜਿਹਾ ਕਿ ਮਊਕੂਫ ਰੁਜੂ, ਜਮਯੱਤ, ਕੁਸ਼ਾਇਸ਼, ਮਾਲੂਮ, ਆਸਤੀਨ, ਕਮਰ, ਫ਼ਤਹ, ਪਾਇਜਾਮਾ, ਮੌਜ਼ੇ, ਬਾਜ਼ਬੰਦ, ਆਜਿਜ਼, ਰੁਖ਼ਸਤ, ਖ਼ਸਲਤ, ਜ਼ਿਬਹ ਤੇ ਮੁਯੱਸਰ ਆਦਿ।"

"ਇਸ ਤਰ੍ਹਾਂ ਦੀ ਵਿਸ਼ੇਸ਼ ਯੋਗਤਾ ਤੇ ਵਿਸ਼ਾਲ ਜਾਣਕਾਰੀ ਤੋਂ ਪਤਾ ਲਗਦਾ ਹੈ ਇ ਕਿ ਇਸ ਗ੍ਰੰਥ ਦਾ ਲਿਖਾਰੀ, ਸ੍ਰੀ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਦਾ ਕੋਈ ਦਰਬਾਰੀ ਲਿਖਾਰੀ ਮੁਨਸ਼ੀ-ਫ਼ਜਿਲ ਤੇ ਮਹਾਂ ਗਿਆਨੀ ਹੈ॥ ਇਸ ਗ੍ਰੰਥ ਦੀ ਬੋਲੀ ਭੀ ਉਹੋ ਹੈ, ਜੋ ਸਤਿਗੁਰਾਂ ਦੇ ਸਮੇਂ ਯਾ ਉਸਦੇ ਅਗਲੇ ਪਿਛਲੇ ਨੇੜ ਵਿਚ ਲਿਖੀ-ਵਰਤੀ ਜਾਂਦੀ ਸੀ। ਜਿਹਾ ਕੁ ਭਾਈ ਮਨੀ ਸਿੰਘ ਸ਼ਹੀਦ ਨੇ ਮਾਤਾ ਸੁੰਦਰ ਸਰੂਪ ਜੀ ਤੇ ਸਾਹਿਬ ਦੇਵੀ ਜੀ ਵਲਿ ਲਿਖੇ ਇਸ ਬਿਨੈ ਪੱਤ੍ਰ ਵਿਚ ਵਰਤੀ ਹੈ:-

੧ਓ ਅਕਾਲ ਸਹਾਇ॥

ਪੂਜ ਮਾਤਾ ਜੀ ਦੇ ਚਰਨਾਂ ਪਰ ਮਨੀ ਸਿੰਘ ਕੀ ਡੰਡੌਤ ਬੰਦਨਾ॥ ਬਹੁਰੋ ਸਮਾਚਾਰ ਵਾਚਨਾ ਕਿ ਇਧਰ ਆਉਨ ਪਰ ਸਾਡਾ ਸਰੀਰ ਵਾਯੂ ਕਾ ਅਧਿਕ ਵਿਕਾਰੀ ਹੋ ਗਇਆ ਹੈ। ਸੁਅਸਤ ਨਾਹੀ ਰਹਿਆ। ਤਾਪ ਕੀ ਕਥਾ ਦੋ ਬਾਰ ਸੁਨੀ। ਪਰ ਮੰਦਿਰ ਕੀ ਸੇਵਾ ਮੇਂ ਕੋਈ ਆਲਕ ਨਾਹੀ। ਦੇਸੁ ਵਿਚਿ ਖਾਲਸੇ ਕਾ ਬਲੁ ਛੂਟਿ ਗਇਆ ਹੈ॥ ਸਿੰਘ ਪਰਬਤਾਂ ਬਬਾਨਾਂ ਵਿਚਿ ਜਾਇ ਬਸੇ ਹੈਨ। ਮਲੇਛੌਂ ਕੀ ਦੇਸੁ ਮੇ ਦੋਹੀ ਹੈ॥ ਬਸਤੀ ਮੇ ਬਾਲਕ ਜੁਵਾ ਇਸਤ੍ਰੀ ਸਲਾਮਤੁ ਨਾਹੀਂ। ਮੁਛੁ ਮੁਛੁ ਕਰਿ ਮਾਰਦੇ ਹੈਨ। ਗੁਰੂ ਦਰੋਹੀ ਭੀ ਉਨ੍ਹਾਂ ਦੇ ਸੰਗੁ ਮਿਲਿ ਗਏ ਹੈਨ॥ ਹੰਦਾਲੀਏ ਮਿਲਿ ਕਰਿ ਮੁਕਬਰੀ ਕਰਦੇ ਹੈਨ॥ ਸਬੀ ਚਕੁ ਛੋੜ ਗਏ ਹੈਨ॥ ਮੁਤਸਦੀ ਭਾਗ ਗਏ ਹੈਨ। ਸਾਡੇ ਪਰ ਅਬੀ ਤੋ ਅਕਾਲ ਕੀ ਰਛਾ ਹੈ॥ ਕਲ ਕੀ ਖ਼ਬਰ ਨਾਹੀਂ॥ ਸਾਹਿਬਾਂ ਦੇ ਹੁਕਮ ਅਟਲ ਹੈਨਿ। ਬਿਨੋਦ ਸਿੰਘ ਦੇ ਪੁਤਰੇਲੇ ਦਾ ਹੁਕਮ ਸਤੁ ਹੋਇ ਗਇਆ ਹੈ। ਪੋਥੀਆਂ ਜੋ ਝੰਡਾ ਸਿੰਘ ਹਥਿ ਭੇਜੀ ਥੀ। ਉਨ੍ਹਾਂ ਵਿਚ ਸਾਹਿਬਾਂ ਦੇ ੩੦੩ ਚਰਿਤ੍ਰ-ਉਪਖਿਆਨ ਦੀ ਪੋਥੀ ਜੋ ਹੈ, ਸੋ ਸੀਹਾਂ ਸਿੰਘ ਨੂੰ ਮਹਲ ਵਿਚਿ ਦੇਨਾ ਜੀ। ਨਾਮਮਾਲਾ ਕੀ ਪੋਥੀ ਅਬੀ ਮਿਲੀ ਨਾਹੀਂ॥ ਕਰਿਸਨਾਵਤਾਰ ਪੂਰਬਾਰਧ ਤੋ ਮਿਲਾ॥ ਉਤਰਾਰਧ ਨਾਹੀ॥ ਜੋ ਮਿਲਾ ਅਸੀਂ ਭੇਜ ਦੇਵਾਂਗੇ॥ ਦੇਸ ਵਿਚਿ ਗੋਗਾ ਹੈ ਕਿ ਬੰਦਾ ਬੰਧਨ ਮੁਕਤਿ ਹੋਇ ਭਾਗ ਗਇਆ ਹੈ। ਸਾਹਿਬ ਬਾਹੁੜੀ ਕਰਨਗੇ॥ ਤੋਲਾ ੫ ਸੋਨਾ ਸਾਹਿਬਜਾਦੇ ਕੀ ਘਰਨੀ ਕੇ ਆਭੂਖਨ ਲਈ ਗੁਰੂ

ਕਿਆਂ ਖਡੂਰ ਸੇ ਭੇਜਾ ਹੈ॥ ੧੭ ਰਜਤਪਨ ਬੀ ਝੰਡਾ ਸਿੰਘ ਸੇ ਭਰ ਪਾਨੇ॥ ਪੰਜ ਰਜਪਤਨ ਇਸੇ ਤੋਸਾ ਦੀਆ। ਇਸ ਨੂੰ ਬਦਰਕਾ ਬੀ ਹੈ। ਇਸ ਸੇ ਉਠਿ ਜਾਵੇਗਾ। ਮਸਤਦੀਓਂ ਨੇ ਹਿਸਾਬ ਨਾਹੀ ਦੀਆ। ਜੋ ਦੇਂਦੇ ਤਾਂ ਬਡੇ ਸਹਿਰ ਮੇਂ ਹੁੰਡੀ ਕਰਾਇ ਭੇਜਦੇ। ਅਸਾਡੇ ਸਰੀਰ ਦੀ ਰਛਿਆ ਰਹੀ ਤਾਂ ਕੁਆਰ ਦੇ ਮਹੀਨੇ ਆਵਾਂਗੇ॥ ਮਿਤੀ ਵੈਸਾਖੁ ੨੨॥ ਦਸਖਤ ਮਨੀ ਸਿੰਘ॥ ਗੁਰੂਚਕੁ ਬੁੰਗਾ॥ ਜੁਆਬ ਪੋਰੀ ਮੇਂ!!"

ਉਪਰੋਕਤ ਤੋਂ ਭਾਈ ਰਣਧੀਰ ਸਿੰਘ ਨੇ ਅੰਤ ਵਿੱਚ ਇਹ ਨਿਚੋੜ ਕੱਢਿਆ ਹੈ: " ਇਸ ਬੋਲੀ ਤੇ ਤਰਜ਼ਿ ਬਿਆਨੀ ਦੇ ਮੇਲ-ਗੇਲ ਤੋਂ ਖਿਆਲ ਹੋ ਸਕਦਾ ਇ ਕਿ ਭਾਈ ਮਨੀ ਸਿੰਘ ਜੀ ਨੇ ਯਾ ਉਨ੍ਹਾਂ ਦੇ ਕਿਸੇ ਹੋਰ ਸੰਗੀ ਸਾਥੀ ਵਿੱਦਵਾਨ ਨੇ ਹੀ ਭਾਈ ਚਉਪਾ ਸਿੰਘ ਵਾਲੇ , ਯਾ ਹੋਰ ਪੁਰਾਣੇ ਰਹਿਤਨਾਮੇ ਨੂੰ ਸਰਲ ਵਾਰਤਾ ਵਿਚ ਉਲਥਾਇਆ ਹੋਵੇਗਾ।"

ਪ੍ਰੇਮ ਸੁਮਾਰਗ ਗ੍ਰੰਥ ਦੇ ਰਚਨ-ਕਾਲ ਨੂੰ ਜਾਣਨ ਲਈ ਭਾਈ ਸਾਹਿਬ ਨੇ ਵੱਖਰਾ ਸਿਰਲੇਖ 'ਪ੍ਰੇਮ-ਸੁਮਾਰਗ ਦਾ ਰਚਨ-ਕਾਲ ਲਿਖਿਆ, ਜਿਸ ਵਿਚ ਉਨ੍ਹਾਂ ਨੇ ਇਸ ਗ੍ਰੰਥ ਦੇ ਰਚਨ-ਕਾਲ ਸਬੰਧੀ ਤਰਕ ਸਹਿਤ ਦਲੀਲਾਂ ਪੇਸ਼ ਕੀਤੀਆਂ ਹਨ।

"ਇਸ ਗ੍ਰੰਥ ਦਾ ਜੋ ਉਤਾਰਾ, ਸਰ ਅਤਰ ਸਿੰਘ ਸਾਹਿਬ 'ਭਦੌੜ' ਨੇ 'ਪਬਲਿਕ ਲਾਇਬ੍ਰੇਰੀ-ਲਾਹੌਰ' ਨੂੰ ਸੌਂਪਿਆ ਹੈ, ਉਸ ਦੇ ਅੰਤ ਪੁਰ "ਸੰਮਤ ੧੯੩੧" (ਬਿੱਕ੍ਰਮੀ) ਪਿਆ ਹੋਇਆ ਹੈ। ਇਸ ਤੋਂ ਪਹਿਲਾਂ ਦੀ ਸੈਂਚੀ ਹੁਣ ਸਾਨੂੰ ਲੱਭੀ ਹੈ। ਜੋ ਸੰਮਤੁ ੧੮੫੮ ਬਿੱ: (੧੭੦੮ ਈ:) ਦੀ ਲਿਖੀ ਹੋਈ ਹੈ। ਸੰਮਤ ੧੯੩੪ ਬਿੱ: (੧੮੭੭) ਵਿਚ ਸਤਿਕਾਰ ਯੋਗ ਬਾਬਾ ਰਾਮ ਸਿੰਘ ਜੀ 'ਨਾਮਧਾਰੀ' ਨਜ਼ਰਬੰਦੀ ਦੇ ਦਿਨੀਂ ਲਿਖੇ ਇਕ ਹੁਕਮਨਾਮੇ ਨਾਲਿ 'ਇਕ ਸੰਚੀ'-ਵੀਹ ਵਿੱਸਵੇ-'ਸਾਖੀ ਰਤਨ ਮਾਲ' (ਸੌ ਸਾਖੀ)- ਭੇਜਕੇ, ਤਾਕੀਦ ਕਰਦੇ ਹਨ:-

ੴ ਸਤਿਗੁਰ ਪ੍ਰਸਾਦਿ॥

ਭਾਈ ਇਹ ਸੰਚੀ ਭੇਜੀ ਹੈ ਤੁਮਰੇ ਪਾਸ, ਤੁਸੀਂ ਪੜ੍ਹ ਕੇ ਫੇਰ ਸਾਨੂੰ ਦੇ ਦੇਣੀ ਨਾਨੂ ਸਿੰਘ ਏਸ ਸੈਂਚੀ ਨਾਲ ਪਿਆਰ ਰੱਖਦਾ ਹੈ, ਨਿਤ ਦੇਖਦਾ, ਪੜ੍ਹਦਾ ਹੈ। ਜੇ ਤੁਸੀਂ ਰੱਖਣੀ ਹੋਵੇ ਤਾਂ ਉਤਾਰਾ ਕਰ ਲੈਣੀ। ਨਹੀਂ ਤਾਂ, ਪੰਜਾਬ ਤੇ ਆਈ ਹੈ, ਤੁਸੀਂ ਉਥੇ ਜਾ ਦੇਖ ਲੈਣੀ, ਉਤਾਰ ਲੈਣੀ। ਇਹ ਸੰਚੀ 'ਪ੍ਰਹਲਾਦ ਸਰ' ਬਾਲੀ ਪੋਥੀ ਤੇ ਨਿਕਲੀ ਹੈ। ਸਾਨੂੰ ਦੇ ਗਿਆ ਹੈ ਨਰੈਣ ਸਿੰਘ। ਏਦੂੰ ਪਿਛੇ ਜੋ ਸੰਚੀ ਮੈਂ ਲਿਖ ਰਿਹਾ ਹਾਂ, ਸੋ ਸਭ

ਪੂਰਾ ਹੁੰਦਾ ਆਇਆ ਹੈ। ਅਰੁ ਭਾਈ! ਹੁਣ ਏਸ ਸੰਚੀ ਮੈ ਜੋ ਲਿਖਾ ਹੈ, ਸੌ ਸਾਖੀਆਂ ਮੈ, ਜੋ ਬਾਤ ਗੁਰੂ ਜੀ ਨੇ ਜੋ ਬਾਤ ਲਿਖੀ ਹੈ (ਉਹੀ ਹੈ)। ਅਗੇ ਗੁਰੂ ਜਾਣੇ! ਨਾਲੇ 'ਪ੍ਰੇਮ ਸੁਮਾਰਗ' ਮੈ ਲਿਖਾ ਹੈ, ਦੇਖ ਲੈਣਾ!

ਅਗੇ ਹੋਰ, ਇਸ ਸੰਚੀ ਦਾ ਦੀਦਾਰ ਕਰਿਆ ਕਰਨਾ। ਗੁਰੂ ਦੇ ਬਚਨ ਹੈਨ। ਇਹ 'ਅਰਦਾਸ' ਪੜ੍ਹਕੇ ਸਾਨੂੰ ਦੇ ਦੇਣੀ, ਕਲ ਬਾਰਾਂ ਬਜੇ॥ . . . ੨੧'

ਇਸ ਤੋਂ ਅੱਗੇ ਭਾਈ ਰਣਧੀਰ ਸਿੰਘ ਲਿਖਦੇ ਹਨ:

'ਇਨ੍ਹਾਂ ਦੇ ਲਾਗ ਲਾਉਣੇ ਹੀ, ਪੰਡਿਤ ਤਾਰਾ ਸਿੰਘ 'ਨਰੋਤਮ' ਨੇ 'ਸ੍ਰੀ ਗੁਰ-ਤੀਰਥ ਸੰਗ੍ਰਹ' ਪੁਸਤਕ ਰਚੀ ਹੈ। ਜਿਸਦੇ ਪੰਨਾ ੧੧੫ ਪੁਰ ਰਹਿਤਨਾਮਿਆਂ ਦੀ ਸੂਚੀ ਦਿੱਤੀ ਹੋਈ ਹੈ। ਦਸਵੇਂ ਨੰਬਰ-੨ ਤੇ ਲਿਖਿਆ ਇ:-

"੧੦ ਦਸਵਾਂ ਗੁਰੂ ਜੀ ਕੇ ਨਾਮ ਕਾ-'ਪ੍ਰੇਮ ਸੁਮਾਰਗ ਗ੍ਰੰਥ'।"

ਇਨ੍ਹਾਂ ਤੋਂ ਬਿਨਾਂ, ਸ:ਬ: ਭਾਈ ਕਾਨ੍ਹ ਸਿੰਘ ਜੀ ਨੇ ਆਪਣੇ ਲਿਖੇ ਗ੍ਰੰਥ 'ਗੁਰਮਤ ਸੁਧਾਕਰ' ਦੀ ਕਲਾ ੬ ਵਿਚ ਇਸ ਗ੍ਰੰਥ ਦਾ ਸਾਰੰਸ਼ ਦੇਂਦਿਆਂ ਮੰਨਿਆਂ ਹੈ, ਕਿ

"ਇਸ ਪੁਸਤਕ ਦੇ ਆਦਿ,'ਸ੍ਰੀ ਮੁਖਵਾਕ ਪਾਤਸ਼ਾਹੀ ੧੦' ਲਿਖਿਆ ਹੈ। ਪਰ ਕਿਸੇ ਪ੍ਰੇਮੀ ਸਿੱਖ ਦੀ ਰਚਨਾ ਹੈ, ਜੋ ੧੮੮੦ ਅਥਵਾ ੮੫ ਵਿਚ ਲਿਖੀ ਗਈ ਹੈ।" (ਫੁੱਟ ਨੋਟ-ਪੰਨਾ ੪੪੫)

ਅੱਗੇ ਭਾਈ ਰਣਧੀਰ ਸਿੰਘ ਲਿਖਦੇ ਹਨ:

ਐਪਰ ਇਸ ਗ੍ਰੰਥ ਦੇ ਆਪਣੇ ਲਫ਼ਜ਼-

"ਅਰੁ ਸਿੰਘ ਹੋਇ ਕਰਿ ਹਥੀਆਰ ਆਪਸ ਤੇ ਜੁਦਾ ਨ ਕਰੇ। ਅਰੁ ਸਿੰਘ, ਮੁਖ-ਗਊ ਹੋਇ ਰਹੈ। ਅਤੇ ਜੇ ਕੋਈ ਪੰਜ ਕੱਪੜੇ ਤੇ ਹਥਿਆਰ ਪਹਿਰ ਕਰ ਨਿਕਲੇ, ਦੁਨੀਆਂ ਵਿਚ ਉਸ ਨੂੰ ਕੋਈ ਸਬਬ ਆਇ ਬਣੈ। ਅਰੁ ਕਦਾਂਚ ਜਾਣੈ ਜੋ ਕੋਈ ਦੁਸ਼ਟ ਖੜਾ ਹੈ , ਪਿੱਛਾ ਛੱਡਦਾ ਨਾਹੀ। ਅਰੁ ਧਰਮ ਉਪਰਿ ਅਰੁ ਆਪਣੀ ਗ਼ਰੀਬੀ ਅਬਰੋਈ ਉਪਰਿ ਆਈ ਬਣੀ ਹੈ। ਅਰੁ ਜਬ ਜਾਣੈ ਕਿਸੀ ਸਬਬੁ ਰਹਿੰਦਾ ਨਾਹੀਂ, ਤਾਂ ਓੜਕ ਨੂੰ ਹਥੀਆਰੁ ਕਰੈ। ਪਰ ਇਕ ਫੁਰ ਕੀ ਢਿਲ ਨ ਕਰੇ। ਅਰੁ ਪਿੱਛਾ ਨ ਦੇਇ। ਅਰੁ ਕਦਾਂਚ ਜਾਣੈ , ਜੋ ਮੋਰੀ ਰਛਿਆ ਗੁਰੂ ਬਾਬਾ ਕਰਦਾ ਹੈ, ਅਰੁ ਦਾਉ ਨਿਕਲਨੇ ਦਾ ਹੈ, ਤਾਂ ਨਿਕਾਲ ਰਖੈ। ਆਪ ਕਉ ਬਚਾਇ ਕਢੈ। ਅਰੁ ਕਦਾਂਚ ਜਾਣੈਂ ਮੁਝ ਤੇ ਹਥਿਆਰੁ ਕਰਨੇ ਕਾ ਪਰਾਕ੍ਰਮ ਨਹੀਂ ਬਣ ਆਂਵਦਾ ਅਰੁ ਆਇ ਬਣੀ ਹੈ, ਤਾਂ ਓਤ ਵਖਤ ਉਨ੍ਹਾਂ ਦੇ ਵੱਡਕੇ ਨੂੰ ਜਿਸ ਨੂੰ ਓਹੁ ਮੰਨਦੇ ਹੈਨਿ, 'ਜੋ ਅਸਾਂ ਨੂੰ ਅੰਤਕਾਲ ਸਹਾਈ ਹੋਂਦਾ ਹੈ!'

ਓਸਦਾ ਅਮਰੁ ਪਾਏ।...ਅਰੁ ਜੋ ਜਾਨੈ ਅਪਨੇ ਧਰਮ ਉਪਰਿ ਆਇ ਬਨੀ ਹੈ; ਤਾਂ ਓਤ ਵਖਤ ਓਨ੍ਹਾਂ ਦੇ ਵੱਡਕੇ ਨੋ ਬੁਰਾ ਬੋਲੈ। ਪਰ ਤਦਿ, ਜਦਿ ਜਾਨੈ ਜੋ ਸਖਤੀ ਕਰਦੇ ਹੈਨਿ, ਬਚਦਾ ਕਿਵੇਂ ਨਾਹੀਂ। ਤਾਂ ਆਪਣਾ ਧਰਮੁ ਰੱਖੈ। ਓਨ੍ਹਾਂ ਦੇ ਵੱਡਕੇ ਨੂੰ ਬੁਰਾ ਬੋਲੈ। ਕਿਉ ਜੋ ਉਨ੍ਹਾਂ ਦੁਰਬਚਨਾ ਦਾ ਸਦਕਾ, ਉਸੀ ਵਖਤਿ ਮਾਰਸਨਿ। ਕਿਉ ਜੋ ਏਹੁ ਮਰਨਾ ਆਪਣੇ ਧਰਮ ਪਰਿ ਹੈ, ਤਾਂ 'ਨਾਮ' ਜਪੈ।

ਅਰੁ ਇਨ੍ਹਾਂ ਮਲੇਛਾਂ ਕੀ ਸਤਿਥ ਨਜੀਕਿ ਆਇ ਲਗੀ ਹੈ । ਪਰੁ ਬਹੁਤ ਸਖਤੀ ਕਰਨਿਗੇ। ਪਰੁ ਇਹ ਭੀ ਅੰਤ ਨੂੰ ਸਜਾਇ ਭਾਰੀ ਪਾਵਨਿਗੇ। ਅਰੁ, ਜੋ ਕੋਈ ਸਿੱਖ ਖ਼ਾਲਸੇ ਕਾ ਹੋਵੈਗਾ ਸੋ ਆਪਸ ਮੇਂ ਪਿਆਰ ਕਰਨਾ, ਅਰੁ ਨੇਕੀ ਬਦੀ ਨੂੰ ਇਕੱਲੇ ਹੋਇ ਜਾਣਾ। ਅਰੁ ਜੇ ਇਕ ਸਿਖ ਉਪਰਿ ਅਇ ਬਣੈਗੀ ਤਾਂ ਸਭ ਇਕੱਠੇ ਜੀਉ ਦੇਣੇ ਨੂੰ ਤਈਆਰੁ ਹੋਣਾ। ਤਬ ਸਿੱਖਾਂ ਨੂੰ ਸਿੱਖੀ ਦਾ ਫਲ ਹੋਇਗਾ। ਅਰੁ ਉਸ ਵਖਤ ਗੁਰ ਬਾਬਾ ਸ੍ਰੀ ਅਕਾਲ ਪੁਰਖ ਉਨ੍ਹਾਂ ਦੇ ਸਿਰ ਉਪਰਿ ਪਰਤੱਖ ਆਇ ਸਹਾਈ ਹੋਏਗਾ। ਇਸ ਗੱਲ ਵਿਚ ਫੇਰੁ ਨਾਹੀਂ!!" (ਪੰਨਾ ੧੧ ਤੇ ੧੨)

ਭਾਈ ਸਾਹਿਬ ਇੱਥੇ ਚੇਤੇ ਕਰਾਉਦੇ ਹਨ, "ਇਹ ਲਿਖਤ ਖੋਜੀ ਦਾ ਧਿਆਨ ਉਸ ਬਿਖੜੇ ਸਮੇਂ ਵਲਿ-ਦੂਰ ਪਿੱਛੇ-ਲੈ ਜਾਂਦੀ ਹੈ, ਜਿਸ ਦਾ ਜ਼ਿਕਰ ਭਾਈ ਮਨੀ ਸਿੰਘ ਜੀ ਨੇ ਆਪਣੇ ਬਿਨੈਪੱਤ੍ਰ ਵਿਚ ਇੰਵ ਕੀਤਾ ਹੈ:-

"ਦੇਸ ਵਿਚ ਖ਼ਾਲਸੇ ਕਾ ਬਲੁ ਛੂਟਿ ਗਇਆ ਹੈ। ਸਿੰਘ ਪਰਬਤਾਂ ਬਬਾਨਾਂ ਵਿਚਿ ਜਾਇ ਬਸੈ ਹੈਨਿ। ਮਲੇਛੋਂ ਕੀ ਦੇਸ ਮੈ ਦੋਹੀ ਹੈ। ਬਸਮੀ ਮੇਂ ਬਾਲਕ ਜਵਾ ਇਸਤ੍ਰੀ ਸਲਾਮਤ ਨਾਹੀਂ। ਮੁਛ ਮੁਛ ਕਰਿ ਮਾਰਦੇ ਹੈਨ। ਗੁਰੂ ਦਰੋਹੀ ਭੀ ਉਨ੍ਹਾਂ ਦੇ ਸੰਗ ਮਿਲਿ ਗਏ ਹੈਨਿ। . . . ਦੇਸ਼ ਵਿਚ ਗੋਗਾ ਹੈ, ਕਿ 'ਬੰਦਾ' ਬੰਧਨ-ਮੁਕਤਿ ਹੋਇ ਭਾਗ ਗਇਆ ਹੈ। ਸਾਹਿਬ ਬਾਹੁੜੀ ਕਰਨਗੇ!"

ਭਾਈ ਰਣਧੀਰ ਸਿੰਘ ਫਿਰ ਵਿਸ਼ਲੇਸ਼ਣ ਕਰਦੇ ਹੋਏ ਲਿਖਦੇ ਹਨ, "ਭਾਈ ਸਾਹਿਬ (ਭਾਵ, ਭਾਈ ਮਨੀ ਸਿੰਘ ਜੀ) ਨੇ ਆਪਣੇ ਇਸ 'ਲਿਖੇ' ਪੁਰ 'ਮਿਤੀ ਵੈਸਾਖ ੨੨' ਪਾਈ ਹੈ। ਰਿਵਾਜ ਅਨੁਸਾਰ 'ਸੰਮਤੁ' ਲਿਖਣਾ ਜ਼ਰੂਰੀ ਨਹੀਂ ਸਮਝਿਆ। ਲੇਕਿਨ ਬਾਬਾ ਬੰਦਾ ਜੀ ਦੇ "ਬੰਧਨ ਮੁਕਤ ਹੋਇ ਭਾਗ ਜਾਣ" ਦਾ ਜ਼ਿਕਰ ਕਰਕੇ, ਉਸ ਸੰਮਤ ਦੀ ਸੋਝੀ ਕਰਾ ਦਿੱਤੀ ਹੈ। ਹੁਣ ਅਸੀਂ ਬਾਬਾ ਜੀ ਦੇ ਫੜੇ ਜਾਣ, ਸ਼ਾਹਜਹਾਨਾਬਾਦ (ਦਿੱਲੀ) ਜਾ ਕੇ ਅਸਹਿ ਤਸੀਹੇ ਸਹਾਰਣ, ਤੇ ਫਿਰਿ ਲੋਪ ਹੋ ਜਾਣ ਦੀ ਅਵਾਈ ਉਡਣ ਦੇ ਸਮਾਚਾਰ, ਮੁਗਲ ਹਕੂਮਤ ਦੀ ਤਾਰੀਖ ਵਿਚੋਂ ਸਖੱਲੇ ਹੀ ਲੱਭ ਸਕਦੇ ਹਾਂ।"

ਭਾਈ ਰਣਧੀਰ ਸਿੰਘ ਇਤਿਹਾਸਿਕ ਹਵਾਲਿਆਂ ਤੋਂ ਸੂਤਰ ਲੱਭਦੇ ਹੋਏ ਲਿਖਦੇ ਹਨ:

"ਮੁਗਲ ਬਾਦਸ਼ਾਹ ਬਹਾਦੁਰ ਸ਼ਾਹ ਤੇ ਫੱਰਖੁਸੀਅਰ ਦਾ ਸਮਕਾਲੀ ਸਰਕਾਰੀ ਲਿਖਾਰੀ ਮੁਹੱਮਦਹਾਦੀ 'ਕਾਮਵਰ ਖਾਨ' ਆਪਣੀ ਲਿਖੀ ਤ੍ਵਾਰੀਖ 'ਤਜ਼ਕਰਾਤੁਲ ਸਲਾਤੀਨਿ ਚੁਗੱਤਾ' (ਫ਼ਾਰਸੀ) ਵਿਚ ਬਾਬਾ ਬੰਦਾ ਸਿੰਘ 'ਬਹਾਦੁਰ' ਦੇ ਸਾਥੀ ਸਿੰਘਾਂ ਸਮੇਤ ਫੜੇ ਜਾਣ ਦੀ ਤਾਰੀਖ ੨੧ ਜ਼ੀ ਹਿੱਜ਼ਾ, ਸੰਨ ੧੧੨੭ ਹਿ:(੫, ੬ ਪੋਹ ੧੭੭੨ ਬਿੱ) ਦੇਂਦਾ ਹੈ, ਤੇ ਬਾਦਸ਼ਾਹ ਫਰੁੱਖਸੀਅਰ ਦੇ ਹਜ਼ੂਰਿ ਦਿੱਲੀ ਪੇਸ਼ ਹੋਣ ਦੀ ੧੭ ਰੱਬੀ ਅੱਵਲ ੧੧੨੮ ਹਿ: (੩, ੪ ਚੇਤ੍ਰ ੧੭੭੨ ਬਿੱ:)। ਫਿਰਿ ਉਨ੍ਹਾਂ ਦੇ ਸ਼ਹੀਦ ਕੀਤੇ ਜਾਣ ਦੀ ਖ਼ਬਰ ਇਨ੍ਹਾਂ ਲਫ਼ਜ਼ਾਂ ਵਿਚ ਲਿਖਦਾ ਇ-

ਯਾਨੇਂ-ਹਾੜ ਸੰਮਤ ੧੭੭੩ ਬਿੱ: (ਗਤਿ) ਵਿਚ ਬਾਬਾ ਜੀ ਸ਼ਹੀਦ ਕੀਤੇ ਗਏ, ਤੇ ਉਸ ਮੌਕੇ ਬਾਬਾ ਜੀ ਦੇ ਸ਼ਰਧਾਲੂਆਂ ਇਹ ਅਵਾਈ ਉੜਾ ਦਿੱਤੀ ਕਿ, ਬਈ "ਬਾਬਾ ਜੀ ਆਪਣੀ ਕਰਾਮਾਤ ਦੇ ਸਦਕੇ ਬੰਧਨ-ਮੁਕਤ ਹੋਇ ਭਾਗ ਗਏ ਹੈਨਿ" -ਅਰੁ ਕਿਸੇ ਬੰਦਈ ਸਿੰਘ ਨੇ ਉਤਰਾਖੰਡ ਦੀਆਂ ਰਿਆਸਤਾਂ ਵਿਚ ਜਾ ਕੇ, ਆਪਣੇ ਆਪ ਨੂੰ 'ਬਾਬਾ ਬੰਦਾ ਸਿੰਘ ਬਹਾਦੁਰ' ਦੱਸ ਕੇ , ਇਸ ਅਫਵਾਹ' ਨੂੰ 'ਹਕੀਕਤ' ਬਣਾਉਣ ਦਾ ਜਤਨ ਭੀ ਕੀਤਾ। ਲਾਜ਼ਮੀ ਤੌਰ ਪੁਰ ਇਹ ਗੱਲ ੧੭੭੩ ਬਿੱ: ਦੇ ਅੰਤਲੇ ਦਿਨੀਂ,'ਗੁਰੂ ਚੱਕ ਬੁੰਗੇ' (ਤਖ਼ਤ ਸ੍ਰੀ ਅਕਾਲ ਬੁੰਗੇ-ਅੰਮ੍ਰਿਤਸਰ) ਭਾਈ ਮਨੀ ਸਿੰਘ ਜੀ ਦੇ ਕੰਨੀਂ ਪਈ। ਇਸ ਤੋਂ ਬਾਅਦ ਸੰਮਤ ੧੭੭੪ (ਗਤਿ) ਦੇ ਵੈਸਾਖ ੨੨ ਨੂੰ ਭਾਈ ਸਾਹਿਬ ਨੇ ਮਾਤਾ ਜੀ ਵਲ ਬਿਨੈ-ਪੱਤ੍ਰ ਲਿਖਿਆ। ਬੱਸ, ਇਹੋ ਸਮਾਂ ਖ਼ਾਲਸੇ ਦੇ ਬਲ ਛੁੱਟਣ ਤੇ ਮਲੇਛਾਂ ਦੀ ਦੇਸ ਵਿਚ ਦੋਹੀ ਫਿਰਨ ਦਾ ਹੈ। ਜੋ ਬਾਬਾ ਬੰਦਾ ਸਿੰਘ ਜੀ ਦੀ ਸ਼ਹੀਦੀ ਤੋਂ ਦਸ ਸਾਲ ਬਾਅਦ ਤੱਕ ਬਹੁਤਾ ਤੇ, ਤੇ ਮਿਸਲਾਂ ਦੇ ਬਲ ਧਾਰਨ ਤੱਕ, ਰਤਾ ਘੱਟ ਬਿਖੜਾ ਮੰਨਿਆਂ ਜਾ ਸਕਦਾ ਇ। ਠੀਕ ਇਸੇ ਬਿਖੜੇ ਸਮੇਂ ਵਿਚ ਇਸ ਗ੍ਰੰਥ-'ਪ੍ਰੇਮ ਸੁਮਾਰਗ' ਦਾ ਜਨਮ ਹੋਇਆ ਸਹੀ ਹੁੰਦਾ ਹੈ। ਸ: ਬ: ਭਾਈ ਕਾਨ੍ਹ ਸਿੰਘ ਜੀ ਦੇ ਅਨੁਮਾਨੇ ਜਨਮ-ਸੰਮਤ ੧੮੮੦-੮੫ ਬਿੱ: ਵਿਚ ਤਾਂ 'ਖ਼ਾਲਸੇ' ਦੇ ਰਾਜ-ਭਾਗ ਚੜ੍ਹਦੀਆਂ ਕਲਾਂ ਵਿਚ ਸੀ, ਅਰੁ ਮਹਾਰਾਜ ਰਣਜੀਤ ਸਿੰਘ, 'ਸ਼ੇਰਿ ਪੰਜਾਬ' ਦੇ ਪੋਰਖ-ਪ੍ਰਬੰਧ ਦੀਆਂ ਧੁੰਮਾਂ ਰੂਸ ਤੇ ਫਰੰਗ (ਯੌਰਪ) ਤੱਕ ਪਈਆਂ ਹੋਈਆਂ ਸਨ। ਉਸ ਸਮੇਂ ਕਿਸੇ ਸਿੰਘ ਨੂੰ ਕਿਸੇ ਦੜੇ-ਦੁਸ਼ਟ ਤੇ ਮੜੇ ਮਲੇਸ਼ ਦੇ ਮੱਥੇ ਲੱਗਣ ਪੁਰ ਬਚਾਉ ਦਾ ਦਾਉ ਲੱਭਣ ਦੀ ਕੋਈ ਲੋੜ ਨਹੀਂ ਸੀ ਪੈਂਦੀ। ਅਰੁ ਨਾ ਹੀ ਲਿਖਾਰੀ ਨੂੰ ਇਹ ਤਾਕੀਦ ਕਰਨ ਤੇ ਯਕੀਨ ਦਿਵਾਣ ਦੀ ਜ਼ਰੂਰਤ ਸੀ, ਪਈ-

"ਜੇ ਇਕ ਸਿੱਖ ਉਪਰਿ ਅਇ ਬਣੈਗੀ, ਤਾਂ ਸਭੇ ਇਕੱਠੇ ਜੀਉ ਦੇਣੇ ਨੂੰ ਤਈਆਰੁ ਹੋਣਾ!...ਉਸ

ਵਕਤ ਗੁਰੂ ਬਾਬਾ ਸ੍ਰੀ ਅਕਾਲ ਪੁਰਖ ਉਨ੍ਹਾਂ ਦੇ ਸਿਰ ਉਪਰਿ ਪਰਤੱਖ ਆਇ ਸਹਾਈ ਹੋਇਗਾ।"

ਇਸ ਤੋਂ ਅੱਗੇ ਇਸ ਗ੍ਰੰਥ ਦੀ ਪੁਰਾਤਨਤਾ ਪ੍ਰਮਾਣਿਤ ਕਰਨ ਲਈ ਭਾਈ ਰਣਧੀਰ ਸਿੰਘ ਨੇ 'ਖਾਲਸਾ ਜੀ ਦੀ ਅੱਰਦਾਸਿ' ਸਿਰਲੇਖ ਹੇਠ ਇਸ ਪ੍ਰਕਾਰ ਲਿਖਿਆ ਹੈ:-

"ਇਕ ਹੋਰ ਵੱਡਾ ਸਬੂਤ, ਇਸ ਗ੍ਰੰਥ ਦੇ ਪੁਰਾਤਨ ਹੋਣ ਦਾ ਇਹ ਭੀ ਹੈ, ਕਿ ਅੱਰਦਾਸਿ ਦੀ ਵਰਤਮਾਨ ਰੂਪ-ਰੇਖਾ ਦਾ ਇਸ ਵਿਚ ਕੋਈ ਜ਼ਿਕਰ ਨਹੀਂ! 'ਅੱਰਦਾਸਿ' ਭਾਵੇਂ ਗੁਰ-ਸਿੱਖਾਂ ਦੇ ਧਰਮ-ਕਰਮ ਦਾ ਇਕ ਜ਼ਰੂਰੀ ਅੰਗ ਹੈ, ਤੇ 'ਨਿਰੰਕਾਰੀ ਧਰਮ' ਦੀ ਬੁਨਿਆਦ ਹੀ ਗੁਰੂ ਬਾਬੇ ਨੇ 'ਅੱਰਦਾਸਿ' ਉੱਤੇ ਉਸਾਰੀ ਹੈ; ਅਰ ਫ਼ਰਮਾਇਆ ਹੈ:-

"ਜੋ ਤੁਧੁ ਭਾਵੈ ਸੋਈ ਚੰਗਾ ਇਕੁ ਨਾਨਕ ਕੀ ਅਰਦਾਸੇ॥" (ਰਾਗੁ ਬਿਲਾਵਲੁ)

ਫਿਰ ਦੂਜੇ ਜਾਮੇ ਵਿਚ ਹਦਾਯਤ ਕੀਤੀ ਹੈ :-

"ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ॥

ਤਿਸੈ ਅਗੈ ਨਾਨਕਾ, ਖਲਿਇ ਕੀਚੈ ਅਰਦਾਸਿ।"

(ਮਾਰੂ ਵਾਰ, ਪਉੜੀ ੨੦ਵੀਂ)

ਤਦ ਵੀ ਦਸਵੇਂ ਪਾਤਸ਼ਾਹ ਦੇ, ਪੰਜ ਭੂਤਕ ਸਰੀਰ ਅੰਦਰ ਜੋਤਿ ਜਗਾਉਂਦੇ ਰਹਿਣ ਤੱਕ,'ਅੱਰਦਾਸਿ' ਦੀ ਸੂਰਤਿ ਇਹ ਨਹੀਂ ਸੀ, ਜੋ ਇਸ ਵਕਤ ਹੈ। ਵਰਤਮਾਨ 'ਅੱਰਦਾਸਿ' ਦੇ ਜਨਮ ਦੀ ਤਿਥਿ-ਸੰਮਤ ਦਾ ਸਹੀ ਪਤਾ ਤਾਂ ਹਾਲਾਂ ਕਾਫੀ ਖੋਜ-ਪੜਤਾਲ ਦਾ ਵਿਸ਼ਾ ਹੈ, ਫਿਰ ਵੀ ਮੇਰੀ ਚਉਬੀਹ-ਪੰਝੀਹ ਵਰ੍ਹੇ ਦੀ ਖੋਜ-ਪੜਤਾਲ ਵਿਚ, 'ਅੱਰਦਾਸਿ' ਦਾ ਪੌਣੀ ਕੁ ਸਦੀ ਪੁਰਾਣਾ ਲਿਖਤੀ ਸਰੂਪ ਇਹ ਲੱਭਾ ਹੈ:-

"੧ਓ ਵਾਹਗੁਰੂ ਜੀ ਕੀ ਫਤਿਹ!"

"ਸ੍ਰੀ ਭਗਉਤੀ ਜੀ ਸਹਾਇ!!"

('ਵਾਰ ਸ੍ਰੀ ਭਗਾਉਤੀ ਜੀ ਕੀ॥" ਪਾਤਿਸ਼ਾਹੀ ੧੦)

"ਪ੍ਰਿਥਮੈ ਭਗਉਤੀ ਸਿਮਰਕੈ, ਗੁਰ ਨਾਨਕ ਲਈ ਧਿਆਇ।

ਫਿਰਿ ਅੰਗਦ ਗੁਰੁ ਤੇ ਅਮਰਦਾਸ, ਰਾਮਦਾਸੈ ਹੋਈ ਸਹਾਇ।

ਅਰਜੁਨ ਹਰਿਗੋਬਿੰਦ ਨੂ, ਸਿਮਰੋ ਸ੍ਰੀ ਹਰਿ ਰਾਇ।

ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿੱਠੇ ਸਭ ਦੁਖ ਜਾਇ।

ਤੇਗ ਬਹਾਦਰੁ ਸਿਮਰੀਐ, ਘਰਿ ਨਉਂ ਨਿਧਿ ਆਵੈ ਧਾਇ।

ਸਭ ਥਾਈਂ ਹੋਇ ਸਹਾਇ॥ ੧

ਸਤਿ ਸ੍ਰੀ ਅਕਾਲੁਪੁਰਖੁ ਜੀ ਕਾ ਖਾਲਸਾ ਜੀ ਸਾਹਿਬ। ਬੋਲੋ ਜੀ ਵਾਹਿਗੁਰੂ!!

ਖਾਲਸੇ ਜੀ ਕੋ ਨਾਮ-ਦਾਨ, ਸੀਲੁ ਦਾਨੁ, ਸੰਤੋਖ ਦਾਨੁ, ਬੁਧਿ-ਦਾਨੁ, ਬਿਬੇਕ-ਦਾਨੁ। ਕੇਸਾਂ, ਸਾਸਾਂ ਕਾ ਸਹਾਈ ਵਾਹਿਗੁਰੂ! ਖ਼ਾਲਸੇ ਜੀ ਕੀ ਦੇਗ਼ ਤੇਗ਼ ਫਤਿਹ! ਚਉਕੀਆਂ, ਬੁੰਗੇ, ਜੁਗੋ ਜੁਗਿ ਅਟੱਲ! ਧਰਮ ਕਾ ਜੈਕਾਰੁ! ਜਹਾਂ ਜਹਾਂ ਖਾਲਸਾ ਜੀ ਸਾਹਿਬੁ, ਤਹਾਂ ਤਹਾਂ ਰੱਛਿਆ ਰਿਆਇਤ! ਪੰਥ ਕੀ ਜੀਤ! ਸ੍ਰੀ ਸਾਹਿਬ ਜੀ ਸਹਾਇ! ਖਾਲਸੇ ਜੀ ਕਾ ਬੋਲਬਾਲਾ!!

ਪ੍ਰਿਥਮੈ ਸਮੂਹ ਖ਼ਾਲਸੇ ਜੀ ਕੀ ਅੱਰਦਾਸਿ:-ਸਮੂਹ ਖਾਲਸੇ ਜੀ ਕੋ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਕੇ ਇਸ਼ਨਾਨ, ਨਨਕਾਣੇ, ਡੇਹਰੇ ਸਾਹਿਬ ਜੀ ਕੇ ਦੀਦਾਰ! ਤਰਨ ਤਾਰਨ, ਖਡੂਰ ਸਾਹਿਬ ਬਾਵਲੀ ਜੀ ਕੇ ਇਸ਼ਨਾਨ, ਕੀਰਤਪੁਰ, ਕੇਸਗੜ੍ਹ ਸ੍ਰੀ ਅਨੰਦਪੁਰ ਸਾਹਿਬ ਜੀ ਕੇ ਦੀਦਾਰ, ਪਟਣੇ, ਪਾਉਂਟੇ ਸਾਹਿਬ ਜੀ ਕੇ ਦੀਦਾਰ, ਮੁਕਤਸਰਿ, ਦਮਦਮੇ ਸਾਹਿਬ ਜੀ ਕੇ ਦੀਦਾਰ, ਇਸ਼ਨਾਨ, ਸਮੂਹ ਖਾਲਸੇ ਜੀ ਕੋ ਨਗਾਰਿਆਂ ਨਿਸ਼ਾਨਾਂ ਜੀ ਕੀ ਤਾਬਿਆ ਸ੍ਰੀ ਅਬਚਲਨਗਰ-ਹਜ਼ੂਰ ਸਾਹਿਬ ਜੀ ਕੇ ਦੀਦਾਰ! ਸ਼ਹੀਦਾਂ, ਮੁਰੀਦਾਂ, ਹਠੀਆਂ ਤਪੀਆਂ, ਸੰਤਾਂ, ਭਗਤਾਂ, ਸਿਦਕਵਾਨਾਂ ਕੀ ਕਮਾਈ ਕਾ ਸਦਕਾ, ਸੱਤਿ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਜੀ ਸਾਹਿਬ ਬੋਲੋ ਜੀ ਵਾਹਗੁਰੂ!!

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਪਾਠ, ਦੀਦਾਰ; ਸੰਬਹੂ ਸਾਧ-ਸੰਗਤਿ ਜੀ ਕਾ ਸਦਕਾ; ਸ੍ਰੀ ਅਕਾਲ ਪੁਰਖ ਜੀ ਦਾ ਖਾਲਸਾ ਜੀ ਸਾਹਿਬ! ਬੋਲੇ ਜੀ ਵਾਹਗੁਰੂ॥

ਜੀ ਗੁਰੂ ਨਿਵਾਜ! ਸ਼ਬਦ ਚਉਕੀ, ਸੋ ਦਰੁ-ਰਹਰਾਸਿ ਜੀ ਕੀ ਅੱਰਦਾਸਿ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇ ਚਰਨਕਵਲਾਂ ਪਾਸਿ, ਸਿੱਖ ਪੜ੍ਹਦੇ ਸੁਣਦੇ, ਸਮੂਹ ਕੇ ਕਾਰਜ ਰਾਸਿ!!੧"

('ਦਉਰੇ ਕੀ ਪੋਥੀ' ਸੰਮਤ ੧੯੪੩ ਬਿੱ: ੧੮੮੬ ਈ: ਲਿਖਤਿ)

ਭਾਈ ਸਾਹਿਬ ਨੇ ਅਰਦਾਸ ਦਾ 'ਪੌਣੀ ਕੁ ਸਦੀ' ਪੁਰਾਣਾ ਲਿਖਤੀ ਸਰੂਪ ਦੇਣ ਉਪਰੰਤ ਵਿਸ਼ਲੇਸ਼ਣ ਇਸ ਪ੍ਰਕਾਰ ਕੀਤਾ ਹੈ:

"ਇਸ ਅੱਰਦਾਸਿ ਵਿਚ 'ਵਾਰੁ-ਭਗਉਤੀ' ਵਾਲੀ ਪਉੜੀ, ਬੁੰਗਿਆਂ, ਸ਼ਹੀਦਾਂ ਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਜ਼ਿਕਰ, ਸਮੂਹ ਖ਼ਾਲਸਾ ਜੀ ਕੇ ਨਗਾਰਿਆਂ ਨਿਸ਼ਾਨਾਂ ਜੀ ਕੀ ਤਾਬਿਆ ਸ੍ਰੀ ਅਬਚਲਨਗਰ-

ਹਜ਼ੂਰ ਸਾਹਿਬ ਜੀ ਕੇ ਦੀਦਾਰ ਦੀ ਲੋਚਾ ਆਦਿ, ਖ਼ਾਲਸਾ ਜੀ ਦੇ ਬਿਖੜੇ ਸਮੇਂ ਲੰਘ ਚੁਕਣ-ਸੰਮਤ ਅਠਾਰਾਂ ਸੈ ਸੋਲ੍ਹਾਂ-ਸਤਾਰਾਂ ਬਿੱ: (੧੭੬੦ ਈ:) ਤੋਂ ਬਾਅਦ ਹੀ ਸ਼ਾਮਿਲ ਹੋ ਸਕਦੇ ਹਨ। ਬਲਕਿ ਇਸ 'ਅੱਰਦਾਸਿ' ਦੇ ਸਾਰੇ ਅੰਗ-ਪ੍ਰਤਿਯੰਗ, ਖਾਲਸਾ ਜੀ ਦੇ 'ਬੁੱਢਾ ਦਲ', 'ਤਰੁਣਾ ਦਲ' ਤੇ 'ਬਾਰਾਂ ਮਿਸਲਾਂ' ਦੀ ਸਥਾਪਨਾ ਤੋਂ ਭੀ ਬਾਅਦ ਡਉਲ੍ਹੇ ਗਏ ਹਨ। ਸੋ ਇਸ ਅੰਦਰਲੀ ਇਤਿਹਾਸਿਕ ਉਗਾਹੀ ਤੋਂ ਭੀ, ਇਹ ਉਤਮ ਗ੍ਰੰਥ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਤੇ ਤਾਰਾ ਸਿੰਘ ਆਦਿ ਸ਼ਹੀਦ ਸਿੰਘਾਂ ਦੇ ਜੀਵਨ-ਜੋਤਿ ਜਗਦੇ ਸਮੇਂ-ਸੰਮਤੁ ਸਤਾਰਾਂ ਸੌ ਪੈਂਹਠ ਤੇ ਅਠਾਰਾਂ ਸੌ ਸੋਲ੍ਹਾਂ ਬਿੱਕ੍ਰਮੀ (੧੭੦੮-੫੯ ਈ:) ਵਿਚਕਾਰ ਹੀ ਲਿਖਿਆ ਗਿਆ ਸਹੀ ਹੁੰਦਾ ਇ।

ਉਪਰੋਕਤ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਭਾਈ ਰਣਧੀਰ ਸਿੰਘ ਨੇ ਉਨ੍ਹਾਂ ਸਾਰੇ ਸੋਮਿਆਂ ਨੂੰ ਪੜਤਾਲ ਕੇ, ਜੋ ਕਿ ਉਨ੍ਹਾਂ ਨੂੰ ਪ੍ਰਾਪਤ ਸਨ, 'ਪ੍ਰੇਮ ਸੁਮਾਰਗ' ਗ੍ਰੰਥ ਦੀ ਪੁਰਾਤਨਤਾ ਤੇ ਰਚਨ-ਕਾਲ ਨਿਸ਼ਚਤ ਕਰਨ ਦਾ ਜਤਨ ਕੀਤਾ ਹੈ। ਇਸ ਗ੍ਰੰਥ ਦੀ ਸੰਪਾਦਨਾ ਸਮੇਂ ਭਾਈ ਰਣਧੀਰ ਸਿੰਘ ਨੇ ਉਸ ਸਮੇਂ ਨਾਲ ਸਬੰਧਤ ਸੋਮਿਆਂ ਨੂੰ ਵਾਂਚਿਆ ਤੇ ਯੋਗ ਵਰਤੋਂ ਵਿਚ ਲਿਆਂਦਾ।

**ਹਵਾਲੇ ਵਾਲੇ ਗ੍ਰੰਥ, ਪੁਸਤਕਾਂ**

ਇਸ ਸੰਬੰਧੀ ਭਾਈ ਰਣਧੀਰ ਸਿੰਘ ਦੇ ਸ਼ਬਦ ਹਨ: "ਇਸ ਗ੍ਰੰਥ ਨਾਲ ਜਾਣ-ਪਛਾਣ ਕਰਾਉਣ ਤੇ ਰਹਿਤ-ਮ੍ਰਿਯਾਦਾ ਦੀ ਸੰਖੇਪ ਕਥਾ ਦੱਸਣ ਵਾਸਤੇ ਜਿਨ੍ਹਾਂ ਗ੍ਰੰਥਾਂ ਤੇ ਇਤਿਹਾਸ-ਪੁਸਤਕਾਂ ਵਿਚੋਂ ਹਵਾਲੇ ਦਿੱਤੇ ਹਨ, ਤੇ ਮਦਦ ਲਈ ਹੈ, ਉਨ੍ਹਾਂ ਦੀ ਸੂਚੀ ਅੱਗੇ ਦੇ ਰਹੇ ਹਾਂ। ਇਨ੍ਹਾਂ ਦੇ ਰਚਨਹਾਰਾਂ ਸੰਪਾਦਕਾਂ ਤੇ ਪ੍ਰਕਾਸ਼ਕ ਸੱਜਣਾਂ ਦਾ ਦਿਲੋਂ-ਮਨੋਂ ਧੰਨਵਾਦਿ!!"

ਅੱਗੇ ਅਸੀਂ ਭਾਈ ਸਾਹਿਬ ਦਵਾਰਾ ਸੰਪਾਦਿਤ 'ਪ੍ਰੇਮ ਸੁਮਾਰਗ ਗ੍ਰੰਥ' ਵਿੱਚ ਦਿੱਤੀ ਹਵਾਲਾ ਗ੍ਰੰਥਾਂ ਤੇ ਪੁਸਤਕਾਂ ਦੀ ਸੂਚੀ ਜਿਉ ਦੀ ਤਿਉ ਦੇ ਰਹੇ ਹਾਂ:

੧- ਸ੍ਰੀ ਗੁਰੂ ਗ੍ਰੰਥ ਸਾਹਿਬ- ਸ੍ਰੀ ਗੁਰੂ ਅਰਜਨ ਦੇਵ ਪੰਜਵੇਂ ਪਾਤਿਸ਼ਾਹ ਦਾ ਸੰਪਾਦਿਤ

੨- ਗੁਰਬਾਣੀ ਸੰਗ੍ਰਹਿ-ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਦਾ ਲਿਖਤੀ ਸੰਚਾ ('ਸਿੱਖ ਰੈਫ੍ਰੈਂਸ ਲਾਇਬ੍ਰੇਰੀ'- ਨੰਬਰ ੧੧੫੦)

੩- 'ਵਾਰਾਂ' ਭਾਈ ਗੁਰਦਾਸ 'ਭੱਲੇ'-ਦੀਆਂ, ਛੇਵੇਂ ਪਾਤਿਸ਼ਾਹ ਦੇ ਸਮੇਂ ਦੀ ਰਚਨਾ

੪- 'ਦਸਵੇਂ ਪਾਤਿਸ਼ਾਹ ਕਾ ਗ੍ਰੰਥ'-ਜਿਸ ਦੀ ਰਚਨਾ ਸੰਮਤ ਸਤਾਰਾਂ ਸਉ ਬੈਤਾਲੀਹ ਤੋਂ ਪੈਂਹਠ ਬਿੱ:(੧੬੮੫-੧੭੦੮ ਈ.) ਤੱਕ ਹੋਈ।

੫- 'ਹੁਕਮਨਾਮੇ'-ਪਾਤਸ਼ਾਹੀ ਛੇਵੀਂ, ਨਉਵੀਂ ਤੇ ਦਸਵੀਂ ਵਲੋਂ 'ਖ਼ਾਲਸਾ' ਤੇ ਸਿੱਖ ਸੰਗਤਾਂ ਜੋਗ ਲਿਖੇ ਹੋਏ।

੬- ਸ੍ਰੀ ਗੁਰੂ ਸੋਭਾ- ਦਰਬਾਰੀ ਲਿਖਾਰੀ, ਕਵਿ ਸੈਨਾਪਤਿ 'ਖ਼ਾਲਸਾ' ਕ੍ਰਿਤ; ਜੋ ਸੰਮਤ ਸਤਾਰਾਂ ਸਉ ਅਠਾਹਠ ਬਿ: (੧੭੧੧) ਵਿਚ ਸੰਪੂਰਨ ਹੋਈ।

੭- ਭਾਈ ਮਨੀ ਸਿੰਘ 'ਸ਼ਹੀਦ' ਦੀ ਚਿੱਠੀ- ਸ੍ਰੀ ਮਾਤਾ ਸੁੰਦਰ ਸਰੂਪ ਹੋਰਾਂ ਦੇ ਨਾਮ, ਸੰਮਤ ੧੭੭੪ ਬਿੱ:, ਮਿਤੀ ੨੨ ਵੈਸਾਖ (ਐਪ੍ਰਿਲ ੧੭੧੭ ਈ:) ਨੂੰ ਲਿਖੀ।

੮- ਤਜ਼ਕਰਾਤੁਲ ਸਲਾਤੀਨਿ ਚੁਗੱਤਾ-(ਫ਼ਾਰਸੀ)-ਜੋ ਕਾਮਵਾਰ ਖ਼ਾਨ ਮੁਹੰਮਦ ਹਾਦੀ ਨੇ, ਸੰਮਤੁ ੧੭੬੩-੮੦ ਬਿੱ:(੧੭੦੬-੨੩) ਵਿਚਕਾਰ ਲਿਖਿਆ।

੯- ਗੁਰਬਿਲਾਸ ਪਾਤਿਸ਼ਾਹੀ ੧੦-ਸੰਮਤੁ ੧੮੦੧-੧੧ ਬਿੱ: (੧੭੪੪-੫੧ ਈ:) ਵਿਚ , ਕਵੀ ਕੋਇਰ ਸਿੰਘ, 'ਕਲਾਲ' ਨੇ ਲਿਖਿਆ।

੧੦- ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ-ਭਾਈ ਧਰਮ ਦਾਸ 'ਛਿੱਬਰ' 'ਘਰਬਾਰੀ' ਦੀਵਾਨ ਦੇ ਪੋਤ੍ਰੇ ਤੇ ਭਾਈ ਗੁਰਬਖ਼ਸ਼ ਸਿੰਘ ਦਰੋਗਾ ਸ੍ਰੀ ਦਰਬਾਰ ਸਾਹਿਬ ਰਾਮਦਾਸਪੁਰ ਦੇ ਪੁੱਤ੍ਰ, ਭਾਈ ਕੇਸਰ ਸਿੰਘ 'ਛਿੱਬਰ' ਨੇ, ਸੰਮਤੁ ੧੮੨੬-੩੬ ਬਿੱ: (੧੭੬੯-੭੯ ਈ.) ਵਿਚਕਾਰ ਤਿਆਰ ਕੀਤਾ। ਸੰਮਤੁ ੧੯੦੨ ਬਿ: (੧੮੪੫ ਈ: ਦੀ ਨਕਲ , ਜੋ ਸਿ. ਰੈ. ਲਾਇਬ੍ਰੇਰੀ ਵਿਚ ਸੁਰੱਖਿਅਤ ਹੈ।)

੧੧- ਮਹਿਮਾ ਪ੍ਰਕਾਸ਼ - ਬਾਵਾ ਸਰੂਪ ਸਿੰਘ 'ਭੱਲੇ' ਨੇ ਵਾਰਤਕ ਸਾਖੀਆਂ ਦੀ ਸੂਰਤਿ, ਕਵੀ ਬੁੱਧ ਸਿੰਘ ਨੂੰ ਸੰਮਤੁ ੧੮੩੩ ਬਿੱ: (੧੭੬੩ ਈ :) ਵਿਚ ਬਖਸ਼ਿਆ। ਅਤੇ ਕਵੀ ਜੀ ਨੇ ਸੰ: ੧੮੯੭ ਬਿੱ: (੧੮੪੦ ਈ:) ਵਿਖੇ ਮੌਜੂਦਾ ਕਾਵਿ ਰੂਪ ਸੰਪੂਰਣ ਕੀਤਾ। (ਸਿੱ. ਰੈ. ਲਾ. ਨੰਬਰ ੧੧੫੧)

੧੨- ਸਾਖੀ ਸਤਿਗੁਰ ਨਾਨਕ ਸ਼ਾਹ ਦੀ - ਭਾਈ ਪੈੜੇ ਮੋਖੇ ਵਾਲੀ ਪ੍ਰਸਿੱਧ ਜਨਮ ਸਾਖੀ ਨੂੰ, ਭਾਈ ਸੰਤ ਦਾਸ 'ਛਿੱਬਰ' (ਭਾਈ ਕੇਸਰ ਸਿੰਘ ਦੇ ਭਰਾ) ਨੇ, ਕਵਿਤਾ ਕਰਕੇ, ਸੰਮਤ ੧੮੩੪ ਬਿੱ:(੧੭੭੭ ਈ:) ਵਿਚ ਸੰਪੂਰਨ ਕੀਤਾ। ( ਸਿੱ.ਰੈ. ਲਾ. ਨੰ: ੧੯੭੩)

੧੩- ਗੁਰਬਿਲਾਸ -ਪਾਤਿਸ਼ਾਹੀ ਦਸਵੀਂ ਕੇ ਚਰਿਤ੍ਰ- ਤਖ਼ਤ ਸ੍ਰੀ ਕੇਸਗੜ੍ਹ-ਅਨੰਦਪੁਰ ਦੇ ਗ੍ਰੰਥੀ ਭਾਈ ਸੁੱਖਾ ਸਿੰਘ ਨੇ, ਸੰਮਤ ੧੮੫੪ ਬਿ: (੧੭੯੭ ਈ:) ਵਿਚ ਲਿਖਿ ਮੁਕਾਏ। (ਸਿ. ਰੈ. ਲਾ. ਨੰ:੭੪੩)

1੪- ਤ੍ਵਾਰੀਖ ਸਿੱਖਾਂ ( ਫ਼ਾਰਸੀ) - ਸਰਕਾਰ ਅੰਗਰੇਜ਼ੀ ਵੱਲੋਂ, ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ 'ਚ ਥਾਪੇ ਵਾਕਿਆੱ ਨਿਗਾਰ ਮੁਨਸ਼ੀ ਖੁਸ਼ਵਕਤ ਰਾਇ ਨੇ, ਸੰਮਤ ੧੮੬੮ ਬਿੱ: ( ੧੮੧੧ ਈ:) ਤੱਕ

ਤਿਆਰ ਕੀਤੀ ਜਿਸ ਦੀ ਕਲਮੀ ਕਾਪੀ ਡਾ. ਗੰਡਾ ਸਿੰਘ ਸਾਹਿਬ 'ਹਿਸਟੋਰੀਅਨ' ਦੀ ਲਾਇਬ੍ਰੇਰੀ ਵਿਚ ਸਾਂਭੀ ਹੋਈ ਹੈ।

੧੫- ਸੁਧਰਮ ਮਾਰਗ ਗ੍ਰੰਥ - ਸੰਤ ਭੂਪ ਸਿੰਘ 'ਨਿਰਮਲੇ' ਨੇ ਖ਼ਾਲਸਾ-ਰਾਜ ਸਮੇਂ ਅੰਦਰ ਲਿਖਿਆ, ਅਤੇ ਸੰਤ ਸੰਪੂਰਨ ਸਿੰਘ ਨੇ ਪ੍ਰਕਾਸ਼ ਕੀਤਾ। (ਸਿੱ.ਰੈ. ਲਾ. ਨੰ:-੧੫੨੬)

੧੬- ਹੁਕਮ ਨਾਮੇ (ਕ੍ਰਿਪਾ ਪੱਤ੍ਰ) -ਬਾਬਾ ਰਾਮ ਸਿੰਘ ਜੀ 'ਨਾਮਧਾਰੀ' ਨੇ ਸੰਮਤ ੧੯੩੧-੩੭ ਬਿੱ: (੧੮੭੪-੧੮੮੦ ਈ:) ਵਿਖੇ, ਆਪਣੇ ਸਾਦਿਕ ਸਿੱਖਾਂ ਜੋਗ ਲਿਖੇ।

੧੭- ਸ੍ਰੀ ਗੁਰੂ ਪਦ ਪ੍ਰੇਮ ਪ੍ਰਕਾਸ਼- ਬਾਵਾ ਸੁਮੇਰ ਸਿੰਘ, ਗ੍ਰੰਥੀ ਤਖ਼ਤ ਸ੍ਰੀ ਹਰਿਮੰਦਰ ਸਾਹਿਬ-ਪਟਨਾ-ਕ੍ਰਿਤ-ਸੰਮਤੁ ੧੯੩੮ ਬਿੱ: (੧੮੮੧ ਈ:) (ਸਿ. ਰੈ. ਲਾ. ਨੰ.੧੬੯੮)

੧੮- ਸ੍ਰੀ ਗਰੂ ਤੀਰਥ ਸੰਗ੍ਰਹ - ਜੋ ਪੰਡਿਤ ਤਾਰਾ ਸਿੰਘ 'ਨਰੋਤਮ' ਨੇ ਸੰਮਤ ੧੯੪੦ ਬਿ: (੧੮੮੩ ਈ:) ਤੱਕ ਤਿਆਰ ਕੀਤਾ। (ਸਿ.ਰੈ. ਲਾ. ਨੰ.੮੬੫)

੧੯- ਤ੍ਵਾਰੀਖਿ ਗੁਰੂ ਖ਼ਾਲਸਾ - ਲਿਖਤ ਗਿਆਨੀ ਗਿਆਨ ਸਿੰਘ-ਸੰਮਤ ੧੯੪੯ ਬਿ: (੧੮੯੨ ਈ:) ਦੀ ਪੱਥਰ ਛਾਪ) (ਸਿ.ਰੈ. ਲਾ. ਨੰ.੧੫੬੦)

੨੦- ਗੁਰਮਤ ਸੁਧਾਕਰ - ਸ: ਬਹਾਦੁਰ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ, ਸੰਮਤ ਨਾਨਕ ਸ਼ਾਹੀ ੪੩੦ (੧੯੫੬ ਬਿ:, ੧੮੯੯ ਈ:) ਵਿਚ ਸੰਪਾਦਨ ਕੀਤਾ। (ਸਿ.ਰੈ. ਲਾ. ਨੰ.੨੪੮)

੨੧- 'ਪ੍ਰੇਮ ਸੁਮਾਰਗ' ਗ੍ਰੰਥ ਦੀ ਲਿਖਤੀ ਪੋਥੀ- ਜੋ ਗਿਆਨੀ ਗੁਰਦਿੱਤ ਸਿੰਘ ਮਾਲਕ, 'ਪ੍ਰਕਾਸ਼ ਪ੍ਰੈਸ'-ਚੰਡੀਗੜ੍ਹ ਨੇ ਸਾਂਭੀ ਹੋਈ ਹੈ।

੨੨- ਜੀਵਨ ਚਰਿਤ੍ਰ ਬਾਬਾ ਬੁੱਢਾ ਜੀ- ਜੋ ਬੁੱਢੇਕਿਆਂ ਦੇ ਸੇਵਕ ਸ੍ਰੀ ਮੰਗਲ ਸਿੰਘ ਨੇ, ਸੰਮਤ ੧੯੭੨-੩ ਬਿੱ-(੧੯੧੫-੧੬ ਈ:) 'ਚ ਲਿਖਿ ਮੁਕਾਇ। (ਸਿ.ਰੈ. ਲਾ. ਨੰ.੧੧੬੯)

ਭਾਈ ਰਣਧੀਰ ਸਿੰਘ ਨੇ ਉਪਰੋਕਤ ਸੂਚੀ ਦੇਣ ਤੋਂ ਪਿੱਛੋਂ ਹੇਠ ਲਿਖਿਆ ਨੋਟ ਦਿੱਤਾ ਹੈ ਜਿਸ ਤੋਂ ਉਨ੍ਹਾਂ ਦੀ ਨਿਮਰਤਾ, ਸਾਫ਼ਗੋਈ ਤੇ ਖੋਜੀ-ਰੁਚੀ ਦੀ ਝਲਕ ਮਿਲਦੀ ਹੈ।

ਨੋਟ- ਇਨ੍ਹਾਂ ਪੁਸਤਕਾਂ ਵਿਚੋਂ ਜੋ 'ਸਿੱਖ ਰੈਫਰੈਂਸ ਲਾਇਬ੍ਰੇਰੀ-ਅੰਮ੍ਰਿਤਸਰ' ਵਿਖੇ ਮੌਜੂਦ ਹਨ, ਉਨ੍ਹਾਂ ਦੇ ਰਿਜਿਸਟਰ ਨੰਬਰ ਦੇ ਦਿੱਤੇ ਹਨ। ਬਾਕੀਆਂ 'ਚੋਂ ਕਈ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿਚ ਵੇਖੇ ਜਾ ਸਕਦੇ ਹਨ।

ਸੇਵਕ-ਰਣਧੀਰ ਸਿੰਘ

੧੩-ਜਨਵਰੀ-੧੯੫੩

ਉਪਰੋਕਤ ਤੋਂ ਭਾਈ ਰਣਧੀਰ ਸਿੰਘ ਦੀ ਨਿਮਰਤਾ, ਸਾਫ਼ਗੋਈ ਤੇ ਖੋਜੀ-ਰੁਚੀ ਦੀਆਂ ਝਲਕਾਂ ਵੇਖੀਆਂ ਜਾ ਸਕਦੀਆਂ ਹਨ।

**3. ਉਦਾਸੀ ਸਿੱਖਾਂ ਦੀ ਵਿਥਿਆ:** ਭਾਈ ਰਣਧੀਰ ਸਿੰਘ ਦੁਆਰਾ ਲਿਖੀ ਇਸ ਪੁਸਤਕ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ। ਇਸ ਦਾ ਵਿਸਥਾਰਿਤ ਵੇਰਵਾ ਇਸ ਤਰ੍ਹਾਂ ਹੈ:

ਇਸਦਾ ਪਹਿਲਾ ਪੰਨਾ ਇਸਦੇ ਸਿਰਲੇਖ ਦੀ ਜਾਣਕਾਰੀ ਦਿੰਦਾ ਹੈ। ਇਸ ’ਤੇ ਇਸ ਦੇ ਸਿਰਲੇਖ ‘ਉਦਾਸੀ ਸਿੱਖਾਂ ਦੀ ਵਿਥਿਆ: ਪਹਿਲੇ ਦੋ ਦਰਸ਼ਨ ਯਾਨੀ ਸਤਿਗੁਰਾਂ ਦੇ ਸਮੇਂ ਦੀ ਅਵਸਥਾ’ ਲਿਖਿਆ ਹੈ ਨਾਲ ਹੀ ਇਸ ਦੇ ਲਿਖਾਰੀ ਭਾਈ ਰਣਧੀਰ ਸਿੰਘ ਇਤਿਹਾਸ-ਖੋਜੀ ਅਤੇ ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਜੀ ਛਪਿਆ ਹੈ। ਇਸ ਦੀ ਪਹਿਲੀ ਛਾਪ ਸੰਬਤ 1881 ਸਾਕਾ 2016 ਬਿਕਰਮੀ ਦੀ ਹੈ। ਦੂਜੇ ਪੰਨੇ ਉਪਰ ਲੇਖ ਸੂਚੀ ਦੇ ਅੰਤਰਗਤ ਆਰੰਭਕ ਸ਼ਬਦ, ਲੇਖਾਰੰਭ ਦਿਤਾ ਹੈ। ਇਸ ਨੂੰ ਦੋ ਦਰਸ਼ਨਾਂ ਵਿਚ ਵੰਡਿਆ ਗਿਆ ਹੈ। ਆਰੰਭਕ ਸ਼ਬਦ ਡਾ. ਗੰਡਾ ਸਿੰਘ ਨੇ ਲਿਖੇ ਹਨ ਜਿਨ੍ਹਾਂ ਵਿਚ ਉਨ੍ਹਾਂ ਨੇ ਭਾਈ ਰਣਧੀਰ ਸਿੰਘ ਦੀ ਅਣਥਕ ਮਿਹਨਤ ਦੀ ਸ਼ਲਾਘਾ ਕੀਤੀ ਹੈ। ਇਸ ਤੋਂ ਇਲਾਵਾ ਉਦਾਸੀ ਸਿੱਖਾਂ ਦੀ ਘਾਲ ਦਾ ਵੀ ਜ਼ਿਕਰ ਕੀਤਾ ਹੈ। ਲੇਖਾਰੰਭ ਵਿਚ ਭਾਈ ਰਣਧੀਰ ਸਿੰਘ ਨੇ ਪੁਸਤਕ ਦੇ ਲਿਖੇ ਜਾਣ ਬਾਰੇ ਅਤੇ ਪੈਪਸੂ ਦੇ ਧਰਮ ਅਰਥ ਬੋਰਡ ਦੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰੇਰਨਾ ਬਾਰੇ ਦਸਿਆ ਹੈ। ਨਾਲ ਹੀ ਇਸ ਪੁਸਤਕ ਲਈ ਸਹਾਇਕ ਗ੍ਰੰਥਾਂ ਦੀ ਸੂਚੀ ਦਿੱਤੀ ਹੈ, ਜਿਨ੍ਹਾਂ ਦੀ ਗਿਣਤੀ 36 ਹੈ।

**3.1 ਪਹਿਲਾ ਦਰਸ਼ਨ**

ਉਦਾਸੀ ਭੇਖ ਤੇ ਰੀਤਿ ਨਾਮੀ ਪਹਿਲੇ ਅਧਿਆਇ ਵਿਚ ਉਦਾਸੀ ਸ਼ਬਦ ਦਾ ਮੁੱਢ ਦੱਸਿਆ ਹੈ। ਉਦਾਸੀ ਦਾ ਅਰਥ ‘ਰਾਹ’ ਅਤੇ ‘ਗੁਰੂ ਨਾਨਕ ਦੇਵ ਜੀ ਦੀਆਂ ਯਾਤਰਾਵਾਂ’ ਕੀਤਾ ਹੈ। ਉਦਾਸੀ ਭੇਖ ਦਾ ਬਾਨੀ ਗੁਰੂ ਨਾਨਕ ਦੇਵ ਜੀ ਨੂੰ ਸਿੱਧ ਕਰਨ ਵਜੋਂ ‘ਸਿਧ ਗੋਸਟਿ’ ਅਤੇ ਪੁਰਾਤਨ ਜਨਮ ਸਾਖੀ ਦੇ ਹਵਾਲੇ ਦਿਤੇ ਹਨ। ਪੁਰਾਤਨ ਜਨਮ ਸਾਖੀ ਅਨੁਸਾਰ ਗੁਰੂ ਸਾਹਿਬ ਦੀਆਂ ਚਾਰ ਯਾਤਰਾਵਾਂ ਸਮੇਂ ਉਹਨਾਂ ਦੁਆਰਾ ਧਾਰਨ ਕੀਤੇ ਵੱਖ-ਵੱਖ ਪਹਿਰਾਵਿਆ ਅਤੇ ਨਾਲ ਮੌਜੂਦ ਸਿੱਖਾਂ ਦੇ ਨਾਵਾਂ ਬਾਰੇ ਵੀ ਦੱਸਿਆਂ ਹੈ। ਗੁਰੂ ਨਾਨਕ ਨੇ ਜਿਹੜੀ ਉਦਾਸੀ ਦੀ ਰੀਤ ਢਲਾਹੀ ਉਹ ਉਨ੍ਹਾਂ ਦਾ ਮਤ ਨਹੀਂ ਸੀ ਬਲਕਿ ਇਕ ਸਾਧਨ ਸੀ, ਜਿਹੜਾ

ਉਨ੍ਹਾਂ ਨੇ ਸਚ ਧਰਮ ਦੇ ਪ੍ਰਚਾਰ ਲਈ ਵਰਤਿਆ। ਇਸ ਦੇ ਨਾਲ ਹੀ ਗੁਰੂ ਅਮਰਦਾਸ ਜੀ ਦੇ ਸ਼ਬਦਾਂ ਵਿਚ ਇਹ ਦਸਿਆ ਹੈ ਕਿ ਗੁਰੂ ਕਾ ਸਿੱਖ ਉਦਾਸੀ ਨਹੀਂ ਹੋਣਾ ਚਾਹੀਦਾ ਬਲਕਿ ਗ੍ਰਿਸਤ ਵਿਚ ਪਰਮਾਤਮਾ ਦੀ ਅਰਾਧਨਾ ਕਰੇ।[8] ਗੁਰੂ ਨਾਨਕ ਦਾ ਉਪਦੇਸ਼ ਹੈ ਕਿ ਗੁਰੂ ਕੇ ਸਿੱਖ ਨੂੰ ਉਦਾਸੀ ਅਤੇ ਗ੍ਰਿਸਤ ਜੀਵਨ ਇਕੋ ਜਿਹੇ ਹਨ। ਪਰੰਤੂ ਉਦਾਸੀ ਹੋ ਕੇ ਗ੍ਰਿਸਤੀਆਂ ਦੇ ਘਰ ਮੰਗਣ ਜਾਣਾ ਮਾੜਾ ਹੈ, ਭਾਵ ਉਦਾਸੀ ਹੋ ਕੇ ਵੀ ਧਰਮ ਦੀ ਕਿਰਤ ਕਰਨੀ ਹੈ। ਗੁਰੂ ਨਾਨਕ ਨੇ ਯਾਤ੍ਰਾਵਾਂ ਵਾਸਤੇ ਉਦਾਸੀ ਭੇਖ ਦਾ ਸਹਾਰਾ ਲਿਆ ਪਰੰਤੂ ਫਿਰ ਇਸ ਨੂੰ ਤਿਆਗ ਦਿੱਤਾ। ਉਨ੍ਹਾਂ ਨੇ ਗੁਰਿਆਈ ਦੀ ਪਰੰਪਰਾ ਚਲਾਈ। ਆਪਣੇ ਚੇਲੇ ਨੂੰ ਗੁਰੂ ਬਣਾ ਕੇ ਆਪ ਮੱਥਾ ਟੇਕਿਆ।

**3.2 ਦੂਜਾ ਦਰਸ਼ਨ**

ਇਸ ਦਰਸ਼ਨ ਵਿਚ ਭਾਈ ਸਾਹਿਬ ਨੇ ਭਵਿਖਤ ਪੁਰਾਣ ਦੇ ਤੇਤੀਵੇਂ ਅਧਿਆਇ ਦਾ ਹਵਾਲਾ ਜਿਹੜਾ ਗਣੇਸ਼ਾ ਸਿੰਘ ਬੇਦੀ ਨੇ 'ਗੁਰ ਨਾਨਕ ਸੂਰਯੋਦੇ' ਨਾਮੀਂ ਗ੍ਰੰਥ ਵਿਚ ਦਿੱਤਾ ਹੈ, ਦਾ ਜ਼ਿਕਰ ਕਰਦੇ ਹੋਏ ਦਸਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਦੋ ਪ੍ਰਕਾਰ ਦੇ ਸਿੱਖ ਸਨ ਇਹ ਗ੍ਰਹਿਸਤੀ ਅਤੇ ਦੂਜੇ ਉਦਾਸੀ। ਇਸ ਤਰ੍ਹਾਂ ਗੁਰੂ ਸਾਹਿਬ ਨੇ ਗ੍ਰਹਿਸਤ ਧਰਮ ਦੀ ਪ੍ਰਧਾਨਤਾ ਕਾਇਮ ਕਰਕੇ ਉਸ ਦੇ ਪ੍ਰਚਾਰ ਲਈ ਉਦਾਸੀ ਦੀ ਰੀਤ ਵੀ ਬੰਦ ਨਹੀਂ ਕੀਤੀ। ਪਰੰਤੂ ਉਦਾਸੀ ਭੇਖ ਦਾ ਪਾਲਣ ਕਰਦੇ ਹੋਏ ਸ੍ਰੀ ਚੰਦ ਜੀ 'ਗੁਰਮੁਖ ਸ਼ਰੇਣੀ' ਦੇ ਪਰਚੇ ਵਿਚ ਪਾਸ ਨਹੀਂ ਹੋ ਸਕੇ। ਗੁਰਿਆਈ ਦਾ 'ਗੋਦੜਾ' ਗੁਰੂ ਅੰਗਦ ਦੇਵ ਜੀ ਨੂੰ ਮਿਲਿਆ। ਇਸ ਪ੍ਰਸੰਗ ਲਈ ਭਾਈ ਕੇਸਰ ਸਿੰਘ ਛਿਬਰ ਦਾ ਹਵਾਲਾ ਦਿਤਾ ਹੈ।[9] ਪੁਰਾਤਨ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਆਗਿਆ ਮੰਨ ਕੇ ਬਾਬਾ ਸ੍ਰੀ ਚੰਦ ਜੀ ਨੇ ਗੁਰਗੱਦੀ ਵਾਲਾ ਹਠ ਛੱਡ ਦਿੱਤਾ।

'ਗੁਰੂ-ਪਦ' ਦੇ ਅਧਿਕਾਰਾਂ ਦਾ ਨਿਰਣਾ ਸਿਰਲੇਖ ਅਧੀਨ ਗਿਆਨ ਰਤਨਾਵਲੀ ਦਾ ਹਵਾਲਾ ਦੇ ਕੇ ਦੱਸਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਚਰਨ ਛੂਹੇ ਅਤੇ ਆਪਣੇ ਆਸਣ ਉਪਰ ਬਿਠਾਇਆ ਇਹ ਵੀ ਦੱਸਿਆ ਹੈ ਕਿ ਗੁਰਿਆਈ ਗੁਰੂ ਦੇ 'ਰਿਦੇ ਦਾ ਗਿਆਨ' ਹੈ ਜੋ ਅੰਗਦ ਦੇਵ ਜੀ ਨੂੰ ਪ੍ਰਾਪਤ ਹੋਇਆ। 'ਉਦਾਸੀ ਸੰਪਰਦਾਇ' ਸਿਰਲੇਖ ਅਧੀਨ ਪਤਾ ਲਗਦਾ ਹੈ ਕਿਸੇ ਪੁਰਾਤਨ ਇਤਿਹਾਸ ਵਿਚ ਬਾਬਾ ਸ੍ਰੀ ਚੰਦ ਨੂੰ ਗੁਰੂ ਨਾਨਕ ਦੇਵ ਜੀ ਵਲੋਂ ਉਦਸੀ ਸੰਪਰਦਾਇ ਚਲਾਉਣ ਦਾ ਹੁਕਮ ਦੇਣਾ ਸਿੱਧ ਨਹੀਂ ਹੁੰਦਾ। ਬਲਕਿ ਭਾਈ ਗੁਰਦਾਸ ਦੱਖਣੀ ਜੀ ਜਿਹੜੇ ਦਸਵੇਂ ਪਾਤਸ਼ਾਹ ਦੇ ਸਮੇਂ ਬਾਬਾ ਅਲਮਸਤ ਜੀ ਦੇ ਧੂਏਂ

---

[8] ਭਾਈ ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1953, ਪੰ. 13

[9] *ਉਹੀ,* ਪੰਨੇ 25-26.

ਵਿੱਚੋਂ ਹੋਏ ਹਨ, ਨੇ ਉਦਾਸੀ ਸਾਧੂ ਦੀ ਰਹਿਤ ਮਰਯਾਦਾ 'ਮਾਤ੍ਰਾ ਉਦਾਸੀ ਸੰਪਰਦਾਯ' ਨਾਮ ਰਖ ਕੇ ਸੰਮਤ 1744 ਈ. ਵਿਚ ਲਿਖੀ। ਇਸ ਵਿਚ ਬਾਬਾ ਸ੍ਰੀ ਚੰਦ ਜੀ ਦਾ ਗੁਰੂ ਨਾਨਕ ਪਾਸੋਂ ਉਪਦੇਸ਼ ਲੈਣ, ਬਾਰਠ ਵਿਖੇ ਭਗਤੀ ਕਰਨ, ਬਾਬਾ ਗੁਰਦਿਤਾ ਜੀ ਦੁਆਰਾ ਬਾਬਾ ਸ੍ਰੀ ਚੰਦ ਸੀ ਪਾਸੋਂ ਉਪਦੇਸ਼ ਪ੍ਰਾਪਤ ਕਰਨ ਉਦਾਸੀਨ ਸੰਪਰਦਾ ਚਲਾਉਣ ਦਾ ਜ਼ਿਕਰ ਹੈ। ਇਹ ਸੰਪਰਦਾ ਗੁਰੂ ਦੇਵ ਜੀ ਦੀ ਆਗਿਆ ਮਿਲਣ ਕਰਕੇ ਚਲ ਰਹੀ ਹੈ।[10]

ਇਸ ਬਿਆਨ ਦਾ ਵਿਸਤਾਰ ਉਦਾਸੀ ਮਹਾਤਮਾ ਸੰਤਰੇਣ ਨੇ ਕੀਤਾ ਹੈ। ਇਸ ਬਿਆਨ ਵਿਚ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਅਤੇ ਬਾਬਾ ਸ੍ਰੀ ਚੰਦ ਜੀ ਨੂੰ ਉਦਾਸੀ ਭੇਖ ਮਿਲਣ ਦਾ ਵਿਸਤਾਰਿਤ ਵਰਨਣ ਹੈ। ਇਹ ਵਿਸਤਾਰ ਦੋ ਸਿਰਲੇਖਾਂ 'ਗੁਰਮੰਤ੍ਰ ਤੇ ਚੇਲਾ ਬਨਾਉਣ ਦੀ ਵਿਧੀ' ਅਤੇ 'ਉਦਾਸੀ ਭੇਖ ਅਮਾਨਤ ਰੱਖਿਆ' ਵਿਚ ਕੀਤਾ ਹੈ। ਬਾਬਾ ਸ੍ਰੀ ਚੰਦ ਜੀ ਨੂੰ 'ਜਪੁ' ਦੀ ਪੋਥੀ, ਹਰੇ ਰੰਗ ਦਾ ਚੋਲਾ ਅਮਾਨਤ ਵਜੋਂ ਦਿਤਾ ਅਤੇ ਨਾਲ ਹੀ ਕਿਹਾ ਕਿ ਮੈ ਆਪ ਹੀ ਇਹ ਲੈ ਲਵਾਂਗਾ।[11] ਭਾਈ ਗੁਰਦਿੱਤਾ ਜੀ ਨੇ ਗੁਰੂ ਨਾਨਕ ਦੇ ਸਰੂਪ ਸਮਾਨ ਮਾਤਾ ਦਮੋਦਰੀ ਦੀ ਕੁਖੋਂ ਜਨਮ ਲਿਆ ਅਤੇ ਬਾਬਾ ਸ੍ਰੀ ਚੰਦ ਜੀ ਪਾਸੋਂ ਅਮਾਨਤ ਰੱਖਿਆ ਭੇਖ ਵਾਪਸ ਲਿਆ। ਉਦਾਸੀ ਵਿਦਵਾਨ ਬਾਬਾ ਸ੍ਰੀ ਚੰਦ ਤੋਂ ਬਾਅਦ ਬਾਬਾ ਗੁਰਦਿੱਤਾ ਜੀ ਨੂੰ ਉਦਾਸੀ ਮਤ ਦਾ ਪਰਵਰਤਕ ਮੰਨਦੇ ਹਨ। ਇਨ੍ਹਾਂ ਵਿਦਵਾਨਾਂ ਵਿਚ ਭਾਈ ਦਇਆਲ ਉਦਾਸੀ ਅਤੇ ਸਾਧੂ ਸੰਤਰੇਣ ਪ੍ਰਮੁੱਖ ਹਨ। ਉਹ ਉਦਾਸੀ ਮਤ ਦਾ ਬਾਨੀ ਗੁਰੂ ਨਾਨਕ ਦੇਵ ਜੀ ਨੂੰ ਹੀ ਜਾਣਦੇ ਹਨ। ਇਸ ਦਾ ਕਾਰਨ ਗੁਰੂ ਨਾਨਕ ਦੇਵ ਜੀ ਕੋਲ ਕਵੀ ਜਾਂ ਆਚਾਰਯ ਵਾਲੇ ਸਾਰੇ ਗੁਣ ਹਨ ਭਾਵ ਉਨ੍ਹਾਂ ਕੋਲ ਗ੍ਰੰਥ, ਸੰਗਤ, ਕਰਾਮਾਤ ਅਤੇ ਜਾਂਨਸ਼ੀਨ ਹਨ ਪਰੰਤੂ ਬਾਬਾ ਸ੍ਰੀ ਚੰਦ ਅਤੇ ਭਾਈ ਗੁਰਦਿੱਤਾ ਜੀ ਗੁਰਬਾਣੀ ਤੋਂ ਹੀ ਪ੍ਰਕਾਸ਼ ਪ੍ਰਾਪਤ ਕਰਦੇ ਹਨ ਇਸ ਲਈ ਉਹ ਗੁਰਸਿੱਖ ਹੀ ਹਨ। ਇਸ ਗਲ ਦਾ ਵਿਸਥਾਰ ਭਾਈ ਸਾਹਿਬ ਨੇ 'ਬਾਬਾ ਸ੍ਰੀ ਚੰਦ ਜੀ ਭੀ 'ਸਿੱਖ' ਹੀ ਸਨ' ਸਿਰਲੇਖ ਵਿਚ ਦਿੱਤਾ ਹੈ। ਇਥੇ ਇਕ ਉਦਾਸੀ ਸਾਧੂ ਪੰਡਿਤ ਬ੍ਰਹਮਾਨੰਦ ਉਦਾਸੀਨ ਦੀ ਪੁਸਤਕ *ਗੁਰੂ ਉਦਾਸੀਨ ਮਤ ਦਰਪਨ* ਦੁਆਰਾ ਪਾਏ ਗਏ ਭੁਲੇਖਿਆ ਦਾ ਖੰਡਨ ਕਰਦੇ ਹਨ।

'ਸ੍ਰੀ ਚੰਦੀਏ ਉਦਾਸੀ-ਸਿੱਖ' ਸਿਰਲੇਖ ਅਧੀਨ *ਤਹਿਕੀਕਾਤਿ ਚਿਸ਼ਤੀ* ਨਾਮੀ ਪੁਸਤਕ ਦੇ ਹਵਾਲੇ ਨਾਲ ਉਦਾਸੀ ਸੰਤਾਂ ਦੀ ਪੀੜ੍ਹੀ ਦਿੱਤੀ ਹੈ, ਜਿਸ ਵਿਚ ਸਿਰੀਚੰਦ ਜੀ ਦਾ ਚੇਲਾ ਨਰਾਇਣ ਦਾਸ ਉਸਦੇ ਦੋ ਚੇਲੇ ਬਾਵਾ ਸੀਤਾ, ਦੂਸਰਾ ਬਾਲਕ ਰਾਮ ਸੀ। ਇਨ੍ਹਾਂ ਦੋ ਚੇਲਿਆਂ ਤੋਂ ਅੱਗੇ ਲੰਮੀ ਪਰੰਪਰਾ ਹੈ। ਚੇਲੇ ਬਣਾਉਣ

---

10 ਭਾਈ ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1953, ਪੰ.35.

11 *ਉਹੀ,* ਪੰ. 41.

ਦਾ ਦਸਤੂਰ ਚਰਨਾਮ੍ਰਿਤ ਪਿਆ ਕੇ ਸੰਪਰਦਾਇ ਵਿਚ ਸ਼ਾਮਲ ਕਰਨ ਨਾਲ ਪੂਰਨ ਹੁੰਦਾ ਹੈ। ਇਨ੍ਹਾ ਦਾ ਗੁਪਤ-ਮੰਤ੍ਰ 'ਸਤਿਨਾਮ' ਹੈ। ਪਰੰਤੂ ਸਿੱਖਾਂ ਦੀ ਮੂਲ ਧਰਨਾ ਅਨੁਸਾਰ ਬਾਬਾ ਸ੍ਰੀ ਚੰਦ ਜੀ ਸਿੱਖੀ ਤੋਂ ਖੁਟਿਆਰ ਹੋ ਗਏ ਸਨ। ਜਿਸਦਾ ਉਲੇਖ ਭਾਈ ਸਾਹਿਬ ਨੇ ਸਤਾ ਬਲਵੰਤ ਦੀ ਗਵਾਹੀ ਨਾਲ ਕੀਤਾ ਹੈ। ਭਾਈ ਗੁਰਦਾਸ ਜੀ ਨੇ ਵੀ ਇਨ੍ਹਾਂ ਨੂੰ ਗੁਰੂ ਘਰ ਤੋਂ ਆਕੀ ਦੱਸਿਆ ਹੈ। ਇਸ ਤਰ੍ਹਾਂ ਭਾਈ ਰਣਧੀਰ ਸਿੰਘ ਗੁਰਬਾਣੀ ਅਤੇ ਭਾਈ ਗੁਰਦਾਸ ਦੀ ਗਵਾਹੀ ਵਿਚ ਉਦਾਸੀ ਸਾਧੂਆਂ ਦੇ ਬਾਬਾ ਸ੍ਰੀ ਚੰਦ ਨੂੰ ਸਿੱਖ ਮੂਲ ਧਾਰਾ ਦੇ ਸ਼ਰੀਕ ਵਜੋਂ ਖੜਾ ਕਰਨ ਦੀ ਦਲੀਲਬਾਜੀ ਦਾ ਖੰਡਨ ਕੀਤਾ ਹੈ। ਸਿੱਖ ਅਤੇ ਗੈਰ ਸਿੱਖ ਲੇਖਕਾਂ ਅਨੁਸਾਰ ਬਾਬਾ ਗੁਰਦਿੱਤਾ ਜੀ ਦੀ ਬਾਬਾ ਸ੍ਰੀ ਚੰਦ ਨੂੰ ਮਿਲਣ ਦੀ ਗਲ ਵੀ ਝੂਠ ਹੈ। ਇਸ ਦਾ ਕਾਰਨ ਬਾਬਾ ਸ੍ਰੀ ਚੰਦ ਜੀ ਸੰਮਤ 1669 ਨੂੰ ਲੋਪ ਹੋਏ ਸਨ ਪਰੰਤੂ ਬਾਬਾ ਗੁਰਦਿੱਤਾ ਜੀ ਦਾ ਜਨਮ ਇਸ ਘਟਨਾਂ ਤੋਂ ਲਗਪਗ ਨੌ ਮਹੀਨੇ ਬਾਅਦ ਅੱਠ ਕੱਤਿਕ ਸੰਮਤ 1670 ਨੂੰ ਹੋਇਆ ਸੀ।[12]

'ਉਦਾਸੀ ਸੰਪਰਦਾਇ ਦੁਬਾਰੇ ਚਲੀ ਕਿਵੇਂ?' ਇਸ ਸਿਰਲੇਖ ਅਧੀਨ ਭਾਈ ਸਾਹਿਬ ਨੇ ਉਦਾਸੀ ਲੇਖਕਾਂ ਦੇ ਹਵਾਲੇ ਦਿੱਤੇ ਹਨ, ਜਿਨ੍ਹਾਂ ਨੇ ਸ੍ਰੀ ਚੰਦ ਨੂੰ ਉਪਰਾਮ ਰਹਿਣ ਵਾਲੇ ਅਤੇ ਗੁਰਗੱਦੀ ਅਤੇ ਉਦਾਸੀ ਮੱਤ ਦਾ ਕਾਰਜਭਾਰ ਚਲਾਉਣ ਦਾ ਸਿਹਰਾ ਗੁਰੂ ਅੰਗਦ ਦੇਵ ਜੀ ਦੇ ਸਿਰ ਬੰਨਿਆ ਹੈ। ਗੁਰੂ ਸਹਿਬਾਨ ਗ੍ਰਹਿਸਤੀ ਸਿੱਖ ਦੇ ਨਾਲ-ਨਾਲ ਸਾਧੂਆਂ ਨੂੰ ਵੀ ਪ੍ਰਚਾਰਕ ਨਿਯੁਕਤ ਕਰ ਦਿੰਦੇ ਸਨ। ਅਜਿਹਾ ਸਿਰਫ਼ ਯੋਗਤਾ ਦੇ ਅਧਾਰ ਤੇ ਹੁੰਦਾ ਸੀ? ਬਾਬਾ ਸ੍ਰੀ ਚੰਦ ਦੇ ਵਿਰੋਧੀ ਬਿਰਤੀ ਕਾਰਨ ਦੂਜੇ ਅਤੇ ਤੀਜੇ ਪਾਤਸ਼ਾਹ ਨੇ ਉਦਾਸੀ ਹੋਣ ਤੋਂ ਸਿੱਖਾਂ ਨੂੰ ਵਰਜ ਦਿੱਤਾ ਸੀ। ਪਰੰਤੂ ਛੇਵੇਂ ਪਾਤਸ਼ਾਹ ਨੇ ਭਾਈ ਅਲਮਸਤ ਦੀ ਪ੍ਰਾਰਥਨਾ ਤੇ ਨਾਨਕਮਤੇ ਦਾ ਪ੍ਰਬੰਧ ਵਣਜਾਰੇ ਸਿੱਖਾਂ ਦੀ ਦੇਖ ਰੇਖ ਵਿਚ ਉਸਨੂੰ ਸੌਂਪਿਆ ਅਤੇ ਜੋਗੀਆਂ ਹਥੋਂ ਉਸ ਅਸਥਾਨ ਦੀ ਬੇਅਦਬੀ ਰੁਕਵਾਈ। ਗੁਰੂ ਸਾਹਿਬ ਨੇ ਬਾਬਾ ਗੁਰਦਿੱਤਾ ਜੀ ਹੱਥੀ ਭਾਈ ਬਾਲੂ ਹਸਨਾ, ਭਾਈ ਫੂਲ ਤੇ ਭਾਈ ਗੋਵਿਦ ਨੂੰ ਉਦਾਸੀ ਭੇਖ ਦੁਆ ਕੇ ਉਨ੍ਹਾਂ ਨੂੰ ਸਿੱਖ ਧਰਮ ਪ੍ਰਚਾਰਕ ਥਾਪਿਆ। ਭਾਈ ਅਲਮਸਤ ਨੂੰ ਉਤਰ-ਪ੍ਰਦੇਸ਼, ਬਿਹਾਰ, ਬੰਗਾਲ, ਭਾਈ ਬਾਲੂ ਹਸਨਾ ਨੂੰ ਪੱਛਮੀ ਪੰਜਾਬ, ਭਾਈ ਗੋਇੰਦ ਨੂੰ ਦਖਣੀ ਪੰਜਾਬ, ਭਾਈ ਫੂਲ ਸਾਹਿਬ ਜੀ ਨੂੰ ਬਿਸਤ-ਜਲੰਧਰ ਦੁਆਬਾ ਦਾ ਇਲਾਕਾ ਆਇਆ। ਇਨ੍ਹਾਂ ਸਾਧੂਆਂ ਦੇ ਸਥਾਨ 'ਚਾਰ ਧੂੰਏ' ਅਖਵਾਉਂਦੇ ਹਨ। ਇਹ ਸਾਰੇ ਸੰਗਤ ਨੂੰ ਗੁਰਸਿੱਖੀ ਵਿਚ ਲਿਆਉਂਦੇ ਰਹੇ। 'ਦਸ ਨਾਮ ਉਦਾਸੀ' ਸਿਰਲੇਖ ਇਸ ਪੁਸਤਕ ਦੇ ਦੂਜੇ ਦਰਸ਼ਨ ਦਾ ਆਖਰੀ ਸਿਰਲੇਖ ਹੈ। ਇਸ ਅਧੀਨ ਚਾਰ ਧੂਏਂ ਅਤੇ ਛੇ ਬਖਸ਼ਿਸਾਂ ਦਾ ਵਿਸਥਾਰ ਸਹਿਤ ਵਰਨਣ ਹੈ। ਧੂੰਇਆਂ ਵਿਚ 'ਪਹਿਲਾ ਧੂੰਆਂ ਅਲਮਸਤ ਜੀ' ਦਾ ਹੈ।

---

[12] ਭਾਈ ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1953, ਪੰ.70.

ਇਨ੍ਹਾਂ ਦਾ ਜਨਮ ਕੁਲ, ਗੋਤ ਤੋਂ ਇਲਾਵਾ ਬਾਬਾ ਸ੍ਰੀ ਚੰਦ ਜੀ ਕੋਲ ਆਉਣਾ, ਭਰਾਤੀ ਭਾਵ ਦੁਆਰਾ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਪ੍ਰਾਪਤ ਹੋਣੇ, ਤੀਰਥ ਯਾਤ੍ਰਾ, ਜਗਨਨਾਥਪੁਰੀ ਤੋ ਇਲਾਵਾ ਨਾਨਕ ਮਤੇ ਜਾ ਕੇ ਸੇਵਾ ਸੰਭਾਲ ਦਾ ਜ਼ਿਕਰ ਹੈ। ਇਥੇ ਗੁਰੂ ਹਰਗੋਬਿੰਦ ਸਾਹਿਬ ਨੇ ਇਸ ਸਥਾਨ ਦੀ ਕੰਨਪਾਟੇ ਯੋਗੀਆਂ ਤੋਂ ਬਹਾਲੀ ਕਰਵਾਈ। ਸ੍ਰੀ ਗੁਰੂ ਜੀ ਦੀ ਸਮਰਥ ਗੁਰੂ ਰਾਮਦਾਸ ਨਾਲ ਸ੍ਰੀ ਨਗਰ ਵਿਖੇ ਹੋਈ ਮੁਲਾਕਾਤ ਦਾ ਜ਼ਿਕਰ ਹੈ। ਗੁਰੂ ਹਰਗੋਬਿੰਦ ਸਾਹਿਬ ਦੁਆਰਾ ਸਿੱਧਾਂ ਨੂੰ ਸਿੱਧੇ ਰਾਹ ਪਾਉਣਾ, ਨੇਪਾਲ ਦੇ ਰਾਜਾ ਬਾਜ ਬਹਾਦਰ ਦਾ ਸਤਿਗੁਰੂ ਜੀ ਦੀ ਸ਼ਰਨ ਆਉਣਾ ਅਤੇ ਚਾਰ ਪਿੰਡਾਂ ਦੀ ਜਾਗੀਰ ਨਾਨਕਮਤੇ ਵਾਸਤੇ ਭੇਟ ਦਾ ਜਿਕਰ ਵੀ ਕੀਤਾ ਹੈ। ਇਥੇ ਭਾਈ ਅਲਮਸਤ ਨੂੰ ਉਦਾਸੀ ਭੇਖ ਦੀ ਬਖਸ਼ਿਸ ਕੀਤੀ ਗਈ। ਭਾਈ ਸਾਹਿਬ ਨੇ ਇਥੇ ਇਸ ਗੱਲ ਦਾ ਖੰਡਨ ਕੀਤਾ ਹੈ ਕਿ ਬਾਬਾ ਗੁਰਦਿੱਤਾ ਜੀ ਨੇ ਅਲਮਤ ਜੀ ਉਦਾਸੀ ਭੇਖ ਬਖਸ਼ਿਆ।[13]

ਇਥੇ ਆ ਕੇ ਲੇਖਕ ਨੇ ਆਪਣੀ ਭੁੱਲ ਦਾ ਸੁਧਾਰ ਵੀ ਕੀਤਾ ਹੈ। ਇਸ ਭੁੱਲ ਬਾਰੇ ਭਾਈ ਸਾਹਿਬ ਲਿਖਦੇ ਹਨ:

...ਅਸੀ ਭੀ ਇਨ੍ਹਾਂ ਅੰਨ੍ਹੇ ਹਿਸਾਬੀਆਂ ਦੇ ਆਖੇ ਲਗ ਕੇ ਸ੍ਰੀ ਬਾਬਾ ਸ੍ਰੀ ਚੰਦ ਜੀ ਦਾ ਇਸ ਅਸਾਰ ਸੰਸਾਰ ਤੋਂ ਅਲੋਪ ਹੋਣਾ, ਸੰਮਤ ਸੋਲਾਂ ਸੈ ਉਣਹੱਤਰ ਵਿਚ ਲਿਖ ਆਏ ਹਾਂ ਤਦ ਭੀ, ਹੋਈ ਗਲਤੀ ਨੂੰ ਸੁਧਾਰਨਾ ਜ਼ਰੂਰੀ ਹੈ। ਅਸਲ ਚਿ ਬਾਵਾ ਸ੍ਰੀ ਚੰਦ ਸੀ ਸੰਮਤ ਸੋਲਾਂ ਸੈ ਚਉਰੰਜਾਹ ਵਿਚ ਮਿਤੀ ਮੱਘਰ ੨੧ ਨੂੰ ਗਗਨ ਅੰਦਰ ਰਮਨੇ ਸਨ...।[14]

ਬਾਬਾ ਅਲਮਸਤ ਜੀ ਤੋਂ ਬਾਅਦ ਉਨ੍ਹਾਂ ਦੇ ਅੱਠ ਚੇਲੇ ਭਾਈ ਮਖੂ ਚੰਦ ਜੀ, ਭਾਈ ਨੱਥਾ ਜੀ, ਭਾਈ ਅਕਲਵੰਦ ਜੀ, ਭਾਈ ਹਮੀਰਾ ਜੀ, ਭਾਈ ਗਰੀਬ ਦਾਸ, ਵੱਡੇ, ਭਾਈ ਗਰੀਬ ਦਾਸ ਛੋਟੇ, ਭਾਈ ਲਛਮਨ ਦਾਸ ਜੀ, ਭਾਈ ਮੰਗੂ ਦਾਸ ਜੀ ਹੋਏ। ਇਨ੍ਹਾ ਵਿਚੋਂ ਜੇਠੇ ਚੇਲੇ ਭਾਈ ਮਖੂ ਨੂੰ ਬਾਬਾ ਜੀ ਨੇ ਨਾਨਕ ਮਤੇ ਦੀ ਸੇਵਾ ਸੰਭਾਲ ਸੌਂਪੀ। ਉਨ੍ਹਾਂ ਦੇ ਚੇਲੇ ਬਾਬਾ ਮਿੱਠਾ ਜੀ ਹੋਏ। ਬਾਬਾ ਮਿੱਠਾ ਜੀ ਹੱਥੋਂ ਪੰਜ ਗੁਰਸਿੱਖਾਂ ਨੇ ਧਰਮ ਪ੍ਰਚਾਰ ਦਾ ਕਾਰਜ ਸੰਭਾਲਿਆ। ਇਹ ਪੰਜ ਭਾਈ ਗੁਰਦਾਸ 'ਦੱਖਣੀ', ਭਾਈ ਨੰਦ ਜੀ, ਭਾਈ ਕ੍ਰਿਪਾਲ ਦਾਸ ਜੀ ਅਤੇ ਭਾਈ ਨਾਰਾਇਣ ਦਾਸ ਜੀ ਸਨ। ਇਨ੍ਹਾਂ ਵਿਚ ਭਾਈ ਗੁਰਦਾਸ ਜੀ ਦੱਖਣੀ ਨੂੰ ਨਾਨਕ ਮਤੇ ਦੀ ਸੇਵਾ ਦਾ ਕਾਰਜਕਾਰ ਸੌਂਪਿਆ ਗਿਆ। ਇਨ੍ਹਾਂ ਨੇ 'ਰਹਿਤਨਾਮਾ-ਮਾਤ੍ਰਾ ਉਦਾਸ ਸੰਪ੍ਰਦਾ' ਨਾਂ ਦੀ ਰਚਨਾ ਕੀਤੀ।

---

13 ਭਾਈ ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1953, ਪੰ. 103.

14 *ਉਹੀ,* ਪੰ. 103.

ਬਾਬਾ ਅਲਮਸਤ ਜੀ ਦੇ ਚੇਲਿਆਂ ਦੁਆਰਾ ਗੁਰੂ ਨਾਨਕ ਦੇਵ ਜੀ ਦੇ ਚਰਨਛੋਹ ਪ੍ਰਾਪਤ ਸਥਾਨਾਂ ਢੂੰਢ-ਭਾਲ ਕੀਤੀ। ਇਨ੍ਹਾਂ ਸਥਾਨਾਂ ਅਤੇ ਸਥਾਨ ਦੀ ਖੋਜ ਕਰਨ ਵਾਲਿਆਂ ਦਾ ਵੇਰਵਾ 'ਗੁਰਤੀਰਥ-ਪ੍ਰਗਟਾਏ' ਸਿਰਲੇਖ ਅਧੀਨ ਦਿੱਤਾ ਹੈ। ਇਨ੍ਹਾਂ ਅਸਥਾਨਾਂ ਵਿਚ ਗਯਾ, ਪਟਣਾ ਪ੍ਰਯਾਗ, ਕਾਸ਼ੀ, ਲਖਨਊ; ਪੰਜਾਬ ਦੇ ਬਹੁਤ ਸਾਰੇ ਸਥਾਨ ਜਿਨ੍ਹਾਂ ਵਿਚ ਪੈਪਸੂ, ਲਹਿੰਦਾ ਪੰਜਾਬ ਅਤੇ ਪੂਰਬੀ ਪੰਜਾਬ ਦੇ ਸਥਾਨ ਹਨ। ਪੈਪਸੂ ਵਿਚ ਲੌਂਗੋਵਾਲ, ਦਿੜ੍ਹਬਾ, ਨਾਭਾ; ਪੂਰਬੀ ਪੰਜਾਬ ਦੇ ਹੇਹਰਾਂ; ਅੰਮ੍ਰਿਤਸਰ ਦੇ ਕਟੜਿਆਂ ਵਿਚ ਬਣੀਆਂ ਧਰਮਸ਼ਾਲਾਵਾਂ; ਲਹਿੰਦੇ ਪੰਜਾਬ ਵਿਚ ਮੁਲਤਾਨ, ਮਘਿਆਣਾ, ਅਤੇ ਸਿੰਧ ਪ੍ਰਾਂਤ ਦੇ ਸਥਾਨਾ ਦਾ ਵੇਰਵਾ ਦਿਤਾ ਹੈ।

ਅਲਮਸਤ ਜੀ ਦੇ ਧੂਏਂ ਤੋਂ ਬਾਅਦ 'ਦੂਜਾ ਧੂੰਆਂ ਬਾਲੂ ਹੱਸਣਾ ਜੀ' ਦਾ ਹੈ। ਭਾਈ ਬਾਲੂ ਜੀ ਭਾਈ ਅਲਮਸਤ ਜੀ ਦੇ ਸਕੇ ਤੇ ਛੋਟੇ ਭਰਾ ਸਨ ਇਨ੍ਹਾਂ ਦਾ ਜਨਮ ਵੀ ਸ੍ਰੀ ਨਗਰ ਕਸ਼ਮੀਰ ਵਿਖੇ ਹੋਇਆ ਪਰੰਤੂ ਗਿਆਨੀ ਠਾਕੁਰ ਸਿੰਘ ਜੀ ਨੇ ਗੁਰਦੁਆਰੇ ਦਰਸ਼ਨ ਵਿਚ ਮਾਝੇ ਦੇ ਨਗਰ ਪਹੂਵਿੰਡਿ ਸੰਧੂ ਜਿਮੀਦਾਰਾ ਦੇ ਘਰ ਹੋਇਆ ਦਸਿਆ ਹੈ।[15] ਇਹ ਭਾਈ ਅਲਮਸਤ ਜੀ ਨਾਲ ਹੀ ਗੁਰੂ ਅਰਜਨ ਦੇਵ ਜੀ ਦੇ ਹਜੂਰ ਆਏ ਅਤੇ ਗੁਰੂ ਹਰਗੋਬਿੰਦ ਜੀ ਦੇ ਨਾਲ ਰਹਿਣ ਲੱਗੇ। ਗੁਰੂ ਸਾਹਿਬ ਦੀ ਸੇਵਾ ਹਸਮੁਖ ਚਿਹਰੇ ਦੇ ਨਾਲ ਕਰਨ ਕੇ ਇਨ੍ਹਾਂ ਦਾ ਨਾਮ 'ਬਾਲੂ ਹੱਸਣਾ' ਪਿਆ। ਗੁਰੂ ਹਰਗੋਬਿੰਦ ਸਾਹਿਬ ਦੀ ਆਗਿਆ ਨਾਲ ਇਹ ਭਾਈ ਗੁਰਦਿੱਤਾ ਜੀ ਨਾਲ ਰਹਿਣ ਲੱਗੇ। ਭਾਈ ਸਾਹਿਬ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਇਨ੍ਹਾਂ ਨੂੰ ਭਜਨ ਬੰਦਗੀ ਕਰਨ ਲਈ ਇਕ ਥਾਂ ਟਿਕਣ ਦਾ ਹੁਕਮ ਦਿੱਤਾ। ਇਹ ਗੁਰੂ ਸਾਹਿਬ ਦੀ ਝਰੋਖਾ ਦਰਸ਼ਨ ਵਾਲੀ ਵਾਰੀ ਸਾਹਮਣੇ ਟਿਕਟਿਕੀ ਲਗਾ ਕੇ ਬੈਠ ਗਏ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਵੀ ਉਦਾਸੀ ਭੇਖ ਦੇ ਬਖਸ਼ਿਸ਼ ਕੀਤੀ। ਇਨ੍ਹਾਂ ਦੇ ਪੱਛਮੀ ਪੰਜਾਬ ਵਿਚ ਪ੍ਰਚਾਰ ਕੀਤਾ। ਇਨ੍ਹਾਂ ਦੇ ਚੇਲੇ 'ਬਾਲੂ ਹਸਨੀਏ ਉਦਾਸੀ ਕਹਾਏ। ਇਨ੍ਹਾਂ ਦੀ ਪੱਧਤੀ ਦੇ ਦਸ ਪ੍ਰਸਿੱਧ ਸਾਧੂ ਬਾਲੂ ਹਸਣਾ ਜੀ ਦੇ ਚੇਲੇ ਹੋਏ ਇਨ੍ਹਾਂ ਦੇ ਨਾਮ ਭਾਈ ਨਾਲ ਦਾਸ ਦਰਯਾਈ, ਭਾਈ ਰਾਇ, ਭਾਈ ਪੂਰਨ ਦਾਸ, ਭਾਈ ਗੋਦੜੀ ਦਾਸ, ਭਾਈ ਰੂਪ ਥਲ, ਭਾਈ ਸੇਵਾ ਦਾਸ, ਭਾਈ ਬੁੱਢਾ, ਭਾਈ ਪ੍ਰਮੇਸ਼ਰ ਦਾਸ, ਭਾਈ ਦਰਗਾਈ ਤੇ ਭਾਈ ਹਰਿ ਦਯਾਲ ਸਨ। ਇਨ੍ਹਾਂ ਵਿਚੋਂ ਭਾਈ ਲਾਲ ਦਾਸ ਦਰਯਾਈ ਜੀ ਪ੍ਰਸਿੱਧ ਕਵੀ ਹੋਏ ਹਨ, ਜਿਨ੍ਹਾਂ ਦਾ ਨਾਮ ਗੁਰੂ ਗੋਬਿੰਦ ਸਿੰਘ ਜੀ ਦੇ ਲੱਖੀ ਜੰਗਲ ਦੇ ਦਰਬਾਰ ਦੇ ਕਵੀਆਂ ਵਿਚ ਆਉਂਦਾ ਹੈ। ਇਹ ਹੀ ਬਾਅਦ ਵਿਚ ਸਿੰਘ ਸਜ ਪ੍ਰਹਿਲਾਦ ਸਿੰਘ ਬਣੇ ਜਿਨ੍ਹਾਂ ਦੇ

15 ਭਾਈ ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1953, ਪੰ.133.

ਨਾਂਅ ਤੇ ਰਹਿਤਨਆਿ ਮਸ਼ਹੂਰ ਹੈ। ਇਨ੍ਹਾਂ ਦੀ ਰਚਨਾ ਦਾ ਉਲੇਖ ਭਾਈ ਸਾਹਿਬ ਨੇ ਵਿਸਥਾਰ ਨਾਲ ਕੀਤਾ ਹੈ।[16] ਭਾਈ ਬਾਲੂ ਹਸਨਾ ਜੀ ਦੇ ਦੂਜੇ ਚੇਲੇ ਜਾਦੋਂ ਰਾਇ ਵੀ ਕਵੀ ਸਨ। ਇਨ੍ਹਾਂ ਤੋਂ ਵਰੋਸਾਏ ਕਈ ਸਾਧੂ ਹੋਏ ਜਿੰਨ੍ਹਾ ਦਾ ਜ਼ਿਕਰ ਵਿਸਥਾਰ ਸਹਿਤ ਮਿਲਦਾ ਹੈ। ਬਾਲੂ ਹਸਨਾ ਜੀ ਦੇ ਸੇਵਕ ਪੂਰਨ ਦਾਸ ਜੀ ਪਾਸੋਂ ਇਕ ਪ੍ਰੇਮੀ ਦਿਆਲ ਦਾਸ ਨਿਰਬਾਣ ਨੇ ਦੀਖਯਾ ਲਈ। ਇਨ੍ਹਾਂ ਦੀ ਪੁਸਤਕ *ਦੌਰੇ ਦੀ ਸਾਖੀ* ਮਸ਼ਹੂਰ ਹੈ।

ਇਸ ਪਧਤੀ ਦੇ ਮਹਾਪੁਰਸ਼ਾ ਨੂੰ ਕੋਟ ਫੱਤਾ, ਫੱਤੇ ਦਾ ਕੋਟ, ਧੌਲਖੇੜੀ, ਕੌਣੀ, ਧੂੜਕੋਟ, ਧਨੌਲਾ ਲੌਂਗੋਵਾਲ, ਜੰਡਵਾਲਾ ਟੋਭਾ, ਖਨੌੜਾ ਖਿਆਲੀ ਦਾ, ਭੂਦਨ ਗੁਜਰਵਾਲ, ਭਰੋਆਲ, ਜਸੋਵਾਲ, ਬਰੀਲਾ ਧਾਦਰਾ, ਰਾਇਪੁਰ, ਮੋਹੀ, ਧੂੜਕੋਟ, ਕਰਤਾਪੁਰ (ਦੁਆਲਾ) ਕਾਸ਼ੀ ਰਾਮ, ਧਰਮਵਾਲਾ ਸੰਗਲ ਵਾਲੀ, ਧਰਮਸਾਲਾ ਮਾਈ ਮਾਨੋ, ਧਰਮਵਾਲਾ ਚੇਤਨ ਦਾਸ, ਸਿਕਾਰਪੁਰ, ਹੈਦਰਾਬਾਦ, ਮੀਰਪੁਰ ਖਾਨਪੁਰ, ਪੰਜਾ ਸਾਹਿਬ ਆਦਿ ਸਥਾਨਾ (ਉਪਰ ਆਪਣੇ ਡੇਰੇ ਸਥਪਿਤਾ ਕੀਤੇ ਅਤੇ) ਗੁਰੁ ਚਰਨਛੋਹ ਪ੍ਰਾਪਰ ਸਥਾਨਾਂ ਨੂੰ ਲਭਿਆ।

ਉਦਾਸੀਆਂ ਵਿਚ ਤੀਜਾ ਧੂੰਆਂ 'ਭਾਈ ਗੋਇੰਦ ਸਾਹਿਬ ਜੀ' ਦਾ ਪ੍ਰਸਿੱਧ ਹੈ। ਭਾਈ ਗੋਇੰਦ ਜੀ ਵੀ ਕਸ਼ਮੀਰ ਦੇ ਜੰਮਪਲ ਸਨ। ਗਿ.ਠਾਕੁਰ ਸਿੰਘ ਨੇ ਜਿਲਾ ਅੰਮ੍ਰਿਤਸਰ ਨੂੰ ਪਿੰਡ 'ਨੇਸ਼ਟਾ' (ਅਟਾਰੀ ਨੇੜੇ) ਦਾ ਜਨਮ ਆਪਣੀ ਪੁਸਤਕ *ਗੁਰਦੁਆਰਾ ਦਰਸ਼ਨ* ਵਿਚ ਲਿਖਿਆ ਹੈ।[17] ਇਹ ਕਰਤਾਰਪੁਰ ਵਿਖੇ ਗੁਰੂ ਅਰਜਨ ਦੇਵ ਜੀ ਦੇ ਸਿੱਖ ਬਣੇ। ਛੇਵੇਂ ਗੁਰੂ ਸਾਹਿਬ ਨੇ ਇਨ੍ਹਾਂ ਨੂੰ ਉਦਾਸੀ ਭੇਖ ਦੀ ਬਖਸ਼ਿਸ਼ ਕੀਤੀ। ਇਸ ਧੂੰਏ ਦਾ ਵਿਸਥਾਰ ਘੱਟ ਹੋਇਆ। ਇਨ੍ਹਾਂ ਦੇ ਤਿੰਨ ਚੇਲੇ ਪ੍ਰਸਿੱਧ ਹਨ: ਭਾਈ ਕਮਲ ਨੈਨ, ਗੁਰਮੁਖੀਆਂ ਤੇ ਸੁਰਤਰਾਮ ਜੀ। ਭਾਈ ਰਣਧੀਰ ਸਿੰਘ ਨੇ ਬਾਬਾ ਸਰੂਪ ਦਾਸ ਭੱਲਾ ਜੀ ਦੇ *ਮਹਿਮਾ ਪ੍ਰਕਾਸ਼* ਦਾ ਹਵਾਲਾ ਦੇ ਕੇ ਦੱਸਿਆ ਹੈ ਕਿ ਉਨ੍ਹਾਂ ਨੇ ਭਾਈ ਗੋਇੰਦ ਜੀ ਅਤੇ ਬਾਬਾ ਫੂਲ ਜੀ ਦਾ ਜ਼ਿਕਰ ਇਸ ਧੂੰਏ ਵਾਲੇ ਸਾਧੂਆਂ ਵਿਚ ਨਹੀਂ ਕੀਤਾ।[18]

ਚੌਥਾ ਧੂੰਆਂ 'ਬਾਬਾ ਫੂਲ ਸਾਹਿਬ ਜੀ' ਦਾ ਸੀ। ਇਹ ਭਾਈ ਗੋਇੰਦ ਜੀ ਦੇ ਛੋਟੇ ਭਰਾ ਸਨ। ਛੇਵੇਂ ਪਾਤਸ਼ਾਹ ਨੇ ਇਨ੍ਹਾਂ ਨੂੰ ਧੂੰਏ ਦੀ ਬਖ਼ਸ਼ਿਸ਼ ਕੀਤੀ। ਇਨ੍ਹਾਂ ਨੇ ਹੁਸ਼ਿਆਰ ਪੁਰ ਦੇ ਇਲਾਕੇ ਵਿਚ ਪ੍ਰਚਾਰ ਕੀਤਾ। ਇਨ੍ਹਾਂ ਦੇ ਚੇਲੇ ਭਾਈ ਚਰਨ ਸ਼ਾਹ ਅਤੇ ਦੱਖਣੀ ਰਾਮ ਬਣੇ। ਇਨ੍ਹਾਂ ਤੋਂ ਅੱਗੇ ਮਨੀਕ ਸ਼ਾਹ, ਬਾਵਾ ਲਛੀ ਰਾਮ,

---

16 ਭਾਈ ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1953, ਪੰਨੇ 136-143.

17 *ਉਹੀ,* ਪੰ. 177.

18 *ਉਹੀ,* ਪੰਨੇ 179-80.

ਬਾਵਾ ਸੁਖਦੇਵ, ਬਾਵਾ ਸੰਤੋਖਦਾਸ ਆਦਿ ਨਾਲ ਇਨ੍ਹਾਂ ਦੀ ਪ੍ਰਣਾਲੀ ਅੱਗੇ ਤੁਰੀ। ਇਸ ਪ੍ਰਣਾਲੀ ਵਿਚੋਂ ਸਾਧੂ ਉਤਮ ਦਾਸ ਅਤੇ ਮੋਤੀ ਰਾਮ ਦੱਖਣੀ ਭਾਰਤ ਰਾਏ। ਇਨ੍ਹਾਂ ਨੇ ਪੰਜਾਬ ਵਿਚ ਹੁਸ਼ਿਆਰਪੁਰ ਤੋ ਇਲਾਵਾ ਅੰਮ੍ਰਿਤਸਰ ਵਿਚ ਵੀ ਇਕ ਧਰਮਸ਼ਾਲਾ ਸੁਲਤਾਨਵਿੰਡ ਦਰਵਾਜੇ ਕੋਲ ਬਣਾਈ।

ਚਾਰ ਧੂਇਆਂ ਤੋਂ ਬਾਅਦ ਇਸ ਪੁਸਤਕ ਵਿਚ ਛੇਅ ਬਖਸਾਂ ਦਾ ਜ਼ਿਕਰ ਹੈ। ਇਹ ਬਖਸ਼ਾ ਗੁਰੂ ਹਰਿਰਾਇ ਸਾਹਿਬ ਦੁਆਰਾ ਕੀਤੀਆਂ ਗਈਆਂ ਪਹਿਲੀ ਬਖਸ਼ 'ਭਗਤ ਭਗਵਾਨ ਜੀ' ਦੀ ਹੈ। ਇਨ੍ਹਾਂ ਦੇ ਜਨਮ ਬਾਰੇ ਕੁਝ ਖਾਸ ਪਤਾ ਨਹੀਂ। ਇਹ ਸਾਧੂ ਦੇ ਰੂਪ ਵਿਚ ਗੁਰੂ ਹਰਿਰਾਇ ਜੀ ਦੇ ਦਰਬਾਰ ਵਿਚ ਸੀਤਾਪੁਰ ਸਾਹਿਬ ਵਿਖੇ ਆਇਆ। ਇਹ ਗੁਰੂ ਸਾਹਿਬ ਦੇ ਦਰਸ਼ਨ ਕ੍ਰਿਸ਼ਨ ਰੂਪ ਵਿਚ ਕਰਨਾ ਚਾਹੁੰਦਾ ਸੀ ਜਿਹੜੇ ਇਸ ਨੂੰ ਪ੍ਰਤੀਤ ਹੋਏ। ਇਸ ਨੂੰ ਗੁਰੂ ਸਾਹਿਬ ਨੇ ਬਾਬਾ ਮਿਹਰ ਚੰਦ ਜੋ ਗੁਰੂ ਨਾਨਕ ਦੇਵ ਜੀ ਦਾ ਪੋਤਾ ਸੀ ਅਤੇ ਬਾਬਾ ਸ੍ਰੀ ਚੰਦ ਜੀ ਦੇ ਸਥਾਨ ਤੇ ਗੱਦੀ ਨਸ਼ੀਨ ਸੀ, ਕੋਲ ਭੇਜਿਆ। ਉਥੇ ਇਹ ਬਾਬਾ ਮਿਹਰਚੰਦ ਦਾ ਸੇਵਕ ਹੋ ਗਿਆ ਅਤੇ ਪਿਛਲਾ ਭੇਖ ਤਿਆਗ ਕੇ ਭਗਤ-ਭਗਵਾਨ ਨਾਮ ਰਖਾਇਆ । ਇਸ ਨਾਲ ਆਏ ਕਈ ਸਾਧੂ ਵੀ ਉਨਾਂ ਦੇ ਸ਼ਿਸ ਬਣੇ। ਮਿਹਰ ਚੰਦ ਜੀ ਦੀ ਸਲਾਹ ਨਾਲ ਇਨ੍ਹਾਂ ਨੇ ਗੁਰੂ ਹਰਿਰਾਇ ਜੀ ਤੋਂ ਸਿੱਖੀ ਧਾਰਨ ਕੀਤੀ ਅਤੇ ਇਨ੍ਹਾਂ ਦੁਆਰਾ ਪੂਰਬ ਵਿਚ ਤਿੰਨ ਸੌ ਡੇਰੇ ਬਣਾਏ ਰਾਏ। ਇਸ ਬਖਸ਼ ਦੇ ਸੰਤਾਂ ਨੇ ਕਾਫ਼ੀ ਗੁਰਧਾਮ ਲਭੇ।

ਦੂਜੀ ਬਖ਼ਸ਼ 'ਸੁਥਰੇ ਸ਼ਾਹ ਜੀ' ਦੀ ਸੀ। ਇਸ ਦਾ ਪਾਲਣ-ਪੋਸ਼ਣ ਗੁਰੂ ਗੋਬਿੰਦ ਸਾਹਿਬ ਨੇ ਕੀਤਾ ਸੀ। ਇਸ ਦਾ ਕਾਰਨ ਇਸ ਦੇ ਬਚਪਨ ਵਿਚ ਦੰਦ ਹੋਣ ਕਾਰਨ ਇਸ ਦੇ ਮਾਪਿਆਂ ਵਲੋਂ ਇਸ ਦਾ ਤਿਆਗ ਕੀਤਾ ਗਿਆ ਸੀ। ਇਸ ਨਾਲ ਸੰਬੰਧਿਤ ਵੀ ਵਿਸਥਾਰਿਤ ਚਰਚਾ ਭਾਈ ਸਾਹਿਬ ਨੇ ਕੀਤੀ ਹੈ। ਇਸ ਪੁਸਤਕ ਵਿਚ ਇਸ ਨਾਲ ਸੰਬੰਧਿਤ ਕਥਾਵਾਂ ਹਨ ਜਿਹੜੀਆਂ ਸੁਥਰੇ ਦੇ ਸੁਭਾਅ ਬਾਰੇ ਰੌਸ਼ਨੀ ਪਾਉਂਦੀਆ ਹਨ। ਗੁਰੂ ਹਰਿਰਾਇ ਜੀ ਨੇ ਇਨ੍ਹਾਂ ਨੂੰ ਦਿੱਲੀ ਵਲ ਨੂੰ ਭੇਜਿਆ ਜਿਥੇ ਨੇ ਇਨ੍ਹਾਂ ਨੇ ਕਾਜੀਆ ਦਾ ਸੁਧਾਰ ਕੀਤਾ। ਭਾਈ ਸਾਹਿਬ ਦੇ ਚਾਰ ਸੇਵਕ ਭਾਈ ਜਾਦੋ, ਝੂੰਜਾ ਸ਼ਾਹ, ਰਜਾਲ ਸ਼ਾਹ ਅਤੇ ਅੰਧੇਰ ਸ਼ਾਹ ਹੋਏ। ਇਨ੍ਹਾਂ ਨੇ ਦੂਰ-ਦੂਰ ਤੱਕ ਸਿੱਖੀ ਦਾ ਪ੍ਰਚਾਰ ਕੀਤਾ। ਭਾਈ ਸੁਥਰੇ ਸ਼ਾਹ ਦੇ ਨਾਮ 'ਤੇ ਕਈ ਟੱਪੇ ਵੀ ਪ੍ਰਚਲਿਤ ਹਨ, ਜਿਨ੍ਹਾਂ ਨੂੰ ਇਸ ਪੁਸਤਕ ਵਿਚ ਦਰਜ ਕੀਤਾ ਗਿਆ ਹੈ। ਇਸਦੇ ਨਾਲ ਇਸ ਸੰਪਰਦਾਇ ਦਾ ਫੈਲਾਅ ਅਤੇ ਇਸ ਦੁਆਰਾ ਖੋਜੇ ਗੁਰਧਾਮਾ ਦਾ ਵੇਰਵਾ ਵੀ ਦਿੱਤਾ ਗਿਆ ਹੈ।

ਉਪਰੋਕਤ ਬਖਸ਼ਾਂ (ਬਖਸ਼ਿਸਾਂ) ਤੋਂ ਇਲਾਵਾ ਚਾਰ ਬਖਸ਼ਾਂ ਹੋਰ ਸਨ, ਜਿਵੇਂ 'ਭਾਈ ਸੰਗਤ ਸਾਹਿਬ', 'ਭਾਈ ਮੀਹਾਂ ਸਾਹਿਬ', 'ਭਾਈ ਬਖਤ ਮੱਲਜੀ', 'ਭਾਈ ਜੀਤ ਮੱਲ ਜੀ'। ਇਨ੍ਹਾਂ ਸਭ ਦਾ

ਵਿਸਥਾਰਿਤ ਜ਼ਿਕਰ ਇਸ ਪੁਸਤਕ ਵਿਚ ਦਰਜ ਹੈ। ਇਨ੍ਹਾਂ ਨਾਲ ਰਾਮਦਾਸ ਕੇ, ਸੋਢੀ ਦੱਖਣੀ ਰਾਇ ਕੇ, ਸਾਧੂ ਨੰਦ ਲਾਲ ਜੀ ਕੇ ਦਿਵਾਨੇ ਸਾਧ, ਹੀਰਾ ਦਾਸ, ਰਾਮ ਰਾਈਏ ਜਿਹੜੇ ਕਿਸੇ ਨਾ ਕਿਸੇ ਤਰ੍ਹਾਂ ਗੁਰੂ ਘਰ ਨਾਲ ਜੁੜੇ ਰਹੇ ਸਭ ਦਾ ਜ਼ਿਕਰ ਭਾਈ ਰਣਧੀਰ ਸਿੰਘ ਨੇ ਬਹੁਤ ਹੀ ਢੁਕਵਾਂ ਕੀਤਾ ਹੈ।

ਅੰਤਿਕਾਵਾਂ ਦੇ ਰੂਪ ਵਿੱਚ ਉਦਾਸੀ ਸਿੱਖਾਂ ਹੀ ਨਾਮਵਾਲੀ ਅਤੇ ਧਰਮਸ਼ਾਲਾ ਆਦਿ ਦੀ ਸੂਚੀ ਮੁਹਈਆ ਕਰਵਾ ਲਈ ਗਈ ਹੈ। ਜਿਸ ਕਿਸੇ ਸਾਧੂ ਦਾ ਨਾਮ ਜਾਂ ਧਰਮਸਾਲ ਦਾ ਨਾਮ ਪੁਸਤਕ ਵਿਚ ਜਿਸ ਵੀ ਪੂੰਨੇ ਉਪਰ ਉਸਦਾ ਜਿਕਰ ਹੈ, ਪੰਨੇ ਦਾ ਨੰਬਰ ਦਿੱਤਾ ਗਿਆ ਹੈ। ਇਸ ਤਰ੍ਹਾਂ ਇਹ ਨਾਵਾਂ-ਥਾਵਾਂ ਦੀ ਅਨੁਕ੍ਰਮਿਕਾ ਵਜੋਂ ਸਮਝੀ ਜਾ ਸਕਦੀ ਹੈ। ਅੰਤ ਵਿਚ ਇਸ ਪੁਸਤਕ ਦਾ ਰਿਵਿਊ ਪ੍ਰੋਫੈਸਰ ਪ੍ਰੀਤਮ ਸਿੰਘ ਪਟਿਆਲਾ ਵਲੋਂ ਕੀਤਾ ਗਿਆ ਹੈ। ਇਸ ਵਿਚ ਉਨ੍ਹਾਂ ਨੇ ਉਦਾਸੀ ਸੰਪਰਦਾਇ ਦੀ ਪ੍ਰਚਾਰ ਵਾਲੀ ਭਾਵਨਾਂ ਮੰਦ ਪੈ ਜਾਣ ਤੇ ਪ੍ਰਸ਼ਨ ਉਠਾਏ ਹਨ। ਉਨ੍ਹਾਂ ਦੁਆਰਾ ਸਿੱਖ ਪੰਥ ਵਿਚ ਉਦਾਸੀਆਂ ਦੇ ਪ੍ਰਚਾਰ ਦੀ ਥਾਂ ਨਾ ਭਰੇ ਜਾਣ ਉਪਰ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਦੇ ਭਾਈ ਸਾਹਿਬ ਦੀ ਘਾਲਣਾ ਦੀ ਪ੍ਰਸ਼ੰਸ਼ਾ ਵੀ ਕੀਤੀ ਹੈ।

ਇਸ ਪੁਸਤਕ ਦਾ ਪਾਠ ਕਰਦਿਆਂ ਸਾਨੂੰ ਇਸਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਨਜ਼ਰੀ ਪਈਆਂ ਹਨ:

1. ਇਹ ਪੁਸਤਕ ਬਾਬਾ ਸ੍ਰੀ ਚੰਦ ਅਤੇ ਭਾਈ ਗੁਰਦਿੱਤਾ ਜੀ ਨਾਲ ਜੁੜੀਆਂ ਅਨੇਕਾਂ ਭ੍ਰਾਤੀਆਂ ਦਾ ਖੰਡਨ ਕਰਦੀ ਹੈ। ਜਿਵੇਂ ਭਾਈ ਗੁਰਦਿੱਤਾ ਜੀ ਦਾ ਬਾਬਾ ਸ੍ਰੀ ਚੰਦ ਜੀ ਦਾ ਚੇਲਾ ਹੋਣਾ, ਬਾਬਾ ਗੁਰਦਿੱਤਾ ਜੀ ਦੁਆਰਾ ਧੂੰਇਆਂ ਦੀ ਸਥਾਪਨਾ ਕਰਵਾਉਣੀ ਆਦਿ।
2. ਇਸ ਪੁਸਤਕ ਤੋਂ ਪਤਾ ਲਗਦਾ ਹੈ। ਕਿ ਉਦਾਸੀ ਸਾਧੂ ਗ੍ਰਹਿਸਤੀ ਨਹੀਂ ਹੁੰਦੇ ਸਨ ਛੇਵੇਂ ਪਾਤਸ਼ਾਹ ਅਤੇ ਸਤਵੇ ਪਾਤਸ਼ਾਹ ਨੇ ਉਨ੍ਹਾਂ ਨੂੰ ਪ੍ਰਚਾਰ ਦੀ ਜਿੰਮੇਵਾਰੀ ਦਿੱਤੀ ਸੀ।
3. ਉਦਾਸੀਆਂ ਦੀਆਂ ਆਪਣੀਆਂ ਪ੍ਰਣਾਲੀਆਂ ਸਨ, ਜਿਨ੍ਹਾਂ ਦਾ ਕੰਮ ਗੁਰ ਅਸਥਾਨਾਂ ਦੀ ਭਾਲ ਕਰਨਾ, ਸਿੱਖੀ ਦਾ ਪ੍ਰਚਾਰ ਕਰਨਾ, ਲੋਕਾ ਨੂੰ ਗੁਰਮੰਤ੍ਰ ਦੇਣਾ ਅਤੇ ਚੇਲੇ ਬਣਾਉਣਾ ਸੀ।
4. ਇਹ ਪੁਸਤਕ ਉਦਾਸੀ ਸੰਪਰਦਾਇ ਦਾ ਇਕ ਮਹੱਤਵਪੂਰਨ ਕੋਸ਼ ਹੈ? ਇਸ ਵਿਚ ਉਨ੍ਹਾਂ ਦੇ ਡੇਰੇ, ਡੇਰੇਦਾਰ, ਉਨ੍ਹਾਂ ਦੁਆਰ ਸਥਾਪਿਤ ਗੁਰਧਾਮ ਆਦਿ ਦਾ ਵਿਸਥਾਰਿਤ ਜ਼ਿਕਰ ਹੈ।
5. ਭਾਈ ਸਾਹਿਬ ਨੇ ਉਨ੍ਹਾਂ ਸਾਰੇ ਗ੍ਰੰਥਾਂ ਦਾ ਖੰਡਨ ਕੀਤਾ ਹੈ ਜਿਨ੍ਹਾਂ ਵਿਚ ਗੁਰੂ ਸਾਹਿਬਾਨ ਨੂੰ ਅਵਤਾਰ ਬਣਾਉਣ ਦੀ ਕੋਸ਼ਿਸ ਕੀਤੀ ਹੈ।
6. ਭਾਈ ਸਾਹਿਬ ਨੇ ਸਮੱਗਰੀ ਨੂੰ ਬੜੀ ਪੜਚੋਲ ਨਾਲ ਇਕੱਤਰ ਕਰਕੇ ਉਦਾਸੀ ਸੰਪਰਦਾਇ ਨੂੰ ਸਿੱਖ ਪੰਥ ਦਾ ਅੰਗ ਮੰਨ ਕੇ ਵਿਚਾਰਨ ਦਾ ਇਕ ਵਿਧੀਵਧ ਕਾਰਜ ਕੀਤਾ ਹੈ।

**4. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਬਦਿ-ਮੂਰਤਿ (ਦਸਵੇਂ ਪਾਤਿਸ਼ਾਹ ਗ੍ਰੰਥ) ਦਾ ਇਤਿਹਾਸ**: ਇਹ ਪੁਸਤਕ ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ ਵਲੋਂ ਸੰਮਤ ੪੮੭ ਗੁਰੂ= ੨੦੧੨ ਬਿ. ਨੂੰ ਛਾਪੀ ਗਈ। ਇਸਦੇ 102 ਪੰਨਿਆ ਉਪਰ ਇਸਦੇ ਪਾਠ ਤੋਂ ਇਲਾਵਾ ਇਕ 'ਸੁੱਧੀ ਪੱਤ੍ਰ', 'ਮੁੱਢਲੀ ਬੇਨਤੀ' ਦੇ ਰੂਪ ਵਿਚ ਇਸ ਪੁਸਤਕ ਦੀ ਜਾਣ ਪਛਾਣ, ਪੁਸਤਕ ਦੇ ਅਖੀਰ ਵਿਚ ਅੱਠ ਪੰਨਿਆ ਉਪਰ 'ਸਿੱਖ ਹਿਸਟਰੀ ਸੋਸਾਇਟੀ ਤੇ ਉਸਦੇ ਪ੍ਰਕਾਸ਼ਨ' 'ਸਿੱਖ ਰੈਫਰੈਂਸ ਲਾਇਬ੍ਰੇਰੀ' ਬਾਰੇ ਜਾਣਕਾਰੀ ਹੈ। ਇਸ ਤਰ੍ਹਾਂ ਇਹ ਪੁਸਤਕ ਸਿਰਲੇਖ ਪੰਨੇ ਤੋਂ ਇਲਾਵਾ 2+102+8=112 ਪੰਨਿਆਂ ਦੀ ਬਣਦੀ ਹੈ। ਇਸ ਪੁਸਤਕ ਦਾ ਸੰਖੇਪ ਵੇਰਵਾ ਹੇਠ ਲਿਖੇ ਅਨੁਸਾਰ ਹੈ।

ਇਹ ਪੁਸਤਕ ਅਧਿਆਇਆਂ ਵਿਚ ਨਹੀਂ ਵੰਡੀ ਗਈ ਪਰੰਤੂ ਇਸਦੇ ਸਿਰਲੇਖ ਅਤੇ ਉਪ ਸਿਰਲੇਖ ਦਿੱਤੇ ਗਏ ਹਨ, ਜਿਨ੍ਹਾਂ ਦਾ ਪਤਾ ਫੌਂਟ ਦੇ ਮੋਟੇ ਅਤੇ ਛੋਟੇ ਰੂਪਾਂ ਤੋਂ ਲਗਦਾ ਹੈ, ਜਿਵੇਂ 'ਦਸਵੇਂ ਪਾਤਿਸ਼ਾਹ ਦਾ ਗ੍ਰੰਥ' ਇਸ ਦਾ ਸਿਰਲੇਖ ਹੈ ਅਤੇ ਇਸਦੇ ਹੇਠਾਂ 'ਦਸਮੇਸ਼ ਜੀ ਦੀ ਸ਼ਾਨਦਾਰ ਸਾਹਿਤ ਸੇਵਾ!' ਉਪ ਸਿਰਲੇਖ ਵਜੋਂ ਦਿਤਾ ਜਾਪਦਾ ਹੈ। ਅਸੀ ਇਸ ਪੁਸਤਕ ਨੂੰ ਇਕ ਪੜ੍ਹਤ ਵਜੋਂ ਵਿਚਾਰਾਂਗੇ। ਪੁਸਤਕ ਦੀ ਸ਼ੁਰੂਆਤ ਵਿਚ 'ਮੁਢਲੀ ਬੇਨਤੀ' ਵਜੋਂ ਭਾਈ ਸਾਹਿਬ ਨੇ ਸਾਨੂੰ ਜਾਣਕਾਰੀ ਦਿੱਤੀ ਹੈ ਕਿ ਦਸਮ ਪਾਤਸ਼ਾਹ ਦੇ ਇਸ ਗ੍ਰੰਥ ਦੇ ਦਰਸ਼ਨ ਦੁਰਲਭ ਹੋ ਗਏ ਹਨ, ਇਸ ਦਾ ਕਾਰਨ ਇਸ ਦੀ ਭਾਸ਼ਾ ਦਾ ਪੁਰਾਣਾ ਅਤੇ ਲੜੀਵਾਰ ਹੋਣ ਤੋਂ ਇਲਾਵਾ ਦੇਸ ਭਾਖਾ ਅਤੇ ਅਰਬੀ-ਫਾਰਸੀ ਦੀ ਸ਼ਬਦਾਂ ਦੀ ਰਲਾਵਟ ਹੋਣਾ ਹੈ। ਇਸ ਨੂੰ ਸਧਾਰਨ ਬੰਦਿਆਂ ਤੋਂ ਨਹੀ਼ ਪੜ੍ਹਿਆ ਜਾਂਦਾ। ਇਸ ਨੂੰ ਸੁਖਾਲਾ ਕਰਨ ਲਈ ਸ੍ਰੀ ਦਰਬਾਰ ਸਾਹਿਬ ਕਮੇਟੀ, ਅੰਮ੍ਰਿਤਸਰ ਨੇ ਇਸ ਗ੍ਰੰਥ ਦੇ ਸ਼ਬਦਾਰਥ ਤਿਆਰ ਕਰਵਾਉਣ ਦਾ ਐਲਾਨ 26-09-1931 ਨੂੰ ਕੀਤਾ। ਲੇਖਕ ਨੇ ਇਸ ਕਾਰਜ ਨੂੰ ਸ਼ੁਰੂ ਕੀਤਾ ਜਿਹੜਾ ਚਾਰ ਸਾਲਾਂ ਦੀ ਮਿਹਨਤ ਨਾਲ 1935 ਈ: (ਸੰਮਤ 1992) ਨੂੰ ਪੂਰਾ ਹੋਇਆ। ਇਸ ਤੋਂ ਇਲਾਵਾ ਦਸਮ ਗ੍ਰੰਥ ਸੰਬੰਧੀ ਸ਼ੰਕਿਆਂ ਦੀ ਪੜਤਾਲ ਕਰਕੇ ਉਹਨ੍ਹਾਂ ਨੂੰ ਦੂਰ ਕਰਨ ਲਈ ਸੱਤ-ਅੱਠ ਸਾਲ ਦਾ ਸਮਾਂ ਲਗਇਆ ਗਿਆ ਜਿਸਦਾ ਨਤੀਜਾ ਇਹ ਪੁਸਤਕ ਹੈ।[19] 'ਮੁਢਲੀ ਬੇਨਤੀ' ਤੋਂ ਬਾਅਦ ''ਦਸਵੀਂ ਪਾਤਿਸਾਹ ਦਾ ਗ੍ਰੰਥ ਸਿਰਲੇਖ ਅਧੀਨ ਕੁਝ ਉਪ ਸਿਰਲੇਖ ਜਿਵੇਂ 'ਦਸਮੇਸ਼ ਜੀ ਦੀ ਸ਼ਾਨਦਾਰ ਸਾਹਿਤ ਸੇਵਾ', 'ਗ੍ਰੰਥ ਰਚਨ ਦਾ ਮਨੋਰਥ', 'ਰਚਨਾ ਦਾ ਵੇਰਵਾ ਆਦਿ ਹਨ। ਇਨ੍ਹਾਂ ਉਪ-ਸਿਰਲੇਖਾਂ ਅਧੀਨ 'ਗੁਰੂ' ਗੁਰਬਾਣੀ ਵਿਚ ਪਰਤਖ ਵਰਤਦਾ ਦੱਸਿਆ ਹੈ।[20] ਗੁਰਬਾਣੀ ਰੂਪ ਵਿਚ ਦੋ ਸ਼ਬਦ ਮੂਰਤਾਂ ਗੁਰੂ ਗ੍ਰੰਥ

---

[19] ਭਾਈ ਰਣਧੀਰ ਸਿੰਘ, *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀ ਸ਼ਬਦਿ-ਮੂਰਤਿ (ਦਸਵੇਂ ਪਾਤਿਸ਼ਾਹ ਗ੍ਰੰਥ)*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1955, ਪੰ.14.

[20] *ਉਹੀ,* ਪੰ. 2.

ਸਾਹਿਬ ਅਤੇ ਦਸਮ ਗ੍ਰੰਥ ਸਾਡੇ ਕੋਲ ਮੌਜੂਦ ਹਨ। ਗੁਰੂ ਗ੍ਰੰਥ ਸਾਹਿਬ ਇਲਾਹੀ ਬਾਣੀ ਦਾ ਦਰਜਾ ਪਰਮਾਰਥਕ ਹੋਣ ਕਰਕੇ ਰੱਖਦੀ ਹੈ। ਜਦੋਂ ਕਿ ਦਸਮ ਗ੍ਰੰਥ ਨੂੰ ਸਾਖੀ ਪ੍ਰਮਾਣ ਆਖਿਆ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਹੁਤ ਸਾਰੀ ਬਾਣੀ ਦਾ ਟੀਕਾ ਗੁਰੂ ਗੋਬਿੰਦ ਸਿੰਘ ਜੀ ਨੇ 'ਵਿਚਿਤ੍ਰ ਨਾਟਕ' ਵਿਚ ਕੀਤਾ ਹੈ। ਭਾਈ ਸਾਹਿਬ ਇਸ ਨੂੰ 'ਸਿਰਠੀ ਦਾ ਇਤਿਹਾਸ' ਆਖਦੇ ਹਨ।

ਭਾਈ ਸਾਹਿਬ 'ਗ੍ਰੰਥ ਰਚਨ ਦਾ ਮਨੋਰਥ' ਧਰਮ ਯੁਧ ਦਾ ਚਾਅ ਪੈਂਦਾ ਕਰਨਾ, ਦੁਸ਼ਟਾਂ ਦਾ ਨਾਸ਼ ਕਰਨਾ ਆਦਿ ਦੱਸਿਆ ਹੈ।

'ਰਚਨਾ ਦਾ ਵੇਰਵਾ' ਉਪ-ਸਿਰਲੇਖ ਵਿਚ ਭਾਈ ਸਾਹਿਬ ਨੇ ਦੱਸਿਆ ਹੈ ਕਿ ਦਸਮ ਗ੍ਰੰਥ ਦੀਆਂ ਬੀੜਾਂ ਵਿਚ ਕੁਲ ਸਤਾਰਾਂ ਹਜ਼ਾਰ ਤਿੰਨ ਸੈ ਸਾਢੇ ਤ੍ਰਿਵੰਜਾਹ ਛੰਦ ਹਨ ਅਤੇ ਰਚਨਾਵਾਂ ਅੱਠ ਹੈ ਜਿਨ੍ਹਾਂ ਵਿਚ ਜਾਪੁ, ਅਕਾਲ ਉਸਤਤਿ, ਬਚਿਤ੍ਰ ਫਾਟਕ, ਸ਼ਾਸਤ੍ਰ ਨਾਅ ਮਾਲਾ, ਵਾਰ ਸ੍ਰੀ ਭਗਉਤ (ਦੁਰਗਾ) ਜੀ ਕਿ, ਗਿਆਨ ਪ੍ਰਬੋਧ ਗ੍ਰੰਥ, ਅਸਫੋਟਕ ਅਤੇ ਜਫਰਨਾਮਾ ਹਨ। ਇਸ ਤੋਂ ਇਲਾਵਾ ਕੁਝ ਰਚਨਾ ਦੇ ਗੁੰਮ ਹੋ ਜਾਣ ਦਾ ਅੰਦੇਸ਼ਾ ਵੀ ਜਾਹਿਰ ਕੀਤਾ ਹੈ। ਭਾਈ ਸਾਹਿਬ ਅਨੁਸਾਰ ਇਸ ਗ੍ਰੰਥ ਦਾ ਰਚਨਾ ਨਾਲ (ਭਾਵ ਸੰਪੂਰਨਤਾ) ਸੰਮਤ 1755 ਹਾੜ 15 (ਜੂਨ 1698) ਹੈ। ਇਸ ਲਈ ਉਹ ਰਾਮ ਕਥਾ ਦਾ ਹਵਾਲਾ ਦਿੰਦੇ ਹਨ-

ਸੰਮਤ ਸੋਤ੍ਰਹ ਸਹਸ ਪਚਾਣਨ।
ਹਾੜ ਵਦੀ ਪ੍ਰਿਥਮ ਸੁਖ ਦਾਵਨ।

ਨਾਲ ਹੀ ਕੇਸਰ ਸਿੰਘ ਛਿਬਰ ਦੇ ਹਵਾਲੇ ਨਾਲ ਜਿਹੜਾ ਬੰਸਾਵਲੀ ਨਐਂ ਵਿਚੋਂ ਦਿੱਤਾ ਹੈ। ਆਪਣੇ ਵਿਚਾਰ ਦੀ ਪੁਸ਼ਟੀ ਕੀਤੀ ਹੈ। ਇਸ ਦੇ ਨਾਲ ਹੀ ਦੇ ਬਿਪਾਠ ਕ੍ਰਿਸ਼ਨ ਕਥਾ 'ਸ਼ਸਤ੍ਰ ਨਾਅ ਮਾਲਾ' ਆਦਿ ਪਾਠਾਂ ਦਾ ਰਚਨਾ ਨਾਲ ਭਾਈ ਸੰਖਪ ਸਿੰਘ ਆਦਿ ਦੇ ਹਵਾਲੇ ਨਾਂ ਸਿੱਧ ਕੀਤਾ ਹੈ।

'ਕਥਾ-ਪ੍ਰਸੰਗਾਂ ਦੀ ਤਰਤੀਬ' ਸਿਰਲੇਖ ਅਧੀਨ ਦਸਮ ਗੰਥ ਦੀਆਂ ਬੀੜਾਂ ਵਿਚ, ਜਿਹੜੀਆਂ ਦੇ ਦਰਸ਼ਨ ਵੱਖ-ਵੱਖ ਥਾਵਾਂ ਊਪਰ ਭਾਈ ਸਾਹਿਬ ਨੇ ਕੀਤੇ ਸਨ, ਬਾਣੀਆਂ ਜਾਂ ਪਾਠਾਂ ਦੀ ਤਰਤੀਬ ਦਾ ਵਰਨਣ ਕੀਤਾ ਮਿਲਦਾ ਹੈ। ਸਭ ਤੋਂ ਪਹਿਲੀ ਬੀੜ ਭਾਈ ਮਨੀ ਸਿੰਘ ਵਾਸੀ ਹੈ, ਜਿਹੜੀ ਮਾਤਾ ਸੁੰਦਰੀ ਜੀ ਹੁਕਮ ਨਾਲ ਦਸਮ ਗੰਥ ਦੀ ਪਹਿਲੀ ਬੀੜ (ਜਿਸਦਾ ਹਵਾਲਾ ਭਾਈ ਕੇਸਰ ਸਿੰਘ ਨੇ ਦਿੱਤਾ ਹੈ, ਜਿਸਦੀ ਜਿਲਦ ਨਹੀਂ ਬੰਨ੍ਹੀ ਸੀ ਅਤੇ ਇਹ ਜੰਗਾਂ-ਯੁੱਧਾਂ ਅਤੇ ਅਨੰਦਪੁਰ ਛੱਡਣ ਸਮੇਂ ਖਰਦ-ਬੁਰਦ ਹੋ ਗਈ ਸੀ) ਤੋਂ ਬਾਅਦ ਹੋਂਦ ਵਿੱਚ ਆਈ। ਇਸ ਦਾ ਹਵਾਲਾ ਭਾਈ ਮਨੀ ਸਿੰਘ ਦੀ ਇਤਿਹਾਸਿਕ ਚਿੱਠੀ ਦੀ ਰੋਸ਼ਨੀ ਵਿਚ

ਦਿੱਤਾ ਹੈ। ਇਹ ਚਿਠੀ 19 ਅਪ੍ਰੈਲ 1718 ਨੂੰ ਲਿਖੀ ਸੀ। ਇਸ ਚਿੱਠੀ ਵਿਚ ਭਾਈ ਮਨੀ ਸਿੰਘ ਜੀ ਨੇ ਮਾਤਾ ਜੀ ਨੂੰ 'ਚਰਿਤ੍ਰੋਪਾਖਿਆਨ, 'ਖਿਆਲ', 'ਕਰਿਸ਼ਨਾਵਤਾਰ ਪੂਰਬਾਰਧ' ਆਦਿ ਪਾਠਾਂ ਦੇ ਮਿਲਣ ਬਾਰੇ ਲਿਖਿਆ ਹੈ। ਭਾਈ ਮਨੀ ਸਿੰਘ ਜੀ ਨੇ ਜਿਹੜੀ ਬੀੜ ਸੰਪਾਦਿਤ ਕੀਤੀ, ਉਸਦਾ ਸੰਮਤ ਕੇਸਰ ਸਿੰਘ ਛਿੱਬਰ ਅਨੁਸਾਰ 1782-83 ਅਤੇ ਗਿਆਨੀ ਗਿਆਨ ਸਿੰਘ ਅਨੁਸਾਰ 1778 ਬਿ. ਦੱਸਿਆ ਹੈ।[21] ਛਿੱਬਰ ਜੀ ਦੇ ਬਿਆਨ ਦੇ ਅਧਾਰ ਤੇ ਦੱਸੀ ਜਾਂਦੀ ਬੀੜ ਸ. ਗੁਲਾਬ ਸਿੰਘ 'ਸੇਠੀ' ਲਾਹੌਰ ਵਾਲਿਆਂ ਕੋਲ ਸੀ ਜਿਸ ਨੂੰ ਲੇਖਕ ਨੇ ਸਿਤੰਬਰ 1946 ਵਿਚ ਦੇਖਿਆ ਸੀ। ਪਰੰਤੂ ਇਸ ਉਪਰ ਕਿਸੇ ਹੋਰ ਨੇ 'ਸੰਮਤ 1770' ਲਿਖ ਦਿੱਤਾ ਹੈ। ਭਾਈ ਮਨੀ ਸਿੰਘ ਵਾਲੀ ਬੀੜ ਵਿਚ ਬਾਣੀ ਦੀ ਤਰਤੀਬ ਇਸ ਤਰ੍ਹਾਂ ਹੈ।

1. ਜਾਪੁ
2. ਬਿਚਿਤ੍ਰ ਨਾਟਕ ਗ੍ਰੰਥ (ੳ) ਅਪਨੀ ਕਥਾ (ਅ) ਚੰਡੀ ਚਰਿਤ੍ਰ (ਦੋਵੇਂ) (ੲ) ਬਿਸ਼ਨੁ ਦੇ 24 ਅਵਤਾਰ (ਸ) ਉਪ ਅਵਤਾਰ-ਬ੍ਰਮਾ ਤੇ ਰੁਦ੍ਰਦੇ (ਹ) ਅੰਤਿਕਾ ਸੈਵਯੇ ਤੇ (ਸ਼ਬਦ ਰਾਗਾਂ ਕੇ)
3. ਸ਼ਸਤ੍ਰ ਨਾਮ ਮਾਲਾ
4. ਗਿਆਨ ਪ੍ਰਬੋਧ
5. ਅਕਾਲ ਉਸਤਤਿ
6. ਚੰਡੀ ਦੀ ਵਾਰ
7. ਚਰਿਤ੍ਰੋ ਪਾਖਯਾਨ
8. ਜ਼ਫ਼ਰਨਾਮਾ (ਗੁਰਮੁਖੀ ਤੇ ਫਾਰਸੀ ਅਖਰਾਂ ਚ)

ਭਾਈ ਮਨੀ ਸਿੰਘ ਦੀਆਂ ਲੱਭ ਕੇ ਭੇਜੀਆਂ ਸੈਂਚੀਆਂ ਨੂੰ ਦਿੱਲੀ ਵਿਚ ਮਾਤਾ ਜੀ ਦੇ ਮਹਿਲਾਂ ਵਿਚ ਭਾਈ ਸ਼ੀਹਾਂ ਸਿੰਘ ਲਿਖਾਰੀ ਨੇ ਤਰਤੀਬ ਦਿੱਤੀ। ਇਸ ਅਸਲੀ ਗ੍ਰੰਥ ਦਾ ਤਾਂ ਪਤਾ ਨਹੀਂ ਲੱਗਾ ਪਰੰਤੂ ਜੀਂਦ ਦੇ ਮਹਾਰਾਜਾ ਸਰੂਪ ਸਿੰਘ ਨੂੰ 1875 ਗਦਰ ਸਮੇਂ ਇਕ ਪੁਰਾਤਨ ਗ੍ਰੰਥ ਸਾਹਿਬ ਮਿਲੇ ਸਨ। ਉਸਦਾ ਉਤਰਾਰਧ (ਦੂਜਾ ਹਿੱਸਾ) ਜਿਹੜਾ 601 ਪੱਤਰੇ ਤੋਂ ਆਰੰਭ ਹੁੰਦਾ ਹੈ। ਇਸ ਵਿਚ ਸ਼ਾਇਦ 'ਆਦਿ ਬੀੜ' ਵਾਲੀ ਅੰਕਿਤ ਸੀ ਜੋ ਕਿਸੇ ਨੇ ਨਿਖੇੜ ਦਿੱਤੀ ਪਰੰਤੂ ਦਸ਼ਮੇਸ਼ ਜੀ ਦੀ ਬਾਣੀ ਦਰਜ ਹੈ।

---

[21] ਭਾਈ ਰਣਧੀਰ ਸਿੰਘ, *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀ ਸ਼ਬਦਿ-ਮੂਰਤਿ (ਦਸਵੇਂ ਪਾਤਿਸ਼ਾਹ ਗ੍ਰੰਥ)*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1955, ਪੰ. 40.

ਦਸਮ ਗ੍ਰੰਥ ਦੀਆਂ ਇਨ੍ਹਾਂ ਬੀੜਾਂ ਤੋਂ ਇਲਾਵਾ ਭਾਈ ਸਾਹਿਬ ਨੇ ਹੋਰ ਬੀੜਾਂ ਜਿਨ੍ਹਾਂ ਵਿਚ ਹਰਿਮੰਦਰ, ਪਟਨਾ ਸਾਹਿਬ ਦੇ 'ਸੇਵਾਦਾਰਾਂ-ਪ੍ਰਬੰਧਕਾਂ' ਵਲੋਂ ਤਿਆਰ ਕੀਤੀ ਬੀੜ ਜਿਹੜੀ 'ਪਟਣੇ ਜੀ ਦੀ ਮਿਸਲ' ਵਜੋਂ ਪ੍ਰਸਿੱਧ ਸੀ। ਇਹ ਅਠਾਰਵੀਂ ਸਦੀ ਦੀ ਹੈ, ਇਸਦਾ ਅੰਮ੍ਰਿਤਸਰ ਅਕਾਲ ਬੁੰਗੇ ਵਿਚ ਪਿਆ ਉਤਾਰਾ; ਪਟਨਾ ਸਾਹਿਬ ਦੇ ਤੋਸ਼ੇਖਾਨੇ ਵਿਚਲੀ ਬੀੜ, ਮੋਤੀ ਬਾਗ ਵਾਲੀ ਬੀੜ, ਗੁਰਦੁਆਰਾ ਭਾਈ ਤਾਰਾ ਸਿੰਘ ਕਲਕੱਤਾ ਵਾਲੀ ਬੀੜ ਆਦਿ ਦਾ ਜ਼ਿਕਰ ਵੀ ਕੀਤਾ ਹੈ। ਨਾਲ ਹੀ ਇਨ੍ਹਾਂ ਬੀੜਾਂ ਵਿਚੋਂ ਦੋ ਭਾਈ ਸ਼ੀਹਾ ਸਿੰਘ ਵਾਲੀ ਅਤੇ ਪਟਣੇ ਦੀ ਮਿਸਲ ਦੇ ਪਾਠ ਦੀ ਤਰਤੀਬ ਦਾ ਵਰਨਣ ਕੀਤਾ ਹੈ।

ਭਾਈ ਸਾਹਿਬ ਦਸਮ ਗ੍ਰੰਥ ਦੀ ਸੰਪੂਰਨ ਬਾਣੀ ਦਾ ਰਚਨਾਕਾਰ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੂੰ ਮੰਨਦੇ ਹਨ। ਇਸ ਦਲੀਲ ਦਾ ਵਰਣਨ ਉਨ੍ਹਾਂ ਨੇ 'ਗ੍ਰੰਥ-ਰਚਣਹਾਰ ਨਾਲ ਜਾਣ-ਪਛਾਣ' ਸਿਰਲੇਖ ਵਿਚ ਕੀਤਾ ਹੈ। ਇਸ ਦਲੀਲ ਅਧਾਰ ਦਸਮਾਂ ਗ੍ਰੰਥ ਦੀ ਅਪਨੀ ਕਥਾ, ਜਿਸਦਾ ਆਰੰਭ 'ਅਥ ਕਬਿ ਜਨਮ ਕਥਨੰ' ਨਾਲ ਹੁੰਦਾ ਹੈ ਨਾਮੀ ਬਾਣੀ ਹੈ। ਇਸ ਵਿਚੋਂ ਵੱਖ-ਵੱਖ ਹਵਾਲੇ ਦੇ ਕੇ ਕੀਤਾ ਹੈ। ਹੇਠ ਲਿਖੇ ਵਿਚਾਰ ਭਾਈ ਸਾਹਿਬ ਨੇ ਦਸਮ ਗ੍ਰੰਥ ਦਾ ਕਰਤਾ ਗੁਰੂ ਗੋਬਿੰਦ ਜੀ ਹੀ ਹਨ, ਸਿੱਧ ਕਰਨ ਲਈ ਦਿੱਤੇ ਹਨ:

1. "ਆਪ ਸੋਢੀਵੰਸ ਦੇ ਅਵਤੰਸ (ਸੰਤਾਨ) ਹਨ;
2. ਆਪ ਦਾ ਜਨਮ ਉਸ ਪਿਤਾ ਦੇ ਘਰਿ ਹੋਇਆ, ਜੋ ਪੂਰਬੀ ਭਾਰਤ ਦੇ ਤੀਰਥਾਂ ਦੀ ਯਾਤਰਾ ਕਰਨ ਗਏ, ਕੁਝ ਅਰਸਾ ਤ੍ਰਿਬੇਣੀ (ਪ੍ਰਯਾਗ) ਵਿਰਾਜੇ; ਤੇ ਓਥੇ ਹੀ ਕਵੀ ਜੀ ਨੇ ਮਾਤਾ ਦੇ ਉਦਰਿ ਨਿਵਾਸ ਕੀਤਾ।
3. ਕਵੀ ਜੀ ਦਾ ਜਨਮ ਪਟਣੇ ਸ਼ਹਿਰ ਹੋਇਆ।
4. ਆਪ ਦੇ ਧਰਮ-ਕਰਮ ਵਿਚ ਆਉਦਿਆਂ (ਸੁਰਤਿ ਸੰਭਾਲਦਿਆਂ) ਹੀ, ਪਿਤਾ ਜੀ ਪ੍ਰਭੁ ਲੋਕ ਪਧਾਰ ਗਏ।
5. ਰਾਜ-ਸਾਜ ਸੰਭਾਲਣ ਤੋਂ ਛੇਤੀ ਹੀ ਬਾਦ, ਆਪ ਨੂੰ ਵਤਨ (ਮਾਖੋਵਾਲ) ਛੱਡ ਕੇ, ਪਰਦੇਸ (ਨਾਹਣ ਰਾਜ ਵਿਚ) ਪਾਂਵਟੇ ਸ਼ਹਿਰ ਜਾਣਾ ਪੈ ਗਿਆ।
6. ਓਥੇ ਫਤਿਹ ਸ਼ਾਹ ਸ੍ਰੀਨਗਰੀਏ ਨਾਲ, ਆਪਦਾ ਅਕਾਰਣ ਜੁੱਧ ਹੋਇਆ। ਜਿਸ ਵਿਚ, ਕਾਲ ਜੀ ਦੀ

ਕ੍ਰਿਪਾ ਨਾਲ ਜਿੱਤ ਕਵੀ ਜੀ ਹੋਈ....।"[22]

ਦਰਬਾਰੀ ਕਵੀਆਂ ਦੁਆਰਾ ਦਸਮ ਗ੍ਰੰਥ ਨੂੰ ਰਚਨ ਦੀ ਦਲੀਲ ਦਾ ਉਤਰ ਦਿੰਦੇ ਹੋਏ ਕਹਿੰਦੇ ਹਨ ਕਿ ਦਸਮ ਗ੍ਰੰਥ ਵਿਚ ਕਿਸੇ ਵੀ ਦਰਬਾਰੀ ਕਵੀ ਦੀ ਕੋਈ ਛਾਪ ਨਹੀਂ ਮਿਲਦੀ। ਜੇਕਰ ਉਨ੍ਹਾਂ ਦੀ ਇਸ ਦੀ ਰਚਨਾ ਵਿਚ ਕੋਈ ਭੂਮਿਕਾ ਹੁੰਦੀ ਤਾਂ ਉਨ੍ਹਾਂ ਨੇ ਆਪਣੀਆਂ ਹੋਰ ਰਚਨਾਵਾਂ ਵਾਂਗ ਆਪਣਾ ਕੋਈ ਵੇਰਵਾ ਜਰੂਰ ਦੇਣਾ ਸੀ। ਇਸ ਲਈ ਭਾਈ ਸਾਹਿਬ ਨੇ ਦਰਬਾਰੀ ਕਵੀਆਂ ਦੀਆਂ ਕਿਰਤਾਂ ਵਿਚੋਂ ਕਾਫ਼ੀ ਹਵਾਲੇ ਦਿੱਤੇ ਹਨ ਇਨ੍ਹਾਂ ਵਿਚ 'ਅਣੀ ਰਾਇ ਜੀ' ਦਾ 'ਜੰਗਨਾਮਾ' 'ਅੰਮ੍ਰਿਤ ਰਾਇ ਲਾਹੌਰੀ' ਦਾ 'ਮਹਾਂਭਾਰਤ' ਦਾ 'ਸਭਾ ਪਰਬ', 'ਕੁੰਵਰੇਸ਼ ਦਾ 'ਦ੍ਰੋਣ ਪਰਬ'; ਕਵੀ ਮੰਗਲ ਦੁਆਰਾ ਕੀਤਾ 'ਮਹਾਂਭਾਰਤ' ਦਾ 'ਸੱਲਯ ਪਰਬ' ਆਦਿ ਵਿਚ ਹਵਾਲੇ ਲੈ ਕੇ ਗੁਰੂ ਸਾਹਿਬਾਨ ਦੀ ਉਸਤਤਿ ਦੇ ਨਾਲ ਉਨ੍ਹਾਂ ਦੀ ਕਵੀ ਛਾਪ ਹੋਣ ਦਾ ਜ਼ਿਕਰ ਵੀ ਕੀਤਾ ਹੈ। ਇਸ ਤਰਾਂ ਜੇਕਰ ਦਸਮ ਗ੍ਰੰਥ ਸਾਹਿਬ ਵਿਚ ਉਨ੍ਹਾਂ ਦਾ ਕੋਈ ਯੋਗਦਾਨ ਹੁੰਦਾ ਤਾਂ ਉਨ੍ਹਾਂ ਦੀ 'ਕਾਵਿ-ਛਾਪ' ਜਰੂਰ ਹੁੰਦੀ।

ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਤੋਂ ਇਲਾਵਾ ਕਿਸੇ ਦੇਵੀ ਦੇਵਤੇ ਜਾਂ ਕਿਸੇ ਵੱਡੇ ਦੁਨੀਆਦਾਰ ਦਾ ਮੰਗਲ ਨਹੀਂ ਕੀਤਾ। ਬਾਣੀਆਂ ਦੇ ਸਿਰਲੇਖ ਵਿਚ ਅਕਸਰ '੧ੴ ਸਤਿਗੁਰ ਪ੍ਰਸਾਦਿ', '੧ੴ ਵਾਹਿਗੁਰੂ ਜੀ ਕੀ ਫਤਿਹ' ਜਾਂ 'ਸ੍ਰੀ ਭਗਉਤੀ ਜੀ ਸਹਾਇ' ਆਦਿ ਮੰਗਲ ਹੀ ਆਏ ਹਨ। ਸਾਹਿਤਿਕ, ਇਤਿਹਾਸਿਕ ਅਤੇ ਧਾਰਮਿਕ ਤੋਰ ਤੇ ਦਸਮ ਗ੍ਰੰਥ ਵਿਚੋਂ ਅਨੇਕ ਹਵਾਲੇ ਦੇ ਕੇ ਭਾਈ ਰਣਧੀਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਹੀ ਦਸਮ ਗ੍ਰੰਥ ਦਾ ਕਰਤਾ ਸਿੱਧ ਕੀਤਾ ਹੈ।

ਡਾ. ਕਰਨੈਲ ਸਿੰਘ ਸੋਮਲ ਅਨੁਸਾਰ, "ਭਾਈ ਰਣਧੀਰ ਸਿੰਘ, ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ ਦੇ ਉੱਘੇ ਮੈਂਬਰ ਨੇ ਦਸਮੇਂ ਪਾਤਸ਼ਾਹ ਜੀ ਕੇ ਗ੍ਰੰਥ ਸਾਹਿਬ ਦਾ ਇਤਿਹਾਸ ਲਿਖਿਆ। ਵੀਹ ਸਾਲਾਂ ਦੀ ਮਿਹਨਤ ਨਾਲ ਸਬੂਤ ਇੱਕਠੇ ਕਰਕੇ ਉਸ ਨੇ ਸਾਬਤ ਕਰ ਦਿੱਤਾ ਕਿ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਹੀ ਰਚਿਆ ਸੀ। ਇਸ ਪੁਸਤਕ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਛਾਪਿਆ। ਇਸ ਦੀ ਪਹਿਲੀ ਛਾਪ ਕੁੱਝ ਦਿਨਾਂ ਵਿੱਚ ਹੀ ਮੁੱਕ ਗਈ। ਲੋਕਾਂ ਵਲੋਂ ਇਸ ਪੁਸਤਕ ਦੀ ਬਹੁਤ ਮੰਗ ਸੀ। ਫਿਰ ਇਸ ਦੇ ਤਿੰਨ ਸੰਸਕਰਣ ਛਪੇ।"[23] ਇਸ ਪੁਸਤਕ ਨੂੰ ਭਾਈ ਸਾਹਿਬ ਦੁਆਰਾ ਰਚਿਤ ਇਸ ਵੱਡ ਆਕਾਰੀ ਗ੍ਰੰਥ ਸ਼ਬਦਾਰਥ

---

[22] ਭਾਈ ਰਣਧੀਰ ਸਿੰਘ, ਭਾਈ ਰਣਧੀਰ ਸਿੰਘ, *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀ ਸ਼ਬਦਿ-ਮੂਰਤਿ (ਦਸਵੇਂ ਪਾਤਿਸ਼ਾਹ ਗ੍ਰੰਥ),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1955, ਪੰਨੇ 50-51.

[23] ਡਾ. ਕਰਨੈਲ ਸਿੰਘ ਸੋਮਲ, *ਸਿੱਖ ਇਤਿਹਾਸ ਦਾ ਟਕਸਾਲੀ ਖੋਜੀ ਭਾਈ ਰਣਧੀਰ ਸਿੰਘ ਡੂਮਛੇੜੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018, ਪੰ. 124.

ਦੀ ਭੂਮਿਕਾ ਸਮਝਣਾ ਚਾਹੀਦਾ ਹੈ। ਇਸ ਪੁਸਤਕ ਵਿਚ ਉਨ੍ਹਾਂ ਨੇ ਆਪਣੀ ਖੋਜ ਲਈ ਆਈਆਂ ਔਕੜਾਂ ਅਤੇ ਵੱਖ-ਵੱਖ ਹੱਥ-ਲਿਖਤਾਂ ਉਪਰ ਕੀਤੀ ਮਿਹਨਤ ਦਾ ਜਿਕਰ ਵੀ ਕੀਤਾ ਹੈ।

**5. ਸ਼ਬਦਾਰਥ ਦਸਮ ਗ੍ਰੰਥ ਸਾਹਿਬ:** ਭਾਈ ਰਣਧੀਰ ਸਿੰਘ ਦੁਆਰਾ ਸੰਪਾਦਿਤ ਇਹ ਗ੍ਰੰਥ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਤਿੰਨ ਜਿਲਦਾਂ ਵਿੱਚ ਛਾਪਿਆ ਗਿਆ ਹੈ। ਇਹ ਗ੍ਰੰਥ ਉਨ੍ਹਾਂ ਨੇ 1966-67 (ਗੁਰੂ ਗੋਬਿੰਦ ਸਿੰਘ ਜੀ ਦੇ ਤ੍ਰੈ-ਸੌ ਸਾਲਾ ਪ੍ਰਕਾਸ਼ ਵਰਸ਼) ਸਮੇਂ ਸ਼ੁਰੂ ਕਰਕੇ 1969 ਵਿੱਚ ਮੁਕੰਮਲ ਕੀਤਾ। ਇਸ ਦੀ ਭੂਮਿਕਾ ਡਾ. ਤਾਰਨ ਸਿੰਘ, ਜੋ ਕਿ ਉਸ ਸਮੇਂ ਪ੍ਰੋਫ਼ੈਸਰ ਅਤੇ ਮੁੱਖੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ' ਸਨ, ਤੇ ਲਿਖੀ ਸੀ। ਉਸ ਸਮੇਂ ਭਾਈ ਰਣਧੀਰ ਸਿੰਘ 'ਓਰੀਐਂਟਲ ਸਕਾਲਰ' ਦੇ ਅਹੁਦੇ ਉਪਰ ਪੰਜਾਬੀ ਯੂਨੀਵਰਸਿਟੀ ਵਿੱਚ ਕਾਰਜਸ਼ੀਲ ਸਨ। ਭੂਮਿਕਾ ਦੇ ਅਰੰਭ ਵਿੱਚ ਹੀ ਡਾ. ਤਾਰਨ ਸਿੰਘ ਇਸ ਕਾਰਜ ਵਿੱਚ ਭਾਈ ਰਣਧੀਰ ਸਿੰਘ ਦੀ ਘਾਲ ਦਾ ਉਲੇਖ ਕਰਦੇ ਹੋਏ ਲਿਖਦੇ ਹਨ:

'ਭਾਈ ਸਾਹਿਬ ਨੇ 'ਸ਼ਬਦਾਰਥ ਦਸਮ ਗ੍ਰੰਥ' ਤਿਆਰ ਕਰਨ ਵਿੱਚ ਵੀ ਲਗਨ, ਯੋਗਤਾ ਤੇ ਮੇਹਨਤ ਨਾਲ ਕੰਮ ਕੀਤਾ। ਨਿਸ਼ਚੇ ਹੀ ਆਪ ਦਾ ਫ਼ਾਰਸੀ, ਸੰਸਕ੍ਰਿਤ, ਬ੍ਰਿਜਭਾਸ਼ਾ, ਪੰਜਾਬੀ ਆਦਿ ਬੋਲੀਆਂ ਦਾ ਗਿਆਨ ਚੰਗਾ ਭਰੋਸੇਯੋਗ ਸੀ। ਆਪ ਨੇ ਹਰ ਸ਼ਬਦ ਦੇ ਅਰਥ-ਭਾਵ ਪੁਰਾਣੀਆਂ ਲੁਗਾਤਾਂ ਤੇ ਕੋਸ਼ਾਂ ਵਿਚੋਂ ਪੜਤਾਲਣ ਦੀ ਕੋਸ਼ਸ਼ ਕੀਤੀ। ਅਜੇਹੀ ਕਠਿਨ ਘਾਲ ਕੇਵਲ ਕੋਈ ਸਿਰੜੀ, ਸਿਦਕੀ ਖੋਜੀ ਹੀ ਕਰ ਸਕਦਾ ਹੈ। ਭਾਈ ਸਾਹਿਬ ਵਿੱਚ ਇਹ ਸਾਰੀਆਂ ਖ਼ੂਬੀਆਂ ਮੌਜੂਦ ਸਨ। ਇਸੇ ਕਰਕੇ ਯੂਨੀਵਰਸਿਟੀ ਵੱਲੋਂ ਥਾਪੀ ਕਮੇਟੀ ਨੂੰ ਇਸ ਖਰੜੇ ਵਿਚ ਨਾਂ-ਮਾਤਰ ਹੀ ਕਿਤੇ ਕਿਤੇ ਤਬਦੀਲੀ ਕਰਨ ਦੀ ਲੋੜ ਪਈ ਹੈ। ਇਸ ਲਈ ਇਹ ਸ਼ਬਦਾਰਥ ਨਿਰੋਲ ਭਾਈ ਸਾਹਿਬ ਦੀ ਹੀ ਮਿਹਨਤ ਦਾ ਫਲ ਹੈ।

ਭਾਈ ਸਾਹਿਬ ਨੇ ਹੀ ਮੂਲ ਪਾਠ ਦਾ ਪਦ ਛੇਦ ਕੀਤਾ, ਵਿਸਰਾਮ-ਚਿੰਨ ਲਾਏ, ਮੂਲ ਨੂੰ ਛਪਾਈ ਲਈ ਆਧੁਨਿਕ ਕਾਵਿ-ਤਰਤੀਬ ਦੇ ਰੂਪ ਵਿੱਚ ਲਿਆਂਦਾ, ਕਈ ਪੁਰਾਤਨ ਹੱਥ-ਲਿਖਤੀ ਦਸਮ ਗ੍ਰੰਥ ਦੇ ਖਰੜੇ ਵਾਚ ਦੇ ਪਾਠ ਸੋਧੇ, ਤੇ ਯੋਗ ਥਾਂਈ ਲੋੜੀਂਦੀਆਂ ਟਿੱਪਣੀਆ ਦਰਜ਼ ਕੀਤੀਆਂ। ਆਪ ਨੇ ਉਚੇਚਾ ਯਤਨ ਕੀਤਾ ਹੈ ਕਿ ਕਿਸੇ ਸ਼ਬਦ ਦਾ ਦਿੱਤਾ ਅਰਥ ਹਰ ਪੱਧਰ ਤੇ ਪਾਠਕ ਨੂੰ ਸਮਝ ਆ ਸਕੇ ਜਿਨ੍ਹਾਂ ਸ਼ਬਦਾਂ ਦੇ ਇੱਕ ਤੋਂ ਵੱਧ ਅਰਥ ਸੰਭਵ ਹਨ ਜਾਂ ਕੋਸ਼ ਵਿੱਚ ਮੰਨੇ ਗਏ ਹਨ, ਉਹ ਪ੍ਰਯਾਯਵਾਚੀ ਅਰਥ ਦੇ ਨਾਲ ਨਾਲ ਦੇਣ ਦਾ ਯਤਨ ਕੀਤਾ।'[24]

---

[24] ਭਾਈ ਰਣਧੀਰ ਸਿੰਘ (ਸੰਪਾ.), *ਸ਼ਬਦਾਰਥ ਦਸਮ ਗ੍ਰੰਥ ਸਾਹਿਬ ਪੋਥੀ ਪਹਿਲੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰ.VI.

ਇਸ ਗ੍ਰੰਥ ਦੇ ਪਰੂਫ ਪ੍ਰੋ. ਪਿਆਰਾ ਸਿੰਘ ਪਦਮ, ਡਾ. ਬਲਕਾਰ ਸਿੰਘ ਅਤੇ ਸ. ਬਲਦੇਵ ਸਿੰਘ ਨੇ ਪੜ੍ਹੇ। ਯੂਨੀਵਰਸਿਟੀ ਨੇ 'ਚਤ੍ਰਿਰਿਪਖਯਾਨ' ਤੇ 'ਹਕਾਯਤ' ਵਾਲੇ ਭਾਗ ਨੂੰ ਛੱਡ ਕੇ ਬਾਕੀ ਸ਼ਬਦਾਰਥ ਨੂੰ ਛਾਪਿਆ ਹੈ। ਇਸ ਦੀ ਸੂਚਨਾ ਵੀ ਭੂਮਿਕਾ ਵਿਚੋਂ ਮਿਲਦੀ ਹੈ। ਜਿਹੜੀਆਂ ਪੋਥੀਆਂ ਛਾਪੀਆਂ ਹਨ ਉਨ੍ਹਾਂ ਦਾ ਵੇਰਵਾ ਇਹ ਹੈ:

1. **ਪੋਥੀ ਪਹਿਲੀ:** ਜਾਪੁ, ਅਕਾਲ ਉਸਤਤਿ, ਬਚਿੱਤ੍ਰ ਨਾਟਕ, ਚੰਡੀ ਚਰਿੱਤ੍ਰ (ਪਹਿਲਾ) ਚੰਡੀ ਚਰਿੱਤ੍ਰ (ਦੂਜਾ), ਵਾਰ ਦੁਰਗਾ ਕੀ, ਚਉਬੀਸ ਅਵਰਤਾਰ (ਰਾਮਵਤਾਰ ਤੀਕ)।
2. **ਪੋਥੀ ਦੂਜੀ:** ਕ੍ਰਿਸ਼ਨਾਵਤਾਰ।
3. **ਪੋਥੀ ਤੀਜੀ:** ਬਾਕੀ ਅਵਤਾਰ ਤੇ ਉਪਅਵਤਾਰ, ਸ਼ਸਤ੍ਰਨਾਮਾਲਾ, ਗਿਆਨ ਪ੍ਰਬੋਧ, ਸਵੈਯੈ, ਸ਼ਬਦ, ਅਸਫੋਟ ਕਬਿੱਤ ਤੇ ਜ਼ਫ਼ਰਨਾਮਾ।

ਛਾਪਣ ਤੋਂ ਪਹਿਲਾਂ ਸ਼ਬਦਾਰਥ ਦਾ ਖਰੜਾ ਨਿਮਨ ਦਰਜ ਕਮੇਟੀ ਨੂੰ ਸੁਧਾਈ ਲਈ ਸੌਂਪਿਆ ਗਿਆ-

ਡਾ. ਤਾਰਨ ਸਿਘ (ਕਨਵੀਨਰ)

ਡਾ. ਪ੍ਰੇਮ ਪ੍ਰਕਾਸ਼ ਸਿੰਘ

ਪ੍ਰੋ. ਗੁਲਵੰਤ ਸਿੰਘ

ਡਾ. ਜੀਤ ਸਿੰਘ ਸੀਤਲ

ਇਨ੍ਹਾਂ ਸਾਰੇ ਮੈਂਬਰਾਂ ਨੇ ਇਸ ਖਰੜੇ ਨੂੰ ਵਾਚਿਆ। ਇਸ ਵਿਚਲੇ ਅਰਥਾਂ ਦੇ ਮਸਲੇ ਉਪਰ ਭਾਈ ਸਾਹਿਬ ਨਾਲ ਮੀਟਿੰਗਾਂ ਵੀ ਹੋਈਆਂ, ਜਿਨ੍ਹਾਂ ਵਿਚੋਂ ਕੁਝ ਤਤਕਾਲੀ ਵਾਈਸ-ਚਾਂਸਲਰ ਡਾ. ਕਿਰਪਾਲ ਸਿੰਘ ਨਾਰੰਗ ਨਾਲ ਵੀ ਹੋਈਆਂ। ਇਸ ਦਾ ਕਾਰਨ ਸ਼ਬਦਾਰਥ ਦਸਮ ਗ੍ਰੰਥ ਦਾ ਮਸਲਾ ਬੜਾ ਹੀ ਗੰਭੀਰ ਸੀ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਦੇ ਲਈ ਭਾਈ ਰਣਧੀਰ ਸਿੰਘ ਨੂੰ ਕਿੰਨੀ ਮਿਹਨਤ ਕਰਨੀ ਪਈ ਹੋਏਗੀ ਹੈ, ਇਸ ਦਾ ਅਨੁਮਾਨ ਕਰਨਾ ਔਖਾ ਹੈ।

ਭਾਈ ਸਾਹਿਬ ਨੂੰ ਪਹਿਲਾਂ ਤੋਂ ਹੀ ਰੀਸਰਚ ਦਾ ਸ਼ੌਕ ਸੀ। ਅਕਾਲੀ ਲਹਿਰ ਸਮੇਂ ਜਦੋਂ ਜੇਲ੍ਹ ਗਏ ਤਾਂ ਉੱਥੇ ਵੀ ਅਧਿਐਨ ਕਰਦੇ ਰਹਿੰਦੇ। ਜਦੋਂ ਜੇਲ੍ਹ ਤੋਂ ਬਾਹਰ ਅਉਂਦੇ ਤਾਂ ਜਗ੍ਹਾ-ਜਗ੍ਹਾ ਜਾ ਕੇ ਦਸਮ ਗੁਰੂ ਬਾਰੇ ਖੋਜ ਕਰਦੇ ਰਹੇ। ਦਸਮ ਗ੍ਰੰਥ ਦੀ ਖੋਜ ਇਨ੍ਹਾਂ ਨੇ 1931 ਤੋਂ ਸ਼ੁਰੂ ਕੀਤੀ। ਇਸ ਖੋਜ ਦੇ ਸੰਬੰਧ ਵਿੱਚ ਕਿਤਿਉਂ ਕੰਨਸੋਅ ਮਿਲਦੀ ਭਾਵੇਂ ਕਲਕੱਤਾ ਹੁੰਦਾ ਜਾਂ ਕੁੱਲੂ-ਉੱਥੇ ਪੁੱਜ ਜਾਂਦੇ ਤੇ ਖਰੜੇ ਲੱਭਦੇ ਤੇ ਪੜ੍ਹਦੇ। ਇਸ ਪ੍ਰਕਾਰ

ਉਨ੍ਹਾਂ ਨੇ ਲਗਪਗ ਸਾਰੇ ਹੀ ਹਿੰਦੁਸਤਾਨ ਦਾ ਦੌਰਾ ਕੀਤਾ। ਵਿਸ਼ੇਸ਼ ਗੱਲ ਇਹ ਕਿ ਉਚ ਖ਼ਰਚ ਆਪਣੇ ਪੱਲਿਓ ਕਰਦੇ ਤੇ ਦਫ਼ਤਰੋਂ ਛੁੱਟੀ ਲੈ ਕੇ ਜਾਂਦੇ ਸਨ।

ਭਾਈ ਸਾਹਿਬ ਨੇ ਦਸਮ ਗ੍ਰੰਥ ਸਾਹਿਬ ਸ਼ਬਦਾਰਥ ਦਾ ਕਾਰਜ ਜੋ ਕੀਤਾ ਉਸ ਨੂੰ, ਜਿਵੇਂ ਕਿ ਡਾ. ਤਾਰਨ ਸਿੰਘ ਨੇ ਬਹੁਤ ਚੰਗੀ ਤਰ੍ਹਾਂ ਸਪਸ਼ਟ ਕੀਤਾ ਹੈ, ਇਸ ਪ੍ਰਕਾਰ ਸਮਝਿਆ ਜਾ ਸਕਦਾ ਹੈ:

(ੳ) ਕਈ ਪੁਰਾਤਨ ਹੱਥ ਲਿਖਤ ਦਸਮ ਗ੍ਰੰਥ ਦੇ ਖਰੜੇ ਵਾਚ ਕੇ ਪਾਠ ਦੀ ਸੁਧਾਈ ਕਰਨੀ;

(ਅ) ਪਾਠਕ ਦੀ ਸਹੂਲਤ ਲਈ ਮੂਲ ਪਾਠ ਦਾ ਪਦ-ਛੇਦ ਕਰਨਾ ਅਤੇ ਵਿਸਰਾਮ-ਚਿੰਨ੍ਹ ਲਾਉਣੇ;

(ੲ) ਮੂਲ ਨੂੰ ਛੁਪਾਈ ਲਈ ਆਧੁਨਿਕ ਕਾਵਿ-ਤਰਤੀਬ ਦੇ ਰੂਪ ਵਿਚ ਲਿਆਉਣਾ;

(ਸ) ਯੋਗ ਥਾਂਈ ਲੋੜੀਂਦੀਆ ਟਿੱਪਣੀਆ ਦਰਜ ਕਰਨਾ;

(ਹ) ਜਿਨ੍ਹਾਂ ਸ਼ਬਦਾ ਦੇ ਇੱਕ ਤੋਂ ਵੱਧ ਅਰਥ ਸੰਭਵ ਸਨ, ਜਾਂ ਕੋਸ਼ ਵਿੱਚ ਮੰਨੇ ਗਏ ਸਨ, ਉਹ ਨਾਲੋਂ-ਨਾਲ ਦੇਣ ਦਾ ਯਤਨ ਕੀਤਾ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਉਪਰੋਕਤ ਸ਼ਬਦਾਰਥ ਦਸਮ ਗ੍ਰੰਥ ਦੀਆਂ ਤਿੰਨੇ ਪੋਥੀਆਂ ਨੂੰ ਵਾਚਣ ਤੋਂ ਵੀ ਪਤਾ ਲੱਗਦਾ ਹੈ ਕਿ ਭਾਈ ਸਾਹਿਬ ਨੇ ਔਖੇ ਜਾਪਣ ਵਾਲੇ ਸ਼ਬਦਾਂ ਦੇ ਅਰਥ ਦੇਣ ਦੇ ਨਾਲ-ਨਾਲ ਲੋੜ ਅਨੁਸਾਰ ਉਨ੍ਹਾਂ ਦੇ ਸਮਾਨਾਰਥਕ ਸ਼ਬਦ ਅਤੇ ਹੋਰ ਵਿਸਥਾਰ ਵੀ ਦਿੱਤਾ ਹੈ। ਸ਼ਬਦਾਰਥ ਦਸਮ ਗ੍ਰੰਥ ਦੀ ਟੈਕਸਟ ਦੇ 1249 ਪੰਨੇ ਹਨ। ਇੰਨੇ ਹੀ ਪੰਨੇ ਭਾਈ ਸਾਹਿਬ ਦੁਆਰਾ ਲਿਖੇ ਸ਼ਬਦ-ਅਰਥਾਂ, ਲੋੜੀਂਦੀ ਵਿਆਖਿਆ, ਆਦਿ ਦੇ ਹਨ।

ਭਾਈ ਸਾਹਿਬ ਦੁਆਰਾ ਕੀਤੇ ਕਾਰਜ ਦੀਆਂ ਵਿਸ਼ੇਤਾਵਾਂ ਹੇਠ ਲਿਖੀਆਂ ਹਨ:

1. ਭਾਈ ਸਾਹਿਬ ਨੇ ਮੂਲ ਪਾਠ ਵਿਚ 1, 2, 3... ਆਦਿ ਸ਼ਬਦ ਪਾ ਕੇ ਪਾਠ ਵਿਚਲੇ ਔਖੇ ਸ਼ਬਦਾਂ ਦਾ ਅਰਥ ਸਾਹਮਣੇ ਪੰਨੇ ਉਪਰ ਦਿੱਤਾ ਹੈ, ਜਿਵੇ:

   ਵਾਹਗੁਰੂ[25] ਜੀ ਕੀ ਫਤਿਹ![26] ਸ੍ਰੀ ਅਕਾਲ ਪੁਰਖ ਜੀ ਤੇਰੀ ਸਰਣਿ !! ਜਪੁ[27]

   ਇਸਦੇ ਅਰਥ ਸਾਹਮਣੇ ਪੰਨੇ ਉਪਰ ਹਨ, ਜਿਨ੍ਹਾਂ ਨੂੰ ਅਸੀਂ ਫੁਟ ਨੋਟਾਂ ਵਿਚ ਦਿਤਾ ਹੈ।

---

[25] ਸ਼ੋਭਾ ਵਾਲੇ ਸਰਬ-ਗੁਣ-ਭਰਪੂਰ (ਅਚਰਜ) ਪਰਮਾਤਾਮ ਦੀ

[26] ਜੈ ਜੈ ਕਾਰ, ਸਦਾ ਫਤਿਹ

[27] ਬਾਣੀ ਦਾ ਸਿਰਲੇਖ: ਅਧਿਆਤਮਿਕ ਸਾਧਨਾ ਦਾ ਇੱਕ ਮੱਹਤਵ ਪੂਰਣ ਢੰਗ: ਐਸੀ ਰਚਨਾ ਜਿਸ ਵਿਚ ਪਰਮੇਸ਼ਰ ਦੇ ਗੁਣ-ਵਾਚੀ ਦਾ ਵਰਣਨ ਹੋਵੇ

2. ਮੂਲ ਮੰਤਰ ਆਦਿ ਜਾਂ ਕਿਸੇ ਖਾਸ ਜਾਣਕਾਰੀ ਲਈ ਉਨ੍ਹਾਂ ਨੇ *,!, † ਆਦਿ ਚਿੰਨ ਵਰਤੇ ਹਨ, ਜਿਵੇਂ: '*੧ਓਂ ਸਤਿਗੁਰ ਪ੍ਰਸਾਦਿ'

   ਇਸ ਤਰ੍ਹਾਂ ਦੇ ਚਿੰਨ੍ਹਾਂ ਵਾਲੇ ਸ਼ਬਦਾਂ ਨੂੰ ਫੁਟ ਨੋਟਾਂ ਵਿਚ ਖੋਲ ਕਿ ਦਸਿਆ ਹੈ, ਜਿਵੇਂ ਉਪਰਕੋਤ ਚਿੰਨ ਵਾਲੇ ਪਾਠ ਦੇ ਅਰਥ ਫੁਟ ਨੋਟ ਵਿਚ ਹਨ:

   * ਇਹ ਖਾਲਸਾ ਧਰਮ ਦਾ 'ਮੂਲ ਮੰਤ੍ਰ ਹੈ। ਜਿਸ ਦਾ ਪੂਰਨ ਪਾਠ-

   "੧ਓਂ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥"- ਹੈ।

   ਅਰੁ 'ਕਟਾਹ ਕੁੰਡਲ ਨਯਾਇ' (ਦੋਵੇ ਕੁੰਡੇ ਫੜ ਕੇ ਸਾਰਾ ਕੜਾਹ ਚੁੱਕਣ ਦੇ ਢੰਗ) ਅਨੁਸਾਰ ਇਹ ਛੋਟਾ ਸਰੂਪ ਬਣਾਇਆ ਗਿਆ ਹੈ। ਇਸ ਸੰਖੇਪ, ਸਿਰਫ਼ ਥਾਂ ਤੇ ਸਮਾਂ ਬਚਾਉਣ ਦੇ ਖ਼ਿਆਲ ਨਾਲ ਹੀ ਹੈ। ਹੋਰ ਖਾਸ ਕਾਰਣ ਯਾ ਮਹਾਤਮ ਆਦਿ ਕੋਈ ਨਹੀਂ। ਇਸ ਪੜ੍ਹਨ ਅਤੇ ਅਰਥ-ਭਾਵ ਸਮਝਣ ਵਿੱਚ ਕੋਈ ਫਰਕ ਨਹੀਂ ਪੈਣਾ ਚਾਹੀਦਾ।"[28]

   ਦੂਜਾ ਚਿੰਨ੍ਹ †'ਤ੍ਵ ਪ੍ਰਸਾਦਿ' ਉੱਤੇ ਲਾ ਕੇ, ਅੱਗੇ ਇਸ ਦੀ ਵਿਆਖਿਆ ਫੁਟ ਨੋਟ ਵਿਚ ਕੀਤੀ ਗਈ ਹੈ: "ਇਹ ਵਾਕ ਭੀ 'ਤ੍ਵ ਪ੍ਰਸਾਦਿ ਕਥਯਤੇ !' ਦਾ ਸੰਖੇਪ ਹੈ। ਭਾਵ, ਤੇਰੀ ਕਿਰਪਾ ਨਾਲਿ ਰਚਨਾ ਕਰਦਾ ਹਾਂ! ਇਹ ਪੂਰਨ ਵਾਕ ਇਸੇ ਰਚਨਾ (ਜਾਪੁ) ਦੇ 'ਭਗਵਤੀ ਛੰਦ' ਦੇ ਆਰੰਭ ਵਿੱਚ ਲਿਖ ਕੇ, ਰਚਨਹਾਰ ਨੇ ਆਪਣਾ ਪੂਰਾ ਮਨੋਰਥ ਦੱਸ ਦਿੱਤਾ ਹੈ। ਸੋ, ਅਰਥ ਕਰਨ ਸਮੇਂ ਪੂਰੇ ਵਾਕ ਦਾ ਹੀ ਧਿਆਨ ਰੱਖਣਾ ਉੱਚਿਤ ਹੋਵੇਗਾ।"[29]

3. "ਸ਼ਬਦਾਰਥ ਦੇਣ ਵੇਲੇ ਕੋਸ਼ਕਾਰੀ ਦੇ ਨਿਯਮ ਬਾਖ਼ੂਬੀ ਆਪਣਾਏ ਹਨ। ਸੰਜਮ ਅਤੇ ਸੰਖੇਪਤਾ ਨਾਲ ਅਰਥ ਦਿੱਤੇ ਹਨ। ਨਾਲ ਹੀ, ਲੋੜ ਅਨੁਸਾਰ ਨੁਕਤਾ ਸਪਸ਼ਟ ਕਰਨ ਲਈ ਕਿਤੇ ਕਿਤੇ ਕੁੱਝ ਵਿਸਤਾਰ ਦੇ ਦਿੱਤਾ ਹੈ।

4. **ਸ਼ਬਦਾਰਥ ਦਸਮ ਗ੍ਰੰਥ** ਦੀ ਤੀਜੀ ਪੋਥੀ ਦੇ ਅੰਤ ਉੱਤੇ ਦਸਵੇ ਗੁਰੂ ਜੀ ਦੀ ਰਚਨਾ 'ਜ਼ਫਰਨਾਮਹ' ਦਿੱਤਾ ਹੈ। ਇਸ ਵਿੱਚ, ਇੱਕ ਪਾਸੇ ਸਪਸ਼ਟਤਾ ਮੰਗਦੇ ਸ਼ਬਦਾਂ ਨੂੰ ਅੰਕ ਲਾ ਕੇ ਅੱਗੇ ਇਨ੍ਹਾਂ ਦੇ 'ਪਦ ਅਰਥ' ਦਿੱਤੇ ਹਨ। ਫਿਰ ਉਨ੍ਹਾਂ ਨੂੰ ਜਾਪਿਆ ਹੋਣੈ ਕਿ ਗੁਰੂ ਜੀ ਦੀ ਲਿਖਤ ਦੇ ਪੂਰੇ

---

[28] ਭਾਈ ਰਣਧੀਰ ਸਿੰਘ (ਸੰਪਾ.), *ਸ਼ਬਦਾਰਥ ਦਸਮ ਗ੍ਰੰਥ ਸਾਹਿਬ ਪੋਥੀ ਪਹਿਲੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰ.1.

[29] *ਉਹੀ,* ਪੰ.1

ਅਰਥ ਵੀ ਦਿੱਤੇ ਜਾਣ। ਇਸ ਲਈ 'ਪਦ ਅਰਥ' ਦੇਣ ਦੇ ਨਾਲ ਨਾਲ, ਹਰ ਤੁਕ ਦਾ 'ਭਾਵ ਅਰਥ' ਵੀ ਸਰਲ ਪੰਜਾਬੀ ਵਿੱਚ ਦੇ ਦਿੱਤਾ ਹੈ।

ਉਦਾਹਰਨ ਵਜੋਂ, ਇਸ ਰਚਨਾ ਦੀਆਂ ਦੋ ਤੁਕਾਂ ਇਸ ਪ੍ਰਕਾਰ ਹਨ:

"ਅੱਤਾ ਬਖ਼ਸ਼ਦੋ ਪਾਕੁ ਪਰਵਿਰਦਗਾਰ।

ਰਹੀਮ ਅਸਤ ਰੋਜ਼ੀ ਦਿਹੋ ਹਰ ਦਿਆਰ।"

(ਪੰਨਾ 1238)

ਇਨ੍ਹਾਂ ਵਿੱਚ ਆਏ ਸ਼ਬਦ 'ਪਰਵਿਰਦਗਾਰ' ਦਾ ਅਰਥ 'ਪਾਲਣਹਾਰ' ਅਤੇ 'ਦਿਆਰ' ਸ਼ਬਦ ਦਾ ਅਰਥ 'ਦੇਸ਼', 'ਮੁਲਕ' ਦੇ ਦਿੱਤਾ ਹੈ। ਇਸ ਦੇ ਭਾਵ ਅਰਥ ਵਜੋਂ ਲਿਖਿਆ ਹੈ-"ਦਾਤਾਂ ਬਖ਼ਸ਼ਦਾ ਹੈ; ਅਤੇ ਪਵਿੱਤ੍ਰ ਪਾਲਣਹਾਰ ਹੈ। ਦਿਆਲੂ ਹੈ; ਤੇ ਹਰ ਦੇਸ਼ ਵਿੱਚ ਰੋਜ਼ੀ ਦੇਣਹਾਰਾ ਹੈ।"[30]

5. ਸ਼ਬਦਾਰਥ ਦਸਮ ਗ੍ਰੰਥ ਵਿੱਚ ਆਏ ਕਈ ਸ਼ਬਦਾਂ ਬਾਰੇ ਪੈਰ-ਟਿੱਪਣੀ ਦਿੱਤੀ ਹੈ। ਅਜਿਹਾ ਉਦੋਂ ਕੀਤਾ ਗਿਆ ਹੈ ਜਦੋਂ ਪੁਰਾਣੀਆ ਲਿਖਤਾਂ ਨਾਲ ਮਿਲਾਨ ਕਰਦੇ ਹੋਏ ਭਾਈ ਸਾਹਿਬ ਨੂੰ ਕੋਈ ਪਾਠ-ਭੇਦ ਨਜ਼ਰ ਆਇਆ ਹੈ।

ਅਸਲ ਵਿੱਚ ਭਾਈ ਸਾਹਿਬ ਦਾ ਇਹ ਕਾਰਜ ਅਨੇਕਾ ਚੁਣੌਤੀਆ ਭਰਿਆ ਸੀ। ਦੂਜੇ ਪਾਸੇ ਉਨ੍ਹਾਂ ਦੀ ਨਿਸ਼ਠਾ, ਲਗਨ, ਸਿਦਕ ਤੇ ਉਮਰ ਭਰ ਦੀ ਮਿਹਨਤ ਸੀ। ਇਸ ਬਲਬੂਤੇ ਹੀ ਉਹ ਬੜੇ ਭਰੋਸੇ ਨਾਲ ਸ਼ਬਦਾਰਥ ਦਾ ਕਾਰਜ ਨਿਭਾਉਂਦੇ ਹਨ।

**6. ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ (ਪਹਿਲਾ ਭਾਗ):** ਇਹ ਪੁਸਤਕ ਭਾਈ ਸਾਹਿਬ ਦੀਆਂ ਬਹੁਤੀਆਂ ਪੁਸਤਕਾਂ ਦੀ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੀ ਪ੍ਰਕਾਸ਼ਨਾ ਹੈ, ਇਸ ਦਾ ਛਪਣ ਸੰਮਤ 488 ਗੁ: ਨਾ: ਲਿਖਿਆ ਹੈ। ਭਾਈ ਸਾਹਿਬ ਨੇ ਆਪਣੀ ਸੰਪਾਦਕੀ ਵਿਚ 'ਇਸ ਪੁਸਤਕ ਬਾਰੇ', 'ਪੁਸਤਕ ਲਿਖਣ ਦਾ ਮਨੋਰਥ', .ਪੁਸਤਕ ਦਾ ਨਾਮ-ਕਰਣ', ਸਹਾਇਕ ਪੁਸਤਕ ਸੂਚੀ' ਦੇਣ ਤੋਂ ਇਲਾਵਾ ਅੰਤ ਵਿਚ 27 ਮਾਰਚ 1957 ਅੰਕਿਤ ਕੀਤਾ ਹੈ। ਇਸ ਪੁਸਤਕ ਦੀ ਪਹਿਲੀ ਜਾਂ ਦੂਜੀ ਛਾਪ ਬਾਰੇ ਕੋਈ ਸੂਚਨਾ ਦਰਜ ਨਹੀਂ ਹੈ। ਇਸ ਦੇ ਸਿਰਲੇਖ ਵਿਚ 'ਪਹਿਲਾ ਭਾਗ' ਲਿਖਿਆ ਹੋਇਆ ਜਿਸਦੀ ਪੁਸ਼ਟੀ ਭਾਈ ਸਾਹਿਬ ਨੇ ਆਪ ਕੀਤੀ ਹੈ, ਉਨ੍ਹਾਂ ਅਨੁਸਾਰ ਇਹ ਇਤਿਹਾਸਕ ਸੋਮਿਆਂ ਦੀ ਪਹਿਲੀ

---

[30] ਭਾਈ ਰਣਧੀਰ ਸਿੰਘ (ਸੰਪਾ.), *ਸ਼ਬਦਾਰਥ ਦਸਮ ਗ੍ਰੰਥ ਸਾਹਿਬ ਪੋਥੀ ਤੀਜੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰ. 1238.

ਕਿਸ਼ਤ ਹੈ।[31] ਇਸ ਪੁਸਤਕ ਦੇ 264 ਪੰਨੇ ਹਨ ਅਤੇ ਸ਼ੁਧੀ ਪੱਤ੍ਰ ਦੇ ਅੱਠ ਪੰਨਿਆਂ ਨੂੰ ਮਿਲਾ ਕੇ 272 ਬਣਦੇ ਹਨ। ਇਸ ਪੁਸਤਕ ਦੇ ਲਿਖੇ ਜਾਣ ਬਾਰੇ ਭਾਈ ਸਾਹਿਬ ਨੇ 'ਪੁਸਤਕ ਲਿਖਣ ਦਾ ਮਨੋਰਥ' ਸਿਰਲੇਖ ਅਧੀਨ ਇਹ ਦੱਸਿਆ ਹੈ ਕਿ ਸਿੱਖਾਂ ਦਾ ਇਤਿਹਾਸ ਹਮੇਸ਼ਾ ਦੂਸਰਿਆਂ ਨੇ ਹੀ ਲਿਖਿਆ ਹੈ। ਭਾਵੇਂ ਉਹ ਬੁਰਾਈ ਲਿਖਦੇ ਲਿਖਦੇ ਸਿੱਖਾਂ ਦੀ ਬਹਾਦਰੀ ਤੋਂ ਪ੍ਰਭਾਵਿਤ ਹੋਏ ਬਿਨ੍ਹਾਂ ਨਹੀਂ ਰਹਿ ਸਕੇ। ਇਸ ਲਈ ਉਨ੍ਹਾਂ ਨੇ ਕਾਜ਼ੀ ਨੂਰ ਮੁਹੰਮਦ ਦੁਆਰਾ ਲਿਖੇ ਜੰਗਨਾਮੇ ਵਿਚੋਂ ਉਦਾਹਰਨਾ ਦਿਤੀਆਂ ਹਨ।[32] ਫਿਰ ਦਸਿਆ ਹੈ:

> "ਪ੍ਰੋ. ਗੰਡਾ ਸਿੰਘ ਨੇ ਇਤਿਹਾਸ-ਖੋਜ ਦਾ ਠਰਕ ਪੂਰਾ ਕਰਨ ਲਈ ਖਾਲਸਾ ਕਾਲਜ ਦੀ ਚਾਕਰੀ ਕਬੂਲ ਕਰ ਲਈ ਸੀ; ਤੇ ਮਿਲਦੇ ਵੇਤਨ ਵਿਚੋਂ, ਵੱਧ ਤੋਂ ਵੱਧ ਸੰਕੋਚ ਕਰਕੇ, ਨਿਜਕੀ ਲਾਇਬ੍ਰੇਰੀ ਬਣਾਉਣੀ ਅਰੰਭੀ ਹੋਈ ਸੀ। ਉਸੇ ਦੇ ਬਲ-ਬੁੱਤੇ ਉੱਤੇ ਆਪ ਨੇ ਕੁਝ ਇਤਿਹਾਸਕ ਲੇਖ ਲਿਖੇ; ਤੇ ਕੁਝ ਵਪਾਰੀ ਸੱਜਨਾ, ਉਨ੍ਹਾਂ ਨੂੰ ਪੁਸਤਕਾਂ ਦਾ ਰੂਪ ਦੇ ਕੇ ਪਾਠਕਾਂ ਦੇ ਹੱਥਾਂ ਤੱਕ ਪਹੁੰਚਾਇਆ.... ਪ੍ਰੋਫੈਸਰ ਸਾਹਿਬ ਨੇ ਸਿੱਖ ਕੌਮ ਦਾ ਬੀਤੇ ਚਾਰ-ਪੰਜ ਸੌ ਵਰ੍ਹੇ ਦਾ ਵਿਗਿਆਨਿਕ ਇਤਿਹਾਸ ਲਿਖਣ ਲਈ ਦਾਈਆ ਬੰਨਿਆ। ਅਰੁ ਪ੍ਰਾਪਤ ਮਸਾਲੇ ਵਿਚੋਂ 'ਸਿੱਖ ਇਤਿਹਾਸ ਦੇ ਸੋਮੇ' ਲੱਭਣ ਅਰੁ ਵਰਤਮਾਨ ਸਮੇਂ ਦੀ ਤ੍ਵਾਰੀਖ ਸਾਂਭਣ ਹਿਤ 'ਪੰਥਕ ਡਾਇਰੀ' ਲਿਖਣ ਦਾ ਫੈਸਲਾ ਕੀਤਾ।.... 'ਹੰਸਾਂ ਦੇਖਿ ਤਰੰਦਿਆਂ ਬਗਾ ਆਇਆ ਚਾਉ।' ਮਹਾਂਵਾਕ ਅਨੁਸਾਰ, ਇਨ੍ਹਾਂ ਅੱਖਰਾਂ ਦੇ ਲਿਖਾਰੀ ਨੇ ਭੀ 'ਸਿੱਖ ਹਿਸਟਰੀ ਸੋਸਾਇਟੀ' ਦਾ ਮੈਂਬਰ ਬਣਕੇ, ਇਤਿਹਾਸ ਖੋਜ ਦੇ ਅਥਾਹ ਸਾਗਰ ਵਿਚ ਛਾਲ ਮਾਰ ਦਿੱਤੀ; ਅਰੁ ਛੇਤੀ ਹੀ ਮਗਰੋਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬ ਨੇ, ਸੇਵਕ ਨੂੰ ਇਸੇ ਕੰਮ ਉਤੇ ਨਿਯਤ ਕਰ ਦਿਤਾ। ਅਤੇ ਲਾਇਬ੍ਰੇਰੀ ਕਾਇਮ ਕਰਨ ਦੇ ਨਾਲ ਹੀ, ਆਪਣੇ ਨੀਤੇ ਇਤਿਹਾਸ ਖੋਜੀਆਂ ਦੀ ਸੇਵਾ, ਸਿੱਖ ਹਿਸਟਰੀ ਸੋਸਾਇਟੀ ਦੇ ਆ: ਸਕੱਤਰ- ਪ੍ਰੋ. ਗੰਡਾ ਸਿੰਘ ਸਾਹਿਬ ਦੇ ਅਧੀਨ ਕਰ ਦਿੱਤੀ। ਅਗਲੇ ਸਾਰੇ ਪ੍ਰੋਗਰਾਮ ਅਸਾਂ ਰਲ ਕੇ ਉਲੀਕੇ ਅਤੇ ਛੋਹੇ। ਅਰੁ 'ਇਤਿਹਾਸਕ-ਪੱਤ੍ਰ' ਨਾਮ ਦਾ ਤਿਮਾਹੀ ਰਸਾਲਾ ਚਾਲੂ ਚਾਲੂ ਕੀਤਾ। ਸੋਸਾਇਟੀ ਦੇ ਮੈਂਬਰਾਂ ਨੂੰ ਪ੍ਰੇਰ ਕੇ 'ਕਮਰਾ ਲੈਕਚਰ' ਦੀ ਪ੍ਰਥਾ ਵੀ ਚਲਾਈ। ਇਸ ਤਰ੍ਹਾਂ ਤਿਆਰ ਹੋਏ ਲੈਕਚਰ,

---

31 ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ (ਪਹਿਲਾ ਭਾਗ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1957, ਪੰ. ਙ.

32 *ਉਹੀ,* ਪੰਨੇ ੲ-ਗ.

ਪੁਰਾਤਨ ਅਣਛਪੇ ਲੇਖ ਤੇ ਬਾਹਰੋਂ ਆਈਆਂ ਇਤਿਹਾਸਕ ਪੁੱਛਾਂ ਦੇ ਉਤਰ ਇਸ ਮੈਗਜ਼ੀਨ ਵਿਚ ਦੇਣੇ ਅਰੰਭੇ। ਅਰੁ ਉਨ੍ਹਾਂ ਨੂੰ ਨਾਲੋ ਨਾਲ 'ਪੁਸਤਕ' ਰੂਪ ਦੇਣਾ ਭੀ ਸ਼ੁਰੂ ਕਰ ਦਿੱਤਾ।"[33]

ਪੁਸਤਕ ਦੇ ਨਾਮ-ਕਰਣ ਬਾਰੇ ਭਾਈ ਸਾਹਿਬ ਨੇ ਲਿਖਿਆ ਹੈ ਕਿ 'ਇਸ ਪੁਸਤਕ ਵਿੱਚ ਕੁਝ ਲੇਖ ਸਤਿਗੁਰਾਂ ਦੇ ਪ੍ਰਤੱਖ ਦਰਸ਼ਨ ਸੰਬੰਧੀ ਹਨ; ਅਤੇ ਸਾਰੇ ਮਸਾਲੇ ਵਿੱਚ ਸਿੱਖ-ਇਤਿਹਾਸ ਦੇ ਸਹੀ ਦੀਦਾਰੇ ਹੁੰਦੇ ਹਨ; ਇਸੇ ਕਰਕੇ ਫਬਦਾ-ਸਜਦਾ ਨਾਮ 'ਪ੍ਰਤੱਖ ਦਰਸ਼ਨ' ਤਜਵੀਜ ਹੋਇਆ ਹੈ।'[34] ਆਪਣੀਆਂ ਬਾਕੀ ਸੰਪਾਦਿਤ ਪੁਸਤਕਾਂ ਵਾਂਗ 24 ਪੁਸਤਕਾਂ ਦੀ ਪੁਸਤਕ ਸੂਚੀ ਦਿੱਤੀ ਹੈ। ਇਸ ਪੁਸਤਕ ਦੀ ਅਧਿਆਇ ਸੂਚੀ ਅਨੁਸਾਰ ਇਸ ਵਿਚ 10 ਰਚਨਾਵਾਂ ਸ਼ਾਮਿਲ ਹਨ। ਪ੍ਰੰਤੂ ਇਨ੍ਹਾਂ ਦੀ ਗਿਣਤੀ ਜਿਆਦਾ ਹੈ, ਕਿਉਂਕਿ ਇਕ ਰਚਨਾ ਜਾਂ ਇਕ ਪੋਥੀ/ਸਰੋਤ ਤੋਂ ਇਕ ਜਾਂ ਦੋ ਰਚਨਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ, ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:

**6.1** ਵਾਰ ਭੇੜੇ ਕੀ- ਪਾਤਿਸ਼ਾਹੀ 10: ਇਸ ਰਚਨਾ ਦੇ ਸ਼ੁਰੂ ਵਿਚ 'ਸਕੱਤ੍ਰ' ਦੁਆਰਾ ਦਿੱਤੀ ਸੂਚਨਾ ਦੇ ਅਧਾਰ ਤੇ ਇਹ ਗੁਰਦੁਆਰਾ ਡੇਰਾ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ (ਜਿਲਾ ਅੰਮ੍ਰਿਤਸਰ) ਵਿਚੋਂ ਮਿਲੀ ਇਕ ਪੁਰਾਣੀ ਪੋਥੀ ਵਿਚੋਂ ਲਈ ਗਈ ਹੈ, ਜਿਸਨੂੰ ਮਿਸ੍ਰਾ ਸਿੰਘ ਛਿੱਬਰ ਵਾਸੀ ਧੰਨ ਕਰੀਆਲਾ ਨੇ ਲਿਖਿਆ। ਇਹ ਪੋਥੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਵਣ ਦੇ ਨੇੜੇ ਤੇੜੇ ਦੀ ਲਿਖਤ ਹੈ।[35]

ਸੂਚਨਾ ਦੇ ਵਾਲੇ ਸਕੱਤਰ ਬਾਰੇ ਕੋਈ ਪਤਾ ਨਹੀਂ ਲਗਦਾ ਕਿ ਇਹ ਸ਼੍ਰੋਮਣੀ ਕਮੇਟੀ ਦੇ ਸਕੱਤ੍ਰ ਹਨ ਜਾਂ ਸਿੱਖ ਹਿਸਟੋਰੀਕਲ ਸੋਸਾਇਟੀ ਦੇ। ਜੇਕਰ ਭਾਈ ਸਾਹਿਬ ਦੀ ਸੂਚਨਾ ਜਿਸਦਾ ਵੇਰਵਾ ਪਿਛੇ ਦਿੱਤਾ ਗਿਆ ਹੈ, ਦੇ ਆਧਾਰ ਤੇ ਦੇਖਿਆ ਜਾਵੇ ਤਾਂ ਡਾ. ਗੰਡਾ ਸਿੰਘ ਹਿਸਟੋਰੀਕਲ ਸੋਸਾਇਟੀ ਦੇ ਐਡੀਸ਼ਨਲ ਸਕੱਤ੍ਰ ਸਨ। ਇਸ ਤੋਂ ਇਲਾਵਾ ਇਸ ਪੁਸਤਕ ਵਿਚ ਸ਼ਾਮਿਲ ਹੋਰ ਰਚਨਾਵਾਂ ਬਾਰੇ ਸੂਚਨਾ ਦੇਣ ਸਮੇਂ ਡਾ. ਗੰਡਾ ਸਿੰਘ ਨੇ ਆਪਣਾ ਨਾਮ ਲਿਖਿਆ ਹੈ, ਪਰੰਤੂ ਇਸ ਸਕੱਤ੍ਰ ਬਾਰੇ ਕੁਝ ਪਤਾ ਨਹੀਂ ਲਗਦਾ।[36] ਸਕੱਤ੍ਰ ਸਾਹਿਬ ਦੁਆਰਾ ਦੱਸੇ ਵੇਰਵੇ ਅਨੁਸਾਰ ਇਸ ਵਾਰ ਵਿਚ 'ਅਨੰਦਪੁਰ ਦੇ ਆਖਰੀ ਜੰਗ ਤੇ ਤਿਆਗ ਦਾ ਹੀ

---

33 ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ (ਪਹਿਲਾ ਭਾਗ), (ਸੰਪਾ.) ਭਾਈ ਰਣਧੀਰ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਸਰ, 1957, ਪੰਨੇ ਘ-ਙ.

34 *ਉਹੀ,* ਪੰ. ਙ.

35 *ਉਹੀ,* ਪੰ.1.

36 ਡਾ. ਕਰਨੈਲ ਸਿੰਘ ਸੋਮਲ, *ਸਿੱਖ ਇਤਿਹਾਸ ਦਾ ਟਕਸਾਲੀ ਖੋਜੀ ਭਾਈ ਰਣਧੀਰ ਸਿੰਘ ਡੂਮਛੇੜੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018, ਪੰ 62.

ਜ਼ਿਕਰ ਹੈ। ਬੋਲੀ ਪੁਰਾਣੀ ਸੁਆਦੀ ਅਰ ਧੰਨ-ਪੋਠੋਹਾਰ ਦੇ ਰੰਗ ਵਾਲੀ ਹੈ। ਹੋਰ ਗਲਾਂ ਫਾਰਸੀ ਤ੍ਵਾਰੀਖਾਂ ਨਾਲ ਮਿਲਦੀਆਂ ਜੁਲਦੀਆਂ ਹਨ, ਪਰ ਭਾਈ ਬਿਚਿਤ੍ਰ ਸਿੰਘ ਦਾ ਹਾਥੀ ਨਾਲ ਮੁਕਾਬਲਾ ਕਰਨ ਵਾਲਾ ਪ੍ਰਸੰਗ ਸ: ਬ: ਭਾਈ ਕਾਨ੍ਹ ਸਿੰਘ ਜੀ ਆਦਿ ਸਿੱਖ-ਇਤਿਹਾਸਕਾਰਾਂ ਦੇ ਕਥਨ ਅਨੁਸਾਰ ਨਿਰਮੋਹ-ਗੜ੍ਹ ਜੁਧ ਤੋਂ ਪਹਿਲੋਂ (1758 ਬਿ.) ਦਾ ਹੈ।'[37]

ਭਾਈ ਸਾਹਿਬ ਨੇ ਇਸ ਰਚਨਾ ਦਾ ਪਾਠ ਦੇਣ ਦੇ ਨਾਲ ਮੁਸ਼ਕਿਲ ਸ਼ਬਦਾਂ ਦੇ ਅਰਥ ਫੁਟ ਨੋਟਾਂ ਵਿਚ ਦਿੱਤੇ ਹਨ। ਇਨ੍ਹਾਂ ਵਿਚ ਵੱਖ-ਵੱਖ ਚਿੰਨ੍ਹ *, !, †, {}, (), § ਆਦਿ ਵਰਤੇ ਗਏ ਹਨ। ਇਨ੍ਹਾਂ ਦੀ ਵਰਤੋਂ ਦਾ ਕੋਈ ਨਿਸ਼ਚਿਤ ਪੈਮਾਨਾ ਨਹੀਂ ਰਖਿਆ ਗਿਆ ਕਿ ਕਿਸ ਪ੍ਰਕਾਰ ਦੇ ਫੁਟ ਨੋਟ ਲਈ ਕਿਹੜਾ ਚਿੰਨ ਵਰਤਿਆ ਜਾਵੇ? ਇਨ੍ਹਾਂ ਫੁਟ ਨੋਟਾਂ ਵਿਚ ਔਖੇ ਸ਼ਬਦਾਂ ਦੇ ਅਰਥ, ਇਤਿਹਾਸਿਕ ਮਿਥਿਹਾਸਿਕ ਹਵਾਲੇ ਦਿਤੇ ਹਨ।

'ਭੇੜੇ ਕੀ ਵਾਰ' ਤੋਂ ਅਗਲੀ ਰਚਨਾ 'ਸ਼ਹੀਦੀ ਭਾਈ ਗਾਜਾ ਸਿੰਘ' ਹੈ। ਜਿਸ ਦਾ ਲਿਖਾਰੀ ਭਾਈ ਗਾਜਾ ਸਿੰਘ ਦਾ ਸਤਿਸੰਗੀ ਭਾਈ ਚਰਨ ਸਿੰਘ ਹੈ। ਭਾਈ ਗਾਜਾ ਸਿੰਘ ਦਸਵੇਂ ਪਾਤਸ਼ਾਹ ਦੇ ਹਜੂਰੀ ਸਿੱਖ ਭਾਈ ਸਾਹਿਬ ਸਿੰਘ ਦੀ ਵੰਸ ਵਿਚੋਂ ਸਨ। ਇਹ ਨਿਰਮਲੇ ਸੰਤ ਸਨ।[38] ਇਸ ਵਿਚ ਭਾਈ ਗਾਜਾ ਸਿੰਘ ਅਤੇ ਭਗਵਾਨ ਸਿੰਘ ਦੀ ਲੜਾਈ ਦਾ ਜ਼ਿਕਰ ਹੈ। ਭਾਈ ਗਾਜਾ ਸਿੰਘ ਸੱਚ ਉਤੇ ਪਹਿਰਾ ਦਿੰਦਿਆਂ ਸ਼ਹਾਦਤ ਪ੍ਰਾਪਤ ਕਰ ਜਾਂਦੇ ਹਨ ਅਤੇ ਭਗਵਾਨ ਸਿੰਘ ਭਾਈ ਸਾਹਿਬ ਦਾ ਸਤਿਸੰਗੀ ਹੁੰਦੇ ਹੋਏ ਵੀ ਉਨ੍ਹਾਂ ਉਪਰ ਹਮਲਾ ਕਰਕੇ ਆਪਣੇ ਆਪ ਨੂੰ ਕਲੰਕਿਤ ਕਰਦਾ ਹੈ। ਇਨ੍ਹਾਂ ਵਿਚਲੀ ਅਲਹਿਦਗੀ ਨੂੰ ਚੜ੍ਹਤ ਸਿੰਘ ਨਾਮੀ ਮਨੁੱਖ ਨੇ ਵਧਾਇਆ। ਗਾਜਾ ਸਿੰਘ ਸ਼ਹਾਦਤ ਦੇ ਕੇ ਅਮਰ ਹੋ ਗਿਆ।

ਗਾਜਾ ਸਿੰਘ ਵਾਲੀ ਰਚਨਾ ਦਾ ਪਾਠ ਖਤਮ ਹੋਣ ਤੇ 'ਕਵਿ ਤਨਸੁਖ-ਲਾਹੌਰੀ' ਦੀ ਚੌਪਈ ਛਾਪੀ ਗਈ ਹੈ ਜਿਹੜੀ ਸੰਮਤ 1741 ਦੀ ਰਚਨਾ ਵਿਚੋਂ ਲਈ ਗਈ ਹੈ।[39] ਇਸ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਕਲਜੁਗ ਵਿਚ ਧਰਮ ਚਲਾਉਣ ਦਾ ਜਿਕਰ ਹੈ, ਜਿਸ ਨੂੰ 'ਸਾਧ ਸੰਗਤਿ' ਦਾ ਨਾਮ ਦਿੱਤਾ ਗਿਆ ਹੈ। ਨਾਲ ਇਕ 'ਸੋਰਠਾ' ਦਿੱਤਾ ਗਿਆ ਹੈ ਜਿਸ ਵਿਚ ਇਸ ਪੰਥ ਨੂੰ ਭਗਵੰਤ ਮਿਲਣ ਵਾਲਾ ਕਹਿ ਕੇ ਸਿੱਖ ਪੰਥ ਦੀ ਉਸਤਤ ਕੀਤੀ ਗਈ ਹੈ।

---

37 ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ, ਪੰ.1.

38 ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ (ਪਹਿਲਾ ਭਾਗ), (ਸੰਪਾ.) ਭਾਈ ਰਣਧੀਰ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1957, ਪੰ. 13.

39 *ਉਹੀ,* ਪੰ 18.

**6.2 ਸ੍ਰੀ ਦਸਮੇਸ਼ ਜੀ ਦੇ ਪ੍ਰਤੱਖ ਦਰਸ਼ਨ:** ਇਸ ਪੁਸਤਕ ਵਿਚ ਦਿੱਤੀ 'ਸਕਤ੍ਰ' ਸਾਹਿਬ ਦੀ ਸੂਚਨਾ ਅਨੁਸਾਰ 'ਇਹ ਪ੍ਰਸੰਗ ਭਾਈ ਸੰਤ ਦਾਸ 'ਛਿੱਬਰ' ਦੀ ਲਿਖੀ ਇਕ ਪੋਥੀ ਵਿਚ ਦਰ ਦਰਜ ਹੈ। ਪੋਥੀ ਸੰਮਤ ਅਠਾਰਾਂ ਸੌ ਚੌਤੀਹ ਬਿਕ੍ਰਮੀ ਵਿਚ ਤਿਆਰ ਹੋਈ ਸੀ। ਇਸ ਦੀ ਨਕਲ ਹਾੜ੍ਹ ਸੰਮਤ 1887 ਬਿ:, ਵਿਚ ਕਿਸੇ ਕੰਧਾਰ ਵਾਸੀ ਪ੍ਰੇਮੀ ਨੇ ਕੀਤੀ ਸੀ, ਅਧੂਰੀ ਹਾਲਤ ਵਿਚ ਸਾਨੂੰ ਲੱਭੀ ਹੈ।

ਪੋਥੀ ਦੇ ਪਹਿਲੇ 96 ਪੱਤ੍ਰੇ ਨਹੀਂ ਹਨ ਇਸ ਲਈ ਪੋਥੀ ਦਾ ਨਾਮ ਪਤਾ ਨਹੀਂ ਲਗ ਸਕਿਆ। ਇਸ ਵਿਚ ਪਹਿਲੋਂ ਸਤਿਗੁਰੂ ਨਾਨਕ ਦੀਆਂ ਸਾਖੀਆਂ ਸਰਲ ਕਵਿਤਾ ਵਿਚ ਲਿਖੀਆਂ ਹਨ। ਫਿਰ ਹੋਰ ਕਈ ਰਚਨਾਵਾਂ, ਸਾਖੀਆਂ, ਗੋਸਟਾਂ ਤੇ ਜੁਗਾਵਲੀ ਆਦਿ ਦਰਜ ਹਨ। ਪੋਥੀ 280 ਪੱਤ੍ਰੇ ਪਰ ਸੰਪੂਰਨ ਹੁੰਦੀ ਹੈ। ਇਸ ਦੇ 256 ਤੋਂ 260 ਪੱਤ੍ਰੇ ਤਕ ਭਾਈ ਸੰਤ ਸਿੰਘ ਜੀ ਦਾ ਇਹ ਪ੍ਰਸੰਗ ਹੈ।

ਭਾਈ ਸੰਤ ਦਾਸ ਜੀ ਨੇ ਆਪਣਾ ਹਸਬ-ਨਸਬ ਇਸ ਪੋਥੀ ਵਿੱਚ ਖੋਲ੍ਹਕੇ ਨਹੀਂ ਦੱਸਿਆ। ਸਤਿਗੁਰੁ ਨਾਨਕ ਦੀ ਇਹ ਕਥਾ ਸੰਪੂਰਨ ਕਰਨ ਸਮੇਂ 227 ਵੇਂ ਪੱਤ੍ਰੇ ਪਰ ਸਿਰਫ ਇਨ੍ਹਾਂ ਕੁ ਥਹੁ ਦਿੱਤਾ ਹੈ:

ਦੋਹਰਾ

ਚੇਤ ਸੁ ਦਿਨ ਥਿਤਿ ਸਪਤਮੀ, ਪੱਖੁ ਨਿਖਤ੍ਰ ਸਸਿ ਵਾਰ।
ਸੰਤ ਦਾਸ 'ਛਿਬਰ' ਲਿਖੀ ਪੋਥੀ ਸੁਧਾ ਸਵਾਰ॥

ਚੌਪਈ

ਸੰਮਤ ਅਠਸਠ ਸੈ ਚਉਤੀਸ।
ਸਾਕਾ ਲਿਖਤੇ ਬਿਕ੍ਰਮਜੀਤ।
ਕਾਸਮੀਰ ਸੁਭ ਦੇਸ ਸੁਹਾਇਓ।
ਕਸਪ ਰਿਖੀਸਰ ਕੇ ਮਨ ਭਾਇਓ।
ਕਹਾਂ ਸੁ ਦੇਵੀ ਕਾ ਅਸਥਾਨ।
ਅਸਟਦਸ ਭੁਜਾ ਸਾਰ ਕੀ ਜਾਨ॥

ਇਨ੍ਹਾਂ ਸੋਧਾਂ ਤੋਂ ਸਹੀ ਹੁੰਦਾ ਹੈ ਕਿ ਇਹ ਵਿਦਵਾਨ ਉਸੇ 'ਛਿੱਬਰ' ਘਰਾਣੇ ਵਿਚੋਂ ਹੈ ਜਿਸ ਦੇ ਵਡੇਰੇ ਦੀਵਾਨ ਦਰਗਾਹ ਮੱਲ ਤੇ ਸਤੀ ਦਾਸ, ਮਤੀ ਦਾਸ ਆਦਿ- ਸ੍ਰੀ ਗੁਰੂ ਹਰਿ ਰਾਇ ਤੋਂ ਲੈ ਕੇ ਦਸਵੇਂ ਪਾਤਿਸ਼ਾਹ ਤੱਕ ਗੁਰੂ ਘਰ ਦੇ ਦਰਬਾਰੀ ਤੇ ਘਰਬਾਰੀ ਦੀਵਾਨ ਰਹੇ ਹਨ।....'[40]

ਇਸ ਤੋਂ ਬਾਅਦ ਭਾਈ ਕੇਸਰ ਸਿੰਘ ਛਿਬਰ ਦੇ *ਬੰਸਾਵਲੀਨਾਮੇ* ਵਿਚੋਂ ਪੰਕਤੀਆਂ ਦੇ ਕੇ ਇਸ ਲੇਖਕ ਨੂੰ ਉਨ੍ਹਾਂ ਦੇ ਖਾਨਦਾਨ ਦਾ ਹੋਣਾ ਹੀ ਸਿਧ ਕੀਤਾ ਹੈ।

ਅੱਗੇ ਪੰਨੇ 22 ਤੋਂ 32 ਤਕ ਇਸ ਰਚਨਾ ਦਾ ਮੂਲ ਪਾਠ ਦਿਤਾ ਗਿਆ ਹੈ। ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਮਹਿਮਾ, ਲੇਖਕ ਦਾ ਅੰਮ੍ਰਿਤਸਰ ਜਾਣਾ, ਉਥੋਂ ਉਸਦੇ ਮਨ ਵਿਚ ਗੁਰੂ ਗੋਬਿੰਦ ਸਿੰਘ ਦੇ ਦਰਸ਼ਨ ਦੀ ਇਛਾ ਪੈਦਾ ਹੋਣੀ, ਗੁਰੂ ਸਾਹਿਬ ਦੇ ਦਰਸ਼ਨ ਦੀਦਾਰ ਹੋਣੇ, ਉਨ੍ਹਾਂ ਦਾ ਸਰੂਪ ਬਿਆਨ ਕਰਨਾ, ਸਤਿਗੁਰੂ ਦਾ ਸਿੱਖ ਬਣਨਾ, ਰਹਿਤ ਮਰਯਾਦਾ ਦਾ ਵਰਨਣ, ਬਿਪ੍ਰ-ਸੰਸਕਾਰਾਂ ਦਾ ਤਿਆਗ ਆਦਿ ਸਾਰੀਆਂ ਗੱਲਾਂ ਕਵਿਤਾ ਵਿਚ ਦਰਜ ਹਨ । ਇਸ ਪ੍ਰਸੰਗ ਦੇ ਸਰਲ ਕਵਿਤਾ ਵਿਚ ਹੋਣ ਕਰਕੇ ਫੁਟ ਨੋਟਾਂ ਵਿਚ ਅਰਥ ਬਹੁਤ ਥੋੜੇ ਦੇਣ ਦੀ ਲੋੜ ਪਈ ਹੈ।

ਇਸ ਪ੍ਰਸੰਗ ਦੇ ਖਤਮ, ਹੋਣ ਤੇ ਕਵਿ ਤਨਸੁਖ- ਲਾਹੌਰੀ ਦੀ 'ਚੌਪਈ' 'ਗੁਰੁ ਗੋਬਿੰਦ ਨਾਨਕ' ਦਿਤੀ ਹੈ।

**6.3 ਇਕ ਇਤਿਹਾਸਕ ਘਟਨਾਵਲੀ:** ਇਹ ਇਸ ਪੁਸਤਕ ਦਾ ਤੀਸਰਾ ਵਡਾ ਪ੍ਰਸੰਗ 'ਹੈ। ਇਸ ਬਾਰੇ 'ਆਰੰਭਕ ਬਚਨ' ਵਜੋਂ ਡਾ. ਗੰਡਾ ਸਿੰਘ ਨੇ ਚਾਨਣਾ ਪਾਇਆ ਹੈ। ਉਨ੍ਹਾਂ ਦੀ ਇਹ ਲਿਖਤ 4 ਸਤੰਬਰ 1950 ਦੀ ਹੈ ਅਤੇ ਪਟਿਆਲੇ ਤੋਂ ਲਿਖੀ ਗਈ ਹੈ। ਇਸ ਵਿਚ ਉਨ੍ਹਾਂ ਨੇ ਆਪਣੇ ਨਾਨਕੇ ਘਰ ਹਰਿਆਣਾ (ਹੋਸ਼ਿਆਰਪੁਰ) ਤੋਂ ਇਸ ਰਚਨਾ ਦੇ ਮਿਲਣ ਬਾਰੇ ਦਸਿਆ ਹੈ। ਇਸ ਵਿਚ 'ਤੁਲਸੀ' ਸ਼ਬਦ ਆਉਣ ਤੇ ਉਨ੍ਹਾਂ ਨੂੰ ਇਹ ਰਚਨਾ ਕਵੀ ਤੁਲਸੀ ਦਾਸ ਦੀ ਲਗੀ, ਜਿਸ ਨੇ ਰਾਮ ਚਰਿਤ੍ਰ ਮਾਨਸ ਲਿਖਿਆ ਹੈ। ਦੂਜੇ ਛੰਦ ਵਿਚ 'ਕਾਨ੍ਹ ਮ੍ਰਿਗਿੰਦ' ਨਾਮ ਆਉਣ ਕਰਕੇ ਅਤੇ ਭਾਈ ਕਾਨ੍ਹ ਸਿੰਘ ਦੇ ਜੰਗਨਾਮੇ ਨਾਲ ਇਨ੍ਹਾਂ ਪਤਰਿਆਂ ਦੇ ਮਿਲਣ ਕਰਕੇ ਇਹ ਰਚਨਾ ਕਾਨ੍ਹ ਸਿੰਘ ਬੰਗਿਆਂ ਵਾਲੇ ਦੀ ਲਗੀ। ਪਰ ਗਿ. ਮਹਾਂ ਸਿੰਘ ਐਡੀਟਰ ਖਾਲਸਾ

---

[40] ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ (ਪਹਿਲਾ ਭਾਗ), (ਸੰਪਾ.) ਭਾਈ ਰਣਧੀਰ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1957, ਪੰਨੇ 19-20.

ਸਮਾਚਾਰ ਅਨੁਸਾਰ ਇਹ ਰਚਨਾ ਭਾਈ ਵੀਰ ਸਿੰਘ ਦੇ ਦਾਦਾ ਭਾਈ ਕਾਨ੍ਹ ਸਿੰਘ ਦੀ ਹੈ। ਇਹ ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਸਨ। ਇਸ ਵਿਚ ਦਿੱਤੇ ਵਾਕਿਆਤ ਅਤੇ ਤਾਰੀਖਾਂ ਨਵੀਆਂ ਹਨ। ਇਸ ਤਰ੍ਹਾਂ ਜਾਪਦਾ ਹੈ ਕਿ ਲੇਖਕ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਕੁਝ ਸਮਾਂ ਲਾਹੌਰ ਰਿਹਾ ਹੈ ਜੇਕਰ ਨਹੀਂ ਵੀ ਰਿਹਾ ਤਾਂ ਸੂਚਨਾ ਸਰੋਤ ਬਹੁਤ ਹੀ ਭਰੋਸੇਯੋਗ ਜਾਪਦੇ ਹਨ।[41]

ਰਚਨਾ ਦੇ ਮੂਲ ਪਾਠ ਵਿਚ ਇਕ ਸਵੈਯਾ ਪਰਮਾਤਮਾ ਦੀ ਉਸਤਤ ਵਿਚ ਦਿਤਾ ਹੈ। ਇਸ ਤੋਂ ਬਾਅਦ ਮਿਤੀ ਵਾਰ ਘਟਨਾਵਲੀ ਦਾ ਸੰਖੇਪ ਵਰਨਣ ਚਲਦਾ ਹੈ ਜਿਸ ਦੀ ਸ਼ੁਰੂਆਤ ਸੰਮਤ 1814 ਤੋਂ ਹੁੰਦੀ ਹੈ। ਇਨ੍ਹਾਂ ਘਟਨਾਵਾਂ ਵਿਚ ਅਹਿਮਦ ਸ਼ਾਹ ਅਬਦਾਲੀ ਦੁਆਰਾ ਸੋਢੀਆਂ ਦੇ ਕਤਲ, ਦਰਬਾਰ ਸਾਹਿਬ ਦੀ ਬੇਅਦਬੀ, ਮਿਸਲਾਂ ਦੀਆਂ ਘਟਨਾਵਾਂ, ਮਹਰਾਜਾ ਰਣਜੀਤ ਸਿੰਘ ਤੋਂ ਬਾਅਦ ਦੀਆਂ ਘਟਨਾਵਾਂ ਦਾ ਜ਼ਿਕਰ ਹੈ। ਖਾਲਸੇ ਦੀ ਅੰਗਰੇਜ਼ਾਂ ਨਾਲ ਮੁਦਕੀ ਦੀ ਲੜਾਈ ਦੇ ਵਰਨਣ ਨਾਲ ਇਹ ਰਚਨਾ ਸਮਾਪਤ ਹੁੰਦੀ ਹੈ। ਇਸ ਤੋਂ ਬਾਅਦ ਇਸ ਪੁਸਤਕ ਵਿਚ ਕੇਸਰ ਸਿੰਘ ਛਿੱਬਰ ਦੀ ਕਵਿਤਾ 'ਸਿੰਘ ਜੀ!' ਸਿਰਲੇਖ ਨਾਲ ਦਿਤੀ ਗਈ ਹੈ।

**6.4 ਵਾਰ ਪਾਤਿਸ਼ਾਹੀ ਦਸਵੀਂ ਕੀ**: ਇਸ ਪੁਸਤਕ ਦੀ ਚੌਥੀ ਵਡੀ ਰਚਨਾ 'ਵਾਰ ਪਾਤਸ਼ਾਹੀ ਦਸਵੀਂ ਕੀ' ਹੈ। ਇਸ ਬਾਰੇ ਜਾਣਕਾਰੀ ਪ੍ਰੋ. ਪਿਆਰਾ ਸਿੰਘ ਪਦਮ ਦੁਆਰਾ ਦਿਤੀ ਗਈ ਹੈ। ਇਸ ਅਨੁਸਾਰ 'ਇਸ ਵਾਰ ਵਿਚ ਇਨ੍ਹਾਂ ਦੋਹਾਂ ਜੋਧਿਆਂ-ਰੁਸਤਮ ਖਾਂ ਤੇ ਹਿੰਮਤ ਖਾਂ ਦਾ ਹਲਾ ਕਰਨ ਦਾ ਹਾਲ ਦਿਤਾ ਗਿਆ ਹੈ। ਘਟਨਾਵਾਂ ਦਾ ਵਰਨਣ, ਮੁਖੀਏ ਸਿੰਘਾਂ ਦੀ ਨਾਮਾਵਲੀ ਅਤੇ ਬੋਲੀ ਦੀ ਰੂਪ ਰੇਖਾ ਇਸ ਗੱਲ ਨੂੰ ਪ੍ਰਗਟ ਕਰਨ ਲਈ ਕਾਫੀ ਹੈ ਕਿ ਇਹ ਕਿਸੇ ਸਮਕਾਲੀ ਕਵੀ ਦੀ ਰਚਨਾ ਹੈ। ਫਿਰ 48ਵੇਂ ਛੰਦ ਵਿਚ ਇਸ ਯੁਧ ਦਾ ਦਿਨ ਸੋਮਵਾਰ ਸਹਿਜ-ਸੁਭਾ ਲਿਖਣ ਵਿਚ ਆਇਆ ਹੈ.... ਇਸ ਸਹਿਜ ਸੁਭਾ ਦਿਨ ਤਕ ਦਾ ਲਿਖਣਾ ਇਸ ਗਲ ਦਾ ਹੋਰ ਪੱਕਾ ਸਬੂਤ ਬਣਦਾ ਹੈ ਕਿ ਇਹ 'ਵਾਰ' ਕਿਸੇ ਸਮਕਾਲੀ ਕਵੀ ਦੀ ਹੀ ਰਚੀ ਹੋਈ ਹੈ।'[42]

ਪ੍ਰੋ. ਪਿਆਰਾ ਸਿੰਘ ਪਦਮ ਦੀ ਉਪਰੋਕਤ ਭੂਮਿਕਾ ਦੇ ਨਾਲ ਭਾਈ ਰਣਧੀਰ ਭਾਈ ਰਣਧੀਰ ਸਿੰਘ ਨੇ 'ਸੰਪਾਦਕ ਵਲੋਂ' ਸਿਰਲੇਖ ਹੇਠ ਵਾਰ ਬਾਰੇ ਆਪਣੀ ਪੜਚੋਲ ਲਿਖੀ ਹੈ।

---

[41] ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ (ਪਹਿਲਾ ਭਾਗ), (ਸੰਪਾ.) ਭਾਈ ਰਣਧੀਰ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1957, ਪੰ.35.

[42] *ਉਹੀ,* ਪੰ.52.

ਉਨ੍ਹਾਂ ਨੇ ਵਾਰ ਵਿਚ ਆਏ 'ਬੰਗਾਲੀਆ' ਸ਼ਬਦ ਦੇ ਅਧਾਰ ਤੇ ਇਸ ਦੇ ਲੇਖਕ ਦਾ ਆਸਾਮ ਜਾਣਾ ਸਿਧ ਕੀਤਾ ਹੈ ਕਿਉਂਕਿ ਇਹ ਸ਼ਬਦ ਆਸਾਮੀਆਂ ਦਾ ਰਿਵਾਜੀ ਸ਼ਬਦ ਹੈ ਜਿਹੜਾ ਗੈਰ-ਆਸਾਮੀ ਲੋਕਾਂ ਲਈ ਵਰਤਿਆ ਜਾਂਦਾ ਹੈ। ਵਾਰ ਵਿਚ ਵਰਤੇ ਦਿਨ ਸੋਮਵਾਰ ਨੂੰ ਆਧਾਰ ਬਣਾ ਕਿ ਉਨ੍ਹਾਂ ਨੇ ਇਸ ਯੁਧ ਦਾ ਐਤਵਾਰ ਅਤੇਸੋਮਵਾਰ ਨੂੰ ਹੋਣਾ ਸਹੀ ਕੀਤਾ ਹੈ। ਇਸ ਯੁਧ ਵਿਚ ਸਾਹਿਬਜ਼ਾਦਿਆਂ ਦਾ ਵੈਰੀਆਂ ਦੇ ਹੱਥ ਲਗ ਜਾਣਾ ਵੀ ਇਹ ਦਸਦਾ ਹੈ ਕਿ ਇਹ ਵਾਰ ਅਨੰਦਪੁਰ ਦੇ ਆਖਰੀ ਯੁਧ ਨਾਲ ਸੰਬੰਧਿਤ ਹੈ। ਇਸ ਤੋਂ ਇਲਾਵਾ ਭਾਈ ਸਾਹਿਬ ਨੇ ਯੁਧ ਦੀਆਂ ਤਾਰੀਖਾਂ ਵੀ ਦਿਤੀਆਂ ਹਨ।[43] ਇਸ ਤੋਂ ਬਾਅਦ ਰਚਨਾ ਦਾ ਮੂਲ ਪਾਠ 56 ਪੰਨੇ ਤੋਂ 71 ਤਕ ਫੈਲਿਆ ਹੋਇਆ ਹੈ।

6.5 **ਗੁਰੂ ਬਾਬੇ ਦਾ ਦੀਦਾਰ ਦੋ ਸੈ ਸਾਲ ਬਾੱਦ:** ਇਸ ਰਚਨਾ ਨੂੰ ਭਾਈ ਸੰਤਦਾਸ ਛਿੱਬਰ ਨੇ ਲਿਖਿਆ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਦੇ ਅੰਤਿਮ ਸੰਸਕਾਰ ਦਾ ਵਰਨਣ ਹੈ। ਇਹ ਦੋ ਪੰਨਿਆ ਦੀ ਰਚਨਾ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਦੀ ਅੰਤਿਮ ਸੰਸਕਾਰ ਦੀ ਯਾਦ ਵਿਚ ਮੁਸਲਮਾਨਾਂ ਦੁਆਰਾ ਮਕਤਬ ਅਤੇ ਹਿੰਦੂਆਂ ਦੁਆਰਾ ਖੂਹ ਬਣਾਉਣ ਦਾ ਜ਼ਿਕਰ ਹੈ।ਇਸ ਘਟਨਾ ਦੇ 200 ਸਾਲ ਬਾਅਦ ਸੰਮਤ 1792 ਵਿਚ ਕੇਸਰ ਸਿੰਘ ਛਿਬਰ ਨੇ ਗੁਰੂ ਸਾਹਿਬ ਦੇ ਪ੍ਰਤਖ ਦਰਸ਼ਨ ਕੀਤੇ ਸਨ।[44]

6.6 **ਅੰਗ ਸੰਗ ਸਹਾਈ ਸਤਿਗੁਰੂ:** ਇਹ *ਤ੍ਵਾਰੀਖਿ ਸਿੱਖਾਂ* ਵਿਚੋਂ ਮੁਨਸ਼ੀ ਖੁਸ਼ਵਕਤ ਰਾਇ ਦਾ ਲਿਖਿਆ ਪ੍ਰਸੰਗ ਹੈ। ਇਸ ਵਿਚ ਮੀਰ ਮੰਨੂ ਦੇ ਆਖਰੀ ਸਾਲ (1810 ਬਿ. 1753 ਈ.) ਦੀ ਵਾਰਤਾ ਦਾ ਪੰਜਾਬੀ ਅਨੁਵਾਦ ਹੈ। ਇਸ ਤੋਂ ਪਹਿਲਾਂ ਮੂਲ ਫਾਰਸੀ ਲਿਖਤ ਗੁਰਮੁਖੀ ਅੱਖਰਾਂ ਵਿਚ ਲਿਖੀ ਹੈ। ਇਸ ਪ੍ਰਸੰਗ ਵਿਚ ਨਿਆਜ਼ ਬੇਗ ਪਿੰਡ ਦੀ ਘਟਨਾ ਦਾ ਵਰਨਣ ਹੈ। ਇਥੇ ਕੁਝ ਸਿੰਘਾਂ ਦੇ ਛਿਪੇ ਹੋਣ ਦੀ ਖਬਰ ਸੁਣ ਕੇ ਮੀਰ ਮੰਨੂੰ ਨੇ ਆਪਣੇ ਸ਼ਿਪਾਹੀ ਇਸ ਪਿੰਡ ਵਿਚ ਭੇਜੇ। ਇਨ੍ਹਾਂ ਨੇ ਲੋਕਾਂ ਨੂੰ ਲੁਟਿਆ ਅਤੇ ਪਰੇਸ਼ਾਨ ਕੀਤਾ ਤਾਂ ਇਕ ਬੀਬੀ ਦੁਖੀ ਹੋ ਕੇ ਅਰਦਾਸ ਕੀਤੀ ਕਿ 'ਹੇ ਦਸਮੇਸ਼ ਪਿਤਾ! ਜੇ ਤੂੰ ਸਾਨੂੰ ਛੱਡਿ ਜਾਣਾ ਸੀ; ਤਾਂ ਇਨ੍ਹਾਂ ਜ਼ਿਮੀਦਾਰ ਲੋਕਾਂ ਨੂੰ ਆਪਣੇ ਸਿੱਖ ਬਣਾ ਕੇ ਕਿਉਂ ਖਰਾਬ ਕਰਨਾ ਸੀ! ਜੇ ਤੂੰ ਸੱਚ ਮੁੱਚ ਸਾਡਾ ਸਤਿਗੁਰੂ ਹੈਂ; ਤਾਂ ਇਨ੍ਹਾਂ ਦੁੱਖਾਂ ਤੋਂ

---

[43] ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ (ਪਹਿਲਾ ਭਾਗ), (ਸੰਪਾ.) ਭਾਈ ਰਣਧੀਰ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਸਰ, 1957, ਪੰਨੇ 54-55.

[44] *ਉਹੀ,* ਪੰ.73.

ਸਾਨੂੰ ਛਡਾ!!'[45] ਉਸ ਬੀਬੀ ਦੀ ਅਰਦਾਸ ਸੁਣ ਕੇ ਨੀਲੇ ਬਾਣੇ ਵਾਲੇ ਇਕ ਸਿੰਘ ਨੇ ਪਰਗਟ ਹੋ ਕੇ ਵੈਰੀਆਂ ਨੂੰ ਹਰਾ ਕੇ ਭਜਾ ਦਿੱਤਾ। ਸਿੱਖਾਂ ਦਾ ਖਿਆਲ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਆਪ ਸਨ। ਭਾਈ ਸਾਹਿਬ ਨੇ ਇਕ ਨੋਟ ਵਿਚ ਨਿਆਜ ਪਿੰਡ ਦੇ ਲਹੌਰੋਂ ਦੱਖਣਿ, ਚੁਬੁਰਜੀ ਵਾਲੀ ਸੜਕ ਤੇ ਹੋਣਾ ਦੱਸਿਆ ਹੈ।[46]

6.7 **ਦਸਵੇਂ ਪਾਤਿਸ਼ਾਹ ਦੀ ਪ੍ਰਸੰਗਾਵਲੀ:** ਇਸ ਰਚਨਾ ਦਾ ਵੇਰਵਾ ਭਾਈ ਰਣਧੀਰ ਸਿੰਘ ਨੇ ਦਿੱਤਾ ਹੈ। ਇਸ ਦੇ ਸਿਰਲੇਖ ਹੇਠਾਂ ਉਨ੍ਹਾਂ ਦਾ ਨਾਮ ਛਪਿਆ ਹੈ। ਉਨ੍ਹਾਂ ਅਨੁਸਾਰ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਇਕਠੇ ਹੋਏ ਮਸਾਲੇ ਨਾਲ ਜਿਸ ਨੂੰ ਦਸ ਵਰ੍ਹਿਆਂ ਵਿਚ ਇਕਤਰ ਕੀਤਾ ਗਿਆ, ਵਿਚੋਂ ਇਤਿਹਾਸਿਕ ਮਸਾਲਾ ਚੁਣ ਕੇ ਸਿੱਖ ਹਿਸਟਰੀ ਸੋਸਾਇਟੀ ਦੇ ਸੇਵਕਾਂ ਦੁਆਰਾ ਦਸਵੇਂ ਪਾਤਸ਼ਾਹ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਦੀ ਪ੍ਰਸੰਗਾਵਲੀ ਤਿਆਰ ਕੀਤੀ ਗਈ। ਇਸ ਨੂੰ ਕੰਨੂ ਪਿੱਲੇ ਦੀ ਸੰਪਾਦਤ 'ਭਾਰਤੀ ਜੰਤ੍ਰੀ' (Indian Ephemeris) ਨਾਲ ਸੋਧੀ ਗਈ ਹੈ। ਭਾਈ ਸਾਹਿਬ ਨੇ ਇਸ ਨੂੰ ਬਿਚਿੱਤ੍ਰ ਨਾਟਕ ਗ੍ਰੰਥ ਦੇ ਪ੍ਰਸੰਗਾਂ ਤੋਂ ਸ਼ੁਰੂ ਕੀਤਾ ਹੈ। ਇਸ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਦੀਆਂ ਘਟਨਾਵਾਂ ਦਰਜ ਕਰਕੇ ਦੇਸੀ ਅਤੇ ਅੰਗਰੇਜ਼ੀ ਮਹੀਨਿਆਂ ਦੇ ਹਿਸਾਬ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਦਾ ਵਿਸਥਾਰਿਤ ਵੇਰਵਾ ਦਿਤਾ ਹੈ।[47]

6.8 **ਬਾਬਾ ਬੰਦਾ ਸਿੰਘ ਦੀ ਘਟਨਾਵਲੀ:** ਭਾਈ ਸਾਹਿਬ ਦੁਆਰਾ ਸੰਪਾਦਿਤ ਇਹ ਰਚਨਾ ਇਸ ਪੁਸਤਕ ਦੇ ਪੰਨਾ 110 ਤੋਂ 248 ਤਕ ਬਾਬਾ ਜੀ ਦੇ ਜੀਵਨ ਦੀਆਂ ਘਟਨਾਵਾਂ ਦਾ ਵੇਰਵਾ ਤਰਤੀਬ ਵਾਰ ਦਿੱਤਾ ਹੈ।

6.9 **ਬਾਬਾ ਜੀ ਤੋਂ ਮਗਰੋਂ:** ਇਹ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਦੀਆਂ ਘਟਨਾਵਾਂ ਦਾ ਵੇਰਵਾ ਹੈ। ਇਸ ਵਿਚ ਆਧੁਨਿਕ ਖੋਜਕਾਰਾਂ ਨੇ ਬਾਬਾ ਜੀ ਬਾਰੇ ਕੀ ਲਿਖਿਆ ਦਾ ਵਿਸਥਾਰਿਤ ਵੇਰਵਾ ਹੈ।

6.10 **ਸ਼ੁੱਧ ਗੁਰ-ਪ੍ਰਣਾਲੀ:** ਇਸ ਪੁਸਤਕ ਵਿਚ ਸ਼ਾਮਿਲ ਇਹ ਆਖਰੀ ਰਚਨਾ ਹੈ। ਇਸ ਨੂੰ *ਗੁਰਪ੍ਰਣਾਲੀਆਂ'* ਪੁਸਤਕ ਵਿਚ ਵੀ ਸ਼ਾਮਿਲ ਕੀਤਾ ਗਿਆ ਹੈ।

---

[45] ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ (ਪਹਿਲਾ ਭਾਗ), (ਸੰਪਾ.) ਭਾਈ ਰਣਧੀਰ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1957, ਪੰ. 77.

[46] *ਉਹੀ,* ਪੰ 78.

[47] *ਉਹੀ,* ਪੰਨੇ 75-109.

**ਪੁਸਤਕਾਂ/ ਰਸਾਲਿਆਂ ਵਿਚ ਪ੍ਰਕਾਸ਼ਿਤ ਲੇਖ:**

**1. ਗਿਆਨੀ ਜੀ ਦੀਆਂ ਲਿਖਤੀ ਯਾਦਗਾਰਾਂ**

ਇਹ ਲੇਖ *ਗਿਆਨੀ ਗਿਆਨ ਸਿੰਘ ਅਧਿਐਨ* ਨਾਮੀ ਪੁਸਤਕ ਵਿਚ ਪੰਨੇ ਨੰਬਰ 79 ਤੋਂ 93 ਤੱਕ ਕੁਲ 14 ਪੰਨਿਆਂ ਉਪਰ ਛਪਿਆ ਹੋਇਆ ਹੈ। ਇਹ ਪੁਸਤਕ ਜਲੰਧਰ ਤੋਂ 1960 ਈ. ਵਿਚ ਪ੍ਰਕਾਸ਼ਿਤ ਹੋਈ। ਇਸ ਵਿਚ ਭਾਈ ਸਾਹਿਬ ਨੇ ਗਿਆਨੀ ਗਿਆਨ ਸਿੰਘ ਦੇ ਜੀਵਨ ਅਤੇ ਉਨ੍ਹਾਂ ਦੀ ਰਚਨਾ ਬਾਰੇ ਵਿਸਥਾਰਿਤ ਚਾਨਣਾ ਪਾਇਆ ਹੈ। ਉਨ੍ਹਾਂ ਨੇ ਗਿਆਨੀ ਜੀ ਬਾਰੇ ਲਿਖਦਿਆਂ ਦਸਿਆ ਹੈ ਕਿ 'ਉਹ ਤੀਹ-ਚਾਲੀ ਵਰ੍ਹੇ ਦੇਸ਼ਰਟਨ ਕਰਕੇ ਜਿਥੇ ਕਿਤੇ ਸਿੱਖ ਗੁਰੂ ਸਾਹਿਬਾਨ ਦੇ ਯਾਦਗਾਰੀ-ਅਸਥਾਨ ਤੇ ਨਿਸ਼ਾਨ, ਉਦਾਸੀ ਸਿੱਖ ਸਾਧੂਆਂ ਦੇ ਉੱਦਮ-ਉਪਰਾਲੇ ਨਾਲ ਕਾਇਮ ਹੋ ਚੁੱਕੇ ਸਨ; ਉਥੋਂ ਦੇ ਲੋਕਾਂ ਪਾਸੋਂ 'ਬਾਬਾਣੀਆਂ ਕਹਾਣੀਆਂ' ਸੁਣਕੇ ਗੁਰੂ ਸਾਹਿਬਾਨ ਤੇ ਪੁਰਾਤਨ ਸਿਖ ਬਜ਼ੁਰਗਾਂ ਦੇ ਹਾਲ ਭੀ, ਆਪਣੇ ਪਰਾਏ ਵਡੇਰਿਆਂ ਪਾਸੋ ਪੁਛ ਪੜਤਾਲ ਕਰਕੇ ਸੰਗ੍ਰਹਿ ਕੀਤੇ।[48]' ਇਸ ਵਿਚਾਰ ਦੀ ਪੁਸ਼ਟੀ ਲਈ ਉਨ੍ਹਾਂ ਨੇ *ਤਵਾਰੀਖ ਗੁਰੂ ਖ਼ਾਲਸਾ* ਦੀ ਉਥਾਨਕਾ ਦਾ ਹਵਾਲਾ ਵੀ ਦਿੱਤਾ ਹੈ। ਉਥਾਨਕਾ ਵਿਚ ਗਿਆਨੀ ਗਿਆਨ ਸਿੰਘ ਜੀ ਦੇ ਕਾਰਜਾਂ ਦੇ ਮੌਖਿਕ ਸ੍ਰੋਤਾਂ ਦਾ ਪਤਾ ਲਗਦਾ ਹੈ, ਜਿਵੇਂ ਉਨ੍ਹਾਂ ਦੇ ਪੜਦਾਦਾ ਨਗਾਹੀਆ ਸਿੰਘ, ਦਾਦਾ ਰੁਘਾ ਸਿੰਘ, ਬਖਤਾ ਸਿੰਘ ਜਿਹੜੇ ਗੁਰੂ ਗੋਬਿੰਦ ਸਿੰਘ ਜੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਤੋਂ ਇਲਾਵਾ ਫੂਲਕੀਆ ਵੰਸ਼ ਦੇ ਰਾਜਿਆਂ ਨਾਲ ਰਹੇ। ਇਨ੍ਹਾਂ ਦੇ ਨਾਲ ਹੀ ਉਨ੍ਹਾਂ ਨੂੰ ਪੰਜਾਬ ਦੇ ਵਖ-ਵਖ ਪਿੰਡਾਂ ਤੋਂ ਮਿਲਦੇ ਵਡੇਰੀ ਉਮਰ ਦੇ ਬਜ਼ੁਰਗਾਂ ਦਾ ਹਵਾਲਾ ਗਿਆਨੀ ਗਿਆਨ ਸਿੰਘ ਨੇ ਦਿਤਾ ਹੈ।

ਭਾਈ ਰਣਧੀਰ ਸਿੰਘ ਨੇ ਆਪਣੇ ਇਸ ਲੇਖ ਵਿਚ ਗਿਆਨੀ ਜੀ ਦੀਆਂ ਅਠਾਰਾਂ ਪੁਸਤਕਾਂ ਦਾ ਵੇਰਵਾ ਦਿਤਾ ਹੈ। ਜਿਨ੍ਹਾਂ ਦੇ ਨਾਮ ਹਨ: *ਪੋਥੀ ਪੰਥ ਪ੍ਰਕਾਸ਼, ਨਿਰਮਲ ਪੰਥ ਪ੍ਰਦੀਪਕਾ, ਤਵਾਰੀਖ ਗੁਰੂ ਖਾਲਸਾ-ਪੰਜ ਭਾਗ (ਦਸਾਂ ਸਤਿਗੁਰਾਂ ਦੇ ਜੀਵਨ ਚਰਿਤ੍ਰ, ਸ਼ਮਸ਼ੇਰ ਖਾਲਸਾ, ਰਾਜ ਖਾਲਸਾ-ਪਹਿਲਾ ਹਿਸਾ, ਸਰਦਾਰ ਖਾਲਸਾ ਦੂਜਾ ਹਿਸਾ,ਪੰਥ ਖਾਲਸਾ), ਗੁਰਧਾਮ ਸੰਗ੍ਰਹ, ਪਤਿਤਪਾਵਨ, ਤ੍ਵਾਰੀਖ ਸ੍ਰੀ ਅੰਮ੍ਰਿਤਸਰ, ਭੁਪਿੰਦ੍ਰਾ ਨੰਦ, ਤਵਾਰੀਖ ਲਾਹੌਰ (ਉਰਦੂ), ਰਿਪੁਦਮਨ ਪ੍ਰਕਾਸ਼-ਪੰਜ ਹਿੱਸੇ, ਗੁਰਪੁਰਬ ਪ੍ਰਕਾਸ਼, ਅਨਿਕ ਪ੍ਰਕਾਸ਼, ਕੰਵਲ ਫੂਲ ਮਾਲ, ਨੀਤੀ ਪ੍ਰਕਾਸ਼, ਇਤਿਹਾਸ ਭਾਈ ਰੂਪ ਚੰਦ, ਕਥਾ ਪੂਰਨ ਮਾਸੀ, ਦੋਹਾਵਲੀ, ਪ੍ਰਸ਼ਨੋਤ੍ਰੀ ਆਦਿਕ।* ਜਿਨ੍ਹਾਂ ਵਿਚੋਂ ਉਨ੍ਹਾਂ ਨੇ *ਸ੍ਰੀ ਗੁਰੂ ਪੰਥ ਪ੍ਰਕਾਸ਼* ਬਾਰੇ ਵਿਸਥਾਰ ਨਾਲ ਅਤੇ ਬਾਕੀ ਦੀਆਂ ਪੁਸਤਕਾਂ ਬਾਰੇ ਸੰਖੇਪ ਵਿਚ ਲਿਖਿਆ ਹੈ। ਇਨ੍ਹਾਂ ਪੁਸਤਕਾਂ ਨੂੰ ਰਚਨ ਦਾ ਕਾਲ, ਵੱਖ-ਵੱਖ ਐਡੀਸ਼ਨਾਂ ਦੇ

---

[48] *ਗਿਆਨੀ ਗਿਆਨ ਸਿੰਘ ਅਧਿਐਨ,* ਜਲੰਧਰ, 1960, ਪੰਨੇ 79-93.

ਛਪਣ ਦੇ ਸਾਲ ਅਤੇ ਪ੍ਰਕਾਸ਼ਕਾਂ ਬਾਰੇ ਰੌਸ਼ਨੀ ਪਾਈ ਗਈ ਹੈ। ਇਸ ਲੇਖ ਵਿਚ ਵਜੀਰ ਹਿੰਦ ਪ੍ਰੈਸ ਦੇ ਮਾਲਿਕਾਂ-ਸੰਚਾਲਕਾਂ ਦੀ ਆਲੋਚਨਾਂ ਕੀਤੀ ਹੈ, ਜਿਨ੍ਹਾਂ ਨੇ ਗਿਆਨੀ ਜੀ ਦੀਆਂ ਬਹੁਤੀਆਂ ਲਿਖਤਾਂ ਨੂੰ ਜਾਂ ਤਾਂ ਛਾਪਿਆ ਹੀ ਨਹੀਂ ਜਾਂ ਉਨ੍ਹਾਂ ਵਿਚ ਗਲਤੀਆਂ ਪਾਈਆਂ ਹਨ। ਇਨ੍ਹਾਂ ਵਿਚਲਾ ਮਸਾਲਾ ਟ੍ਰੈਕਟਾਂ ਵਿਚ ਵਰਤ ਲਿਆ ਹੈ। ਆਪਣੇ ਲੇਖ ਲਈ ਭਾਈ ਸਾਹਿਬ ਨੇ *ਮਹਾਨ ਕੋਸ਼* ਅਤੇ ਮੂਲ ਪੁਸਤਕਾਂ ਦੀ ਹਵਾਲੇ ਵਜੋਂ ਵਰਤੋਂ ਕੀਤੀ ਹੈ।

ਇਸ ਲੇਖ ਤੋਂ ਗਿਆਨ ਜੀ ਦੀ ਸ਼ਖਸ਼ੀਅਤ ਉਪਰ ਚੰਗੀ ਰੌਸ਼ਨੀ ਪੈਂਦੀ ਹੈ। ਉਨ੍ਹਾਂ ਦੇ ਚੰਗੇ ਸ਼ਰਧਾਵਾਨ ਸਿੱਖ ਹੋਣ ਦੇ ਨਾਲ ਅਣਥਕ ਖੋਜੀ ਅਤੇ ਦੂਜਿਆਂ ਤੇ ਵਿਸ਼ਵਾਸ਼ ਕਰਨ ਦੇ ਗੁਣਾਂ ਦਾ ਪਤਾ ਲਗਦਾ ਹੈ।

**2. ਸਤਿਗੁਰਾਂ ਦੇ ਸਮਕਾਲੀ ਇਤਿਹਾਸਕਾਰ:**

ਭਾਈ ਸਾਹਿਬ ਦਾ ਇਹ ਲੇਖ *ਜੀਵਨ ਸੰਦੇਸ਼,* ਪਟਿਆਲਾ ਤੋਂ ਮਈ 1951 ਈ. ਵਿਚ ਛਪਿਆ ਹੈ। ਪਤ੍ਰਿਕਾ ਦੇ ਪੰਨੇ 83 ਤੋਂ 106 ਤੱਕ 26 ਪੰਨਿਆਂ ਉਪਰ ਪ੍ਰਕਾਸ਼ਿਤ ਇਸ ਲੇਖ ਵਿਚ ਉਨ੍ਹਾਂ ਨੇ ਅੱਠ ਇਤਿਹਾਸਕਾਰਾਂ ਦਾ ਸੰਖੇਪ ਅਤੇ ਵਿਸਥਾਰਿਤ ਵੇਰਵਾ ਦੇਣ ਤੋਂ ਇਲਾਵਾ ਉਨ੍ਹਾਂ ਦੀਆਂ ਪੁਸਤਕਾਂ ਦੀ ਪੜਚੋਲ ਗੁਰੂ ਸਾਹਿਬਾਨ ਦੇ ਹਵਾਲੇ ਨਾਲ ਕੀਤੀ ਹੈ। ਇਨ੍ਹਾਂ ਇਤਿਹਾਸਕਾਰਾਂ ਵਿਚ ਸ਼ੇਖ ਅੱਬੂਫਜ਼ਲ ਮੁਬਰਿਕੀ, ਨੂਰੁੱਦੀਨ ਮਹੁੰਦ ਜਹਾਂਗੀਰ ਬਾਦਸ਼ਾਹ, ਭਾਈ ਗੁਰਦਾਸ ਜੀ, ਸ਼ੇਖ ਸਿਤ ਬਹਿਰਾਮ ਮੁਹੱਸਨ ਫਾਨੀ, ਮੁਨਸ਼ੀ ਸੁਜਾਨ ਰਾਇ ਭੰਡਾਰੀ, ਮੋਤਮਿਦਖਾਨ ਸਾਕੀ, ਕਵਿ ਸੈਨਾਪਤਿ, ਮੌਲਵੀ ਅਬਦੁਲ ਰਸੂਲ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਇਤਿਹਾਸਕਾਰਾਂ ਦੇ ਜਨਮ ਗੁਰੂ ਸਾਹਿਬਾਨ ਬਾਰੇ ਉਨ੍ਹਾਂ ਦੀਆਂ ਲਿਖਤਾਂ ਵਿਚ ਆਏ ਵੇਰਵੇ ਅਤੇ ਉਨ੍ਹਾਂ ਦੀ ਗੁਰੂ ਸਾਹਿਬਾਨ ਪ੍ਰਤੀ ਸੋਚ ਦਾ ਮੁਤਾਲਾ ਕੀਤਾ ਹੈ।

ਸਭ ਤੋਂ ਪਹਿਲਾ ਇਤਿਹਾਸਕਾਰ ਸ਼ੇਖ ਅਬੁੱਫਜ਼ਲ ਮੁਬਰਿਕੀ ਹੈ ਜਿਹੜਾ ਸ਼ੇਖ ਮੁਬਾਰਿਕ ਨਾਗੌਰੀ ਦੇ ਘਰ ਆਗਰੇ ਵਿਖੇ 18 ਮਾਘ 1607 ਬਿਕਰਮੀ (ਗਤਿ) (5 ਮੁਹਰਮ) ਬੁਧਵਾਰ ਨੂੰ ਪੈਦਾ ਹੋਇਆ। ਇਹ ਦਰਵੇਸ਼ ਬਿਰਤੀ ਦਾ ਧਾਰਨੀ ਸੀ ਅਤੇ ਅਕਬਰ ਬਾਦਸ਼ਾਹ ਦਾ ਅਹਿਲਕਾਰ ਸੀ। ਇਸ ਨੇ ਅਕਬਰ ਦੇ ਰਾਜ ਦੇ ਤੇਤੀਵ੍ਹੇਂ ਸਾਲ ਵਿਚ (1644 ਬਿ., 995 ਹਿਜਰੀ) ਵਿਚ ਅਕਬਰਨਾਮਾ ਲਿਖਣਾ ਸ਼ੁਰੂ ਕੀਤਾ। ਇਸ ਦੀਆਂ ਹੋਰ ਪੁਸਤਕਾਂ ਵੀ ਹਨ ਜਿਨ੍ਹਾਂ ਵਲ ਭਾਈ ਸਾਹਿਬ ਨੇ ਇਸ਼ਾਰਾ ਕੀਤਾ ਹੈ । ਪਰੰਤੂ ਇਸ ਲੇਖ ਵਿਚ *ਆਈਨਿ ਅਕਬਰੀ* ਅਤੇ *ਅਕਬਰ ਨਾਮਾ* ਦਾ ਜ਼ਿਕਰ ਹੈ। *ਅਕਬਰ ਨਾਮਾ* ਵਿਚ ਇਸ ਨੇ ਗੁਰੂ ਅਰਜਨ ਦੇਵ ਜੀ ਬਾਰੇ ਅਤੇ ਪੰਜਾਬ ਦਾ ਮਾਮਲਾ ਮਾਫ ਕਰਨ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਦੋਹਾਂ ਪ੍ਰਸੰਗਾਂ ਦਾ ਵੇਰਵਾ

ਭਾਈ ਸਾਹਿਬ ਨੇ ਦਿੱਤਾ ਹੈ।[49] ਉਨ੍ਹਾਂ ਨੇ ਇਸ ਦੇ ਦੇਹਾਂਤ ਬਾਰੇ ਲਿਖਿਆ ਹੈ:

'ਸ਼ੇਖ ਸਾਹਿਬ ਛਿਤਾਲੀਹਵੇਂ ਅਕਬਰੀ-ਵਰਖ ਦੇ ਸਮਾਚਾਰ ਅਕਬਰ ਨਾਮੇ' ਵਿੱਚ ਲਿਖ ਰਹੇ ਸਨ, ਕਿ 13 ਫੱਗੁਣ 1657 (1 ਇਸ ਫੰਦ-ਰੰਦ 1010 ਹਿ.= 9ਫਰਵਰੀ 1602) ਬੁਧਵਾਰੇ, ਸ਼ਾਹਜ਼ਾਦਾ ਦਾਨਿਆਲ ਨੂੰ ਸੁਮੱਤ ਦੇਣ ਵਾਸਤੇ ਨਾਸਕ (ਦਖਣ) ਭੇਜੇ ਗਏ ਸਮਾਚਾਰ, 14 ਇਸ ਫੰਦਾਰੰਦ (26 ਫਗਣ 1657) ਤਕ ਹੀ ਦਰਜ ਹੋਏ ਸਨ; ਕਿ ਕਾਲ ਪੁਰਖ ਨੇ ਕਲਮ ਉਨ੍ਹਾਂ ਦੇ ਹੱਥੋਂ ਖੋਹ ਲਈ। ਗੱਲ ਇੰਉਂ ਹੋਈ; ਕਿ ਅਹਿਮਦ ਨਗਰ ਦੀ ਫਤਹ ਤੋਂ ਬਾਦ ਸੰਮਤ 1639 ਵਿਚ ਪਾਤਸ਼ਾਹ ਨੇ ਉਨ੍ਹਾਂ ਨੂੰ ਮੁੜਿ ਹਜ਼ੂਰ ਸਦ ਘਲਿਆ। ਗਵਾਲੀਅਰ ਦੇ ਰਾਤ ਅਕਬਰਾ ਬਾਦ (ਆਗਰੇ) ਨੂੰ ਆ ਰਹੇ ਸਨ। ਜਦੋਂ ਨਰਵਰ ਤੋਂ ਛੇ ਕੋਹਾਂ ਦੀ ਵਿਥੁ ਤੇ ਪੁਜੇ; ਸ਼ਾਹਜ਼ਾਦਾ ਸਲੀਮ (ਜਹਾਂਗੀਰ) ਦੇ ਇਸ਼ਾਰੇ ਨਾਲ, ਉਸ ਇਲਾਕੇ ਦੇ ਜਾਗੀਰਦਾਰ ਰਾਜਾ ਨਰ ਸਿੰਘ ਦੇਵ ਨੇ ਜੋ ਉਨ੍ਹਾਂ ਦਿਨਾਂ ਵਿਚ ਅਕਬਰ ਨਾਲ ਵਿਗੜਿਆ ਬੈਠਾ ਸੀ ਉਨ੍ਹਾਂ ਨੂੰ ਘੇਰ ਲਿਆ; ਅਰ 15 ਸਾਵਣ 1659 (30 ਅਮਦਾਦ 1011 ਸਿ:) ਬੁਧਵਾਰੇ, ਇਸ ਸਫਾ ਦਿਲ ਰਬ ਦੇ ਪਿਆਰੇ ਬਜ਼ੁਰਗ ਨੂੰ ਹੱਤਿਆਰਿਆਂ ਮਾਰ ਮੁਕਾਇਆ।'[50]

ਦੂਜਾ ਇਤਿਹਾਸਕਾਰ ਨੂਰੁੱਦੀਨ ਮਹੁੰਮਦ ਜਹਾਂਗੀਰ ਬਾਦਸ਼ਾਹ ਹੈ। ਭਾਈ ਸਾਹਿਬ ਨੇ ਇਸ ਦਾ ਜਨਮ ਸ਼ੇਖ ਸਲੀਮ ਸੀਕਰੀ ਦੇ ਵਰ ਨਾਲ ਸੀਕਰੀ ਵਿਚ ਹੋਣਾ ਲਿਖਿਆ ਹੈ। ਇਹ ਅਕਬਰ ਦਾ ਪੁਤਰ ਸੀ। ਪਿਤਾ ਦੇ ਪ੍ਰਲੋਕ ਸਿਧਾਰਨ ਤੋਂ ਬਾਅਦ ਇਹ 24 ਕਤਕ 1662 ਬਿ. (20 ਜਮਾਦੀ ਦੂਜਾ 1014 ਹਿ.) ਨੂੰ ਬਾਦਸ਼ਾਹ ਬਣਿਆ। ਇਸ ਨੇ ਆਪਣੀ ਜੀਵਨੀ ਲਿਖੀ ਜਿਸ ਦਾ ਨਾਮ *ਤੁਜ਼ਕਿ ਜਹਾਂਗੀਰ'* ਪ੍ਰਸਿੱਧ ਹੈ। ਇਹ ਪੁਸਤਕ ਇਸ ਨੇ ਆਪਣੇ ਰਾਜ ਦੇ ਬਾਰਹਵੇਂ ਵਰ੍ਹੇ ਵਿਚ ਲਿਖਣੀ ਸ਼ੁਰੂ ਕੀਤੀ, ਜਿਸ ਨੂੰ ਇਹ ਵਿਚਕਾਰ ਛਡ ਕੇ ਚਲਾਣਾ ਕਰ ਗਿਆ। ਇਸ ਤੋਂ ਬਾਅਦ ਇਸ ਨੂੰ ਮੁਹੰਮਦ ਹਾਂਦੀ ਨੇ ਪੂਰਾ ਕੀਤਾ।[51]

ਭਾਈ ਸਾਹਿਬ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸੰਬੰਧਿਤ ਹਵਾਲਾ ਇਸ ਦੀ ਪੁਸਤਕ ਵਿਚੋ ਦਿੱਤਾ ਹੋਇਆ ਹੈ:

'ਗੋਇੰਦਵਾਲ 'ਚ – ਜੋ ਬਿਆਸਾ ਨਦੀ ਕੰਢੇ ਹੈ-ਇਕ ਹਿੰਦੂ ਸੀ, ਅਰਜੁਨ ਨਾਮ; ਪੀਰੀ ਤੇ ਸ਼ੇਖੀ ਦੇ ਭੇਸ ਵਿਚ। ਬਹੁਤ ਸਾਰੇ ਭੋਲੇ ਹਿੰਦੂਆਂ, ਸਗੋਂ ਅਨਜਾਣ ਤੇ ਮੂਰਖ ਮੁਸਲਮਾਨਾ ਨੂੰ ਭੀ ਉਸ ਨੇ ਆਪਣੀ

---

[49] ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ (ਪਹਿਲਾ ਭਾਗ), (ਸੰਪਾ.) ਭਾਈ ਰਣਧੀਰ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1957, ਪੰਨੇ 86-7.

[50] *ਉਹੀ,* ਪੰ. 86.

[51] *ਉਹੀ,* ਪੰ. 88.

ਰਹੁਰੀਤੀ ਵਿਚ ਬੰਨ ਕੇ ਪੀਰ ਤੇ ਵਲੀ ਹੋਣ ਦਾ ਵੱਜ ਵਜਾਇਆ ਹੋਇਆ ਸੀ। ਉਸ ਨੂੰ ਗੁਰੂ ਆਂਹਦੇ ਸਨ। ਏਧਰ ਓਧਰ ਤੋਂ ਨਾਦਾਨ ਲੋਕ ਤੇ ਮੂਰਖਾਂ ਦੇ ਪੁਜਾਰੀ ਉਸ ਵਲ ਰੁਜੂ ਹੁੰਦੇ ਤੇ ਅਤੁਟ ਨਿਸ਼ਚਾ ਉਸ ਉਤੇ ਪ੍ਰਗਟ ਕਰਦੇ ਸਨ। ਤਿੰਨ ਚਾਰ ਪੁਸ਼ਤਾਂ ਤੋਂ ਉਸ ਨੇ ਇਹ ਦੁਕਾਨ ਚਲਾਈ ਹੋਈ ਸੀ। ਚਿਰਾਂ ਤੋਂ ਮੇਰੇ ਦਿਲ ਵਿਚ ਆਉਂਦੀ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਹਟਾ ਦਿਤਾ ਜਾਏ ਯਾ ਉਸ ਨੂੰ ਮੁਸਲਮਾਨ ਬਣਾ ਲਿਆ ਜਾਏ। ਓੜਕ ਇਨ੍ਹਾਂ ਦਿਨਾਂ ਵਿਚ ਖੁਸਰੋ ਉਸ (ਗੋਇੰਦਵਾਲ ਤੋਂ ਲਾਹੌਰ) ਦੇ ਰਸਤੇ ਲੰਘਿਆ। ਇਸ ਫਜ਼ੂਲ ਮਰਦੜੇ ਨੇ ਇਹ ਇਰਾਦਾ ਕੀਤਾ ਕਿ ਉਸ ਦੀ ਮਿਲਣੀ ਕਰੇ। ਜਿਥੇ ਉਸ ਦਾ ਟਿਕਾਣਾ ਸੀ, ਖੁਸਰੋ ਉਥੇ ਜਾ ਉਤਰਿਆ। ਆ ਕੇ ਉਸ ਦੇ ਮਥੇ ਲਗਾ। ਬਾਜੀਆਂ ਭੜਕਾਊ ਗਲਾਂ ਉਸ ਨੂੰ ਆਖੀਆਂ ਤੇ ਉਂਗਲ ਨਾਲ ਉਸ ਦੇ ਮਥੇ ਤੇ ਕੇਸਰ ਦਾ ਟਿੱਕਾ ਕੀਤਾ- ਜਿਸ ਨੂੰ ਹਿੰਦੂ ਤਿਲਕ ਆਖਦੇ ਤੇ ਸ਼ੁਭ ਸ਼ਗਨ ਮੰਨਦੇ ਹਨ। ਜਦੋਂ ਇਹ ਗੱਲ ਸਾਡੇ ਸੁਣਨ ਵਿਚ ਆਈ ਅਤੇ ਇਸ ਦੀ ਵਾਹਯਾਤੀ (ਬੁਤਲਾਨ) ਚੰਗੂ ਤਹਕੀਕ ਹੋ ਗਈ ਤਾਂ ਅਸਾਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕਰਨ। ਉਸ ਦਾ ਘਰ ਬਾਰ ਤੇ ਬਚੇ ਮੁਰਤਜ਼ਾ ਖਾਂ (ਸ਼ੇਖ ਫਰੀਦ ਬਖਸ਼ੀ) ਨੂੰ ਬਖਸ਼ ਦਿਤੇ ਅਰ ਮਾਲ ਅਸਬਾਬ ਉਸ ਦਾ ਜ਼ਬਤ ਕਰ ਲਿਆ ਅਰ ਹੁਕਮ ਦਿਤਾ ਕਿ ਉਸ ਨੂੰ ਤਸੀਹੇ ਦੇ ਕੇ ਮਾਰ ਮੁਕਾਓ।[52]

ਇਸ ਤੋਂ ਇਲਾਵਾ ਉਸ ਪੁਸਤਕ ਵਿਚਲੇ ਹੋਰਨਾਂ ਬਿਰਤਾਂਤਾਂ ਤੋਂ ਇਲਾਵਾ ਜਹਾਂਗੀਰ ਦੀ ਮੌਤ ਆਦਿ ਦੇ ਵੇਰਵੇ ਵੀ ਭਾਈ ਸਾਹਿਬ ਨੇ ਦਿਤੇ ਹਨ।

ਇਤਿਹਾਸਕਾਰਾਂ ਦੀ ਇਸ ਲੜੀ ਵਿਚ ਤੀਜੇ ਥਾਂ ਭਾਈ ਗੁਰਦਾਸ ਜੀ ਦਾ ਵਰਨਣ ਹੈ। ਇਸ ਵਿਚ ਭਾਈ ਗੁਰਦਾਸ ਜੀ ਦੇ ਜਨਮ ਬਾਰੇ ਵੱਖ ਵੱਖ ਵਿਦਵਾਨਾ ਦੁਆਰਾ ਲਾਏ ਜਾਂਦੇ ਅਨੁਮਾਨਾ ਦੀ ਚਰਚਾ ਕੀਤੀ ਗਈ ਹੈ। ਇਨ੍ਹਾਂ ਵਿਚੋਂ ਭਾਈ ਸਾਹਿਬ ਨੇ ਸੰਮਤ 1608 ਨੂੰ ਭਾਈ ਗੁਰਦਾਸ ਜੀ ਦੇ ਜਨਮ ਦਾ ਠੀਕ ਸਾਲ ਮੰਨਿਆ ਹੈ। ਇਸ ਤੋਂ ਇਲਾਵਾ ਭਾਈ ਗੁਰਦਾਸ ਜੀ ਦੁਆਰਾ ਸਿੱਖ ਪੰਥ ਦੀ ਕੀਤੀ ਗਈ ਸੇਵਾ ਅਤੇ ਸਾਹਿਤਕ ਰਚਨਾ ਦੀ ਚਰਚਾ ਕੀਤੀ ਹੈ।

ਚੌਥੇ ਇਤਿਹਾਸਕਾਰ 'ਸ਼ੇਖ ਸਿਤ ਬਹਿਰਾਮ ਮੁਹੱਸਨ ਫਾਨੀ' ਇਸ ਲੇਖ ਵਿਚ ਸ਼ਾਮਿਲ ਹਨ। ਸ਼ੇਖ ਸਾਹਿਬ ਦਾ ਜਨਮ ਇਰਾਨ ਦਾ ਸੀ ਅਤੇ ਸ਼ਾਹਜਹਾਨ ਦੇ ਸਮੇਂ ਇਹ ਸੂਬਾ ਇਲਾਹਾਬਾਦ ਦਾ ਸਦਰ ਰਿਹਾ। ਇਸ ਦੀ ਪੁਸਤਕ *ਦਾਬਿਸਤਾਨ ਮਜਾਹਿਬ (ਧਰਮਾਂ ਦੀ ਪਾਠਸ਼ਾਲਾ)* ਦੀ ਚਰਚਾ ਭਾਰਤ ਦੇ ਧਰਮਾਂ ਦੇ

[52] ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ (ਪਹਿਲਾ ਭਾਗ), (ਸੰਪਾ.) ਭਾਈ ਰਣਧੀਰ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਸਰ, 1957, ਪੰ. 91.

ਨਾਲ ਨਾਲ ਸਿੱਖ ਧਰਮ ਦੇ ਸੰਦਰਭ ਵਿਚ ਕੀਤੀ ਹੈ। ਭਾਈ ਰਣਧੀਰ ਸਿੰਘ ਨੇ ਇਸ ਪੁਸਤਕ ਦੇ 'ਨਾਨਕ ਪੰਥੀਆਂ' ਸਿਰਲੇਖ ਦਾ ਪੰਜਾਬੀ ਅਨੁਵਾਦ ਇਸ ਲੇਖ ਵਿਚ ਲਿਖਿਆ ਹੈ:

'ਨਾਨਕ ਪੰਥੀ- ਜੋ 'ਗੁਰਸਿੱਖ' ਕਰਕੇ ਮਸ਼ਹੂਰ ਹਨ-ਮੂਰਤੀ-ਮੰਦਰਾਂ ਪਰ ਏਤਬਾਰ ਨਹੀਂ ਰਖਦੇ। ਨਾਨਕ ਬੇਦੀਆਂ ਵਿਚੋਂ ਹੈ ਤੇ ਬੇਦੀ ਖਤ੍ਰੀਆਂ ਦਾ ਇਕ ਵੰਸ ਜੋ ਸੁਰਗਮਕਾਲੀ ਜ਼ਹੀਰੁੱਦੀਨ ਬਾਬਰ ਬਾਦਸ਼ਾਹ... ਦੇ ਸਮੇਂ ਪ੍ਰਸਿਧ ਹੋਇਆ। ਸੁਰਗਮਕਾਲੀ (ਬਾਬਰ) ਦੇ ਅਫਗਾਨ ਪਰ ਫਤਹ ਪਾਉਣ ਤੋਂ ਪਹਿਲੋਂ ਉਹ ਦੌਲਤ ਖਾਂ ਲੋਦੀ-ਜੋ ਹਿੰਦ ਦੇ ਪਾਦਸ਼ਾਹ ਇਬਰਾਹੀਮ ਖਾਂ ਵਡੇ ਅਮੀਰਾਂ ਵਿਚੋਂ ਹੈ-ਦਾ ਮੋਦੀ ਸੀ ਅਰ ਮੋਦੀ ਉਹ ਹੈ, ਜਿਸ ਦੇ ਹਥ ਰੱਥ ਅੰਨ ਦਾ ਲੈਣ ਦੇ ਹੋਵੇ.....।[53] ਇਸ ਲੇਖ ਵਿਚ ਗੁਰੂ ਸਾਹਿਬ ਨਾਲ ਜੁੜੇ ਕਈ ਚਮਤਕਾਰਾਂ ਦਾ ਜ਼ਿਕਰ ਭਾਈ ਸਾਹਿਬ ਨੇ ਇਸ ਪੁਸਤਕ ਵਿਚੋਂ ਕੀਤਾ ਹੈ। ਗੁਰੂ ਨਾਨਕ ਦੇਵ ਤੋਂ ਇਲਾਵਾ ਗੁਰੂ ਅਰਜਨ ਦੇਵ, ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਹਰਿਰਾਇ ਸਾਹਿਬ ਦੇ ਸਮੇਂ ਤੱਕ ਹੋਏ ਵਿਕਾਸ ਦਾ ਜ਼ਿਕਰ ਭਾਈ ਸਾਹਿਬ ਨੇ ਆਪਣੇ ਅਨੁਵਾਦ ਵਿਚ ਕੀਤਾ ਹੈ।

ਉਪਰੋਕਤ ਇਤਿਹਾਸਕਾਰਾਂ ਤੋਂ ਇਲਾਵਾ ਮੁਨਸ਼ੀ ਸੁਜਾਨ ਰਾਇ ਭੰਡਾਰੀ, ਮੋਤਮਿਦਖਾਨ ਸਾਕੀ, ਕਵਿ ਸੈਨਾਪਤਿ, ਮੌਲਵੀ ਅਬਦੁਲ ਰਸੂਲ ਆਦਿ ਦਾ ਜ਼ਿਕਰ ਵੀ ਇਸ ਲੇਖ ਵਿਚ ਕੀਤਾ ਹੈ।

**3. ਨਾਨਕ 'ਨਿਰੰਕਾਰੀ' ਦਾ ਪਰਚਾਰ ਦਉਰਾ**: ਭਾਈ ਸਾਹਿਬ ਦਾ ਇਹ ਲੇਖ *ਗੁਰੂ ਨਾਨਕ: ਜੀਵਨ ਦਰਸ਼ਨ ਅਤੇ ਕਾਵਿ-ਕਲਾ* ਪੁਸਤਕ ਵਿਚ ਛਪਿਆ। ਇਹ ਪੁਸਤਕ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਲੋਂ 1969 ਈ. ਵਿਚ ਪ੍ਰਕਾਸ਼ਿਤ ਹੋਈ। ਇਸ ਨੂੰ ਡਾ. ਸੁਰਿੰਦਰ ਸਿੰਘ ਕੋਹਲੀ ਨੇ ਸੰਪਾਦਿਤ ਕੀਤਾ। ਇਸ ਵਿਚ ਗੁਰੂ ਸਾਹਿਬ ਦੀਆਂ ਉਦਾਸੀਆਂ ਦਾ ਜ਼ਿਕਰ ਹੈ। ਇਹ ਪੁਸਤਕ ਦੇ ਪੰਨਾ 29 ਤੋਂ 40 ਤਕ ਪਸਰਿਆ ਹੈ। ਭਾਈ ਸਾਹਿਬ ਅਨੁਸਾਰ ਉਨ੍ਹਾਂ ਦੁਆਰਾ ਲਿਖਤ ਗੁਰੂ ਨਾਨਕ ਦੇਵ ਜੀ ਦਾ ਜੀਵਨ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਰਚੇ *ਗੁਰਮਤਿ ਪ੍ਰਕਾਸ਼* ਵਿਚ ਪ੍ਰਕਾਸ਼ਿਤ ਹੋ ਚੁਕਾ ਹੈ ਪ੍ਰੰਤੂ ਉਸ ਵਿਚ ਉਦਾਸੀਆਂ ਦਾ ਵੇਰਵਾ ਨਹੀਂ ਸੀ। ਸਿੱਖ ਸਾਖੀਆਂ ਵਿਚ ਲਿਖਾਰੀਆਂ ਦੀ ਭੁਲ ਅਤੇ ਅਣਜਾਣਤਾ ਕਾਰਨ ਗੁਰੂ ਸਾਹਿਬ ਦੇ ਸਫਰਾਂ ਦਾ ਵੇਰਵਾ ਬਹੁਤ ਉਲਝ ਗਿਆ ਹੈ। ਇਸ ਨੂੰ ਸੁਲਝਾਉਣ ਲਈ ਮਿਹਨਤ ਅਤੇ ਵਕਤ ਦੀ ਲੋੜ ਸੀ। ਇਸ ਲੇਖ ਵਿਚ ਉਨ੍ਹਾਂ ਨੇ ਇਨ੍ਹਾਂ ਵੇਰਵਿਆਂ ਦੀ ਪੁਨਰ-ਵਿਆਖਿਆ ਕੀਤੀ ਹੈ।

ਇਸ ਲੇਖ ਦੀ ਸ਼ੁਰੂਆਤ ਵਿਚ ਭਾਈ ਸਾਹਿਬ ਨੇ ਉਨ੍ਹਾਂ ਸਰੋਤਾਂ ਦੀ ਦੁਰਲੱਭਤਾ ਦਾ ਜ਼ਿਕਰ ਕੀਤਾ

---

[53] ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ (ਪਹਿਲਾ ਭਾਗ), (ਸੰਪਾ.) ਭਾਈ ਰਣਧੀਰ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਸਰ, 1957, ਪੰ.98.

ਹੈ, ਜਿਨ੍ਹਾਂ ਦਾ ਵੇਰਵਾ ਤਾਂ ਸਾਖੀਆਂ ਆਦਿ ਵਿਚ ਮਿਲਦਾ ਹੈ ਪਰੰਤੂ ਉਹ ਸ੍ਰੋਤ ਨਹੀਂ ਲਭਦੇ। ਉਨ੍ਹਾਂ ਅਨੁਸਾਰ ਪੁਰਾਣੀ ਤੋਂ ਪੁਰਾਣੀ ਲਿਖਤ ਵੀ ਗੁਰੂ ਹਰਗੋਬਿੰਦ ਸਾਹਿਬ ਦੇ ਵੇਲੇ ਤੋਂ ਪਿਛਾਹ ਨਹੀਂ ਜਾਂਦੀ ਅਤੇ ਗੁਰਬਾਣੀ ਦੀ ਲਿਖਤੀ ਪੋਥੀ ਵੀ ਸੰਮਤ 1662 ਬਿ. (1595 ਈ.) ਤੋਂ ਪਹਿਲਾਂ ਦੀ ਕੋਈ ਨਹੀਂ ਲਭੀ।[54] ਇਸ ਲਈ ਲਭੀਆਂ ਲਿਖਤਾਂ ਤੇ ਸੰਤੋਖ ਕਰਨਾ ਪੈਂਦਾ ਹੈ।

ਉਨ੍ਹਾਂ ਨੇ ਆਪਣੀ ਗੱਲ ਨਿਰੰਕਾਰੀ ਫੁਰਮਾਨ ਤੋਂ ਸ਼ੁਰੂ ਕੀਤੀ ਹੈ। ਨਾਲ ਹੀ ਭਾਈ ਗੁਰਦਾਸ ਦੀ ਵਾਰ ਦਾ ਹਵਾਲਾ ਦੇ ਕੇ ਗੁਰੂ ਸਾਹਿਬ ਦੇ ਮਿਸ਼ਨ ਬਾਰੇ ਚਾਨਣਾ ਪਾਇਆ ਹੈ। ਉਨ੍ਹਾਂ ਦੇ ਸਾਕ-ਸੰਬੰਧੀਆਂ ਨਾਲ ਹੋਈ ਗੱਲਬਾਤ ਨੂੰ ਜਨਮ ਸਾਖੀਆਂ ਵਿਚੋਂ ਲਿਆ ਗਿਆ ਹੈ। ਉਦਾਸੀਆਂ ਦੇ ਉਦੇਸ਼ ਵਜੋਂ ਗੁਰੂ ਸਾਹਿਬ ਦੇ ਸ਼ਬਦ ਦੇ ਕੇ ਦਸਿਆ ਹੈ ਕਿ ਉਹ ਸਚ ਦਾ ਵਣਜ ਕਰਨ ਆਏ ਸਨ। ਇਸੇ ਲਈ ਵੇਂਈ ਨਦੀ ਦੇ ਵਿਚ ਜਾਂ ਨੇੜੇ ਸਮਾਧੀ ਸਥਿਤ ਹੋ ਕੇ ਪਰਮਾਤਮਾ ਦੇ ਦੀਦਾਰ ਕੀਤੇ ਅਤੇ ਨਉਨਿਧ 'ਨਾਮ' ਗਰੀਬੀ ਪ੍ਰਾਪਤ ਕੀਤੀ।

ਭਾਈ ਸਾਹਿਬ ਨੇ ਗੁਰੂ ਸਾਹਿਬ ਦੀਆਂ ਚਾਰ ਉਦਾਸੀਆਂ ਦਾ ਜ਼ਿਕਰ ਕੀਤਾ ਹੈ। ਜਿਨ੍ਹਾਂ ਵਿਚੋਂ ਪਹਿਲੀ ਉਦਾਸੀ ਪੂਰਬ ਦੀ ਸੀ। ਇਸ ਵਿਚ ਭਾਈ ਮਰਦਾਨਾ ਜੀ ਨਾਲ ਸਨ। ਗੁਰੂ ਸਾਹਿਬ ਗੰਗਾ, ਕੁਰੁਛੇਤ੍ਰਿ, ਪਾਣੀਪਤ, ਨੀਮਖਾਰਣ, ਪ੍ਰਯਾਗ, ਬਨਾਰਸ, ਪਟਨਾ ਢਾਕਾ,ਅਸਾਮ ਆਦਿ ਥਾਵਾਂ ਤੇ ਗਏ। ਉਨ੍ਹਾਂ ਨਾਲ ਇਨ੍ਹਾਂ ਥਾਵਾਂ ਦੀਆਂ ਜੁੜੀਆਂ ਸਾਖੀਆਂ ਦਾ ਵਰਨਣ ਇਥੇ ਕੀਤਾ ਹੈ। ਦੂਜੀ ਉਦਾਸੀ 'ਦੱਖਣਿ' ਦੀ ਸੀ। ਇਸ ਵਿਚ ਬਾਲਾ ਪੁਰ, ਬਿਦਰ, ਤਿੰਜੋਰ ਅਤੇ ਸੰਗਲਾਦੀਪ ਜਾਣ ਦਾ ਵਰਨਣ ਹੈ। ਤੀਜੀ ਉਦਾਸੀ ਉੱਤਰਖੰਡ ਦੀ ਹੈ, ਜਿਸ ਵਿਚ ਸੈਦਪੁਰ, ਕਸ਼ਮੀਰ, ਅਮਰਨਾਥ, ਸੁਮੇਰ ਪਰਬਤ ਕੈਲਾਸ਼ ਆਦਿ ਥਾਵਾਂ ਤੇ ਜਾਣ ਦਾ ਵਰਨਣ ਹੈ। ਚੌਥੀ ਉਦਾਸੀ ਪੱਛਮ ਦੀ ਹੈ,ਜਿਸ ਵਿਚ ਗੁਰੂ ਸਾਹਿਬ ਦੁਆਰਾ ਸਿੰਧ, ਸਖਰ, ਮੁਲਤਾਨ, ਮੱਕਾ, ਮਦੀਨਾ, ਬਗਦਾਦ ਆਦਿ ਥਾਵਾਂ ਤੇ ਜਾਣ ਦਾ ਜ਼ਿਕਰ ਹੈ। ਇਥੋਂ ਕਾਬਲ, ਕੰਧਾਰ ਹੁੰਦੇ ਹੋਏ ਪੰਜਾਬ ਪਹੁੰਚੇ।

ਇਸ ਲੇਖ ਵਿਚ ਭਾਈ ਸਾਹਿਬ ਨੇ ਮੁਖ ਰੂਪ ਵਿਚ ਗੁਰਬਾਣੀ, ਭਾਈ ਗੁਰਦਾਸ ਅਤੇ ਜਨਮ ਸਾਖੀ ਸਾਹਿਤ ਦੇ ਗ੍ਰੰਥ ਸਰੋਤਾਂ ਵਜੋਂ ਵਰਤੇ ਹਨ।

**4. ਜਫ਼ਰਨਾਮਹ ਅਤੇ ਇਸ ਦਾ ਆਲਾ ਦੁਆਲਾ:** ਇਹ ਲੇਖ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ *ਸਮਾਜਕ ਵਿਗਿਆਨ ਪੱਤਰ* ਦੇ ਜਨਵਰੀ 1970 ਦੇ ਅੰਕ: 6 ਵਿਚ ਪੰਨੇ 36 ਤੋਂ 81 ਤੱਕ ਛਪਿਆ ਹੈ। ਇਸ ਅੰਕ ਨੂੰ ਸ. ਗੁਰਬਖ਼ਸ਼ ਸਿੰਘ ਸਚਦੇਵ ਨੇ ਸੰਪਾਦਿਤ ਕੀਤਾ ਹੈ।

---

[54] ਭਾਈ ਰਣਧੀਰ ਸਿੰਘ, 'ਨਾਨਕ 'ਨਿਰੰਕਾਰੀ' ਦਾ ਪਰਚਾਰ ਦਉਰਾ', *ਗੁਰੂ ਨਾਨਕ: ਜੀਵਨ ਦਰਸ਼ਨ ਅਤੇ ਕਾਵਿ-ਕਲਾ,* (ਸੰਪਾ.) ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1969, ਪੰ. 29.

ਭਾਈ ਸਾਹਿਬ ਆਪਣੀ ਗੱਲ ਸ਼ੁਰੂ ਕਰਨ ਸਮੇਂ ਦਸਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਰਚੇ ਗ੍ਰੰਥ ਵਿਚ ਜਿਹੜੀ ਫਾਰਸੀ ਦੀ ਰਚਨਾ ਦਾ ਨਾਮ 'ਜ਼ਫਰ ਨਾਮਹ' ਪ੍ਰਸਿੱਧ ਹੈ, ਗੁਰੂ ਸਾਹਿਬ ਨੇ ਉਸਦਾ ਸਿਰਲੇਖ 'ਹੁਕਮ ਸਤਿ ਵਾਹਗੁਰੂ ਜੀ ਕੀ ਫਤਹ'[55] ਲਿਖਿਆ ਹੈ। ਇਸ ਦਾ ਭਾਵ ਬਾਦਸ਼ਾਹ ਦਾ ਮਰਨ ਸਮਾਂ ਆਉਣ ਵਾਲਾ ਹੈ, ਇਹ ਭਾਵ ਵੀ ਲੇਖਕਾਂ ਵਲੋਂ ਲਿਆ ਗਿਆ ਹੈ।[56] ਇਹ ਪੱਤ੍ਰ ਗੁਰੂ ਸਾਹਿਬ ਨੇ ਕਾਂਗੜ ਵਿਖੇ ਲਿਖਿਆ ਹੋ ਸਕਦਾ ਹੈ ਉਸ ਸਮੇਂ ਕਿਸੇ ਨੇ ਇਸ ਦੀ ਨਕਲ ਵੀ ਨਾ ਕੀਤੀ ਹੋਵੇ। ਜੇਕਰ ਇਕ ਅਧ ਹੋਈ ਵੀ ਤਾਂ ਸਤਿਗੁਰੂ ਦੇ ਤੋਸ਼ੇਖਾਨੇ ਵਿਚ ਹੋਵੇਗੀ। ਹੋ ਸਕਦਾ ਹੈ ਕਿ ਕਿਸੇ ਲਿਖਾਰੀ ਨੇ ਦਮਦਮਾ ਸਾਹਿਬ ਦੇ ਪੜ੍ਹਾ ਤੇ ਗੁਰਮੁਖੀ ਅਖਰਾਂ ਵਿਚ ਇਸ ਦਾ ਉਤਾਰਾ ਕੀਤਾ ਹੋਵੇ। ਦਸਮ ਗ੍ਰੰਥ ਦੇ ਸਰੂਪਾਂ ਵਿਚ ਜਫਰਨਾਮਹ ਜਿਨ੍ਹਾਂ ਵੀ ਦਰਜ ਹੈ ਉਹ ਗੁਰਮੁਖੀ ਅਖਰਾਂ ਵਿਚ ਹੀ ਮਿਲਦਾ ਹੈ। ਪਰੰਤੂ ਬਾਦਸ਼ਾਹ ਨੂੰ ਭੇਜਿਆ ਹੋਇਆ ਪੱਤਰ ਅਸਲੀ ਰੂਪ ਵਿਚ ਔਰੰਗਾਬਾਦ, ਹੈਦਰਾਬਾਦ ਜਾਂ ਦਿੱਲੀ ਵਿਚ ਸਰਕਾਰੀ ਰਿਕਾਰਡ ਵਿਚ ਹੋਣ ਦੀ ਸੰਭਾਵਨਾ ਹੈ। ਭਾਈ ਸਾਹਿਬ ਅਨੁਸਾਰ ਸਰਕਾਰ ਇਸ ਪੱਤਰ ਨੂੰ ਹਿੰਦੋਸਤਾਨ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਛਪਵਾਉਣਾ ਚਾਹੁੰਦੀ ਹੈ। ਇਸ ਤੋਂ ਪਹਿਲਾਂ ਇਸ ਦੀ ਅਸਲ ਪਤ੍ਰੀ ਖੋਜ ਲੈਣੀ ਚਾਹੀਦੀ ਹੈ। ਭਾਈ ਸਾਹਿਬ ਸਿੱਖ ਸਰੋਤਾਂ ਦੇ ਅਧਾਰ ਤੇ ਇਹ ਨਿਰਣਾ ਕੀਤਾ ਹੈ ਕਿ ਹੁਣ ਪ੍ਰਾਪਤ ਜਫਰਨਾਮਹ ਪੂਰਨ ਨਹੀਂ।

ਉਪਰੋਕਤ ਸਮਸਿਆ ਦੀ ਚਰਚਾ ਕਰਕੇ ਭਾਈ ਸਾਹਿਬ ਨੇ ਜਫਰਨਾਮਹ ਦੇ ਇਤਿਹਾਸਿਕ ਪਿਛੋਕੜ ਉਪਰ ਨਜ਼ਰਸਾਨੀ ਕੀਤੀ ਹੈ। ਉਨ੍ਹਾਂ ਨੇ ਉਨ੍ਹਾਂ ਬਹੁਤ ਸਾਰੀਆਂ ਗਲਾਂ ਦੀ ਚਰਚਾ ਕੀਤੀ ਹੈ ਜਿਨ੍ਹਾਂ ਵਿਚ ਔਰੰਗਜ਼ੇਬ ਦੀ ਕਟੜਤਾ ਝਲਕਦੀ ਹੈ। ਤਤਕਾਲੀ ਅਖਬਾਰਾਂ ਅਤੇ ਲਿਖਤਾਂ ਦੇ ਅਧਾਰ ਦੇ ਹਿੰਦੂਆਂ ਵਿਰੁਧ ਉਸ ਦੀ ਨੀਤੀ ਦੇ ਖਤਰਨਾਕ ਹੋਣ ਦਾ ਵੇਰਵਾ ਦਿੱਤਾ ਹੈ। ਇਸ ਨੀਤੀ ਅਨੁਸਾਰ ਸਾਰੇ ਹਿੰਦੂ ਮੰਦਰਾਂ ਨੂੰ ਢਾਹ ਕੇ ਉਨ੍ਹਾਂ ਦੀ ਥਾਂ ਮਸਜਿਦਾਂ ਉਸਾਰਨ ਦੇ ਹੁਕਮ, ਥਾਨੇਸਰ ਦਾ ਪੁਰਾਤਨ ਤਲਾਬ ਪੂਰਨ ਦੀ ਕਾਰਵਾਈ, ਹਿੰਦੂ ਲਿਖਾਰੀਆਂ ਤੋਂ ਉਨ੍ਹਾਂ ਦਾ ਰੁਜ਼ਗਾਰ ਖੋਹ ਲੈਣਾ ਆਦਿ ਦੀ ਘਟਨਾਵਾਂ ਇਸ ਪੱਤਰ ਦਾ ਪਿਛੋਕੜ ਬਣਦੀਆਂ ਹਨ। ਇਸ ਨੀਤੀ ਵਿਚ ਸਿੱਖਾਂ ਦੀਆਂ ਧਰਮਸ਼ਾਲਾਵਾਂ ਦਾ ਵੀ ਨੁਕਸਾਨ ਹੋਇਆ ਸੀ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨਾਲ ਧਰਮ ਯੁਧ ਆਰੰਭ ਹੋ ਗਿਆ। ਇਸ ਦੇ ਸਿੱਟੇ ਵਜੋਂ ਸ਼ਾਹੀ ਫੌਜਾਂ ਅਤੇ ਪਹਾੜੀ ਰਾਜਿਆਂ ਦੀਆਂ ਹਾਰਾਂ ਨੇ ਬਾਦਸ਼ਾਹ ਦੇ ਹੰਕਾਰ ਨੂੰ ਵੰਗਾਰਿਆ। ਹਿੰਦੂਆਂ ਦੀ ਅਣਖ ਜਗਾਉਣ ਖਾਤਰ ਗੁਰੂ ਸਾਹਿਬ ਨੇ ਆਪਣੇ ਖਰਚ ਉਪਰ ਨੈਣਾਂ ਦੇਵੀ ਦੇ ਪਹਾੜ ਤੇ ਜੱਗ ਕਰਵਾਇਆ ਪਰੰਤੂ

---

[55] ਭਾਈ ਰਣਧੀਰ ਸਿੰਘ 'ਜਫ਼ਰਨਾਮਹ' ਅਤੇ ਇਸ ਦਾ ਆਲਾ ਦੁਆਲਾ, *ਸਮਾਜਕ ਵਿਗਿਆਨ ਪੱਤਰ,'* (ਸੰਪਾ.) ਸ. ਗੁਰਬਖ਼ਸ਼ ਸਿੰਘ ਸਚਦੇਵ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜਨਵਰੀ 1970, ਅੰਕ 6, ਪੰ.36.

[56] *ਉਹੀ,* ਪੰ.36.

ਉਨ੍ਹਾਂ ਦੀ ਗੈਰਤ ਨੂੰ ਹਲੂਣਾ ਨਾ ਵਜਿਆ। ਇਸ ਤੋਂ ਬਾਅਦ ਉਨ੍ਹਾਂ ਨੇ ਖਾਲਸਾ ਸਾਜਿਆ। ਜਿਸ ਦੀ ਰਹਿਤ ਵਿਚ ਮਰ ਚੁਕੇ ਹਿੰਦੂਵਾਦ ਨੂੰ ਤਿਲਾਂਜਲੀ ਦੇ ਕੇ ਧਰਮ ਯੁਧ ਲਈ ਤਿਆਰ ਰਹਿਣ ਦਾ ਚਾਅ ਭਰ ਦਿਤਾ ਗਿਆ। ਇਸ ਨੇ ਔਰੰਗਜ਼ੇਬ ਦੇ ਸਾਰੇ ਫੁਰਮਾਨਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਨਾਲ ਉਸ ਨੇ ਗੁਰੂ ਸਾਹਿਬ ਉਪਰ ਹਮਲਾ ਕੀਤਾ ਅਤੇ ਆਪਣੇ ਪਿਛਲਗ ਪਹਾੜੀ ਰਾਜੇ ਵੀ ਗੁਰੂ ਸਾਹਿਬ ਵਿਰੁਧ ਚੜਾ ਲਿਆਂਦੇ। ਜਿਹੜੀਆਂ ਵਧੀਕੀਆਂ ਉਨ੍ਹਾਂ ਨੇ ਗੁਰੂ ਸਾਹਿਬ ਨਾਲ ਕੀਤੀਆਂ, ਉਨ੍ਹਾਂ ਸਭ ਦਾ ਚਿਤਰ ਗੁਰੂ ਸਾਹਿਬ ਨੇ ਜਫਰਨਾਮਹ ਦੇ ਰੂਪ ਵਿਚ ਖਿਚ ਕੇ ਔਰੰਗਜ਼ੇਬ ਨੂੰ ਫਿਟਕਾਰਾਂ ਪਾਈਆਂ ਹਨ। ਇਸ ਵਿਚਲੀਆਂ ਘਟਨਾਵਾਂ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ, ਬੈਰਾੜ ਕੌਮ ਦਾ ਗੁਰੂ ਸਾਹਿਬ ਦੇ ਸੇਵਕ ਬਣਨਾ, ਗੁਰੂ ਸਾਹਿਬ ਦਾ ਯੁਧ ਲਈ ਤਤਪਰ ਹੋਣਾ ਆਦਿ ਇਤਿਹਾਸਿਕ ਜ਼ਿਕਰ ਹੈ। ਭਾਈ ਸਾਹਿਬ ਨੇ ਤਤਕਾਲੀ ਅਧਾਰ ਸਾਮਗਰੀ ਦੇ ਆਧਾਰ ਤੇ ਇਨ੍ਹਾਂ ਘਟਨਾਵਾਂ ਦਾ ਵੇਰਵਾ ਪੇਸ਼ ਕੀਤਾ ਹੈ। ਉਨ੍ਹਾਂ ਨੇ ਬਹਾਦਰ ਸ਼ਾਹ ਵਲੋਂ ਗੁਰੂ ਸਾਹਿਬ ਨੂੰ ਭੇਜੇ ਸੁਲਾਹ ਦੇ ਇਕਰਾਰ ਦੀ ਗਲ ਵੀ ਕੀਤੀ ਹੈ। ਅੰਤ ਵਿਚ ਜਫਰਨਾਮਹ ਦਾ ਮੂਲ ਪਾਠ ਵੀ ਦਿੱਤਾ ਹੈ।

**5. ਭਾਈ ਮਨੀ ਸਿੰਘ ਜੀ ਸ਼ਹੀਦ:** ਇਹ ਲੇਖ ਅਕਤੂਬਰ 1948 ਦੇ ਗੁਰਦੁਆਰਾ ਗਜ਼ਟ ਵਿਚ ਛਪਿਆ ਹੋਇਆ ਹੈ। ਇਸ ਦੇ ਸਿਰਲੇਖ ਹੇਠਾਂ ਦੋ ਪੰਕਤੀਆਂ ਦਰਜ ਹਨ ਕਿ ਐਸਾ ਸਮਰਥ ਚਹੈ ਤੁ ਪਲਟੈ, ਤਬਕ ਤਲੈ ਕੋ ਉਪਰ ਜੇ ਇਹ ਚਹੈ ਤੁ ਤੁਰਕਨ ਕਾ ਅਬ ਨਾਮ ਨ ਛੋਡੈ ਭੂ ਪਰ (ਦੋ ਅੱਲ੍ਹਾ- ਲੋਕਾਂ ਵਲੋਂ ਹਾਂ ਦਾ ਨਾਅਰਾ)'। ਇਹ ਲੇਖ ਸਿੱਖ ਹਿਸਟਰੀ ਸੁਸਾਇਟੀ ਵਲੋਂ ਅਠਵੇ ਲੈਕਚਰ ਵਜੋਂ ਭਾਈ ਸਾਹਿਬ ਵਲੋਂ ਗੁਰੂ ਰਾਮਦਾਸ ਖਾਲਸਾ ਹਾਈ ਸਕੂਲ ਵਿਖੇ ਹੋਇਆ। ਭਾਈ ਸਾਹਿਬ ਅਨੁਸਾਰ ਦੋ ਮਨੀ ਸਿੰਘ ਹੋਏ ਹਨ। ਪਹਿਲਾ ਮਨੀ ਸਿੰਘ ਅਲੀਪੁਰ ਪਰਗਨਾ, ਮੁਲਤਾਨ ਦਾ ਵਾਸੀ ਸੀ ਅਤੇ ਦੂਜਾ ਕੰਬੋਵਾਲ ਵਾਸੀ, ਭਾਈ ਬੀਕੇ (ਯਾ ਕਾਲੇ) ਕੰਬੋ ਜ਼ਿੰਮੀਂਦਾਰ ਦੇ ਘਰ ਮਾਤਾ ਦਇਆ ਕੌਰ ਦੀ ਕੁਖੋਂ 14 ਮਾਘ 1726 ਬਿ. ਨੂੰ ਪੈਦਾ ਹੋਇਆ। ਇਹ 1731ਬਿ. ਵਿਚ ਗੁਰੂ ਤੇਗ ਬਹਾਦਰ ਸਾਹਿਬ ਦਾ ਸਿੱਖ ਬਣਿਆ। ਇਸਨੇ ਗੁਰੂ ਤੇਗ ਬਹਾਦਰ ਸਾਹਿਬ ਦੇ ਹਜ਼ੂਰ ਰਹੁ ਸਿੱਖਿਆ ਪ੍ਰਾਪਤ ਕੀਤੀ। ਦਸਵੇਂ ਪਾਤਸ਼ਾਹ ਨੇ ਇਨ੍ਹਾਂ ਨੂੰ ਭਾਂਡੇ ਮਾਂਜਣ ਦੀ ਸੇਵਾ ਦਿੱਤੀ ਜਿਹੜੀ ਇਨ੍ਹਾਂ ਨੇ ਸ਼ਰਧਾ ਨਾਲ ਨਿਬਾਹੀ। ਭਾਈ ਘਨ੍ਹਈਆ ਜੀ ਵਾਂਗ ਇਨ੍ਹਾਂ ਨੇ ਵੀ ਵੈਰੀ ਨੂੰ ਜੰਗ ਵੇਲੇ ਪਾਣੀ ਛਕਾਇਆ। ਇਸ ਤੋਂ ਪ੍ਰਭਾਵਿਤ ਹੋ ਕੇ ਤੁਰਕ ਸਰਦਾਰ ਸੈਦਾਬੇਗ ਗੁਰੂ ਸ਼ਰਨ ਆ ਗਿਆ। ਭਾਈ ਸਾਹਿਬ 6 ਵੈਸਾਖ 1756 ਬਿ. ਨੂੰ ਅੰਮ੍ਰਿਤ ਛਕ ਕੇ 'ਭਾਈ ਮਣੀਆ' ਤੋਂ 'ਭਾਈ ਮਣੀ ਸਿੰਘ' ਬਣ ਗਏ।

ਗੁਰੂ ਹਜ਼ੂਰ ਰਹਿੰਦਿਆਂ ਭਾਈ ਸਾਹਿਬ ਨੇ ਜਪੁਜੀ, ਸਿਧ ਗੋਸਟਿ, ਓਅੰਕਾਰ ਆਦਿ ਬਾਣੀਆਂ ਦੇ

ਪ੍ਰਮਾਰਥ; ਗੁਰੂ ਨਾਨਕ ਦੇਵ ਜੀ ਦੀ ਕਥਾ (ਗਿਆਨਰਤਨਾਵਲੀ), ਗੁਰਸਿੱਖਾਂ ਦੀ ਭਗਤਮਾਲ (ਭਾਈ ਗੁਰਦਾਸ ਜੀ ਦੀ 11ਵੀਂ ਵਾਰ ਦੀ ਵਿਆਖਿਆ) ਲਿਖਕੇ ਸਾਹਿਤ ਸੇਵਾ ਕੀਤੀ। ਅਨੰਦਪੁਰ ਤਿਆਗ ਸਮੇ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਦੀ ਸੇਵਾ ਲਈ ਉਨ੍ਹਾਂ ਨਾਲ ਦਿੱਲੀ ਚਲੇ ਗਏ। ਸਤਿਗੁਰਾਂ ਦੇ ਦਮਦਮਾ ਸਾਹਿਬ ਪਹੁੰਚਣ ਤੇ ਮਾਤਾਵਾਂ ਨੂੰ ਨਾਲ ਲੈ ਕੇ ਗੁਰੂ ਹਜੂਰ ਪਹੁੰਚ ਗਏ। ਇਥੋਂ ਗੁਰੂ ਸਾਹਿਬ ਨਾਲ ਨਾਦੇੜ ਚਲੇ ਗਏ। ਗੁਰੂ ਸਾਹਿਬ ਦੇ ਸਚਖੰਡ ਪਿਆਨੇ ਤੋਂ ਬਾਅਦ ਦਿੱਲੀ ਆ ਗਏ।

ਮਾਤਾ ਸਾਹਿਬ ਕੌਰ ਦੇ ਹੁਕਮ ਨਾਲ ਗੁਰੂ ਸਾਹਿਬ ਦੀ ਬਾਣੀ ਸੀ ਸੰਭਾਲ ਲਈ ਦਿੱਲੀ ਤੋਂ ਅੰਮ੍ਰਿਤਸਰ ਸਾਹਿਬ ਆ ਗਏ। ਇਥੇ 'ਚੋਲਾ ਬਾਗ' ਵਿਚ ਬੈਠ ਕੇ ਸਾਰੀ ਬਾਣੀ ਤਰਤੀਬ ਨਾਲ ਲਿਖੀ। ਇਥੇ ਭਾਈ ਰਣਧੀਰ ਸਿੰਘ ਨੇ ਕੇਸਰ ਸਿੰਘ ਛਿੱਬਰ ਦੇ ਹਵਾਲੇ ਨਾਲ ਇਹ ਗੱਲ ਕਹੀ ਹੈ ਕਿ ਉਨ੍ਹਾਂ ਨੇ ਭਗਤ ਬਾਣੀ ਵਖਰੀ ਲਿਖ ਦਿੱਤੀ ਅਤੇ ਸੰਗਤ ਨੇ ਉਨ੍ਹਾਂ ਨੂੰ ਅੰਗ-ਅੰਗ ਜੁਦਾ ਹੋਣ ਦਾ ਸਰਾਪ ਦਿੱਤਾ।[57] ਭਾਵੇਂ ਬਹੁਤ ਸਾਰੇ ਵਿਦਵਾਨ ਇਸ ਗਲ ਨੂੰ ਨਹੀਂ ਮੰਨਦੇ।

ਗੁਰੂ ਗੋਬਿੰਦ ਸਿੰਘ ਸਮੇਂ ਵਿਸਾਖੀ ਅਤੇ ਦੀਵਾਲੀ ਦੇ ਮੇਲੇ ਅਨੰਦਪੁਰ ਸਾਹਿਬ ਲਗਦੇ ਸਨ। ਮਾਤਾ ਸਾਹਿਬ ਕੌਰ ਦੇ ਹੁਕਮ ਨਾਲ ਅੰਮ੍ਰਿਤਸਰ ਵਿਚ ਲਗਣੇ ਸ਼ੁਰੂ ਹੋਏ। 1785 ਬਿ. ਵਿਚ ਪਹਿਲਾ ਮੇਲਾ ਲਗਿਆ। ਇਸ ਸਮੇਂ ਬੰਦਈ ਅਤੇ ਤੱਤ ਖਾਲਸੇ ਦਾ ਝਗੜਾ ਹੋਇਆ ਜਿਸ ਨੂੰ ਭਾਈ ਸਾਹਿਬ ਨੇ ਨਬੇੜਿਆ। ਇਸੇ ਤਰ੍ਹਾਂ ਸੰਮਤ 1793 ਬਿ, ਵਿਚ ਦੀਪਮਾਲਾ ਕਰਨ ਦਾ ਉਦਮ ਕੀਤਾ ਗਿਆ। ਇਸ ਦਾ ਟੈਕਸ 10 ਹਜ਼ਾਰ ਰੁਪਏ ਸਰਕਾਰ ਵਲੋਂ ਵਸੂਲ ਕੀਤਾ ਜਾਣਾ ਸੀ। ਇਸ ਸਮੇਂ ਲਖਪਤ ਰਾਇ ਦੀ ਅਗਵਾਈ ਵਿਚ ਸਿੱਖਾਂ ਨੂੰ ਘੇਰਨ ਦੀ ਚਾਲ ਚੱਲੀ ਗਈ। ਪਰੰਤੂ ਸਿੱਖ ਕਿਸੇ ਤਰ੍ਹਾਂ ਬਚ ਕੇ ਨਿਕਲ ਗਏ। ਇਸ ਲਈ ਭਾਈ ਮਨੀ ਸਿੰਘ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਜਾਇਆ ਗਿਆ। ਇਥੇ ਇਨ੍ਹਾਂ ਨੂੰ ਬੰਦ ਬੰਦ ਕੱਟ ਕੇ ਸ਼ਹੀਦੀ ਦਾ ਹੁਕਮ ਸੁਣਾਇਆ ਗਿਆ।

ਉਨ੍ਹਾਂ ਦੀ ਸ਼ਹਾਦਤ ਸਮੇਂ ਦੋ ਸਾਂਈ ਲੋਕ ਸ਼ਾਹ ਰੱਜ਼ਾਕ ਕਾਦਰੀ ਅਤੇ ਸ਼ਯਦ ਹਸਨ ਪਿਸ਼ੌਰੀ ਨੇ ਹਾਂ ਦਾ ਨਾਅਰਾ ਮਾਰਿਆ। ਪਰੰਤੂ ਇੰਨ੍ਹੇ ਸਮੇਂ ਤਕ ਜਲਾਦ ਭਾਈ ਸਾਹਿਬ ਨੂੰ ਸ਼ਹੀਦ ਕਰ ਚੁਕਾ ਸੀ। ਇਨ੍ਹਾਂ ਦੀ ਸ਼ਹੀਦੀ ਮੱਘਰ ਸੁਦੀ 5 ਸੰਮਤ 1794 ਨੂੰ ਹੋਈ।

**6. ਸਭ ਤੋਂ ਉੱਤਮ ਆਰਥਿਕ ਪ੍ਰਬੰਧ: ਦਸਬੰਧ:** ਇਹ ਲੇਖ *ਗੁਰਦੁਆਰਾ ਗਜ਼ਟ ਦੇ* ਜੂਨ 1951 ਦੇ ਅੰਕ

[57] ਭਾਈ ਰਣਧੀਰ ਸਿੰਘ, 'ਭਾਈ ਮਨੀ ਸਿੰਘ ਜੀ ਸ਼ਹੀਦ' *ਗੁਰਦੁਆਰਾ ਗਜ਼ਟ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਕਤੂਬਰ 1948, ਪੰ. 14.

ਵਿਚ ਛਪਿਆ। ਇਸ ਵਿਚ ਭਾਈ ਸਾਹਿਬ ਨੇ ਧਰਮ, ਅਰਥ, ਕਾਮ, ਮੋਖ ਦਾ ਜ਼ਿਕਰ ਮਨੁੱਖੀ ਲੋੜਾਂ ਦੇ ਸੰਦਰਭ ਵਿਚ ਕੀਤਾ ਹੈ। ਸਿੱਖ ਧਰਮ ਵਿਚ ਗ੍ਰਹਿਸਤ ਦੀ ਪ੍ਰਵਾਨਤਾ ਵਜੋਂ ਇਨ੍ਹਾਂ ਪਦਾਰਥਾਂ ਦੀ ਲੋੜ ਨੂੰ ਮੁਖ ਮੰਨਿਆ ਹੈ। ਕਿਰਤ ਕਰਨੀ, ਵੰਡ ਛਕਣਾ ਅਤੇ ਨਾਮ ਜਪਣਾ ਸਿਖ ਦਾ ਧਰਮ ਹੈ ਅਤੇ ਇਹ ਅਰਥ ਦਾ ਦੂਜਾ ਰੂਪ ਸਮਝਿਆ ਹੈ।

ਇਸ ਲੇਖ ਵਿਚ ਪੰਜਵੇ ਪਾਤਸ਼ਾਹ ਦੇ ਸਮੇਂ ਆਏ ਆਰਥਿਕ ਸੰਕਟ ਸਮੇ ਦਸਵੰਧ ਦੀ ਸ਼ੁਰੂਆਤ ਦਾ ਇਤਿਹਾਸ ਚਿਤਰਿਆ ਹੈ। ਭਾਈ ਸਾਹਿਬ ਨੇ ਅਜੋਕੇ ਸਮੇਂ ਵਿਚ ਦਸਬੰਧ ਦੀ ਲੋੜ ਨੂੰ ਮੁਖ ਰਖਦਿਆਂ ਕੁਝ ਸੁਝਾਅ 'ਚਾਹੀਦਾ ਇਹ ਹੈ' ਸਿਰਲੇਖ ਅਧੀਨ ਦਿਤੇ ਹਨ:

1. 'ਸਥਾਨਕ ਸਭਾ ਸੁਸਾਇਟੀਆਂ ਤੇ ਹੋਰ ਪ੍ਰਤੀਨਿਧ ਜੱਥੇ ਆਪੋ ਆਪਣੇ ਹਲਕਿਆਂ ਵਿਚ ਦਸਬੰਧ ਦੀ ਮਰਯਾਦਾ ਬਹਾਲ ਕਰਨ ਵਾਸਤੇ ਜਤਨ ਕਰਨ।
2. ਹਰਿਕ ਪਿੰਡ ਮਹੱਲੇ ਤੇ ਪੱਤੀਆਂ (ਅਗਵਾੜਾਂ) ਵਿਚ 'ਦਸਵੰਧ-ਕਮੇਟੀਆਂ' ਕਾਇਮ ਕੀਤੀਆਂ ਜਾਣ। ਜੋ ਕਮਾਈ ਕਰਨ ਵਾਲੇ ਹਰ ਸਿੱਖ ਪਾਸੋ ਪੂਰਾ ਦਸਵੰਧ ਵਸੂਲ ਕਰਨ ਦਾ ਹੱਕ ਰਖਦੀਆਂ ਹੋਣ।
3. ਵਾਹੀ ਕਰਨ ਵਾਲੇ ਸਿੱਖ, ਹਰ ਫਸਲ ਵਿਚੋਂ ਦਸਵੰਧ (ਦਸਵਾਂ ਹਿੱਸਾ) ਕੱਢ ਕੇ ਖਲਵਾੜੇ ਤੋਂ ਹੀ 'ਦਸਵੰਧ ਕਮੇਟੀ' ਪਾਸ ਪਹੁੰਚਾ ਦੇਣ। ਪਸ਼ੂ ਜਦੋਂ ਵਿਕੇ, ਉਸ ਦੀ ਵੱਟਕ ਵਿਚੋਂ 'ਦਸਵੰਧ ਨਕਦੀ ਦੀ ਸੂਰਤ ਵਿਚ ਈ ਤਾਰਿਆ ਜਾਵੇ।.....'[58]

ਇਸੇ ਤਰ੍ਹਾਂ ਦੀਆਂ ਦਸ ਸਲਾਹਾਂ ਭਾਈ ਸਾਹਿਬ ਨੇ ਆਪਣੇ ਇਸ ਲੇਖ ਵਿਚ ਦਿਤੀਆਂ ਹਨ। ਨਾਲ ਹੀ ਪ੍ਰੇਮ ਸੁਮਾਰਗ ਅਤੇ ਹੋਰ ਗ੍ਰੰਥਾਂ ਵਿਚੋਂ ਹਵਾਲੇ ਦੇ ਕੇ ਦਸਬੰਧ ਦੀ ਜਰੂਰਤ ਨੂੰ ਦ੍ਰਿੜ ਕਰਵਾਇਆ ਹੈ।

**7. ਸਰਬ ਸਾਂਝੀ ਵੈਸਾਖੀ:** ਇਹ ਲੇਖ ਗੁਰਦੁਆਰਾ ਗਜ਼ਟ ਦੇ ਅਪ੍ਰੈਲ 1949 ਦੇ ਅੰਕ ਵਿਚ ਛਪਿਆ ਹੈ। ਇਸ ਲੇਖ ਨੂੰ ਪੰਜ ਸਿਰਲੇਖਾਂ ਵਿਚ ਵੰਡਿਆ ਹੈ, ਜਿਵੇਂ ' ਆਈ ਮੇਖ। ਹਰੀ ਨਾ ਵੇਖ!, ਹੋਵੇ ਕੀਰਤਨ ਸਦਾ ਵਿਸੋਆ, ਸੀਸ-ਭੇਟ ਵੈਸਾਖੀ, ਕੌਮੀ ਵੈਸਾਖੀ, ਹੁਣ ਕਰੀਏ ਕੀਹ?'। ਇਥੇ ਭਾਈ ਸਾਹਿਬ ਜੋਤਿਸ਼ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ ਕਿ, 'ਵੈਸਾਖੀ ਉਸ ਦਿਨ ਦਾ ਨਾਮ ਹੈ, ਜਿਦਿੰਹ ਸੂਰਜ ਮੇਖ ਰਾਸ਼ੀ ਵਿਚ ਦਾਖਲ ਹੁੰਦਾ ਹੈ। ਭਾਰਤ ਵਿਚ ਕਲਿਯੁਗੀ ਤੇ ਬਿਕ੍ਰਮੀ ਸੰਵਤ ਇਸੇ ਦਿਨ ਤੋਂ ਸ਼ੁਰੂ ਹੁੰਦੇ ਹਨ,....ਨਵੇਂ ਸਾਲ ਦੀ ਵਿਸਾਖੀ ਬੁਧਵਾਰੀ ਹੈ। ਚੇਤਰ ਪੁੰਨਿਆ ਨੂੰ, ਅਠਾਰਾਂ ਘੜੀ, ਚਾਰ ਪਲ ਪਰ, ਕਰਕ ਲਗਨ ਵਿਚ ਸੂਰਜ

---

[58] ਭਾਈ ਰਣਧੀਰ ਸਿੰਘ, *ਉਹੀ,* ਪੰ. 14.

ਮੇਖ ਰਾਸ਼ੀ ਵਿਖੇ ਪ੍ਰਵੇਸ਼ ਕਰੇਗਾ। ਉਸੇ ਵਕਤ ਤੋਂ ਨਵੇਂ ਸੰਵਤ 2006 ਬਿਕ੍ਰਮੀ ਦਾ ਆਰੰਭ ਹੁੰਦਾ ਹੈ।[59] ਇਸ ਸਮੇਂ ਹਾੜ੍ਹੀ ਦੀ ਫਸਲ ਪੱਕ ਕੇ ਤਿਆਰ ਹੋ ਜਾਂਦੀ ਹੈ। ਇਸ ਲਈ ਇਹ ਲੋਕਾਂ ਦਾ ਮੌਸਮੀ ਤਿਉਹਾਰ ਵੀ ਹੈ।

ਵੈਸਾਖ ਮਹੀਨੇ 1526 ਬਿ. ਨੂੰ ਗੁਰੂ ਨਾਨਕ ਸਾਹਿਬ ਦੇ ਜਨਮ ਨਾਲ ਇਹ ਮਹੀਨਾ ਹੋਰ ਵੀ ਸੁਹਾਵਣਾ ਹੋ ਗਿਆ। ਉਨ੍ਹਾਂ ਨੇ ਧਰਮਸ਼ਾਲਾਵਾਂ ਸਥਾਪਿਤ ਕੀਤੀਆਂ। ਤੀਜੀ ਪਾਤਸ਼ਾਹੀ ਨੇ ਮੰਜੀਆਂ ਸਥਾਪਿਤ ਕੀਤੀਆਂ। 1626 ਬਿ. ਨੂੰ ਵੈਸਾਖੀ ਦੇ ਦਿਹਾੜੇ ਤੇ ਉਨ੍ਹਾਂ ਨੇ ਗੁਰਮਤ-ਮਹਾਂ-ਸਮਾਗਮ ਕੀਤਾ, ਜਿਹੜਾ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ 19 ਵੈਸਾਖ ਤਕ ਚਲਦਾ ਰਿਹਾ।[60]

ਮੰਜੀਆਂ ਦਾ ਸਿਲਸਿਲਾ ਨੌਵੇਂ ਪਾਤਸ਼ਾਹ ਤਕ ਚਲਦਾ ਰਿਹਾ। ਗੁਰੂ ਗੋਬਿੰਦ ਸਿੰਘ ਤਕ ਆਉਂਦੇ ਇਸ ਇਸ ਪ੍ਰਣਾਲੀ ਵਿਚ ਬਹੁਤ ਸਾਰੀਆਂ ਕਮੀਆਂ ਆ ਗਈਆਂ। ਗੁਰੂ ਸਾਹਿਬ ਨੇ ਸੰਮਤ 1755 ਦੀ ਵੈਸਾਖੀ ਉਪਰ ਸਿਖਾਂ ਨੂੰ 'ਸਕੇਸ ਅਤੇ ਸਨਧਬਧ' ਹੋ ਕੇ ਆਉਣ ਲਈ ਹੁਕਮਨਾਮੇ ਭੇਜੇ। ਇਸੇ ਸਮੇਂ ਸੀਸ ਮੰਗ ਕੇ ਖਾਲਸਾ ਸਾਜਿਆ ਗਿਆ ਤੇ ਵਿਸਾਖੀ ਦਾ ਮਨੋਰਥ ਪੂਰਨ ਕੀਤਾ।

'ਕੌਮੀ ਵੈਸਾਖੀ' ਸਿਰਲੇਖ ਹੇਠ ਭਾਈ ਸਾਹਿਬ ਨੇ ਜਲ੍ਹਿਆ ਵਾਲੇ ਬਾਗ ਵਿਚ ਸੰਮਤ 1976 ਦੀ ਵਿਸਾਖੀ ਉਪਰ ਹੋਏ ਖੂਨੀ ਹਤਿਆਕਾਂਡ ਦਾ ਵਰਨਣ ਕੀਤਾ ਹੈ। ਇਸ ਦੇ ਨਾਲ ਅਜਾਦੀ ਤੋਂ ਪਹਿਲਾਂ ਅਤੇ ਬਾਅਦ ਲੀਡਰਾਂ ਦੀਆਂ ਬੇਈਮਾਨੀਆਂ ਕਰਕੇ ਭਾਰਤ ਦੇ ਟੁਕੜੇ ਹੋਣਾ, ਸੰਪਰਦਾਇਕ ਊਚ ਨੀਚ ਦੇ ਫੈਲ ਜਾਣ ਤੇ ਅਫਸੋਸ ਪਰਗਟ ਕੀਤਾ ਹੈ।

ਲੇਖ ਦੇ ਅੰਤਲੇ ਪਹਰੇ ਵਿਚ ਦੇਸ਼ ਵਾਸੀਆਂ ਨੂੰ ਰਜਵੀਂ ਰੋਟੀ, ਕਪੜਾ, ਮਕਾਨ ਦੀਆਂ ਸਮਸਿਆਂਵਾਂ ਨੂੰ ਹਲ ਕਰਨ ਲਈ ਕੁਝ ਸੁਝਾਅ ਦਿਤੇ ਹਨ। ਇਨ੍ਹਾਂ ਵਿਚ ਕਾਨੂੰਨ ਦੀ ਬਰਾਬਰਤਾ, ਧਰਮ ਦੀ ਖੁਲ, ਖੇਤੀਬਾੜੀ, ਦਸਤਕਾਰੀ, ਕਾਨੂੰਨ, ਵਿਦਿਆ, ਸਿਹਤ, ਰਖਿਆ ਆਦਿ ਦੀ ਨੁਮਾਇੰਦਗੀ ਕਰਨ ਵਾਲੇ ਮੰਤਰੀਆਂ ਦੇ ਸੰਬੰਧਿਤ ਖੇਤਰ ਦੇ ਮਾਹਿਰ ਹੋਣ ਲਈ ਸੁਝਾਅ ਦਿਤੇ ਹਨ।

**8. ਭਾਈ ਸਾਹਿਬ ਸਿੰਘ ਜੀ ਪਿਆਰਾ:** ਇਹ ਲੇਖ ਗੁਰਮਤਿ ਪ੍ਰਕਾਸ਼ ਦੇ ਜੁਲਾਈ 1960 ਦੇ ਅੰਕ ਵਿਚ ਛਪਿਆ ਹੈ। ਭਾਈ ਸਾਹਿਬ ਨੇ ਇਹ ਲੇਖ ਮਹਾਨ ਕੋਸ਼ ਦੇ ਹਵਾਲੇ ਨਾਲ ਸ਼ੁਰੂ ਕੀਤਾ ਹੈ, ਜਿਸ ਵਿਚ ਪੰਜ ਪਿਆਰਿਆਂ ਦੇ ਜੀਵਨ ਬਾਰੇ ਮਿਲਦੀ ਸਮਗਰੀ ਦੀ ਥੋੜ ਦਾ ਵੇਰਵਾ ਦਿਤਾ ਹੈ। ਜਿਹੜੀ ਵੀ ਸਮਗਰੀ ਮਿਲਦੀ ਹੈ ਉਸ ਨਾਲ ਭਾਈ ਕਾਨ੍ਹ ਸਿੰਘ ਜੀ ਸਹਿਮਤ ਨਹੀਂ।[61] ਇਸ ਤੋਂ ਅਗਲਾ ਹਵਾਲਾ ਗਿ. ਠਾਕਰ ਸਿੰਘ

---

[59] ਭਾਈ ਰਣਧੀਰ ਸਿੰਘ, 'ਸਰਬ ਸਾਂਝੀ ਵੈਸਾਖੀ', *ਗੁਰਦੁਆਰਾ ਗਜ਼ਟ,* ਅਪ੍ਰੈਲ 1949, ਪੰ. 11.

[60] *ਉਹੀ,* ਪੰ.12.

[61] ਭਾਈ ਰਣਧੀਰ ਸਿੰਘ, 'ਭਾਈ ਸਾਹਿਬ ਸਿੰਘ ਜੀ ਪਿਆਰਾ', *ਗੁਰਮਤਿ ਪ੍ਰਕਾਸ਼,* ਜੁਲਾਈ 1960, ਪੰ.11.

ਦੀ ਪੁਸਤਕ *ਗੁਰਦੁਆਰੇ ਦਰਸ਼ਨ* ਦਾ ਹੈ। ਇਸ ਉਨ੍ਹਾਂ ਨੇ ਭਾਈ ਸਾਹਿਬ ਸਿੰਘ ਦਾ ਜਨਮ ਵਿਦਰ ਦਾ ਲਿਖਿਆ ਹੈ। ਵਿਦਰ ਸ਼ਹਿਰ ਐਹਮਦਾਵਾਦ ਜਿਲੇ ਵਿਚ ਡਕੋਰ ਨਾਥ ਪਾਸ ਦੇਸ ਗੁਜਰਾਤ-ਕੱਛ ਵਿਚ ਦਸਿਆ ਹੈ, ਭਾਈ ਰਣਧੀਰ ਸਿੰਘ ਅਨੁਸਾਰ ਗਲਤ ਤਥ ਹੈ।[62] ਨਾਲ ਹੀ ਭਾਈ ਸਾਹਿਬ ਸਿੰਘ ਦਾ ਜਨਮ ਸੰਮਤ 1724 ਬਿ. ਦਿਨ ਸੋਮਵਾਰ ਦਾ ਦਿਤਾ ਹੈ। ਇਸ ਨੂੰ ਭਾਈ ਰਣਧੀਰ ਸਿੰਘ ਨੇ ਫੁਟ ਨੋਟ ਵਿਚ ਗਲਤ ਦਸਿਆ ਹੈ। ਉਨ੍ਹਾਂ ਅਨੁਸਾਰ ੫ਹਾੜ ਅਤੇ ਸੋਮਵਾਰ 1722 ਬਿ. ਵਿਚ ਨਹੀਂ ਬਲਕਿ 1724 ਬਿ. ਵਿਚ ਇਕਠੇ ਆਏ ਸਨ।[63] ਇਸੇ ਤਰ੍ਹਾਂ ਮਹਾਨ ਕੋਸ਼ ਅਤੇ ਤ੍ਵਾਰੀਖ ਗੁਰੂ ਖਾਲਸਾ ਦੇ ਹਵਾਲਿਆਂ ਨੂੰ ਵੀ ਦਰੁਸਤ ਕੀਤਾ ਹੈ। ਉਨ੍ਹਾਂ ਨੇ ਇਤਿਹਾਸਿਕ ਪੁਸਤਕਾਂ ਦੇ ਹਵਾਲੇ ਨਾਲ ਭਾਈ ਸਾਹਿਬ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ ਹੈ। ਭਾਈ ਸਾਹਿਬ ਸਿੰਘ 1738 ਬਿ. (1681 ਬਿ.) ਤੋਂ ਗੁਰੂ ਹਜ਼ੂਰ ਆ ਕੇ ਸੇਵਾ ਕਰਨ ਲਗ ਪਏ ਸਨ। ਉਨ੍ਹਾਂ ਨੇ ਅਨੰਦਪੁਰ ਦੇ ਪਹਿਲੇ, ਦੂਜੇ ਯੁਧ, ਅਨੰਦਪੁਰ ਦਾ ਤਿਆਗ, ਚਮਕੌਰ ਯੁਧ ਆਦਿ ਵਿਚ ਸ਼ਹਾਦਤ ਪ੍ਰਾਪਤ ਕਰਨ ਤਕ ਦੇ ਵੇਰਵੇ ਵਿਸਥਾਰ ਨਾਲ ਦਿੱਤੇ ਹਨ।

**9. ਰੂਸ ਵਿਚ ਪੁਰਾਣੀ ਧਰਮ ਸਾਲ:** ਇਹ ਲੇਖ *ਗੁਰਮਤਿ ਪ੍ਰਕਾਸ਼* ਦੇ ਫਰਵਰੀ 1961 ਵਿਚ ਛਪਿਆ ਹੈ। ਇਸ ਵਿਚ ਭਾਈ ਸਾਹਿਬ ਨੇ ਬਾਕੂ ਸ਼ਹਿਰ ਜਿਹੜਾ ਸੋਵੀਅਤ ਰਾਜ-ਸੰਘ ਦੇ ਸੂਬੇ-ਆਜ਼ਰਬਾਈ ਜਾਨ ਦਾ ਮੁਖ ਨਗਰ ਸੀ, ਵਿਚ ਇਕ ਕਾਫਲਾ ਸਰਾਂ ਦਾ ਜ਼ਿਕਰ ਕੀਤਾ ਹੈ। ਜਿਸ ਦਾ ਨਾਮ 'ਮੁਲਤਾਨੀਆਂ ਦੀ ਕਾਫ਼ਲਾ ਸਰਾਂ' ਦਸਿਆ ਹੈ। ਇਹ ਗੁਰੂ ਨਾਨਕ ਦੇਵ ਜੀ ਦੇ ਜਨਮ ਵੇਲੇ ਦੀ ਬਣੀ ਹੋਈ ਹੈ। ਉਨ੍ਹਾਂ 'ਸ੍ਰੀ ਰਨਬੀਰ' ਨਾਮੀ ਇਕ ਸੱਜਣ ਦਾ ਜ਼ਿਕਰ ਕੀਤਾ ਹੈ, ਜਿਸਦੇ ਲੇਖ 'ਮਿਲਾਪ' ਸਮਾਚਾਰ ਪਤਰ ਵਿਚ ਛਪਦੇ ਸਨ। ਉਸ ਨੇ ਭਾਈ ਸਾਹਿਬ ਨੂੰ ਰੂਸ ਵਿਚਲੇ ਧਾਰਮਿਕ ਸਥਾਨਾਂ ਨਾਲ ਜੁੜੇ ਸ਼ਿਲਾ ਲੇਖਾਂ ਅਤੇ ਪੁਰਾਤਤਵੀ ਸਾਮਗਰੀ ਦਾ ਵੇਰਵਾ ਭੇਜਿਆ ਸੀ। ਉਸ ਦਾ ਜ਼ਿਕਰ ਇਸ ਲੇਖ ਵਿਚ ਦਰਜ ਹੈ। ਇਸ ਤੋਂ ਇਲਾਵਾ ਖਾਲਸਾ ਸਮਾਚਾਰ ਵਿਚ ਛਪੇ 5 ਜਨਵਰੀ 1961 ਦੇ ਸ. ਦਰਸ਼ਨ ਸਿੰਘ ਦੇ ਲੇਖ ਬਾਰੇ ਵੀ ਲਿਖਿਆ ਹੈ। ਇਸ ਲੇਖ ਵਿਚ ਬਾਕੂ ਵਿਖੇ ਇਕ ਉਦਾਸੀ ਡੇਰੇ ਦੇ ਚਿੰਨ੍ਹਾਂ ਦਾ ਵੇਰਵਾ ਹੈ। ਇਹ ਡੇਰਾ ਬਾਕੂ ਤੋਂ ਪੂਰਬ-ਉਤਰ ਵਲ ਵਸਦੇ ਇਕ ਪਿੰਡ ਸੁਰਾਖਾਨਾ ਨਾ ਦੇ ਪਿੰਡ ਦੀ ਜੂਹ ਵਿਚਲੀ ਪਹਾੜੀ ਦੀ ਟੀਸੀ ਤੇ ਬਣਿਆ ਹੋਇਆ ਹੈ। ਇਸ ਵਿਚ ਸਿਖ ਗੁਰਦੁਆਰੇ ਦੇ ਰੂਪ ਦਾ ਮੰਦਰ ਹੈ। ਇਸ ਮੰਦਰ ਵਿਚ ਰਹਿਣ ਵਾਲੇ ਸਾਰੇ ਬੰਦੇ ਹਿੰਦੀ ਸਨ। ਇਥੇ ਅਗਨੀ ਦੀਆਂ ਲਾਟਾਂ ਦੀ ਪੂਜਾ ਹੁੰਦੀ ਸੀ। ਇਥੇ ਗੁਰਮੁਖੀ ਸਿਲਾਲੇਖ ਮਿਲਦਾ ਹੈ। ਇਸ ਸਿਲਾਲੇਖ ਵਿਚ ਮੂਲ ਮੰਤਰ ਦਾ ਪਾਠ ਦਿਤਾ ਹੈ। ਭਾਈ ਸਾਹਿਬ ਨੇ ਸਿੱਖ ਹਵਾਲਿਆ ਨਾਲ ਇਹ ਦਸਿਆ ਹੈ ਕਿ ਗੁਰੂ ਨਾਨਕ ਜੀ ਨੇ

---

[62] *ਉਹੀ.*

[63] *ਉਹੀ.*

ਝੰਡਾ ਬੇਢੀ ਨਾਮੀ ਸਿੱਖ ਨੂੰ ਰੂਸ ਵਲ ਦੇ ਇਨ੍ਹਾਂ ਇਲਾਕਿਆਂ ਦਾ ਪ੍ਰਚਾਰਕ ਥਾਪਿਆ ਸੀ। ਇਸ ਲੇਖ ਵਿਚ ਭਾਈ ਸਾਹਿਬ ਨੇ ਇਹ ਦਸਣ ਦੀ ਕੋਸ਼ਿਸ਼ ਕੀਤੀ ਹੈ ਕਿ ਹੋਰਨਾਂ ਹਿੰਦੋਸਤਾਨੀਆਂ ਵਾਂਗ ਇਥੇ ਨਾਨਕ-ਪੰਥੀ ਸਿੱਖਾਂ ਦਾ ਆਉਣਾ ਜਾਣਾ ਸੀ। ਉਦਾਸੀ ਸਾਧੂਆਂ ਦੇ ਨਿਸ਼ਾਨਾਂ ਤੋਂ ਇਹ ਗਲ ਪ੍ਰਗਟ ਹੁੰਦੀ ਹੈ। ਭਾਈ ਸਾਹਿਬ ਨੇ ਕਈ ਉਦਾਸੀ ਸ਼ਾਖਾਵਾਂ ਦੇ ਨਾਮ ਵੀ ਦਿਤੇ ਹਨ।

**10. ਲਬਾਣਾ ਭਾਈ-ਚਾਰਾ**: ਇਹ ਲੇਖ ਦੋ ਭਾਗਾਂ ਵਿਚ ਗੁਰਮਤਿ ਪ੍ਰਕਾਸ਼ ਵਿਚ ਛਪਿਆ ਹੈ। ਇਹ ਅੰਕ ਫਰਵਰੀ ਅਤੇ ਮਾਰਚ 1961 ਵਿਚ ਛਪੇ ਸਨ। ਪਹਿਲੇ ਭਾਗ ਵਿਚ ਲਬਾਣਾ ਭਾਈਚਾਰੇ ਦੀ ਵਸੋਂ ਦੇ ਕੇਂਦਰ, ਉਨ੍ਹਾਂ ਦੀ ਉਤਪਤੀ ਸੰਬੰਧੀ ਵਿਚਾਰ, ਉਨ੍ਹਾਂ ਦੀ ਗੋਤਰ ਪ੍ਰਣਾਲੀ, ਵੱਖ-ਵੱਖ ਮੁਹੀਆਂ ਦਾ ਵਿਕਾਸ, ਕੰਮ, ਜਨਮ ਸੰਸਕਾਰ, ਵਿਆਹ ਸੰਸਕਾਰ, ਮ੍ਰਿਤਕ ਸੰਸਕਾਰ ਅਤੇ ਵੱਖ-ਵੱਖ ਤਿਉਹਾਰਾਂ ਆਦਿ ਬਾਰੇ ਵਰਨਣ ਕੀਤਾ ਗਿਆ ਹੈ।

ਦੂਜੇ ਭਾਗ ਵਿਚ 'ਸਿੱਖ ਇਤਿਹਾਸ ਵਿਚ ਲਬਾਣੇ (ਬਨਜਾਰੇ)' ਵਿਚ ਸਿੱਖ ਇਤਿਹਾਸ ਵਿਚ ਉਨ੍ਹਾਂ ਦੇ ਯੋਗਦਾਨ ਦਾ ਜ਼ਿਕਰ ਹੈ। ਇਥੇ ਭਾਈ ਮੱਖਣ ਸ਼ਾਹ, ਭਾਈ ਲੱਖੀ ਸ਼ਾਹ, ਭਾਈ ਕਉਰ ਸਿੰਘ, ਬਾਜ ਸਿੰਘ, ਭਗਵੰਤ ਸਿੰਘ ਜਿਹੜੇ ਬਹੁਰੂਪੀਏ ਕਹਾਉਂਦੇ ਸਨ, ਖਾਲਸਾ ਦਲ ਵਿਚ ਬਣਜਾਰੇ ਸਿੱਖ ਆਦਿ ਦਾ ਵਿਸਥਾਰਿਤ ਵਰਨਣ ਹੈ।

**11. ਸਿੱਖ ਸਾਖੀਆਂ ਅਤੇ ਹਕੀਕਤਾਂ**: ਇਹ ਲੇਖ ਗੁਰਮਤਿ ਪ੍ਰਕਾਸ਼ ਦੇ ਜੂਨ 1962 ਦੇ ਅੰਕ ਵਿਚ ਛਪਿਆ ਸੀ। ਇਸ ਵਿਚ ਭਾਈ ਸਾਹਿਬ ਇਸ ਗਲ ਨੂੰ ਮੰਨਦੇ ਹਨ ਕਿ ਸਿੱਖਾਂ ਨੇ ਇਤਿਹਾਸ ਬਣਾਇਆ ਹੈ, ਲਿਖਿਆ ਨਹੀਂ। ਜਿਹੜੀਆਂ ਸਾਖੀਆਂ ਪੁਰਾਣਕ ਢੰਗ ਨਾਲ ਲਿਖੀਆਂ ਹਨ ਉਹ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਤੋਂ ਅਗਾਹ ਨਹੀਂ ਜਾਂਦੀਆਂ। ਇਨ੍ਹਾਂ ਦੇ ਲੇਖਕਾਂ ਕੋਲ ਸ਼ੁਧ ਰੂਪ ਵਿਚ ਆਧਾਰ ਸਾਮਗਰੀ ਨਹੀਂ ਸੀ। ਇਨ੍ਹਾਂ ਨੇ ਸਮਕਾਲੀ ਫਾਰਸੀ ਲਿਖਤਾਂ ਨਹੀਂ ਖੋਜੀਆਂ। ਭਾਵੇਂ ਕਿ ਬਾਬੇ ਕੇ ਅਤੇ ਬਾਬਰਕਿਆਂ ਦਾ ਇਤਿਹਾਸ ਬਰਾਬਰ ਚਲਦਾ ਹੈ।[64]

ਇਸ ਲੇਖ ਵਿਚ ਭਾਈ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ ਕੁਝ ਸਾਖੀਆਂ ਦਾ ਵਿਸ਼ਲੇਸ਼ਣ ਕੀਤਾ ਹੈ। ਭਾਈ ਸਾਹਿਬ ਦਾ ਵਿਚਾਰ ਹੈ ਕਿ ਸਾਡੇ ਲੇਖਕ ਗੁਰੂ ਨਾਨਕ ਦੇਵ ਜੀ ਨੂੰ ਬਾਬਰ ਨੂੰ ਸਤ ਭੰਗ ਦੀਆਂ ਮੁਠੀਆਂ ਬਦਲੇ ਸੱਤ ਪੀੜ੍ਹੀਆਂ ਦਾ ਰਾਜ ਬਖ਼ਸ਼ਦੇ ਦਸਦੇ ਹਨ। ਪਰੰਤੂ ਬਾਬਰ ਆਪਣੀ ਸਵੈ-ਜੀਵਨੀ *ਤੁਜ਼ਕਿ ਬਾਬਰੀ* ਵਿਚ ਇਸ ਮੇਲ ਦਾ ਜ਼ਿਕਰ ਨਹੀਂ ਕਰਦਾ।

---

[64] ਭਾਈ ਰਣਧੀਰ ਸਿੰਘ, 'ਸਿੱਖ ਸਾਖੀਆਂ ਅਤੇ ਹਕੀਕਤਾਂ', *ਗੁਰਮਤਿ ਪ੍ਰਕਾਸ਼,* ਜੂਨ 1962, ਪੰ 60.

1526 ਈ. ਦੇ ਸਮਾਚਾਰ ਉਸ ਨੇ ਲਿਖੇ ਹੀ ਨਹੀਂ। ਗੁਰਬਿਲਾਸ ਪਾਤਸ਼ਾਹੀ 6 ਦਾ ਲੇਖਕ ਬਾਬਰ ਦੇ ਇਸ ਵਰ ਦੀ ਕਹਾਣੀ ਨੂੰ ਛੇ ਪੀੜ੍ਹੀਆਂ ਪਹਿਲਾਂ ਤੈਮੂਰ ਲੰਙ ਨਾਲ ਜੋੜਦਾ ਹੈ।[65]

ਇਸੇ ਤਰ੍ਹਾਂ ਗੁਰੂ ਰਾਮਦਾਸ ਤਕ ਬਾਬਰਕਿਆਂ ਦਾ ਗੁਰੂਕਿਆਂ ਨਾਲ ਮੇਲ ਦਾ ਪਤਾ ਸਾਖੀਆਂ ਵਿਚੋਂ ਨਹੀਂ ਲਗਦਾ। ਪਰੰਤੂ ਗੁਰੂ ਅੰਗਦ ਅਤੇ ਹਮਾਯੂੰ ਦਾ ਮਿਲਣਾ ਇਤਿਹਾਸਿਕ ਘਟਨਾ ਹੈ। ਇਸੇ ਤਰ੍ਹਾਂ ਸਾਖੀਕਾਰ ਅਕਬਰ ਨੂੰ ਚਿਤੌੜ ਫਤਿਹ ਦਾ ਵਰ ਗੋਇੰਦਵਾਲ ਦੀ ਬਾਉਲੀ ਦਾ ਕੜ ਟੁਟਣ ਨਾਲ ਦਿਵਾਉਂਦੇ ਹਨ ਪਰੰਤੂ ਇਨ੍ਹਾਂ ਘਟਨਾਵਾਂ ਵਿਚ 8 ਸਾਲਾਂ ਦਾ ਫਰਕ ਹੈ।

ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੀਆਂ ਸ਼ਾਦੀਆਂ, ਗੁਰਬਾਣੀ ਦੀ ਇਕਤਰਤਾ, ਅਕਬਰ ਦੁਆਰਾ ਬਾਣੀ ਸੁਨਣ ਦੀਆਂ ਸਾਖੀਆਂ ਆਦਿ ਦਾ ਵੀ ਆਲੋਚਨਾਤਮਕ ਅਧਿਐਨ ਭਾਈ ਸਾਹਿਬ ਨੇ ਕਰਕੇ ਸਿੱਖ ਸਾਖੀਕਾਰਾਂ ਦੀ ਪੋਰਾਇਕ ਬਿਰਤੀ ਬਾਰੇ ਚਾਨਣਾ ਪਾਇਆ ਹੈ।

**12. ਸਤਿਗੁਰਾਂ ਦੀਆਂ ਗੁਰਪੁਰਬ ਸਾਖੀਆਂ ਆਦਿ**: ਇਹ ਲੇਖ *ਗੁਰਦੁਆਰਾ ਗਜ਼ਟ* ਦੇ ਅਕਤੂਬਰ 1955 ਦੇ ਅੰਕ ਵਿਚ ਛਪਿਆ ਹੋਇਆ ਹੈ। ਇਸ ਵਿਚ ਭਾਈ ਸਾਹਿਬ ਨੇ ਭਾਰਤੀ ਇਤਿਹਾਸ ਲਿਖਣ ਬਾਰੇ ਸੰਖੇਪ ਜਾਣਕਾਰੀ ਦਿਤੀ ਹੈ। ਇਸ ਦੇ ਨਾਲ ਹੀ ਸਿੱਖ ਸੰਮਤਾਵਲੀ ਜਿਹੜੀ ਚੰਦ੍ਰ ਵਰਸ ਨੂੰ ਅਧਾਰ ਬਣਾ ਕੇ ਰਚੀ ਗਈ ਉਸ ਦੇ ਗੁਣ ਅਤੇ ਦੋਸ਼ਾਂ ਬਾਰੇ ਚਾਨਣਾ ਪਾਇਆ ਹੈ। ਇਸ ਨਾਲ ਜਨਮਸਾਖੀਆਂ ਵਿਚ ਦਿੱਤੇ ਥਿਤਾਂ ਵਾਰਾਂ ਆਦਿ ਦੇ ਵਿਚ ਫਰਕ ਪੈਣ ਦੇ ਕਾਰਨ ਵੀ ਦਸੇ ਹਨ।

ਭਾਈ ਸਾਹਿਬ ਨੇ ਇਹ ਦਸਿਆ ਹੈ ਕਿ ਗੁਰੂ ਘਰ ਵਿਚ ਗੁਰਿਆਈ ਦੇਣ ਸਮੇਂ ਗੁਰਬਾਣੀ ਦੀ ਪੋਥੀ ਦੇਣ ਦੀ ਰੀਤ ਗੁਰੂ ਅੰਗਦ ਦੇਵ ਜੀ ਦੇ ਸਮੇਂ ਤੋਂ ਚਲੀ ਸੀ। ਇਸ ਲਈ ਹਥ ਲਿਖਤ ਬਾਣੀ ਦੇ ਉਤਾਰਿਆਂ ਉਪਰ ਮਿਤੀਆਂ ਦੇ ਫਰਕ ਪੈਣ ਦੀ ਘਟ ਸੰਭਾਵਨਾ ਹੈ।

ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਇਕਠੀ ਹੋਈ ਸਮਗਰੀ ਦੇ ਅਧਾਰ ਤੇ ਸਿੱਖ ਸੰਮਤਾਵਲੀ ਨੂੰ ਸੋਧਣ ਦਾ ਜਤਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ ਦੇ ਅਧਾਰ ਤੇ ਵੀ ਤਰੀਖਾਂ ਨੂੰ ਸੋਧਿਆ ਗਿਆ ਹੈ। ਇਸ ਲੇਖ ਵਿਚ ਭਾਈ ਸਾਹਿਬ ਨੇ ਆਪਣੀ ਤਿਆਰ ਕੀਤੀ ਗੁਰਪ੍ਰਣਾਲੀ ਵਿਚੋ ਦਸ ਗੁਰੂ ਸਾਹਿਬਾਨ ਦੇ ਜਨਮ, ਗੁਰਿਆਈ ਅਤੇ ਜੋਤੀ-ਜੋਤਿ ਸਮਾਉਣ ਦੇ ਵੇਰਵੇ ਦਿਤੇ ਹਨ।

[65] *ਉਹੀ,* ਪੰ 61.

**13. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ:** ਇਹ ਲੇਖ ਗੁਰਮਤਿ ਪ੍ਰਕਾਸ਼ ਦੇ ਜੂਨ 1960 ਦੇ ਅੰਕ ਵਿਚ ਛਪਿਆ ਹੈ। ਇਸ ਲੇਖ ਵਿਚ ਹੁਕਮਨਾਮੇ ਦੀ ਪਰਿਭਾਸ਼ਾ, ਪ੍ਰਾਪਤ ਹੁਕਮਨਾਮੇ, ਹਕਮਨਾਮਿਆਂ ਦੇ ਵਿਸ਼ੇ ਆਦਿ ਬਾਰੇ ਚਰਚਾ ਕਰਨ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੇ ਕੁਝ ਹੁਕਮਨਾਮੇ ਦਿੱਤੇ ਹਨ।

ਭਾਈ ਸਾਹਿਬ ਅਨੁਸਾਰ ਹੁਕਮਨਾਮਾ 'ਸਤਿਗੁਰਾਂ ਵਲੋਂ ਕਿਸੇ ਸਿਖ ਯਾ ਸੰਗਤਿ ਵਲਿ ਲਿਖੀ ਗਈ ਚਿੱਠੀ ਨੂੰ, ਸਿੱਖ-ਸਾਹਿਤ ਵਿਚ 'ਹੁਕਮਨਾਮਾ' ਆਖਿਆ ਜਾਂਦਾ ਹੈ।'[66] ਇਹ ਛੇਵੇਂ , ਅਠਵੇਂ, ਨੌਵੇ, ਦਸਵੇਂ ਗੁਰੂ ਸਾਹਿਬਾਨ ਤੋਂ ਇਲਾਵਾ ਬਾਬਾ ਬੰਦਾ ਸਿੰਘ, ਮਾਤਾ ਸਾਹਿਬ ਕੌਰ ਅਤੇ ਖਾਲਸਾ ਪੰਥ ਵਲੋਂ ਲਿਖੇ ਹੋਏ ਵੀ ਪ੍ਰਾਪਤ ਹਨ। ਗੁਰੂ ਸਾਹਿਬਾਨ ਦੇ ਕੁਝ ਕੁ ਹੁਕਮਨਾਮਿਆਂ ਨੂੰ ਛਡ ਬਾਕੀ ਲਿਖਾਰੀਆਂ ਵਲੋਂ ਲਿਖੇ ਜਾਂਦੇ ਸਨ। ਇਨ੍ਹਾਂ ਨੂੰ ਫਾਰਸੀ ਵਿਚ 'ਹਸਬੁਲਹੁਕਮ' ਕਿਹਾ ਜਾਂਦਾ ਸੀ।[67] ਇਨ੍ਹਾਂ ਵਿਚ ਗੁਰੂ ਸਾਹਿਬ ਦੀ ਤਸਦੀਕ ਲਈ ਖਬੇ ਪਾਸੇ ਥਾਂ ਛਡੀ ਜਾਂਦੀ ਸੀ। ਇਹ ਤਸਦੀਕ ਗੁਰੂ ਸਾਹਿਬਾਨ ਸਿਕਸਤਾ ਗੁਰਮੁਖੀ ਵਿਚ ਕਰਦੇ ਸਨ। ਇਸ ਤੋਂ ਇਲਾਵਾ ਕੁਝ ਨੀਸਾਣ ਜਿਨ੍ਹਾਂ ਨੂੰ ਗੁਰੂ ਕੇ ਨੀਸਾਣ ਕਿਹਾ ਜਾਂਦਾ ਸੀ ਪਾਏ ਜਾਂਦੇ ਸਨ। ਇਹ ਹੁਕਮਨਾਮੇ ਵੱਖ-ਵੱਖ ਥਾਵਾਂ ਜਾਂ ਸਿੱਖਾਂ ਦੇ ਵੰਸ਼ਜਾਂ ਕੋਲ ਮਿਲਦੇ ਹਨ।

**14. ਗੁਰਪੁਰਬ-ਨਿਰਣਾ:** ਇਹ ਲੇਖ ਆਲੋਚਨਾ ਦੇ 1968 ਅਪ੍ਰੈਲ, ਮਈ, ਜੂਨ ਅੰਕ ਵਿਚ ਛਪਿਆ। ਇਹ ਭਾਈ ਸਾਹਿਬ ਦੇ *ਗੁਰਦੁਆਰਾ ਗਜ਼ਟ* ਦੇ ਅਕਤੂਬਰ 1955 ਦੇ ਅੰਕ ਵਿਚ ਅੰਕ ਵਿਚ ਛਪੇ ਹੋਏ ਲੇਖ ਦਾ ਵਧਾਇਆ ਹੋਇਆ ਰੂਪ ਹੈ। ਇਸ ਵਿਚ ਗੁਰੂ ਸਾਹਿਬਾਨ ਦੇ ਜਨਮ, ਗੁਰਿਆਈ ਅਤੇ ਜੋਤੀ-ਜੋਤਿ ਸਮਾਉਣ ਦੀਆਂ ਮਿਤੀਆਂ ਤੋਂ ਇਲਾਵਾ ਬਾਬਾ ਬੰਦਾ ਸਿੰਘ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀਆਂ ਜਨਮ ਅਤੇ ਸ਼ਹੀਦੀ ਦੀਆਂ ਤਰੀਖਾਂ ਵੀ ਦਿੱਤੀਆਂ ਹਨ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੁਆਰਾ ਆਪਜੀ ਦੁਆਰਾ ਸੋਧੀ ਹੋਈ ਗੁਰ-ਪ੍ਰਣਾਲੀ ਨੂੰ ਆਪਣੇ ਪਾਸ ਕੀਤੇ ਕੈਲੰਡਰ ਲਈ ਦੇਖੇ ਨਾ ਜਾਣ ਦਾ ਦੁਖ ਪਰਗਟ ਕੀਤਾ ਹੈ। ਇਨ੍ਹਾਂ ਦੀ ਪੁਸਤਕ *ਗੁਰ-ਪ੍ਰਣਾਲੀਆਂ* ਦੀ ਦੂਜੀ ਛਾਪ ਦੇ ਨਾ ਛਾਪੇ ਜਾਣ ਬਾਰੇ ਵੀ ਚਿੰਤਾ ਜਾਹਿਰ ਕੀਤੀ ਹੈ।

**15. ਗੁਰੂ ਬਾਬੇ ਦਾ ਜਨਮ ਦਿਨ:** ਇਹ ਲੇਖ *ਆਲੋਚਨਾ* ਦੇ ਜਨਵਰੀ 1969 ਦੇ ਅੰਕ ਵਿਚ ਛਪਿਆ ਹੈ। ਇਸ ਵਿਚ ਭਾਈ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਦੀ ਮਿਤੀ ਨੂੰ ਸਮਝਣ ਵਿਚ ਸਿੱਖ ਧਰਮ ਦੇ ਲਿਖਾਰੀਆਂ ਦਾ ਟਪਲਾ ਖਾ ਜਾਣ ਦਾ ਜ਼ਿਕਰ ਹੈ। ਉਨ੍ਹਾਂ ਅਨੁਸਾਰ 'ਪ੍ਰਾਚੀਨ ਸਾਖੀ ਪੋਥੀਆਂ ਵਿਚ

---

[66] ਭਾਈ ਰਣਧੀਰ ਸਿੰਘ, 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ', *ਗੁਰਮਤਿ ਪ੍ਰਕਾਸ਼,* ਜੂਨ 1960, ਪੰ.28.

[67] *ਉਹੀ.*

ਗੁਰੂ ਜੀ ਦਾ ਜਨਮ ਸੰਮਤ 1526 ਬਿਕਰਮੀ ਵਿਚ ਹੋਇਆ ਦੱਸਿਆ ਹੈ। ਇਸ ਦੇ ਮੁਕਾਬਲੇ ਈਸਵੀ ਸਾਲ ਕਾਲ-ਗਿਆਨ ਦੀ ਨਾ-ਵਾਕਫੀ ਕਾਰਨ 1469 ਬਣਾ ਲਿਆ। ਹਕੀਕਤ ਇਹ ਹੈ ਕਿ ਬਿਕਰਮੀ ਸੰਮਤ, ਜੰਤਰੀਆਂ ਵਿਚ 'ਗਤਿ'-ਯਾਨੀ 'ਬੀਤਿਆ ਹੋਇਆ'-ਲਿਖਿਆ ਹੁੰਦਾ ਹੈ। ਪਰ ਈਸਵੀ ਤੇ ਹੋਰ ਸਾਰੇ ਸਾਲ-ਸੰਮਤ ਵਰਤਮਾਨ (ਚਾਲੂ) ਹੁੰਦੇ ਹਨ। ਇਸ ਭੇਦ ਤੋਂ ਅਣਜਾਣ ਲਿਖਾਰੀਆਂ ਨੇ ਬਿਕਰਮੀ ਸੰਮਤ ਜੋ ਚੱਲ ਰਿਹਾ ਸੀ, ਉਸ ਨੂੰ ਸਹੀ ਮੰਨ ਕੇ ਸਾਖੀਆਂ ਵਿਚ 1526 ਲਿਖ ਦਿੱਤਾ, ਅਸਲ ਵਿਚ ਉਦੋਂ ਬਿਕ੍ਰਮਾਜੀਤੀ ਸਾਲ 1525 ਬੀਤਿਆ ਸੀ; ਤੇ ਆਉਂਦੀ ਵੈਸਾਖੀ ਤੱਕ ਲਿਖਤਾਂ ਵਿਚ ਚਲਦਾ ਰਹਿਣਾ ਸੀ; ਤੇ ਵੈਸਾਖੀ ਅਗਲੇ ਸਾਲ ਵਿਚ ਗਿਣੀ ਤੇ ਇਸ ਤਰ੍ਹਾਂ ਲਿਖੀ ਜਾਣੀ ਸੀ;- "ਸੰਮਤ 1526, ਮਿਤੀ 1 ਵੈਸਾਖ।" ਦੂਜੇ ਸ਼ਬਦਾਂ ਵਿੱਚ, ਬਿਕਰਮੀ ਸਾਲ ਬੀਤ ਗਏ ਤੇ ਅਗਲੇ (ਵਰਤਮਾਨ) ਸੰਮਤ 1527 ਦਾ ਪਹਿਲਾ ਦਿਨ 'ਵੈਸਾਖੀ' ਚੜ੍ਹ ਪਿਆ। ਸਾਖੀ ਨਵੀਸਾਂ ਨੇ ਸੰਮਤ 1525 (ਗਤਿ) ਦੀ ਥਾਂ ਚੱਲ ਰਹਿਆ ਸੰਮਤ 1526 ਲਿਖ ਮਾਰਿਆ; ਅਰੁ 'ਗਤਿ' ਤੇ 'ਵਰਤਮਾਨ' ਦੇ ਫਰਕ ਤੋਂ ਅਨਜਾਣ ਇਤਿਹਾਸ ਲਿਖਾਰੀਆਂ ਨੇ 1525 ਵਿਚੋਂ 57 ਸਾਲ ਘਟਾਉਣ ਦੀ ਥਾਂ; 1526 ਵਿਚੋਂ ਘਟਾ ਕੇ ਈਸਵੀ ਸਾਲ 1469 ਮਿੱਥ ਲਿਆ। ਇਸ ਤਰ੍ਹਾਂ ਸਤਿਗੁਰਾਂ ਦੀ ਉਮਰ ਅਣਭੋਲ ਹੀ ਇੱਕ ਸਾਲ ਘੱਟ ਗਿਣ ਲਈ। ਇਸ ਲੀਹੇ ਪਏ ਲਿਖਾਰੀ, ਸਤਿਗੁਰਾਂ ਦੀ ਉਮਰ ਦਾ ਪੈਮਾਨ "70 ਸਾਲ ਪੰਜ ਮਹੀਨੇ 7 ਦਿਨ" ਪੂਰਾ ਕਰਨ ਤੋਂ ਪਹਿਲਾਂ ਹੀ 69 ਵਰ੍ਹੇ ਦਸ ਕੁ ਮਹੀਨੇ ਤੱਕ ਗਿਣ ਕੇ ਥੱਕ ਜਾਂਦੇ ਹਨ। ਇਹ ਫਰਕ 'ਗਤਿ', 'ਵਰਤਮਾਨ' ਦਾ ਭੇਦ ਨਾ ਜਾਣਨ ਤੇ ਜਨਮ-ਥਿਤਿ ਗਲਤ ਪ੍ਰਚੁਰ ਹੋਣ ਨਾਲ ਹੀ ਪੈ ਗਿਆ ਹੈ।'[68]

ਉਨ੍ਹਾਂ ਅਨੁਸਾਰ ਗੁਰੂ ਸਾਹਿਬ ਦਾ ਪੰਜ ਸੌ ਸਾਲਾ ਜਨਮ ਦਿਵਸ 2025 ਬਿ., ਮਿਤੀ 18 ਵੈਸਾਖ ਸੁਦੀ ਤੀਜ, 30 ਅਪ੍ਰੈਲ 1968 ਨੂੰ ਮਨਾਉਣਾ ਚਾਹੀਦਾ ਸੀ। ਪਰੰਤੂ ਕੱਤਕ ਮਹੀਨੇ ਦਾ ਮੇਲਾ ਨਨਕਾਣਾ ਸਾਹਿਬ ਮਨਾ ਕੇ ਇਤਿਹਾਸਿਕ ਭੁਲ ਨੂੰ ਦੁਹਰਾ ਰਹੇ ਹਾਂ।

**16. ਆਵਣ ਅਠਤਰੇ ਜਾਣ ਸਤਾਨਵੇਂ:** ਇਹ ਲੇਖ ਵਿਚ ਆਲੋਚਨਾ ਦੇ ਉਪਰੋਕਤ ਅੰਕ ਵਿਚ ਛਪਿਆ ਹੈ। ਇਸ ਲੇਖ ਵਿਚ ਬਾਬਰ ਬਾਣੀ ਦੀ ਇਤਿਹਾਸਿਕ ਵਿਆਖਿਆ ਕੀਤੀ ਗਈ ਹੈ। ਉਨ੍ਹਾਂ ਨੇ ਬਾਬਰ ਦਾ ਗੁਰੂ ਸਾਹਿਬ ਨਾਲ ਇਬਰਾਹੀਮ ਲੋਧੀ ਦੀ ਜੇਲ੍ਹ ਵਿਚ ਦੱਸਿਆ ਹੈ, ਜਿਥੋਂ ਹੋਰ ਫਕੀਰਾਂ ਅਤੇ ਲੋਕਾਂ ਸਮੇਤ ਬਾਬਰ ਨੇ ਇਬਰਾਹੀਮ ਲੋਧੀ ਨੂੰ ਮਾਰਨ ਤੋਂ ਬਾਅਦ ਆਜਾਦ ਕੀਤਾ। ਇਸ ਲੇਖ ਵਿਚ *ਤੁਜ਼ਕਿ-ਬਾਬਰੀ* ਦੇ 1526 ਤੋਂ ਲੈ ਕੇ 1531 ਈ. ਤਕ ਘਟਨਾਵਾਂ ਦੇ ਬਾਬਰ ਦੁਆਰਾ ਦਰਜ ਨਾ ਕਰਨ ਦਾ ਕਾਰਨ ਵੀ ਲਿਖਿਆ ਹੈ।

---

[68] ਭਾਈ ਰਣਧੀਰ ਸਿੰਘ, 'ਗੁਰੂ ਬਾਬੇ ਦਾ ਜਨਮ-ਦਿਨ', *ਆਲੋਚਨਾ,* ਜਨਵਰੀ, 1969, ਪੰ. 83.

ਹਿੰਦੋਸਤਾਨ ਉਪਰ ਬਾਬਰ ਦੇ ਹਮਲਿਆਂ ਤੋਂ ਇਲਾਵਾ ਸ਼ੇਰਸ਼ਾਹ ਸੂਰੀ ਦੁਆਰਾ ਹਮਾਯੂੰ ਨੂੰ ਹਰਾ ਕੇ ਮੁਲਕ ਵਿਚੋਂ ਕਢੇ ਜਾਣ ਦਾ ਵੀ ਜ਼ਿਕਰ ਹੈ।

**17. ਸ੍ਰੀ ਦਸ਼ਮੇਸ਼ ਜੀ ਦਾ ਜਨਮ-ਸੰਮਤ:** ਇਹ ਲੇਖ ਆਲੋਚਨਾ ਦੇ ਜੁਲਾਈ, ਅਗਸਤ, ਸਤੰਬਰ 1965 ਦੇ ਪਰਚੇ ਵਿਚ ਛਪਿਆ। ਇਸ ਲੇਖ ਦੇ ਸਿਰਲੇਖ ਹੇਠਾਂ ਇਕ ਹਾਸ਼ੀਏ ਵਿਚ ਪ੍ਰੋ. ਪ੍ਰੀਤਮ ਸਿੰਘ ਨੇ ਇਕ ਨੋਟ ਲਿਖਿਆ ਹੈ। ਜਿਸ ਵਿਚ ਕਿਹਾ ਗਿਆ ਹੈ ਕਿ ਇਹ ਲੇਖ ਸਿੱਖ ਇਤਿਹਾਸ ਦੇ ਵਿਦਵਾਨਾਂ ਲਈ ਇਕ ਵੰਗਾਰ ਹੈ, ਕਿਉਂਕਿ ਭਾਈ ਰਣਧੀਰ ਸਿੰਘ ਨੇ ਆਪਣੇ ਲੇਖ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 1666 ਈ. ਨਹੀਂ ਬਲਕਿ 1669 ਈ. ਮੰਨਿਆ ਹੈ। ਇਸ ਲਈ ਉਨ੍ਹਾਂ ਦੀ ਤਿੰਨ ਸੌਵੀਂ ਬਰਸੀ 1969 ਈ. ਵਿਚ ਬਣਦੀ ਹੈ। ਸੰਪਾਦਕ ਨੇ ਇਸ ਦੇ ਪੱਖ ਵਿਪੱਖ ਵਿਚ ਵਿਦਵਾਨਾਂ ਦੀਆਂ ਰਾਵਾਂ ਮੰਗੀਆਂ ਹਨ।

ਇਸ ਲੇਖ ਵਿਚ ਭਾਈ ਸਾਹਿਬ ਨੇ ਆਪਣੀ ਗਲ ਪਟਿਆਲੇ ਵਿਚ 8 ਅਗਸਤ 1965 ਦਿਨ ਐਤਵਾਰ ਨੂੰ ਹੋਈ ਕਨਵੈਨਸ਼ਨ ਜਿਹੜੀ ਮਹਾਰਜਾ ਯਾਦਵਿੰਦਰ ਸਿੰਘ ਨੇ ਸੱਦੀ ਤੋਂ ਸ਼ੁਰੂ ਕੀਤੀ ਹੈ। ਇਸ ਵਿਚ ਦੱਸਿਆ ਗਿਆ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਤਿੰਨ ਸੌਵਾਂ ਜਨਮ ਦਿਨ 1967 ਵਿਚ ਆਵੇਗਾ। ਭਾਈ ਸਾਹਿਬ ਅਨੁਸਾਰ ਇਹ ਗਲਤ ਸੂਚਨਾ ਹੈ। ਉਨ੍ਹਾਂ ਨੇ ਗੁਰੂ ਸਾਹਿਬ ਦੀ ਆਪਣੀ ਲਿਖਤ ਬਚਿਤ੍ਰ ਨਾਟਕ ਅਤੇ ਹੋਰ ਲਿਖਤਾਂ ਦੇ ਆਧਾਰ ਤੇ ਇਹ ਗਲ ਸਿੱਧ ਕੀਤੀ ਹੈ ਕਿ ਗੁਰੂ ਸਾਹਿਬ ਦਾ ਜਨਮ 1669 ਈ. ਤੋਂ ਪਹਿਲਾਂ ਨਹੀਂ ਹੋਇਆ। ਇਸ ਲਈ ਗੁਰੂ ਤੇਗ ਬਹਾਦਰ ਸਾਹਿਬ ਦੇ ਹੁਕਮਨਾਮਿਆਂ ਦਾ ਸਹਾਰਾ ਲਿਆ ਗਿਆ ਹੈ। ਇਸ ਦੇ ਨਾਲ ਵੱਖ-ਵੱਖ ਗੁਰ-ਪ੍ਰਣਾਲੀਆਂ ਦੇ ਮਿਲਾਨ ਦੀ ਗੱਲ ਵੀ ਭਾਈ ਸਾਹਿਬ ਨੇ ਲਿਖੀ ਹੈ।

**18. ਬਵੰਜਾ ਕਵੀ:** ਇਹ ਲੇਖ ਪੰਜ ਦਰਿਆ ਦੇ ਸਤੰਬਰ 1942 ਦੇ ਅੰਕ ਵਿਚ ਛਪਿਆ ਹੈ। ਇਸ ਵਿਚ ਭਾਈ ਸਾਹਿਬ ਨੇ ਗੁਰੂ ਗੋਬਿੰਦ ਸਿੰਘ ਦੇ 52 ਦਰਬਾਰੀ ਕਵੀਆਂ ਦੀ ਗਿਣਤੀ ਬਾਰੇ ਮਨੌਤ ਦਾ ਖੰਡਨ ਕੀਤਾ ਹੈ। ਉਨ੍ਹਾਂ ਦੱਸਿਆ ਹੈ ਕਿ ਸ਼ਾਇਦ ਬਿਕ੍ਰਮਜੀਤ ਅਤੇ ਅਕਬਰ ਦੇ ਨੌਂ ਰਤਨਾ ਦੀ ਰੀਸੇ ਸਿੱਖ ਲਿਖਾਰੀਆਂ ਨੇ ਵੀ ਗੁਰੂ ਦਰਬਾਰ ਦੇ ਕਵੀਆਂ ਦੀ ਗਿਣਤੀ 52 ਦਸੀ ਹੈ। ਇਸ ਲਈ ਦਸਮੇਸ਼ ਜੀ ਦੇ ਉਪ ਨਾਮਾ ਰਾਮ ਤੇ ਸਯਾਮ ਨੂੰ ਵੀ ਕਵੀਆਂ ਦੀ ਗਿਣਤੀ ਵਿਚ ਸ਼ਾਮਿਲ ਕਰ ਲਿਆ ਗਿਆ। ਇਸ ਤੋਂ ਇਲਾਵਾ ਕਵੀਆਂ ਦੀਆਂ ਵੱਖ-ਵੱਖ ਨਾਮਾਵਲੀਆਂ ਲਭਦੀਆਂ ਹਨ, ਜਿਨ੍ਹਾਂ ਵਿਚ ਇਨ੍ਹਾਂ ਨਾਵਾਂ ਦੀ ਭਿੰਨਤਾ ਪਾਈ ਜਾਂਦੀ ਹੈ। ਇਥੇ ਭਾਈ ਸਾਹਿਬ ਨੇ ਕਵੀਆਂ ਅਤੇ ਉਨ੍ਹਾਂ ਦੀ ਕਵਿਤਾ ਜ਼ਿਕਰ ਕਰਕੇ ਦਸਿਆ ਹੈ ਕਿ ਇਹ ਗਿਣਤੀ ਨੂੰ ਸਥਿਰ ਨਹੀਂ ਸਮਝਣਾ ਚਾਹੀਦਾ, ਕਿਉਂਕਿ ਇਹ ਵਧਦੀ ਘਟਦੀ ਰਹੀ ਹੈ।

**19. ਦਸਮ ਗ੍ਰੰਥ ਦਾ ਇਕੋ ਲੇਖਕ**: ਇਹ ਲੇਖ ਪੰਜ ਦਰਿਆ ਦੇ ਸਤੰਬਰ 1941 ਦੇ ਅੰਕ ਵਿਚ ਛਪਿਆ ਹੈ। ਲੇਖਕ ਇਥੇ ਉਨ੍ਹਾਂ ਆਲੋਚਕਾਂ ਦੇ ਸਵਾਲਾਂ ਦੇ ਜਬਾਬ ਦੇਣ ਦੀ ਕੋਸ਼ਿਸ਼ ਕੀਤੀ ਹੈ ਜਿਹੜੇ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਦੀ ਰਚਨਾ ਨਹੀਂ ਮੰਨਦੇ। ਉਨ੍ਹਾਂ ਅਨੁਸਾਰ, ਦਸਮ ਗ੍ਰੰਥ ਵਿਚ ਰਾਮ ਤੇ ਸਯਾਮ ਨਾਮ ਆਉਂਦੇ ਹਨ,ਜਿਹੜੇ ਦਰਬਾਰੀ ਕਵੀਆਂ ਦੇ ਹਨ। ਇਸ ਵਿਚ ਸ਼ਾਕਤ ਮਤ ਦੇ ਦੇਵੀ ਦੇਵਤਾਵਾਂ ਦੇ ਨਾਵਾਂ ਦੀ ਭਰਮਾਰ ਹੈ। ਇਸ ਵਿਚ ਬਹੁਤ ਸਾਰੇ ਅਸ਼ਲੀਲ ਸ਼ਬਦ ਹਨ। ਭਾਈ ਸਾਹਿਬ ਨੇ ਇਸ ਗ੍ਰੰਥ ਵਿਚੋਂ ਹਵਾਲੇ ਲਭ ਕੇ ਇਨ੍ਹਾਂ ਸਵਾਲਾਂ ਦੇ ਜਬਾਬ ਦਿੱਤੇ ਹਨ।

**20. ਦਸਮ ਗ੍ਰੰਥ ਸੰਬੰਧੀ ਵਿਚਾਰ**: ਇਹ ਲੇਖ ਪੰਜ ਦਰਿਆ ਦੇ ਅਪ੍ਰੈਲ 1942 ਦੇ ਅੰਕ ਵਿਚ ਛਪਿਆ ਹੈ। ਇਸ ਦਾ ਮੂਲ ਮੁਦਾ ਵੀ ਦਸਮ ਗ੍ਰੰਥ ਨੂੰ ਕਵੀਆਂ ਦੀ ਰਚਨਾ ਕਹਿਣ ਵਾਲੇ ਇਤਿਹਾਸਕਾਰਾਂ ਖਾਸਕਰ ਸ਼ਮਸ਼ੇਰ ਸਿੰਘ ਅਸ਼ੋਕ ਦੇ ਸਵਾਲਾਂ ਦਾ ਜਬਾਬ ਦੇਣਾ ਹੈ। ਇਸ ਲੇਖ ਵਿਚ ਦਸਮ ਗ੍ਰੰਥ ਵਿਚੋਂ ਹਵਾਲੇ ਲੈ ਕੇ ਇਹ ਸਿਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਸ ਵਿਚ ਆਏ ਨਾਮ ਗੁਰੂ ਸਾਹਿਬ ਦੀ ਕਾਵਿ-ਛਾਪ ਹਨ,ਕਿਸੇ ਹੋਰ ਦੀ ਨਹੀਂ। ਇਸ ਤੋਂ ਇਲਾਵਾ ਅਸ਼ੋਕ ਜੀ ਦੁਆਰਾ ਕਢੇ ਗਏ ਸੰਮਤਾਂ ਦੇ ਗਲਤ ਅਰਥਾਂ ਦਾ ਵੀ ਨਿਰਣਾ ਕੀਤਾ ਹੈ।

**21. ਸੋਢੀ ਪਾਤਸ਼ਾਹ**: ਇਹ ਲੇਖ ਗੁਰੂ ਰਾਮਦਾਸ ਜੀ ਦੇ ਬਾਰੇ ਹੈ ਅਤੇ ਪੰਜਾਬੀ ਦੁਨੀਆ ਦੇ ਅਕਤੂਬਰ ਨਬੰਵਰ 1962 ਦੇ ਅੰਕ ਵਿਚ ਛਪਿਆ। ਇਸ ਵਿਚ ਭਾਈ ਸਾਹਿਬ ਨੇ ਦਸਮ ਗ੍ਰੰਥ ਵਿਚੋਂ ਸੋਢੀਆਂ ਅਤੇ ਬੇਦੀਆਂ ਦੇ ਖਾਨਦਾਨਾਂ ਦਾ ਪਿਛੋਕੜ ਉਲੀਕਿਆ ਹੈ। ਇਸ ਤੋਂ ਬਾਅਦ ਗੁਰੂ ਸਾਹਿਬ ਦੇ ਜਠੇਰਿਆਂ ਦਾ ਪਤਾ ਦਸਿਆ ਹੈ। ਉਨ੍ਹਾਂ ਗੁਰੂ ਸਾਹਿਬ ਦਾ ਜਨਮ ਸੰਮਤ 1527 ਦੀ 20 ਕਤਕ ਵਦੀ 14 ਦੀਵਾਲੀ ਵਾਲੇ ਦਿਨ, 20 ਅਕਤੂਬਰ 1530 ਈ. ਦਾ ਮੰਨਿਆ ਹੈ। ਇਨ੍ਹਾਂ ਦੇ ਮਾਤਾ ਪਿਤਾ ਸੋਢੀ ਹਰਿਦਾਸ ਜੀ ਅਤੇ ਮਾਤਾ ਅਨੂਪ ਦੇਈ ਸਨ। ਇਨ੍ਹਾਂ ਦਾ ਵਿਆਹ ਸੰਮਤ 1602, ਛੇ ਪੋਹ (4 ਦਸੰਬਰ 1545 ਈ. ਨੂੰ ਬੀਬੀ ਭਾਨੀ ਜੀ ਨਾਲ ਹੋਇਆ। ਇਸ ਤੋਂ ਬਾਅਦ ਇਨ੍ਹਾਂ ਦੀ ਸੰਤਾਨ, ਗੁਰਿਆਈ ਦੀ ਪ੍ਰਾਪਤੀ, ਭਾਈ ਗੁਰਦਾਸ ਜੀ ਦਾ ਸ਼ਰਨ ਆਉਣਾ ਆਦਿ ਦਾ ਜ਼ਿਕਰ ਵਿਸਥਾਰ ਸਹਿਤ ਕੀਤਾ ਹੈ।

**22. ਭਾਈ ਗੁਰਦਾਸ ਭੱਲੇ ਦਾ ਸੰਖੇਪ ਜੀਵਨ**: ਇਹ ਲੇਖ ਪੰਜਾਬੀ ਦੁਨੀਆ ਦੇ ਮਈ 1952 ਦੇ ਅੰਕ ਵਿਚ ਛਪਿਆ। ਇਸ ਵਿਚ ਭਾਈ ਗੁਰਦਾਸ ਦਾ ਜੀਵਨ, ਉਨ੍ਹਾਂ ਦੀ ਵਿਦਿਆ ਪ੍ਰਾਪਤੀ, ਪ੍ਰਚਾਰਕ ਵਜੋਂ ਸੇਵਾ, ਮੀਇਆ ਨੂੰ ਸਮਝਾਉਣ ਦੇ ਜਤਨ, ਦਸਵੰਧ ਦਾ ਪ੍ਰਬੰਧ, ਗੁਰਬਾਣੀ ਲਿਖਣ ਦਾ ਕਾਰਜ, ਭਾਈ ਸਾਹਿਬ ਦਾ ਡੋਲਣਾ ਅਤੇ ਪ੍ਰਲੋਕ ਪਿਆਨਾ ਆਦਿ ਸਿਰਲੇਖਾਂ ਵਿਚ ਉਲੀਕਿਆ ਹੈ।

**23. ਗੁਰੂ ਅਰਜਨ ਜੀ ਦਾ ਸੰਖੇਪ ਜੀਵਨ:** ਇਹ ਲੇਖ ਪੰਜਾਬੀ ਦੁਨੀਆ ਦੇ ਜੂਨ-ਜੁਲਾਈ 1953 ਦੇ ਅੰਕ ਵਿਚ ਛਪਿਆ ਹੈ। ਇਸ ਵਿਚ ਗੁਰੂ ਸਾਹਿਬ ਦੇ ਨਾਨਕਾ ਪੱਖ, ਦਾਦਕਾ ਪੱਖ, ਉਨ੍ਹਾਂ ਦੀ ਗੁਰੂ ਰਾਮਦਾਸ ਜੀ ਦੁਆਰਾ ਪਰਖ, ਗੁਰੂ ਦੇ ਵਿਛੋੜੇ ਦੀ ਕਸਕ, ਗੁਰਿਆਈ ਦੀ ਪ੍ਰਾਪਤੀ, ਪ੍ਰਿਥੀ ਚੰਦ ਦਾ ਵਿਰੋਧ, ਗੁਰਬਾਣੀ ਉਚਾਰਨ-ਸੰਪਾਦਨ, ਮੀਣਿਆਂ ਦੀਆਂ ਚਾਲਾਂ, ਕਰਤਾਰਪੁਰ ਵਸਾਉਣਾ, ਅਕਬਰ ਨਾਲ ਮੇਲ, ਗੁਰਬਾਣੀ ਦੀ ਬੀੜ ਬੰਨਣਾ, ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਅਤੇ ਵਿਆਹ, ਖੁਸਰੋ ਦਾ ਜਹਾਂਗੀਰ ਨਾਲ ਵੈਰ ਅਤੇ ਗੁਰੂ ਸਾਹਿਬ ਦੀ ਸ਼ਹਾਦਤ ਆਦਿ ਪੱਖਾਂ ਨੂੰ ਵਿਚਾਰਿਆ ਗਿਆ ਹੈ।

**ਹੋਰ ਰਚਨਾਵਾਂ:** ਉਪਰੋਕਤ ਰਚਨਾਵਾਂ ਤੋਂ ਇਲਾਵਾ ਭਾਈ ਸਾਹਿਬ ਦੀਆਂ ਕੁਝ ਸੰਪਾਦਕੀਆਂ ਜਿਹੜੀਆਂ ਇਨ੍ਹਾਂ ਨੇ ਵੱਖ-ਵੱਖ ਅਖਬਾਰਾਂ ਦੇ ਸੰਪਾਦਕ ਹੁੰਦੇ ਹੋਏ ਲਿਖੀਆਂ। ਇਨ੍ਹਾਂ ਦੀਆਂ ਹੱਥ ਲਿਖਤ ਡਾਇਰੀਆਂ ਜਿਨ੍ਹਾਂ ਦਾ ਵੇਰਵਾ ਅਗਲੇ ਅਧਿਆਇਆਂ ਵਿਚ ਦਿਤਾ ਜਾਵੇਗਾ, ਪ੍ਰਾਪਤ ਹਨ।

**ਸਾਰਾਂਸ਼:** ਉਪਰੋਕਤ ਪੁਸਤਕਾਂ ਦਾ ਪਾਠ ਕਰਦਿਆਂ ਪਤਾ ਲਗਦਾ ਹੈ ਕਿ ਇਹ ਸਾਰੀਆਂ ਭਾਈ ਸਾਹਿਬ ਦੀਆਂ ਸੰਪਾਦਿਤ ਪੁਸਤਕਾਂ ਹਨ। ਇਨ੍ਹਾਂ ਵਿਚੋਂ *ਉਦਾਸੀ ਸਿਖਾਂ ਦੀ ਵਿਥਿਆ* ਮੌਲਿਕ ਰਚਨਾ ਹੈ। ਪਰੰਤੂ ਇਨ੍ਹਾਂ ਵਿਚ ਦਿਤੀ ਵਿਸਥਾਰਿਤ ਜਾਣਕਾਰੀ ਨਾਲ ਇਨ੍ਹਾਂ ਦਾ ਮੁਹਾਂਦਰ ਮੌਲਿਕ ਪੁਸਤਕਾਂ ਵਰਗਾ ਬਣਾ ਦਿਤਾ ਹੈ। ਗੁਰਪ੍ਰਣਾਲੀਆਂ ਪੁਸਤਕ ਇਤਿਹਾਸ ਦੇ ਸਭ ਤੋਂ ਜਰੂਰੀ ਵੇਰਵੇ ਮਿਤੀਆਂ ਦੇ ਤੁਲਨਾਤਮਕ ਅਧਿਐਨ ਨਾਲ ਸੰਬੰਧਿਤ ਹੈ। ਭਾਈ ਸਾਹਿਬ ਗੁਰੂ ਸਾਹਿਬਾਨ ਨਾਲ ਜੁੜੀਆਂ ਘਟਨਾਵਾਂ ਨੂੰ ਮਿਤੀ ਬੱਧ ਤਰੀਕੇ ਵਜੋਂ ਪਾਠਕਾਂ ਦੇ ਸਨਮੁਖ ਕਰਨਾ ਚਾਹੁੰਦੇ ਸਨ। ਇਹ ਪੁਸਤਕ ਨਾਨਕਸ਼ਾਹੀ ਕੈਲੰਡਰ ਦੇ ਮਸਲੇ ਨਾਲ ਜੁੜਿਆ ਬਹੁ-ਮੁਲਾ ਸਰੋਤ ਹੈ। ਇਸ ਵਿਚ ਸੰਪਾਦਕ ਨੇ ਆਪਣੇ ਦੁਆਰਾ ਪੇਸ਼ ਅਧਿਐਨ ਨੂੰ ਪਾਠਕਾਂ ਦੇ ਸਨਮੁਖ ਕੀਤਾ ਹੈ ਕਿ ਉਹ ਇਤਿਹਾਸਿਕ ਮਸਾਲੇ ਵਿਚੋਂ ਮੋਤੀ ਲੱਭ ਸਕਣ। ਸ਼ਬਦ ਮੂਰਤ ਦਸਮ ਗ੍ਰੰਥ ਬਾਰੇ ਅਸੀਂ ਇਹ ਕਹਿ ਸਕਦੇ ਹਾਂ ਕਿ ਇਹ ਪੁਸਤਕ 'ਦਸਮ-ਗ੍ਰੰਥ ਸ਼ਬਦਾਰਥ ਦੀ' ਭੂਮਿਕਾ ਵਜੋਂ ਲਿਖੀ ਗਈ। ਇਸ ਵਿਚ ਵਾਧੇ ਕਰਕੇ ਭਾਈ ਸਾਹਿਬ ਨੇ ਸੁਤੰਤਰ ਪੁਸਤਕ ਦੇ ਰੂਪ ਵਿਚ ਛਾਪਿਆ। *ਸ਼ਬਦਾਰਥ* ਨੂੰ ਪੜ੍ਹਦਿਆਂ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਜਿਸ ਨੂੰ ਪ੍ਰਿੰਸੀਪਲ ਤੇਜਾ ਸਿੰਘ, ਨੇ ਤਿਆਰ ਕੀਤਾ ਦਾ ਧਿਆਨ ਵਾਰ ਵਾਰ ਮਨ ਵਿਚ ਆਉਂਦਾ ਹੈ। ਇਹ ਸ਼ਬਦਾਰਥ ਉਸੇ ਲੜੀ ਦਾ ਭਾਗ ਹੈ। *ਪ੍ਰੇਮ ਸੁਮਾਰਗ* ਖਾਲਸਾਈ ਰਹਿਤ ਨਾਲ ਜੁੜਿਆ ਦੁਰਲਭ ਸਰੋਤ ਹੈ। ਇਹ *ਸਿੱਖ ਰਹਿਤਮਰਯਾਦਾ* ਲਈ ਆਧਾਰ ਸਾਮਗਰੀ ਦਾ ਕਾਰਜ ਕਰਦਾ ਹੈ। ਭਾਈ ਸਾਹਿਬ ਨੇ ਆਪਣੀ ਸੰਪਾਦਨਾ ਦੁਆਰਾ ਗੁਰੂ ਗੋਬਿੰਦ ਸਿੰਘ ਜੀ ਸਮੇਂ ਦੇ ਸਿੱਖ ਸਮਾਜ ਦੀ ਤਸਵੀਰ ਇਸ ਵਿਚ ਪੇਸ਼ ਕੀਤੀ ਹੈ। ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ (ਪਹਿਲਾ

ਭਾਗ) ਪੁਸਤਕ ਸਾਨੂੰ ਸਿੱਖ ਇਤਿਹਾਸ ਦੇ ਦਰਸ਼ਨ ਆਧੁਨਿਕ ਯੁਗ ਦੇ ਸਨਮੁਖ ਇਤਿਹਾਸ ਦੀ ਵਿਆਖਿਆ ਜਾਂ ਇਤਿਹਾਸਕਾਰੀ ਦੇ ਨਵੇਂ ਦਿਸਹੱਦੇ ਖੋਲਦੀ ਹੈ। ਭਾਈ ਸਾਹਿਬ ਆਪਣੀਆਂ ਲਿਖਤਾਂ ਵਿਚ ਸ਼ਰਧਾ ਅਤੇ ਤਰਕ ਦਾ ਪੱਲਾ ਨਹੀਂ ਛਡਦੇ। ਇਨ੍ਹਾਂ ਨੂੰ ਜੋਤਿਸ਼ ਜਾਂ ਭਾਰਤੀ ਸੰਮਤ ਵਿਦਿਆ ਦਾ ਬਹੁਤ ਗਿਆਨ ਹੈ। ਇਸ ਲਈ ਇਹ ਗੁਰ-ਪ੍ਰਣਾਲੀ ਵਰਗੇ ਔਖੇ ਕੰਮ ਨੂੰ ਛੂਹ ਸਕੇ। ਗੁਰੂ ਨਾਨਕ ਦੇਵ ਜੀ ਦੇ ਜਨਮ ਸੰਬੰਧੀ ਇਨ੍ਹਾਂ ਨੇ ਕੱਤਕ ਅਤੇ ਵਿਸਾਖ ਵਾਲੀ ਬਹਿਸ ਜਿਹੜੀ ਸਿੰਘ ਸਭਾ ਲਹਿਰ ਤੋਂ ਚਲੀ ਉਸ ਨੂੰ ਨਜਿਠਣ ਦੀ ਕੋਸ਼ਿਸ਼ ਕੀਤੀ। ਦਸਮ ਗ੍ਰੰਥ ਨਾਲ ਸੰਬਧਿਤ ਲੇਖਾਂ ਵਿਚ ਇਨ੍ਹਾਂ ਨੇ ਇਸ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਮੰਨ ਕੇ ਆਪਣੇ ਤਰਕ ਦਿਤੇ। ਸਮਕਾਲੀ ਇਤਿਹਾਸਕਾਰਾਂ ਜਿਵੇਂ ਗਿਆਨੀ ਗਿਆਨ ਸਿੰਘ ਆਦਿ ਦੀਆਂ ਲਿਖਤਾਂ ਉਪਰ ਇਨ੍ਹਾਂ ਨੇ ਆਪਣੀ ਰਾਇ ਦਿਤੀ। ਗੁਰੂ ਸਾਹਿਬਾਨ ਦੇ ਸਮਕਾਲੀ ਇਤਿਹਾਸਕਾਰਾਂ ਦਾ ਜੀਵਨ ਜਿਹੜਾ ਪਹਿਲਾਂ ਵਿਸਥਾਰ ਨਾਲ ਪੰਜਾਬੀ ਵਿਚ ਨਹੀਂ ਮਿਲਦਾ ਭਾਈ ਸਾਹਿਬ ਨੇ ਪੇਸ਼ ਕੀਤਾ। ਗੁਰੂ ਸਾਹਿਬਾਨ ਨਾਲ ਸੰਬੰਧਿਤ ਸਾਖੀਆਂ, ਹੁਕਮਨਾਮੇ ਆਦਿ ਦੀ ਆਲੋਚਨਾਤਮਕ ਜਾਣਕਾਰੀ ਇਨ੍ਹਾਂ ਦੇ ਪੇਸ਼ ਕੀਤੀ।

## ਅਧਿਆਇ ਤੀਜਾ

## ਭਾਈ ਰਣਧੀਰ ਸਿੰਘ ਦੀਆਂ ਰਚਨਾਵਾਂ ਦਾ ਵਿਸ਼ਲੇਸ਼ਣ

ਭਾਈ ਰਣਧੀਰ ਸਿੰਘ ਨੇ ਸਿੱਖ ਇਤਿਹਾਸ ਦਾ ਮੁਹਾਂਦਰਾ ਸੰਵਾਰਨ ਲਈ ਅਣਥਕ ਮਿਹਨਤ ਕੀਤੀ। ਉਨ੍ਹਾਂ ਦੀ ਰਚਨਾ ਦਾ ਘੇਰਾ ਵਿਆਖਿਆਕਾਰੀ, ਇਤਿਹਾਸਕਾਰੀ, ਆਲੋਚਨਾ,ਕੋਸ਼ਕਾਰੀ, ਪੱਤਰਕਾਰੀ ਆਦਿ ਵਿਧਾਵਾਂ ਤਕ ਪਸਰਿਆ ਹੋਇਆ ਹੈ। ਪਰੰਤੂ ਅਸੀਂ ਉਨ੍ਹਾਂ ਦੀਆਂ ਰਚਨਾਵਾਂ ਵਿਚ ਦੋ ਵਿਧਾਵਾਂ ਜਾਂ ਵਿਸ਼ਿਆਂ ਨੂੰ ਹੀ ਪ੍ਰਤੱਖ ਅਨੁਭਵ ਕਰਦੇ ਹਾਂ, ਇਹ ਵਿਸ਼ੇ ਵਿਆਖਿਆਕਾਰੀ ਅਤੇ ਇਤਿਹਾਸਕਾਰੀ ਹਨ। ਇਸ ਤੋਂ ਇਲਾਵਾ ਉਨ੍ਹਾਂ ਦੀ ਪੱਤਰਕਾਰੀ, ਕੋਸ਼ਕਾਰੀ, ਸੰਪਾਦਨਾ ਵਰਗੇ ਵਡੇ ਪੱਖਾਂ ਨੂੰ ਵਿਚਾਰ ਸਕਦੇ ਹਾਂ। ਅਸੀਂ ਇਥੇ ਭਾਈ ਸਾਹਿਬ ਦੀਆਂ ਰਚਨਾਵਾਂ ਵਿਚਲੇ ਹੇਠ ਲਿਖੇ ਪੱਖਾਂ ਨੂੰ ਵਿਚਾਰਨ ਦੀ ਕੋਸ਼ਿਸ਼ ਕਰਾਂਗੇ:

1. ਵਿਆਖਿਆਕਾਰੀ
2. ਇਤਿਹਾਸਕਾਰੀ
3. ਫੁਟਕਲ

ਭਾਈ ਸਾਹਿਬ ਦੁਆਰਾ ਆਪਣੀ ਰਚਨਾ ਵਿਚ ਅਪਣਾਈਆਂ ਗਈਆਂ ਉਪਰੋਕਤ ਵਿਧਾਵਾਂ ਨੂੰ ਅਸੀ ਇਥੇ ਸਿਧਾਂਤਕ ਰੂਪ ਵਿਚ ਵਿਚਾਰਨ ਦੀ ਕੋਸ਼ਿਸ਼ ਕਰਾਂਗੇ ਅਤੇ ਨਾਲ ਹੀ ਭਾਈ ਸਾਹਿਬ ਦੀ ਰਚਨਾ ਵਿਚੋਂ ਮਿਲਦੇ ਇੰਨ੍ਹਾਂ ਵਿਧਾਵਾਂ ਦੇ ਗੁਣ-ਸੁਭਾਅ ਆਦਿ ਬਾਰੇ ਜਾਣਾਗੇ:

**ਵਿਆਖਿਆਕਾਰੀ**: ਵਿਆਖਿਆਕਾਰੀ ਨੂੰ ਡਾ. ਤਾਰਨ ਸਿੰਘ ਨੇ ਸਿਰਜਨਾਤਮਕ ਕਲਾ ਕਿਹਾ ਹੈ, ਜਿਹੜੀ ‘ਕਿਸੇ ਅਨੁਭਵੀ ਸਾਹਿਤਕ ਕਿਰਤ ਦੇ ਵਿਚਾਰਾਂ, ਭਾਵਨਾਵਾਂ ਨੂੰ ਸਪਸ਼ਟ ਕਰਨ ਦਾ ਯਤਨ ਕਰਦੀ ਹੈ।’[1] ਇਹ ਵਿਆਖਿਆ ਦਾ ਇਕ ਅਮਲ ਜੋ ਟੀਕਾਕਰੀ, ਸ਼ਬਦਾਰਥ, ਪਦਾਰਥ, ਭਾਸ਼ ਆਦਿ ਦੇ ਰੂਪ ਵਿਚ ਪੂਰ ਚੜਦਾ ਹੈ। ਇਸ ਲਈ ਕਿਸੇ ਸਾਹਿਤਕ ਜਾਂ ਧਾਰਮਿਕ ਕਿਰਤ ਦਾ ਹੋਣਾ ਜਰੂਰੀ ਹੈ। ਇਸ ਲਈ ਜਿਸ ਕਿਰਤ ਦੀ ਵੀ ਵਿਆਖਿਆ ਕੀਤੀ ਜਾਂਦੀ ਹੈ, ਉਹ ਪਹਿਲੇ ਅਤੇ ਉਸਦੀ ਵਿਆਖਿਆਕਾਰੀ ਗੌਣ ਸਥਾਨ ਲੈ ਜਾਂਦੀ ਹੈ। ਪੰਜਾਬੀ ਵਿਚ ਵਿਆਖਿਆ, ਟੀਕਾ, ਸਰਲ ਅਰਥ ਅਤੇ ਵਿਆਖਿਆ ਕਰਨ ਵਾਲੇ ਨੂੰ ਵਿਆਖਿਆਕਾਰ ਜਾਂ ਵਿਆਖਿਆ ਕਰਨ ਵਾਲਾ ਆਦਿ ਕਿਹਾ ਜਾਂਦਾ ਹੈ।[2] ‘ਵਿਆਖਿਆ ਇਕ ਸੰਕਲਪ ਹੈ ਤੇ ਮੂਲ ਦੇ ਭਾਵ ਨੂੰ ਲੋਕਾਂ

---

[1] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰ.1.

[2] *ਪੰਜਾਬੀ ਕੋਸ਼,* ਜਿਲਦ ਛੇਵੀਂ, ਭਾਸ਼ਾ ਵਿਭਾਗ, ਪੰਜਾਬ, 1990, ਪੰ. 292.

ਤੱਕ ਲੈ ਕੇ ਜਾ ਰਹੇ 'ਜਤਨ' ਨੂੰ ਸੰਕੇਤਕ ਹੈ। ਇਸ ਵਿਚ ਕੋਈ ਦ੍ਰਿਸ਼ਟੀ ਜਾਂ ਵਿਹਾਰ ਦੀ ਸਿਧੀ ਸ਼ਮੂਲੀਅਤ ਨਹੀਂ, ਇਹ ਅਮੂਰਤ ਤੇ ਧਰਮ-ਗ੍ਰੰਥਾਂ ਆਧਾਰਿਤ ਉਸਰੇ ਹਰੇਕ ਕਿਸਮ ਦੇ ਵਿਸ਼ਾਲ ਸਾਹਿਤ ਦੇ ਸਮੁਚ/ਕੁਲ ਰੂਪਾਂ ਨੂੰ ਸੰਬੋਧਿਤ ਹੈ।'[3] ਦੂਜੇ ਪਾਸੇ ਵਿਆਖਿਆ ਦੇ ਸੰਕਲਪ ਨੂੰ ਵਿਹਾਰਕ ਰੂਪ ਦੇਣ ਦਾ ਕਾਰਜ 'ਵਿਆਖਿਆਕਾਰੀ' ਕਰਦੀ ਹੈ। ਇਸ ਵਿਚ ਟੀਕੇ, ਭਾਸ਼, ਕੋਸ਼, ਥੀਸਿਸ, ਪਰਚੇ ਆਦਿ ਸਾਮਿਲ ਹਨ। ਇਸ ਵਿਚ ਵਿਆਖਿਆਕਾਰ ਦੀ ਦ੍ਰਿਸ਼ਟੀ, ਪਹੁੰਚ, ਵਿਹਾਰ, ਢੰਗ, ਜੁਗਤ, ਰੂਪ ਆਦਿ ਦੀ ਵੀ ਸ਼ਮੂਲੀਅਤ ਹੁੰਦੀ ਹੈ।[4] ਇੰਨ੍ਹਾਂ ਸਾਰੇ ਜਤਨਾਂ ਦੀ ਉਸਾਰੀ ਨੂੰ ਸੇਧ ਦੇਣ ਵਾਲਾ ਇਕ ਸ਼ਾਸਤਰ ਹੈ ਜਿਸ ਨੂੰ ਵਿਆਖਿਆ-ਸ਼ਾਸਤਰ ਆਖਿਆ ਜਾਂਦਾ ਹੈ। ਇਹ ਵਿਆਖਿਆ ਨਾਲ ਸੰਬੰਧਿਤ ਹਰ ਸੰਕਲਪ ਨੂੰ ਪਰਿਭਾਸ਼ਿਤ ਕਰਨ ਦਾ ਜਤਨ ਕਰਦਾ ਹੈ। ਇਸ ਲਈ ਬਹੁਤ ਸਾਰੇ ਅਨੁਸ਼ਾਸਨਾ ਦੀ ਸਹਾਇਤਾ ਲੈਂਦਾ ਹੈ। ਸਾਮੀ ਪਰੰਪਰਾ ਵਿਚ ਇਸ ਦਾ ਸਮਾਨਾਰਥੀ ਸ਼ਬਦ **Hermeneutics** ਵਰਤਿਆ ਜਾਂਦਾ ਹੈ ਜਾਂਦਾ ਹੈ, ਜਿਹੜਾ ਜਰਮਨ ਮੂਲ ਦਾ ਸ਼ਬਦ ਹੈ।[5]

ਵਿਆਖਿਆਕਾਰੀ ਦੇ ਅਮਲ ਨੂੰ ਪੂਰਾ ਕਾਰਨ ਵਾਲੇ ਰੂਪ ਟੀਕਾ, ਵ੍ਰਿਤਿ, ਭਾਸ਼, ਨਿਰੁਕਤ, ਕੋਸ਼ ਆਦਿ ਸਿਧਾਂਤਕ ਰੂਪ ਵਿਚ ਸੂਖਮ ਭੇਦਾਂ ਨਾਲ ਹੀ ਵਖ-ਵਖ ਰੂਪ ਧਾਰਦੇ ਹਨ, ਜਿਵੇਂ 'ਟੀਕਾ ਮੂਲ ਪਾਠ ਦਾ ਸਰਲ ਭਾਸ਼ਾ ਰਾਹੀਂ ਵਿਅਕਤ ਕਰਨ ਵਾਲਾ ਸੰਖੇਪ ਵਾਰਤਕ ਜਤਨ ਹੈ; ਵ੍ਰਿਤਿ ਗੂੜ੍ਹ ਸ਼ਬਦਾਂ ਦੇ ਅੰਦਰਲੇ ਅਰਥ ਨੂੰ ਪ੍ਰਗਟ ਕਰਨ ਦਾ ਜਤਨ ਹੈ; ਭਾਸ਼ਯ ਅਜਿਹੇ ਟੀਕੇ ਨੂੰ ਕਿਹਾ ਜਾਂਦਾ ਹੈ, ਜਿਸ ਵਿਚ ਵਿਆਕਰਨ ਜਾਂ ਦਰਸ਼ਨ ਸੰਬੰਧੀ ਸੂਤ੍ਰਾਂ ਦਾ ਭਾਵ-ਅਰਥ ਖੋਲ ਕੇ ਦੱਸਿਆ ਹੁੰਦਾ ਹੈ; ਕੋਸ਼ ਸ਼ਬਦਾਂ ਦੇ ਅਰਥਾਂ ਦਾ ਅਧਿਐਨ ਹੈ, ਜਿਸ ਦੀ ਪ੍ਰਕ੍ਰਿਆ ਵਿਚ ਸ਼ਬਦ-ਨਿਰਮਾਣ ਦੀ ਕਲਾ ਸ਼ਾਮਿਲ ਹੈ; ਨਿਰੁਕਤੀ ਰਾਹੀਂ ਸ਼ਬਦਾਂ ਦਾ ਮੁਢ ਤੇ ਇਤਿਹਾਸ ਨਾਲ ਧਾਤੂ-ਸੋਮਿਆਂ ਦੀ ਲਭਤ ਤੇ ਅਰਥ ਪਰੰਪਰਾ ਦੀ ਬਣਤਰ ਸਮਝੀ ਜਾਂਦੀ ਹੈ। ਇੰਨ੍ਹਾਂ ਤੋਂ ਬਿਨਾਂ ਵਿਆਖਿਆਕਾਰੀ ਦੇ ਕੁਝ ਹੋਰ ਉਪ-ਰੂਪ ਵੀ ਹਨ, ਜਿਵੇਂ ਪਦਾਰਥ, ਦ੍ਰਿਸ਼ਟਾਂਤ, ਪ੍ਰਮਾਣ, ਪ੍ਰਸ਼ਨੋਤਰੀ, ਅਨੁਵਾਦ, ਭੂਮਿਕਾ/ਉਥਾਨਿਕਾ, ਟਿਪਣੀ, ਪਰਮਾਰਥ ਆਦਿ।[6] ਬਾਈਬਲ ਅਤੇ ਕੁਰਾਨ ਜਿਹੜੇ ਸਾਮੀ ਧਰਮਾਂ ਦੇ ਗ੍ਰੰਥ ਹਨ, ਉਨ੍ਹਾਂ ਲਈ ਵਿਆਖਿਆ ਦੀ ਬਹੁਤ ਸਾਰੀਆਂ ਵਿਧੀਆਂ ਅਪਣਾਈਆਂ ਜਾਂਦੀਆਂ

---

[3] ਗੁਰਮੇਲ ਸਿੰਘ (ਡਾ.), *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ: ਇਤਿਹਾਸ ਅਤੇ ਮੁਲਾਂਕਣ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016, ਪੰ.23.

[4] *ਉਹੀ.*

[5] *ਉਹੀ,* ਪੰ. 105.

[6] *ਉਹੀ,* ਪੰ. 24.

ਹਨ। ਇੰਨ੍ਹਾਂ ਵਿਚੋਂ ਬਾਈਬਲ ਦੀ ਵਿਆਖਿਆ ਦੀਆਂ ਮੁਖ ਰੂਪ ਵਿਚ ਤਿੰਨ ਵਿਸ਼ੇਸ਼ ਮਹਤਵਪੂਰਨ ਵਿਧੀਆਂ ਹਨ:[7]

1. Exegesis (ਟੀਕਾਕਾਰੀ/ਵਿਆਖਿਆਕਾਰੀ)
2. Theology (ਧਰਮ ਸ਼ਾਸਤਰੀ ਵਿਆਖਿਆ)
3. Hermeneutics (ਵਿਆਖਿਆ ਸ਼ਾਸਤਰ)

ਇਸੇ ਤਰ੍ਹਾਂ ਕੁਰਾਨ ਦੀ ਵਿਆਖਿਆਕਾਰੀ ਲਈ 'ਤਫਸੀਰ' ਅਤੇ 'ਤਾਵੀਲ' ਨਾਮੀ ਵਿਆਖਿਆ ਦੀਆਂ ਵਿਧੀਆਂ ਮਿਲਦੀਆਂ ਹਨ। ਤਫਸੀਰ ਕੁਰਾਨ ਦੀ ਵਿਆਖਿਆ ਜਾਂ ਟੀਕੇ ਲਈ ਅਰਬੀ ਵਿਚ ਮਿਲਦਾ ਸ਼ਬਦ ਹੈ। ਤਫਸੀਰ ਲਿਖਣ ਵਾਲੇ ਨੂੰ ਮੁਫਸਿਰ ਕਿਹਾ ਜਾਂਦਾ ਹੈ। ਤਾਵੀਰ ਕੁਰਾਨ ਦੀ ਪ੍ਰਤੀਕਾਤਮਿਕ ਵਿਆਖਿਆ ਨੂੰ ਕਿਹਾ ਜਾਂਦਾ ਹੈ।[8]

ਇਸੇ ਤਰ੍ਹਾਂ ਭਾਰਤ ਵਿਚ ਵੇਦਾਂ ਦੀ ਵਿਆਖਿਆ ਲਈ ਛੇ ਅੰਗ ਸ਼ਿਕਸ਼ਾ, ਛੰਦ, ਵਿਆਕਰਨ, ਨਿਰੁਕਤ, ਜੋਤਿਸ਼, ਕਲਪ ਪ੍ਰਚਲਿਤ ਹਨ। ਵਿਆਖਿਆ ਲਈ ਟੀਕਾਕਾਰੀ, ਵੇਦਾਂਗ, ਧਰਮ-ਸ਼ਾਸਤਰ ਆਦਿ ਗ੍ਰੰਥ ਅਤੇ ਅਨੁਸ਼ਾਸ਼ਨ ਮਿਲਦੇ ਹਨ।[9]

ਗੁਰਬਾਣੀ ਦੀ ਵਿਆਖਿਆਕਾਰੀ ਲਈ ਵਿਆਖਿਆਕਾਰੀ ਅਤੇ ਟੀਕਾਕਾਰੀ ਨਾਲ ਸੰਬੰਧਿਤ ਸਕੂਲ ਸਿੱਖਾਂ ਵਿਚ ਪ੍ਰਚਲਿਤ ਹਨ। ਇੰਨ੍ਹਾਂ ਸਕੂਲਾਂ ਲਈ ਡਾ. ਤਾਰਨ ਸਿੰਘ ਨੇ 'ਪ੍ਰਣਾਲੀਆਂ' ਸ਼ਬਦ ਵਰਤਿਆ ਹੈ। ਉਨ੍ਹਾਂ ਨੇ ਇੰਨ੍ਹਾਂ ਵਿਚ ਸਤ-ਕੁ ਪ੍ਰਣਾਲੀਆਂ ਸਹਿਜ, ਭਾਈ, ਪਰਮਾਰਥ, ਉਦਾਸੀ, ਨਿਰਮਲਾ, ਸੰਪਰਦਾਈ ਅਤੇ ਸਿੰਘ ਸਭਾਈ ਆਦਿ ਨੂੰ ਸ਼ਾਮਿਲ ਕੀਤਾ ਹੈ।[10] ਗੁਰਬਾਣੀ ਦੀ ਵਿਆਖਿਆਕਾਰੀ ਗੁਰਬਾਣੀ ਦੇ ਪ੍ਰਕਾਸ਼ਵਾਨ ਹੋਣ ਤੋਂ ਹੀ ਸ਼ੁਰੂ ਹੋ ਹੁੰਦੀ ਹੈ। ਗੁਰਬਾਣੀ ਦੁਆਰਾ ਗੁਰਬਾਣੀ ਦੀ ਵਿਆਖਿਆ ਨੂੰ 'ਸਹਜ' ਵਿਆਖਿਆਕਾਰੀ ਕਿਹਾ ਜਾਂਦਾ ਹੈ। ਇਸ ਦਾ ਪਰਮਾਣ ਗੁਰੂ ਗ੍ਰੰਥ ਸਾਹਿਬ ਵਿਚ ਆਏ ਗੁਰੂ ਅੰਗਦ ਦੇਵ ਜੀ ਦੇ ਸਲੋਕਾਂ ਦਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਲਗੇ ਹੋਣਾ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੁਆਰਾ ਭਗਤ ਸਾਹਿਬਾਨ ਦੀ ਬਾਣੀ ਦੀ ਪ੍ਰੋੜਤਾ ਕਰਨਾ ਹੈ। ਇਸੇ ਤਰ੍ਹਾਂ ਗੁਰੂ ਸਾਹਿਬਾਨ ਦੇ ਸਮੇਂ ਅਤੇ ਉਸ

---

7 Biblical Exegesis, *The Encyclopedia of Religion,* (vol.2) (ed.) Mircea Eliade, New York, 1987, pp-136-52.

8 *Ibid,* 236-44.

9 ਗੁਰਮੇਲ ਸਿੰਘ, (ਡਾ.), *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ: ਇਤਿਹਾਸ ਅਤੇ ਮੁਲਾਂਕਣ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 25.

10 ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰ.1. .

ਤੋਂ ਬਾਅਦ ਭਾਈ ਗੁਰਦਾਸ ਜੀ, ਮਿਹਰਬਾਨੀਏ, ਉਦਾਸੀ ਅਤੇ ਨਿਰਮਲੇ ਵਿਆਖਿਆ ਕਰਦੇ ਰਹੇ। ਅੰਗਰੇਜ਼ਾਂ ਦੇ ਆਉਣ ਸਮੇਂ ਪਛਮੀ ਵਿਦਿਅਕ ਪ੍ਰਣਾਲੀ ਦੇ ਪ੍ਰਭਾਵ ਸਦਕਾ ਨਵੇਂ ਸੰਕਲਪ ਅਤੇ ਧਾਰਨਾਵਾਂ ਸਾਹਮਣੇ ਆਈਆਂ। ਇਸ ਲਈ ਸਿੰਘ ਸਭਾ ਲਹਿਰ ਨੇ ਵਿਆਖਿਆ ਦੀ ਨਵੀਂ ਲਹਿਰ ਚਲਾਈ।

ਵਿਆਖਿਆਕਾਰੀ ਦੇ ਸਿੱਖ ਸਕੂਲਾਂ ਵਲੋਂ ਸਿਰਫ ਗੁਰਬਾਣੀ ਦੀ ਹੀ ਵਿਆਖਿਆ ਨਹੀਂ ਹੋਈ ਬਲਕਿ ਇਤਿਹਾਸ, ਵਿਆਕਰਨ, ਛੰਦ ਸ਼ਾਸਤਰ ਆਦਿ ਨੂੰ ਵੀ ਆਪਣੇ ਕਲਾਵੇ ਵਿਚ ਲਿਆ ਗਿਆ। ਗੁਰੂ-ਕਾਲ ਦਾ ਜਨਮ ਸਾਖੀ ਸਾਹਿਤ, ਗੋਸਟਾਂ, ਪਰਚੀਆਂ ਆਦਿ ਗੁਰਬਾਣੀ ਦੁਆਲੇ ਉਸਰੇ ਵਿਆਖਿਆ ਦੇ ਪਾਸਾਰ ਹਨ। ਭਾਵੇਂ ਇੰਨ੍ਹਾਂ ਵਿਚ ਪੌਰਾਣਿਕ ਅੰਸ਼ਾਂ ਦੀ ਭਰਮਾਰ ਹੈ। ਸਿੰਘ ਸਭਾ ਲਹਿਰ ਸਮੇਂ ਹੋਂਦ ਵਿਚ ਆਏ ਇਤਿਹਾਸਿਕ ਗ੍ਰੰਥਾਂ, ਕੋਸ਼ਾਂ, ਟੀਕਿਆਂ ਵਿਚ ਗੁਰਬਾਣੀ ਵਿਆਖਿਆ ਲਈ ਫਾਰਸੀ, ਅਰਬੀ ਆਦਿ ਦੇ ਸਮਕਾਲੀ ਸਰੋਤਾਂ ਤੋਂ ਇਲਾਵਾ ਅੰਗਰੇਜ਼ੀ ਸਾਹਿਤ ਦੀਆਂ ਪਰੰਪਰਾਵਾਂ ਦਾ ਸਹਾਰਾ ਲਿਆ।

ਭਾਈ ਰਣਧੀਰ ਸਿੰਘ ਦੇ ਸਮਕਾਲ ਵਿਚ ਭਾਈ ਵੀਰ ਸਿੰਘ, ਪ੍ਰੋ. ਸਾਹਿਬ ਸਿੰਘ, ਪ੍ਰਿੰ. ਤੇਜਾ ਸਿੰਘ, ਭਾਈ ਜੋਧ ਸਿੰਘ, ਡਾ. ਗੰਡਾ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਸ. ਨਰੈਣ ਸਿੰਘ, ਗਿ. ਦਿੱਤ ਸਿੰਘ, ਪ੍ਰੋ. ਪਿਆਰਾ ਸਿੰਘ ਪਦਮ ਆਦਿ ਅਨੇਕ ਵਿਦਵਾਨ ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਵਿਆਖਿਆਕਾਰੀ ਨਾਲ ਜੁੜੇ ਹੋਏ ਸਨ। ਭਾਈ ਸਾਹਿਬ ਇੰਨ੍ਹਾਂ ਸਭ ਨਾਲੋਂ ਡਾ. ਗੰਡਾ ਸਿੰਘ ਦੇ ਜਿਆਦਾ ਨੇੜੇ ਸਨ। ਕਿਤੇ ਨਾ ਕਿਤੇ ਡਾ. ਸਾਹਿਬ ਇੰਨ੍ਹਾਂ ਨੂੰ ਇਤਿਹਾਸਕਾਰੀ ਵਲ ਰੁਚਿਤ ਹੋਣ ਦਾ ਜਰੀਆ ਬਣੇ ਸਨ। ਇਤਿਹਾਸ ਨਾਲ ਸੰਬੰਧਿਤ ਇੰਨ੍ਹਾਂ ਦਾ ਕਾਰਜ ਸਿੱਖ ਹਿਸਟਰੀ ਸੋਸਾਇਟੀ ਦੇ ਹੋਂਦ ਵਿਚ ਆਉਣ ਨਾਲ ਹੀ ਸਾਹਮਣੇ ਆਇਆ। ਇਹ ਸੋਸਾਇਟੀ ਡਾ. ਗੰਡਾ ਸਿੰਘ ਦੀ ਹੀ ਦੇਣ ਸੀ।

ਭਾਈ ਰਣਧੀਰ ਸਿੰਘ ਦੀ ਵਿਆਖਿਆਕਾਰੀ ਦਾ ਰੂਪ ਅਸੀਂ ਇੰਨ੍ਹਾਂ ਦੀਆਂ ਪੁਸਤਕਾਂ 'ਸ਼ਬਦਾਰਥ ਦਸਮ ਗ੍ਰੰਥ ਸਾਹਿਬ', 'ਪ੍ਰੇਮ ਸੁਮਾਰਗ' ਅਤੇ 'ਇਤਿਹਾਸਿਕ ਪਤ੍ਰ' ਆਦਿ ਵਿਚ ਦੇਖ ਸਕਦੇ ਹਾਂ। ਇੰਨ੍ਹਾਂ ਤੋਂ ਇਲਾਵਾ ਇੰਨ੍ਹਾਂ ਦੀਆਂ ਸਾਰੀਆਂ ਲਿਖਤਾਂ ਵਿਚ ਵਿਆਖਿਆਕਾਰੀ ਦੇ ਗੁਣ ਨਜਰ ਆਉਂਦੇ ਹਨ। ਇੰਨ੍ਹਾਂ ਦੀ ਵਿਆਖਿਆਕਾਰੀ ਨੂੰ ਅਸੀਂ ਪ੍ਰਮੁਖ ਦੋ ਭਾਗਾਂ ਵਿਚ ਵੰਡ ਸਕਦੇ ਹਾਂ:

(ੳ) ਗੁਰਬਾਣੀ ਦੀ ਵਿਆਖਿਆਕਾਰੀ

(ਅ) ਇਤਿਹਾਸ ਦੀ ਵਿਆਖਿਆਕਾਰੀ

**(ੳ) ਗੁਰਬਾਣੀ ਦੀ ਵਿਆਖਿਆਕਾਰੀ**: ਗੁਰਬਾਣੀ ਦੀ ਵਿਆਖਿਆਕਾਰੀ ਮੁਖ ਰੂਪ ਵਿਚ *ਸ਼ਬਦਾਰਥ ਦਸਮ ਗ੍ਰੰਥ* ਵਿਚ ਪ੍ਰਾਪਤ ਹੈ। ਭਾਈ ਸਾਹਿਬ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਦੀ ਰਚਨਾ ਮੰਨ ਕੇ ਇਸ ਦੀ

ਵਿਆਖਿਆ ਕਰਦੇ ਹਨ। ਸ਼ਬਦਾਰਥ ਦੇ ਆਰੂਪ ਅਤੇ ਭਾਈ ਸਾਹਿਬ ਦੁਆਰਾ ਵਿਆਖਿਆ ਕਰਨ ਦੇ ਢੰਗਾਂ ਬਾਰੇ ਪਿਛਲੇ ਅਧਿਆਇ ਵਿਚ ਦਸਿਆ ਜਾ ਚੁਕਾ ਹੈ।

ਸ਼ਬਦਾਰਥ ਵਿਚ ਵਿਆਖਿਆਕਾਰੀ ਦੇ ਕਈ ਰੂਪ ਵੇਖਣ ਨੂੰ ਮਿਲਦੇ ਹਨ। ਇੰਨ੍ਹਾਂ ਵਿਚ ਸਿੱਖ ਧਰਮ ਸ਼ਾਸ਼ਤਰ ਜਿਨ੍ਹਾਂ ਨੂੰ ਵਿਚ ਪਰਮਾਤਮਾ, ਮਨੁਖ, ਸ੍ਰਿਸ਼ਟੀ ਰਚਨਾ; ਸਿੱਖ ਸੰਸਥਾਵਾਂ- ਗੁਰੂ, ਖਾਲਸਾ, ਸੰਗਤ ਆਦਿ;ਸਿੱਖ ਰਹਿਤ ਮਰਯਾਦਾ; ਸਿੱਖ ਇਤਿਹਾਸ; ਪੌਰਾਣਿਕ ਹਵਾਲੇ ਆਦਿ ਦੇ ਰੂਪ ਵਿਚ ਬਹੁਤ ਸਾਰੀ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਅਸਲ ਵਿਚ ਦਸਮ ਗ੍ਰੰਥ ਵਿਚਲੀਆਂ ਬਾਣੀਆਂ/ਰਚਨਾਵਾਂ ਵਿਚ ਜਿੰਨ੍ਹੇ ਵਿਸ਼ੇ ਆਏ ਹਨ ਉਨ੍ਹਾਂ ਸਭ ਦੀ ਵਿਆਖਿਆ ਕਰਨ ਦੀ ਕੋਸ਼ਿਸ ਭਾਈ ਸਾਹਿਬ ਨੇ ਕੀਤੀ ਹੈ।ਅਸੀਂ ਅਧਿਐਨ ਸੌਖ ਲਈ ਇਸ ਨੂੰ ਹੇਠ ਲਿਖੇ ਅਨੁਸਾਰ ਵਿਚਾਰਾਂਗੇ:

**I. ਸਿੱਖ ਧਰਮ ਸ਼ਾਸ਼ਤਰ:** ਧਰਮ ਸ਼ਾਸ਼ਤਰ ਇਕ ਬੌਧਿਕ ਵਿਸ਼ਾ ਹੈ, ਜਿਹੜਾ ਫਲਸਫੇ ਦੇ ਪ੍ਰਮੁਖ ਖੇਤਰ ਧਰਮ ਦਰਸ਼ਨ ਨਾਲ ਮਿਲਦਾ ਜੁਲਦਾ ਹੈ। ਇਸ ਦਾ ਕਾਰਨ ਹੈ ਕਿ ਧਰਮ ਦਰਸ਼ਨ **(Philosophy of Religion)** ਅਤੇ ਧਰਮ ਮੀਮਾਂਸਾ ਜਾਂ ਸ਼ਾਸ਼ਤਰ **(Theology)** ਦੀਆਂ ਸਮਸਿਆਂ ਅਤੇ ਖੇਤਰ ਲਗਪਗ ਸਾਂਝਾ ਹੈ। ਪਰੰਤੂ ਦੋਹਾਂ ਵਿਸ਼ਿਆਂ ਵਿਚ ਫਰਕ ਸਿਰਫ ਇੰਨ੍ਹਾਂ ਹੈ ਕਿ ਧਰਮ ਦਰਸ਼ਨ ਆਪਣੇ ਮੂਲ ਖੇਤਰ ਭਾਵ ਫਲਸਫੇ ਨਾਲ ਜੁੜ ਕੇ ਧਰਮ ਦੇ ਮੂਲ ਅਕੀਦਿਆਂ ਦੀ ਆਪਣੀ ਆਲੋਚਨਾਤਮਕ ਬਿਰਤੀ ਨਾਲ ਪੜਤਾਲ ਕਰਦਾ ਅਤੇ ਉਨ੍ਹਾਂ ਨੂੰ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਦੂਜੇ ਪਾਸੇ ਧਰਮ ਮੀਮਾਂਸਕ ਜਾਂ ਧਰਮ ਸ਼ਾਸਤਰੀ ਧਰਮ ਦੇ ਮੂਲ ਅਕੀਦਿਆਂ ਦੀ ਪੱਖ ਪੂਰਤੀ ਲਈ ਦਲੀਲਾਂ ਘੜਦਾ ਹੈ। ਇਹ ਧਰਮ ਦਰਸ਼ਨ ਦੇ ਉਲਟ ਧਰਮ ਦੇ ਸ਼ਰਧਾ, ਵਿਸ਼ਵਾਸ਼ ਵਾਲੇ ਖੇਤਰਾਂ ਨਾਲ ਛੇੜਛਾੜ ਨਹੀਂ ਕਰਦਾ ਜੇਕਰ ਲੋੜ ਪਵੇ ਤਾਂ ਉਨ੍ਹਾਂ ਦੀ ਪੈਰਵੀ ਕਰਦਾ ਹੈ। ਇਸ ਤੋਂ ਇਲਾਵਾ ਉਹ ਆਪਣੇ ਧਰਮ ਦੇ ਵਿਸ਼ਵਾਸ਼ਾਂ ਨੂੰ ਹੋਰਨਾਂ ਤੋਂ ਉਤਮ ਦਰਸਾਉਣ ਲਈ ਦੂਜੇ ਧਰਮਾਂ ਦੇ ਵਿਰੋਧ ਵਿਚ ਵੀ ਖੜ੍ਹ ਜਾਂਦਾ ਹੈ।[11] ਧਰਮ ਸ਼ਾਸ਼ਤਰ ਦੇ ਪ੍ਰਮੁਖ ਵਿਸ਼ੇ ਹਨ: ਪਰਮਾਤਮਾ, ਸ੍ਰਿਸ਼ਟੀ ਰਚਨਾ, ਮਨੁਖ ਦੀ ਮੁਕਤੀ ਆਦਿ। ਫਲਸਫੇ ਵਿਚ ਇਹ ਵਿਸ਼ੇ ਤਤ ਮੀਮਾਂਸਾ **(Metaphysics)** ਦੇ ਘੇਰੇ ਵਿਚ ਆਉਂਦੇ ਹਨ।

**ਪ੍ਰਮਾਤਮਾ, ਸ੍ਰਿਸ਼ਟੀ, ਮਨੁਖ:** ਪਰਮਾਤਮਾ ਦਾ ਸੰਕਲਪ ਸਿੱਖ ਪੰਥ ਵਿਚ ਸਭ ਤੋਂ ਉਪਰ ਹੈ। ਉਸਦਾ ਸਰੂਪ ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤਰ ਦੇ ਰੂਪ ਵਿਚ ਚਿਤਰਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਤਰ੍ਹਾਂ ਦਸਮ ਗ੍ਰੰਥ ਵਿਚ ਵੀ ਮੂਲ ਮੰਤਰ ਦਾ ਸੰਖੇਪ ਰੂਪ '੧ੴ ਸਤਿਗੁਰ ਪ੍ਰਸਾਦਿ', '੧ੴ ਸ੍ਰੀ ਭਗਉਤੀ ਜੀ ਸਹਾਇ', '੧ੴ

---

[11] ਵਜ਼ੀਰ ਸਿੰਘ, *ਧਰਮ ਦਾ ਦਾਰਸ਼ਨਿਕ ਪੱਖ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰਨੇ.44-53.

ਸ੍ਰੀਵਾਹਿਗੁਰੂ ਜੀ ਕੀ ਫਤਹਿ' ਆਦਿ ਸ਼ਬਦ ਮਿਲਦੇ ਹਨ। ਇਸ ਤੋਂ ਇਲਾਵਾ 'ਜਾਪੁ ਸਾਹਿਬ' ਅਤੇ 'ਅਕਾਲ ਉਸਤਤਿ' ਬਾਣੀਆਂ ਸਿਧਾ ਪਰਮਾਤਮਾ ਦੀ ਮਹਿਮਾ ਨਾਲ ਸੰਬੰਧਿਤ ਹਨ। ਭਾਈ ਸਾਹਿਬ ਨੇ ਮੂਲ ਮੰਤ੍ਰ ਦੀ ਅਤੇ ਇੰਨ੍ਹਾਂ ਬਾਣੀਆਂ ਦੀ ਵਿਆਖਿਆ ਕਰਦਿਆਂ ਪਰਮਾਤਮਾ ਦੇ ਸਰੂਪ ਦਾ ਵਿਖਿਆਨ ਕੀਤਾ ਹੈ। ਜਾਪੁ ਸਾਹਿਬ ਦੇ ਛਪੈ ਛੰਦ ਦੇ ਅਰਥ ਕਰਦਿਆਂ ਦਸਿਆ ਹੈ:

ਮੂਲ ਪਾਠ ਇਸ ਤਰ੍ਹਾਂ ਹੈ:

*੧ਓਂ[੧]ਸਤਿਗੁਰ[੨] ਪ੍ਰਸਾਦਿ[੩]

ਵਾਹਗੁਰੂ[੪] ਜੀ ਕੀ ਫਤਿਹ[੫] ! ਸ੍ਰੀ ਅਕਾਲ ਪੁਰਖ ਜੀ ਤੇਰੀ ਸਰਣਿ॥

ਜਾਪੁ[੬]

ਸ੍ਰੀ ਮੁਖਵਾਕ ਪਾਤਸਾਹੀ ਦਸਵੀ ੧੦

†ਤ੍ਵ ਪ੍ਰਸਾਦਿ[੭] । ਛਪੈ ਛੰਦ

ਚਕ੍ਰ ਚਿਹਨ[੮] ਬਰਨ[੯] ਜਾਤਿ[੧੦] ਅਰੁ ਪਾਤਿ[੧੧] ਨਹਿਨ[੧੨] ਜਿਹ।

ਰੂਪ ਰਗ ਅਰੁ ਰੇਖ[੧੩] ਭੇਖ[੧੪] ਕੋਊ ਕਹਿ ਨ ਸਕਤ ਕਿਹ[੧੫]।

ਅਚਲ ਮੂਰਤਿ[੧੬] ਅਨਭਉ[੧੭] ਪ੍ਰਕਾਸ[੧੮] ਅਮਿਤੋਜਿ[੧੯] ਕਹਿੱਜੈ[੨੦]।

ਕੋਟਿ[੨੧] ਇੰਦ੍ਰ ਇੰਦਾਣ[੨੨] ਸਾਹੁ ਸਾਹਾਣਿ[੨੩] ਗਣਿੱਜੈ[੨੪]।

ਤ੍ਰਿਭਵਣ[੨੫] ਮਹੀਪ[੨੬] ਸੁਰ ਨਰ ਅਸੁਰ ਨੇਤਿ ਨੇਤਿ[੨੭] ਬਨ ਤ੍ਰਿਣ[੨੮] ਕਹਤ।

ਤ੍ਵ[੨੯] ਸਰਬ ਨਾਮ ਕਥੈ[30] ਕਵਨ ਕਰਮ-ਨਾਮ[੩੧] ਬਰਣਤ[੩੨] ਸੁਮੱਤਿ[੩੩]॥੧

ਇਸ ਪਦੇ ਦੇ ਅਰਥ ਦੋ ਤਰ੍ਹਾਂ ਕੀਤੇ ਹਨ। ਮੂਲ ਪਾਠ ਵਿਚ ⁎ ਅਤੇ † ਵਾਲੇ ਸ਼ਬਦਾਂ ਦਾ ਅਰਥ ਫੁਟ ਨੋਟ ਵਿਚ ਦਿਤੇ ਹਨ। ਇਹ ਅਰਥ ਇਸ ਤਰ੍ਹਾਂ ਹਨ:

'⁎ ਇਹ ਖਾਲਸਾ ਧਰਮ ਦਾ 'ਮੂਲ ਮੰਤ੍ਰ' ਹੈ; ਜਿਸ ਦਾ ਪੂਰਨ ਪਾਠ-

"੧ਓਂ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥" – ਹੈ।

ਅਰੁ 'ਕਟਾਹ ਕੁੰਡਲ ਨਯਾਇ' (ਦੋਵੇਂ ਕੁੰਡੇ ਫੜ ਕੇ ਸਾਰਾ ਕੜਾਹਾ ਚੁੱਕਣ ਦੇ ਢੰਗ) ਅਨੁਸਾਰ ਛੋਟਾ ਸਰੂਪ ਬਣਾਇਆ ਗਿਆ ਹੈ। ਇਹ ਸੰਖੇਪ ਸਿਰਫ ਥਾਂ ਤੇ ਸਮਾਂ ਬਚਾਉਣ ਦੇ ਖਿਆਲ ਨਾਲ ਹੀ ਹੈ; ਹੋਰ ਖਾਸ ਕਾਰਨ ਯਾ ਮਹਾਤਮ ਆਦਿ ਕੋਈ ਨਹੀਂ। ਇਸ ਲਈ ਪੜ੍ਹਨ ਤੇ ਅਰਥ-ਭਾਵ ਸਮਝਣ ਵਿਚ ਕੋਈ ਫਰਕ

ਨਹੀਂ ਪੈਣਾ ਚਾਹੀਦਾ।

†ਇਹ ਵਾਕ ਭੀ-"ਤ੍ਵ ਪ੍ਰਸਾਦਿ ਕਥਜਤੇ!" ਦਾ ਸੰਖੇਪ ਹੈ ਭਾਵ-ਤੇਰੀ ਕਿਰਪਾ ਨਾਲ ਕਾਵਿ ਰਚਨਾ ਕਰਦਾ ਹਾਂ! ਇਹ ਪੂਰਨ ਵਾਕ ਇਸੇ ਰਚਨਾ (ਜਾਪੁ) ਦੇ 'ਭਗਵਤੀ ਛੰਦ' ਦੇ ਆਰੰਭ ਵਿਚ ਲਿਖਕੇ, ਰਚਨਹਾਰ ਨੇ ਆਪਣਾ ਪੂਰਾ ਮਨੋਰਥ ਦੱਸ ਦਿੱਤਾ ਹੈ। ਸੋ ਅਰਥ ਕਰਨ ਸਮੇਂ ਪੂਰੇ ਵਾਕ ਦਾ ਹੀ ਧਿਆਨ ਰੱਖਣਾ ਉਚਿੱਤ ਹੋਵੇਗਾ।'[12]

ਮੂਲ ਪਾਠ ਵਿਚਲੇ ਚਿੰਨ੍ਹਾਂ ੧,੨,੩,.... ਆਦਿ ਅਰਥ ਮੂਲ ਪਾਠ ਦੇ ਸਾਹਮਣੇ ਦਿਤੇ ਹਨ। ਇਸਦਾ ਪੰਨਾ ਨੰਬਰ ਵੀ ਮੂਲ ਪਾਠ ਵਾਲਾ ਹੀ ਭਾਵ 1 ਹੀ ਹੈ। ਇਸ ਵਿਆਖਿਆ ਵਿਚ ਪਰਮਾਤਮਾ ਦਾ ਸਰੂਪ ਇਸ ਤਰ੍ਹਾਂ ਦਰਸਾਇਆ ਹੈ:

'੧.ਪਰਮਾਤਮਾ ਜਿਸਦਾ ਲਖਾਇਕ 'ਓਮ' ਸ਼ਬਦ ਹੈ, ਕੇਵਲ ਇਕ ਹੈ। ੨. ਸਤਿਗੁਰੂ , ਸੱਚਾ ਗੁਰੂ ਹੈ। ੩. ਕ੍ਰਿਪਾ ਨਾਲ ੪. ਸੋਭਾ ਵਾਲੇ ਸਰਬ-ਗੁਣ ਭਰਪੂਰ (ਅਚਰਜ) ਪਰਮਾਤਮਾ ਦੀ- ੫. ਜੈ ਜੈਕਾਰ, ਸਦਾ ਫਤਿਹ ਹੈ। ੬. ਬਾਣੀ ਦਾ ਸਿਰਲੇਖ; ਅਧਿਆਤਮਕ ਸਾਧਨਾ ਦਾ ਇਕ ਮਹਤਵਪੂਰਨ ਢੰਗ; ਐਸੀ ਰਚਨਾ ਜਿਸ ਵਿਚ ਪਰਮੇਸ਼ਰ ਦੇ ਗੁਣ-ਵਾਚੀ ਨਾਵਾਂ ਦਾ ਵਰਨਣ ਹੋਵੇ। ੭. ਤੇਰੀ ਕ੍ਰਿਪਾ ਨਾਲ ੮. ਚਿਹਨ ਚੱਕ੍ਰ, ਮੁਹਾਂਦਰਾ, ਹੁਲੀਆ ੯ (ੳ) ਵਰਣ-ਬ੍ਰਾਹਮਣ, ਖੱਤ੍ਰੀ, ਵੈਸ਼ ਤੇ ਸ਼ੂਦ੍ਰ; (ਅ) ਰੰਗ ੧੦ ਮਨੁੱਖ ਮਾਤਰ ਦੀਆਂ ਵੰਡੀਆਂ ਵਿਚੋਂ ਕੋਈ ਇਕ ੧੧ ਪੰਗਤੀ 'ਗੋਤ' ੧੨ ਕੋਈ ਨਹੀਂ ਜਿਸਦੀ। ੧੩ ਹੱਥਾਂ ਪੈਰਾਂ ਵਿਚਲੀਆਂ ਮਹੀਨ ਲਕੀਰਾਂ। ੧੪. ਵੇਸ, ਪਹਿਰਾਵਾ, ਵੱਖ ਵੱਖ ਧਾਰਮਿਕ ਸ਼੍ਰੇਣੀਆਂ ਦੇ ਖਾਸ ਵਿਉਂਤ ਤੇ ਰੰਗ ਦੇ ਬਸਤ੍ਰ ਆਦਿ, ਚਿੰਨ; ੧੫ ਇੰਨ੍ਹਾਂ ਚੋਂ ਕੁਝ ਵੀ ਕੋਈ ਨਹੀਂ ਦੱਸ ਸਕਦਾ, ਕਿਸ ਤਰ੍ਹਾਂ ਦਾ ਹੈ। ੧੬. ਸਦਾ ਕਾਇਮ ਰਹਿਣ ਵਾਲੀ ਹਸਤੀ ੧੭ ਪ੍ਰਤੀਤੀ ਦੁਆਰਾ ਅਨੁਭਵ ਹੁੰਦੀ ਹੈ; ੧੮ ਸੁਤੇ ਪ੍ਰਕਾਸ਼, ਇਹ ਅਰਥ ਹੀ ਸੈਭੰ (ਸ੍ਵੰਯਭਵ) ਦੇ ਹਨ। ੧੯. ਬੇਅੰਤ ਵਡਿਆਈ ਵਾਲਾ (ਸੰ. ਓਜ, ਬਲ, ਤਾਕਤਿ) ੨੦ ਕਹਿਆ ਜਾਂਦਾ ਹੈ। ੨੧. ਕਰੋੜਾਂ ਹੀ ੨੨. ਇੰਦਰਾਂ ਦਾ ਇੰਦਰ ੨੩. ਸ਼ਾਹਾਂ ਦਾ ਸ਼ਾਹ ੨੪. ਗਿਣਿਆ ਜਾਂਦਾ ਹੈ। ੨੫. ਤਿੰਨਾਂ ਲੋਕਾਂ-ਸਵਰਗ, ਮਾਤ ਲੋਕ ਤੇ ਪਾਤਾਲ ੨੬. ਧਰਤੀ ਦਾ ਮਾਲਿਕ ੨੭. ਅਨੰਤ, ਨਹੀਂ ਹੈ ਇਤਨਾ ੨੮. ਜੰਗਲ ਦੇ ਤਿਣਕੇ, ਘਾਹ ਬੂਟ ਦਾ ਇਕ ਤੀਲਾ (ਤ੍ਰਿੜ) ੨੯. ਤੇਰੇ ੩੦ (ਸਾਰੇ ਨਾਮ) ਕਉਣ ਗਿਣੇ ੩੧ ਕੀਤੇ ਕੰਮਾਂ ਕਰਕੇ ਪਏ ਨਾਮ

---

[12] *ਸ਼ਬਦਾਰਥ ਦਸਮ ਗ੍ਰੰਥ ਸਾਹਿਬ ਪੋਥੀ ਪਹਿਲੀ,* (ਸੰਪਾ.) ਭਾਈ ਰਣਧੀਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰ.1.

੩੨. ਬਿਆਨ ਕਰਦਾ ਹੈ; ੩੩ ਸ਼ੁਧ ਮੱਤਿ ਵਾਲਾ॥੧'[13]

ਜੇਕਰ ਉਪਰੋਕਤ ਵਿਆਖਿਆ ਜਾਂ ਸ਼ਬਦਾਰਥ ਉਪਰ ਨਜਰ ਮਾਰੀ ਜਾਵੇ ਤਾਂ ਇਹ ਮੂਲ ਮੰਤ੍ਰ ਦੀ ਵਿਆਖਿਆ ਹੀ ਨਜਰ ਆਉਂਦੀ ਹੈ।[14] ਭਾਵੇਂ 'ਜਾਪੁ ਸਾਹਿਬ' ਪੜ੍ਹਦਿਆਂ ਸਾਨੂੰ ਇਸ ਦੇ ਪਾਠ ਵਿਚ ਮੂਲ ਮੰਤਰ ਦੀ ਵਿਆਖਿਆ ਦਾ ਹੀ ਝਾਉਲਾ ਪੈਂਦਾ ਹੈ, ਪ੍ਰੰਤੂ ਵਿਆਖਿਆਕਾਰੀ ਨੂੰ ਸਿਰਜਨਾਤਮਕ ਕਲਾ ਮੰਨਦਿਆਂ ਵਿਆਖਿਆਕਾਰ ਦੇ ਆਪਣੀ ਮਤ ਦੇ ਵੀ ਦਰਸ਼ਨ ਹੋ ਜਾਂਦੇ ਹਨ। ਇਸ ਤਰ੍ਹਾਂ ਭਾਈ ਸਾਹਿਬ ਦੀ ਸ਼ਬਦਾਰਥ ਰੂਪੀ ਵਿਆਖਿਆਕਾਰੀ ਸਿੰਘ ਸਭਾਈ ਪ੍ਰਣਾਲੀ ਅਨੁਸਾਰੀ ਹੈ। ਇਹ ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਜਿਹੜਾ ਪ੍ਰਿੰਸੀਪਲ ਤੇਜਾ ਸਿੰਘ ਹੋਰਾਂ ਦਾ ਰਚਿਆ ਹੋਇਆ ਹੈ ਉਸ ਤੋਂ ਵੀ ਪ੍ਰਭਾਵਿਤ ਹਨ।[15]

'ਜਾਪੁ ਸਾਹਿਬ' ਤੋਂ ਇਲਾਵਾ ਦਸਮ ਗ੍ਰੰਥ ਵਿਚਲੀ ਦੂਸਰੀ ਬਾਣੀ ਜਿਹੜੀ ਸਿੱਧੀ ਪਰਮਾਤਮਾ ਦੀ ਉਸਤਤਿ ਨਾਲ ਸੰਬੰਧਿਤ ਹੈ। ਇਸ ਬਾਣੀ ਵਿਚੋਂ ਪਰਮਾਤਮਾ ਜੋ ਸੰਸਾਰ ਦਾ ਕਰਤਾ ਹੈ, ਦੇ ਦਰਸ਼ਨ ਹੁੰਦੇ ਹਨ। ਇਸ ਬਾਣੀ ਦੇ ਅਰਥ ਕਰਦਿਆਂ ਭਾਈ ਸਾਹਿਬ ਨੇ ਲਿਖਿਆ ਹੈ ਕਿ:

> 'ਪਰਣਾਮ (ਨਮਸਕਾਰ) ਕਰਦਾ ਹਾਂ...ਇੱਕ ਓਅੰਕਾਰ (੧ਓ) ਨੂੰ । ਜਿਸ ਨੇ... ਅਕਾਸ਼, ਗਗਨ, ਹਵਾ ਦਾ ਘੇਰ (ਮੰਡਲ) {ਪੈਦਾ ਕੀਤਾ।}[16] {ਜਿਹੜਾ} ਹਾਥੀ, ਕੀੜੀ, {ਵਿਚ ਸਮਾਇਆ ਹੈ, ਜਿਸਨੇ ਰਾਜੇ, ਰੰਕ ਨੂੰ} ਇਕਸਾਰ, ਬਰਾਬਰ, ਸਮਾਨ {ਜਾਣਿਆ ਹੈ}'[17]

ਇਸ ਤਰ੍ਹਾਂ ਉਹ ਦਸਮ ਗ੍ਰੰਥ ਦੀ ਸਾਰੀ ਬਾਣੀ ਦੇ ਔਖੇ ਸ਼ਬਦਾਂ ਦਾ ਅਰਥ ਕਰਦੇ ਹਨ, ਇਸ ਲਈ ਉਨ੍ਹਾਂ ਦੀ ਵਿਆਖਿਆਕਾਰੀ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ ਸੰਕਲਪਾਂ ਦੇ ਦਰਸ਼ਨ ਹੁੰਦੇ ਹਨ, ਜਿਵੇਂ, 'ਅਕਾਲ ਉਸਤਤਿ' ਦੇ 29 ਵੇਂ ਪਦੇ ਦੀ ਵਿਆਖਿਆ ਕਰਦਿਆਂ ਫੁਟ ਨੋਟ ਦਿੱਤਾ ਹੈ: '...ਇਸ ਛੰਦ ਵਿਚ, ਮਨੁਖ ਜੀਵਨ ਦੇ 'ਪਰਵਿਰਤੀ' ਤੇ 'ਨਿਰਵਿਰਤੀ' ਦੋਵੇਂ ਪਹਿਲੂ ਦੱਸਕੇ, ਸਾਧਨਾ ਦੀ ਸਫਲਤਾ ਦਾ ਨਿਰਭਰ ਮਨ ਦੀ ਰੁਚੀ ਉਤੇ ਮੰਨਿਆ ਹੈ। ਪ੍ਰਭੂ ਦੀ ਪ੍ਰਾਪਤੀ ਕੇਵਲ ਪ੍ਰੇਮ ਕਰਨ ਨਾਲ ਹੀ ਹੁੰਦੀ ਹੈ। ਭਾਵੇਂ ਬੰਦਾ ਸੰਸਾਰਿਕ ਭੋਗਾਂ ਦਾ ਸੁਖ ਛਡ ਕੇ ਤੀਰਥਾਂ ਤੇ ਭਉਂਦਾ ਫਿਰੇ; ਭਾਵੇਂ ਘਰਿਸਤੀ ਜੀਵਨ ਦਾ ਰਸ ਮਾਣਦਾ ਰਹੇ। ਪ੍ਰੇਮ ਕੀਤੇ ਬਿਨਾਂ

---

13 *ਸ਼ਬਦਾਰਥ ਦਸਮ ਗ੍ਰੰਥ ਸਾਹਿਬ ਪੋਥੀ ਪਹਿਲੀ,* (ਸੰਪਾ.) ਭਾਈ ਰਣਧੀਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰ.1.

14 ਪਿਆਰਾ ਸਿੰਘ ਪਦਮ, *ਦਸਮ ਗ੍ਰੰਥ ਦਰਸ਼ਨ,* ਕਲਮ ਮੰਦਿਰ, ਪਟਿਆਲਾ, 1990, ਪੰ. 69.

15 ਗੁਰਮੇਲ ਸਿੰਘ (ਡਾ.), *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ: ਇਤਿਹਾਸ ਅਤੇ ਮੁਲਾਂਕਣ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016, ਪੰ. 103-4.

16 ਇਸ {} ਬਰੈਕਟ ਵਾਲੇ ਸ਼ਬਦ ਸਾਡੇ ਹਨ-ਖੋਜਾਰਥੀ.

17 *ਸ਼ਬਦਾਰਥ ਦਸਮ ਗ੍ਰੰਥ ਸਾਹਿਬ ਪੋਥੀ ਪਹਿਲੀ,* ਪੰ.16.

ਪ੍ਰਭੂ ਕਿਸੇ ਨੂੰ ਵੀ ਨਹੀਂ ਮਿਲਦਾ॥੯।੨੯।[18]

ਪਰਮਾਤਮਾ ਦੀ ਪ੍ਰਾਪਤੀ ਦਾ ਵਸੀਲਾ ਉਸ ਦੀ ਬਖਸ਼ਿਸ਼ ਨੂੰ ਹੀ ਮੰਨਿਆ ਹੈ। ਇਸ ਲਈ ਭਾਈ ਸਾਹਿਬ 'ਜਪੁ' ਬਾਣੀ ਦੀ 32 ਵੀਂ ਪਉੜੀ ਦਾ ਹਵਾਲਾ ਦਿੰਦੇ ਹਨ:

> 'ਜਪੁ ਦੀ ੩੨ ਵੀਂ ਪਉੜੀ- "ਇਕਦੂ ਜੀਭੌ ਲਖ ਹੋਹਿ-" ਅਨੁਸਾਰ ਪ੍ਰਭੂ ਦੀ ਪ੍ਰਾਪਤੀ ਦਾ ਵਸੀਲਾ ਕੇਵਲ ਉਸਦੀ ਸਵੱਲੀ ਨਿਗਾਹ ਹੈ। ਹੋਰ ਕੋਈ ਜਪ, ਤਪ ਆਦਿਕ ਸਾਧਨ ਸਫਲ ਨਹੀਂ ਹੁੰਦੇ:- ਨਾਨਕ ਨਦਰੀ ਪਾਈਐ, ਕੂੜੀ ਕੂੜੈ ਠੀਸ।" ਇੰਨ੍ਹਾਂ ਸਾਧਨਾਂ ਦੇ ਜੋਰ ਤਾਣ ਦੀ ਹਕੀਕਕਤਿ, ਅਗਲੀ= ੩੩ ਵੀਂ ਪਉੜੀ ਵਿਚ ਦੱਸੀ ਗਈ ਹੈ।'[19]

ਇਸੇ ਤਰ੍ਹਾਂ ਦਸਮ ਗ੍ਰੰਥ ਵਿਚ ਜਿਥੇ ਸ੍ਰਿਸ਼ਟੀ ਰਚਨਾ, ਮਨੁਖ ਦੀ ਹੋਣੀ ਆਦਿ ਦੇ ਹਵਾਲੇ ਆਏ ਹਨ ਉਥੇ ਸੰਖੇਪ ਵਿਆਖਿਆ ਦੇ ਰੂਪ ਵਿਚ ਗੁਰਮਤਿ ਅਨੁਸਾਰੀ ਭਾਵ ਸ਼ਪਸ਼ਟ ਕਰਨ ਦੀ ਖੇਚਲਾ ਕੀਤੀ ਗਈ ਹੈ।

**II. ਬਾਣੀ ਸਿਰਲੇਖਾਂ ਦੀ ਵਿਆਖਿਆ:** ਭਾਈ ਸਾਹਿਬ ਬਾਣੀ ਸਿਰਲੇਖਾਂ ਦੀ ਵਿਆਖਿਆ ਕਰਦੇ ਹਨ। ਇਸ ਦਾ ਕੋਈ ਖਾਸ ਪੈਮਾਨਾ ਨਹੀਂ ਰਖਿਆ। ਇਹ ਅਕਸਰ ਔਖੇ ਸ਼ਬਦਾਂ ਦੇ ਨਾਲ ਹੀ ਕਰ ਦਿੱਤੀ ਜਾਂਦੀ ਹੈ, ਜਿਸਦੀ ਉਦਾਹਰਨ ਉਪਰ ਦਿਤੇ ਹਵਾਲੇ ਵਿਚੋਂ 'ਜਾਪੁ' ਬਾਣੀ ਦੇ ਸਿਰਲੇਖ ਦੀ ਵਿਆਖਿਆ ਵਜੋਂ ਵੇਖੀ ਜਾ ਸਕਦੀ ਹੈ। ਇਸ ਤੋਂ ਇਲਾਵਾ ਭਾਈ ਸਾਹਿਬ ਦੀ ਪੁਸਤਕ *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਬਦਿ-ਮੂਰਤਿ (ਦਸਵੇਂ ਪਾਤਿਸ਼ਾਹ ਕੇ ਗ੍ਰੰਥ) ਦਾ ਇਤਿਹਾਸ* ਵਿਚ ਬਾਣੀਆਂ ਦੇ ਸਿਰਲੇਖਾਂ ਬਾਰੇ ਅਤੇ ਰਚਨਾ ਕਾਲ ਬਾਰੇ ਜਾਣਕਾਰੀ ਦੇਖੀ ਜਾ ਸਕਦੀ ਹੈ, ਜਿਵੇਂ 'ਅਕਾਲ ਉਸਤਤਿ' ਸਿਰਲੇਖ ਦੀ ਵਿਆਖਿਆ:

'ਜੁੱਧ-ਪ੍ਰਬੰਧ ਲਿਖ ਕੇ, 'ਕ੍ਰਿਸ਼ਨ-ਕਥਾ' ਦਾ ਪ੍ਰਸੰਗ ਸੰਪੂਰਨ ਕਰ ਦਿੱਤਾ ਗਿਆ ਸੀ। ਏਦੂੰ ਅੱਠ ਨੌ ਮਹੀਨੇ ਮਗਰੋਂ ਹੀ, ਆਉਂਦੇ ਵੈਸਾਖ ਸੰਮਤ ਸਤਾਰਾਂ ਸੈ ਛਿਤਾਲੀਹ (ਅਪਰੈਲ ੧੬੮੯ ਈ:) ਵਿੱਚ ਗੁਰੂ ਜੀ ਨੂੰ ਭੰਗਾਣੀ ਜੁੱਧ ਲੜਨਾ ਪੈ ਗਿਆ। ਅਰੁ ਉਸ ਵਿਚ ਸਤਿਗੁਰਾਂ ਨੂੰ ਫਤਿਹ ਪ੍ਰਾਪਤਿ ਹੋਈ;.... ਹਰ ਮਜ਼ਹਬ ਅਰੁ ਫਿਰਕੇ ਦੇ ਮੋਢੀ-ਮੁਖੀਏ, ਸਾਧੂ-ਸੰਤ, ਪੀਰ-ਫਕੀਰ ਅਤੇ ਰਾਜਸੀ-ਨੇਤਾ ਭੀ ਆ ਕੇ, ਆਰਥਕ ਤੇ ਪਰਮਾਰਥਕ ਚਰਚਾ ਵਿਚਾਰ ਕਰਦੇ ਸਨ। ਇੰਨ੍ਹਾਂ ਬਹਿਸਾਂ-ਵਿਚਾਰਾਂ ਵਿਚ ਪ੍ਰਗਟ ਹੋਏ ਨੁਕਤੇ, ਸੱਚੇ ਪਾਤਿਸ਼ਾਹ ਨੇ, 'ਅਕਾਲਿ ਉਸਤਤਿ' ਸਿਰਨਾਵੇਂ ਹੇਠ ਛਪੇ ਵਿਕੋਲਿੱਤਰੇ ਛੰਦਾਂ ਵਿਚ ਗੁੰਦੇ ਹਨ। ਇੰਨ੍ਹਾਂ ਛੰਦਾਂ ਦੀ ਕੁਲ ਗਿਣਤੀ ੨੭੨ ਹੋ ਗਈ ਹੈ। ਪਰ ਇਹ ਸਾਰੇ ਇੱਕੇ ਸਮੇਂ ਇਕੱਠੇ ਨਹੀਂ ਰਚੇ ਗਏ। ੧੧ ਵੇਂ ਤੋਂ ੧੫੦ ਵੇਂ

---

18 *ਸ਼ਬਦਾਰਥ ਦਸਮ ਗ੍ਰੰਥ ਸਾਹਿਬ ਪੋਥੀ ਪਹਿਲੀ,* (ਸੰਪਾ.) ਭਾਈ ਰਣਧੀਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰ. 21.

19 *ਉਹੀ,* ਪੰ.28.

ਤੱਕ, ਸੰਮਤ ਸਤਾਰਾਂ ਸੈ ਤ੍ਰਿਵੰਜਾ ਤੋਂ ਪਹਿਲਾਂ, ੧੫੧ ਤੋਂ ੧੬੦ ਤਕ ਦਸ ਸ੍ਵੈਯੇ 'ਸੀਸ ਭੇਟ ਵੈਸਾਖੀ' ਦੇ ਮੌਕੇ; ਏਦੂੰ ਅਗਲੇ ੨੦੦ ਤੱਕ ਸੰਮਤ ਸਤਾਰਾਂ ਸੈ ੫੪-੫੫ ਬਿੱ: ਵਿੱਚ; ਅਤੇ ੨੦੧ ਤੋਂ ਅਗਲੇ ਸਾਰੇ 'ਵਿਚਿੱਤ੍ਰ ਨਾਟਕ ਗ੍ਰੰਥ' ਦੀ ਉਥਾਨਕਾ ਵਜੋਂ ਸੰਮਤ ਸਤਾਰਾਂ ਸੈ ਪਚਵੰਜਾਹ ਬਿੱ: (੧੬੯੮ ਈ:) ਵਿਚ ਤਿਆਰ ਹੋਏ ਸਹੀ ਹੁੰਦੇ ਹਨਿ। ਅਰੁ ਮੁਢਲੀਆਂ ਦਸ ਚੌਪਈਆਂ 'ਵਿਚਿੱਤ੍ਰ ਨਾਟਕ ਗ੍ਰੰਥ' ਸੰਪੂਰਨ ਕਰਨ ਸਮੇਂ-ਸੰਮਤ ਸਤਾਰਾਂ ਸੈ ਪਚਵੰਜਾਹ ਜੇਠ ਮਹੀਨੇ ਅੰਦਰ ਲਿਖੀਆਂ ਹਨ।[20]

**III. ਤਕਨੀਕੀ ਸ਼ਬਦਾਵਲੀ ਦੀ ਵਿਆਖਿਆ:** ਧਰਮਾਂ ਦੇ ਵਿਕਾਸ ਦੇ ਨਾਲ ਹਰਇਕ ਧਰਰਮ ਦੀ ਆਪਣੀ ਸ਼ਬਦਾਵਲੀ ਨੇ ਵੀ ਵਿਕਾਸ ਕੀਤਾ, ਜਿਸ ਨੂੰ ਧਰਮ ਦੀ ਤਕਨੀਕੀ ਸ਼ਬਦਾਵਲੀ ਵਜੋਂ ਵੇਖਿਆ ਜਾ ਸਕਦਾ ਹੈ। ਉਦਾਹਰਨ ਵਜੋਂ ਹਿੰਦੂ ਧਰਮ ਵਿਚ ਆਉਂਦੇ ਸ਼ਬਦ ਰਾਮ, ਵਰਣ, ਪੰਡਿਤ, ਬ੍ਰਾਹਮਣ, ਜਾਤ ਆਦਿ ਹਨ। ਇਸੇ ਤਰ੍ਹਾਂ ਇਸਲਾਮ ਦੀ ਸ਼ਬਦਾਵਲੀ ਅੱਲਾ, ਰੱਬ, ਕੁਰਾਨ, ਜੰਨਤ, ਦੋਜ਼ਕ, ਹੱਜ, ਕਿਆਮਤ ਆਦਿ। ਸਿੱਖ ਗ੍ਰੰਥਾਂ ਵਿਚ ਇੰਨ੍ਹਾਂ ਦੋਹਾਂ ਧਰਮਾਂ ਦੀ ਸ਼ਬਦਾਵਲੀ ਦੀ ਭਰਮਾਰ ਹੈ। ਭਾਈ ਸਾਹਿਬ ਨੇ ਸ਼ਬਦਾਰਥ ਵਿਚ ਥਾਂ-ਥਾਂ ਇਸ ਸ਼ਬਦਾਵਲੀ ਦੇ ਅਰਥ ਕੀਤੇ ਹਨ, ਜਿਵੇਂ ਪੰ. 18 ਉਪਰ 'ਕਤਹੂ ਪਯੂਖ ਹੋਇ ਕੈ ਪੀਵਤ ਪੀਵਾਵਤ ਹੋ' ਪੰਕਤੀ ਵਿਚਲੇ 'ਪੀਯੂਖ' ਸ਼ਬਦ ਦੇ ਅਰਥ ਕਰਦਿਆਂ :

(ੳ) ਅੰਮ੍ਰਿਤ, ਆਬਿ ਹਯਾਤ* (ਅ) 'ਸੋਮ' ਵੇਲ ਦਾ ਨਸ਼ੀਲਾ ਰਸ (ੲ) ਪਿਵਊਆ, ਪਿਲਾਣ ਵਾਲਾ- ਸਾਕੀ ਆਦਿ ਦੱਸੇ ਹਨ। ਇਸ ਦੇ ਨਾਲ ਹੀ 'ਆਬਿ ਹਯਾਤ' ਨਾਲ * (ਤਾਰਾ) ਲਗਾ ਕੇ ਸਾਰੀ ਤੁਕ ਦੇ ਅਰਥ ਫੁਟ ਨੋਟ ਵਿਚ ਕਰ ਦਿਤੇ ਹਨ ਕਿ 'ਸਾਰੀ ਤੁਕ ਦਾ ਭਾਵ-ਕਿਤੇ 'ਅੰਮ੍ਰਿਤ' (ਸੋਮਰਸ) ਸ਼ਹਿਦ, ਗੰਨੇ ਦਾ ਰਸ ਤੇ 'ਸ਼ਰਾਬ' ਦੀ ਸੂਰਤ ਵਿਚ ਪੀਤੇ ਜਾਂਦੇ ਹੋ; ਅਰੁ ਕਿਤੇ ਪੀਂਦੇ ਹੋ; ਤੇ ਕਿਤੇ 'ਸਾਕੀ' (ਪਿਵਊਆ) ਬਣਕੇ ਪਿਆ ਰਹੇ ਹੋ।।੬॥੧੬॥

ਇਸੇ ਤਰ੍ਹਾਂ 'ਨਿਵਲੀ ਕਰਮ' ਦੀ ਵਿਆਖਿਆ 'ਜੋਗੀਆਂ ਦੀ ਇਕ ਸਾਧਨਾ-ਦੋਵੇਂ ਮੋਢੇ ਨੀਵੇਂ ਕਰਕੇ, ਪਿੱਠ ਦਾ ਵਲ ਕਢਕੇ, ਸਿੱਧਾ ਬਹਿਣਾ; ਤੇ ਪ੍ਰਾਣਾਂ ਦੇ ਬਲ ਨਾਲ ਪੇਟ ਨੂੰ ਅੰਦਰੋਂ ਰਿੜਕਣਾ'[21];

**IV. ਮਿਥਿਹਾਸਿਕ ਹਵਾਲੇ:** ਦਸਮ ਗ੍ਰੰਥ ਦੀ ਬਾਣੀ ਵਿਚ ਬਹੁਤ ਸਾਰੀਆਂ ਰਚਨਾਵਾਂ ਹਿੰਦੂ ਮਿਥ/ ਮਿਥਿਹਾਸ ਨਾਲ ਸੰਬੰਧਿਤ ਹਨ। ਮਿਥ ਬਹੁ-ਅਰਥੀ ਸ਼ਬਦ ਹੈ ਸੰਸਕ੍ਰਿਤ ਪਿਛੋਕੜ ਵਿਚ ਇਸ ਸ਼ਬਦ ਦਾ

---

[20] *ਸ਼ਬਦਾਰਥ ਦਸਮ ਗ੍ਰੰਥ ਸਾਹਿਬ ਪੋਥੀ ਪਹਿਲੀ,* (ਸੰਪਾ.) ਭਾਈ ਰਣਧੀਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨੇ.19-21.

[21] *ਉਹੀ,* ਪੰ. 22.

ਅਰਥ ਝੂਠ ਕੀਤਾ ਜਾਂਦਾ ਹੈ।[22] ਆਮ ਤੌਰ ਤੇ ਪੰਜਾਬੀ ਕੋਸ਼ਾਂ ਵਿਚ ਅੰਗਰੇਜ਼ੀ ਪਿਛੋਕੜ ਵਾਲੇ ਸ਼ਬਦ ਨੂੰ ਪੰਜਾਬੀ ਭਾਸ਼ਾ ਵਿਚ ਤਤਸਮ ਰੂਪ ਵਿਚ ਲੈ ਕੇ ਇਸ ਦਾ ਪਿਛੋਕੜ ਦਸਿਆ ਜਾਂਦਾ ਹੈ।[23] ਅੰਗਰੇਜ਼ੀ ਭਾਸ਼ਾ Encyclopedia of Religion ਵਿਚ ਇਸ ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ:

'The English word *myth* comes from the Greek *muthos* meaning *"word"* or *"speech."* It owes its significance to its contrast with *logos,* which can also be translated as "word," but is used especially in the sense of word that elicits discussion or an argument. The reference to Jesus Christ as the Logos (Word) of God is well known from the Gospel of John: this is a necessary reminder that the lines separating *logos* and *muthos* are not rigid. *Muthos* in its meaning of "myth" describes a story about gods and superhuman beings. A myth is an expression of the sacred in words: it reports the realties and events from the origin of the world that remain valid as the basis and purpose of all there is. Consequently, a myth functions as a model for human activity, society, wisdom and knowledge. The word *mythology* is used for the entire body of myths found in a given tradition. It is also used as a term for the study of myths.'[24]

'ਧਰਮ-ਵਿਗਿਆਨੀਆਂ, ਮਾਨਵ-ਵਿਗਿਆਨੀਆਂ ਅਤੇ ਲੋਕਯਾਨ-ਵਿਗਿਆਨੀਆਂ ਆਦਿ ਨੇ 'ਮਿੱਥ' ਦੇ ਅਰਥ ਵਿਸਥਾਰ ਵਿਚ ਵਾਧਾ ਕਰਕੇ ਜਿੱਥੇ ਇਸ ਦੇ ਅਰਥ 'ਪਵਿੱਤਰ ਪਰੰਪਰਾ', 'ਦੈਵੀ ਸੰਦੇਸ਼'. 'ਆਦਰਸ਼ਕ ਨਮੂਨਾ', ਆਦਿ ਕੀਤੇ ਹਨ, ਉਥੇ ਹਾਲੇ ਵੀ ਇਸ ਦੇ ਦੂਜੇ ਅਰਥ 'ਛਾਇਆ', 'ਕਲਪਨਾ' ਜਾਂ 'ਝੂਠ' ਨਾਲ ਨਾਲ ਪ੍ਰਚਲਿਤ ਹਨ।'[25]

ਭਾਰਤ ਵਿਚ ਵੇਦਾਂ ਤੋਂ ਮਿਥ-ਕਥਾਵਾਂ ਦੇ ਲਿਖਤੀ ਰੂਪ ਦੀ ਸ਼ੁਰੂਆਤ ਹੁੰਦੀ ਹੈ, ਇਸ ਦਾ ਸਿਖਰ

---

22 *ਪੰਜਾਬੀ ਕੋਸ਼ (ਜਿਲਦ ਪੰਜਵੀ)*, ਭਾਸ਼ਾ ਵਿਭਾਗ, ਪੰਜਾਬ ਪਟਿਆਲਾ, 1982,ਪੰ.189.

23 ਡਾ. ਰਤਨ ਸਿੰਘ ਜੱਗੀ (ਸੰਪਾ.), *ਸਾਹਿਤ ਕੋਸ਼ (ਪਰਿਭਾਸ਼ਕ ਸ਼ਬਦਾਵਲੀ)*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰ. 110.

24 Second edition, vol.9, (ed.) Lindsay Jones, Macmillan reference, U.S.A, 2005, p. 6359.

25 ਡਾ. ਕੁਲਵੰਤ ਸਿੰਘ, *ਮਿਥ ਅਧਿਐਨ ਤੇ ਵਾਰਾਂ ਭਾਈ ਗੁਰਦਾਸ,* ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2014, ਪੰ. 1.

ਪੁਰਾਣਾ ਦੇ ਰੂਪ ਵਿਚ ਮਿਲਦਾ ਹੈ। ਸ਼ਰੁਤੀ-ਗ੍ਰੰਥਾਂ ਦੀ ਵਿਆਖਿਆ ਲਈ ਪੁਰਾਣਾ ਵਿਚ ਮਿਥ-ਕਥਾਵਾਂ ਦਾ ਵਿਸਥਾਰ ਮਿਲਦਾ ਹੈ।[26]

ਉਪਰੋਕਤ ਪਰਿਭਾਸ਼ਾਵਾਂ ਦੇ ਅਧਾਰ 'ਤੇ ਅਸੀਂ ਮਿਥ ਨੂੰ ਧਰਮ-ਗ੍ਰੰਥਾਂ ਦੇ ਪ੍ਰਸੰਗ ਵਿਚ ਪਵਿਤਰ ਪਰੰਪਰਾ ਵਜੋਂ ਵਿਚਾਰਦੇ ਹਾਂ। ਸਿੱਖ ਧਰਮ ਗ੍ਰੰਥਾਂ ਗੁਰੂ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਪੌਰਾਣਿਕ ਹਵਾਲਿਆਂ ਦੀ ਵਰਤੋਂ ਖੰਡਨਾਤਮਕ ਅਤੇ ਮੰਡਨਾਤਮਕ ਰੂਪ ਵਿਚ ਹੋਈ ਹੈ।[27]

ਭਾਈ ਰਣਧੀਰ ਸਿੰਘ ਵੀ ਇਸੇ ਵਿਚਾਰ ਦੇ ਧਾਰਨੀ ਹਨ। ਉਨ੍ਹਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਕਲਾਮਿ ਇਲਾਹੀ ਹੈ ਅਤੇ ਦਸਮ ਗ੍ਰੰਥ ਹਦੀਸ (ਸਾਖੀ ਪ੍ਰਮਾਣ) ਕਹੀ ਜਾ ਸਕਦੀ ਹੈ ਜਾਂ ਇਹ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦੀ ਵਿਆਖਿਆ ਹੈ।[28] ਦਸਮ ਗ੍ਰੰਥ ਦੇ ਇਕ ਸ਼ਬਦ

ਮਿਥ ਜਾਂ ਮਿਥਿਕ ਕਥਾਵਾਂ ਦੀ ਵਿਆਖਿਆ ਸਾਨੂੰ ਦਸਮ ਗ੍ਰੰਥ ਦੀ ਅਵਤਾਰ ਕਥਾਵਾਂ ਦੇ ਸ਼ਬਦਾਰਥ ਵਜੋਂ ਮਿਲਦੀ ਹੈ। ਇਸ ਨੇ ਇਸ ਗ੍ਰੰਥ ਦਾ ਲਗਪਗ ਪਞੰਤਰ ਪ੍ਰਤੀਸ਼ਤ ਹਿਸਾ ਮਲਿਆ ਹੋਇਆ ਹੈ। ਬਚਿਤ੍ਰ ਨਾਟਕ, ਚੰਡੀ ਚਰਿਤ੍ਰ (ਪਹਿਲਾ ਅਤੇ ਦੂਜਾ), ਵਾਰ ਦੁਰਗਾ ਕੀ, ਚਉਬੀਸ ਅਵਤਾਰ, ਕ੍ਰਿਸ਼ਨ ਅਵਤਾਰ ਆਦਿਕ ਰਚਨਾਵਾਂ ਮਿਥਿਹਾਸ ਖਾਸਕਰ ਹਿੰਦੂ ਮਿਥਿਹਾਸ ਦੇ ਪਾਤਰਾਂ ਨਾਲ ਸੰਬੰਧਿਤ ਹਨ। ਭਾਈ ਸਾਹਿਬ ਅਨੁਸਾਰ ਇਹ ਸਾਰੀਆਂ ਕਥਾਵਾਂ ਦਾ ਵਰਨਣ ਕਰਨ ਦਾ ਭਾਵ ਸਿਰਫ ਉਸ ਇਕ ਅਕਾਲ ਪੁਰਖ ਦੀ ਮਹਿਮਾਂ ਕਰਨਾ ਹੈ। ਇੰਨ੍ਹਾਂ ਅਵਤਾਰਾਂ ਅਤੇ ਸ਼ਕਤੀਆਂ ਦੀ ਕਥਾ ਜਾਂ ਇੰਨ੍ਹਾਂ ਦੇ ਜੀਵਨ ਪਿਛੇ ਉਹ ਬੇਅੰਤ ਆਪ ਵਰਤਦਾ ਹੈ।

ਸ਼ਬਦਾਰਥ ਦੇ ਰੂਪ ਵਿਚ ਔਖੇ ਸ਼ਬਦਾਂ ਦੇ ਅਰਥ ਦਿੰਦਿਆਂ ਭਾਈ ਸਾਹਿਬ ਵੱਖ-ਵੱਖ ਰਚਨਾਵਾਂ/ਬਾਣੀਆਂ ਵਿਚ ਉਨ੍ਹਾਂ ਪਾਤਰਾਂ ਦੇ ਨਾਮਾਂ, ਕੰਮਾਂ ਅਤੇ ਉਨ੍ਹਾਂ ਦੇ ਮਹਤਵ ਬਾਰੇ ਜਾਣਕਾਰੀ ਦਿੰਦੇ ਹਨ। ਇੰਨ੍ਹਾਂ ਦੀਆਂ ਕੁਝ ਉਦਾਹਰਨਾਂ ਜਿਵੇਂ 'ਸੁਮਿਤ੍ਰੇਸ' ਦੇ ਅਰਥ 'ਸੁਮਿਤ੍ਰਾ ਦਾ ਸਵਾਮੀ-ਦਸਰਥ',[29] 'ਰਘੁਨੰਦਨ' ਦਾ ਅਰਥ 'ਰਾਮਚੰਦਰ ਜੀ',[30] 'ਸਾਰੰਗ' ਦੇ ਅਰਥ 'ਧਨੁਰਵੇਦ ਅਨੁਸਾਰ ਉਹ ਧਨੁਖ ਜੋ ਸਿੰਘ ਜੋੜਕੇ ਬਣਾਇਆ ਜਾਂਦਾ ਹੈ, ਛੇ ਹੱਥ ਲੰਮਾਂ ਤੇ ਤਿੰਨ ਵਿੰਗਾਂ (ਖ਼ਮਾ) ਵਾਲਾ ਹੁੰਦਾ ਹੈ। ਇਸ ਨੂੰ ਹਾਥੀ ਤੇ

---

26 ਡਾ. ਕੁਲਵੰਤ ਸਿੰਘ, *ਮਿਥ ਅਧਿਐਨ ਤੇ ਵਾਰਾਂ ਭਾਈ ਗੁਰਦਾਸ,* ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2014, ਪੰ. 62.

27 *ਉਹੀ,* ਪੰ.63.

28 ਭਾਈ ਰਣਧੀਰ ਸਿੰਘ, *ਗੁਰੂ ਗੋਬਿੰਦ ਸਿੰਘ ਜੀ ਦੀ ਸ਼ਬਦਿ-ਮੂਰਤਿ (ਦਸਵੇਂ ਪਾਤਿਸ਼ਾਹ ਕੇ ਗ੍ਰੰਥ) ਦਾ ਇਤਿਹਾਸ,* ਪੰ. 2.

29 *ਸ਼ਬਦਾਰਥ ਦਸਮ ਗ੍ਰੰਥ ਸਾਹਿਬ ਪੋਥੀ ਪਹਿਲੀ,* (ਸੰਪਾ.) ਭਾਈ ਰਣਧੀਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰ.216.

30 *ਉਹੀ,* ਪੰ.231.

ਘੋੜੇ ਦੇ ਸਵਾਰ ਹੀ ਵਰਤਦੇ ਹਨ।'[31] 'ਪੰਡੁ ਰਾਜ' ਦੇ ਅਰਥ 'ਯਾਦੋ ਵੰਸੀ ਰਾਜਾ ਸ਼ਾਂਤਨੂੰ ਦਾ ਦੂਜਾ ਪੁੱਤ੍ਰ, ਜੋ ਯੁਧਿਸਟਰ, ਭੀਮ ਤੇ ਅਰਜਨ ਆਦਿ, ਪੰਜਾਂ ਪਾਂਡਵਾਂ ਦਾ ਪਿਤਾ ਸੀ।' ਕੁਝ ਪੂਰੀਆਂ ਪੰਕਤੀਆਂ ਦੇ ਅਰਥ, ਜਿਵੇਂ ' ਦੈ ਦਸ ਬਾਨ ਬਿਮਾਨ ਦਸੋ ਸਿਰ, ਕਾਰਿ ਦਏ ਸਿਵ ਲੋਕ ਪਠੈ ਕੈ।' ਦੇ ਅਰਥ 'ਦਸ ਬਾਣ ਮਾਰਕੇ, ਦਸ ਹੀ ਸਿਰ ਵੱਡ ਕੇ ਜਾਣੋ ਦਸ ਤੀਰ, ਦਸ ਹੀ ਵਿਮਾਨ (ਉਡਣ ਕਠੋਲੇ ਬਖਸ਼ ਕੇ) ਰਾਵਣ ਨੂੰ ਸ਼ਿਵਪੁਰੀ ਪਹੁੰਚਾ ਦਿੱਤਾ।'[32] 'ਸੁ ਐਸੇ ਉਡੀ ਬਾਰਾ ਜੈਸੇ ਪਾਰਾ ਉਡਿ ਜਾਤ ਹੈ' ਦੇ ਅਰਥ '(ਬਾਲਾ) ਮਾਇਆ ਰੂਪ ਬਾਲਕੀ- ਜਿਸ ਦਾ ਨਾਮ ਭੀ 'ਜੋਗ ਮਾਇਆ' ਸੀ। ਐਉਂ ਉਡ ਗਈ, ਜਿਵੇਂ ਪਾਰਾ ਹਥੇਲੀ ਤੋਂ ਉਡ ਜਾਂਦਾ ਹੈ। ਉਸ ਨੇ ਆਪਣਾ ਰੂਪ ਜੋ ਕੰਸ ਨੂੰ ਦਿਖਾਇਆ ਐਸਾ ਸੀ।'[33]

ਭਾਈ ਸਾਹਿਬ ਸ਼ਬਦਾਰਥ ਵਿਚ ਮਿਥਿਹਾਸ ਦੀ ਵਿਆਖਿਆਕਾਰੀ ਲਈ ਵੀ ਉਹੀ ਤਰੀਕਾ ਅਪਣਾਉਂਦੇ ਹਨ, ਜਿਹੜਾ ਬਾਕੀ ਪਾਠ ਦੀ ਵਿਆਖਿਆ ਦਾ ਹੈ। ਉਹ ਔਖੇ ਸ਼ਬਦਾਂ ਦੇ ਅਰਥ ਵਜੋਂ ਇਕ ਪੰਨੇ ਤੇ ਪਾਠ ਦੇ ਕੇ ਦੂਜੇ ਪੰਨੇ ਉਪਰ ਉਸ ਦੇ ਅਰਥ ਕਰਦੇ ਹਨ।

**V. ਇਤਿਹਾਸਿਕ ਵਿਆਖਿਆਕਾਰੀ:** ਭਾਈ ਸਾਹਿਬ ਦੀ ਇਤਿਹਾਸਿਕ ਵਿਆਖਿਆਕਾਰੀ ਦੇ ਦਰਸ਼ਨ ਵੀ ਸ਼ਬਦਾਰਥ ਵਿਚ ਹੁੰਦੇ ਹਨ। 'ਬਚਿਤ੍ਰ ਨਾਟਕ' ਅਤੇ 'ਜਫਰਨਾਮਾ' ਦੀ ਵਿਆਖਿਆ ਸਮੇਂ ਸ਼ਬਦਾਰਥ ਵਿਚ ਹੁੰਦੇ ਹਨ। ਇਸ ਇਤਿਹਾਸਿਕ ਵਿਆਖਿਆ ਵਿਚ 'ਸਿੱਖ-ਇਤਿਹਾਸ' ਦੇ ਹੇਠ ਲਿਖੇ ਪੱਖਾਂ ਦਾ ਪਤਾ ਲਗਦਾ ਹੈ:

**(ੳ) ਗੁਰੂ ਤੇਗ ਬਹਾਦਰ ਸਾਹਿਬ ਬਾਰੇ:** ਬਚਿਤ੍ਰ ਨਾਟਕ ਵਿਚ 'ਮੁਰਪਿਤ' ਦੇ ਅਰਥਾਂ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਰੇ ਦੱਸਿਆ ਹੈ ਕਿ 'ਮੇਰੇ ਜਨਮਦਾਤਾ ਪਿਤਾ-ਗੁਰੂ ਤੇਗ ਬਹਾਦੁਰ ਨੇ ਪੂਰਬੀ ਭਾਰਤ ਵਲ ਤੀਰਥ-ਸਨਾਨ ਕਰਨ ਵਾਸਤੇ ਚੜ੍ਹਤ ਕੀਤੀ। ਇਹ ਚੜ੍ਹਤ, ਪ੍ਰਮਾਣਿਕ ਇਤਿਹਾਸ ਤੇ ਗੁਰੂ ਜੀ ਦੇ ਆਪਣੇ ਲਿਖੇ ਹੁਕਮਨਾਮਿਆਂ ਅਨੁਸਾਰ ੧੭੨੪-੫ ਬਿੱ: (੧੬੬੮ ਈ: ) ਦੀ ਬਸੰਤ ਰੁੱਤਿ ਵਿਚ, ਬਾਂਗਰ ਦੇ ਪ੍ਰਸਿੱਧ ਨੱਗਰ 'ਧਮਧਾਣ' ਤੋਂ ਹੋਈ।'[34] ਇਸ ਤੋਂ ਅਗੇ 'ਤਹੀ ਪ੍ਰਕਾਸ ਹਮਾਰਾ ਭਯੋ' ਦੇ ਹਵਾਲੇ ਨਾਲ ਗੁਰੂ ਸਾਹਿਬ ਦੀ ਯਾਤਰਾ ਬਾਰੇ ਬਿਆਨ ਕਰਦੇ ਹਨ, ' ਪਿਤਾ ਜੀ ਕੁਰਛੇਤ੍ਰ, ਹਰਿਦਵਾਰ, ਨੀਮਖਾਰਨ

---

31 *ਸ਼ਬਦਾਰਥ ਦਸਮ ਗ੍ਰੰਥ ਸਾਹਿਬ ਪੋਥੀ ਪਹਿਲੀ,* (ਸੰਪਾ.) ਭਾਈ ਰਣਧੀਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰ.315.

32 *ਉਹੀ,* ਪੰ.281.

33 *ਉਹੀ,* ਪੰ.317.

34 *ਉਹੀ,* ਪੰ.76.

(ਲਖਨਊ), ਨਾਨਕਮਤਾ, ਅਜੁੱਧਿਆ ਤੇ ਕੜਾ-ਮਾਣਕਪੁਰ ਆਦਿ ਵਿਚ ਦੀ ਗੁਰਧਾਮ ਪਰਸਦੇ ਤੇ ਧਰਮ ਪ੍ਰਚਾਰ ਕਰਦੇ ਪਰਿਵਾਰ,ਦਰਬਾਰੀ ਅੱਮਲੇ, ਹਜ਼ੂਰੀ ਸੰਗਤਿ ਤੇ ਸੰਤ ਸਿਪਾਹੀ, ਸਵਾਰਾਂ ਦੀ ਜਮੀਅਤ ਸਮੇਤ ਸੰਮਤ ੧੭੨੫ ਬਿ: ੧੧ ਵੈਸਾਖ (੮ ਅਪ੍ਰੈਲ ੧੬੬੯) ਨੂੰ ਚੰਦ੍ਰਗ੍ਰਹਿਣ, ਅਤੇ ੨੬ ਵੈਸਾਖ (੨੩ ਅਪ੍ਰੈਲ) ਨੂੰ ਸੂਰਜਗ੍ਰਹਣ ਸੀ। ਇਹ ਸਾਰਾ ਮਹੀਨਾ ਇਸੇ ਤੀਰਥ ਪੁਰ ਪੁਨ ਦਾਨ ਤੇ ਇਸ਼ਨਾਨ ਕਰਦਿਆਂ ਅਤੇ ਗਰਦੋਂ ਨਿਵਾਈ ਵਿੱਚ ਧਰਮ ਪ੍ਰਚਾਰ ਵਿਸਥਾਰਦਿਆਂ ਬੀਤ ਗਿਆ। ਇਸੇ ਸੁਭਾਗ ਸਮੇਂ ਅੰਦਰ, ਇਸ ਕਥਾ ਦੇ ਲਿਖਣਹਾਰ ਕਵਿ ਸ਼੍ਰੋਮਣਿ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਮਾਤਾ ਦੇ ਉਦਰਿ ਨਿਵਾਸ ਹੋਇਆ।[35]

**(ਅ) ਗੁਰੂ ਸਾਹਿਬ ਦੇ ਸਿੱਖਾਂ, ਰਿਸ਼ਤੇਦਾਰਾਂ, ਦੁਸ਼ਮਣਾਂ ਅਤੇ ਯੁੱਧਾਂ ਬਾਰੇ:** ਗੁਰੂ ਸਾਹਿਬ ਨੇ ਭੰਗਾਣੀ ਦੇ ਜੰਗ ਦਾ ਜ਼ਿਕਰ ਕਰਦਿਆਂ ਪਹਾੜੀ ਰਾਜਿਆਂ, ਆਪਣੇ ਰਿਸ਼ਤੇਦਾਰਾਂ, ਸਿੱਖਾਂ ਅਤੇ ਦੁਸ਼ਮਣਾਂ ਦੀ ਬਹਾਦਰੀ ਅਤੇ ਜੰਗ ਦੇ ਦ੍ਰਿਸ਼ਾਂ ਦਾ ਵੇਰਵਾ ਦਿਤਾ ਹੈ। ਭਾਈ ਸਾਹਿਬ ਨੇ ਇੰਨ੍ਹਾਂ ਸਾਰੀਆਂ ਗੱਲਾਂ ਦੀ ਵਿਆਖਿਆ ਕੀਤੀ ਹੈ। ਇਸ ਵਿਆਖਿਆ ਦੇ ਰੂਪ ਵਿਚ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸ ਦੀ ਸੰਖੇਪ ਪਰ ਪੁਖਤਾ ਜਾਣਕਾਰੀ ਦੇ ਦਰਸ਼ਨ ਹੁੰਦੇ ਹਨ। ਭਾਈ ਸਾਹਿਬ ਨੇ 'ਹਠੀ ਜੀਤਮੱਲੰ ਸੁ ਗਾਜੀ ਗੁਲਾਬੰ' ਦੇ ਅਰਥ ਕਰਦਿਆਂ ਦਸਿਆ ਗਿਆ ਹੈ ਕਿ 'ਸ੍ਰੀ ਦਸਮੇਸ਼ ਜੀ ਦੀ ਭੂਆ (ਬੀਬੀ ਵੀਰੋ) ਦੇ ਪੰਜ ਬਾਂਕੇ ਸੂਰਬੀਰ ਪੁੱਤ੍ਰ-ਸ੍ਰੀ ਸੰਗ੍ਰਾਮ ਸ਼ਾਹ, ਜੀਤਮਲੁ, ਗੁਲਾਬ ਰਾਇ, ਮਾਹਰੀ ਚੰਦ ਤੇ ਗੰਗਾ ਰਾਮ ਸਨ। ਇਸੇ ਤਰ੍ਹਾਂ ਪੀਰ ਬੁੱਧੂ ਸ਼ਾਹ ਬਾਰੇ ਵੀ ਉਨ੍ਹਾਂ ਦੁਆਰਾ ਗੁਰੂ ਸਾਹਿਬ ਕੋਲ ਰਖਾਏ ਪਠਾਣ ਜਿਹੜੇ ਗਦਾਰ ਹੋ ਗਏ ਸਨ, ਦੇ ਸੰਦਰਭ ਵਿਚ ਚਾਨਣਾ ਪਾਇਆ ਗਿਆ ਹੈ।[36]

ਭੰਗਾਣੀ ਦੇ ਯੁਧ ਦੇ ਵਰਨਣ ਵਾਲਾ ਅਠਵਾਂ ਅਧਿਆਇ ਸਮਾਪਤ ਹੋਣ ਤੇ ਭਾਈ ਸਾਹਿਬ ਨੇ ਵਿਆਖਿਆ ਵਜੋਂ ਸਾਨੂੰ ਇਹ ਜਾਣਕਾਰੀ ਦਿੱਤੀ ਹੈ ਕਿ, 'ਭੰਗਾਣੀ ਜੁਧ ਵਿਚ ਬਾਈਧਾਰ ਪਹਾੜ ਦੇ ਕਈ ਰਾਜੇ ਰਾਇਆਂ, ਫਤਿਹ ਸ਼ਾਹ ਸ੍ਰੀ ਨਗਰੀਏ (ਗੜ੍ਹਵਾਲਪਤਿ) ਨਾਲ ਰਲਕੇ, ਗੁਰੂ ਸਾਹਿਬ ਉੱਤੇ ਅਚਿੰਤੇ ਹੀ ਹਮਲਾ ਕਰ ਦਿੱਤਾ ਸੀ। ਪਰ ਸਤਿਗੁਰਾਂ ਦੇ ਸਾਥੀ ਸੰਤ ਸਿਪਾਹੀ ਤਕਰੀਬਨ ਸਾਰੇ ਹੀ ਸਾਕ-ਸਰਬੰਧੀ ਭਰਾ ਤੇ ਨਿਕਟੀ, ਦਰਬਾਰੀ ਸਿਖ ਹੀ ਸਨ। ਜਿਹਾ ਕਿ ਸ੍ਰੀ ਸੰਗ੍ਰਾਮ ਸ਼ਾਹ.... ਸ੍ਰੀ ਸਾਧੂ 'ਖੋਸਲੇ' ਦੇ ਪੁਤਰ ਸਨ। ਸੋਢੀ ਨੰਦ ਚੰਦ ਆਪ ਦੇ ਤਾਏ ਸੂਰਜ ਮੱਲ ਦਾ ਛੋਟਾ ਪੁਤਰ ਸੀ। ਭਾਈ ਦਇਆ ਰਾਮ ਘਰ ਦਾ ਪਰੋਹਿਤ, ਸ੍ਰੀ ਕ੍ਰਿਪਾਲ ਚੰਦ ਮਾਮੇ ਲਗਦੇ ਸਨ। ਭਾਈ ਲਾਲ ਸਿੰਘ ਅਤੇ ਸੰਤ ਕ੍ਰਿਪਾਲ ਦਾਸ 'ਉਦਾਸੀ' ਨਿਕਟਵਰਤੀ

---

35 *ਸ਼ਬਦਾਰਥ ਦਸਮ ਗ੍ਰੰਥ ਸਾਹਿਬ ਪੋਥੀ ਪਹਿਲੀ,* (ਸੰਪਾ.) ਭਾਈ ਰਣਧੀਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰ.76.

36 *ਉਹੀ,* ਪੰ.77.

ਸਿੱਖ। ਭੂਆ ਦੇ ਪੁਤਰਾਂ ਚੋਂ ਪਹਿਲੇ ਦੋਵੇ ਅਤੇ ਭੱਟ ਵਹੀਆਂ ਮੂਜਬ, ਭਾਈ ਉਦੀਆਂ 'ਰਾਠੌਰ' ਤੇ ਭਾਈ ਹਰੀ ਚੰਦ ਅੱਲੀਪੁਰੀਏ ਮਾਈ ਦਾਸ ਦਾ ਪੁਤਰ ਤੇ ਭਾਈ ਮਨੀ ਸਿੰਘ 'ਸ਼ਹੀਦ' ਦਾ ਭਾਈ ਚਾਰੇ ਧਰਮ ਵੀਰ ਸ਼ਹੀਦ ਹੋ ਗਏ। ਇਸ ਬੇ-ਮਿਸਾਲ ਮੁਕਾਬਲੇ ਵਿਚ ਸ੍ਰੀ ਅਕਾਲ ਜੀ ਦੀ ਕ੍ਰਿਪਾ ਨਾਲ ਗੁਰੂ ਜੀ ਦੀ ਜਿੱਤ ਹੋਈ। ਵਿਰੋਧੀ ਦਲ ਦੇ ਸੂਰਮੇ-ਹੱਯਾਤ ਖਾਨ, ਨਿਜਾਬਤ ਖਾਨ, ਹਰੀ ਚੰਦ ਗਾਜ਼ੀ ਚੰਦ, ਚੰਦੋਲ, ਕਰੋੜ ਰਾਇ, ਕੋਟਲ ਹਰੀਆ ਆਦਿ ਮਾਰੇ ਗਏ। ਭੀਖਨ ਖਾਨ ਮੂੰਹ 'ਚ ਤੀਰ ਖਾ ਕੇ ਅਤੇ ਬਾਕੀ ਸਾਰੇ ਬਿਨਾਂ ਸ਼ਸਤਰ ਝਾੜੇ ਹੀ ਨਸ ਗਏ।'[37]

ਭੰਗਾਣੀ ਤੋਂ ਬਾਅਦ ਨਦੌਣ ਦੇ ਯੁਧ ਦਾ ਵੇਰਵਾ ਬਚਿਤ੍ਰ ਨਾਟਕ ਅਗਲਾ ਨੌਵਾਂ ਅਧਿਆਇ ਹੈ। ਇਸ ਦਾ ਵੇਰਵਾ ਭਾਈ ਸਾਹਿਬ ਨੇ ਇਸ ਤਰ੍ਹਾਂ ਦਿੱਤਾ ਹੈ: 'ਨਾਦਉਣ ਜੁੱਧ ਦਾ ਪਿੜ, ਲਾਹੌਰ ਦੇ ਨਾਇਬ ਸੂਬੇਦਾਰ ਤੇ ਜੰਮੂ ਦੇ ਫੌਜਦਾਰ 'ਮੀਆਂ ਖਾਨਾ (ਹਿਫਜੁਲਾ ਖਾਨ) ਦੇ ਭੈਜੇ ਭਤੀਜੇ ਅਲਿਫ ਖਾਂ ਨੇ ਬੰਨ੍ਹਿਆ ਸੀ। ਕਟੋਚੀਏ ਆਪਣੇ ਪੱਖੀ 'ਬਿਝੜਿਆਲਾਂ' ਸਣੇ ਸਾਹੀ ਸੈਨਾ ਨਾਲ ਰਲ ਕੇ ਭੀਮ ਚੰਦ ਕਹਲੂਰੀਏ ਪਤਿ ਨੂੰ ਦਬਾਉਣਾ ਚਾਹੁੰਦੇ ਸਨ। ਭੀਮ ਚੰਦ ਨੇ ਗੁਵਾਂਢੀ ਗੁਲੇਰੀਆਂ, ਦਾਤਾਰਪੁਰੀਆਂ, ਨਾਲਾਗੜ੍ਹੀਆਂ ਤੇ ਪੰਜੌਰੀਆਂ ਵਗੈਰਾ ਦਾ 'ਸੰਘ' ਬਣਾ ਕੇ ਆਪਣੇ ਬਚਾਉ ਲਈ ਉਦਮ ਕੀਤਾ। ਅਤੇ ਦਸਮੇਸ਼ ਜੀ ਨੂੰ ਸਹਾਇਤਾ ਵਾਸਤੇ ਸੱਦ ਲਇਆ। ਵਿਰੋਧੀ ਦਲ ਦੇ ਤਿਆਰ ਹੁੰਦਿਆਂ ਹੀ, ਇੰਨ੍ਹਾਂ ਅੱਗਾ ਜਾ ਲਿਆ। 'ਕਟੋਚੀਆਂ' ਬਿਆਸ ਕੰਢੇ ਉੱਚੇ ਟਿੱਬੇ 'ਨਵਰਸ' ਪੁਰ, ਕਾਠ ਦਾ ਕਿੱਲਾ ਸਾਜ ਕੇ ਮੁਕਾਬਲਾ ਕੀਤਾ। ਸੰਘੀ ਸੂਰਿਆਂ ਕਈ ਵਾਰ ਕਾਠਗੜ੍ਹ ਤੋੜਨ ਦੇ ਹੀਲੇ ਕੀਤੇ। ਪਰ ਪੇਸ਼ ਨਾ ਗਈ। ਓੜਕਿ ਗੁਰੂ ਸਾਹਿਬ ਦੀ ਸਲਾਹ ਨਾਲ ਤੇ ਅਗਵਾਈ ਹੇਠ ਮਿਲਵਾਂ ਹੱਲਾ ਮਾਰਿਆ। ਗੁਰੂ ਜੀ ਨੇ ਦੁੰਦ ਯੁਧ ਵਿਚ ਦਿਆਲ ਚੰਦ ਬਿਝੜਿਆਲੀਏ ਨੂੰ ਮੁਕਤਾਇਆ। ਅਤੇ ਅਮੋਘ ਬਾਣਾਂ ਦਾ ਮੀਂਹ ਵਰਸਾ ਕੇ, 'ਸੰਘ' ਨੂੰ ਜਿਤਾਇਆ। ਐਪਰ ਬੁਤ ਪੂਜ ਪਹਾੜੀਏ ਨੱਸੇ ਜਾਂਦੇ ਵਿਰੋਧੀਆਂ ਨਾਲ ਸਲਹ ਕਰਕੇ ਆਪੋ ਵਿਚ ਰਲ ਬੈਠੇ। ਪਰੋਪਕਾਰੀ ਗੁਰੂ ਜੀ ਨੂੰ ਉਲਟਾ ਬਾਬਰਕਿਆਂ ਵਲੋਂ ਬੁਰਿਆਂ ਪਾਇਆ।'[38]

ਨਦੌਣ ਤੋਂ ਬਾਅਦ ਹੁਸੈਨੀ ਯੁਧ ਦਾ ਵਰਨਣ, ਸ਼ਾਹਜਾਦਾ ਮੁਅਜਮ ਦਾ ਜ਼ਿਕਰ, ਉਪਰੋਕਤ ਯੁਧਾਂ ਦੇ ਸੰਮਤ/ਸੰਨ ਆਦਿ ਦੇ ਕੇ ਭਾਈ ਸਾਹਿਬ ਨੇ ਬਚਿੱਤ੍ਰ ਨਾਟਕ ਦੇ ਪ੍ਰਸੰਗਾਂ ਦੀ ਇਤਿਹਾਸਿਕ ਪ੍ਰਮਾਣਿਕਤਾ ਨੂੰ ਸੁਖੈਨ ਰੂਪ ਵਿਚ ਪੇਸ਼ ਕਰਨ ਦਾ ਜਤਨ ਕੀਤਾ ਹੈ।

---

[37] *ਸ਼ਬਦਾਰਥ ਦਸਮ ਗ੍ਰੰਥ ਸਾਹਿਬ ਪੋਥੀ ਪਹਿਲੀ,* (ਸੰਪਾ.) ਭਾਈ ਰਣਧੀਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰ.79.

[38] *ਉਹੀ,* ਪੰ.81.

*ਸ਼ਬਦਾਰਥ* ਦੇ ਤੀਜੇ ਭਾਗ ਵਿਚ 'ਜਫਰਨਾਮਹ' ਦਰਜ ਹੈ ਇਸ ਦੀ ਵਿਆਖਿਆ ਕਰਦਿਆਂ ਭਾਈ ਸਾਹਿਬ ਨੇ ਇਸਦੇ ਇਤਿਹਾਸਿਕ ਤੱਤਾਂ ਨੂੰ ਦਰਸਾਇਆ ਹੈ। ਇਸ ਵਿਚ ਗੁਰੂ ਸਾਹਿਬ ਦੀਆਂ ਉਨ੍ਹਾਂ ਸਾਰੀਆਂ ਗੱਲਾਂ ਦੀ ਵਿਆਖਿਆ ਹੈ, ਜਿਹੜੀਆਂ ਉਨ੍ਹਾਂ ਨੇ ਔਰੰਗਜ਼ੇਬ ਨੂੰ ਖ਼ਤ ਵਿਚ ਲਿਖੀਆਂ ਸਨ। ਇਸ ਵਿਚ ਔਰੰਗਜ਼ੇਬ ਦੇ ਫੌਜ਼ਦਾਰਾਂ ਅਤੇ ਪਹਾੜੀ ਰਾਜਿਆਂ ਦੁਆਰਾ ਝੂਠੀਆਂ ਸੌਹਾਂ ਖਾ ਕੇ ਅਨੰਦਪੁਰ ਸਾਹਿਬ ਖਾਲੀ ਕਰਵਾਉਣਾ, ਚਮਕੌਰ ਸਾਹਿਬ ਦਾ ਜੰਗ, ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਆਦਿ ਦਾ ਵਰਨਣ ਕੀਤਾ ਗਿਆ ਹੈ। ਗੁਰੂ ਸਾਹਿਬ ਨੇ ਸ਼ਬਦੀ ਤੀਰਾਂ ਦੁਆਰਾ ਬਾਦਸ਼ਾਹ ਦੀ ਆਤਮਾ ਨੂੰ ਝੰਜੋੜਿਆ ਹੈ ਅਤੇ ਉਸ ਉਪਰ ਦੀਨ ਦਾ ਦਿਖਾਵਾ ਕਰਨ ਦਾ ਦੋਸ਼ ਵੀ ਲਗਾਇਆ ਹੈ। ਗੁਰੂ ਸਾਹਿਬ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਪੁਤਰ ਰੂਪ ਵਿਚ ਖਾਲਸੇ ਦੇ ਹੋਣ ਦਾ ਜ਼ਿਕਰ ਵੀ ਕੀਤਾ ਹੈ। ਭਾਈ ਸਾਹਿਬ ਨੇ ਪੰਕਤੀ-ਵਾਰ 'ਜਫਰਨਾਮਹ' ਦੇ ਅਰਥ ਕੀਤੇ ਹਨ। ਇਸ ਵਿਆਖਿਆ ਨੂੰ '(ਸਰਲ ਪੰਜਾਬੀ) ਅਰਥਾਂ ਸਹਿਤ' ਨਾਮ ਦਿੱਤਾ ਹੈ।

*ਸ਼ਬਦਾਰਥ* ਤੋਂ ਇਲਾਵਾ ਇੰਨ੍ਹਾਂ ਦੀਆਂ ਦੂਜੀਆਂ ਰਚਨਾਵਾਂ ਵਿਚ ਵੀ 'ਵਿਆਖਿਆਕਾਰੀ' ਦੇ ਦਰਸ਼ਨ ਹੁੰਦੇ ਹਨ। ਇੰਨ੍ਹਾਂ ਦੀ ਰਚਨਾ *ਗੁਰ-ਪ੍ਰਣਾਲੀਆਂ* ਵਿਚ ਵੱਖੋ-ਵੱਖ ਗੁਰ-ਪ੍ਰਣਾਲੀਆਂ ਦੇ ਪਾਠਾਂ ਦੀ ਸ਼ਬਦਾਰਥੀ ਵਿਆਖਿਆ ਦੇ ਰੂਪ ਮਿਲਦੇ ਹਨ। ਇਸ ਦੇ ਨਾਲ ਕਈ ਰੂੜ੍ਹ ਸ਼ਬਦਾਂ ਦੀ ਵਿਆਖਿਆ ਵੀ ਮਿਲਦੀ ਹੈ। ਉਦਾਹਰਨ ਵਜੋਂ 'ਬਾਬਾ' ਸ਼ਬਦ ਦੀ ਵਿਆਖਿਆ:

'ਸਿੱਖ ਸਾਹਿੱਤ ਵਿਚ ਕਈ ਥਾਵੇਂ ਗੁਰੂ ਸਾਹਿਬ ਦੇ ਨਾਮ ਨਾਲ ਬਾਬਾ 'ਪਦ' ਲੱਗਾ ਹੋਇਆ ਹੈ। ਇਹ ਲਫਜ਼ ਫਾਰਸੀ ਤੇ ਪੰਜਾਬੀ ਬੋਲੀ ਦਾ ਸਾਂਝਾ ਹੈ, ਜਿਸ ਦੇ ਅਰਥ ਹਨ: ਬਾਪੂ, ਦਾਦਾ, ਸਰਦਾਰ, ਚਿੱਟੇ ਦਾੜ੍ਹੇ ਵਾਲਾ ਬਜ਼ੁਰਗ, ਤੇ ਆਜ਼ਾਦ ਫਕੀਰ ਆਦਿ। ਲੇਕਿਨ ਰੂੜੀ-ਸ਼ਬਦ (ਟੈਕਨੀਕਲ ਵਰਡ) ਬਣਨ ਪੁਰ, ਇਸ ਦੀ ਵਰਤੋਂ 'ਟਿੱਕੇ' ਰਾਜਕੁਮਾਰ, ਸ਼ਾਹਜ਼ਾਦੇ ਤੇ ਗੁਰਗੱਦੀ ਦੇ ਆਗਾਮੀ ਵਾਰਿਸ (ਟਿੱਕਾ ਸਾਹਿਬਜ਼ਾਦਾ) ਵਾਸਤੇ ਹੁੰਦੀ ਹੈ।[39]

*ਸ਼ਬਦਾਰਥ* ਤੋਂ ਇਲਾਵਾ ਭਾਈ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀ ਇਤਿਹਾਸਿਕ ਵਿਆਖਿਆ ਵੀ ਕੀਤੀ ਹੈ। ਇੰਨ੍ਹਾਂ ਦਾ ਇਕ ਲੇਖ 'ਆਵਨਿ ਅਠਤਰੈ ਜਾਨਿ ਸਤਾਨਵੈ', ਜਿਸਦਾ ਵੇਰਵਾ ਪਿਛਲੇ ਅਧਿਆਇ ਵਿਚ ਦਿੱਤਾ ਗਿਆ ਹੈ, ਗੁਰੂ ਨਾਨਕ ਦੇਵ ਜੀ ਦੀ ਬਾਬਰਬਾਣੀ ਦੀ ਵਿਆਖਿਆ ਹੈ। ਇਸ ਵਿਚ ਬਾਬਰ ਦੇ

---

[39] ਸ. ਰਣਧੀਰ ਸਿੰਘ (ਸੰਪਾ.), *ਬਾਬਾਣੀ ਪੀੜ੍ਹੀ ਚਲੀ ਗੁਰ-ਪ੍ਰਣਾਲੀਆਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਪ੍ਰੈਲ 1977, ਪੰ.19.

ਹਿੰਦੋਸਤਾਨ ਉਪਰ ਚੌਥੇ ਹਮਲੇ ਦਾ ਵਰਨਣ ਹੈ। ਇਸ ਸਮੇਂ ਹਿੰਦੋਸਤਾਨੀ ਰਾਜਨੀਤੀ ਅਤੇ ਸਮਾਜ ਦੀ ਹਾਲਤ ਨਿਘਰੀ ਹੋਈ ਸੀ। ਗੁਰੂ ਸਾਹਿਬ ਦੁਆਰਾ ਸ਼ੇਰ ਸ਼ਾਹ ਸੂਰੀ ਬਾਰੇ ਕੀਤੀ ਭਵਿਖਬਾਣੀ ਦਾ ਵੀ ਇਸ ਵਿਆਖਿਆ ਵਿਚ ਵਰਨਣ ਹੈ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਵਿਆਖਿਆ ਭਾਈ ਸਾਹਿਬ ਦੀਆਂ ਦੂਜੀਆਂ ਰਚਨਾਵਾਂ ਵਿਚ ਵੀ ਥਾਂ-ਥਾਂ ਮਿਲਦੀ ਹੈ।

**2. ਇਤਿਹਾਸਕਾਰੀ:** ਭਾਈ ਸਾਹਿਬ ਦੀਆਂ ਰਚਨਾਵਾਂ ਦਾ ਮੀਰੀ ਗੁਣ ਇਤਿਹਾਸਕਾਰੀ ਹੈ। ਇਸ ਦੇ ਦਰਸ਼ਨ ਇੰਨ੍ਹਾਂ ਦੁਆਰਾ ਸੰਪਾਦਿਤ ਮੁਢਲੇ ਸਿੱਖ ਸਰੋਤਾਂ, ਉਨ੍ਹਾਂ ਤੋਂ ਇਲਾਵਾ ਫਾਰਸੀ, ਅਰਬੀ ਅਤੇ ਅੰਗਰੇਜ਼ੀ ਪੁਸਤਕਾਂ ਜੋ ਮੁਢਲੇ ਸਰੋਤਾਂ ਦੀ ਗਿਣਤੀ ਵਿਚ ਸ਼ੁਮਾਰ ਕੀਤੀਆਂ ਜਾ ਸਕਦੀਆਂ ਹਨ, ਦੇ ਅਧਾਰ 'ਤੇ ਲਿਖੀਆਂ ਇਤਿਹਾਸਿਕ ਪੁਸਤਕਾਂ ਅਤੇ ਵੱਖ-ਵੱਖ ਪੁਸਤਕਾਂ, ਰਸਾਲਿਆਂ ਵਿਚ ਛਪੇ ਲੇਖਾਂ ਵਿਚੋਂ ਕੀਤੇ ਜਾ ਸਕਦੇ ਹਨ। ਭਾਵੇਂ ਇਨ੍ਹਾਂ ਦੀਆਂ ਰਚਨਾਵਾਂ ਦੀ ਸੰਖੇਪ ਚਰਚਾ ਅਸੀਂ ਪਿਛਲੇ ਅਧਿਆਇ ਵਿਚ ਕਰ ਚੁਕੇ ਹਾਂ ਪਰੰਤੂ ਇੱਥੇ ਸਿੱਖ ਇਤਿਹਾਸ ਦੇ ਵੱਖ-ਵੱਖ ਪਹਿਲੂ ਜੋ ਸਾਨੂੰ ਇੰਨ੍ਹਾਂ ਦੀਆਂ ਰਚਨਾਵਾਂ ਵਿਚ ਸਿੱਧੇ ਨਜ਼ਰੀਂ ਪੈਂਦੇ ਹਨ, ਉਨ੍ਹਾਂ ਦੇ ਹਵਾਲੇ ਨਾਲ ਇੰਨ੍ਹਾਂ ਦੀ ਇਤਿਹਾਸਕਾਰੀ ਉਪਰ ਚਰਚਾ ਕਰਾਂਗੇ। ਇਸ ਤੋਂ ਪਹਿਲਾਂ ਇਤਿਹਾਸ ਅਤੇ ਇਤਿਹਾਸਕਾਰੀ ਬਾਰੇ ਖਾਸਕਰ ਸਿੱਖ ਇਤਿਹਾਸਕਾਰੀ ਬਾਰੇ ਸਿਧਾਂਤਕ ਤੌਰ 'ਤੇ ਕੁਝ ਜਾਨਣ ਦੀ ਕੋਸ਼ਿਸ ਕਰਦੇ ਹਾਂ:

ਇਤਿਹਾਸ ਸੰਸਕ੍ਰਿਤ ਭਾਸ਼ਾ ਦੇ ਸ਼ਬਦਾਂ ਦਾ ਸੁਮੇਲ ਹੈ, ਇਹ ਸ਼ਬਦ ਹਨ 'ਇਤਿ ਹ ਆਸ' ਇੰਨ੍ਹਾਂ ਦੀ ਸੰਧੀ ਮਿਲਾਉਣ ਤੇ 'ਇਤਿਹਾਸ' ਸ਼ਬਦ ਬਣਦਾ ਹੈ। ਇਸ ਦਾ ਅਰਥ ਕਿਸੇ ਘਟਨਾ (Occurrence) ਨੂੰ ਯਥਾਰਥ ਵਿਚ ਪੇਸ਼ ਕਰਨਾ ਮੰਨਿਆ ਜਾਂਦਾ ਹੈ।[40] ਇਸ ਨੂੰ ਮਨੁੱਖੀ ਸੰਸਾਰ ਵਿਚ ਆ ਚੁਕੀਆਂ ਤਬਦੀਲੀਆਂ ਦਾ ਵੇਰਵਾ ਕਿਹਾ ਜਾਂਦਾ ਹੈ। ਮਾਰਕਸ ਸਮਾਜ ਦੀ ਹਰ ਔਕੜ ਦਾ ਹਲ ਇਤਿਹਾਸ ਵਿਚੋਂ ਲਭਦਾ ਹੈ।[41] ਭਾਈ ਵੀਰ ਸਿੰਘ ਅਨੁਸਾਰ ਇਤਿਹਾਸ ਦੀ ਪਰਿਭਾਸ਼ਾ ਬਹੁਤ ਦਿਲਚਸਪ ਹੈ। ਉਹ ਲਿਖਦੇ ਹਨ ਕਿ 'ਇਤਿਹਾਸ ਵਿਚ, ਚਾਹੇ ਓਹ ਕਿਵੇਂ ਦਾ ਵੀ ਲਿਖਿਆ ਹੋਵੇ, ਤ੍ਰੈ ਭਾਵ ਜ਼ਰੂਰ ਹੁੰਦੇ ਹਨ। ਏਹ ਤ੍ਰੈ ਭਾਵ ਸਫੁਟ ਨਾ ਬੀ ਕੀਤੇ ਹੋਏ ਹੋਣ ਤਾਂ ਵੀ ਇਤਿਹਾਸਕ ਪ੍ਰਵਾਹ ਵਿਚ ਗੁੱਝੇ ਗੁੱਝੇ ਚਲਦੇ ਹਨ:

---

40 ਭਾਈ ਕਾਨ੍ਹ ਸਿੰਘ ਨਾਭਾ, 'ਇਤਿਹਾਸ', *ਬਹੁ-ਮੁੱਲੇ ਇਤਿਹਾਸਕ ਲੇਖ,* (ਸੰਪਾ.) ਕਰਮ ਸਿੰਘ ਹਿਸਟੋਰੀਅਨ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1991, ਪੰ.40.

41 ਡਾ. ਗੁਰਦੇਵ ਸਿੰਘ, 'ਇਤਿਹਾਸਕ ਪਿਛੋਕੜ', *ਸਾਹਿਤ ਕੋਸ਼: ਪਰਿਭਾਸ਼ਿਕ ਸ਼ਬਦਾਵਲੀ,* (ਸੰਪਾ.) ਡਾ. ਰਤਨ ਸਿੰਘ ਜੱਗੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001, ਪੰ 145.

(1) ਸਾਹਿਤਯਕ ਭਾਵ (2) ਬ੍ਰਿਤਾਂਤਿਕ ਭਾਵ (3) ਅਧਿਯਤਮਿਕ ਭਾਵ'[42]

ਇਸ ਤੋਂ ਅੱਗੇ ਉਨ੍ਹਾਂ ਨੇ ਇੰਨ੍ਹਾਂ ਤਿੰਨ ਪ੍ਰਵਾਹਾਂ ਦਾ ਵਿਸਥਾਰ ਕੀਤਾ ਹੈ। ਸਾਹਿਤਯਕ ਭਾਵ ਤੋਂ ਉਨ੍ਹਾਂ ਦਾ ਮੰਨਣਾ ਹੈ ਕਿ ਸਾਹਿਤਕ ਗ੍ਰੰਥਾਂ ਵਿਚ ਇਤਿਹਾਸ ਪੇਸ਼ ਕਰਨ ਦੇ ਤਰੀਕੇ ਨਾਲ ਪਾਠਕ ਨੂੰ ਰਸ ਪ੍ਰਾਪਤ ਹੁੰਦਾ ਹੈ ਅਤੇ ਉਹ ਰਸ ਪਾਠਕ ਹਿਰਦੇ ਨੂੰ ਟੁੰਬਦਾ ਹੈ। ਬਿਰਤਾਂਤਿਕ ਭਾਵ ਤੋਂ ਉਨ੍ਹਾਂ ਦਾ ਮੰਨਣਾ ਹੈ ਕਿ ਇਤਿਹਾਸ ਵਿਚ ਘਟਨਾ ਦੇ ਵੇਰਵਿਆਂ ਨੂੰ ਬਿਰਤਾਂਤਿਕ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਇਹ ਲੌਕਿਕ ਅਤੇ ਅਲੌਕਿਕ ਘਟਨਾਵਾਂ ਦੀ ਸੂਚਨਾ ਦਿੰਦਾ ਹੈ। ਆਮ ਤੌਰ ਤੇ ਇਹ ਲੌਕਿਕ ਘਟਨਾਵਾਂ ਨਾਲ ਜੁੜਿਆ ਹੁੰਦਾ ਹੈ ਪਰੰਤੂ ਰੂਹਾਨੀ ਵਿਅਕਤੀਆਂ ਦੇ ਜੀਵਨ ਦੀ ਪੇਸ਼ਕਾਰੀ ਲਈ ਇਹ ਅਲੌਕਿਕ ਖੇਤਰ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਤੀਸਰੇ ਪ੍ਰਵਾਹ ਅਧਿਆਤਮਿਕ ਭਾਵ ਦੀ ਵਿਆਖਿਆ ਵਿਚ ਧਾਰਮਿਕ ਗ੍ਰੰਥਾਂ ਵਿਚ ਪੇਸ਼ ਕੀਤੇ ਇਤਿਹਾਸ ਜਿਵੇਂ ਕਿ ਅੰਜੀਲ ਆਦਿ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ।[43]

ਸਿੱਖ ਧਰਮ ਵਿਚ ਇਤਿਹਾਸ ਦੀ ਥਾਂ ਬਾਰੇ ਚਰਚਾ ਕਰਦਿਆਂ ਭਾਈ ਵੀਰ ਸਿੰਘ ਨੇ ਲਿਖਿਆ ਹੈ ਕਿ 'ਸਿੱਖ ਧਰਮ ਵਿਚ ਨਿਰਾ ਇਤਿਹਾਸ ਇਸ ਦਾ ਮੂਲ ਜਾਂ ਇਸ ਦੀ ਟੇਕ ਨਹੀਂ। ਇਸ ਦੀ ਮੂਲ ਟੇਕ ਸਤਿਗੁਰਾਂ ਦੀ ਬਾਣੀ ਤੇ ਹੁਕਮ ਹਨ। ਇਹ ਧਰਮ ਨਾ ਇਤਿਹਾਸ ਸ਼ੂਨ ਹੈ ਤੇ ਨਾ ਇਸ ਵਿਚ ਇਤਿਹਾਸ ਦਾ ਤ੍ਰਿਸਕਾਰ ਹੈ। ਇਸ ਦੇ ਦਾਤੇ ਸਤਿਗੁਰ ਜੀ ਜਗਤ ਵਿਚ ਆਏ, ਵਿਚਰੇ ਤੇ ਉਨ੍ਹਾਂ ਨੇ ਜੀਆਦਾਨ, ਨਾਮਦਾਨ ਤੇ ਉਪਦੇਸ਼ ਦਾਨ ਦਿੱਤਾ, ਸੋ ਇੰਨ੍ਹਾਂ ਗੱਲਾਂ ਦਾ ਹੋਣਾ ਵਾਕਜਾਤ ਦਾ ਸਿਲਸਿਲਾ ਹੋ ਗਿਆ, ਇਸ ਦੀ ਯਾਦ ਲਿਖੀ ਚਾਹੇ ਕੰਠਾਗਰ ਰਹਿ ਗਈ, ਇਹ ਇਤਿਹਾਸ ਹੋ ਗਿਆ। ਆਪ ਨੇ ਉਪਦੇਸ਼ ਦਿੱਤੇ, ਲੋਕਾਂ ਨਾਲ ਵਾਹ ਪਏ, ਮਿਹਰਾਂ ਕੀਤੀਆਂ, ਮੁਸ਼ਕਿਲਾਂ ਆਈਆਂ, ਖੇਦ ਝੱਲੇ. ਅਸੂਲ ਪਾਲੇ, ਆਪੇ ਵਾਰੇ, ਲੋਕੀਂ ਹਨੇਰੇ ਵਿਚੋਂ ਕਢੇ,ਜੀਵਤ ਭਾਵ ਵਿਚ ਆਂਦੇ, ਉਹਨਾਂ ਜੀ ਉਠਿਆਂ ਨੇ ਆਪਾ ਵਾਰ ਕਰਨੀਆਂ ਦੇ ਕਮਾਲ ਵਿਖਾਏ। ਇਹ ਸਾਰਾ ਕੁਝ ਇਤਿਹਾਸ ਦਾ ਬ੍ਰਿਤਾਂਤਕ ਹਿੱਸਾ ਬਣ ਗਿਆ। ਇਸ ਨੇ ਸਾਹਿਯਤਕ ਰੂਪ ਵੀ ਲਿਆ।'[44] ਭਾਈ ਸਾਹਿਬ ਨੇ ਸਿੱਖ ਇਤਿਹਾਸ ਦੇ ਰੂਪਾਂ ਦਾ ਵਰਨਣ ਕਰਦਿਆਂ ਉਨਾਂ ਇਸ ਨੂੰ 'ਸਾਰੰਸ਼ਿਕ' ਅਤੇ 'ਸਵਿਸਥਾਰਿਕ' ਦੋ ਭਾਗਾਂ ਵਿਚ ਵੰਡਿਆ ਹੈ। ਸਾਰੰਸ਼ਿਕ ਇਤਿਹਾਸ ਦੇ ਸਰੋਤਾਂ ਵਜੋਂ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਨੂੰ ਸ਼ਾਮਿਲ ਕੀਤਾ ਹੈ। 'ਸਵਿਸਥਾਰਿਕ ਇਤਿਹਾਸ' ਵਿਚ ਜਨਮ ਸਾਖੀ ਸਾਹਿਤ ਤੋਂ ਇਲਾਵਾ, ਗੁਰਬਿਲਾਸ, ਪੰਥ ਪ੍ਰਕਾਸ਼, ਅਤੇ ਸਾਖੀ ਸਾਹਿਤ ਆਦਿ

---

42 ਕਿਰਪਾਲ ਸਿੰਘ (ਸੰਪਾ.), *ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974, ਪੰ.3.

43 *ਉਹੀ,* ਪੰਨੇ 3-6.

44 *ਉਹੀ,* ਪੰ.7.

ਸ਼ਾਮਿਲ ਕੀਤਾ ਹੈ। ਸਵਿਸਥਾਰਿਕ ਇਤਿਹਾਸ ਤੋਂ ਇਲਾਵਾ ਇਤਿਹਾਸ ਦੀਆਂ 'ਵਿਗਿਆਨਿਕ ਇਤਿਹਾਸ' ਅਤੇ 'ਕੋਮਲ ਉਨਰੀ ਇਤਿਹਾਸ' ਹੋਰ ਦੋ ਕਿਸਮਾਂ ਦਸੀਆਂ ਹਨ। ਵਿਗਿਆਨਕ ਇਤਿਹਾਸ ਵਿਚ ਯੂਰਪੀਆਂ ਦੁਆਰਾ ਲਿਖੇ ਬਿਰਤਾਂਤ ਹਨ। ਕੋਮਲ ਉਨਰੀ ਇਤਿਹਾਸ ਵਿਚ ਕੋਮਲ ਕਲਾਵਾਂ ਆਦਿ ਨੂੰ ਸ਼ਾਮਿਲ ਕੀਤਾ ਹੈ।[45]

ਭਾਰਤ ਦੇ ਪ੍ਰਾਚੀਨ ਸਮੇਂ ਵਿਚ ਇਤਿਹਾਸਿਕ ਸੂਝ ਦੀ ਘਾਟ ਦਾ ਜ਼ਿਕਰ ਆਮ ਵਿਦਵਾਨਾਂ ਦੁਆਰਾ ਕੀਤਾ ਜਾਂਦਾ ਹੈ। ਇਸ ਲਈ ਵੈਦਿਕ ਸਾਹਿਤ ਦੀ ਰਚਨਾ ਦੇ ਸਮੇਂ ਦਾ ਪੂਰੀ ਤਰ੍ਹਾਂ ਨਿਸ਼ਚਿਤ ਨਾ ਹੋਣ ਬਾਰੇ ਪ੍ਰਮਾਣ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਇਸ ਦੇਸ਼ ਵਿਚ ਪ੍ਰਚਲਿਤ ਅਨੇਕ ਸੰਮਤ ਪ੍ਰਣਾਲੀਆਂ ਜਿਹੜੀਆਂ ਦਾ ਆਪਸ ਵਿਚ ਮੇਲ ਨਹੀਂ ਇਸ ਘਾਟ ਦੇ ਆਰੋਪ ਦੇ ਸਹੀ ਹੋਣ ਉਪਰ ਮੁਹਰ ਲਾਉਂਦੀਆਂ ਹਨ।[46] ਇਸ ਗੱਲ ਦਾ ਇਸ਼ਾਰਾ ਐਮ.ਕੇ. ਪਾਨੀਕਰ ਨੇ ਆਪਣੀ ਪੁਸਤਕ *'A Survey of Indian History'* ਵਿਚ ਕੀਤਾ ਹੈ। ਇਸ ਵਿਚ ਉਨ੍ਹਾਂ ਨੇ ਚੀਨ ਦੇ ਇਤਿਹਾਸਕਾਰ ਡਾ. ਯੂ.ਤਾ.ਵੀ. ਦੁਆਰਾ ਭਾਰਤੀਆਂ ਵਿਚ ਇਤਿਹਾਸਿਕ ਸੂਝ ਦੀ ਘਾਟ ਹੋਣ ਲਈ ਮਾਰੇ ਗਏ ਤਾਅਨੇ ਦਾ ਵੀ ਜ਼ਿਕਰ ਕੀਤਾ ਹੈ।[47] ਇਤਿਹਾਸ ਨੂੰ 'ਬੀਤੇ ਸਮੇਂ ਦੀਆਂ ਘਟਨਾਵਾਂ, ਥਾਵਾਂ, ਲੋਕਾਂ, ਵਿਸ਼ੇਸ਼ ਵਿਅਕਤੀਆਂ ਅਤੇ ਕਾਲਾਂ ਦਾ ਨਿਯਮਿਤ ਰੂਪ ਵਿਚ ਕਾਲਕ੍ਰਮ ਅਨੁਸਾਰ ਕੀਤਾ ਗਿਆ ਵਰਨਣ'[48] ਕਿਹਾ ਜਾਂਦਾ ਹੈ। ਇਸ ਦੇ ਦੋ ਅਧਾਰ ਮੰਨੇ ਜਾਂਦੇ ਹਨ, ਪਹਿਲਾ ਕੋਈ ਖਾਸ ਸਮਾਂ ਅਤੇ ਦੂਜਾ ਕਿਸੇ ਖਾਸ ਘਟਨਾ ਸਥਾਨ ਦੇ ਬਚੇ-ਖੁਚੇ ਨਿਸ਼ਾਨ ਜਿਹੜੇ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹੁੰਦੇ ਹਨ। ਭਾਵ ਇਹ ਵੱਖ-ਵੱਖ ਸਰੋਤਾਂ ਉਪਰ ਨਿਰਭਰ ਕਰਦਾ ਹੈ। ਇਹ ਆਪਣੇ ਸੁਭਾਅ ਵਜੋਂ ਨਾ ਤਾਂ ਨਿਰੋਲ ਵਿਗਿਆਨ ਦੀ ਤਰ੍ਹਾਂ ਹੁੰਦਾ ਹੈ ਅਤੇ ਨਾ ਹੀ ਫਲਸਫੇ ਦੀ ਤਰ੍ਹਾਂ। ਇਹ ਇੰਨ੍ਹਾਂ ਦੋਹਾਂ ਦਾ ਸੁਮੇਲ ਹੈ। ਭਾਵ ਇਸ ਵਿਚ ਯਥਾਰਥ ਦਾ ਚਿਤਰਨ ਕਰਨ ਲਈ ਕਲਪਨਾ ਦਾ ਸਹਾਰਾ ਵੀ ਲਿਆ ਜਾ ਸਕਦਾ ਹੈ। ਇਸ ਦਾ ਮੁਢ ਕਵਿਤਾ ਜਾਂ ਵੀਰ ਕਹਾਣੀ ਦੇ ਰੂਪ ਵਿਚ ਬਝਿਆ। ਲਿਖਤ ਅਤੇ ਕਾਗਜ ਆਦਿ ਦੀਆਂ ਖੋਜਾਂ ਨੇ ਇਸ ਲਈ ਲਿਖਤੀ ਸਰੋਤਾਂ ਦੀ ਥੁੜ ਪੂਰੀ ਕਰਨ ਦਾ ਕਾਰਜ ਕੀਤਾ।[49]

ਇਹ ਆਮ ਵਿਚਾਰ ਹੈ ਕਿ ਇਤਿਹਾਸਿਕ ਸੂਝ ਅਤੇ ਤਿਥਾਵਲੀ ਦੀ ਇਕਸਾਰਤਾ ਸਾਮੀ ਲੋਕਾਂ

---

[45] ਕਿਰਪਾਲ ਸਿੰਘ (ਸੰਪਾ.), *ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974,ਪੰਨੇ 9-18.

[46] Romilia Thaper, *History of India,* Asia Publishing House, Delhi, 1956, p.337.

[47] *Ibid,* p.vii.

[48] *ਪੰਜਾਬੀ ਵਿਸ਼ਵਕੋਸ਼ (ਜਿਲਦ ਤੀਜੀ),* ਭਾਸ਼ਾ ਵਿਭਾਗ ਪੰਜਾਬ, 1989, ਪੰ.67.

[49] *ਉਹੀ,* ਪੰ. 67.

(ਯਹੂਦੀਆਂ, ਈਸਾਈਆਂ ਅਤੇ ਮੁਸਲਮਾਨਾਂ) ਦੀ ਦੇਣ ਹੈ।[50] ਉਨ੍ਹਾਂ ਨੇ ਤੱਥਾਂ ਦੀ ਵਿਆਖਿਆ ਲਈ ਈਸਵੀ ਅਤੇ ਹਿਜਰੀ ਸੰਮਤ ਦੀ ਵਰਤੋਂ ਕੀਤੀ। ਵਿਦਵਾਨਾਂ ਨੇ ਤਿਥਾਵਲੀ ਦੀ ਸੂਝ ਤੋਂ ਇਲਾਵਾ ਕੁਝ ਹੋਰ ਗੱਲਾਂ ਜਾਂ ਸਿਧਾਂਤ ਨਿਸ਼ਚਿਤ ਕੀਤੇ ਹਨ[51]:

1. ਇਤਿਹਾਸਿਕ ਕਿਰਤ ਦੇ ਨਾਲ-ਨਾਲ ਇਤਿਹਾਸਕਾਰ ਦਾ ਵੀ ਅਧਿਐਨ ਕਰਨਾ ਚਾਹੀਦਾ ਹੈ, ਕਿਉਂਕਿ ਇਤਿਹਾਸਿਕ ਤੱਥ ਖਾਲਸ ਰੂਪ ਵਿਚ ਸਾਡੇ ਤਕ ਨਹੀਂ ਅਪੜਦੇ ਹਮੇਸ਼ਾ ਹੀ ਲਿਖਣ ਵਾਲੇ ਦੇ ਮਨ ਵਿਚੋਂ ਦੀ ਪਰਵਿਰਤ ਹੋ ਕੇ ਆਉਂਦੇ ਹਨ। ਉਨ੍ਹਾਂ ਉਪਰ ਇਤਿਹਾਸਕਾਰ ਦੀ ਵੀਚਾਰਧਾਰਾ ਦਾ ਪ੍ਰਭਾਵ ਜਰੂਰ ਪੈਂਦਾ ਹੈ।
2. ਇਤਿਹਾਸਕਾਰ ਅਤੇ ਇਤਿਹਾਸਿਕ ਕਿਰਤ ਦੇ ਸਮਾਜਿਕ ਪਿਛੋਕੜ ਦਾ ਹਮੇਸ਼ਾ ਧਿਆਨ ਰਖਣਾ ਚਾਹੀਦਾ ਹੈ।
3. ਇਤਿਹਾਸਕਾਰ ਅਤੀਤ ਦਾ ਵਰਨਣ ਕਰਤਾ ਹੁੰਦਾ ਹੈ। ਇਸ ਲਈ ਇਹ ਆਪਣੇ ਵਿਚਾਰਾਂ ਕਰਕੇ ਅਤੀਤ ਨਾਲ ਸੰਬੰਧਿਤ ਹੁੰਦਾ ਹੈ। ਉਹ ਨਿਰਜਿੰਦ ਅਤੀਤ ਦਾ ਵਰਨਣ ਹੀ ਨਹੀਂ ਕਰਦਾ ਬਲਕਿ ਉਹ ਸਾਡੇ ਵਿਚ ਕਿਤੇ ਨਾ ਕਿਤੇ ਜਿਉਂ ਰਹੇ ਅਤੀਤ ਬਾਰੇ ਚਰਚਾ ਕਰਦਾ ਹੈ।
4. ਇਤਿਹਾਸਕਾਰ ਵਿਚ ਚੀਜਾਂ ਨੂੰ ਵਰਨਣ ਕਰਨ ਸਮੇਂ ਉਸ ਵਿਚ ਕਲਪਨਾ ਸੂਝ ਦੀ ਜਰੂਰਤ ਹੁੰਦੀ ਹੈ। ਉਸਦੀ ਲਿਖਤ ਵਿਚ ਹਮਦਰਦੀ ਦੀ ਭਾਵਨਾਂ ਨਹੀਂ ਹੋਣੀ ਚਾਹੀਦੀ। ਇਸ ਨਾਲ ਇਤਿਹਾਸ ਦੀ ਵਿਗਿਆਨਕਤਾ ਘਟ ਜਾਂਦੀ ਹੈ।
5. ਇਤਿਹਾਸ ਦੀ ਕਾਲ ਵੰਡ ਦੀ ਪ੍ਰਥਾ ਸਿਰਫ ਪੂਰਵ-ਧਾਰਨਾ (Hypothesis) ਦਾ ਕੰਮ ਕਰਦੀ ਹੈ। ਇਹ ਕਾਲ ਵੰਡ ਦੀਆਂ ਕਠੋਰ ਸੀਮਾਵਾਂ ਵਿਚ ਨਹੀਂ ਵੰਡਿਆ ਜਾ ਸਕਦਾ।

ਉਪਰੋਕਤ ਵਿਚਾਰ ਸਾਡੇ ਸਾਹਮਣੇ ਇਕ ਰੂਪ ਰੇਖਾ ਉਲੀਕਦੇ ਹਨ ਕਿ ਇਤਿਹਾਸਕਾਰ ਨੂੰ ਇਤਿਹਾਸਿਕ ਤੱਥਾਂ ਦੇ ਇਕਤਰਿਤ ਕਰਨ, ਉਨ੍ਹਾਂ ਦਾ ਵਿਸ਼ਲੇਸ਼ਣ ਕਰਨ, ਕਾਲ-ਵੰਡ ਦਾ ਨਿਰਣਾ ਕਰਨ, ਆਪਣੀ ਵਿਚਾਰਧਾਰਾ ਤੋਂ ਨਿਰਪੇਖਤਾ ਰਖਣ, ਵਰਤਮਾਨ ਵਿਚ ਉਸਦੀ ਸਾਰਥਿਕਤਾ ਦਰਸਾਉਣ ਆਦਿ ਦੀ ਸਮਝ ਹੋਣੀ ਚਾਹੀਦੀ ਹੈ। ਭਾਵੇਂ ਇਹ ਵਿਚਾਰ ਭਾਈ ਵੀਰ ਸਿੰਘ ਨੇ ਵੀ ਪੇਸ਼ ਕੀਤੇ ਹਨ, ਪ੍ਰੰਤੂ ਉਨ੍ਹਾਂ ਦਾ ਗੱਲ

---

[50] ਅਮਰਜੀਤ ਸਿੰਘ ਢਿਲੋਂ, 'ਇਤਿਹਾਸਿਕ ਸੂਝ: ਇਕ ਸਿਧਾਂਤਕ ਵਿਸ਼ਲੇਸ਼ਣ', *ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ: ਕੁਝ ਦ੍ਰਿਸ਼ਟੀਕੋਣ (ਤੀਜੀ ਪੰਜਾਬੀ ਵਿਕਾਸ ਕਾਨਫਰੰਸ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 7-9 ਦਸੰਬਰ 1984, ਪੰ.20.

[51] *ਉਹੀ.*

ਸਮਝਾਉਣ ਦਾ ਲਹਿਜਾ ਜਰਾ ਸੁਖਾਲਾ ਹੈ ਅਤੇ ਧਰਮ ਅਧਿਐਨ ਦੇ ਖੋਜਾਰਥੀਆਂ ਦੇ ਪਕੜ ਵਿਚ ਉਨ੍ਹਾਂ ਦੀ ਗੱਲ ਛੇਤੀ ਆ ਸਕਦੀ ਹੈ।

ਭਾਈ ਰਣਧੀਰ ਸਿੰਘ ਦੀਆਂ ਪੁਸਤਕਾਂ ਦਾ ਅਧਿਐਨ ਕਰਦਿਆਂ ਉਪਰੋਕਤ ਵਿਚ ਕਿੰਨ੍ਹਾਂ ਚੀਜਾਂ ਜਾਂ ਧਾਰਨਾਵਾਂ ਦੇ ਦਰਸ਼ਨ ਹੁੰਦੇ ਹਨ। ਇਹ ਅਸੀਂ ਉਨ੍ਹਾਂ ਦੀਆਂ ਕਿਰਤਾਂ ਵਿਚ ਇਤਿਹਾਸਿਕ ਸਮਗਰੀ ਦੀ ਪੁਣਛਾਣ ਕਰਦਿਆਂ ਜਾਨਣ ਦੀ ਕੋਸ਼ਿਸ਼ ਕਰਾਂਗੇ। ਉਨ੍ਹਾਂ ਦੁਆਰਾ ਕੀਤੀ ਇਤਿਹਾਸਕਾਰੀ ਨੂੰ ਅਸੀਂ ਹੇਠ ਲਿਖੇ ਸਿਰਲੇਖਾਂ ਅਧੀਨ ਵਿਚਾਰ ਸਕਦੇ ਹਾਂ:

1. **ਗੁਰ ਇਤਿਹਾਸ:** ਭਾਈ ਸਾਹਿਬ ਨੇ ਗੁਰ-ਇਤਿਹਾਸ ਉਪਰ ਵਿਸ਼ੇਸ਼ ਕਾਰਜ ਕੀਤਾ। ਇਸ ਲਈ ਉਨ੍ਹਾਂ ਨੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਤਾਰੀਖਾਂ ਨੂੰ ਸੋਧਣ ਦਾ ਕਾਰਜ ਕੀਤਾ। ਇਸ ਉਦਮ ਦਾ ਸਦਕਾ ਇਕ ਪੂਰੀ ਪੁਸਤਕ 'ਗੁਰ-ਪ੍ਰਣਾਲੀਆਂ ਹੋਂਦ ਵਿਚ ਆਈ। ਇਸ ਪੁਸਤਕ ਦੀ ਮੁਢਲੀ ਜਾਣਕਾਰੀ ਪਿਛਲੇ ਅਧਿਆਇ ਵਿਚ ਦਿੱਤੀ ਜਾ ਚੁਕੀ ਹੈ। ਇਸ ਲਈ ਉਨ੍ਹਾਂ ਲਗਪਗ 15 ਗੁਰਪ੍ਰਣਾਲੀਆਂ ਦਾ ਅਧਿਐਨ ਕਰਕੇ 'ਸ਼ੁੱਧ ਗੁਰ-ਪ੍ਰਣਾਲੀ' ਤਿਆਰ ਕੀਤੀ। ਗੁਰੂ ਗ੍ਰੰਥ ਸਾਹਿਬ ਵਿਚੋਂ ਇਕਤਰ ਗੁਰ-ਪ੍ਰਣਾਲੀਆਂ ਦੀ ਬਾਰੇ ਲਿਖਦਿਆਂ ਭਾਈ ਸਾਹਿਬ ਦਸਦੇ ਹਨ:

'ਪੰਜਵੇਂ ਗੁਰੂ ਪਾਤਿਸ਼ਾਹ ਨੇ, ਹਜ਼ੂਰੀ ਕਵੀਸ਼ਰਾਂ ਤੇ ਦਰਬਾਰੀ ਢਾਢੀਆਂ ਪਾਸੋਂ 'ਗੁਰ-ਪ੍ਰਣਾਲੀਆਂ' ਲਿਖਵਾ ਕੇ; ਅਤੇ ਉਨ੍ਹਾਂ 'ਤੇ ਪ੍ਰਵਾਨਗੀ ਦੀ ਮੁਹਰ (ਮੁੰਦਾਵਣੀ) ਲਾ ਕੇ; ਪੰਜਾਂ ਪੀੜ੍ਹੀਆਂ ਤੱਕ ਗੁਰ-ਗੱਦੀ ਪੱਕੀ ਕਰ ਦਿੱਤੀ ਸੀ। ਤਾਂਹੀਓ ਗੁਰੂ-ਰੈ-ਭਾਣੂ (ਸੂਰਜ) ਦੇ ਸਾਮ੍ਹਣੇ, ਕੋਈ ਹੋਰ 'ਟਟਾਣਾ' ਆਪਣੀ ਵੱਖਰੀ "ਜੋਤਿ" ਨਹੀਂ ਸੀ ਟਮਕਾ ਸਕਿਆ। ਐਪਰ ਸਮੇਂ ਦੇ ਈਰਖਾਲੂ ਹਾਕਿਮਾਂ ਨੇ ਸੱਚ-ਧਰਮ ਦੀ ਇਸ 'ਸ਼ੱਮਾਂ' ਨੂੰ ਜ਼ੋਰ-ਜ਼ੁਲਮ ਦਾ ਝੱਖੜ ਝੁਲਾ ਕੇ, ਬੁਝਾਣ ਦਾ ਦਾਈਆ ਬੰਨ ਲਿਆ; ਅਤੇ ਸਤਿਗੁਰੁ ਨਾਨਕ ਦੇ ਸਾਜੇ ਸੱਚ ਸਿੰਘਾਸਣ ਦੇ ਅਸਲ ਵਾਰਿਸ ਨੂੰ ਵੀ ਬੰਦੀਵਾਨ ਬਣਾ ਲਿਆ; ਤਾਂ ਮੌਕਾ ਤਾੜ ਕੇ, ਸ੍ਰੀ ਪਿਰਥੀ ਮੱਲ 'ਮੀਣੇ' ਨੇ ਆਪਣੇ "ਗੁਰੂ ਸਾਹਿਬ" ਹੋਣ ਦਾ ਐਲਾਨ ਕਰ ਦਿੱਤਾ....'[52]

ਭਾਈ ਰਣਧੀਰ ਸਿੰਘ ਨੇ ਮੀਣਿਆਂ ਦੀ 'ਜਨਮਸਾਖੀ' ਦੀ ਉਦਾਹਰਨਾਂ ਦੇ ਕੇ ਪੰਜਵੇਂ ਪਾਤਸ਼ਾਹ ਤੱਕ ਗੁਰਿਆਈ ਮੰਨ ਲੈਣ ਅਤੇ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ 'ਗੁਰੂ-ਵੰਸ਼' ਵਿਚੋਂ ਖਾਰਜ ਕਰਨ ਦੀ ਗੱਲ ਦੀ ਪੁਸ਼ਟੀ ਕਰਦੇ ਹਨ।

---

[52] ਸ. ਰਣਧੀਰ ਸਿੰਘ (ਸੰਪਾ.), *ਬਾਬਾਣੀ ਪੀੜ੍ਹੀ ਚਲੀ ਗੁਰ-ਪ੍ਰਣਾਲੀਆਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਪ੍ਰੈਲ 1977, ਪੰਨੇ 13-14.

ਆਪਣੀ ਸ਼ੁਧ ਗੁਰ-ਪ੍ਰਣਾਲੀ ਦੇ ਮੁਢ ਵਿਚ ਭਾਈ ਸਾਹਿਬ ਨੇ ਲੰਮੀ ਭੂਮਿਕਾ ਦਿੱਤੀ ਹੈ। ਇਸ ਦਾ ਸਿਰਲੇਖ 'ਸ਼ੁੱਧ ਗੁਰ ਪ੍ਰਣਾਲੀ ੧੩' ਹੈ। ਇਸ ਵਿਚ ਭਾਈ ਸਾਹਿਬ ਨੇ ਭਾਰਤੀਆਂ ਦੀ ਵਿਗਿਆਨਕ ਇਤਿਹਾਸ ਲਿਖਣ ਦੀ ਪਿਰਤ ਤੋਂ ਅਣਜਾਣ ਹੋਣ ਦਾ ਚਾਨਣਾ ਪਾਇਆ ਹੈ। ਇਸ ਵਿਚ ਉਚ ਘਰਾਣਿਆਂ ਦੀਆਂ ਜਨਮ ਪਤ੍ਰੀਆਂ ਬਣਾਉਣ ਬਾਰੇ ਵੀ ਦਸਿਆ ਹੈ। ਸਧਾਰਨ ਜਨਤਾ ਵਿਚ ਸਿਰਫ ਆਪਣੇ ਬਚੇ ਦੇ ਸਿਰਫ ਵਾਰ ਜਾਂ ਥਿਤ ਯਾਦ ਰਖਣ ਦਾ ਹੀ ਖਿਆਲ ਹੁੰਦਾ ਸੀ। ਇਸ ਲਈ ਭਾਂਤ-ਭਾਤ ਦੇ ਤਰੀਕੇ ਅਪਣਾਏ ਜਾਂਦੇ ਸਨ। ਇੰਨ੍ਹਾਂ ਤਰੀਕਿਆਂ ਦੀ ਉਦਾਹਰਨ ਇਸ ਤਰ੍ਹਾਂ ਭਾਈ ਸਾਹਿਬ ਨੇ ਦਿੱਤੀ ਹੈ:

'ਉਹ ਭੀ ਉਸ ਹਾਲਤ ਵਿਚ ਜਦੋਂ ਬਾਲ ਕਿਸੇ ਤਿਥ-ਤਿਉਹਾਰ ਵਿਚ ਯਾ ਉਸਦੇ ਲਾਗੇ-ਛਾਗੇ ਜਨਮਿਆਂ ਹੋਵੇ; ਅਰੁ ਵਾਰ ਨਾਲ ਮਿਲਦਾ ਜੁਲਦਾ ਨਾਮ ਰੱਖ ਲਿਆ ਹੋਵੇ। ਜਿਵੇਂ ਏਕਮ ਵਾਲੇ ਦਿਨ ਏਕਮ ਵਾਲੇ ਦਿਨ ਜੰਮੇ ਬਾਲਕ ਦਾ ਨਾਮ 'ਏਕਮ ਸਿੰਘ', ਐਤਵਾਰਿ ਪੈਦਾ ਹੋਏ ਬੱਚੇ ਦਾ ਆਤੂ, ਆਤੋ; ਬੁੱਧਵਾਰ ਪ੍ਰਗਟੇ ਨੀਂਗਰ ਦਾ ਨਾਉਂ ਬੁੱਧੂ, ਬੁੱਧਾ ਯਾ ਬੁੱਧ ਪ੍ਰਕਾਸ਼ ਆਦਿ। ਪੁੱਤ੍ਰ ਦੀ ਉਮਰ ਦੇ ਵਰ੍ਹੇ ਗਿਣਨ ਲਈ ਰੀਝ ਵਾਲੀਆਂ ਮਾਵਾਂ, ਉਸ ਦੇ ਗਲ 'ਚ ਪਾਏ ਹੱਸ (ਤੰਦੀਰੀ) ਵਿਚ ਇਕ ਛੱਲਾ ਚਾਂਦੀ ਦਾ ਚੜ੍ਹਾ ਦੇਂਦੀਆਂ ਸਨ, ਜਿਸ ਨੂੰ ਵਧਾਵਾ ਆਖਿਆ ਜਾਂਦਾ ਸੀ। ਇਹ ਸਿਲਸਿਲਾ ਭੀ ਕਿਸ਼ੋਰ ਅਵਸਥਾ (ਬਾਰਾਂ-ਤੇਰਾਂ ਵਰ੍ਹੇ) ਤੱਕ ਹੀ ਜਾਰੀ ਰਹਿੰਦਾ ਸੀ। ਹੱਸ ਲਹਿ ਕੇ ਜੰਞੂ ਪੈ ਜਾਂਦਾ, ਤਾਂ ਮਾਤਾ ਦੀ ਇਹ ਗਿਣਤ ਰੀਝ ਵੀ ਮੁਕ ਜਾਂਦੀ; ਤੇ ਜਨਮ-ਸੰਮਤ ਦਾ ਚੇਤਾ ਭੀ ਨਾਲ ਹੀ ਵਿਸਰ ਜਾਂਦਾ।'[53]

ਗੁਰ-ਇਤਿਹਾਸ ਦੀ ਗੱਲ ਕਰਦਿਆਂ ਭਾਈ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਪਾਤਸ਼ਾਹ ਤੱਕ ਦਾ ਇਤਿਹਾਸ ਲਿਖਿਆ ਹੈ। ਇਹ ਇਤਿਹਾਸ ਕਿਸੇ ਇਕ ਪੁਸਤਕ ਵਿਚ ਵਿਸਥਾਰ ਸਹਿਤ ਨਹੀਂ ਮਿਲਦਾ ਬਲਕਿ ਲੇਖਾਂ ਅਤੇ ਪੁਸਤਕਾਂ ਵਜੋਂ ਹਵਾਲਿਆਂ ਦੇ ਰੂਪ ਵਿਚ ਉਪਲਬਧ ਹੈ। ਜੇਕਰ *ਗੁਰ-ਪ੍ਰਣਾਲੀਆਂ* ਪੁਸਤਕ ਵਿਚ ਵੇਖਿਆ ਜਾਵੇ ਤਾਂ ਇਹ ਇਤਿਹਾਸ ਵੱਖ-ਵੱਖ ਗੁਰ-ਪ੍ਰਣਾਲੀਆਂ ਦੇ ਵੇਰਵੇ ਦਿੰਦਿਆਂ ਅਤੇ ਆਪਣੀਆਂ ਗੁਰ-ਪ੍ਰਣਾਲੀਆਂ ਦੀ ਸਥਾਪਤੀ ਕਰਦਿਆਂ ਸੰਖੇਪ ਰੂਪ ਵਿਚ ਦਿੱਤਾ ਹੈ। ਮੁਖ ਰੂਪ ਵਿਚ ਇਹ ਗੁਰੂ ਸਾਹਿਬਾਨ ਨਾਲ ਸੰਬੰਧਿਤ ਜਨਮ, ਵਿਆਹ, ਜੋਤੀ-ਜੋਤਿ ਸਮਾਉਣ ਦੀਆਂ ਤਾਰੀਖਾਂ ਦੇ ਵੇਰਵਿਆਂ ਅਤੇ ਫੁੱਟ-ਨੋਟਾਂ ਦੇ ਰੂਪ ਵਿਚ ਥਾਂ-ਥਾਂ ਦਰਜ ਹੈ।

ਲੇਖਾਂ ਦੇ ਰੂਪ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ

---

[53] ਸ. ਰਣਧੀਰ ਸਿੰਘ (ਸੰਪਾ.), *ਬਾਬਾਣੀ ਪੀੜ੍ਹੀ ਚਲੀ ਗੁਰ-ਪ੍ਰਣਾਲੀਆਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਪ੍ਰੈਲ 1977, ਪੰ. 277.

ਗੋਬਿੰਦ ਸਿੰਘ ਜੀ ਨਾਲ ਸੰਬਧਿਤ ਕੁਝ ਲੇਖ ਇੰਨ੍ਹਾਂ ਦੇ ਪ੍ਰਾਪਤ ਹਨ। ਇੰਨ੍ਹਾਂ ਦਾ ਮੂਲ ਵਿਸ਼ਾ ਗੁਰੂ ਸਾਹਿਬਾਨ ਬਾਰੇ ਪੁਖਤਾ ਜਾਣਕਾਰੀ ਦੇਣਾ ਹੈ। ਇਸ ਜਾਣਕਾਰੀ ਵਿਚ ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਇਤਿਹਾਸਿਕ ਸਥਾਨ ਅਤੇ ਮਿਤੀਆਂ ਉਪਰ ਕੇਂਦਰਿਤ ਰਿਹਾ ਗਿਆ ਹੈ। ਇਸ ਦਾ ਕਾਰਨ ਭਾਈ ਸਾਹਿਬ ਸਿੱਖ ਸਰੋਤਾਂ ਵਿਚ ਮਿਲਦੇ ਗਲਤ ਵੇਰਵੇ ਜਾਂ ਪੌਰਾਣਿਕ ਢੰਗ ਨਾਲ ਲਿਖੇ ਇਤਿਹਾਸ ਨੂੰ ਮੰਨਦੇ ਹਨ। ਉਨ੍ਹਾਂ ਦਾ ਮੁਖ ਮਕਸਦ ਇਸ ਇਤਿਹਾਸ ਦਾ ਵਿਸ਼ਲੇਸ਼ਣ ਕਰਨਾ ਰਿਹਾ ਹੈ। ਇਸ ਦੀ ਉਦਾਹਰਨ ਉਨ੍ਹਾਂ ਦੇ ਇਕ ਲੇਖ 'ਸਿੱਖ ਸਾਖੀਆਂ ਅਤੇ ਹਕੀਕਤਾਂ' ਵਿਚੋਂ ਵੇਖ ਸਕਦੇ ਹਾ:

'ਗੁਰੂ ਬਾਬੇ ਦਾ ਬਾਬਰ ਨਾਲ ਮੇਲ-ਸਾਡੇ ਬਹੁਤੇ ਸਾਖੀ ਲੇਖਕਾਂ ਨੇ ਕਾਬੁਲ ਵਿਚ ਬਿਆਨ ਕੀਤਾ ਹੈ; ਤੇ ਓਥੇ ਹੀ ਭੰਗ ਤੇ ਰਾਜ-ਭਾਗ ਦਾ ਵਟਾਂਦਰਾ ਹੋਇਆ ਦੱਸਿਆ ਹੈ। ਲੇਕਿਨ ਬਾਬਰ ਨੇ ਆਪਣੀ ਲਿਖੀ ਤਾਰੀਖ- 'ਤੁਜ਼ਕਿ ਬਾਬਰੀ' ਦੇ ਸੰਮਤ ੧੫੭੫ ਬਿ: (੧੫੧੮ ਈ:) ਤੱਕ ਇਸ ਮੇਲ ਮੁਲਾਕਾਤ ਦਾ ਕੋਈ ਜ਼ਿਕਰ ਨਹੀਂ ਕੀਤਾ। ਹਾਲਾਂ ਕਿ ਹਰ ਛੋਟੇ-ਮੋਟੇ ਪੀਰ-ਫਕੀਰ ਦਾ ਹਾਲ ਦੱਸਿਆ ਹੈ; ਜੋ ਉਸ ਨੂੰ ਮਿਲਿਆ। ਉਪਰੰਤ ੧੮੫੩ ਬਿ: (੧੫੨੬ ਈ:) ਤੱਕ ਦੇ ਸਮਾਚਾਰ ਉਸਨੇ ਲਿਖੇ ਹੀ ਨਹੀਂ। ਜਾਣਕੇ ਛੱਡ ਦਿੱਤੇ, ਕਿ ਫੁਰਸਤ ਨਹੀਂ ਮਿਲੀ! ਰੱਬ ਜਾਣੇ! 'ਗੁਰ ਬਿਲਾਸ ਪਾ:੬' ਦੇ ਲੇਖਕ ਨੇ ਇਸ 'ਮੇਲ' ਤੇ 'ਵਰ' ਦਾ ਸੰਬੰਧ 'ਬਾਬਰ' ਤੋਂ ਛੇ ਪੀੜ੍ਹੀਆਂ ਉਤਾਂਹ ਜਾ ਕੇ ਅਮੀਰ ਤੈਮੂਰ 'ਲੱਙੇ' ਨਾਲ ਜੋੜਿਆ ਹੈ।'[54]

ਉਹ ਉਪਰੋਕਤ ਅਣਗਹਿਲੀ ਅਤੇ ਗਲਤ ਬਿਆਨੀ ਦੇ ਉਤਰ ਵਜੋਂ ਕਾਰਨ ਇਹ ਲਭਦੇ ਹਨ ਕਿ ' ਇੰਨ੍ਹਾਂ ਦੇ ਲਿਖਾਰੀਆਂ ਪਾਸ ਬੀ-ਜਾਪਦਾ ਇ- ਸੁੱਧ ਮਸਾਲਾ ਮੌਜੂਦ ਨਹੀਂ ਸੀ; ਯਾ ਉਨ੍ਹਾਂ ਫਾਰਸੀ ਆਦਿ ਬੋਲੀਆਂ 'ਚੋਂ ਆਪਣੇ ਗੁਰੂ ਸਾਹਿਬਾਂ ਦਾ- ਇਤਿਹਾਸਕ ਖੋਜਣ ਦੀ ਖੇਚਲਾ ਨਹੀਂ ਕੀਤੀ।'[55]

2. **ਗੁਰੂ-ਮਾਤਾਵਾਂ, ਪਿਤਾ, ਮਹਿਲਾਂ ਅਤੇ ਗੁਰ-ਸੰਤਾਨ ਬਾਰੇ ਵੇਰਵੇ:** ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਵੇਰਵਿਆਂ ਦੇ ਨਾਲ ਉਹ ਗੁਰ-ਪ੍ਰਣਾਲੀਆਂ ਦੀ ਵਿਆਖਿਆ ਕਰਦਿਆਂ ਉਨ੍ਹਾਂ ਦੇ ਮਾਤਾ-ਪਿਤਾ, ਮਹਿਲਾਂ ਅਤੇ ਸੰਤਾਨ ਬਾਰੇ ਜਾਣਕਾਰੀ ਦਿੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਅਤੇ ਮਾਤਾ ਜੀਤੋ ਜੀ ਬਾਰੇ ਭਾਈ ਕੇਸਰ ਸਿੰਘ ਛਿੱਬਰ ਅਤੇ ਕੁਝ ਫਾਰਸੀ ਗ੍ਰੰਥਾਂ ਦੇ ਹਵਾਲੇ ਨਾਲ ਉਨ੍ਹਾਂ ਦੇ ਹੁਕਮਨਾਮੇ ਅਤੇ ਪ੍ਰਲੋਕ ਗਮਨ ਦੀ ਜਾਣਕਾਰੀ ਨੂੰ ਪੁਖਤਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।[56]

---

54 *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੂਨ 1962, ਪੰ. 61.

55 *ਉਹੀ,* ਪੰ.60.

56 ਸ. ਰਣਧੀਰ ਸਿੰਘ (ਸੰਪਾ.), *ਬਾਬਾਣੀ ਪੀੜ੍ਹੀ ਚਲੀ ਗੁਰ-ਪ੍ਰਣਾਲੀਆਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਪ੍ਰੈਲ 1977, ਪੰਨੇ 120-21.

ਪ੍ਰੰਤੂ ਬਾਕੀ ਗੁਰੂ ਮਹਿਲਾਂ ਦੀ ਜਾਣਕਾਰੀ ਮੁਖ ਰੂਪ ਵਿਚ ਉਨ੍ਹਾਂ ਦੇ ਨਾਵਾਂ ਤੱਕ ਹੀ ਸੀਮਤ ਰਹਿੰਦੀ ਹੈ। ਕਦੇ ਕਦੇ ਆਪਣੀਆਂ ਇਕਤਰ ਕੀਤੀਆਂ ਗੁਰ-ਪ੍ਰਣਾਲੀਆਂ ਦੀ ਵਿਆਖਿਆ ਵਿਚ ਫੁੱਟ-ਨੋਟਾਂ ਵਜੋਂ ਵਿਸਥਾਰਿਤ ਵਿਆਖਿਆ ਵੀ ਕਰ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਪੁਤਰਾਂ ਬਾਬਾ ਸ੍ਰੀ ਚੰਦ, ਲਛਮੀ ਚੰਦ, ਗੁਰੂ ਅੰਗਦ ਦੇਵ ਜੀ ਦੇ ਸਪੁਤਰ ਬਾਬਾ ਮੋਹਨ ਅਤੇ ਮੋਹਰੀ, ਗੁਰੂ ਅਮਰਦਾਸ ਜੀ ਦੇ ਦਾਤੂ ਅਤੇ ਦਾਸੂ, ਬੀਬੀ ਦਾਨੀ ਅਤੇ ਭਾਨੀ, ਗੁਰੂ ਰਾਮਦਾਸ ਜੀ ਦੇ ਸਪੁੱਤਰ ਬਾਬਾ ਪ੍ਰਿਥੀ ਚੰਦ, ਬਾਬਾ ਮਹਾਂਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ, ਗੁਰੂ ਹਰਗੋਬਿੰਦ ਸਾਹਿਬ ਜੀ ਦੀ ਸੰਤਾਨ ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀਰਾਇ ਜੀ, ਬਾਬਾ ਅਟੱਲ ਰਾਇ ਜੀ, ਗੁਰੂ ਤੇਗ ਬਹਾਦਰ ਜੀ ਅਤੇ ਇਕ ਪੁਤਰੀ ਬੀਬੀ ਵੀਰੋ ਜੀ, ਗੁਰੂ ਹਰਿਰਾਇ ਜੀ ਦੇ ਸਪੁੱਤਰ ਬਾਬਾ ਰਾਮ ਰਾਇ ਅਤੇ ਗੁਰੂ ਹਰਿਕ੍ਰਿਸ਼ਨ ਜੀ,ਗੁਰੂ ਤੇਗ ਬਹਾਦਰ ਸਾਹਿਬ ਦੇ ਪੁਤਰ ਗੁਰੂ ਗੋਬਿੰਦ ਸਿੰਘ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਜੋਰਾਵਰ ਸਿੰਘ, ਬਾਬਾ ਜੁਝਾਰ ਸਿੰਘ ਅਤੇ ਬਾਬਾ ਫਤਹ ਸਿੰਘ ਬਾਰੇ ਜਾਣਕਾਰੀ ਦਿਤੀ ਹੈ। ਭਾਵੇਂ ਇਨ੍ਹਾਂ ਬਾਰੇ ਜਾਣਕਾਰੀ ਸਿਰਫ ਇੰਨ੍ਹਾਂ ਦੇ ਜਨਮ ਸੰਮਤ ਅਤੇ ਗੁਰੂ ਸਾਹਿਬਾਨ ਦੀਆਂ ਵੰਸ਼ ਪ੍ਰਣਾਲੀਆਂ ਦੇਣ ਤੱਕ ਸੀਮਤ ਹੈ। ਪਰੰਤੂ ਬਹੁਤ ਥਾਂਈ ਫੁੱਟ-ਨੋਟਾਂ ਜਾਂ ਮੂਲ ਪਾਠ ਦੇ ਰੂਪ ਵਿਚ ਵੀ ਸਾਹਿਬਜ਼ਾਦਿਆਂ ਦਾ ਜ਼ਿਕਰ ਖੁਲ ਕੇ ਕੀਤਾ ਹੈ। ਉਦਾਹਰਨ ਵਜੋਂ ਇੰਨ੍ਹਾਂ ਦੀ ਪੁਸਤਕ *ਉਦਾਸੀ ਸਿੱਖਾਂ ਦੀ ਵਿਥਿਆ* ਵਿਚ ਬਾਬਾ ਸ੍ਰੀ ਚੰਦ ਅਤੇ ਲਖਮੀ ਦਾਸ ਜੀ ਬਾਰੇ ਵਿਸਥਾਰ ਨਾਲ ਪੜ੍ਹਨ ਨੂੰ ਮਿਲਦਾ ਹੈ। ਬਾਬਾ ਪ੍ਰਿਥੀ ਚੰਦ ਦਾ ਵੇਰਵਾ 'ਗੁਰੂ ਅਰਜਨ ਦੇਵ ਜੀ' ਵਾਲੇ ਲੇਖ ਵਿਚ ਆਇਆ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਉਨ੍ਹਾਂ ਦੇ ਸਾਹਿਬਜ਼ਾਦਿਆਂ ਦੀਆਂ ਗੱਲਾਂ ਕੀਤੀਆਂ ਗਈਆਂ ਹਨ। ਇਸੇ ਤਰ੍ਹਾਂ *ਗੁਰ-ਪ੍ਰਣਾਲੀਆਂ* ਵਿਚ ਬਾਬਾ ਗੁਰਦਿੱਤਾ ਜੀ ਦਾ ਜ਼ਿਕਰ ਉਨ੍ਹਾਂ ਦੇ ਵਿਆਹ ਦੇ ਸੰਦਰਭ ਵਿਚ ਫੁੱਟ-ਨੋਟ ਦੇ ਰੂਪ ਵਿਚ ਇਸ ਤਰ੍ਹਾਂ ਮਿਲਦਾ ਹੈ:[57]

'ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਬਾਰਾਂ ਵਰ੍ਹੇ ਲਗਾਤਾਰ ਕੱਚੀ ਯਾ ਪੱਕੀ ਨਜ਼ਰਬੰਦੀ ਨੂੰ ਨਜ਼ਰ-ਅੰਦਾਜ਼ ਕਰਕੇ ਸਿੱਖ ਸਾਖੀ-ਨਵੀਸਾਂ ਨੇ ਛੇਵੇਂ ਤੇ ਸੱਤਵੇਂ ਪਾਤਿਸ਼ਾਹ ਦੇ ਜੀਵਨ ਸਮਾਚਾਰਾਂ ਦੇ ਸੰਮਤਾਂ ਵਿਚ ਬੜੇ ਭੁਲੇਖੇ ਖਾਧੇ ਤੇ ਅਗੇਤ-ਪਿਛੇਤ ਸਾਧੇ ਹਨ।.... ਇਥੇ ਸਿਰਫ ਇੰਨ੍ਹੀ ਕੁ ਗੱਲ ਦੁਹਰਾ ਦੇਣੀ ਕਾਫੀ ਸਮਝਦੇ ਹਾਂ ਕਿ ਬਾਬਾ ਗੁਰਦਿਤਾ ਜੀ ਦੇ ਮਹਿਲ ਦੋ ਸਨ-ਕਰਮਭਰੀ ਤੇ

[57] ਸ. ਰਣਧੀਰ ਸਿੰਘ (ਸੰਪਾ.), *ਬਾਬਾਣੀ ਪੀੜ੍ਹੀ ਚਲੀ ਗੁਰ-ਪ੍ਰਣਾਲੀਆਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਪ੍ਰੈਲ 1977, ਪੰ.268.

ਦਇਆ ਦੇਵੀ। ਪਹਿਲੀ ਦੇ ਪੇਟੋਂ ਧੀਰਮਲ ਤੇ ਦੂਜੀ ਦੇ ਉਦਰ ਤੋਂ ਬਾਬਾ ਹਰਿਰਾਇ ਜੀ ਛਿਆਂ ਕੁ ਮਹੀਨਿਆਂ ਦੇ ਅਗੇਤ ਪਿਛੇਤ ਨਾਲ, ਸੰਮਤ ੧੬੮੬ ਬਿਕ੍ਰਮੀ- ੧੬੨੯ ਈਸ੍ਵੀ ਵਿਚ ਪ੍ਰਗਟ ਹੋਏ ਸਨ। ਦੂਜਾ ਡੋਲਾ, ਭਾਈ ਗੁਰਦਿੱਤਾ 'ਘੂਰਾ' ਸੰਮਤ ੧੬੯੪ ਚੇਤਰ ਮਹੀਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਚਰਨਾ ਵਿਖੇ ਭੇਟ ਕਰਨ ਹਿਤ ਲਿਆਇਆ ਸੀ, ਜੋ ਭਾਣੇ ਵਸਿ ਕਬੂਲਣਾ ਪਿਆ। ਧੀ ਨੂੰ ਸਾਰੀ ਉਮਰ ਬੂਹੇ ਬਿਠਾਲਣ ਦਾ ਦੁੱਖ 'ਘੂਰਾ' ਜੀ ਝੱਲ ਨਹੀਂ ਸੀ ਸਕਦੇ। ਸੋ, ਉਸ ਦੀ ਪ੍ਰਾਰਥਨਾ ਸਵੀਕਾਰ ਕਰਕੇ ਬਾਬਾ ਗੁਰਦਿੱਤਾ ਜੀ ਨੇ ਦਇਆ ਦੇਵੀ ਨੂੰ ਮਹਲੀਂ ਪਾ ਲਿਆ। ਪਰ ਗੁਰੂ-ਪਿਤਾ ਜੀ ਨੂੰ ਦੱਸੇ ਪੁੱਛੇ ਬਿਨਾਂ ਇਹ ਅਨੁਚਿਤ ਸੰਬੰਧ-ਸੰਜੋਗ ਹੋਇਆ ਸੀ। ਇਸ ਲਈ ਉਨ੍ਹਾਂ ਵਾਸਤੇ ਸੁਹੰਡਣਾ ਨਾ ਹੋਇਆ। ਬਾਬਾ ਜੀ ਨੂੰ ਸ਼ਾਦੀ ਵਾਲੇ ਬਸਤਰ ਪਹਿਨੇ ਹੋਏ ਹੀ ਸਰੀਰ ਦਾ ਤਿਆਗ ਸੰਮਤ੧੬੯੫ ਮਿਤੀ ਚੇਤ੍ਰ ਸੁਦੀ ਦਸਵੀਂ ੬ ਵੈਸਾਖ (੩ ਅਪ੍ਰੈਲ ੧੬੩੯) ਬੁੱਧਵਾਰ ਨੂੰ ਕਰਨਾ ਪੈ ਗਿਆ। ਦਇਆ ਦੇਵੀ ਜੀ ਪਹਿਲੀ ਹੀ ਸੁਹਾਗ ਰਾਤ ਮਾਣਦਿਆਂ ਵਿਧਵਾ ਹੋ ਗਏ ਅਤੇ ਇਹ ਤਾਜਾ ਸੰਜੋਗ ਦੁਖਦਾਈ ਵਿਜੋਗ ਵਿਚ ਬਦਲ ਗਿਆ।'

3. **ਸਿੱਖ ਇਤਿਹਾਸ:** ਭਾਈ ਸਾਹਿਬ ਦੀਆਂ ਕਿਰਤਾਂ ਵਿਚੋਂ ਸਾਨੂੰ ਗੁਰ-ਇਤਿਹਾਸ ਤੋਂ ਇਲਾਵਾ ਸਿੱਖ ਇਤਿਹਾਸ ਦੇ ਦਰਸ਼ਨ ਹੁੰਦੇ ਹਨ। ਗੁਰ-ਇਤਿਹਾਸ ਦਾ ਅਨਿਖੜਵਾਂ ਪੱਖ ਸਿੱਖ ਇਤਿਹਾਸ ਹੈ। ਇਸ ਵਿਚ ਸਿੱਖ ਪੰਥ ਦੇ ਪ੍ਰਕਾਸ਼ ਤੋਂ ਲੈ ਕੇ, ਵਿਗਾਸ ਅਤੇ ਵਿਕਾਸ, ਝਗੜੇ, ਮਿਲਵਰਤਨ, ਮਿੱਤਰਾਂ, ਵੈਰੀਆਂ ਆਦਿ ਦੇ ਵੇਰਵੇ ਸ਼ਾਮਿਲ ਕੀਤੇ ਜਾ ਸਕਦੇ ਹਨ। ਭਾਈ ਸਾਹਿਬ ਨੇ ਗੁਰੂ ਸਾਹਿਬਾਨ ਦੇ ਸਮੇਂ ਹੋਏ ਪ੍ਰਸਿੱਧ ਸਿੱਖਾਂ, ਉਨ੍ਹਾਂ ਦੇ ਵਿਰੋਧੀਆਂ ਅਤੇ ਸਿੱਖ ਪੰਥ ਦੇ ਇਤਿਹਾਸਿਕ ਵਿਕਾਸ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਇਆ ਹੈ। ਉਨ੍ਹਾਂ ਦੁਆਰਾ ਦਿਤੇ ਗਏ ਵੇਰਵਿਆਂ ਨੂੰ ਅਸੀਂ ਕੁਝ ਸਿਰਲੇਖਾਂ ਅਧੀਨ ਵਿਚਾਰ ਸਕਦੇ ਹਾਂ:

   **(ੳ) ਪ੍ਰਮੁਖ ਸਿੱਖਾਂ ਦੀ ਨਾਮਾਵਲੀ:** *ਗੁਰ-ਪ੍ਰਣਾਲੀਆਂ* ਪੁਸਤਕ ਵਿਚ ਭਾਈ ਸਾਹਿਬ ਨੇ ਬਹੁਤ ਸਾਰੇ ਗੁਰਸਿੱਖਾਂ ਦੇ ਜੀਵਨ ਬਾਰੇ ਦੱਸਿਆ ਹੈ। ਕੇਸਰ ਸਿੰਘ ਛਿੱਬਰ ਦੇ ਹਵਾਲੇ ਨਾਲ ਉਨ੍ਹਾਂ ਨੇ ਭਾਈ ਪਿਰਾਗਾ, ਭਾਈ ਦਰਗਹ ਮੱਲ, ਸਤੀਦਾਸ, ਮਤੀਦਾਸ, ਭਾਈ ਚਉਪਾ ਸਿੰਘ, ਭਾਈ ਹਰਿਜਸ ਰਾਇ ਭਾਈ ਧਰਮ ਚੰਦ, ਸਾਹਿਬ ਚੰਦ, ਭਾਈ ਚਰਨ ਦਾਸ, ਭਾਈ ਗੁਰਬਖਸ਼ ਸਿੰਘ ਆਦਿ ਬਾਰੇ ਬੜੀ ਵਿਸਥਾਰਿਤ ਜਾਣਕਾਰੀ ਦਿੱਤੀ ਹੈ।[58] ਇੰਨ੍ਹਾਂ ਦੇ ਨਾਲ ਪੰਜ ਪਿਆਰੇ ਭਾਈ ਦਇਆ ਸਿੰਘ, ਧਰਮ ਸਿੰਘ,

---

[58] ਸ. ਰਣਧੀਰ ਸਿੰਘ (ਸੰਪਾ.), *ਬਾਬਾਣੀ ਪੀੜ੍ਹੀ ਚਲੀ ਗੁਰ-ਪ੍ਰਣਾਲੀਆਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਪ੍ਰੈਲ 1977, ਪੰਨੇ 59-68.

ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ ਭਾਈ ਮੁਹਕਮ ਸਿੰਘ ਦਾ ਜੀਵਨ *ਮਹਾਨ ਕੋਸ਼* ਦੇ ਹਵਾਲੇ ਨਾਲ ਚਿਤਰਿਆ ਹੈ। ਪਿਆਰਿਆਂ ਵਿਚੋ ਭਾਈ ਸਾਹਿਬ ਸਿੰਘ ਉਪਰ ਲਿਖਿਆ ਲੇਖ 'ਭਾਈ ਸਾਹਿਬ ਸਿੰਘ ਜੀ 'ਪਿਆਰਾ' [59]ਖਾਸ ਵਿਸਥਾਰ ਨਾਲ ਭਾਈ ਸਾਹਿਬ ਸਿੰਘ ਦੇ ਖਾਨਦਾਨ ਉਨ੍ਹਾਂ ਦੁਆਰਾ ਅਨੰਦਪੁਰ ਅਤੇ ਚਮਕੌਰ ਸਾਹਿਬ ਦੇ ਜੰਗ ਵਿਚ ਦਿਖਾਈ ਬਹਾਦਰੀ ਦੀ ਦਾਸਤਾਨ ਹੈ। ਬਾਬਾ ਬੰਦਾ ਸਿੰਘ ਬਹਾਦਰ ਬਾਰੇ ਕੇਸਰ ਸਿੰਘ ਛਿੱਬਰ ਦੀ ਗੁਰ-ਪ੍ਰਣਾਲੀ ਦੇ ਹਵਾਲੇ ਨਾਲ ਦੱਸਿਆ ਗਿਆ ਹੈ। ਇੰਨ੍ਹਾਂ ਦੀ ਸ਼ਹਾਦਤ ਦੇ ਵੇਰਵੇ ਦੀ ਮਿਤੀ 'ਕਾਮਵਰ ਖਾਂ ਮੁਹੰਮਦ ਹਾਦੀ' ਦੇ ਗ੍ਰੰਥ *ਤਜ਼ਕਰਾਤੁਲ ਸਲਾਤੀਨਿ ਚੁਗ਼ੱਤਾ* ਦੇ ਹਵਾਲੇ ਨਾਲ ਨਿਸ਼ਚਿਤ ਇਸ ਤਰ੍ਹਾਂ ਨਿਸ਼ਚਿਤ ਕੀਤੀ ਹੈ:

'ਬਾਬਾ ਬੰਦਾ ਸਿੰਘ 'ਬਹਾਦੁਰ' ਦੇ ਰੋਣਹਾਕੇ ਸ਼ਹੀਦੀ ਵਾਕੇ ਦੀ ਤਾਰੀਖ.... ੨੯ ਜਮਾਦੀ-ਉਲ ਆਖ਼ਿਰ ੧੧੨੮ ਹਿਜਰੀ ਲਿਖੀ, ਜੋ ਸੰਮਤ ੧੭੭੩ ਮਿਤੀ ੧੧ ਹਾੜ ਸੁਦੀ ਏਕਮ (੯ ਜੂਨ ੧੭੧੬) ਸ਼ਨਿਚਰਵਾਰ ਨੂੰ ਪੈਂਦੀ ਹੈ। ਇਸ ਤਰ੍ਹਾਂ ਬਾਬਾ ਜੀ ਦੀ ਪਾਤਿਸ਼ਾਹੀ ੬ ਬਰਸ,੧੦ ਮਹੀਨੇ ੧੪ ਦਿਨ ਬਣਦੀ ਹੈ।'[60]

ਭਾਈ ਸਾਹਿਬ ਨੇ ਭਾਈ ਗੁਰਦਾਸ ਜੀ ਦੇ ਜੀਵਨ ਉਪਰ ਇਕ ਲੇਖ ਲਿਖਿਆ ਅਤੇ ਉਨ੍ਹਾਂ ਬਾਰੇ ਹਵਾਲੇ ਆਪਣੀਆਂ ਪੁਸਤਕਾਂ ਵਿਚ ਦਿੱਤੇ ਹਨ। ਭਾਈ ਗੁਰਦਾਸ ਜੀ ਦੇ ਬੰਸ, ਜਨਮ, ਵਿਦਿਆ ਪ੍ਰਾਪਤੀ, ਗੁਰੂ ਘਰ ਦੀ ਸੇਵਾ, ਗੁਰਬਾਣੀ ਦੀ ਲਿਖਾਈ ਆਦਿ ਕਾਰਜਾਂ ਬਾਰੇ ਬਿਆਨ ਕਰਨ ਦੇ ਨਾਲ ਇੰਨ੍ਹਾਂ ਦੀਆਂ ਰਚਨਾਵਾਂ ਵਿਚ ਮਿਲਦੇ ਇਤਿਹਾਸਿਕ ਅਤੇ ਧਾਰਮਿਕ ਹਵਾਲਿਆਂ ਬਾਰੇ ਵਿਸਥਾਰਿਤ ਚਰਚਾ ਕੀਤੀ ਹੈ।[61] ਭਾਈ ਗੁਰਦਾਸ ਤੋਂ ਇਲਾਵਾ ਭਾਈ ਨੰਦ ਲਾਲ ਦੀਆਂ ਕਿਰਤਾਂ ਦਾ ਵੇਰਵਾ ਵੀ ਇੰਨ੍ਹਾਂ ਦੀਆਂ ਪੁਸਤਕਾਂ ਵਿਚ ਉਨ੍ਹਾਂ ਦੇ ਜੀਵਨ ਵੇਰਵਿਆਂ ਸਹਿਤ ਮਿਲਦਾ ਹੈ।

**(ਅ) ਸਿੱਖ ਸੰਪਰਦਾਵਾਂ ਅਤੇ ਖਾਨਦਾਨਾਂ ਦਾ ਇਤਿਹਾਸ:** ਸਿੱਖਾਂ ਵਿਚ ਉਦਾਸੀ, ਨਿਰਮਲੇ, ਸੇਵਾਪੰਥੀ, ਗਿਆਨੀ ਆਦਿ ਵਿਸ਼ੇਸ਼ ਸੰਪਰਦਾਵਾਂ ਪ੍ਰਸਿੱਧ ਹਨ। ਇੰਨ੍ਹਾਂ ਦੇ ਨਾਲ ਪ੍ਰਸਿੱਧ ਸਿੱਖਾਂ ਦੇ ਆਪਣੇ ਘਰਾਣੇ ਵੀ ਹਨ, ਜਿਹੜੇ ਪੀੜ੍ਹੀ ਦਰ ਪੀੜ੍ਹੀ ਗੁਰੂ ਘਰ ਨਾਲ ਜੁੜੇ ਰਹੇ ਹਨ। ਭਾਈ ਸਾਹਿਬ ਦੀ ਇਤਿਹਾਸਕਾਰੀ

---

59 *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੁਲਾਈ 1960, ਪੰਨੇ 11-19.

60 ਸ. ਰਣਧੀਰ ਸਿੰਘ (ਸੰਪਾ.), *ਬਾਬਾਣੀ ਪੀੜ੍ਹੀ ਚਲੀ ਗੁਰ-ਪ੍ਰਣਾਲੀਆਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਪ੍ਰੈਲ 1977, ਪੰ. 119.

61 'ਭਾ: ਗੁਰਦਾਸ ਭੱਲੇ ਦਾ ਸੰਖੇਪ ਜੀਵਨ', *ਪੰਜਾਬੀ ਦੁਨੀਆ (ਭਾਈ ਗੁਰਦਾਸ ਅੰਕ),* ਸਤੰਬਰ-ਅਕਤੂਬਰ, 1968, ਪੰਨੇ 1-23.

ਵਿਚ ਸੰਪਰਦਾਵਾਂ ਅਤੇ ਇੰਨ੍ਹਾਂ ਘਰਾਣਿਆਂ ਦਾ ਬਿਰਤਾਂਤ ਮਿਲਦਾ ਹੈ। ਸੰਪਦਾਵਾਂ ਵਿਚੋਂ ਉਦਾਸੀ ਸੰਪਰਦਾ ਬਾਰੇ ਇੰਨ੍ਹਾਂ ਦੀ ਪੁਸਤਕ *ਉਦਾਸੀ ਸਿੱਖਾਂ ਦੀ ਵਿਥਿਆ* ਖੋਜ ਭਰਪੂਰ ਪੁਸਤਕ ਹੈ। ਇਸ ਦੀ ਵਿਸਥਾਰਿਤ ਜਾਣ-ਪਛਾਣ ਪਿਛਲੇ ਅਧਿਆਇ ਵਿਚ ਕਰਵਾਈ ਗਈ ਹੈ। ਇਥੇ ਇਸ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਦਾਸੀ ਸੰਪਰਦਾਇ ਦੇ ਗੁਰੂ ਘਰ ਦੀ ਸੇਵਾ ਨਾਲ ਸੰਬੰਧਿਤ ਜਤਨ, ਉਨ੍ਹਾਂ ਦੁਆਰਾ ਸਿੱਖਾਂ ਵਿਚ ਪੈਦਾ ਕੀਤੇ ਭਰਮ, ਉਦਾਸੀਆਂ ਦੀਆਂ ਬਖਸ਼ਿਸ਼ਾਂ ਅਤੇ ਧੂਣਿਆਂ ਦੀ ਦੇਣ ਬਾਰੇ ਭਾਈ ਸਾਹਿਬ ਨੇ ਬਹੁਤ ਬਾਰੀਕੀ ਨਾਲ ਅਧਿਐਨ ਪੇਸ਼ ਕੀਤਾ ਹੈ।

ਉਦਾਸੀਆਂ ਤੋਂ ਇਲਾਵਾ ਨਿਰਮਲੇ, ਨਾਮਧਾਰੀ ਅਤੇ ਗਿਆਨੀਆਂ ਬਾਰੇ ਵੀ ਸੰਖੇਪ ਰੂਪ ਵਿਚ ਜਾਣਕਾਰੀ ਸਾਨੂੰ ਇੰਨ੍ਹਾਂ ਦੀਆਂ ਰਚਨਾਵਾਂ ਦੇ ਫੁਟ-ਨੋਟਾਂ, ਸ਼ਜਰਿਆਂ ਆਦਿ ਦੇ ਰੂਪ ਵਿਚ ਪ੍ਰਾਪਤ ਹੋ ਜਾਂਦੀ ਹੈ। *ਗੁਰੂ-ਪ੍ਰਣਾਲੀਆਂ* ਵਿਚੋਂ ਇਸ ਦੀ ਉਦਾਹਰਨ ਦੇਖ ਸਕਦੇ ਹਾਂ, ਜਿਹੜੀ ਭਾਈ ਸਾਹਿਬ ਨੇ ਪੰਡਿਤ ਤਾਰਾ ਸਿੰਘ 'ਨਰੋਤਮ' ਤੋਂ ਲਈ ਹੈ:

'ਜਬ ਅਨੰਦਪੁਰ ਸ਼ਾਸਤ੍ਰੀ ਵਿਦਿਆ ਪੜ੍ਹਾਵਨੇ ਹੇਤੁ ਰਖੇ ਪੰਡਿਤ ਨੇ, ਗੁਰੂ ਜੀ ਕੇ ਸਨਮੁਖ ਸਿੱਖਾਂ ਕੋ ਪੜ੍ਹਾਵਨੇ ਸੇ ਜਬਾਬ ਦੇ ਦੀਆ; ਤਬ ਹਮਾਰੀ ਸੰਪਰਦਾਯ ਕੇ ਬ੍ਰਿਧ ਪੁਰਖੁ 'ਗ੍ਰੰਥ ਜੀ' ਕੇ ਅਰਥ ਵੇਤਾ, ਅਪਨੇ ਪ੍ਰੇਮੀ ਸੇਵਕ ਕਰਮ ਸਿੰਘ ਜੀ ਕੋ, ਬੀਰ ਸਿੰਘ, ਚੰਦਨ ਸਿੰਘ ਆਦਿ ਬਾਰਾਂ ਔਰ ਸਾਥ ਦੇ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ, ਕਾਸ਼ੀ ਤੀਰਥ, ਸ਼ਾਸ਼ਤ੍ਰੀ ਵਿਦਿਆ ਪੜ੍ਹਨੇ ਹੇਤ ਭੇਜਯਾ।.... ਸਾਥੀਓਂ ਸਹਿਤ ਕਰਮ ਸਿੰਘ ਜੀ ਨੇ ਕਈ ਬਰਖ ਬਾਸ ਕਰ, ਵਿਦਜਾ ਪੜ੍ਹ ਕੇ ਗੁਰੂ ਜੀ ਕੇ ਸਮੀਪ ਪਹੁੰਚ, ਅਨੇਕ ਸਿੱਖੋਂ ਕੋ ਪੜ੍ਹਾਈ। ਜਿਨ ਮੇਂ ਏਕ ਭਾਈ ਮਨੀ ਸਿੰਘ ਭੀ ਅੱਛੇ ਹੂਏ।... ਕਰਮ ਸਿੰਘ ਜੀ ਕੇ ਸੇਵਕ ਜਯ ਸਿੰਘ ਜੀ, ਕਾਂਸ਼ੀ ਮੇ ਉਸੀ ਥਾਨ ਮੇਂ ਜਾਇ ਰਹੇ, ਜਹਾਂ ਪਹਿਲੇ ਪੜ੍ਹਨੇ ਗਏ ਸਾਥੀਓਂ ਸਹਿਤ ਕਰਮ ਸਿੰਘ ਜੀ ਰਹੇ ਥੇ (ਯਾਨੀ 'ਚੇਤਨ ਬਟ' ਵਿਚ)।'[62]

ਇਸ ਹਵਾਲੇ ਤੋਂ ਬਾਅਦ ਭਾਈ ਸਾਹਿਬ ਨੇ ਪੰਡਿਤ ਤਾਰਾ ਸਿੰਘ 'ਨਰੋਤਮ' ਦੀ ਸ਼ਾਖ ਦਾ ਸ਼ਜਰਾ ਦਿਤਾ ਹੈ। ਇਸ ਦੇ ਨਾਲ ਨਿਰਮਲਿਆਂ ਦੇ ਬਹੁਤ ਸਾਰੇ ਸਾਧੂਆਂ ਦੇ ਨਾਮ ਤਰਤੀਬ ਵਿਚ ਰਖ ਕੇ ਸਿੱਖਾਂ ਦੇ ਇਸ ਵਿਦਵਾਨ ਤਬਕੇ ਨਾਲ ਜਾਣ-ਪਛਾਣ ਕਰਵਾਈ ਹੈ।

ਸਿੱਖ ਸੰਪਰਦਾਵਾਂ ਬਾਰੇ ਦੱਸਣ ਦੇ ਨਾਲ ਭਾਈ ਸਾਹਿਬ ਦੁਆਰਾ 'ਲੁਬਾਣਾ ਭਾਈਚਾਰੇ' ਉਪਰ

---

[62] ਸ. ਰਣਧੀਰ ਸਿੰਘ (ਸੰਪਾ.), *ਬਾਬਾਣੀ ਪੀੜ੍ਹੀ ਚਲੀ ਗੁਰ-ਪ੍ਰਣਾਲੀਆਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਪ੍ਰੈਲ 1977, ਪੰ. 77.

ਕੀਤੀ ਖੋਜ ਵੀ ਇਥੇ ਵਰਨਣਯੋਗ ਹੈ। ਇਸ ਲੇਖ ਵਿਚ ਲੁਬਾਣਿਆਂ ਦਾ ਪਿਛੋਕੜ, ਮੂਹੀਆਂ, ਗੋਤ, ਸੰਸਕਾਰ, ਗੁਰੂ ਨਾਨਕ ਲਈ ਉਨ੍ਹਾਂ ਦੀ ਸ਼ਰਧਾ, ਤਿਉਹਾਰ ਉਨ੍ਹਾਂ ਦੀ ਵਸੋਂ ਵਾਲੇ ਇਲਾਕਿਆਂ ਦਾ ਵਰਨਣ, ਉਨ੍ਹਾਂ ਦੇ ਸਮਾਜ ਨਾਲ ਸੰਬੰਧਿਤ ਤਕਨੀਕੀ ਸ਼ਬਦਾਵਲੀ ਜਿਵੇਂ ਪਿੰਡ ਦਾ ਨਾਮ 'ਟਾਂਡਾ', ਆਦਿ ਦਾ ਵਰਨਣ ਕੀਤਾ ਹੈ। ਇਸ ਲੇਖ ਦੇ ਦੂਜੇ ਭਾਗ 'ਸਿੱਖ ਇਤਿਹਾਸ ਵਿਚ ਲਬਾਣੇ' ਵਿਚ ਭਾਈ ਮੱਖਣ ਸ਼ਾਹ, ਲੱਖੀ ਸ਼ਾਹ, ਕਉਰ ਸਿੰਘ, ਬਾਜ਼ ਸਿੰਘ, ਕਿਸ਼ੋਰਾ ਸਿੰਘ, ਗੁਲਜ਼ਾਰ ਸਿੰਘ, ਸ਼ਜਾਮ ਸਿਘ ਆਦਿ ਦਾ ਜ਼ਿਕਰ ਕੀਤਾ ਹੈ। ਇਸ ਖੋਜ ਦਾ ਅਧਾਰ ਸ੍ਰੋਤ ਸਿੱਖ ਇਤਿਹਾਸਿਕ ਗ੍ਰੰਥਾਂ ਤੋਂ ਇਲਾਵਾ ਭੱਟ ਵਹੀਆਂ ਅਤੇ ਅੰਗਰੇਜ਼ੀ ਪੁਸਤਕਾਂ ਹਨ।

4. **ਇਤਿਹਾਸਕ ਸਥਾਨ:** ਭਾਈ ਸਾਹਿਬ ਦੀਆਂ ਰਚਨਾਵਾਂ ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਸਥਾਨਾਂ ਦਾ ਵੇਰਵਾ ਮਿਲਦਾ ਹੈ। ਇਸ ਸਥਾਨ ਗੁਰੂ ਸਾਹਿਬਾਨ, ਦਲ ਖਾਲਸਾ, ਸਿੱਖਾਂ ਦੇ ਜਨਮ ਸਥਾਨਾਂ ਜਾਂ ਜੰਗਾਂ-ਯੁੱਧਾਂ ਨਾਲ ਸੰਬੰਧਿਤ ਹੋਣ ਕਰਕੇ ਸਿੱਖ ਇਤਿਹਾਸ ਦਾ ਅੰਗ ਹਨ। ਪਰੰਤੂ ਭਾਈ ਸਾਹਿਬ ਸਿਰਫ ਇੰਨ੍ਹਾਂ ਦੇ ਨਾਵਾਂ ਜਾਂ ਉਪਰੀ ਜਾਣਕਾਰੀ ਹੀ ਨਹੀਂ ਦਿੰਦੇ ਬਲਕਿ ਕਈ ਸਥਾਨਾਂ ਦੇ ਨਾਮਕਰਨ, ਘਟਨਾਵਾਂ ਅਤੇ ਉਸਦੇ ਸੰਸਥਾਪਕ ਦਾ ਨਾਮ ਆਦਿ ਦਾ ਇਤਿਹਾਸ ਜੇਕਰ ਉਹ ਸਿੱਖ ਇਤਿਹਾਸ ਜਾਂ ਹਿੰਦੂ ਮਿਥਿਹਾਸ ਨਾਲ ਨਾਲ ਜੁੜਿਆ ਹੋਵੇ ਵੇਰਵੇ ਸਹਿਤ ਦਸਦੇ ਹਨ। ਮੂਲ ਰੂਪ ਵਿਚ ਇਹ ਇਤਿਹਾਸਿਕ ਸ੍ਰੋਤਾਂ ਦੀ ਵਿਆਖਿਆ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ। ਭਾਈ ਸਾਹਿਬ ਨੇ ਉਦਾਸੀ ਸਾਧੂਆਂ ਨਾਲ ਸੰਬੰਧਿਤ ਸਥਾਨਾਂ ਦਾ ਲੰਮਾ ਵੇਰਵਾ *ਉਦਾਸੀ ਸਿੱਖਾਂ ਦੀ ਵਿਥਿਆ* ਵਿਚ ਦਿਤਾ ਹੈ। ਇਸ ਨੂੰ ਉਦਾਸੀ ਸਾਧੂਆਂ ਦੇ ਸਥਾਨਾਂ ਦਾ ਕੋਸ਼ ਕਿਹਾ ਜਾ ਸਕਦਾ ਹੈ। ਇਸ ਵਿਚ ਭਾਰਤ, ਪਾਕਿਸਤਾਨ, ਕੰਧਾਰ ਤੱਕ ਦੇ ਸਥਾਨਾਂ ਦਾ ਵੇਰਵਾ ਹੈ। ਇੰਨ੍ਹਾਂ ਸਥਾਨਾਂ ਜਾਂ ਡੇਰਿਆਂ ਬਾਰੇ ਵਰਨਣ ਕਰਦੇ ਹੋਏ ਭਾਈ ਸਾਹਿਬ ਸਥਾਨ ਦੇ ਮੋਢੀ, ਉਸ ਸਥਾਨ ਨਾਲ ਲਗਦੀ ਜਮੀਨ ਅਤੇ ਭਾਈ ਸਾਹਿਬ ਦੇ ਸਮਕਾਲ ਵਿਚ ਉਸਦੇ ਪ੍ਰਬੰਧ ਦੇ ਵੇਰਵੇ ਦੇਣ ਦਾ ਯਤਨ ਕੀਤਾ ਹੈ। ਇਸ ਦੀਆਂ ਕੁਝ ਉਦਾਹਰਨਾਂ ਵੇਖ ਸਕਦੇ ਹਾਂ:

'(੨) **ਮਜੀਠਾ-** ਜਿਲਾ ਤਸੀਲ ਅੰਮ੍ਰਿਤਸਰ ਵਿੱਚ, ਬਾਬਾ ਮੀਹਾਂ ਸਾਹਿਬ ਦੇ ਚੇਲੇ ਬ੍ਰਹਮ ਸ੍ਰਬਤ ਦੇਵ ਦੇ ਸੇਵਕ ਅਨਘੜ ਦੇਵ ਨੇ ਧਰਮਸਾਲ ਬਣਵਾਈ।ਓਥੇ ਹੀ ਉਨ੍ਹਾਂ ਦੀ ਸਮਾਧ ਹੈ। ਇਸ ਵਕਤ ਮਹੰਤ ਹਰੀ ਦਾਸ ਜੀ ਹਨ।

(੩) **ਪਿੰਡ ਕਸੇਲ** (ਜ਼ਿਲਾ ਅੰਮ੍ਰਿਤਸਰ, ਤਸੀਲ ਤਰਨ ਤਾਰਨ ਵਿਚ)- ਬਾਬਾ ਮੀਹਾਂ ਸਾਹਿਬ ਦੇ

ਪੋਤਰੇ-ਚੇਲੇ ਜਵਾਹਰ ਦਾਸ ਹੋਏ ਹਨ। ਉਨ੍ਹਾਂ ਦੇ ਸੇਵਕ ਸੁਜਾਨ ਦਾਸ ਨੇ ਇਸ ਨੱਗਰ ਵਿਰਾਜ ਕੇ ਨੱਗਰ ਨਿਵਾਸੀ ਸਿੱਖਾਂ ਪਾਸੋਂ ਧਰਮਸਾਲ ਕਾਇਮ ਕਰਨ ਦਾ ਉੱਦਮ ਸੰਮਤ ੧੯੦੦ ਬਿ: ਵਿਖੇ ਕਰਵਾਇਆ। ਇਸੇ ਸਾਧੂ ਦੇ ਨਾਮ ਪੁਰ ਇਹ ਅਸਥਾਨ ਪ੍ਰਸਿਧ ਹੈ। ਇਸ ਦਾ ਸੰਬੰਧ ਜਗਰਾਵਾਂ ਵਾਲੀ ਸੰਤ ਨਿੱਕਾ ਸਿੰਘ 'ਨਿਰਮਲੇ' ਦੀ ਧਰਮਸਾਲਾ ਨਾਲ ਹੋਣ ਕਰ ਕੇ, ਓਥੋਂ ਦੇ ਮਹੰਤਾਂ ਦੀ ਸੇਵਾ-ਸੁਰਤ ਵਿਚ ਹੀ ਰਹਿੰਦੀ ਹੈ। ਓਥੋਂ ਹੀ ਮਹੰਤ ਨਿਯਤ ਹੁੰਦਾ ਹੈ।

ਜਗਰਾਵਾਂ ਵਾਲੀ ਧਰਮਸਾਲ ਦੇ ਨਾਲ ਹੀ ਇਹ ਗੁਰਦੁਆਰਾ ਕਾਨੂੰਨ ਅਨੁਸਾਰ ਸਿੱਖ ਗੁਰ ਅਸਥਾਨਾਂ ਦੀ ਸੂਚੀ ਵਿਚ ਦਿੱਤੀ ਗਈ ਸੀ। ਐਪਰ ਸਰਕਾਰੀ ਪੱਖਪਾਤ ਦੇ ਕਾਰਨ ਇਸ ਦੇ ਬਾਬ ਵੀ ਉਹੋ ਕੁਝ ਵਰਤਿਆ।'[63]

ਇਸ ਤਰ੍ਹਾਂ 'ਰੂਸ ਵਿਚ ਪੁਰਾਣੀ ਧਰਮ ਸਾਲ' ਲੇਖ ਵਿਚ ਰੂਸ ਵਿਚ ਹਿੰਦੂ ਧਾਰਮਿਕ ਸਥਾਨਾਂ ਵਿਚ ਸਿੱਖ ਪੁਰਾਲੇਖ ਹੋਣ ਦਾ ਵੇਰਵਾ ਵਿਸਥਾਰ ਨਾਲ ਦਿੱਤਾ ਹੈ।[64] *ਗੁਰ-ਪ੍ਰਣਾਲੀਆਂ* ਵਿਚ ਵੀ ਸਿੱਖ ਇਤਿਹਾਸਿਕ ਸਥਾਨਾਂ ਦਾ ਵੇਰਵਾ ਮਿਲਦਾ ਹੈ। ਇਸ ਦੀ ਇਕ ਉਦਾਹਰਨ 'ਰਾਮ ਗੜ੍ਹ' ਦੇ ਕਿਲੇ' ਵਜੋਂ ਦੇਖੀ ਜਾ ਸਕਦੀ ਹੈ। ਇਸ ਦੀ ਵਿਆਖਿਆ ਫੁਟ-ਨੋਟ ਵਿਚ ਹੈ:

'ਇਸ ਕਿਲ੍ਹੇ ਦਾ ਮੁੱਢ 'ਖਾਲਸਾ ਜੀ' ਨੇ, ਸੰਮਤ ੧੭੬੬ ਬਿਕ੍ਰਮੀ 'ਚ ਬੱਧਾ। ਕੱਚੀ ਗੜ੍ਹੀ ਗਾਰੇ ਮਿੱਟੀ ਦੀ ਉਸਾਰੀ ਤੇ ਨਾਮ ਰੱਖਿਆ 'ਰਾਮ ਰਉਣੀ'। 'ਖਾਨ ਬਹਾਦਰ' (ਜ਼ਕਰੀਆ ਖਾਨ) ਤੋਂ ਬਾਦ, ਉਸ ਦੇ ਪੁੱਤ੍ਰ ਦੀ ਹਕੂਮਤ ਵਿਚ ਸਿੰਘਾਂ ਇਸ ਨੂੰ ਨਵੇਂ ਸਿਰੇ ਉਸਾਰ ਕੇ 'ਰਾਮ ਗੜ੍ਹ' ਨਾਮ ਰਖਿਆ ਤੇ ਰਾਖੀ ਸ. ਜੱਸਾ ਸਿੰਘ 'ਤ੍ਰਿਖਾਣ' ਦੇ ਜੱਥੇ ਨੂੰ ਸੌਂਪੀ। ਜਿਸ ਕਰਕੇ ਇਸ ਜੱਥੇ ਦਾ ਨਾਮ ਮਿਸਲ ਰਾਮਗੜ੍ਹੀਆ ਪ੍ਰਸਿੱਧ ਹੋਇਆ।'[65]

ਇਸ ਤੋਂ ਇਲਾਵਾ ਗੁਰੂ ਸਾਹਿਬਾਨ ਨਾਲ ਸੰਬੰਧਿਤ ਸਥਾਨਾਂ ਦੇ ਨਾਮ ਤਾਂ ਬਹੁ-ਗਿਣਤੀ ਵਿਚ ਆਏ ਹਨ। ਪਰੰਤੂ ਕੁਝ ਖਾਸ ਸਥਾਨਾਂ ਜਿਵੇਂ ਕਰਤਾਰਪੁਰ, ਖਡੂਰ ਸਾਹਿਬ, ਗੋਇੰਦਵਾਲ, ਅੰਮ੍ਰਿਤਸਰ ਸਾਹਿਬ, ਅਨੰਦਪੁਰ ਸਾਹਿਬ, ਪਾਉਂਟਾ ਸਾਹਿਬ ਆਦਿ ਦਾ ਜ਼ਿਕਰ ਗੁਰੂ ਸਾਹਿਬਾਨ ਦੇ ਹਵਾਲੇ ਨਾਲ

[63] ਭਾਈ ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1953, ਪੰ. 447.

[64] *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ. ਮਾਰਚ 1961, ਪੰਨੇ 66-73.

[65] ਸ. ਰਣਧੀਰ ਸਿੰਘ (ਸੰਪਾ.), *ਬਾਬਾਣੀ ਪੀੜ੍ਹੀ ਚਲੀ ਗੁਰ-ਪ੍ਰਣਾਲੀਆਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਪ੍ਰੈਲ 1977, ਪੰ.126.

ਇੰਨ੍ਹਾਂ ਦੀਆਂ ਰਚਨਾਵਾਂ ਵਿਚ ਵਿਸਥਾਰ ਨਾਲ ਮਿਲਦਾ ਹੈ।

5. **ਇਤਿਹਾਸ ਗ੍ਰੰਥਾਂ (ਸਰੋਤਾਂ) ਅਤੇ ਗ੍ਰੰਥਕਾਰਾਂ ਬਾਰੇ ਵੇਰਵਾ:** ਭਾਈ ਸਾਹਿਬ ਆਪਣੀ ਰਚਨਾਵਾਂ ਵਿਚ ਗੁਰਪ੍ਰਣਾਲੀਆਂ ਜਾਂ ਸਰੋਤਾਂ ਵਜੋਂ ਕਿਸੇ ਰਚਨਾ ਨੂੰ ਸ਼ਾਮਿਲ ਕਰਦੇ ਹਨ ਤਾਂ ਰਚਨਾਕਾਰ ਬਾਰੇ ਵੀ ਵੇਰਵੇ ਦਿੰਦੇ ਹਨ। ਅਸੀਂ ਇੰਨ੍ਹਾਂ ਦੀਆਂ ਪੁਸਤਕਾਂ ਦੇ ਸ਼ੁਰੂ ਅਤੇ ਆਖਰ ਉਤੇ ਦਿੱਤੀ 'ਸਹਾਇਕ ਗ੍ਰੰਥ-ਪੁਸਤਕ' ਸੂਚੀ ਵਿਚੋਂ ਦੇਖ ਸਕਦੇ ਹਾਂ। ਇਹ ਪੁਸਤਕ ਸੂਚੀ ਵਿਸਥਾਰਿਤ ਹੁੰਦੀ ਹੈ। ਇਸ ਦੀਆਂ ਕੁਝ ਉਦਾਹਰਨਾਂ ਹੇਠ ਲਿਖੀਆਂ ਹਨ:

**'ਅਕਬਰ ਨਾਮਾ (ਫਾਰਸੀ)-** ਅਕਬਰ ਬਾਦਸ਼ਾਹ ਦਾ ਹਾਲ ੧੦੧੦ ਹਿਜਰੀ (੧੬੫੮ ਬਿਕ੍ਰਮੀ) ਤੱਕ। ਜੋ ਹਜ਼ਰਤ ਬਾਦਸ਼ਾਹ ਦੇ ਖਾਸ ਦਰਬਾਰੀ ਲਿਖਾਰੀ ਅੱਲਾਮੀ ਅਬੂ ਫ਼ਜਲ ਨੇ ਲਿਖਿਆ ਹੈ।

**ਤੋਜ਼ਕਿ ਜਹਾਂਗੀਰੀ** (ਫਾਰਸੀ): ਜਹਾਂਗੀਰ ਬਾਦਸ਼ਾਹ ਦੀ ਖੁਦ ਲਿਖੀ ਆਪਣੀ ਕਥਾ ਜਿਸ ਵਿਚ ਸ੍ਰੀ ਗੁਰੂ ਅਰਜੁਨ ਸਾਹਿਬ ਨੂੰ ਤਸੀਹੇ ਦੇ ਕੇ ਮਾਰਨ, ਆਪ ਦੇ ਬਾਲ-ਬੱਚੇ ਨੂੰ ਨਜ਼ਰਬੰਦ ਤੇ ਜਾਇਦਾਦ ਜ਼ਬਤ ਕਰਨ ਦਾ ਇਕਬਾਲ ਕੀਤਾ ਹੈ।'[66]

ਇਸ ਤੋਂ ਇਲਾਵਾ ਇਤਿਹਾਸਕਾਰਾਂ ਬਾਰੇ ਵਿਸਥਾਰਿਤ ਜਾਣਕਾਰੀ ਭਾਈ ਸਾਹਿਬ ਦੀਆਂ ਲਿਖਤਾਂ ਖਾਸ ਕਰਕੇ *ਗੁਰ-ਪ੍ਰਣਾਲੀਆਂ* ਵਿਚ ਮਿਲਦੀ ਹੈ। ਇਹ ਜਾਣਕਾਰੀ ਸਰੋਤ ਦੀ ਸਮਗਰੀ ਭਾਵ ਗੁਰ-ਪ੍ਰਣਾਲੀ ਦਾ ਵੇਰਵਾ ਦੇਣ ਤੋਂ ਬਾਅਦ ਜਾਂ ਪਹਿਲਾਂ ਦੇ ਦਿੱਤੀ ਜਾਂਦੀ ਹੈ। ਇਸ ਦੀਆਂ ਉਦਾਹਰਨਾਂ ਅਸੀਂ ਦੇਖ ਸਕਦੇ ਹਾਂ, ਜਿਵੇਂ *ਦੱਬਿਸਤਾਨਿ ਮਜਾਹਬ* ਦੀ ਸਮਗਰੀ ਦਾ ਉਲਥਾ ਦੇਣ ਤੋਂ ਬਾਅਦ ਉਸਦੇ ਲੇਖਕ ਬਾਰੇ ਵੇਰਵਾ:

'ਸ੍ਰੀ ਬਹਰਾਮ ਜੀ, ਸੰਨ ੧੦੫੩ ਹਿਜਰੀ (ਸੰਮਤ ੧੬੯੯ ਬਿ:, ੧੪ ਚੇਤ੍ਰ= ੧੧ ਮਾਰਚ ੧੬੪੩, ਐਤਵਾਰ ਤੋਂ ੧੭੦੦ ਬਿ:, ੨ ਚੇਤ੍ਰ=੨੮ ਫਰਵਰੀ ੧੬੪੪ ਬੁਧਵਾਰ ਤੱਕ), ਸ੍ਰੀ ਕਲਿਆਣ 'ਭਾਰਤੀ' (ਸੰਨਿਆਸੀ ਸਾਧੂ) ਦੀ ਸ਼ੁਹਰਤਿ ਸੁਣ ਕੇ ਦਰਸ਼ਨ-ਪਰਸਨ ਕਰਨਿ, ਕੀਰਤਪੁਰ ਗਏ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਭੀ ਓਥੇ ਹੀ ਵਿਰਾਜ ਰਹੇ ਸਨ। ਸਤਿਗੁਰਾਂ ਦੀ ਸੰਗਤਿ-ਪੰਗਤਿ ਵਿਚ ਭੀ ਬਹਿ ਕੇ ਫੈਜ਼ ਹਾਸਿਲ ਕਰਦੇ ਰਹੇ ਅਤੇ ਸਾਹਿਬਾਂ ਦੇ ਜੋਤੀ-ਜੋਤਿ ਸਮਾਉਣ ਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਗੱਦੀ ਵਿਰਾਜਣ ਸਮੇਂ ਭੀ ਹਾਜ਼ਰ ਸਨ। ਛੇਵੇਂ ਪਾਤਿਸ਼ਾਹ ਦੀ ਮੜੋਲੀ ਦਾ ਸਸਕਾਰ ਤੇ ਗੁਰਿ

---

[66] ਸ. ਰਣਧੀਰ ਸਿੰਘ (ਸੰਪਾ.), *ਬਾਬਾਣੀ ਪੀੜ੍ਹੀ ਚਲੀ ਗੁਰ-ਪ੍ਰਣਾਲੀਆਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਪ੍ਰੈਲ 1977, ਪੰਨੇ 45-49.

ਮੂਰਤਿ ਨਾਲ ਸਾਦਿਕ ਸਿੱਖਾਂ ਦੇ ਅਥਾਹ ਪਿਆਰ ਦੇ ਨਜ਼ਾਰੇ, ਲਿਖਾਰੀ ਨੇ ਅੱਖੀ ਵੇਖੇ ਲਿਖੇ ਹਨ।'[67]

ਇਥੇ ਉਨ੍ਹਾਂ ਨੇ ਜਿਸ ਸਰੋਤ ਤੋਂ ਇਹ ਜਾਣਕਾਰੀ ਪ੍ਰਾਪਤ ਕੀਤੀ ਹੈ ਉਸ ਦਾ ਸੰਖੇਪ ਵੇਰਵਾ ਵੀ ਨਾਲ ਦੇ ਦਿੱਤਾ ਹੈ। ਉਪਰੋਕਤ ਵੇਰਵਾ ਡਾ. ਗੰਡਾ ਸਿੰਘ ਲਿਖਤ *ਮਾਖਿਜ਼ੇ ਤ੍ਵਾਰੀਖੇ ਸਿੱਖਾਂ* ਵਿਚੋਂ ਲਿਆ ਗਿਆ ਹੈ। ਇਥੇ ਇਸਦਾ ਸੰਖੇਪ ਨਾਮ (ਮਾ: ਤ੍ਵਾ: ਸਿੱਖਾਂ, ਪੰ. ੪੩) ਲਿਖਿਆ ਹੈ।

ਲੇਖਕਾਂ ਬਾਰੇ ਜਾਣਕਾਰੀ ਲਈ ਉਨ੍ਹਾਂ ਦੇ ਵੱਖ-ਵੱਖ ਪਤ੍ਰਿਕਾਵਾਂ ਵਿਚ ਛਪੇ ਲੇਖਾਂ ਜਿਵੇਂ 'ਭਾ: ਗੁਰਦਾਸ ਭੱਲੇ ਦਾ ਸੰਖੇਪ ਜੀਵਨ', 'ਸਤਿਗੁਰਾਂ ਦੇ ਸਮਕਾਲੀ ਇਤਿਹਾਸਕਾਰ' ਵਿਚ ਮਿਲਦੀ ਹੈ। ਭਾਈ ਸਾਹਿਬ ਦੁਆਰਾ ਲਿਖਿਆ ਲੇਖ 'ਗਿਆਨੀ ਜੀ ਦੀਆਂ ਲਿਖਤੀ ਯਾਦਗਾਰਾਂ' ਗਿਆਨੀ ਗਿਆਨ ਸਿੰਘ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਲਿਖਤਾਂ ਦੀ ਮਹੱਤਵਪੂਰਨ ਜਾਣਕਾਰੀ ਦਿੰਦਾ ਹੈ।

*ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ* ਇੰਨ੍ਹਾਂ ਦੀ ਸਿੱਖ ਸ੍ਰੋਤਾਂ ਦੀ ਜਾਣਕਾਰੀ ਵਾਲੀ ਪਰਮੁਖ ਪੁਸਤਕ ਹੈ। ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਵੱਖ-ਵੱਖ ਲਿਖਾਰੀਆਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ। ਉਨ੍ਹਾਂ ਬਾਰੇ ਜਾਣਕਾਰੀ ਦੇਣ ਦੇ ਨਾਲ ਉਨ੍ਹਾਂ ਦਾ ਮੂਲ ਪਾਠ ਵੀ ਦਿੱਤਾ ਹੈ।

ਇਸ ਤਰ੍ਹਾਂ ਉਨ੍ਹਾਂ ਦੀ ਰਚਨਾਵਾਂ ਖੋਜਾਰਥੀਆਂ ਨੂੰ ਇਤਿਹਾਸ ਦੇ ਨਾਲ ਇਤਿਹਾਸਕਾਰਾਂ ਬਾਰੇ ਜਾਣਕਾਰੀ ਦੇ ਵੀ ਅਨਮੋਲ ਸਰੋਤ ਵਜੋਂ ਕੰਮ ਆਉਂਦੀਆਂ ਹਨ।

6. **ਇਤਿਹਾਸਿਕ ਘਟਨਾਵਾਂ**: ਇਤਿਹਾਸ ਵਿਚ ਘਟਨਾਵਾਂ ਦਾ ਕੇਂਦਰੀ ਸਥਾਨ ਹੁੰਦਾ ਹੈ। ਇਤਿਹਾਸ ਦੀ ਇਕ ਪਰਿਭਾਸ਼ਾ ਅਨੁਸਾਰ 'ਇਤਿਹਾਸ ਗਿਆਨ ਦੀ ਉਹ ਸ਼ਾਖਾ ਹੈ ਜਿਸਦਾ ਉਦੇਸ਼ ਭੂਤ ਦੀਆਂ ਘਟਨਾਵਾਂ ਤੇ ਤੱਤਾਂ ਦੀ ਜਾਂਚ, ਜ਼ਿਕਰ ਤੇ ਵਿਆਖਿਆ ਕਰਨਾ ਹੈ।'[68] ਪਰੰਤੂ ਹਰ ਘਟਨਾ ਇਤਿਹਾਸ ਨਹੀਂ ਬਣਦੀ। ਇਤਿਹਾਸ ਦੇ ਆਪਣੇ ਲੱਛਣ ਹਨ ਅਤੇ ਉਸਦੇ ਚੌਖਟੇ ਵਿਚ ਸਜੀ ਹੋਈ ਘਟਨਾ ਹੀ ਇਤਿਹਾਸਿਕ ਬਣਦੀ ਹੈ। ਇਤਿਹਾਸ ਦੇ ਲੱਛਣਾਂ ਵਿਚ ਨਿਰੰਤਰਤਾ, ਵਿਕਾਸ, ਸਮਾਂ ਅਤੇ ਸਥਾਨ ਨੂੰ ਮੁਖ ਮੰਨਿਆ ਜਾਂਦਾ ਹੈ।[69] ਭਾਈ ਸਾਹਿਬ ਦੀਆਂ ਰਚਨਾਵਾਂ ਵਿਚ ਇੰਨ੍ਹਾਂ ਲੱਛਣਾਂ ਦੀ ਚਰਚਾ ਅਸੀਂ ਕਰ ਚੁੱਕੇ ਹਾਂ। ਹੁਣ ਉਨ੍ਹਾਂ ਦੇ ਇਤਿਹਾਸਿਕ ਘਟਨਾਵਾਂ ਨੂੰ ਬਿਆਨ ਕਰਨ ਦੇ ਢੰਗ ਉਪਰ ਨਜਰ ਮਾਰ ਸਕਦੇ

[67] ਸ. ਰਣਧੀਰ ਸਿੰਘ (ਸੰਪਾ.), *ਬਾਬਾਣੀ ਪੀੜ੍ਹੀ ਚਲੀ ਗੁਰ-ਪ੍ਰਣਾਲੀਆਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਪ੍ਰੈਲ 1977, ਪੰਨੇ 23-24.

[68] ਗੁਰਚਰਨ ਸਿੰਘ, *ਇਤਿਹਾਸ ਦਾ ਅਧਿਆਪਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1978, ਪੰ. 2.

[69] *ਉਹੀ,* ਪੰਨੇ 13-16.

ਹਾਂ। ਸਿੱਖ ਧਰਮ ਵਿਚ ਸਭ ਤੋਂ ਪਹਿਲੀ ਘਟਨਾ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਹੋਣ ਦੀ ਹੈ। ਇਸ ਘਟਨਾ ਨਾਲ ਸੰਬੰਧਿਤ ਅਨੇਕ ਸਾਖੀਆਂ ਪ੍ਰਚਲਿਤ ਹਨ। ਸਭ ਤੋਂ ਵੱਧ ਸਮਸਿੱਆ ਉਨ੍ਹਾਂ ਦੇ ਜਨਮ ਸੰਮਤ ਨੂੰ ਨਿਰਧਾਰਤਿ ਕਰਨ ਦੀ ਹੈ। ਆਮ ਤੌਰ ਤੇ ਉਨ੍ਹਾਂ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਦਾ ਮੰਨਿਆ ਜਾਂਦਾ ਹੈ। ਪਰੰਤੂ ਸਿੱਖਾਂ ਦਾ ਇਕ ਵਰਗ ਕੱਤਕ ਨਹੀਂ ਵਿਸਾਖ ਵਿਚ ਇੰਨ੍ਹਾਂ ਦੇ ਜਨਮ ਦਾ ਹੋਣਾ ਸਹੀ ਕਰਦਾ ਹੈ। ਭਾਈ ਸਾਹਿਬ ਨੇ ਜਨਮ ਨਾਲ ਉਲਝੇ ਇਸ ਮਸਲੇ ਉਪਰ ਵਿਚਾਰ ਕਰਦਿਆਂ ਲਿਖਿਆ ਹੈ:

'ਪ੍ਰਾਚੀਨ ਸਾਖੀ ਪੋਥੀਆਂ ਵਿੱਚ, ਗੁਰੂ ਜੀ ਦਾ ਜਨਮ, ਸੰਮਤ 1526 ਬਿਕਰਮੀ ਵਿਚ ਹੋਇਆ ਦੱਸਿਆ ਹੈ। ਇਸ ਦੇ ਮੁਕਾਬਲੇ ਦਾ ਈਸਵੀ ਸਾਲ ਕਾਲ-ਗਿਆਨ ਦੀ ਨਾ-ਵਾਕਫੀ ਕਾਰਨ, 1469 ਬਣਾ ਲਿਆ ਗਿਆ ਹੈ। ਹਕੀਕਤ ਇਹ ਹੈ ਕਿ ਬਿਕਰਮੀ ਸੰਮਤ, ਜੰਤਰੀਆਂ ਵਿਚ 'ਗਤਿ'-ਯਾਨੀ 'ਬੀਤਿਆ ਹੋਇਆ'- ਲਿਖਿਆ ਹੁੰਦਾ ਹੈ, ਪਰ ਈਸਵੀ ਤੇ ਹੋਰ ਸਾਰੇ ਸਾਲ-ਸੰਮਤ ਵਰਤਮਾਨ (ਚਾਲੂ) ਹੁੰਦੇ ਹਨ। ਇਸ ਭੇਦ ਤੋਂ ਅਨਜਾਣ ਲਿਖਾਰੀਆਂ ਨੇ ਬਿਕਰਮੀ ਸੰਮਤ ਜੋ ਚੱਲ ਰਿਹਾ ਸੀ, ਉਸ ਨੂੰ ਸਹੀ ਮੰਨ ਕੇ ਸਾਖੀਆਂ ਵਿਚ 1526 ਲਿਖ ਦਿੱਤਾ. ਅਸਲ ਵਿਚ ਓਦੋਂ ਬਿਕਰਮਾਜੀਤੀ ਸਾਲ 1525 ਬੀਤਿਆ ਸੀ; ਤੇ ਆਉਂਦੀ ਵੈਸਾਖੀ ਤੱਕ ਚਲਦਾ ਰਹਿਣਾ ਸੀ; ਤੇ ਵੈਸਾਖੀ ਅਗਲੇ ਸਾਲ ਵਿਚ ਗਿਣੀ ਤੇ ਇਸ ਤਰ੍ਹਾਂ ਲਿਖੀ ਜਾਣੀ ਸੀ,- ਸੰਮਤ 1526 ਬੀਤ ਗਏ ਤੇ ਅਗਲੇ (ਵਰਤਮਾਨ) ਸੰਮਤ 1527 ਦਾ ਪਹਿਲਾ ਦਿਨ 'ਵੈਸਾਖੀ' ਚੜ੍ਹ ਪਿਆ। ਲੇਕਿਨ ਸਾਖੀ ਨਵੀਸਾਂ ਨੇ ਸੰਮਤ 1525 (ਗਤਿ) ਦੀ ਥਾਂ ਚੱਲ ਰਹਿਆ ਸੰਮਤ 1526 ਲਿਖ ਮਾਰਿਆ; ਅਰੁ 'ਗਤਿ' ਤੇ 'ਵਰਤਮਾਨ' ਦੇ ਫਰਕ ਤੋਂ ਅਨਜਾਣ ਇਤਿਹਾਸ ਲਿਖਾਰੀਆਂ ਨੇ 1525 ਵਿਚੋਂ 57 ਸਾਲ ਘਟਾਉਣ ਦੀ ਥਾਂ; 1526 ਵਿਚੋਂ ਘਟਾ ਕੇ ਈਸਵੀ ਸਾਲ 1469 ਮਿਥ ਲਿਆ। ਇਸ ਤਰ੍ਹਾਂ ਸਤਿਗੁਰਾਂ ਦੀ ਉਮਰ ਅਣਭੋਲ ਹੀ ਇਕ ਸਾਲ ਘੱਟ ਗਿਣ ਲਈ। ਇਸ ਲੀਹੇ ਪਏ ਲਿਖਾਰੀ, ਸਤਿਗੁਰਾਂ ਦੀ ਉਮਰ ਦਾ ਪੈਮਾਨਾਂ "70 ਸਾਲ ਪੰਜ ਮਹੀਨੇ, 7 ਦਿਨ" ਪੂਰਾ ਕਰਨ ਤੋਂ ਪਹਿਲਾਂ ਹੀ 69 ਵਰ੍ਹੇ ਦਸ ਕੁ ਮਹੀਨੇ ਤੱਕ ਗਿਣ ਕੇ ਥੱਕ ਜਾਂਦੇ ਹਨ।'[70]

ਇਸ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੀ ਗਿਣਤੀ ਨਾਲ ਜੁੜਿਆ ਮਸਲਾ ਸਿੱਖ ਵਿਚਵਾਨਾਂ ਵਿਚ ਇਕਮਤ ਵਾਲਾ ਨਹੀਂ। ਕੋਈ ਉਨ੍ਹਾਂ ਦੀਆਂ ਉਦਾਸੀਆਂ ਦੀ ਗਿਣਤੀ ਚਾਰ ਕਰਦਾ ਹੈ

---

[70] 'ਗੁਰੂ ਬਾਬੇ ਦਾ ਜਨਮ-ਦਿਨ', *ਆਲੋਚਨਾ,* (ਸੰਪਾ.) ਪ੍ਰੋ. ਪ੍ਰੀਤਮ ਸਿੰਘ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, ਜਨਵਰੀ 1969, ਪੰ. 83.

ਅਤੇ ਕੋਈ ਪੰਜ, ਇਸ ਤੋਂ ਇਲਾਵਾ ਉਦਾਸੀਆਂ ਦੀ ਕ੍ਰਮਵਾਰਤਾ ਬਾਰੇ ਵੀ ਭੁਲੇਖੇ ਹਨ, ਜਿਵੇਂ ਪਹਿਲੀ ਉਦਾਸੀ ਉੱਤਰ ਦਿਸ਼ਾ ਦੀ ਸੀ ਜਾਂ ਪੂਰਬ ਦੀ? ਦੂਜੀ ਉਦਾਸੀ ਪੱਛਮ ਦੀ ਸੀ ਜਾਂ ਦੱਖਣ ਦੀ? ਡਾ. ਕਿਰਪਾਲ ਸਿੰਘ ਨੇ ਭਾਈ ਗੁਰਦਾਸ ਜੀ ਦੇ ਹਵਾਲੇ ਨਾਲ ਪਹਿਲੀ ਉਦਾਸੀ ਪੂਰਬ ਦੀ ਮੰਨੀ ਹੈ। ਮਿਹਰਬਾਨ ਦੀ ਜਨਮ ਸਾਖੀ ਅਨੁਸਾਰ ਦੂਜੀ ਦੱਖਣ ਦੀ। ਪੂਰਬ ਅਤੇ ਦੱਖਣ ਦੀ ਉਦਾਸੀ ਮਗਰੋਂ ਉੱਤਰ ਦੀ ਉਦਾਸੀ ਦਾ ਵੇਰਵਾ ਅਤੇ ਪੱਛਮ ਦੀ ਉਦਾਸੀ ਬਾਰੇ ਦੱਸਿਆ ਗਿਆ ਹੈ। ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਉਦਾਸੀਆਂ ਦਾ ਵੇਰਵਾ ਦਿਸ਼ਾਵਾਂ ਦੀ ਵੰਡ ਅਨੁਸਾਰ ਨਹੀਂ ਬਲਕਿ ਤਲਵੰਡੀ ਤੋਂ ਗੁਰੂ ਨਾਨਕ ਦੇਵ ਜੀ ਦੁਆਰਾ ਲੰਮੇ ਸਫਰਾਂ ਦਾ ਵੇਰਵਾ ਹੈ।[71] *ਮਹਿਮਾ ਪ੍ਰਕਾਸ਼* ਪਹਿਲੀ ਉਦਾਸੀ ਪੂਰਬ, ਦੂਜੀ ਦੱਖਣ ਦੀ, ਤੀਜੀ ਉੱਤਰ ਦੀ, ਚੌਥੀ ਪੱਛਮ ਦੀ ਵਰਨਣ ਕੀਤੀ ਹੈ।[72] ਭਾਈ ਰਣਧੀਰ ਸਿੰਘ ਨੇ ਚਾਰ ਉਦਾਸੀਆਂ ਮੰਨੀਆਂ ਹਨ ਜਿੰਨ੍ਹਾਂ ਦੀ ਤਰਤੀਬ ਭਾਈ ਗੁਰਦਾਸ ਜੀ ਅਤੇ ਮਹਿਮਾ ਪ੍ਰਕਾਸ਼ ਵਾਲੀ ਹੈ। ਇੰਨ੍ਹਾਂ ਵਿਚ ਭਾਈ ਸਾਹਿਬ ਨੇ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਸਥਾਨਾਂ ਦਾ ਵੇਰਵਾ ਇਸ ਤਰ੍ਹਾਂ ਦਿੱਤਾ ਹੈ:

ਗੁਰੂ ਸਾਹਿਬ ਦੀ ਪਹਿਲੀ ਉਦਾਸੀ 1499 ਈ. ਵਿਚ ਸ਼ੁਰੂ ਕੀਤੀ ਅਤੇ ਸੁਲਤਾਨਪੁਰ ਛਡ ਦਿੱਤਾ। ਉਨ੍ਹਾਂ ਨੇ ਆਪਣਾ ਪਹਿਲਾ ਪੜਾਅ ਹਕੀਮਪੁਰੇ (ਜਲੰਧਰ) ਵਿਚ ਕੀਤਾ। ਫਿਰ ਲਾਹੌਰ ਗਏ ਜਿਥੇ ਇਕ ਹਫਤੇ ਲਈ ਆਪਣੇ ਸਿੱਖ ਭਾਈ ਜਵਾਹਰ ਮਲ ਦੇ ਘਰ ਠਹਿਰੇ। ਇਥੇ  ਸਯਦ ਅਹਿਮਦ, ਭਾਈ ਮਨਸੁਖ ਅਤੇ ਹੋਰ ਕਈਆਂ ਨੂੰ ਉਪਦੇਸ ਦਿਤਾ। ਲਾਹੌਰ ਰਹਿਣ ਸਮੇਂ ਆਪ ਜੀ ਨੇੜੇ ਦੇ ਸਥਾਨਾਂ ਜਿਵੇਂ ਗੋਇੰਦਵਾਲ, ਫਤਿਹਾਬਾਦ, ਰਾਮ ਤੀਰਥ ਆਦਿ ਸਥਾਨਾਂ ’ਤੇ ਵੀ ਸੰਗਤ ਨੂੰ ਉਪਦੇਸ ਦਿੰਦੇ ਰਹੇ। ਲਾਹੌਰ ਤੋਂ ਬਾਅਦ ਏਮਨਾਬਾਦ, ਸਿਆਲਕੋਟ ਆਦਿ ਥਾਵਾਂ ਤੋਂ ਤਲਵੰਡੀ ਵਾਪਿਸ ਆ ਗਏ। ਆਪਣੇ ਪਰਿਵਾਰ ਨੂੰ ਮਿਲ ਕੇ ਗੁਰੂ ਸਾਹਿਬ ਸਰਸਾ, ਕੁਰੂਕਸ਼ੇਤਰ, ਪਿਹੋਵਾ, ਥਾਨੇਸਰ, ਕਰਨਾਲ ਦਿੱਲੀ, ਉਤਰ ਪ੍ਰਦੇਸ਼ ਦੇ ਮੈਦਾਨੀ ਇਲਾਕੇ ਜਿਵੇਂ ਹਰਿਦੁਆਰ, ਮਥੁਰਾ, ਆਗਰਾ, ਕਾਨਪੁਰ, ਲਖਨਊ, ਅਯੋਧਿਆ, ਪ੍ਰਯਾਗਰਾਜ, ਇਲਾਹਾਬਾਦ; ਬਿਹਾਰ, ਬੰਗਾਲ, ਅਸਾਮ, ਉੜੀਸਾ, ਮੱਧ ਪ੍ਰਦੇਸ ਆਦਿ ਥਾਵਾਂ ਉਪਰ ਗਏ।

---

[71] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਨਾਨਕ ਪ੍ਰਕਾਸ਼: ਪੂਰਬਾਰਧ (ਭਾਗ ਦੂਜਾ),* (ਸੰਪਾ.) ਡਾ. ਕਿਰਪਾਲ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਦਸੰਬਰ 2006, ਪੰਨੇ 14-15.

[72] ਸਰੂਪ ਦਾਸ ਭੱਲਾ, *ਗੁਰੂ ਨਾਨਕ ਮਹਿਮਾ ਅਰਥਾਤ ਮਹਿਮਾ ਪ੍ਰਕਾਸ਼* (ਭਾਗ ਪਹਿਲਾ), (ਸੰਪਾ.) ਡਾ. ਉਤਮ ਸਿੰਘ ਭਾਟੀਆ, ਭਾਸ਼ਾ ਵਿਭਾਗ, ਪੰਜਾਬ, 1999, ਪੰਨੇ 119-432.

ਆਪਣੀ ਦੂਜੀ ਉਦਾਸੀ ਦੌਰਾਨ ਰਾਜਸਥਾਨ ਦੇ ਇਲਾਕੇ ਬੀਕਾਨੇਰ, ਜੈਸਲਮੇਰ, ਜੋਧਪੁਰ, ਮਾਰਵਾੜ, ਅਜਮੇਰ, ਪੁਸ਼ਕਰ; ਆਧਰਾ ਪ੍ਰਦੇਸ਼ ਦੇ ਇਲਾਕਿਆਂ ਅਲੀਆਬਾਦ, ਗੋਲਕੁੰਡਾ, ਬਜਵਾੜਾ, ਮਹਿਬੂਬਨਗਰ; ਕਰਨਾਟਕ ਦੇ ਇਲਾਕੇ ਬਿਦਰ; ਤਾਮਿਲਨਾਡੂ; ਸ੍ਰੀਲੰਕਾ, ਕੇਰਲਾ; ਮਹਾਂਰਾਸ਼ਟਰ, ਗੁਜਰਾਤ ਤੋ ਬਾਅਦ ਕਰਤਾਰਪੁਰ ਜਿਹੜਾ ਕਿ ਆਪਣੀ ਪਹਿਲੀ ਉਦਾਸੀ ਦੌਰਾਨ ਵਸਾਇਆ ਸੀ ਵਾਪਿਸ ਆ ਗਏ।

ਆਪਣੀ ਤੀਜੀ ਉਦਾਸੀ ਦੌਰਾਨ 1514 ਈ. ਵਿਚ ਹਿਮਾਚਲ ਪ੍ਰਦੇਸ ਦੇ ਇਲਾਕੇ ਚੰਬਾ, ਕਾਂਗੜਾ, ਕੁਲੂ ਮਨਾਲੀ, ਸਿਰਮੌਰ ਆਦਿ ਸਥਾਨਾਂ ਉਪਰ ਗੁਰੂ ਸਾਹਿਬ ਗਏ। ਇਸ ਤੋਂ ਬਾਅਦ ਨੇਪਾਲ, ਸਿੱਕਮ, ਭੂਟਾਨ, ਤਿੱਬਤ, ਚੀਨ, ਕਸ਼ਮੀਰ ਆਦਿ ਥਾਵਾਂ ਉਪਰ ਗੁਰੂ ਸਾਹਿਬ ਨੇ ਪ੍ਰਚਾਰ ਕੀਤਾ।

ਚੌਥੀ ਉਦਾਸੀ ਵਿਚ ਅਰਬ ਦੇਸਾਂ ਦੀ ਯਾਤਰਾ ਗੁਰੂ ਸਾਹਿਬ ਨੇ ਕੀਤੀ। ਇਸ ਉਦਾਸੀ ਦੌਰਾਨ ਸਿੰਧ, ਬਲੋਚਿਸਤਾਨ, ਅਦਨ, ਸਾਊਦੀ ਅਰਬ, ਇਰਾਕ, ਫਲਸਤੀਨ, ਅਫਰੀਕਾ, ਸੀਰੀਆ, ਤੁਰਕੀ ਆਦਿ ਸਥਾਨਾਂ ਦਾ ਚੱਕਰ ਗੁਰੂ ਸਾਹਿਬ ਨੇ ਲਾਇਆ।[73]

ਇਸੇ ਤਰ੍ਹਾਂ ਬਾਕੀ ਗੁਰੂ ਸਾਹਿਬਾਨ ਨਾਲ ਸੰਬੰਧਿਤ ਪ੍ਰਮੁਖ ਘਟਨਾਵਾਂ ਜਿਵੇਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਜਿੰਮੇਵਾਰ ਚੰਦੂ ਨਹੀਂ ਬਲਕਿ ਜਹਾਂਗੀਰ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਯੁਧਾਂ ਨਾਲ ਸੰਬੰਧਿਤ ਘਟਨਾਵਾਂ ਦੇ ਵੇਰਵੇ ਆਦਿ ਸੰਖੇਪ ਪਰੰਤੂ ਤਰਕ ਨਾਲ ਦਿੱਤੇ ਹਨ।

7. **ਸਿੱਖ ਰਹਿਤ ਦਾ ਇਤਿਹਾਸ:** ਭਾਈ ਸਾਹਿਬ ਦੇ ਜੀਵਨ ਤੋਂ ਪਤਾ ਲਗਦਾ ਹੈ ਕਿ ਆਪ ਰਹਿਤਵਾਨ ਸਿੱਖ ਸਨ। ਇਕ ਜਾਗਰੂਕ ਲੇਖਕ ਹੋਣ ਦੇ ਨਾਲ ਨਾਲ ਉਨ੍ਹਾਂ ਦੀਆਂ ਲਿਖਤਾਂ ਵਿਚ ਪੁਰਾਤਨ ਸਿੱਖਾਂ ਦੀ ਰਹਿਣ-ਬਹਿਣੀ ਦੀਆਂ ਝਲਕਾਂ ਮਿਲਦੀਆਂ ਹਨ। ਸਿੱਖ ਰਹਿਤ ਦੇ ਇਤਿਹਾਸ ਬਾਰੇ ਉਨ੍ਹਾਂ ਦੀ ਲਿਖਤ ਵਿਸਤ੍ਰਿਤ ਰੂਪ ਵਿਚ *ਪ੍ਰੇਮ ਸੁਮਾਰਗ, ਗੁਰ-ਪ੍ਰਣਾਲੀਆਂ* ਅਤੇ *ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ* ਵਿਚ ਮਿਲਦੀ ਹੈ।

ਭਾਈ ਸਾਹਿਬ ਲਈ ਸਿੱਖ ਪੰਥ ਦੀਆਂ ਸੰਸਥਾਵਾਂ ਸਿੱਖਾਂ ਨੂੰ ਖਾਲਸੇ ਬਣਾਉਣ ਲਈ ਵਿਕਸਿਤ ਹੁੰਦੀਆਂ ਜਾਪਦੀਆਂ ਹਨ। ਇਸ ਲਈ ਜਦੋਂ ਉਹ *ਪ੍ਰੇਮ-ਸੁਮਾਰਗ ਗ੍ਰੰਥ* ਦੇ ਮੂਲ ਪਾਠ ਤੋਂ ਪਹਿਲਾਂ 'ਇਤਿਹਾਸਕ ਵਿਚਾਰ' ਰੂਪੀ ਪਿਛੋਕੜ ਲਿਖਦੇ ਹਨ ਤਾਂ ਜਾਪਦਾ ਹੈ ਕਿ ਇਹ ਸਿੱਖ ਰਹਿਤ ਮਰਯਾਦਾ

---

[73] 'ਨਾਨਕ 'ਨਿਰੰਕਾਰੀ' ਦਾ ਪ੍ਰਚਾਰ ਦਉਰਾ' *ਗੁਰੂ ਨਾਨਕ: ਜੀਵਨ, ਦਰਸ਼ਨ ਅਤੇ ਕਾਵਿ-ਕਲਾ* (ਸੰਪਾ.) ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1969, ਪੰਨੇ 33-39.

ਦਾ ਇਤਿਹਾਸ ਹੈ। ਇਸ ਨੂੰ ਸ਼ੁਰੂ ਕਰਦਿਆਂ ਉਨ੍ਹਾਂ ਨੇ 'ਖਾਲਸਾ' ਅਤੇ 'ਸਹਲੰਗ' ਦਾ ਅੰਤਰ ਦੱਸਿਆ ਹੈ:

'ਸਤਿ ਗੁਰੂ ਨਾਨਕ ਦੇ ਪਰਚਾਰੇ 'ਸੱਚ ਧਰਮ' ਦੌ ਸੀਖਿਆ-ਦੀਖਿਆ (ਮੰਤ੍ਰ-ਉਪਦੇਸ਼) ਲੈਣ ਵਾਲੇ ਸਾਰੇ ਪ੍ਰਾਣੀ 'ਗੁਰਸਿੱਖ' ਯਾ 'ਨਾਨਕ ਪੰਥੀ' ਸੱਦੇ ਜਾਂਦੇ। ਜਿਨ੍ਹਾਂ ਗੁਰਸਿੱਖਾਂ ਦਾ ਸੰਬੰਧ ਸਿੱਧਾ 'ਗੁਰਗੱਦੀ' ਨਾਲ ਹੁੰਦਾ, ਉਨ੍ਹਾਂ ਨੂੰ 'ਖਾਲਸਾ' ਖਿਤਾਬ ਮਿਲਦਾ; ਤੇ ਕਿਸੇ ਗੁਰਮੁਖ 'ਮਸੰਦ' ਪਾਸੋਂ ਵਿਰੋਸਾਉਣ ਵਾਲੇ ਜਗਿਆਸੂਆਂ ਨੂੰ ਉਸ 'ਮੰਜੀਦਾਰ' ਦੇ 'ਮੇਲੀ' ਯਾਨੀ 'ਸਹਲੰਗ' ਆਖਿਆ ਜਾਂਦਾ ਸੀ'[74]

ਇਸ ਤੋਂ ਬਾਅਦ ਭਾਈ ਸਾਹਿਬ ਨੇ ਸਿੱਖ ਇਤਿਹਾਸ ਦੇ ਮਹੱਵਪੂਰਨ ਪੱਖਾਂ ਉੱਤੇ ਇਤਿਹਾਸਿਕ ਰੌਸ਼ਨੀ ਪਾਈ ਹੈ। ਉਨ੍ਹਾਂ ਬਾਈਹ ਮੰਜੀਆਂ, ਅੰਮ੍ਰਾ ਛਕਾਉਣ ਦੀ ਵਿਧੀ, ਗੁਰੂ ਨਾਨਕ ਪੰਥੀਆਂ ਦੀ ਰਹਿਤ-ਬਹਿਤ ਆਦਿ ਸਿਰਲੇਖਾਂ ਵਿਚ ਸਿੱਖ ਤੋਂ ਖਾਲਸੇ ਤੱਕ ਦੇ ਸਫਰ ਨੂੰ ਚਿਤਰਿਆ ਹੈ। ਇਸ ਲਈ ਗੁਰੂ ਸਾਹਿਬਾਨ ਦੇ ਹੁਕਮਨਾਮੇ, ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੇ ਸ਼ਬਦਾਂ ਨੂੰ ਸਿੱਖ ਰਹਿਣੀ ਦੇ ਪ੍ਰਸੰਗ ਵਿਚ ਪੇਸ਼ ਕੀਤਾ ਹੈ।

**ਫੁਟਕਲ:** ਭਾਈ ਸਾਹਿਬ ਦੇ ਕਾਰਜਾਂ ਵਿਚ ਵਿਆਖਿਆਕਾਰੀ ਅਤੇ ਇਤਿਹਾਸਕਾਰੀ ਤੋਂ ਇਲਾਵਾ ਸੰਪਾਦਨਾ, ਅਨੁਵਾਦ, ਪੱਤਰਕਾਰੀ ਅਤੇ ਪ੍ਰਚਾਰ ਆਦਿ ਸ਼ਾਮਿਲ ਕੀਤੇ ਜਾ ਸਕਦੇ ਹਨ। ਇੰਨ੍ਹਾਂ ਦਾ ਵੇਰਵਾ ਅਸੀ ਇੰਨ੍ਹਾਂ ਸਿਰਲੇਖਾਂ ਅਨੁਸਾਰ ਹੀ ਦੇਣ ਦੀ ਕੋਸ਼ਿਸ਼ ਕਰਾਂਗੇ:

1. **ਸੰਪਾਦਨਾ:** ਭਾਈ ਸਾਹਿਬ ਨੇ ਆਪਣੀ ਵਿਆਖਿਆਕਾਰੀ, ਇਤਿਹਾਸਕਾਰੀ ਅਤੇ ਅਨੁਵਾਦ ਦੇ ਕਾਰਜਾਂ ਲਈ ਸਰੋਤਾਂ ਦਾ ਸੰਪਾਦਨ ਕੀਤਾ। ਇੰਨ੍ਹਾਂ ਵਿਚੋਂ ਵੱਡ-ਅਕਾਰੀ ਕਾਰਜ ਸ਼ਬਦਾਰਥ ਦਸਮ ਗ੍ਰੰਥ ਸਾਹਿਬ ਹੈ। *ਗੁਰ-ਪ੍ਰਣਾਲੀਆਂ, ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ, ਪ੍ਰੇਮ-ਸੁਮਾਰਗ* ਇੰਨ੍ਹਾਂ ਦੀਆਂ ਸੰਪਾਦਿਤ ਅਤੇ ਸੰਕਲਿਤ ਰਚਨਾਵਾਂ ਹਨ। ਇੰਨ੍ਹਾਂ ਦੀ ਸੰਪਾਦਨਾਂ ਬਾਰੇ *ਪ੍ਰੇਮ ਸੁਮਾਰਗ* ਵਿਚ ਲਿਖੇ ਸਿਰਲੇਖ 'ਸੰਪਾਦਕ ਦੀ ਸੇਵਾ' ਹੇਠ ਦਿੱਤੇ ਸੰਪਾਦਕੀ ਗੁਣਾਂ ਤੋਂ ਪਤਾ ਲਗਦਾ ਹੈ:

   '(੧) ਇਸ ਮਸੌਦੇ ਦਾ ਮਸਾਲਾ, ਚੂੰਕਿ ਦੋ ਵੱਖ-ਵੱਖ ਸੰਚਿਆਂ 'ਚੋਂ ਲੈ ਕੇ ਪੂਰਾ ਕੀਤਾ ਗਿਆ ਸੀ, ਹੋ ਸਕਦਾ ਇ, ਪ੍ਰਸੰਗਲੀ, ਮੇਲਣ ਵਿਚ, ਕਿਸੇ ਥਾਂ ਗਲਤ ਗਾਂਢਾ-ਸਾਂਢਾ ਹੋ ਗਿਆ ਹੋਵੇ। ਆਪਣੇ ਦਾਓਂ ਠੀਕ ਲੜੀ ਜੋੜਨ ਦਾ ਪੂਰਾ ਧਿਆਨ ਰੱਖਿਆ ਗਿਆ ਹੈ। ਪਰ ਕਈ ਥਾਂਈ ਲਿਖਤ, ਬੜੀ ਮਸ਼ਕੂਕ (ਸ਼ੱਕ ਭਰੀ) ਸੀ। ਦੋਹਾਂ ਖਰੜਿਆਂ 'ਚੋਂ ਅੱਖਰ ਵੇਖਕੇ, ਦਰੁਸਤ ਕਰਨ ਦਾ ਹੀਲਾ ਕੀਤਾ ਹੈ। ਤਦ ਵੀ ਜੇ ਕਿਤੇ

---

[74] *ਪ੍ਰੇਮ ਸੁਮਾਰਗ ਗ੍ਰੰਥ ਅਰਥਾਤ ਖਾਲਸਾਈ ਜੀਵਨ-ਜਾਚ (ਪਾਤਿਸ਼ਾਹੀ ਦਸਵੀਂ)*, ਨਿਊ ਬੁਕ ਕੰਪਨੀ, ਜਲੰਧਰ, 1965. ਪੰ.20.

ਘਾਟ ਰਹਿ ਗਈ ਹੋਵੇ ਤਾਂ ਮਜਬੂਰੀ ਜਾਣਕੇ, ਪਾਠਕ ਖਿਮਾ ਕਰਨ।

ਕਿਸੇ ਸੱਜਣ ਪਾਸ ਹੋਰ ਸੰਚੀ ਹੋਵੇ, ਸ਼ਕੀਆ ਪਾਠ ਉਸ ਨਾਲ ਮੇਲ ਕੇ ਸੋਧ ਲੈਣ, ਅਤੇ ਸੰਪਾਦਕ ਨੂੰ ਵੀ ਸੂਚਨਾ ਦੇ ਕੇ ਧੰਨਵਾਦੀ ਬਣਾਉਣ ਤਾਂ ਜੋ ਅਗਲੀ ਵਾਰ ਛਾਪਣ ਤੋਂ ਪਹਿਲਾਂ ਸੁਧਾਈ ਹੋ ਸਕੇ॥

(੨) ਦੂਜੀ ਸੇਵਾ, ਸੰਪਾਦਕ ਨੇ ਲਿਖਤ ਨੂੰ ਨਿਖੇੜਨ (ਪਦ-ਛੇਦ ਕਰਨ) ਦੀ ਕੀਤੀ ਹੈ। ਲੋੜ ਅਨੁਸਾਰ ਬਿਸਰਾਮ ਚਿੰਨ੍ਹ (ਕਾਮੇ ਤੇ ਸੈਮੀ-ਕੌਲਨ ਆਦਿ) ਲਾ ਕੇ, ਲੰਮੇ ਫਿਕਰੇ ਪੜ੍ਹਨੇ ਸੌਖੇ ਬਣਾਏ, ਅਤੇ ਪ੍ਰਸ਼ਨ ਤੇ ਵਿਸਮਿਕ ਚਿੰਨ ਦੇ ਕੇ, ਪਾਠ ਸਮਝਾਏ ਹਨ। ਖਾਸ ਖਾਸ ਵਾਕਾਂ ਨੂੰ ਸਿੱਧੇ ਪੁੱਠੇ ਦੁਹਰੇ ("-") ਯਾ ਇਕਹਰੇ ('-') ਕਾਮੇ ਲਾ ਕੇ ਵੱਖਰਿਆਂ ਵੀ ਵਿਖਾਇਆ ਗਿਆ ਹੈ॥

(੩) ਪ੍ਰਾਚੀਨ ਪੰਜਾਬੀ ਦੇ ਔਖੇ ਤੇ ਅਣੋਖੇ ਪਦਾਂ (ਲਫਜਾਂ) ਤੇ ਸ਼ਬਦਾਂ (ਵਾਕਾਂ) ਦੇ ਅਰਥ-ਪੈਰ ਟਿੱਪਣੀਆਂ ਵਿੱਚ ਲਿਖਕੇ, ਸ਼ਪਸ਼ਟ ਕਰਨ ਦਾ ਯਤਨ ਵੀ ਕੀਤਾ ਗਿਆ ਹੈ।

(੪) ਰਹਿਤ-ਮ੍ਰਿਯਾਦਾ ਸਬੰਧੀ ਅਨੇਕਾ ਅਸਪੱਸ਼ਟ ਗੱਲਾਂ, 'ਜਾਣ-ਪਛਾਣ' (ਮੁੱਖਬੰਦ) ਵਿਚ ਇਤਿਹਾਸਕ ਹਵਾਲੇ ਦੇ ਕੇ, ਸ਼ਪੱਸ਼ਟ ਕੀਤੀਆਂ ਹਨ।

(੫) ਕਈ ਥਾਂਈਂ, ਛੁੱਟ ਮਰੋੜੀ ('ਚ, 'ਤੇ) ਲਾ ਕੇ ਲਫਜ ਦਾ ਪੂਰਾ ਤੇ ਸਹੀ ਰੂਪ ਦਰਸਾਉਣ ਦੀ ਕੋਸ਼ਿਸ਼ ਵੀ ਕੀਤੀ ਹੈ।

(੬) ਜਿੰਨ੍ਹਾਂ ਪੋਥੀਆਂ-ਗ੍ਰੰਥਾਂ ਦੀ ਸਹਾਇਤਾ ਲੈ ਕੇ, ਸੋਧਾਂ, ਸਪਸ਼ੱਟੀਕਰਣ ਤੇ ਪੁਸਤਕ ਦੀ ਸਾਹਿਤਕ ਅਰੁ ਇਤਿਹਾਸਕ ਮਹਾਨਤਾ ਸਿੱਧ ਕੀਤੀ ਹੈ, ਉਨ੍ਹਾਂ ਦੀ ਸੂਚੀ ਵੀ ਦੇ ਦਿੱਤੀ ਹੈ।

(੭) ਪੋਥੀ ਦਾ ਪਾਠ ਪੂਰੇ ਧਿਆਨ ਨਾਲ ਕਰਕੇ, 'ਵਿਸ਼ੇ ਸੂਚਕ ਤਤਕਰਾ' ਤਿਆਰ ਕੀਤਾ ਹੈ, ਜਿਸ ਦੀ ਮਦਦ ਨਾਲ ਕਿਸੇ ਮਸਲੇ 'ਤੇ ਲੋੜੀਂਦੀ ਵਿਚਾਰ ਸੁਖੱਲੀ ਤੇ ਤੁਰੰਤ ਲੱਭ ਸਕਦੀ ਹੈ॥'[75]

ਭਾਈ ਸਾਹਿਬ ਦੀਆਂ ਉਪਰੋਕਤ ਸੂਚਨਾਵਾਂ ਇਕਲੇ ਪ੍ਰੇਮ ਸੁਮਾਰਗ ਲਈ ਨਹੀਂ, ਬਲਕਿ ਉਨ੍ਹਾਂ ਦੀਆਂ ਹੋਰ ਸੰਪਾਦਿਤ ਰਚਨਾਵਾਂ ਲਈ ਵੀ ਲਾਗੂ ਹੋ ਸਕਦੀਆਂ ਹਨ।

2. **ਅਨੁਵਾਦ:** ਭਾਈ ਸਾਹਿਬ ਨੇ ਆਪਣੀਆਂ ਪੁਸਤਕਾਂ ਵਿਚ ਫਾਰਸੀ ਆਦਿ ਰਚਨਾਵਾਂ ਵਿਚੋਂ ਸਿੱਖ ਇਤਿਹਾਸਿਕ ਪ੍ਰਸੰਗ ਪੇਸ਼ ਕਰਦਿਆਂ ਉਨ੍ਹਾਂ ਦਾ ਪੰਜਾਬੀ ਅਨੁਵਾਦ ਕੀਤਾ ਹੈ, ਅਸੀਂ ਇਸਦੀ ਉਦਾਹਰਨ

---

[75] *ਪ੍ਰੇਮ ਸੁਮਾਰਗ ਗ੍ਰੰਥ ਅਰਥਾਤ ਖਾਲਸਾਈ ਜੀਵਨ-ਜਾਚ (ਪਾਤਿਸ਼ਾਹੀ ਦਸਵੀਂ),* ਨਿਊ ਬੁਕ ਕੰਪਨੀ, ਜਲੰਧਰ, 1965. ਪੰ.78.

'ਦੱਬਿਸਤਾਨਿ ਮਜਾਹਬ' ਦੇ ਪ੍ਰਸੰਗ ਵਿਚ ਵੇਖ ਸਕਦੇ ਹਾਂ[76]:

'ਨਾਨਕ ਪੰਥੀ' 'ਗੁਰਸਿੱਖ' ਕਰਕੇ ਮਸ਼ਹੂਰ ਹਨ। ਇਹ ਬੁਤਖਾਨੇ (ਮੂਰਤੀ ਮੰਦਿਰ) ਪਰ ਵਿਸ਼੍ਵਾਸ਼ ਨਹੀਂ ਰਖਦੇ। ਇੰਨ੍ਹਾਂ ਦੇ ਮੁਖ-ਗੁਰੂ ਨਾਨਕ 'ਬੇਦੀਆਂ' ਵਿਚੋਂ ਹਨ, ਤੇ 'ਬੇਦੀ' ਛੱਤ੍ਰੀਆਂ ਦੀ ਇਕ ਜ਼ਾਤਿ ਹੈ। ਆਪ ਸੁਰਗਵਾਸੀ ਜ਼ਹੀਰੁੱਦੀਨ 'ਬਾਬਰ' ਬਾਦਆਹ ਦੇ ਸਮੇਂ ਪ੍ਰਸਿੱਧ ਹੋਏ। ਬਾਬਰ ਦੇ 'ਅਫ਼ਗਾਨਾਂ' ਉੱਤੇ ਭਾਰੂ ਹੋਣ ਤੋਂ ਪਹਿਲਾਂ, ਉਹ ਦਉਲਤ ਖਾਂ 'ਲੋਦੀ' ਜੋ ਹਿੰਦੋਸਤਾਨ ਦੇ ਬਾਦਸ਼ਾਹ ਇਬਰਾਹੀਮ ਦੇ ਵੱਡੇ ਉਮਰਾਵਾਂ ਵਿਚੋਂ ਸੀ-ਦੇ ਮੋਦੀ ਸਨ।.... ਗੁਰੂ ਨਾਨਕ ਤੋਂ ਬਾਦ, ਗੁਰੂ ਅੰਗਦ 'ਤ੍ਰਿਹਨ' ਖੱਤ੍ਰੀ, ਉਨ੍ਹਾਂ ਦੀ ਥਾਂ 'ਗੱਦੀ' ਵਿਰਾਜੇ.... ਅਤੇ ਉਨ੍ਹਾਂ ਤੋਂ ਬਾਦ ਗੁਰੂ ਅਮਰਦਾਸ 'ਭੱਲੇ' ਖੱਤ੍ਰੀਆਂ 'ਚੋਂ ਉਨ੍ਹਾਂ ਦੇ ਜਾ-ਨਸ਼ੀਨ ਹੋਏ।'

ਅੱਗੇ ਇਹ ਵਿਸਤਾਰ ਗੁਰੂ ਹਰਿਰਾਇ ਸਾਹਿਬ ਤੱਕ ਚਲਦਾ ਹੈ।

ਹੋਰ ਫਾਰਸੀ ਰਚਨਾਵਾਂ ਜਿਵੇਂ ਮੁਨਸ਼ੀ ਸੁਜਾਨ ਰਾਇ ਭੰਡਾਰੀ ਦੀ *ਖੁਲਾਸਾਤੁਤ ਤਵਾਰੀਖ*[77] ਆਦਿ ਦਾ ਉਲਥਾ ਵੀ ਇੰਨ੍ਹਾਂ ਦੀਆਂ ਕਿਰਤਾਂ ਵਿਚੋਂ ਲਭਦਾ ਹੈ। ਇਨ੍ਹਾਂ ਤੋਂ ਇਲਾਵਾ ਫਾਰਸੀ ਰਚਨਾਵਾਂ ਦਾ ਗੁਰਮੁਖੀ ਵਿਚ ਲਿਪੀਅੰਤਰਣ ਅਤੇ ਵਿਆਖਿਆ ਵੀ ਮਿਲਦੀ ਹੈ, ਜਿਵੇਂ ਕਾਜ਼ੀ ਨੂਰ ਮੁਹੰਮਦ ਦਾ *ਜੰਗਨਾਮਾ ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ* ਵਿਚ ਮਿਲਦਾ ਹੈ।

3. **ਪੱਤਰਕਾਰੀ:** ਭਾਈ ਸਾਹਿਬ ਦੇ ਜੀਵਨ ਅਧਿਐਨ ਤੋਂ ਇੰਨ੍ਹਾਂ ਦੁਆਰਾ ਪੱਤਰਕਾਰੀ ਕੀਤੇ ਜਾਣ ਦਾ ਵੀ ਪਤਾ ਲਗਦਾ ਹੈ। ਪੱਤਰਕਾਰੀ ਦੀ ਵੰਨਗੀ ਵਜੋਂ ਇੰਨ੍ਹਾਂ ਦੁਆਰਾ ਗੁਰਦੁਆਰਾ ਸੁਧਾਰ ਲਹਿਰ ਦੁਆਰਾ ਭੇਜੇ ਜਾਂਦੇ ਸ਼ਹੀਦੀ ਜਥਿਆਂ ਦੀ ਰਿਪੋਰਟ[78] 'ਸ਼ਾਤ ਮਈ ਦੇ ਅਰਥ' ਨਾਮੀ ਲੇਖ[79] *ਫੁਲਵਾੜੀ* ਪਤ੍ਰਿਕਾ ਦੇ ਗੁ: ਤਾਰਨ ਤਾਰਨ ਨੰਬਰ ਵਿਚ ਛਪੀ 'ਰਪੋਟ ਗੁ: ਪ੍ਰ: ਕ: ਸ੍ਰੀ ਤਰਨ ਤਾਰਨ ਸਾਹਿਬ' ਦੇਖੀਆਂ ਜਾ ਸਕਦੀਆਂ ਹਨ। ਇੰਨ੍ਹਾਂ ਤੋਂ ਇਹ ਗਿਆਤ ਹੁੰਦਾ ਹੈ ਕਿ ਇੰਨ੍ਹਾਂ ਦੀ ਪੱਤਰਕਾਰੀ ਸਿੱਖ ਇਤਿਹਾਸ ਅਤੇ ਸਿੱਖ ਸਮਸਿਆਵਾਂ ਨਾਲ ਹੀ ਜੁੜੀ ਹੋਈ ਹੈ।
4. **ਧਰਮ ਪ੍ਰਚਾਰ:** ਭਾਈ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜੇ ਰਹੇ। ਇਸ ਸੰਸਥਾ ਦਾ ਕਾਰਜ ਸਿੱਖ ਗੁਰਦੁਆਰਿਆਂ ਅਤੇ ਸਿੱਖਿਆ ਅਤੇ ਸਿਹਤ ਨਾਲ ਜੁੜੇ ਬਹੁਤ ਸਾਰੇ ਅਦਾਰਿਆਂ ਦੀ

---

[76] ਸ. ਰਣਧੀਰ ਸਿੰਘ (ਸੰਪਾ.), *ਬਾਬਾਣੀ ਪੀੜ੍ਹੀ ਚਲੀ ਗੁਰ-ਪ੍ਰਣਾਲੀਆਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਪ੍ਰੈਲ 1977, ਪੰਨੇ 20-24.

[77] *ਉਹੀ,* ਪੰਨੇ 25-28.

[78] ਅਕਾਲੀ ਤੇ ਪ੍ਰਦੇਸੀ, December 15, 1924.

[79] *ਉਹੀ,* 23 ਅਗਸਤ 1924, ਪੰਨੇ 2-3.

ਸੰਭਾਲ ਕਰਨਾ ਹੈ। ਇਹ ਬਹੁਤ ਸਾਰੀਆਂ ਪੁਸਤਕਾਂ ਅਤੇ ਪਤ੍ਰਿਕਾਵਾਂ ਪ੍ਰਕਾਸ਼ਿਤ ਕਰਦੀ ਹੈ। ਭਾਈ ਸਾਹਿਬ ਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਛਪਦੀਆਂ ਪਤ੍ਰਿਕਾਵਾਂ *ਗੁਰਮਤਿ ਪ੍ਰਕਾਸ਼* ਅਤੇ *ਗੁਰਦੁਆਰਾ ਗਜ਼ਟ* ਵਿਚ ਛਪੇ ਲੇਖਾਂ ਦੁਆਰਾ ਸਿੱਖੀ ਪ੍ਰਚਾਰ ਵੀ ਕੀਤਾ ਮਿਲਦਾ ਹੈ। ਇਸ ਦੀਆਂ ਉਦਾਹਰਨਾਂ ਇੰਨ੍ਹਾਂ ਦੇ ਲੇਖ 'ਸਭ ਤੋਂ ਉੱਤਮ ਆਰਥਕ ਪ੍ਰਬੰਧ ਦਸਵੰਧ' ਅਤੇ 'ਧਰਮ ਪ੍ਰਚਾਰ' ਹਨ। ਇੰਨ੍ਹਾਂ ਵਿਚ ਭਾਈ ਸਾਹਿਬ ਨੇ ਦਸਵੰਧ ਦੇ ਪਿਛੋਕੜ ਬਾਰੇ ਦਸਦਿਆਂ, ਉਸਨੂੰ ਕਿਸ ਤਰ੍ਹਾਂ ਇਕਠਾ ਅਤੇ ਕਿਸ ਤਰ੍ਹਾਂ ਵਰਤਣਾ ਚਾਹੀਦਾ ਹੈ? ਬਾਰੇ ਵਿਚਾਰ ਕੀਤੀ ਹੈ। ਇਸ ਦੀ ਉਦਾਹਰਨ ਦੇਖੀ ਜਾ ਸਕਦੀ ਹੈ:

'1. 'ਸਥਾਨਕ ਸਭਾ ਸੁਸਾਇਟੀਆਂ ਤੇ ਹੋਰ ਪ੍ਰਤੀਨਿਧ ਜੱਥੇ ਆਪੋ ਆਪਣੇ ਹਲਕਿਆਂ ਵਿਚ ਦਸਬੰਧ ਦੀ ਮਰਯਾਦਾ ਬਹਾਲ ਕਰਨ ਵਾਸਤੇ ਜਤਨ ਕਰਨ।
2. ਹਰਿਕ ਪਿੰਡ ਮਹੱਲੇ ਤੇ ਪੱਤੀਆਂ (ਅਗਵਾੜਾਂ) ਵਿਚ 'ਦਸਵੰਧ-ਕਮੇਟੀਆਂ' ਕਾਇਮ ਕੀਤੀਆਂ ਜਾਣ। ਜੋ ਕਮਾਈ ਕਰਨ ਵਾਲੇ ਹਰ ਸਿੱਖ ਪਾਸੋ ਪੂਰਾ ਦਸਵੰਧ ਵਸੂਲ ਕਰਨ ਦਾ ਹੱਕ ਰਖਦੀਆਂ ਹੋਣ।
3. ਵਾਹੀ ਕਰਨ ਵਾਲੇ ਸਿੱਖ, ਹਰ ਫਸਲ ਵਿਚੋਂ ਦਸਵੰਧ (ਦਸਵਾਂ ਹਿੱਸਾ) ਕੱਢ ਕੇ ਖਲਵਾੜੇ ਤੋਂ ਹੀ 'ਦਸਵੰਧ ਕਮੇਟੀ' ਪਾਸ ਪਹੁੰਚਾ ਦੇਣ। ਪਸ਼ੂ ਜਦੋਂ ਵਿਕੇ, ਉਸ ਦੀ ਵੱਟਕ ਵਿਚੋਂ 'ਦਸਵੰਧ ਨਕਦੀ ਦੀ ਸੂਰਤ ਵਿਚ ਈ ਤਾਰਿਆ ਜਾਵੇ।.....'

ਇਸੇ ਤਰ੍ਹਾਂ ਦੀਆਂ ਦਸ ਸਲਾਹਾਂ ਭਾਈ ਸਾਹਿਬ ਨੇ ਆਪਣੇ ਇਸ ਲੇਖ ਵਿਚ ਦਿਤੀਆਂ ਹਨ। ਨਾਲ ਹੀ ਪ੍ਰੇਮ ਸੁਮਾਰਗ ਅਤੇ ਹੋਰ ਗ੍ਰੰਥਾਂ ਵਿਚੋਂ ਹਵਾਲੇ ਦੇ ਕੇ ਦਸਬੰਧ ਦੀ ਜਰੂਰਤ ਨੂੰ ਦ੍ਰਿੜ ਕਰਵਾਇਆ ਹੈ।[80]

**ਸਾਰਾਂਸ਼:**

ਭਾਈ ਸਾਹਿਬ ਦੀਆਂ ਰਚਨਾਵਾਂ ਦਾ ਅਧਿਐਨ ਕਰਦਿਆਂ ਇੰਨ੍ਹਾਂ ਦੀ ਖੋਜ ਦੇ ਮੁਢਲੇ ਖੇਤਰ ਵਜੋਂ ਇਤਿਹਾਸਕਾਰੀ ਨੂੰ ਹੀ ਪਹਿਲੀ ਥਾਂ ਮਿਲਦੀ ਹੈ। ਇਸ ਖੇਤਰ ਵਿਚ ਮਿਤੀਆਂ, ਘਟਨਾਵਾਂ, ਸ੍ਰੋਤਾਂ ਦੀ ਇਕਤਰਤਾ ਅਤੇ ਵਿਆਖਿਆ ਆਦਿ ਨੂੰ ਬਹੁ-ਪਾਸਾਰੀ ਰੂਪ ਵਿਚ ਵੇਖਿਆ ਜਾ ਸਕਦਾ ਹੈ। ਸੰਪਾਦਨਾ ਕਰਦਿਆਂ ਇਹ ਮੂਲ ਪਾਠ-ਨਿਰਧਾਰਨ ਦੀ ਸਮੱਸਿਆ ਨੂੰ ਨਜਿਠਦੇ ਹਨ। ਘਟਨਾਵਾਂ ਦੇ ਵੇਰਵੇ ਦਿੰਦਿਆਂ ਇਹ ਯਥਾਰਥ ਦਾ ਪੱਲਾ ਨਹੀਂ ਛਡਦੇ। ਇਸ ਤੋਂ ਇਲਾਵਾ ਸ਼ਰਧਾਵਾਨ ਸਿੱਖ ਦੀ ਭਾਂਤੀ ਪੰਥ ਨਾਲ ਜੁੜੇ ਮਸਲਿਆਂ ਬਾਰੇ ਵੀ ਆਪਣੀ ਲੇਖਣੀ ਰਾਹੀਂ ਚਿੰਤਨ ਕਰਦੇ ਉਨ੍ਹਾਂ ਦੇ ਸੁਝਾਅ ਪੇਸ਼ ਕਰਦੇ ਹਨ। ਇੰਨ੍ਹਾਂ ਦੀ ਵਿਆਖਿਆਕਾਰੀ, ਇਤਿਹਾਸਕਾਰੀ ਅਤੇ ਪੱਤਰਕਾਰਤਾ ਆਦਿ ਵਿਚ ਸਿੰਘ ਸਭਾਈ ਪ੍ਰਣਾਲੀ ਦੇ ਲੱਛਣਾਂ ਦੀ ਝਲਕ ਪੈਂਦੀ ਹੈ।

---

[80] *ਗੁਰਦੁਆਰਾ ਗਜ਼ਟ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1951, ਪੰਨੇ 11-16.

## ਅਧਿਆਇ ਚੌਥਾ

# ਭਾਈ ਰਣਧੀਰ ਸਿੰਘ ਦੀ ਅਪ੍ਰਕਾਸ਼ਿਤ ਰਚਨਾ ਦਾ ਮੂਲ-ਪਾਠ ਤੇ ਸੰਪਾਦਨ

ਭਾਈ ਰਣਧੀਰ ਸਿੰਘ ਦੀਆਂ ਪ੍ਰਕਾਸ਼ਿਤ ਰਚਨਾਵਾਂ ਤੋਂ ਬਿਨਾਂ ਅਪ੍ਰਕਾਸ਼ਿਤ ਸਮਗਰੀ ਦੀ ਦੱਸ ਵੀ ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਵੇਰਵਿਆਂ ਵਿਚ ਪਾਈ ਗਈ ਹੈ।[1] ਇਸ ਦੀ ਭਾਲ ਕਰਦਿਆਂ ਸਾਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਡਾ. ਗੰਡਾ ਸਿੰਘ ਲਾਇਬ੍ਰੇਰੀ ਦੇ ਦੁਰਲਭ ਲਿਖਤਾਂ ਵਾਲੇ ਭਾਗ ਵਿਚੋਂ ਦੋ ਡਾਇਰੀਆਂ ਪ੍ਰਾਪਤ ਹੋਈਆਂ ਹਨ। ਇਹ ਡਾਇਰੀਆਂ ਪ੍ਰੋਫੈਸਰ ਪਿਆਰਾ ਸਿੰਘ ਪਦਮ ਦੇ ਪਰਿਵਾਰ ਵਲੋਂ ਲਾਇਬ੍ਰੇਰੀ ਨੂੰ ਭੇਂਟ ਕੀਤੀ ਉਨ੍ਹਾਂ ਦੀ ਲਾਇਬ੍ਰੇਰੀ ਵਿਚੋਂ ਮਿਲੀਆਂ ਹਨ। ਇੰਨ੍ਹਾਂ ਦਾ ਨੰਬਰ ਕ੍ਰਮਵਾਰ 116070 ਅਤੇ 116071 ਹੈ ਲਾਇਬ੍ਰੇਰੀ ਵਲੋਂ ਲਗਾਇਆ ਗਿਆ ਹੈ। ਭਾਈ ਸਾਹਿਬ ਨੇ ਇੰਨ੍ਹਾਂ ਦਾ No. 5 ਅਤੇ No. 7 ਲਗਾਇਆ ਹੋਇਆ ਹੈ। ਇੰਨ੍ਹਾਂ ਵਿਚ ਭਾਈ ਸਾਹਿਬ ਦੁਆਰਾ ਹੱਥ ਨਾਲ ਉਤਾਰੇ ਵੱਖ-ਵੱਖ ਗ੍ਰੰਥਾਂ ਵਿਚੋਂ ਲਏ ਗਏ ਨੋਟਿਸ ਅਤੇ ਹੱਥ ਲਿਖਤਾਂ ਦੇ ਉਤਾਰੇ ਹਨ। ਇੰਨ੍ਹਾਂ ਦਾ ਵੇਰਵਾ ਉਨ੍ਹਾਂ ਨੇ ਡਾਇਰੀਆਂ ਦੇ ਸਰਵਰਕ ਉਪਰ ਇਸ ਪ੍ਰਕਾਰ ਦਿੱਤਾ ਹੈ:

ਡਾਇਰੀ ਨੰ. 5 (116071)

੧- ਸ੍ਰੀ ਸਤਿਗੁਰੂ ਜੀ ਦੇ ਮੁਹੈਂ ਦੀਆਂ ਸਾਖੀਆਂ

੨-ਤਹਮਾਸਪ ਨਾਮਾ

੩-ਤਾਰੀਖਿ ਮੁਬਾਰਕ ਸ਼ਾਹੀ

੪-ਦਸਮ ਗ੍ਰੰਥ- ਦੀਵਾਨਖਾਨਾ ਸੰਗਰੂਰ

੫-ਗ੍ਰੰਥ ਪੈਂਹਦਾ ਸਾਹਿਬ ਵਾਲਾ

੬-ਆਦਿ ਗ੍ਰੰਥ ਲਿਖਤਿ ਸੰਮਤ ੧੭੮੭ ਗੁ. ਦੂਖ ਨਿਵਾਰਨ-ਪਟਿਆਲਾ

੭-ਪੁਰਾਤਨ ਪੋਥੀ ਗੁਰਬਾਣੀ ਤੇ ਸਾਖੀਆਂ

੮-ਭਾਈ ਦੁਰਗਾ ਸਿੰਘ ਪਾਸ ਹੁਕਮਨਾਮਾ

੯-ਭਾਈ ਹਰਿਦਾਸ ਲਿਖਤ-'ਆਦਿ ਗ੍ਰੰਥ' –ਆਦਿ

੧੦-ਛਨਛੇਪ ਸੌਦਾ (ਪ੍ਰਸੰਗਾਵਲੀ ਪਾ:੬)

[1] ਕਰਨੈਲ ਸਿੰਘ ਸੋਮਲ, ਪੰ.42.

ਡਾਇਰੀ ਨੰ. 7 (116070)

ਇਸ ਵਿਚਲੀਆਂ ਲਿਖਤਾਂ ਦਾ ਵੇਰਵਾ ਹੇਠ ਲਿਖਿਆ ਹੈ:

੧ - ਹੁਮਾਯੂੰ ਨਾਮਾ

੨ -ਬਾਦਸ਼ਾਹ ਬਰੂੰਜੀ

੩ - ਹਾਕਿਮਾਨਿ ਪੰਜਾਬਾਦਿ

੪– ਭੱਟ ਵਹੀਆਂ... ਪੰਡਾ ਵਹੀਆਂ

੫ -ਗੁਰੂ ਦੀਆਂ ਸਾਖਿਆਂ

੬– ਮਹਿਮਾ ਪ੍ਰਕਾਸ਼

੭ -ਭਾਈ ਲੱਖਣ ਹਿਤੋਪਦੇਸ਼

੮ -ਲਾਛਿਤ ਬਰ ਫੂਕਨ.......

ਇੰਨ੍ਹਾਂ ਲਿਖਤਾਂ ਨੂੰ ਭਾਈ ਸਾਹਿਬ ਨੇ ਬਹੁਤ ਸਾਰੇ ਗ੍ਰੰਥਾਂ ਦੇ ਪਠਨ ਦੌਰਾਨ ਇਕਤਰ ਕੀਤਾ। ਇਹ ਜ਼ਿਕਰਯੋਗ ਹੈ ਕਿ ਇੰਨ੍ਹਾਂ ਹੱਥ ਲਿਖਤਾਂ ਵਿਚੋਂ ਬਹੁਤ ਸਾਰੀ ਸਮਗਰੀ ਉਨ੍ਹਾਂ ਨੇ ਆਪਣੇ ਪ੍ਰਕਾਸ਼ਿਤ ਗ੍ਰੰਥਾਂ/ਪੁਸਤਕਾਂ ਵਿਚ ਵਰਤੀ ਅਤੇ ਬਹੁਤ ਸਾਰੀ ਦਾ ਲਾਭ ਵਿਦਵਾਨਾਂ ਵਲੋਂ ਉਠਾਇਆ ਗਿਆ। ਇੰਨ੍ਹਾਂ ਵਿਚ ਪ੍ਰੋ. ਪਿਆਰਾ ਸਿੰਘ ਪਦਮ, ਡਾ. ਪਿਆਰ ਸਿੰਘ, ਡਾ. ਨਰਿੰਦਰ ਕੌਰ ਭਾਟੀਆ, ਡਾ. ਗੰਡਾ ਸਿੰਘ ਆਦਿ ਹਨ। ਹਥਲੇ ਅਧਿਆਇ ਵਿਚ ਇਸ ਸਮਗਰੀ ਵਿਚੋਂ ਕੁਝ ਕੁ ਲਿਖਤਾਂ ਨੂੰ ਇਥੇ ਮੂਲ ਪਾਠ ਵਜੋਂ ਦਰਜ ਕੀਤਾ ਗਿਆ ਹੈ:

1. **ਸ੍ਰੀ ਸਤਿਗੁਰੂ ਜੀ ਦੇ ਮੁਹੈ ਦੀਆ ਸਾਖੀਆਂ**: ਇੰਨ੍ਹਾਂ ਸਾਖੀਆਂ ਦਾ ਜ਼ਿਕਰ ਪੰਜਾਬੀ ਸਾਹਿਤ ਦੇ ਵਿਦਵਾਨਾਂ ਵਲੋਂ ਆਪਣੀ ਕਿਰਤਾਂ ਵਿਚ[2] ਕੀਤਾ ਹੋਇਆ ਹੈ। ਇਹ ਸਾਖੀਆਂ ਬੀਬੀ ਰੂਪ ਕੌਰ (ਗੁਰੂ ਹਰਿ ਰਾਇ ਸਾਹਿਬ ਦੀ ਪਾਲਿਤ ਪੁਤਰੀ) ਦੇ ਨਾਂ ਨਾਲ ਸੰਬੰਧਿਤ ਹਨ। ਇਹ ਕੁਲ 33 ਸਾਖੀਆਂ ਹਨ, ਜਿੰਨ੍ਹਾਂ ਬਾਰੇ ਮੰਨਿਆ ਜਾਂਦਾ ਹੈ ਕਿ ਇੰਨ੍ਹਾਂ ਨੂੰ ਬੀਬੀ ਰੂਪ ਕੌਰ ਨੇ ਕਿਸੇ ਨੁਸਖੇ ਤੋਂ ਉਤਾਰਿਆ।[3]ਭਾਈ ਰਣਧੀਰ ਸਿੰਘ ਨੇ ਇੰਨ੍ਹਾਂ ਦਾ ਉਤਾਰਾ ਕੀਤਾ ਇਸ ਦੀ ਇਕ ਨਕਲ ਡਾ. ਪਿਆਰ ਸਿੰਘ ਨੂੰ ਦਿੱਤੀ ਗਈ, ਜਿਸਨੂੰ ਅੱਗੇ ਡਾ. ਨਰਿੰਦਰ ਕੌਰ ਭਾਟੀਆ ਨੇ ਕੁਝ ਹੋਰ ਹੱਥ ਲਿਖਤਾਂ ਜਿੰਨ੍ਹਾਂ

---

2 ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ), ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰ. 374-75; ਸੁਰਿੰਦਰ ਸਿੰਘ ਕੋਹਲੀ, *ਪੰਜਾਬੀ ਸਾਹਿਤ ਦਾ ਇਤਿਹਾਸ,* ਲਾਹੌਰ ਬੁਕ ਸ਼ਾਪ, ਲੁਧਿਆਣਾ, 1955, ਪੰ. 183.

3 ਡਾ. ਨਰਿੰਦਰ ਕੌਰ ਭਾਟੀਆ, (ਸੰਪਾ.) *ਸ੍ਰੀ ਸਤਿਗੁਰੂ ਜੀ ਦੇ ਮੁਹੈਂ ਦੀਆਂ ਸਾਖੀਆਂ,* ਖੁਦ, 1978, ਪੰ. 9.

ਵਿਚ ਭਾਸ਼ਾ ਵਿਭਾਗ ਦੀ ਹੱਥ ਲਿਖਤ ਨੰ. 19, ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਦੀ ਹੱਥ ਲਿਖਤ ਨੰ. 2571, ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਦੀਆਂ ਹੱਥ ਲਿਖਤਾਂ ਨੰ. 5660 ਅਤੇ 1657 ਆਦਿ ਸ਼ਾਮਿਲ ਹਨ, ਨੂੰ ਇਕਤਰ ਕਰਕੇ ਸੰਪਾਦਿਤ ਕੀਤਾ ਹੈ।[4] ਸਾਡਾ ਸੰਬੰਧ ਭਾਈ ਸਾਹਿਬ ਦੁਆਰਾ ਕੀਤੇ ਉਤਾਰੇ ਨਾਲ ਹੈ। ਉਨ੍ਹਾਂ ਨੇ 33 ਸਾਖੀਆਂ ਦਾ ਉਤਾਰਾ ਜਿਸ ਪੋਥੀ ਵਿਚੋਂ ਕੀਤਾ ਉਸਦੇ ਖਾਲੀ ਪਤ੍ਰਿਆਂ ਆਦਿ ਦਾ ਵੇਰਵਾ ਵੀ ਨਾਲ ਦਿੱਤਾ ਹੈ। ਸਾਖੀਆਂ ਦੀ ਸਮਾਪਤੀ ਤੋਂ ਬਾਅਦ ਗੁਰੂ ਸਾਹਿਬਾਨ ਅਤੇ ਬੀਬੀ ਰੂਪ ਕੌਰ ਦੇ ਜੋਤੀ-ਜੋਤਿ ਸਮਾਵਣੇ ਦੇ ਚਲਿਤ੍ਰ ਦਿਤੇ ਗਏ ਹਨ ਜਿੰਨ੍ਹਾਂ ਦਾ ਉਤਾਰਾ ਭਾਈ ਸਾਹਿਬ ਨੇ ਕੀਤਾ ਹੈ। ਮੂਲ ਪਾਠ ਇਸ ਤਰ੍ਹਾਂ ਹੈ:

ੴ ਸਤਿਗੁਰ ਪ੍ਰਸਾਦ ॥

ਸ੍ਰੀ ਸਤਿਗੁਰੂ ਜੀ ਦੇ ਮੁਹੈ ਦੀਆ ਸਾਖੀਆਂ ਹੋਈਆ॥

ਸਾਖੀ॥ ਇਕਨਿ ਸਿਖ ਗੁਰੂ ਪਾਸਿ ਅਰਦਾਸਿ ਕੀਤੀ॥ ਜੀਉ ਸੋਹਣਾ ਕਉਣ ਹੈ, ਕਸੋਹਣਾ ਕਉਣ ਹੈ? ਗੁਰੂ ਬੋਲਿਆ ਬਚਾ ਸਿਵਰੂਪ ਸੋਹਣਾ ਹੈ ਸਕਤਿਰੂਪ ਕੇਸੋਹਣਾ ਹੈ। ਸੋਹਣੇ ਕਸੋਹਣੇ ਦਾ ਏਹੁ ਬੇਖੁਕ ਹੈ ॥ ਜੋ ਸੋਹਣੇ ਨੋ ਸਭੁ ਕੋਈ ਵੇਖਣਿ ਆਉਦਾ ਹੈ॥ ਕਸੋਹਣੇ ਪਾਸ ਕੋਈ ਨਹੀ ਜਾਂਦਾ॥ ਮਹਾਪੁਰਖੈ ਦੈ ਅੰਦਰਿ ਸਬੁਧਿ ਹੈ॥ ਤਿਸਦਾ ਦਰਸਨੁ ਦੇਖਣਿ ਸੰਸਾਰ ਆਉਦਾ ਹੈ॥ ਅਤੈ ਜਿਨਾਂ ਦੇ ਅੰਦਰਿ ਹਉਮੈ ਸਕਤਿ ਹੈ ਤਿਨਾ ਪਾਸਿ ਕੋਈ ਨਾਹੀ ਜਾਦਾ ਜਿਉ ਚੰਦ ਡਿਠਿਆ ਤੇ ਪਰਮਸਾਤਿ ਉਪਜਦੀ ਹੈ॥ ਅਤੈ ਸੁਰਜਵਲਿ ਡ਼ਾਕਿ ਕੋਈ ਨਾਹੀ ਸਕਦਾ॥ ਅਤੈ ਮਹਾਪੁਰਖੈ ਦਾ ਬੋਲਣਾ ਮਿਠਾ ਲਗਦਾ ਹੈ॥ ਅਤੇ ਸਾਕਤਿ ਕਾ ਬੋਲਣਾ ਕਿਸੇ ਨੋ ਨਾਹੀ ਸੁਖਾਦਾ॥ ਜਿਉ ਕੋਕਲਾ ਅਤੇ ਕਾਉ ਇਕਤੈ ਵਰਨਿ ਹੋਦੇ ਹੈਨਿ॥ ਪਰੁ ਜਾ ਕੋਕਲਾ ਬੋਲਦੀ ਹੈ ਤਾ ਸਭਨਾ ਨੋ ਪਿਆਰੀ ਲਗਦੀ ਹੈ॥ ਸਭੇ ਸਾਉਧਾਨ ਭਾਉ ਕਰਿ ਸੁਣਦੇ ਹੈਨਿ॥ ਅਤੈ ਜਾ ਕਾਉ ਬੋਲਦਾ ਹੈ ਤਾ ਸਭੁ ਕੋਈ ਮਾਰੁ ਮਾਰੁ ਕਰਿ ਉਠਦਾ ਹੈ, ਉਸਦਾ ਬੋਲਿਆ ਕਿਸੇ ਨੋ ਹਿਤਾਉਦਾ ਨਾਹੀ॥੧॥

ਸਾਖੀ॥ ਹੁਕਮੁ ਦੋਇ ਪਰਕਾਰ ਹੈ॥ ਇਕੁ ਮੁਕਤਾ ਹੁਕਮੁ ਇਕੁ ਅਮੁਕਤਾ ਹੁਕਮੁ ਹੈ॥ ਜੇ ਦੁਖੁ ਹੋਵੈ ਅਤੈ ਪਰਮੇਸਰੁ ਚਿਤਿ ਆਵੈ ਸੁ ਮੁਕਤਾ॥ ਜੇ ਸਭੇ ਸੁਖੁ ਹੋਵਨਿ ਅਤੈ ਪਰਮੇਸਰੁ ਵਿਸਰੈ ਸੁਅਮੁਕਤਾ ਸਚੁ ਧਰਮੁ ਮੁਕਤਾ॥ ਗੁਰੂ ਆਇਆ ਬਿਗੜ ਰੂਪੁ ਅਹੰਕਾਰੁ ਹੈ॥ ਸਿਵਰੂਪ ਸੋਹਣਾ ਹੈ॥੨॥

ਸਾਖੀ॥ ਗੁਰੂ ਅੰਗਦ ਗੁਰੂ ਅਮਰਦਾਸੁ ਪੁਛਿਆ ਜੁ ਬਚਾ ਤੈਨਉ ਕਿਛੁ ਦਿਸਦਾ ਹੈ॥ ਸਤਿਗੁਰੂ ਬੋਲਿਆ ਜੁ ਪਾਤਿਸਾਹ ਮੇਰੈ ਅਗੈ ਕਉ ਹਜਾਰ ਜੋਧੇ ਖੜੇ ਰਹਦੇ ਹੈਨਿ॥ ਜਿਸੁ ਉਪਰਿ ਮੇਰੀ ਖੁਸੀ ਹੈ ਹੋਦੀ, ਸਭੇ ਜੋਧੇ

---

[4] ਡਾ. ਨਰਿੰਦਰ ਕੌਰ ਭਾਟੀਆ, (ਸੰਪਾ.) *ਸ੍ਰੀ ਸਤਿਗੁਰੂ ਜੀ ਦੇ ਮੁਹੈਂ ਦੀਆਂ ਸਾਖੀਆਂ,* ਖੁਦ, 1978, ਪੰਨੇ 17-20.

ਉਸਦੀ ਸੇਵਾ ਕਰਦੇ ਹੈਨਿ॥ ਉਸਦੇ ਸਭੇ ਮਨੋਰਥ ਪੂਰੇ ਹੋਦੇ ਹੈਨਿ॥ ਅਤੈ ਜਿਸੁ ਉਪਰਿ ਮੇਰੀ ਬਿਖੁਸੀ ਹੋਦੀ ਹੈ ਸਭੇ ਜੋਧੇ ਤਿਸਦੈ ਖਿਆਲਿ ਪਉਦੇ ਹੈਨਿ ਸਭੇ ਕੰਮ ਤਿਸਦੇ ਬਿਗਾੜਿ ਜਾਦੇ ਹੈਨਿ॥੩॥

ਸਾਖੀ॥ ਗੁਰੂ ਆਖਿਆ ਪਾਪੁ ਕਾ ਰਥੁ ਲਬੁ ਹੈ॥ ਅਤੈ ਲਬੈ ਕਾ ਰਥੁ ਕੂੜੁ ਹੈ॥ ਜੇ ਲਬੁ ਜਾਇ ਤਾ ਪਥਰੈ ਤੇ ਪਾਰਸੁ ਹੋਵੈ॥ ਜਿਸੁ ਭੇਟਿਆ ਤੇ ਕੰਚਨੁ ਹੋਵੈ॥੪॥

ਸਾਖੀ॥ ਜੇ ਕੋਈ ਸਿਖੁ ਵਡੈ ਚਲਾਣੈ ਚਲੈ ਅਤੈ ਨਾਲਿ ਅਚਾਰਜੁ ਹੋਵੈ॥ ਤਾ ਅਚਾਰਜੁ ਆਖਦਾ ਹੈ ਜੁ ਜਮਪੰਥੈ ਜਮ ਦੁਆਰੈ॥ ਅਤੈ ਤਿਨੁ ਅੰਜੁਨੁ ਦੇਦਿਆ ਪਰੰਤੁ ਨਾਹੀ ਆਖਣਾ॥ ਹਰਿਲੋਕ ਆਖਣਾ॥੫॥

ਸਾਖੀ॥ ਕਿਨੈ ਸਿਖਿ ਗੁਰੂ ਪਿਛਿਆ ਜੁ ਪਾਤਿਸਾਹ ਕੋਈ ਸਦੇਹੋ ਮੁਕਤਿ ਹੋਦਾ ਹੈ॥ ਫਿਰਿ ਗੁਰੂ ਬੋਲਿਆ ਜੁ ਬਚਾ ਨਾਮਦੇਉ ਸਦੇਹੋ ਮੁਕਤੁ ਹੋਆ॥ ਪਰਮੇਸਰ ਕੈ ਦੁਆਰੈ ਮਇਆ॥ ਅਗਹੁ ਭਗਤ ਬੋਲਿ ਉਠੇ ਕਿ ਆਉ ਨਾਮ ਦੇਉ ਨਿਗੁਰਾ॥ ਅਗੈ ਭਗਤਾ ਤੇ ਵਖਿ ਬਹਾਲੀਐ॥ ਤਾ ਨਾਮੇ ਭਗਤ ਪੁਛੇ ਜਿ ਮੈ ਵਿਚਿ ਕਿ ਗੁਨਾਹੁ ਹੈ? ਤਾ ਭਗਤ ਬੋਲੇ ਜਿ ਏਹ ਦੇਹੀ ਏਥੇ ਕਮਿ ਨਹੀ ਆਉਦੀ। ਤਾ ਨਾਮਾ ਅਰਦਾਸਿ ਕਰਿਕੈ ਫਿਰਿ ਆਇਆ॥ ਆਪਣਾ ਸਬਦੁ ਗੁਰੂ ਕੈ ਫਿਰਿ ਸਮਾਣਾ॥੬॥

ਸਾਖੀ॥ ਗੁਰੂ ਜੀ ਅਸਵਾਰੀ ਵਿਚਿ ਥਾਇਕਤੁ ਖੇੜੇ ਉਪਰਿ ਆਇ ਖੜਾ ਹੋਆ॥ ਅਤੈ ਬੋਲਿਆ ਜੋ ਬਚਾ ਕਿਛੁ ਜਾਣ ਦੇ ਅਸਹੁ ਜੁ ਏ ਖੇੜੇ ਕਿਉ ਉਜਾੜਿ ਹੈਨਿ॥ ਸਿਖਾਂ ਅਰਦਾਸਿ ਕੀਤੀ ਜੁ ਪਾਤਿਸਾਹ ਕਿਰਪਾ ਕਰਿਕੈ ਸੁਣਈਐ। ਗੁਰੂ ਜੀ ਬੋਲਿਆ ਜੁ ਬਚਾ ਜਦਿ ਪਰਮੇਸਰੈ ਦਾ ਨਾਉ ਇਨਾ ਦੈ ਅੰਦਰਿ ਵਸਦਾ ਥਾ, ਤਾਂ ਸਭੇ ਖੇੜੇ ਵਸਦੇ ਥੇ॥ ਸਭ ਸੁਖ ਹੋਦੇ ਥੇ॥ ਅਤੈ ਜਾ ਪਰਮੇਸਰ ਵਿਸਰਿਆ ਤਾ ਉਜਾੜ ਗਏ॥੭॥

ਸਾਖੀ॥ ਇਕੁ ਸਿਖੁ ਗੁਰੂ ਪਾਸਿ ਰਹਦਾ ਥਾ ਤਿਨਿ ਗੁਰੂ ਪਾਸਿ ਅਰਦਾਸਿ ਕੀਤੀ ਜੀ ਪਾਤਿਸਾਹ ਤੇਰਾ ਹੁਕਮੁ ਹੋਵੈ ਤਾ ਕਾਸਟ ਲਈ॥ ਗੁਰੂ ਚੁਪ ਕਰਿ ਰਹਿਆ ॥ ਸਿਖਿ ਦੂਜੀ ਵਾਰ ਅਰਦਾਸਿ ਕੀਤੀ॥ ਫਿਰਿ ਗੁਰੂ ਚੁਪ ਕਰਿ ਰਹਿਆ॥ ਤੀਜੀ ਵਾਰ ਅਰਦਾਸਿ ਕੀਤੀ॥ ਗੁਰੂ ਬੋਲਿਆ ਜੁ ਕਾਸਟ ਲੈ ਸਕਹਿ ਤਾ ਜਾਇ ਲੈ॥ ਸਿਖਿ ਜਾਇਕੈ ਲਕੜੀਆ ਇਕਠੀਆ ਕਰਿਕੈ ਦਿਤਾ ਸਵਾਰਿਕੈ ਅਗਿ ਜਲਾਈ॥ ਸਿਖੁ ਪਰਦਖਣਾ ਦੇਣਿ ਲਗਾ ਫੇਰਿਆ ਸਭ ਨੀਤੀਆ॥ ਅਗਿ ਬਹੁਤੁ ਭੜਕੀ ਸਿਖੁ ਡਰਿਆ ॥ ਅਸੀ ਵਿਚਿ ਪੈ ਸਕੈ ਨਾਹੀ ਤਿਚਰੁ ਇਕੁ ਚੋਰੁ ਗਜੇ ਦਾ ਭੰਡਾਰੁ ਭੰਨਿ ਕਰਿ ਆਇ ਨਿਕਲਿਆ॥ ਚੋਰਿ ਪੁਛਿਆ ਜੁ ਤੂ ਅਸੀ ਦੈ ਚਉਫੇਰੈ ਫਿਰਦਾ ਹਹਿ ਸੁ ਕਿਤ ਵਾਸਤੈ॥ ਸਿਖੁ ਬੋਲਿਆ ਜੁ ਮੇਰੇ ਗੁਰੂ ਦਾ ਬਚਨੁ ਹੈ ਜਾ ਜਾਇਕੈ ਕਾਸਟੁ ਲੈਉ॥ ਸੁ ਮੈ ਚਿਤਿ ਸਵਾਰਿਕੈ ਅਗਿ ਬਾਲੀ॥ ਹੁਣਿ ਹਉ ਵਿਚਿ ਨਾਹੀ ਪੈ ਸਕਦਾ ਡਰ ਅਸਾ॥ ਚੋਰੁ ਬੋਲਿਆ ਜੁ ਮੈ ਗਜੇ ਕਾ ਭੰਡਾਰ ਭੰਨਿ ਕਰਿ ਦਰਬੁ ਆਂਦਾ ਹੈ ਸੁ ਤੂ ਲੈ॥ ਅਤੈ ਆਪਣੇ ਗੁਰੂ ਕੇ ਬਚਨੈ ਕਾ ਫਲੁ ਮੈਨੋ ਦੇਹਿ ਸਿਖਿ ਲੋਭੁ

ਕੀਤਾ॥ ਚੋਰੈ ਤੇ ਦਰਬੁ ਲੀਤਾ॥ ਗੁਰੂ ਕੇ ਬਚਨੈ ਕਾ ਫਲੁ ਚੋਰ ਨੇ ਦਿਤਾ॥ ਚੋਰੁ ਪਰਦਖਣਾ  ਦੇ ਕੈ ਅਗਿ ਵਿਚਿ ਪਇਆ॥ ਪਰਮੇਸਰ ਕੈ ਦੁਆਰੈ ਗਇਆ॥ ਅਤੈ ਉਹੁ ਸਿਖੁ ਦਰਬੁ ਲੈ ਕੈ ਘਰੈ ਨੋ ਚਲਿਆ॥ ਪਿਛਹੁ ਰਾਜੇ ਦੇ ਚਉਕੀਦਾਰੁ ਆਇ ਪਹੁਤੇ॥ ਚੋਰੁ ਕਰਿਕੈ ਆਇ ਪਕੜਿਆ॥ ਰਾਜੇ ਪਾਸਿ ਲੈ ਗਏ॥ ਰਾਜਾ ਬੋਲਿਆ ਇਸਨੋ ਸੂਲੀ ਦੇਹੁ ॥ ਫਿਰਿ ਓਹੁ ਸਿਖੁ ਬੋਲਿਆ ਜੀ ਹਉ ਸਿਖੁ ਹਾ ਚੋਰੁ ਨਾਹੀ॥ ਚੋਰੁ ਹੋਰੁ ਹੈ ਮੈ ਇਹੁ ਦਰਬੁ ਗੁਰੂ ਦੇ ਵਚਨੁ ਵਿਟਹੁ ਮੁਲਿ ਲੀਤਾ ਹੈ॥ ਫਿਰਿ ਰਾਜੈ ਹੁਕਮੁ ਕੀਤਾ॥ …………

ਫਿਰਿ ਰਾਜੈ ਹੁਕਮੁ ਕੀਤਾ ਕਿ ਪਹਿਲਾ ਹੋਰੁ ਨਗਰੀ ਦੈ ਨੇੜੈ ਸੂਲੀ ਮਿਲਦੈ ਥੇ॥ ਇਸਨੋ ਮੇਰੀ ਦੋਹੀ ਤੇ ਉਜਾੜਿ ਸੂਲੀ ਦੇਹੁ॥ ਮਤੁ ਕੋ ਕਾਉ ਕੁਤਾ ਮਿਰਗੁ ਇਸਦਾ ਮਾਸੁ ਖਾਇਕੈ ਨਰਕਿ ਜਾਇ॥ ਇਨਿ ਗੁਰੂ ਕੀ ਆਗਿਆ ਭੰਗੁ ਕੀਤੀ ਹੈ॥੮॥

ਸਾਖੀ॥ ਪਰਮੇਸਰ ਕਾ ਹੁਕਮੁ ਹੋਇਆ ਨਾਨਕ ਪਰਮੇਸਰ ਨੋ ਅਰਧੁ॥ ਬਾਬਾ ਬੋਲਿਆ ਜੀਉ ਤੁਧਨੋ ਕਿਉ ਕਰਿ ਅਰਧਾ॥ ਆਗਿਆ ਹੋਈ ਸਭਨਾ ਜੀਆ ਕਾ ਭਲਾ ਮਨਾਇ ਏਹੋ ਅਰਾਧਣੁ ਹੈ॥੯॥

ਸਾਖੀ॥ ਗੁਰੂ ਆਖਿਆ:- ਪਰਦਰਬੁ ਨਾਹੀ ਹਿਰਣਾ॥ ਜੂਐ ਨਾਹੀ ਖੇਲਣਾ॥ ਪਰ ਗ੍ਰਿਹ ਨਾਹੀ ਜਾਣਾ॥ ਪਰ ਨਿੰਦਾ ਨਾਹੀ ਕਰਣੀ॥ ਮਛੀ ਮਾਸੁ ਨਾਹੀ ਖਾਣਾ॥ ਮਦੁ ਨਾਹੀ ਪੀਵਣਾ॥ ਇਤਨੀਆ ਗਲਾ ਸਿਖੈ ਨੋ ਮੁਸਕਲ ਹੈਨਿ॥੧੦॥

(੧੧/੬/੪੬) ਸਾਂਖੀ॥ ਗੁਰੂ ਕਿਤੈ ਮਹਲਿ ਬੈਠਾ ਥਾ॥ ਸਿਖ ਪਾਸਿ ਬੈਠੇ ਥੈ॥ ਇਕਿ ਸਿਖਿ ਕਿਛੁ ਕਾਂਮੁ ਵਿਗਾੜਿਆ॥ ਗੁਰੂ ਕਿਤੈ ਤਉਰਿ ਹੋ ਇਕੈ ਇਕਸ ਸਿਖ ਨੋ ਆਖਿਆ ਜੁ ਇਨਿ ਕੰਮੁ ਵਿਗਾੜਿਆ ਹੈ ਤੂ ਇਸਨੋ ਮਾਰੁ॥ ਓਹੁ ਸਿਖੁ ਹਥ ਜੋੜਿਕੈ ਖੜਾ ਹੋਇ ਰਹਿਆ॥ ਗੁਰੂ ਬੋਲਿਆ ਜੋ ਕਿਉ ਨਾਹੀ ਮਾਰਦਾ? ਸਿਖਿ ਅਰਦਾਸਿ ਕੀਤੀ ਜੀ ਪਾਤਿਸਾਹ ਡਰਦਾ ਅਸਾ॥ ਅਰਦਾਸਿ ਕਰਿ ਨਾਹੀ ਸਕਦਾ॥ ਗੁਰੂ ਆਖਿਆ ਜੋ ਤੇਰੈ ਜੀ ਹੈ ਸੁ ਆਖੁ॥ ਸਿਖੁ ਬੋਲਿਆ ਜਿਉ ਤੁਧ ਨੋ ਮਲੂਮੁ ਹੈ॥ ਇਕੁ ਆਨਿ ਭੇਡਾ ਮੁਨੇਦਾ ਸਾ॥ ਇਕ ਭੇਡ ਅਧਮੁਨੀਦੀ ਨਸ ਗਈ॥ ਅਈਆਨੁ ਬੋਲਿਆ ਜੁ ਤੁਸੀ ਸਭੇ ਭੇਡਾ ਇਸ ਨੋ ਪਕੜਿ ਦੇਹੁ॥ ਓਹੁ ਭੇਡਾ ਬੋਲੀਆ ਜੀ ਅਸੀ ਅਜ ਕਲਿ ਮਨੀਅਹਗੀਆ॥ ਏਹੁ ਹਾਲੁ ਅਸਾ ਸਭਨਾ ਦਾ ਹੋਵਣਾ ਹੈ॥ ਅਸੀ ਕਿਸੁ ਮਲੈ ਤੇ ਰਹਤੇ ਨਾਹੀ॥ ਇਸ ਨੋ ਅਸੀ ਕਿ ਮੁਹਿ ਲੈ ਕੈ ਪਕੜਿ ਦੇਹ॥ ਸਿਖੁ ਬੋਲਿਆ ਪਾਤਿਸਾਹ ਓਨਾਂ ਭੇਡਾ ਵਾਲਾ ਲੇਖਾ ਅਸਾਡਾ ਹੈ॥ ਅਜੁ ਏਹ ਸਿਖ ਭੁਲਦੇ ਵਿਚਿ ਅਸਹਿ॥ ਤੂ ਸਦਾ ਬਖਸਿੰਦੁ ਅਸਹਿ॥ ਗੁਰੂ ਦਇਆਲ ਹੋਆ॥ ਗੁਰੂ ਪਰਮੇਸਰੁ ਹੈ॥ ਸਿਖ ਸਦਾ ਭੁਲਣ ਵਿਚਿ ਹੈਨਿ॥੧੧॥॥

ਸਾਖੀ॥ ਗੁਰੂ ਪਾਸਿ ਸਿਖ ਬੈਠੇ ਸੇ। ਗੁਰੂ ਦਯਾਲੁ ਹੋਇਆ ਸਿਖ ਬੋਲਨਿ ਜੁ ਪਾਤਿਸਾਹ ਵਾਰੇ ਤੁਧੁ ਵਿਟਹੁ॥ ਫਿਰਿ ਗੁਰੂ ਬੋਲਿਆ ਹਉ ਵਾਰਿਆ ਤੁਸਾ ਵਿਟਹੁ॥ ਸਿਖਾ ਅਰਦਾਸਿ ਕੀਤੀ ਪਾਤਿਸਾਹ ਕਿ ਰਜਾਇ ਹੈ॥ ਇਉ ਆਖੀਦਾ ਹੈ॥ ਬਚਾ ਹਉ ਜੁ ਪਰਮੇਸਰ ਨੋ ਅਰਾਧ ਦਾ ਅਸਾ ਸੁ ਦੇਖਕੈ ਅਰਾਧਦਾ ਅਸ਼ਾ॥ ਮੇਰੈ ਅੰਦਰਿ ਪਰਤੀਤਿ ਆਈ ਹੈ॥ ਮਿਲਿਕੈ ਅਰਾਧਦਾ ਅਸਾ॥ ਪਰ ਤੁਸੀ ਬਿਨਾ ਡਿਠੇ ਬਿਨਾ ਮਿਲੇ ਬਿਨਾ ਪਰਤੀਤਿ ਆਈ ਗੁਰੂ ਨੋ ਪਰਮੇਸਰ ਕਰਿਕੈ ਪੂਜਦੇ ਅਸਹੁ॥ ਇਤੁ ਵਾਸਤੈ ਰਉ ਤੁਸਾ ਵਿਟਹੁ ਵਾਰਿਆ॥ ਜਿਨਾ ਦੈ ਅੰਦਰਿ ਐਹ ਪਰਤੀਤਿ ਆਇ ਹੈ॥੧੨॥

ਸਾਖੀ॥ ਗੁਰੂ ਪਰਮੇਸਰ ਕਰਿਕੈ ਸੇਵਿਆ॥ ਜਿਉ ਭਲੀਆ ਸਤਵੰਤੀਆ ਇਸਤਰੀਆ ਆਪਣੇ ਭਰਤਾਰੈ ਦੀ ਸੇਵਾ ਕਰਦੀ ਹੈ॥ ਭਾਵੈ ਭਰਤਾਰੁ ਚੋਰੁ ਹੋਵੈ, ਭਾਵੈ ਜਾਰੁ ਹੋਵੈ, ਭਾਵੈ ਵਟਵਾੜਾ ਹੋਵੈ॥ ਭਾਵੈ ਜੁਆਂਰੀ ਹੋਵੈ; ਓਸਦੇ ਕਰਮ ਨਾਹੀ ਵੀਚਾਰ ਦੀ॥

ਮਨਿ ਬਚਨਿ ਕਰਮਿ ਭਰਤਾਰੈ ਦੀ ਸੇਵਾ ਕਰਦੀ ਹੈ॥ ਅਤੈ ਜੇ ਕੋਈ ਓਸਦੇ ਭਰਤਾਰੈ ਨਾਲਿ ਲੜਦਾ ਹੈ, ਕੈ ਕਿਛੁ ਦੁਖੁ ਲਗਦਾ ਹੈ, ਤਾ ਅਗਲੈ ਨਾਲਿ ਲੜਦੀ ਹੈ, ਭਾਵੈ ਅਗਲਾ ਸਚਿਆਰੁ ਹੋਵੈ॥ ਪਰੁ ਓਹੁ ਇਸਤਰੀ ਆਪਣੇ ਭਰਤਾਰੈ ਹੀ ਨੋ ਸੰਤੋਖਦੀ ਹੈ॥ ਕਿਲਗਾ ਨਾਉ ਪਤਿਬਰਤਾ ਹੋਦਾ ਹੈ॥ ਤਿਉ ਸਿਖੁ ਗੁਰੂ ਨੋ ਪਾਰਬ੍ਰਹਮੁ ਪਰਮੇਸਰੁ ਕਰਿ ਸੇਵੈ ਤਾ ਸਿਖੈ ਦੀ ਪਰਮਗਤਿ ਹੋਵੈ॥ ਗੁਰਸਿਖੀ ਦੀ ਏਹ ਚਾਲ ਹੈ॥੧੩॥

ਸਾਖੀ॥ ਕਿਨੈ ਸਿਖਿ ਗੁਰੂ ਪਾਸਿ ਅਰਦਾਸਿ ਕੀਤੀ ਜੁ ਪਾਤਿਸਾਹ ਤੁਧ ਪਾਸਿ ਇਕਿ ਸਿਖ ਬਾਹਰੋਹੁ ਅਰਦਾਸਿ ਨਾਹੀ ਕਰਦੇ॥ ਜੀਐ ਵਿਚਿ ਅਰਦਾਸਿ ਕਰਦੇ ਹੈਨਿ॥ ਜੀਉ ਪਾਤਿਸਾਹ ਤੁਧਨੋ ਕੇਹੜੀ ਅਰਦਾਸਿ ਖੁਸੀ ਆਉਦੀ ਹੈ? ਗੁਰੂ ਬੋਲਿਆ ਜੁ ਬਚਾ ਹਉ ਬਾਹਰਲੀ ਅਰਦਾਸਿ ਭੀ ਸੁਣਦਾ ਅਸੀ॥ ਪਰੁ ਅੰਦਰਿਲੀ ਅਰਦਾਸਿ ਬਹੁਤ ਸੁਣਦਾ ਅਸਾ॥ ਗੁਰੂ ਅੰਤਰਜਾਮੀ ਹੈ॥ ਜੀਅ ਦੀ ਥਾਇ ਪਾਇਦਾ ਹੈ॥੧੪॥

ਸਾਖੀ॥ ਇਕੁ ਗੁਰੂ ਕਾ ਸਿਖੁ ਰਸੋਈ ਕੀ ਸੰਰਬਰਾਹੀ ਕਰਦਾ ਥਾ ਦਿਹਾਨਸੀ॥ ਗੁਰੂ ਨੇ ਰਸੋਈ ਦੀ ਸਮਿਗਰੀ ਪੁਛਿਕੈ ਅੰਨੁ ਕਰਾਇਦਾ ਥਾ॥ ਓਸ ਨੋ ਗੁਰੁ ਦਯਾਲੁ ਹੋਆ ਗੁਰੂ ਦੇ ਜੀਐ ਦੀ ਬੁਝਣਿ ਲਗਾ॥ ਇਕਤੁ ਦਿਨਿ ਬਿਨਾ ਗੁਰੂ ਨੋ ਪੁਛਿਆ ਓਨਿ ਸਿਖਿ ਮਿਸੀਆ ਰੋਟੀਆ ਪਕਵਾਈਆ॥ ਅਤੈ ਗੁਰੂ ਦਾ ਭੀ ਮਨੁ ਮਿਸੀਆ ਰੋਟੀਆ ਉਪਰਿ ਥਾ॥ ਪਰੁ ਗੁਰੂ ਰਸੋਈਯਾ ਤਾ ਓਸ ਸਿਖ ਨੋ ਪੁਛਿਆ ਜੁ ਬਚਾ ਕਿ ਅਨੁ ਹੋਆ ਹੈ॥ ਸਿਖੁ ਬੋਲਿਆ ਜੁ ਪਾਤਿਸਾਹ ਮਿਸੀਆ ਰੋਟੀਆ ਹੋਇਆ ਹੈਨਿ॥ ਗੁਰੂ ਬੋਲਿਆ ਜੁ ਬਚਾ ਮੇਰੇ ਹੁਕਮ ਬਿਨਾ ਮਿਸੀਆ ਰੋਟੀਆ ਤੁਧੁ ਕਿਉ ਪਕਵਾਈਆ॥ ਸਿਖਿ ਅਰਦਾਸਿ ਕੀਤੀ ਜੁ ਪਾਤਿਸਾਹ ਮੈ ਜਾਤਾ ਜੁ ਗਰੂ ਦਾ ਜੀਉ ਮਿਸੀਆ ਰੋਟੀਆ ਉਪਰਿ ਹੈ॥ ਗੁਰੂ ਬੋਲਿਆ ਜੁ ਤੂ ਮੇਰੇ ਜੀਅ ਦੀ ਕਿ ਜਾਣਹਿ! ਮੇਰਾ ਜੀਉ ਕਣਕ

ਦੀਆ ਉਪਰਿ ਥਾ ਤੂ ਕਿ ਜਾਣਹਿ॥ ਇਤਨੀ ਮਲੈ ਵਿਚਿ ਸਿਖੈ ਦੇ ਅਦਰਹੁ ਜੋਤਿ ਹਿਰਿ ਲੀਤੀ ਗੁਰੂ ਪਰਮੇਸਰੁ ਹੈ ਸਿਖੁ ਕਚਾ ਪਿਡੁ ਹੈ॥ ਜਿਚਰੁ ਤਾਈ ਸਿਖੁ ਪਵਣੈ ਵੀਹ ਵਿਸਵੇ ਹੋਵੈ ਤਿਚਰੁ ਤਾਈ ਭੁਲਣੈ ਵਿਚਿ ਹੈ॥ ਆਪਣੀ ਕਿਰਪਾ ਕਰਿਕੈ ਜਿਸਨੋ ਮਿਲਾਇ ਲਏ ਤਿਸ ਦੀ ਸਭ ਥਾਇ ਪਾਏ॥ ਜੇ ਭਾਵੈ ਤਾ ਹਜਾਰ ਬਰਿਹਾ ਦੀ ਘਾਲ ਇਕ ਘੜੀ ਵਿਚ ਨਿਮਖੈ ਵਿਚਿ ਗਵਾਇ ਦੂਰਿ ਕਰੈ॥ ਗਰਬੁ ਨਾਹੀ ਕਰਣਾ॥ ਅਤੈ ਖੇਤੀ ਨੋ ਝਖੜੇ ਝੋਲੇ ਦਾ ਡਰੁ ਤਿਚਰੁ ਤਾਈ ਹੈ ਜਿਚਰੁ ਕਟਿ ਅਦਰਿ ਆਜੈ ਨਾਹੀ  ਤਿਉ ਸਿਖੈ ਨੋ ਪਵਣਿ ਵੀਹਾ ਵਿਸਵਿਆ ਤਾਈ ਡਰੁ ਹੈ॥ ਜਿਥੈ ਭਉ ਦੂਰਿ ਹੋਵੈ ਤਿਥੈ ਹੀ ਖੜਿਆ ਛੁਟੈ॥੧੫॥

ਸਾਖੀ॥ ਇਕ ਸਿਖ ਦਾ ਪੁਤੁ ਨ ਥੋ ਹੋਦਾ ਉਨਿ ਗੁਰੂ ਪਾਸਿ ਅਰਦਾਸਿ ਕੀਤੀ ਜੁ ਪਾਤਿਸਾਹ ਤੇਰਾ ਬਚਨੁ ਹੋਆ ਥਾ ਸਿਖਾ ਦੀ ਸੇਵਾ ਕਰੁ ਤਾ ਪੁਤੁ ਹੋਵੈ॥ ਜੀਉ ਮੈ ਸਿਖਾ ਦੀ ਸੇਵਾ ਕੀਤੀ ਪੁਤੁ ਨਾਹੀ ਹੋਦਾ॥ ਪਰੁ ਗੁਰੂ ਬੋਲਿਆ ਬਚਾ ਤੁਧੁ ਸਿਖਾ ਦੀ ਸੇਵਾ ਕਿਤੁ ਜਿਨਸਿ ਕੀਤੀ ਹੈ॥ ਸਿਖ ਬੋਲਿਆ ਪਾਤਿਸਾਹੁ ਜੇ ਕੋਈ ਸਿਖੁ ਆਵਦਾ ਜਾਣਦਾ ਹੈ ਤਿਸਨੇ ਰੋਟੀਆ ਖਵਾਲਦਾ ਥਾ ਅਤੈ ਆਗਤਿ ਭਾਗਤਿ ਕਰਦਾ ਥਾ॥ ਗੁਰੂ ਬੋਲਿਆ ਇਹੇ ਸੇਵਾ ਨਾਹੀ ਜਿਉ ਪਰੈ ਜੀਅਹੁ ਕਰਦੇ ਹਹੁ॥ ਸਿਖ ਬੋਲਿਆ ਜੁ ਪਾਤਿਸਾਹ ਤੇਰਾ ਹੁਕਮੁ ਹੋਵੈ ਤੇਹੀ ਸੇਵਾ ਕਰੀ॥ ਗੁਰੂ ਬੋਲਿਆ ਜੁ ਤੇਰੈ ਕੋਈ ਸਿਖ ਆਵੈ ਤਿਸ ਦੇ ਪੈਰ ਧੋਇਧੋਇ ਪੀਉ॥ ਜਾ ਆਪੇ ਪੈਰ ਖਿਜਿ ਲਏ ਤਾ ਪੈਰ ਛਡਣੇ॥ ਫਿਰਿ ਚਿਕਣਿ ਲਗੀਐ॥ ਜਾ ਆਪੇ ਆਖੈ ਤਾ ਚਿਕਣੁ ਛਡੀਐ॥ ਫਿਰਿ ਪਖਾ ਕੀਚੈ॥ ਜਾ ਆਪੇ ਆਖੈ ਤਾ ਛਡੀਐ॥ ਫਿਰਿ ਜਿਵਾਲੀਐ॥ ਜਾ ਆਪੇ ਆਖੈ ਤਾ ਛਡਜੀਐ॥ ਫਿਰਿ ਸਬਦੁ ਸਾਖੀ ਉਸਤੇ ਸੁਣੀਐ॥ ਉਸਨੋ ਸੁਣਾਈਐ॥ ਫਿਰਿ ਸੁਖਾਲਾ ਸਵਾਲੈ॥ ਅੰਮ੍ਰਿਤ ਵੇਲਾ ਉਠਿਕੈ ਨਵਾਲੀਐ॥ ਜਪੁ ਪੜਾਈਐ ਸੁਣੀਐ॥ ਫਿਰ ਜਵਾਲਿਕੈ ਉਸਦੇ ਨਾਲਿ ਅਗੇ ਤਾਈ ਅਭੜਤਾਈ ਵਵਣਿ ਜਾਈਐ॥ ਜਿਥੈ ਓਹੁ ਆਖੈ ਤਿਥੈ ਖੜਾ ਹੋਇਕੈ ਉਸੁ ਪਾਸਿ ਅਰਦਾਸਿ ਕੀਚੈ॥ ਓਹੁ ਦਇਆਲੁ ਹੋਇਕੈ ਬਚਨੁ ਕਰੈ ਜਿ ਕਿਛੁ ਉਸ ਤੇ ਮਗੀਐ ਸੁ ਮਿਲੈ॥ ਇਹੀ ਸੇਵਾ ਥਾਇ ਪਉਦੀ ਹੈ॥ ਸਿਖਾ ਵਿਚਿ ਸਭ ਨਿਧਾਨ ਹੈਨਿ॥੧੬॥

ਸਾਖੀ॥ ਕੋਈ ਸਿਖੁ ਗੁਰੂ ਕੈ ਚਲਿਅਯਾ ਤਿਸੁ ਕੈਹਾਨੀਤਾ॥ ਕਿਨੈ ਪੁਛਿਆ ਤੂ ਕਿਥੈ ਚਲਿਆ ਅਸਹ? ਓਨਿ ਸਿਖਿ ਆਖਿਆ ਗੁਰੂ ਕੈ ਜਾਦਾ ਅਸਾ॥ ਓਨਿ ਹਾਲੀ ਆਖਿਆ ਕਿ ਹਉ ਭੀ ਚਲਦਾ ਅਸਾ॥ ਓਹੁ ਸਿਖੁ ਬੋਲਿਆ ਜੁ ਖੇਤੀ ਗਾਣੈ ਦੀ ਵੇਲਾ ਹੈ॥ ਤੇਰਾ ਚਲਿਆ ਨਾਹੀ ਵਣਦਾ॥ ਫਿਰਿ ਹਾਲੀ ਬੋਲਿਆ ਪਿਛੈ ਭਾਵੈ ਕਿਛੁ ਹੋਵਉ॥ ਪਰ ਹਉ ਨਾਹੀ ਰਹਦਾ॥ ਫਿਰਿ ਓਹੁ ਸਿਖੁ ਬੋਲਿਆ ਕਿਛੁ ਆਪਣਾ ਹਿਸਾ ਖੇਤੀ ਛਡਹਿ ਤਾ ਹਉ ਲੈ ਚਲਾ॥ ਹਾਲੀ ਬੋਲਿਆ ਮੈ ਹਿਸਾ ਖੇਤੀ ਦਾ ਸਭ ਛਡਿਆ॥ ਪਰ ਮੈਨੋ ਗੁਰੂ ਕੈ ਲੈ ਚਲੁ॥ ਓਹੁ ਹਾਲੀ ਓਸ ਸਿਖ ਨਾਲਿ ਗੁਰੂ ਕੈ ਆਇਆ॥ ਆਇ ਪੈਰੀ ਪਇਆ॥ ਗੁਰੂ ਓਹੁ ਸਿਖੁ ਬਹੁਤ ਪੁਛਿਆ, ਸੰਤਖਿਆ; ਅਤੈ

ਗੁਰੂ ਕੈ ਹਥਿ ਡਡੋਰਕਾ ਥਾ ਓਸੁ ਹਾਲੀ ਨੇ ਤੇਗਿ ਗੁਰੂ ਬਾਹਰਹੁ ਝਿੜਕਿਆ ਜਿ ਤੂ ਏਥਹੁ ਜਾਹਿ!! ਜਾਂਇਕੈ ਦੇ ਹੁਰੇ ਬਿਚਿ ਬੈਠਿ ਰਹੁ॥ ਤਿਨਿ ਡਡੋਰਕਿਆ ਦੀਆ ਓਸਨੋ ਗੁਰੂ ਲਾਈਆ ਅਦਰਿ ਕਿਛੁ ਪਰਤੀਤਿ ਆਈ॥ ਸੁ ਓਹੁ ਜਾਣੈ ਜਾਇ ਕੈ ਦੇ ਹੁਰੇ ਵਿਚਿ ਬਹਿ ਰਹਿਆ॥ ਬੈਠਿਆ ਬੈਠਿਆ ਤਿਨਿ ਦਿਨ ਹੋਇਗਏ॥ ਫਿਰਿ ਤੀਜੈ ਦਿਨਿ ਗੁਰੂ ਬੋਲਿਆਕਿ ਬਚਾ ਓਹੁ ਹਾਲੀ ਕਿਥੈ ਹੈ? ਸਿਖੁ ਬੋਲਿਆ ਜੁ ਪਾਤਿਸਾਹ ਦੇਹੁਰੇ ਵਿਚਿ ਬੈਠਾ ਹੈ॥ ਤਿਨਿ ਨ ਹੋਏ ਹੈਨਿ॥ ਨ ਕਿਛੁ ਖਾਧਾ ਹੈ, ਨ ਕਿਛੁ ਪੀਤਾ ਹੈ॥ ਗੁਰੂ ਦਇਆਲੁ ਹੋਇਆ॥ ਓਸੁ ਪਾਸਿ ਆਇਆ॥ ਓਨਿ ਡਿਠੁ ਕਿ ਗੁਰੂ ਆਇਆ; ਦੇਖਿਕੈ ਬੈਠੇ ਰਹਿਆ॥ ਉਠਿਓ ਮੂਲੇ ਨਾਹੀ ਹਥ ਜੋੜਿਕੈ ਬੈਠਇ ਰਹਿਆ॥ ਜਾ ਗੁਰੂ ਸਿਰੇ ਉਪਰਿ ਆਇ ਖੜਾ ਹੋਇਆ ਤਾ ਨਮਸਕਾਰੁ ਕੀਤਾ॥ ਗੁਰੂ ਕਿਰਪਾਲੁ ਹੋਆ॥ ਓਸਦੀ ਪਰਮਗਤਿ ਹੋਈ॥ ਸਿਖੁ ਗੁਰੂ ਕਾ ਬਚਨੁ ਇਤੁ ਜਿਨਸੀ ਕਰਿ ਮੰਨੈ ਤਾ ਫਲੁ ਪਾਵੈ॥੧੭॥

ਸਾਖੀ॥ ਕੋਈ ਪਰਮੇਸਰ ਕਾ ਪਿਆਰਾ ਬੈਠਾ ਥਾ॥ ਕਿਨੈ ਪੁਛਿਆ: ਜੁ ਸੇਵਾ ਕਿਸਦੀ ਕੀਚੈ? ਜਿਸੁ ਤੇ ਫਲੁ ਪਾਈਐ॥ਓਹੁ ਪਰਮੇਸਰ ਦਾ ਪਿਆਰਾ ਬੋਲਿਆ: ਭਾਵੈ ਤਿਸ ਦੀ ਸੇਵਾ ਕਰਉ!! ਜਿ ਕਿਸੈ ਦੀ ਸੇਵਾ ਮਨਿ ਬਚਨਿ ਕਰਮਿ ਕਰਿਕੈ ਕਰੈ ਤਿਸਹੀ ਫਲੁ ਪਾਵੈ॥ ਇਤਨੀ ਗਲ ਸੁਣਿਕੈ ਉਠਿ ਆਇਆ॥ ਜਾ ਦੇਖੈ ਤਾ ਉਜਾੜਿ ਵਿਚਿ ਜਵਾਹਾ ਹਰਿਆ ਹੋਇ ਰਹਿਆ ਹੈ॥ ਓਨਿ ਨਿਹਚਉ ਕੀਤਾ॥ ਜੁ ਹਉ ਇਸੁ ਜਵਾਹੇ ਦੀ ਸੇਵਾ ਕਰਾ॥ ਫਲੁ ਪਾਵਾ ਕਿ ਨ ਪਾਵਾ॥ ਓਹੁ ਮਨਿ ਬਚਨਿ ਕਰਮਿ ਉਸ ਜਵਾਹੇ ਦੀ ਸੇਵਾ ਕਰਣਿ ਲਗਾ॥ ਜੇ ਕਿਛੁ ਖਾਇ, ਤਾ ਓਸਨੋ ਅਰਧਿ ਕੈ ਖਾਇ॥ ਜੇ ਕਿਛੁ ਪੀਐ ਤਾ ਓਸਨੋ ਅਰਧਿਕੈ ਪੀਐ॥ ਧਿਆਨੁ ਉਸਦਾ ਕਰੈ॥ ਅੰਤਰਿ ਆਤਮੈ ਜਵਾਹਾ ਜਵਾਹਾ ਕਹਿ ਅਰਾਧੈ॥ ਜਾ ਕਿਤਨੇਕ ਦਿਨ ਹੋਏ ਤਾ ਬਰਸ ਕਾਨਾ ਆਇਆ॥ ਮੀਹੁ ਵਰਸਿਆ ਜਵਾਹਾ ਸੁਕ ਗਇਆ॥ ਓਹੁ ਪਛੋਤਾਵਣਿ ਲਗਾ॥ ਜੁ ਮੈ ਸੇਵਾ ਕਰਿ ਜਾਤੀਓ ਨਾਹੀ॥ ਹਉ ਭੁਲਾ ਮੇਰੀ ਸੇਵਾ ਥਾਇ ਨ ਪਈਓ॥ ਮੈ ਉਪਰਿ ਕ੍ਰੋਧ ਹੋ ਇਕੈ ਸੁਕਿ ਗਇਆ॥ ਉਸਦੈ ਅੰਦਿਰ ਭਉ ਪਇਆ॥ ਬੈਠਾ ਉਸ ਜਵਾਹੇ ਅਗੈ ਬੇਨਤੀ ਕਰੈ: ਹਉ ਪਾਪੀ ਅਪਰਾਧੀ ਅਸਾ॥ ਮੈ ਤੇਰੀ ਸੇਵਾ ਨਾਹੀ ਜਾਤੀ॥ ਤੇਰੀ ਸਾਰ ਤੂ ਹੈ ਜਾਣਹਿ ॥ ਏਵੈ ਕਰਦਿਆ ਦਿਨ ਕਈ ਗੁਜਰੇ॥ ਤਾ ਝਖੜੁ ਆਇਆ॥ ਝਖੜੈ ਨਾਲਿ ਜਵਾਹਾ ਉਖੜਿਕੈ ਉਡਿ ਗਇਆ॥ ਜਿਤੁ ਧਿਰਿ ਜਵਾਹਾ ਉਡਦਾ ਜਾਇ; ਪਿਛੈ ਲਗਾ ਓਹੁ ਬੈਰਾਗੁ ਕਰਦਾ ਜਾਇ॥ ਅਤੈ ਬੇਨਤੀ ਕਰੈ॥ ਜੀਉ ਮੈ ਤੇਰੀ ਸੇਵਾ ਨ ਜਾਤੀ॥ ਹਉ ਭੁਲਾ ਮੇਰੇ ਅਭਾਗ॥ ਜਿਸ ਤੇ ਤੂ ਮੈਨੋ ਛਡਿ ਚਲਿਆ॥ ਏਹੋ ਬਿਲਲਾਪ ਕਰਦਾ ਪਿਛੈ ਚਲਿਆ ਜਾਇ॥ ਅਗੈ ਨਦੀ ਆਈ ਸਾਂਵਣ ਮਾਹੈ ਦੀ ਨਦੀ ਚੜਇ ਰਹੀ ਥੀ ਜਵਾਹਾ ਉਸੁ ਵਿਚਿ ਪਇਆ॥ ਪਿਛਹੁ ਛਾਲ ਮਾਰਿਕੈ ਵਿਚਿ ਪਇਆ॥ ਜਵਾਹੇ ਨੋ ਬੇਨਤੀ ਕਰਿ ਕਰਿ ਪੈਰੀ ਪਵੈ॥ ਹਉ ਵਾਰਿਆ ਹਉ ਕੁਰਬਾਨੁ ਕੀਤਾ ਤੁਧੁ ਵਿਟਹੁ॥ ਏਵੈ ਆਖਦਾ, ਗੋਤੇ ਖਾਂਦਾ, ਡੁਬਦਾ,

ਤਰਦਾ, ਵਹਦਾ ਜਾਇ॥ ਓਸ ਨੇ ਆਪਣੇ ਮਰਣ ਜੀਵਣ ਦਾ ਭਉਚੁਕਿ ਗਇਆ॥ ਓਸ ਨਾਲਿ ਲਿਵ ਲਗੀ ਕਦੇ ਡਿਬਿ ਜਾਇ, ਕਦੇ ਉਪਰਿ ਆਵੈ॥ ਪਰ ਓਸਦੀ ਲਿਵ ਛਡੈ ਨਾਹੀ॥ ਤਾ ਪਾਰਬ੍ਰਹਮ ਪਰਮੇਸਰੁ ਆਪਿ ਆਇਆ॥ ਆਇਕੈ ਬੋਲਿਆ ਤੇਰੀ ਪਰਮਗਤਿ ਹੋਵੈਗੀ॥ ਤੂ ਚਲੁ ਓਹੁ ਬੋਲਿਆ ਜੁ ਤੂ ਕਓਣੂ ਅਸਹਿ? ਪਰਮੇਸਰੁ ਬੋਲਿਆ ਜਿਸਨੋ ਤੂ ਅਰਾਧਦਾ ਸਾ, ਸੋਈ ਹਾ॥ ਓਹੁ ਬੋਲਿਆ ਜੁ ਮੈ ਤੈ ਨਾਲਿ ਕਿਛੁ ਧਕਾ ਨਾਹੀ॥ ਮੇਰਾ ਪਰਮੇਸੁਰੁ ਏਹੁ ਜਵਾਹਾ ਹੈ ਮੈ ਨਾਲਿ ਐਹੁ ਰੁਠਾ ਜਾਦਾ ਹੈ॥ ਹਉ ਪਾਪੀ ਅਪਰਾਧੀ ਅਸਾ॥ ਮੈ ਸੇਵਾ ਨਾਹੀ ਕਰਿ ਜਾਤੀ॥ ਭੁਲਾ ਅਸਾ॥ ਜਾ ਪਰਮੇਸਰੁ ਦੇਖੈ ਤਾ ਉਸ ਦਾ ਅੰਦਰੁ ਉਸੁ ਜਵਾਹੇ ਨਾਲਿ ਰਤਾ ਹੈ॥ ਕਿਤੈ ਪਰਕਾਰਿ ਮੁੜੈ ਨਾਹੀ॥ ਤਾ ਉਸ ਦੈ ਨਿਹਚਉ ਪਿਛੈ ਪੂਰਨ ਪਾਰਬ੍ਰਹਮ ਪਰਮੇ ਸੁਰੂ ਕਿਰਪਾਲੁ ਹੋ ਆ॥ ਆਪਣਾ ਰੂਪ ਉਸ ਜਵਾਹੇ ਵਿਚ ਰਖਿਕੈ ਹਿਰਆ ਕਚੂਚਿ ਹੋਇਕੈ ਬੋਲਿਆ ਧੰਨਿ ਧੰਨਿ ਹੋ ਭਗਤਾ ਤੂ ਮੇਰਾ ਵਢਾ ਭਗਤੁ ਹਹਿ॥ ਤੈ ਮੇਰੀ ਬਹੁਤ ਸੇਵਾ ਕੀਤੀ ਹੈ ਤੇਰੀ ਸਭਾ ਘਾਲ ਥਾਇ ਪਈ॥ ਓਹ ਜੀਵਨ ਮੁਕਤਿ ਹੋਆ॥ ਜਾ ਇਓਨਿ ਨਿਹਦਉ ਕਰਿਕੈ ਸੇਵੈ ਤਾ ਪਰਮੇਸਰ ਨੋ ਮਿਲੈ॥੧੮॥

ਸਾਖੀ॥ ਕੋਈ ਮਹਾਪੁਰਖ ਥਾ ਓਸੋ ਪਾਸਿ ਕੋਈ ਸੇਵਕ ਆਇਆ ਆਇ ਕੈ ਅਰਦਾਸਿ ਕੀਤੀ ਜੁ ਪਾਤਿਸਾਹ ਪਰਮੇਸਰੁ ਕਿਉਕਰਿ ਮਿਲੈ? ਮਹਾਪੁਰਖ ਬੋਲਿਆ ਜੁ ਅਥਿਤ ਪੂਜਾ ਕਰੈ ਸੁ ਪਰਮੇਸਰ ਨੋ ਮਿਲੈ॥ ਓਹ ਬੋਲਿਆ ਜੀਉ ਅਥਿਤ ਪੂਜਾ ਕਿਉਕਰਿ ਕੀਚੈ? ਹੁਕਮੁ ਹੋਇਆ ਜੁ ਕੋਈ ਪਰਥਾਨਿ ਕਰਿ ਆਵੈ,ਸੋਈ ਸੇਵਾ ਕੀਚੈ॥ ਏਹੋ ਅਥਿਤ ਪੂਜਾ ਹੈ॥ ਓਨਿ ਮਹਾਪੁਰਖੈ ਦੈ ਬਚਨਿ ਕਰਿਕੈ ਏਹੋ ਸੇਵਾ ਦ੍ਰਿੜੁ ਕੀਤੀ॥ ਘਰਿ ਆਇ ਕੈ ਇਸਤਰੀ ਨੋ ਆਖਿਆ: ਜੁ ਮੈਨੋ ਮਹਾਪੁਰਖੈ ਦਾ ਬਚਨੁ ਹੈ ਤੁਸੀ ਅਥਿਤ ਪੂਜਾ ਕਰਹੁ! ਤੁ ਤੁਸਾਡੀ ਕਾਮਨਾ ਪੂਰਨੁ ਹੋਵੈ! ਜੇ ਕੋਈ ਮੈ ਪਾਸਿ ਆਵੈ, ਤਿਸਦੀ ਸੇਵਾ ਕਰਾ॥ ਅਤੈ ਦੁਹੋ ਹੋਦਿਆ ਕੋਈ ਆਵੈ, ਤਾ ਦੋਵੈ ਸੇਵਾ ਕਰਹ॥ ਅਤੈ ਜੇ ਹਉ ਨ ਹੋਵਾ, ਅਤੈ ਤੈ ਪਾਸਿ ਆਵੈ, ਸਦੀ ਸੇਵਾ ਤੂ ਕਰਿ॥ ਇਸਤਰੀ ਭੀ ਭਤਾਰੈ ਦੀ ਆਗਿਆ ਕਰਿ ਮਨੀ॥ ਅਥਿਤ ਪੂਜਾ ਕਰਣਿ ਲਗੀ॥ ਮਨੁ ਤਨੁ ਪਰਮੇਸਰ ਦੈ ਅਰਥਿ ਅਰਪਿ ਛਡਿਆ॥ ਕਰਦਿਆ ਕਰਦਿਆ ਬਹੁਤੁ ਸੇਵਾ ਕੀਤੀ॥ ਤਾ ਪਰਮੇਸਰੁ ਦਇਆਲੁ ਹੋਆ॥ ਬ੍ਰਹਮਣ ਸਰੂਪੁ ਧਾਰਿਕੈ ਬਿਰਧਿ ਹੋ ਇਕੈ ਉਸ ਸੇਵਕੈ ਦੀ ਇਸਤਰੀ ਪਾਸਿ ਆਇਆ॥ ਆਇਕੈ ਪਰਥਾਨਿ ਕੀਤੀ॥ ਤੁਸੀ ਵਡੇ ਸੇਵਕ ਆਖੀਦੇ ਹਉ॥ ਅਤੈ ਅਥਿਤ ਪੂਜਾ ਬਹੁਤੁ ਕੀਤੀ ਹੈ॥ ਮੇਰੈ ਅੰਦਰਿ ਬਾਛਨਾ ਹੈ ਤਿਤੁ ਵਾਸਤੈ ਤੁਸਾਨੋ ਸੁਣਿਕੈ ਆਇਆ ਅਸਾ॥ ਹਉ ਜਾਣ ਦਾ ਅਸਾ ਜੁ ਤੈ ਤੇ ਮੇਰੀ ਕਾਮਨਾ ਪੂਰਨੁ ਹੋਵੈਗੀ॥ ਇਹ ਗਲ ਸੁਣਿਕੈ ਓਹੁ ਇਸਤ੍ਰੀ ਹਥ ਜੋੜਿਕੈ ਅਮ੍ਰਭਾਗਿ ਖੜੀ ਹੋਈ॥ ਜੁ ਕਿਛੁ ਤੇਰੀ ਇਛਿਆ ਹੋਵੈ, ਸੁ ਮੰਗੁ!! ਬ੍ਰਹਮਣ ਬੋਲਿਆ ਹਉ ਬਿਰਧਿ ਅਸਾ॥ ਮੇਰੈ ਅੰਦਰਿ ਕਾਮੈ ਦੀ ਚੇਸਟ ਹੋਈ ਹੈ॥ ਸੁ ਮੇਰਾ ਅੰਦਰੁ ਜਲਦਾ ਹੈ ॥ ਮੇਰੀ ਬਿਰਧਿ

ਅਵਸਥਾ ਹੈ ਕਿਸੈ ਪਾਸਿ ਨਾਹੀ ਆਖਿ ਸਕਦਾ॥ ਅਤੈ ਕੋਈ ਐਹਾ ਸਰਦਾ ਭੀ ਨਾਹੀ॥ ਜਿਸਨੋ ਆਖਾ॥ ਤੇਰਾ ਭਰਵਾਸਾ ਕਰਦਾ ਅਸਾ, ਤੂ ਮੇਰੀ ਅਗਨਿ ਨਿਵਾਰ!! ਓਹੁ ਇਸਤ੍ਰੀ ਬੋਲੀ ਜੀਉ ਭਲਾ ਹੋਵੈ। ਅਜੁ ਮੇਰਾ ਸਰੀਰੁ ਸਕਾਰਥਾ ਹੋਆ॥ ਤੇਰਾ ਕਮਿ ਆਵੈ॥ ਓਨਿ ਮਜਾ ਵਿਛਾਇਆ ਵਿਛਾਵਣੇ ਭਲੇ ਵਿਛਾਏ॥ ਬੋਲਿਆ ਜੀਉ ਅੰਦਰਿ ਆਈਐ! ਬ੍ਰਹਮਣ ਬੋਲਿਆ ਜੁ ਏਥੈ ਮੇਰਾ ਮਨੁ ਨਾਹੀ ਮਨੀਦਾ॥ ਪਰੁ ਜਿਥੈ ਹਉ ਆਖਾ, ਤਿਥੈ ਚਲੁ॥ ਉਨਿ ਘਰੁ ਬਾਰੁ ਸਭੁ ਛਡਿਆ ਉਸਦੈ ਨਾਲਿ ਉਠਿ ਚਲੀ॥ ਜਿਥੈ ਤੇਰੀ ਮਨਸਾ ਹੋਵੈ ਤਿਥੈ ਚਲੁ॥ ਦੋਵੈ ਚਲੇ ਥਾਈ ਦੁਹੁ ਤਿਹੁ ਫਿਰਿਕੈ ਆਖਿਆਸੁ ਜੁਹਟਾ ਵਿਚਿ ਭਲਾ ਥਾਉ ਹੈ॥ ਇਸਤ੍ਰੀ ਬੋਲੀ ਜੁ ਭਲਾ ਹੋਵੈ ਜੀ॥ ਹਟਾ ਵਿਚਿ ਲੈ ਆਇਆ ॥ ਆਉਦਾ ਆਉਦਾ ਜਿਥੈ ਉਸਦਾ ਭਤਾਰੁ ਹਟੁ ਬੈਠਾ ਥਾ ਤਿਥੈ ਆਇਆ॥ ਅਤੈ ਬੋਲਿਆ ਜੁ ਇਹੁ ਇਸਤ੍ਰੀ ਕਿਉ ਘਰਿ ਰਖੀ ਹੈ? ਹਉ ਬਿਰਧਿ ਬ੍ਰਹਮਣੁ ਅਸਾ ਅਤੈ ਮੈ ਨਾਲਿ ਏਹ ਲੁਭੁ ਹੋਈ ਹੈ॥ ਹੋਰਥੈ ਕਿ ਕਰਮ ਕਰਦੀ ਹੋਵੈਗੀ!! ਇਸੁ ਇਸਤ੍ਰੀ ਹੋਦਿਆ ਤੇਰਾ ਬੁਰਾ ਹੈ॥ ਐਹੀ ਇਸਤ੍ਰੀ ਘਰਿ ਰਖੀਐ ਨਾਹੀ॥ ਅਤੈ ਇਹ ਇਸਤ੍ਰੀ ਕਿਉ ਘਰਿ ਸਮ੍ਹੀ ਅਸੈ? ਅਗਹੁ ਓਹੁ ਬੋਲਿਆ ਜੁ ਪਤਿਭ੍ਰਤਾ ਹੈ॥ ਅਤੈ ਵਡੀ ਭਗਤਿ ਹੈ॥ ਅਤੈ ਮੈ ਇਸਨੋ ਆਖਿ ਛਡਿਆ ਹੈ॥ ਮੇਰੀ ਆਗਿਆ ਵਿਚਿ ਸਭ ਕਾਂਮ ਕਰਦੀ ਹੈ॥ ਇਹੁ ਗਲ ਸੁਣਿ ਕੈ ਓਨਾ ਦੀ, ਦਇਆਲ ਹੋਆ॥ ਆਪਣਾ ਦਰਸਨੁ ਦਿਤਾ॥ ਜੁ ਕਿਛੁ ਓਨਾਂ ਦੀ ਕਾਮਨਾ ਸੀ, ਸੁ ਪੂਰਨੁ ਹੋਈ॥ ਸਾਧ ਕੈ ਬਚਨਿ ਕਰਿਕੈ ਏਹੀ ਨਿਹਚਉ ਸੇਵਾ ਕਰੈ॥ ਤਾ ਪਰਮੇਸਰ ਨੋ ਸਿਖੁ ਮਿਲੈ॥ ਏਹ ਸੇਵਾ ਹੋਰਨਾ ਜੁਗਾ ਕੀ ਹੈ॥ ਪਰੁ ਕਲਜੁਗਿ ਕੇਹੀ ਸੇਵ ਕੀਚੈ? ਇਕ ਗੁਰੂ ਕੇ ਸਿਖਇ ਆਇਕੈ ਕਰਤਾਰ ਕਰਤਾਰ ਕਰਦੇ ਹੈਨਿ ਅਤੈ ਅਦਰਹੁ ਨੇਹੀ ਜਪਦੇ, ਕੋਰੇ ਹੈਨਿ;ਓਨਾ ਦਾ ਆਖਿਆ ਕੀਚੇ॥ ਅਤੈ ਅੰਦਰਿ ਖਵਿਸ ਕੀਐ ਨਾਹੀ॥ ਤਿਸਦਾ ਆਖਿਆ ਨ ਕੀਚੈ॥ ਕਿ ਗੁਰੂ ਨੋ ਪੁਛਿਕੈ ਜੁ ਕਿਛੁ ਗੁਰੂ ਆਖੈ ਸੁ ਕੀਚੈ॥ ਇਨਾ ਗਲਾ ਵਿਚਉ ਇਤਨੀਆ ਗੰਲਾ ਨ ਕੀਚਨਿ: ਜੁ ਕੋਈ ਸਿਖੁ ਜਾਣੀਦਾ ਹੋਵਉ, ਭਾਵੈ ਅਣਜਾਣੀ ਦਾ ਹੋਵਉ॥ ਅਤੈ ਬਹੁਤੁ ਕਰਮੁ ਆਖੈ, ਅਤੈ ਅੰਦਰਿ ਖਵੈ ਨਾਹੀ ਤਾ ਓਹੁ ਕਰਮੁ ਕਰਣਾ॥ ਅਤੈ ਜੀਉ ਬੁਰੈ ਕਮੈ ਨੋ ਧਾਵੈ॥ ਤਾ ਓਹੁ ਭੀ ਕਰਣਾ॥ ਪਰੁ ਆਪਣੈ ਹਥਿ ਕਿਛੁ ਨਾਹੀ॥ ਜਾ ਮਨੁ ਬਿਕਾਰਾ ਨੋ ਧਾਵੈ, ਤਾ ਗੁਰੂ ਅਤਾਧੀਐ॥ ਗੁਰੂ ਦੀ ਕਰਿਪਾ ਕਰੈ॥ ਅ ਇਤਨੀਆ ਗਲਾ ਕਰਣੀਆ॥ ਜੈ ਸਿਖੁ ਜਾਣੀਦਾ ਭਾਵੈ ਅਣਜਾਣੀਦਾ ਹੋਵੈ, ਤਿਸਦੀ ਬਾਹਰਲੀ ਸੇਵਾ ਖਵਾਲਣੇ ਦੀ, ਪੀਆਲਣੈ ਦੀ, ਝੂਲਣੈ ਦੀ, ਮੰਡਣੈ ਦੀ, ਪਾਰ ਧੋਵਣੈ ਦੀ ਸੇਵਾ ਕੀਚੈ॥ ਅਤੈ ਸਿਖਾ ਪਾਸਿ ਅਰਦਾਸਿ ਕੀਚੈ ਜੁ ਪਰਮੇਸਰ ਨੋ ਕੀਕੂ ਮਿਲੀਐ? ਅਤੈ ਸੁਖੁ ਉਪਦੇਸੁ ਕਰੈ, ਅਤੈ ਅੰਦਰਿ ਹਿਤਾਵੈ ਸੁ ਕੀਚੈ॥ ਅਤੈ ਜੀਅ ਵਿਚਿ ਕਿਛੁ ਭਲਾ ਉਪਦੇਸੁ ਹੋਇ ਆਵੈ ਸੋ ਭੀ ਕੀਚੈ॥ ਸਭਨਾ ਗਲਾ ਤੇ ਸ੍ਰੇਸਟ

ਗਲ ਏਹ ਹੈ, ਜੁ ਗੁਰੂ ਕਾ ਹੁਕਮੁ ਹੋਵੈ ਭਾਵੈ ਅਰਦਾਸਿ ਕੀਤੀ ਅਤੈ ਹੁਕਮੁ ਹੋਵਉ॥ ਭਾਵੈ ਗੁਰੂ ਭਾਇ ਸੁਭਾਇ ਕਿਤੈ ਪਰਥਾਇ ਬੋਲੈ, ਸੁਬਚਨੁ ਆਪਣੀ ਕਿਰਪਾ ਕਰਿਕੈ ਮਨਾਏ ਤਾਂ ਮੰਨਿ ਲੀਚੈ॥੧੯॥

ਸਾਖੀ॥ ਇਕੁ ਸਿਖੁ ਥਾ; ਉਨਿ ਗੁਰੂ ਕੀ ਸੇਵਾ ਕੀ ਤੀ॥ ਸੰਸਾਰ ਕੇ ਸੁਖ ਕੀ ਬਾਂਛਨਾ ਕਰਿਕੈ ਸੇਵਾਕਰੈ॥ ਗੁਰੂ ਪਰਮੇਸਰੁ ਅੰਤਰਜਾਮੀ॥ ਮਨ ਕਾਮਨਾ ਤੀਰਥੁ ਹੈ॥ ਉਸੁ ਉਪਰਿ ਦਇਆਲੁ ਹੋਆ॥ ਸਿਖੈ ਨੋ ਆਗਿਆ ਕੀਤੀ॥ ਬਚਾ ਘਰੈ ਬਲਹੁ ਖਬਰਿ ਲੈ ਆਉ!! ਸਿਖੁ ਘਰਿ ਆਇਆ ਘਰੈ ਦੇ ਆਦਮੀ ਆਖਣਿ ਲਗੈ: ਜੁ ਤੂ ਗੁਰੂ ਦੀ ਸੇਵਾ ਕਰਦਾ ਹਹਿ; ਸੁ ਤੈਨੋ ਗੁਰੂ ਕਿ ਦਿਤਾ; ਕਿ ਨ ਦਿਤਾ? ਓਹੁ ਬੋਲਿਆ: ਗੁਰੂ ਪਰਮੇਸਰੁ ਹੈ, ਮੈਨੋ ਸਭੁ ਕਿਛੁ ਦਿਤਾ ਹੈ॥ ਦਿਨੁ ਦੁਇ ਚਾਰਿ ਘਰਿ ਰਹਿਕੈ ਫਿਪਿ ਗੁਰੂ ਪਾਸਿ ਚਲਿਆ॥ ਜਾ ਨਮਰਹੁ ਬਾਹਿਰ ਆਵੈ; ਤਾ ਇਕੁ ਪੰਡਿਤੁ ਬਿਰਧਿ ਬੈਠਾ ਹੈ॥ ਉਨਿ ਪੰਡਿਤ ਗੁਰੂ ਕਾ ਸਿਖੁ ਪੁਛਿਆ: ਦੁ ਕਿਥੈ ਚਲਿਆ ਅਸੰਹਿ॥ ਓਹੁ ਸਿਖੁ ਬੋਲਿਆ ਜੁ ਗੁਰੂ ਆਪਣੇ ਪਾਸਿ ਜਾਦਾ ਅਸਾ॥ ਪੰਡਿਤੁ ਬੋਲਿਆ ਜੁ ਮੇਰੀ ਹੋਦੀ ਗੁਰੂ ਪਾਸਿ ਅਰਦਾਸਿ ਕਰੀ: ਪਾਤਿਸਾਹ! ਹਉ ਬਹੁਤੁ ਦੁਖੁ ਪਾਵਦਾ ਅਸਾ॥ ਖਰਾ ਬਿਰਧਿ ਹੋਆ ਅਸਾ॥ ਮੇਰੀ ਮੁਕਤਿ ਹੋਵੈ॥ ਓਥਹੁ ਅਗੈ ਚਲਿਆ ਜਾ ਅਗੈ ਤੇਖੈ ਤਾ ਸਰਪੁ ਮਹਾ ਕੰਗਾਲੁ ਹੋਇਕੈ ਪੈ ਰਹਿਆ ਹੈ॥ ਕਰਮੁ ਨਦਰੀ ਆਉਦਾ ਹੈ॥ ਹੋਰੁ ਮਾਸੁ ਚੰਮੁ ਸੁਕਿ ਮਇਆ ਹੈ॥ ਓਨਿ ਸਰਪਿ ਪੁਛਿਆ ਜੁ ਤੂ ਕਿਥੈ ਜਾਦਾ ਅਸਹਿ? ਓਹੁ ਸਿਖੁ ਬੋਲਿਆ: ਆਪਣੇ ਗੁਰੂ ਪਾਸਿ ਜਾਦਾ ਹਾ॥ ਸਰਪੁ ਬੋਲਿਆ ਜੁ ਮੇਰੀ ਹੋਦੀ ਗੁਰੂ ਪਾਸਿ ਅਰਦਾਸਿ ਕਰਣੀ: ਪਾਤਿਸਾਹ! ਹਉ ਬਿਰਧਇ ਹੋਆ ਅਸਾ॥ ਮਹਾ ਦੁਖੁ ਪਾਇ ਦਾ ਅਸਾ॥ ਤੇਰੀ ਕਿਰਪਾ ਤੇ ਮੇਰੀ ਮੁਕਤਿ ਹੋਵੈ!! ਓਥਹੁ ਅਗੈ ਚਲਿਆ॥ ਅਗੈ ਦੇਖੈ ਤਾ ਗਿਰਾਇ ਅਗਿ ਲਗੀ ਹੈ, ਮੁਕਦਮ ਦੈ ਘਰਿ; ਮੁਕਦਮੁ ਰੋਦਾ ਹੈ॥ ਓਨਿ ਮੁਕਦਮਿ ਪੁਛਿਆ ਜੁ ਤੂ ਕੈ ਜਾਦਾ ਅਸਹਿ? ਓਹੁ ਸਿਖੁ ਬੋਲਿਆ ਜੁ ਗੁਰੂ ਪਾਸਿ ਜਾਦਾ ਅਸਾ॥ ਮੁਕਦਮਿ ਆਖਿਆ: ਜੁ ਮੇਰੀ ਅਰਦਾਸਿ ਗੁਰੂ ਪਾਸਿ ਕਰਣੀ: ਜੁ ਪਾਤਿਸਾਹ! ਮੇਰੇ ਘਰਿ ਦਿਹਾਨਗੀ ਅਗਿ ਲਗਦੀ ਹੈ, ਤੇਰੀ ਕਿਰਪਾਤੇ ਮੇਰੀ ਬਾਹੁੜੀ ਹੋਵੈ!! ਪਾਤਿਸਾਹ! ਓਨਾ ਤਿਹਾ ਦੈ ਬਾਬਿ ਕਿ ਹੁਕਮੁ ਹੈ? ਬਚਾ ਅਜ ਤੂ ਥਕਾ ਆਇਆ ਅਸਹਿ॥ ਜਾਇਕੈ ਰਸੋਈ ਜੇਉ!! ਅਤੈ ਜੇਵਿਕੈ ਸਵਿ ਰਹੁ॥ ਭਲਕਿ ਓਨਾ ਦੀ ਅਰਦਾਸਿ ਕਾ ਜਵਾਬੁ ਆਖਾਗਾ॥ ਸਿਖੁ ਪੈਰੀ ਪੈਕੈ ਰਸੋਈ ਆਇ ਜੇਵਿਆ॥ ਜੇਵਿਕੈ ਜਾਇ ਸਵਿ ਰਹਿਆ॥ ਫਿਰਿ ਤੀਜੈ ਪਹਰਿ ਆਇਕੈ ਗੁਰੂ ਕੀ ਪੈਰੀ ਪਇਆ॥ ਸੇਵਾ ਕਰਣਿ ਲਗਾ॥ ਰਤਿ ਮੁਦਰੀ ਅੰਮ੍ਰਿਵੇਲਾ ਗੁਰੂ ਨਾਇਕੈ ਆਇ ਬੈਠਾ॥ ਸਿਖੁ ਪੈਰੀ ਪਇਆ॥ ਗੁਰੂ ਬੋਲਿਆ: ਆਉ ਬਚਾ!! ਵਿਦਿਆ ਹੋਹੁ!! ਤੇਰੇ ਸਭੇ ਮਨੋਰਥ ਗੁਰੂ ਪੂਰਨ ਕੀਤੇ॥ ਗੁਰੂ ਬਹੁਤੁ ਕਿਰਪਾਲੁ ਹੋਆ॥ ਬੋਲਿਆ: ਤੇਰੀ ਸਭਾ ਸੇਵਾ ਥਾਇ ਪਈ!! ਅਤੈ ਜਿਨਾ ਦੀ ਅਰਤਾਸਿ ਕੀਤੀ ਥੀ; ਤੇਰਾ ਪਿਛੈ ਓਨਾ ਦੀ ਭੀ ਗਤਿ ਹੋਈ!! ਪੰਡਿਤੈ ਨੇ ਆਖਣਾ: ਤੇਰੈ ਪਾਸਿ

ਵਿਦਿਆ ਬਹੁਤੁ ਹੈ; ਵਿਦਿਆ ਕਿਸੈ ਨੋ ਦੇਹੁ॥ ਤਾ ਤੇਰੀ ਮੁਕਤਿ ਹੋਵੈ॥ ਅਤੈ ਸਰਪੈ ਨੋ ਆਖਣਾ: ਤੇਰੈ ਪਾਸਿ ਦਰਬੁ ਬਹੁਤੁ ਹੈ; ਓਹੁ ਦਰਬੁ ਕਿਸੈ ਨੋ ਦੇਹੁ॥ ਤਾ ਤੇਰੀ ਮੁਕਤਿ ਹੋਵੈ॥ ਅਤੈ ਮੁਕਦਮੈ ਨੋ ਆਖਣਾ: ਤੇਰੀ ਬੇਟੀ ਵਰ- ਪਰਾਪਤੀ ਹੈ; ਓਹੁ ਤੈਨੂ ਦੁਰਸੀਸੀ ਦਿਹਾਨਗੀ ਦੇਦੀ ਹੈ; ਓਹੁ ਬੇਟੀ ਕਿਸੈ ਨੋ ਵੀਅਹਿ ਦੇਹਿ॥ ਤਾ ਤੇਰੀ ਬਾਹੁੜੀ ਹੋਵੈ!! ਫਿਰਿ ਤੇਰੈ ਘਰਿ ਅਗਿ ਲਗੈ ਨਾਹੀ!! ਏਹ ਮਨ ਆਖਿ ਕੈ ਫਇਰਿ ਗੁਰੂ ਕਿਰਪਾਲੁ ਹੋਆ॥ ਸਿਖੁ ਵਿਦਿਆ ਕੀਤਾ॥ ਸਿਖੈ ਨੋ ਪਰਤੀਤਿ ਥੀ ਗੁਰੂ ਕੇ ਬਚਨੈ ਕੀ॥ ਬਹੁਤੁ ਖੁਸੀ ਹੋਇਆ॥ ਪੈਰੀ ਪੈਕੈ ਸਿਖੁ ਵਿਦਿਆ ਹੋਇ॥ ਅਗੈ ਆਵੈ ਓਹੁ ਮੁਕਦਮੁ ਖੜਾ ਹੈ॥ ਆਇਕੈ ਪੈਰੀ ਪਇਆ॥ ਅਰਦਾਸਿ ਕੀ ਸੁ: ਜੀਉ! ਮੈਨੋ ਕਿ ਹੁਕਮੁ ਹੋਇਆ; ਆਖੀਐ!! ਸਿਖੁ ਬੋਲਿਆ ਤੇਰੈ ਬੇਟੀ ਵਰ ਪਰਾਪਤੀ ਹੈ; ਓਸਦੈ ਦੋਖਿ ਤੇਰੈ ਘਰਿ ਅਗਿ ਲਗਦੀ ਹੈ॥ ਓਸਨੋ ਵੀਆਹਿ ਦੇਹਿ॥ ਉਸਦਾ ਸੰਤੋਖ ਹੋਵੈ॥ ਤਾ ਤੇਰੀ ਬਾਹੁੜੀ ਹੋਵੈ!! ਏਹ ਗਲ ਸੁਣਿਕੈ ਮੁਕੰਦਮੁ ਪੈਰੀ ਪਇਆ॥ ਅਰਦਾਸਿ ਕੀਤੀ ਜੀਉ! ਨਿਹਾਲ ਹੋਆ॥ ਅਤੈ ਬੇਟੀ ਆਪਣੀ ਮੈ ਤੈਨੋ ਦਿਤੀ॥ ਗੁਰੂ ਕੈ ਅਰਥਿ ਤੂ ਮੇਰੀ ਬੇਟੀ ਕਾ ਅੰਗੀਕਾਰ ਕਰਿ॥ ਓਨਿ ਅੰਤਰਿ ਆਤਮੈ ਗੁਰੂ ਕੀ ਉਸਤਤਿ ਕੀਤੀ; ਜੁ ਪਾਤਿਸਾਹ! ਤੇਰਾ ਬਚਨੁ ਸਤਿ ਹੈ ਜੁ ਕਿਛੁ ਹੋਦਾ ਹੈ, ਸੁ ਤੇਰਾ ਬਚਨਿ ਕਰਿ ਹੋਦਾ ਹੈ॥ ਓਥੇ ਵੀਆਹੁ ਹੋਆ॥ ਫਿਰਿ ਸਿਖੁ ਮੁਕਦਮ ਕੀ ਬੇਟੀ ਲੈ ਕਰਿ ਆਇਆ ਮੁਕਦਮ ਕੀ ਬਾਹੁੜੀ ਹੋਈ॥ ਅਗੈ ਸਰਪੁ ਪਇਆ ਥਾ ਤਿਨਿ ਸਰਪਿ ਏਹੁ ਡਿਠਾ॥ ਸਿਰੁ ਆਣਿਕੈ ਭੁਇ ਉਪਰਿ ਪੈਰੀ ਪਇਆ॥ ਅਰਦਾਸਿ ਕੀਤੀ: ਜੀਉ! ਮੇਰੈ ਬਾਬਿ ਕਿ ਹੁਕਮੁ ਹੈ? ਸਿਖੁ ਬੋਲਿਆ: ਤੇਰੈ ਪਾਸਿ ਦਰਬੁ ਬਹੁਤੁ ਹੈ; ਓਹੁ ਕਿਸੈ ਨੋ ਦੇਹੁ, ਤਾ ਤੇਰੀ ਮੁਕਤਿ ਹੋਵੈ॥ ਗੁਰੂ ਕੈ ਬਚਨਿ ਕਰਿ ਸਰਪੁ ਬੋਲਿਆ: ਜੁ ਮੈ ਦਰਬੁ ਨੋ ਸਭੋ ਦਿਤਾ॥ ਦਰਬੁ ਸਭ ਸਿਖੈ ਨੋ ਦੇਕੈ ਸਰਪੁ ਗੁਰੂ ਦੈ ਬਚਨਿ ਮੁਕਤੁ ਹੋਆ॥ ਸਿਖ ਦਰਬੁ ਲੈ ਕੈ ਗੁਰੂ ਨੋ ਅਰਾਧਦਾ ਚਲਿਆ॥ ਅਤੈ ਓਹੁ ਪੰਡਿਤ ਬੈਠਾ ਥਾ॥ ਦੇਖਇਕੈ ਆਇ ਪੈਰੀ ਪਇਆ॥ ਅਰਦਾਸਿ ਕੀਤੀ: ਜੁ ਮੇਰੇ ਬਾਬਿ ਕਿ ਹੁਕਮੁ ਹੈ? ਓਹੁ ਸਿਖੁ ਬੋਲਿਆ: ਤੈ ਪਾਸਿ ਵਿਦਿਆ ਬਹੁਤੁ ਹੈ॥ ਓਹੁ ਕਿਸੈ ਨੋ ਦੇਹਿ॥ ਤਾ ਤੇਰੀ ਮੁਕਤਿ ਹੋਵੈ॥ ਓਹੁ ਪੰਡਿਤੁ ਬੋਲਿਆ ਜੁ ਮੈ ਵਿਦਿਆ ਸਭ ਤੈਨੋ ਦਿਤੀ॥ ਗੁਰੂ ਕੈ ਬਚਨਿ ਵਿਦਿਆ ਦਿਤੀ॥ ਪੰਡਿਤੁ ਮੁਕਤੁ ਹੋਆ॥ ਸਿਖੈ ਨੋ ਗੁਰੂ ਚਿਤੁ ਆਇਆ॥ ਮੁਕਦਮੈ ਕੀ ਬੇਟੀ, ਸਰਪੈ ਕਾ ਦਰਬੁ, ਪੰਡਿਤ ਕੀ ਵਿਦਿਆ, ਗੁਰੂ ਕੀ ਕਿਰਪਾ ਤੈ ਲੈ ਘਰਿ ਆਇਆ॥ ਗੁਰ ਕੀ ਸੇਵਾ ਤੇ ਜੁ ਮੰਗੀਐ ਸੁ ਪਾਈਐ॥ ਓਸੁ ਸਿਖੈ ਦੀ ਪਰਮਗਤਿ ਹੋਈ॥ ਜੁ ਕੋਈ ਗੁਰੂ ਕੀ ਸੇਵਾ ਕਰੈ, ਸੁ ਸਭ ਨਿਧਾਨ ਪਾਵੈ, ਸੰਦੇਹ॥੨੦॥

ਸਾਖੀ॥ ਅਹਾੜੁ ਸੀਆਲੁ, ਸਾਵਣੁ ਤਿਨੇ ਵਤਾ ਹੈਨਿ॥ ਅਹਾੜ ਕਾ ਵਤ ਤਮਗੁਣੁ ਹੈ॥ ਜੇ ਆਤਮਾ ਤਮਗੁਣੈ ਕੀ ਵਤ ਆਵੈ ਤਾ ਅੰਦਰਿ ਤਪਤਿ ਵਰਤਦੀ ਹੈ॥ ਜੇ ਕੋਈ ਭਲੀ ਗਲ ਭੀ ਆਖਦਾ ਹੈ ਤਾ ਬੁਰਾ ਲਗਦਾ ਹੈ॥ ਅਤੈ

ਸਭਨਾ ਬੁਰੇ ਭਲੇ ਨਾਲਿ ਝਿਖਿ ਝਿਖਿ ਬੋਲਦਾ ਹੈ॥ ਅਤੈ ਸੀਆਨ ਕੀ ਵਤ ਰਜ ਗੁਣੁ ਹੈ॥ ਜਾ ਆਤਮਾ ਰਜਗੁਣ ਵਿਚਿ ਆਉਦਾ ਹੈ ਤਾ ਅੰਦਰਿ ਸੀਤਲਾਈ ਵਰਤਦੀ ਹੈ॥ ਭਾਵੈ ਕੋਈ ਬੁਰੀ ਗਲ ਆਖਦਾ ਹੈ ਤਾ ਅੰਦਰਿ ਹਿਤਾਉਦੀ ਹੈ॥ ਅਤੈ ਭਲੇ ਬੁਰੇ ਨੇਲਿ ਹਸਿ ਹਸਿ ਬੋਲਦਾ ਹੈ॥ ਸਭਨਾ ਨੋ ਸਤੋਖਦਾ ਹੈ॥ ਅਤੈ ਸਾਵਣੀ ਵ ਸਾਵਗੁਣ ਹੋਵੈ ਵਿਚਿ ਹੋਦਾ ਹੈ॥ ਤਾਂ ਅੰਦਰਿ ਦਇਆ ਵਰਤਦੀ ਹੈ॥ ਜੁ ਕੋਈ ਉਸ ਵਤੈ ਵਿਚਿ ਮੰਗੈ ਸੁ ਪਾਵੈ॥ ਅੰਮ੍ਰਿਤ ਵਰਤਦਾ ਹੈ॥ ਏਤਨੇ ਪ੍ਰਕਾਰ ਆਤਮੇ ਕੇ ਹੈਨਿ॥ ਜਿਸੁ ਜੰਤੈ ਨੋ ਦਇਆਲੁ ਹੋਵੈ, ਤਿਸ ਦਾ ਤਮਾ ਸਾਗੁਣ ਵਿਚਿ ਵਰਤੈ॥ ਫਿਰਿ ਜਾ ਪੂਰਾ ਗੁਰੂ ਮਿਲੈ, ਤਾ ਚਉਥੇ ਪਦੈ ਤੁਰੀਆ ਗੁਣੈ ਨੋ ਜਾਇ ਪਰਾਪਤਿ ਹੋਵੈ॥ ਤਿਸੁਤੇ ਬ੍ਰਹਮ ਗਿਆਨੁ ਉਪਜੈ॥ ਸ੍ਰਬ ਮੈ ਪਰਮੇਸਰੁ ਦ੍ਰਿਸਟਿ ਆਵੈ॥ ਪਰਮਗਤਿ ਹੋਵੈ॥੨੧॥

ਸਾਖੀ॥ ਪਰਮੇਸਰ ਕਾ ਸਰੂਪੁ ਤਿਨਿ ਪਰਕਾਰ ਕਾ ਹੈ:- ਪ੍ਰਥਮ ਸਰੂਪੁ ਪਾਰਬ੍ਰਹਮੁ ਹੈ॥ ਦੁਤੀਆ ਸਰੂਪੁ ਗੁਰਦੇਵ ਰੂਪੁ ਹੈ॥ ਤਿਤੀਆ ਸਰੂਪੁ ਸੰਗਤਿ ਹੈ॥ ਜੇ ਕਿਸੈ ਨੋ ਗੁਰਦੇਉ ਮਾਰੈ ਤਾ ਸੰਗਤਿ ਬਖਸਾਵੈ॥ ਜੇ ਕਿਸੈ ਨੋ ਸੰਗਤਿ ਮਾਰੈ ਸੁ ਕਿਥਾਈ ਛੁਟੈ ਨਾਹੀ॥ ਜਾ ਫਿਰਿ ਸੰਗਤਿ ਹੀ ਕਿਰਪਾਲ ਹੋਵੈ ਤਾ ਬਖਸੀਐ॥੨੨॥

ਸਾਖੀ॥ ਕੋਈ ਸਿਖੁ ਗੁਰੂ ਕੈ ਜਾਦਾ ਥਾ; ਇਕਨਿ ਪੰਡਿਤਿ ਪੁਛਿਆ ਜਿ ਕਿਥੈ ਚਲਿਆ ਅਸਹਿ? ਸਿਖੁ ਬੋਲਿਆ ਜੁ ਗੁਰੂ ਪਾਸਿ ਜਾਦਾ ਅਸਾ॥ ਪੰਡਿਤੁ ਬੋਲਿਆ: ਮੇਰੀ ਹੁੰਦੀ ਇਕ ਪਰੀਖਿਆ ਗੁਰੂ ਪਾਸਹੁ ਪੁਛੀ: ਜੁ ਅਸਾਵਤ ਸਭੁ ਕਉਣੁ ਹੈ? ਅਤੈ ਮਨੁ ਕਾਮੇਰੁ ਕਉਣੁ ਹੈ? ਅਤੈ ਜੀ ਐਕੀ ਕੋਠੜੀ ਕਉਣੁ ਹੈ? ਏਹੁ ਗਲ ਪੰਡਿਤ ਪਾਸਹੁ ਸੁਣਿਕੈ ਸਿਖੁ ਗੁਰੂ ਪਾਸਿ ਆਇਆ॥ ਆਇਕੈ ਪੈਰੀ ਪਇਆ॥ ਗੁਰੂ ਬੁਹਤੁ ਕਿਰਪਾਲੁ ਹੋਆ॥ ਬਹੁਤੁ ਸਤੋਖਿਆ॥ ਸਿਖਿ ਅਨੁ ਦੇਖਿ ਕੈ ਅਰਦਾਸਿ ਕੀਤੀ: ਜੀਉ! ਪਾਤਿਸਾਹ! ਇਕੁ ਪੰਡਿਤੁ ਹੈ, ਓਹੁ ਮੈਨੋ ਮਿਲਿਆ, ਅਤੈ ਬੋਲਿਆ: ਜੁ ਤੂ ਕਿਥੈ ਜਾਦਾ ਹਹਿ? ਮੈ ਬੋਲਿਆ: ਜੁ ਗੁਰੂ ਪਾਸਿ ਜਾਦਾ ਅਸਾ॥ ਪੰਡਿਤੁ ਬੋਲਿਆ: ਮੇਰੀ ਹੋਦੀ ਗੁਰੂ ਪਾਸਿ ਪਰੀਖਿਆ ਕਰਣੀ: ਜੁ ਅਸਾਥਵਸਤੁ ਕਉਣੁ ਹੈ? ਮਨ ਕਾ ਮੇਰੁ ਕਉਣ ਹੈ? ਜੀਅ ਗੀ ਕਠੋੜੀ ਕਉਣੁ ਹੈ? ਗੁਰੂ ਬੋਲਿਆ: ਬਚਾ! ਅਥਾਪ ਵਸਤੁ ਕਉ ਗਿਆਨੁ ਹੈ॥ ਮਨ ਕਾ ਮੇਰੁ ਗਤਿ ਹੈ॥ ਜੀਅ ਕੀ ਕੋਠੜੀ ਸੁਰਤਿ ਪਉਣੁ ਹੈ॥ ਸਿਖਿ ਪੰਡਿਤੁ ਪਾਸਿ ਆਇ ਕੈ ਅਖਿਆ॥ ਪੰਡਿਤਿ ਬਹੁਤ ਉਸਤਤਿ ਕੀਤੀ॥ ਨਿਹੁਲੁ ਹੋਆ॥ ਬੋਲਿਆ ਜੁ ਨਿਸੰਦੇਹ ਗੁਰੂ ਸੰਸਾਰੁ ਉਧਰਿਆ ਹੈ॥ ਗੁਰੂ ਪਰਮੇਸਰੁ ਹੈ॥੨੩॥

ਸਾਖੀ॥ ਪਰਾਈ ਇਸਤ੍ਰੀ ਨਾਲਿ ਪ੍ਰੀਤਿ ਨਾਹੀ ਕਰਣੀ॥ ਜੇ ਪਰਮੇਸਰ ਕੀ ਭਗਤਣੀ ਹੋਵੈਗੀ ਤਾ ਭੀ ਭੋਟਾ ਹੈ, ਲਾਹਾ ਨਾਹੀ॥ ਮੇਲੁ ਸਬਦ ਕਾ ਕਰਣਾ॥ ਜਿਥੈ ਗੁਰੂ ਕਾ ਸ਼ਬਦ ਹੋਵੈ ਤਿਥੈ ਮਿਲਣਾ॥ ਜਿਥੈ ਗੁਰੂ ਵਿਸਤੈ, ਤਿਥੈ ਮਿਨਣਾ ਨਾਹੀ॥ ਗੁਰੂ ਕਾ ਆਖਣਾ ਹੈ: ਅੰਨੁ ਬਹੁਤੀ ਭੁਖੈ ਲਗੀ ਜੇਵਣਾ॥ ਭਰੇ ਉਪਰਿ ਭਰਣਾ ਨਾਹੀ॥

ਅਨੁ ਛੋਡਣਾ ਭੀ ਨਾਹੀ॥ ਸਵਣਾ ਤਾ ਜਾ ਨੀਦ ਬਹੁਤੀ ਆਵੈ: ਨਿੰਦ੍ਰਾ ਬਿਨਾ ਸਵਣਾ ਨਾਹੀ॥ ਰਾਮਾਫਲੀ ਹੈ॥ ਦੇਹੀ ਕਉ ਬਹੁਤ ਦੁਖੁ ਭੀ ਨਾਹੀ ਦੇਣਾ॥ ਹਿਕੈ ਤਾ ਬਾਣੀ, ਹਿਕੈ ਤਾ ਗੁਰੂ ਤਾ ਗੁਰੂ ਕੀਆ ਗਲਾ ਕਰਣੀਆ॥ ਹਿਕੈ ਤਾ ਕਿਸੈ ਦਿਆ ਬੁਲਾਇਆ ਬੋਲਣਾ॥ ਸਬਦੁ ਗਾਵਣਾ, ਕੂੜੁ ਨਾਹੀ ਬੋਲਣਾ॥ ਜੋ ਇਨਾ ਗਲਾ ਨੋ ਮਨੈ ਨਾਲਿ ਰਖੈਗਾ, ਮਹਾਪੁਰਖੁ ਹੋਵੈਗਾ, ਉਸਕਾ ਲੇਖਾ ਮਨੈ ਨਾਲਿ ਨਿਬੜੈਗਾ॥ ਉਸਕੇ ਕੁਲ ਕਾ ਉਧਾਰੁ ਹੋਵੈਗਾ॥ ਉਸਕੇ ਸੰਗੀ ਸਗਲੇ ਤਰਹਿਗੇ॥ ਗੁਰੂ ਕਾ ਅਖਣਾ ਹੈ॥ ਸਤਿ ਕਰਿ ਜਾਨਣਾ॥ ਗੁਰੂ ਕਾ ਆਖਣਾ ਹੈ: ਜੇ ਕੋਈ ਗੁਰੂ ਨਾਲਿ ਹੀ ਭੁਲ ਦਾ ਹੋਵੈ, ਤਾ ਸਮਝਾਵਣਾ॥ ਆਪਣਾ ਬਿਰਹੁ ਆਖਣਾ॥ ਜੇ ਮੰਨੈ ਨਾਹੀ ਤਾ ਓਹੁ ਜਾਣੈ॥ ਏਹੁ ਆਖਣਾ ਗੁਰੂ ਕਾ ਹੈ: ਜੋ ਸਿਖੁ ਉਦਾਸੀ ਕਰੈਗਾ, ਉਸਕਾ ਬੁਰਾ ਹਵੈਗਾ॥ ਜੋ ਸੁਖੁ ਗ੍ਰਿਸ ਵਿਚਿ ਅਰਾਧੈਗਾ, ਪਰਮੇਸਰੁ ਗੁਰੂ ਸੁਖੀ ਰਖੈਗਾ॥ ਧਰਮੈ ਗੀ ਕੀਰਤਿ ਕਰਣੀ॥ ਦੇਵਣਹਾਰੁ ਹੁਰੂ ਬਾਬਾ ਹੈ॥ ਸਿਖਾ ਕੀ ਸੇਵਾ ਕਰਣੀ॥ ਆਪਣਾ ਆਪੁ ਕਿਛੁ ਨਾਹੀ ਜਣਾਵਣਾ॥ ਦੋਵੈ ਸਿਰੇ ਗੁਰੂ ਨੇ ਸਉਪਣੇ॥ ਅਲਿਪਤੁ ਰਹਣਾ!! ਗੁਰੂ ਕਾ ਆਖਣਾ ਹੈ॥੨੪॥

ਸਾਖੀ॥ ਮ:੫ # ਬਹੋੜੇ ਸੁਨਿਆਰ ਕੈ ਪਰਥਾਇ ਹੋਈ॥ ਸ੍ਰੀ ਗੁਰੂ ਅਰਜਣ ਪਾਸਿ ਬਹੋੜਾ ਸੁਨਿਆਰੁ ਪੈਰੀ ਪਉਣਿ ਆਇਆ ਰਾਮਦਾਸ ਪੁਰਿ॥ ਸ੍ਰੀ ਗੁਰੂ ਅਰਜਣ ਪਾਸਿ ਅਰਦਾਸਿ ਕੀਤੀ, ਬਹੋੜੈ ਸੁਨਿਆਰਿ: ਜੀਉ ਪਾਤਿਸਾਹ! ਏਹੁ ਜੀਉ ਚਲਦਾ ਹੈ ਸੁ ਕਿਥੈ ਜਾਦਾ ਹੈ? ਤਾ ਸਿਰੀਗੁਰੂ ਅਰਜਨੁ ਬੋਲਿਆ: ਜੋਗੁਰੂ ਕਾ ਸਿਖੁ ਹੋਵੈਗਾ, ਸਹਜਿ ਸਮਾਵੈਗਾ॥ ਮਨਮੁਖੁ ਭਨਿ ਘੜੀਐਗਾ॥ ਤਾ ਬੋਹੜੈ ਅਰਦਾਸਿ ਕੀਤੀ: ਜਿਉ ਪਾਤਿਸਾਹ! ਇਕਿ ਸਿਖ ਆਖੀਦੈ ਹੈਨਿ, ਅਤੈ ਬਿਕਰਮ ਕਰਮ ਰਕਦੇ ਹੈਨਿ॥ ਇਕਿ ਮਨਮੁਖੁ ਆਖੀਦੇ ਹੈਨਿ॥ ਡਰਦੇ ਭੀ ਬਹੁਤੁ ਹੈਨਿ॥ ਜੀਉ ਪਾਤਿਸਾਹ! ਐਹ ਗਲ ਕੀਕੂ ਹੈ? ਤਾ ਸ੍ਰਿਰੀ ਗੁਰੂ ਜੀਉ ਬੋਲਿਆ: ਗੁਰੂ ਕੇ ਸਿਖ ਸਭ ਹੈਨਿ, ਜਿਤਨੀ ਸਾਜੀ ਹੈ; ਇਕਨੀ ਹੁਕਮੁ ਮੰਨਿਆ ਹੈ, ਇਕਨੀ ਨਾਹੀ ਮੰਨਿਆ॥ ਹੁਕਮੁ ਜਿਨੀ ਮੰਨਿਆ ਹੈ, ਸੇ ਗੁਰਸਿਖ ਹੈਨਿ॥ ਤਾ ਬਹੋੜੈ ਅਰਦਾਸਿ ਕੀਤੀ: ਜਿਉ ਪਾਤਿਸਾਹ! ਸੁ ਤੇਰਾ ਕੇਹਾ ਹੁਕਮੁ ਹੈ? ਤਾ ਸ੍ਰੀ ਗੁਰੂ ਜੀ ਬੋਲਿਆ: ਐਹੋ ਹੁਕਮੁ ਹੈ:- ਪਰਾਈ ਇਸਤ੍ਰੀ ਨਾਲਿ ਪ੍ਰੀਤਿ ਨਾਹੀ ਨਾਉਣੀ॥ ਮਾਤਾ ਕਰਿ ਜਾਨਣੀ॥ ਪਰਾਈ ਸੁੰਦਰਿ ਕੈ ਨੇੜੈ ਨਾਹੀ ਜਾਵਣਾ॥ ਕੂੜੁ ਨਾਹੀ ਬੋਲਣਾ॥ ਪਰਾਈ ਨਿੰਦਾ ਨਾਹੀ ਕਰਣੀ ਸੁਨਣੀ ਭੀ ਨਾਹੀ॥ ਜਿਤੁ ਕਮਿ ਕੋਈ ਦੁਖੀਐ, ਸੋ ਕੰਮੁ ਨਾਹੀ ਕਰਣਾ॥ ਆਪਣੀ ਧਿਰਹੁ ਕੋਈ ਦੁਖਾਵਣਾ ਨਾਹੀ॥ ਸਰਬ ਜੀਆ ਵਿਚਿ ਇਕੋ ਕਰਿ ਜਾਨਣਾ॥ ਬਗੈਰਿ ਪਾਰਬ੍ਰਹਮੈ ਹੋਰਸੁ ਕਿ ਸੈ ਕੀ ਬੰਦਗੀ ਨਾਹੀ ਕਰਣੀ॥ ਸ੍ਰੀ ਗੁਰੂ ਜੀਉ ਕੇ ਉਪਦੇਸ ਨਾਲਿ ਮਨੁ ਲਾਉਣਾ॥ ਸਤਿਗੁਰੂ ਕੇ ਉਪਦੇਸ ਨਾਲਿ ਹੋਰੁ ਨਾਹੀ ਜਪਣਾ॥ ਉਠਦਿਆ, ਬਹਦਿਆ, ਸਉਦਿਆ, ਹਿਰਦੇ ਅੰਦਰਿ ਸ੍ਰੀ ਸਤਿਗੁਰੂ ਜੀਉ ਦੀ ਮੂਰਤਿ ਨਾਲਿ ਮਨੁ ਲਾਵਣਾ॥ ਧੰਨੁ, ਰੂਪ,

ਗ੍ਰਿਹੁ, ਵਸਤ੍ਰ, ਭੋਜਨ, ਸੋਭਾ, ਸਾਹਿਬੀਆ, ਖੁਸੀਆ, ਮੋਖ-ਮੁਕਤਿ, ਵਡਿਆਈਆ, ਪਰਮੇਸਰ ਕੇ ਨਾਵੈ ਵਿਚਿ ......... ਕਰਿ ਜਾਨਣੀਆ॥ ਏਹ ਗਲ ਜਾਣੈਗਾ, ਤਾ ਗੁਰਮੁਖਿ ਹੋਵੈਗਾ॥ ਤਾ ਬਹੋੜੈ ਅਰਦਾਸਿ ਕੀਤੀ: ਜੀਉ ਪਾਤਿਸਾਹ! ਮਨਮੁਖਾ ਕਾ ਕਿ ਹਵਾਲੁ ਹੋਵੈਗਾ? ਤਾ ਸ੍ਰੀ ਗੁਰੂ ਅਰਜਣੁ ਬੋਲਿਆ: ਮਨਮੁਖ ਕਾਲੈ ਕੈ ਵਸਿ ਹੈਨਿ, ਦੁਖੈ ਵਿਚਿ ਹੈਨਿ. ਜੰਮਣ ਮਰਣ ਵਿਚਿ ਹੈਨਿ॥ ਜੇਹਾ ਭਾਵੈ ਤੇਹਾ ਹੋਵਉ॥ ਤਾ ਬਹੋੜੈ ਸ੍ਰੀ ਸਤਿਗੁਰੂ ਜੀਉ ਪਾਤਿ ਅਰਦਾਸਿ ਕੀਤੀ: ਜੀਉ ਪਾਤਿਸਾਹ! ਤੂ ਗਲਾ ਆਖਦਾ ਹੈ ਹੀ ਗੁਰਮੁਖਾ ਕੀਆ; ਸੁ ਅੰਸਾ ਥਾਵਹੁ ਨਾਹੀ ਹੋਦੀਆ॥ ਜਿਸੁ ਥਾਵਹੁ ਕਰਾਇਹਿ ਸੋ ਕਰੈ॥ ਅਸਾਡਾ ਕਿ ਹਵਾਲੁ ਹੋਵੈਗਾ? ਤਾ ਸ੍ਰੀ ਸਤਿਗੁਰੂ ਜੀਉ ਬੋਲਿਆ: ਆਪਣੀ ਧਿਰਹੁ ਮਾਫਲ ਹੋਇ ਨਾਹੀ ਚਲਣਾ॥ ਆਪਣੀ ਧਿਰਹੁ ਲੋਚਣਾ; ਗੁਰੂ ਬਾਬੇ ਨੋ ਸਰਮਾ ਹੈ॥ ਦਰਸਨ ਡਿਠੇ ਦੀ; ਅਤੈ ਜਿ ਗੁਰੂ ਆਪਣੀ ਪੈਰੀ ਪਾਏ ਹੈਨਿ; ਤਿਨਾ ਦੀ ਸਭਾ ਪੂਰੀ ਹੈ॥ ਤਿਨਾਂ ਦਾ ਅਗੀਕਾਰੁ ਕਰੈਗਾ॥ ਸਜਾਈ ਦੇਵੈਗਾ॥ ਤਾ ਆਪੈ ਵਡਿਆਈ ਤੈਵੈਗਾ॥ ਤਾ ਆਪੈ ਦੂਤਾ ਕਿਹੁ ਵਸਹੁ ਕਢੈਗਾ॥ ਦਰਗਹਿ ਫਰਕੁ ਕਰੈਗਾ॥ ਤਾਂ ਬਹੋੜੈ ਅਰਦਾਸਿ ਕੀਤੀ: ਜੀਉ ਪਾਤਿਸਾਹ! ਅਸੀ ਸੁਨਿਆਰੇ ਅਸਹਿ; ਕਾਰ ਕਰਦੇ ਅਸਹਿ, ਅਸਾਡਾ ਕਿ ਹਵਾਲੁ ਹੋਗੁ? ਤਾ ਸ੍ਰੀ ਗੁਰੂ ਅਰਜਣੁ ਬੋਲਿਆ: ਆਪਣੀ ਕਿਰਤਿ ਸਭ ਕੋਈ ਕਰੋ! ਏਹ ਗਲ ਗੁਰੂ ਨੋ ਖੁਸੀ ਆਵਦੀ ਹੈ: ਪਰੁ ਭੈ ਵਿਚਿ ਕਾਰ ਕਰਣੀ॥ ਇਉ ਨਾਹੀ ਕਰਣੀ ਖੁਸਿ ਖੋਹਿ ਅੰਦਰਿ ਆਣਿ ਵਾੜ ਨੀ॥ ਧਰਮ ਕੀ ਕਿਰਤਿ ਕਰਣੀ॥ ਦੇਵਣ ਹਾਰੁ ਗੁਰੂ ਬਾਬਾ ਹੈ॥ ਤਾ ਬਹੋੜੈ ਸ੍ਰੀ ਗੁਰੂ ਪਾਸਿ ਅਰਦਾਸਿ ਕੀਤੀ: ਜੀਉ ਪਾਤਿਸਾਹ! ਸਾਸਤ੍ਰ, ਗੰਗਾ, ਗਾਇਤ੍ਰੀ, ਇਕਾਦਸੀ, ਤਰਪਣ, ਵਡੇ ਵਡੇ ਸਉਣ ਸੰਜੋਗ ਏਹ ਗਲ ਕਿਕੂ ਹੈ? ਸ੍ਰੀ ਸਤਿਗੁਰੂ ਜੀਉ ਬੋਲਿਆ: ਜਿਨਾ ਦਾ ਮਨੁ ਪਰਮੇਸਰ ਨਾਲਿ ਲਗਾ, ਓਨਾ ਦੀ ਸਭ ਪੂਰੀ ਹੈ॥ ਪਰੁ ਸੰਸਾਰ ਵਿਚਿ ਜਿਉ ਤਿਉ ਰਖਣਾ ॥ ਭਗਤਾ ਦੈ ਵਧਿ ਘਟਿ ਕਾਈ ਨਾਹੀ॥ ਏਹ ਗਲਾ ਆਪਣੇ ਜੀਐ ਨਾਲਿ ਹਢਾਵਣੀਆ, ਪੈਰੀ ਪੈ ਕੈ; ਗੁਰੂ ਦੀ ਚਾਲ ਗੁਰੂ ਜਾਣੈ॥੨੫॥

ਸਾਖੀ॥ ਬੇਦੁ ਜੁ ਹੋਆ ਹੈ ਸੁ ਬਿਦਿਆ ਤੇ ਹੋਆ ਹੈ॥ ਬ੍ਰਹੌਂ ਨੋ ਉਪਤਿ ਹੋਈ ਹੈ, ਤਦਿ ਬੇਦੁ ਹੋਆ ਹੈ॥ ਰਚਨਾ ਕੇ ਵਰਤਮਾਨ ਨੋ ਬੇਦੁ ਹੋਆ ਹੈ॥ ਇਤਿ ਵੇਦ ਕੇ ਵਚਨ ਤੇ ਮਨੁ ਭਿਜਦਾ ਨਾਹੀ॥ ਜੋ ਪੰਡਿਤਾ ਉਕਤਿ ਧਾਰਿਕੈ ਬੇਦੁ ਕਥਇਆ ਹੈ॥ ਅਤੈ ਬਾਣੀ ਮਨੁ ਭਿਜਦਾ ਹੈ॥ ਬਾਣੀ ਭਗਤਾ ਤੇ ਉਪਰਿ ਹੋਈ ਹੈ॥ ਭਗਤਾ ਅਤੈ ਪਰਮੇਸੁਰ ਭੇਦੁ ਨਾਹੀ॥ ਜੁ ਕਿਛੁ ਭਗਤਾ ਬੋਲਿਆ, ਸੁ ਪਰਮੇਸਰ ਕੇ ਵਾਕ ਹੈਨਿ॥ ਓਨਾ ਕੀ ਮਨ ਮਤਿ ਹੈ॥ ਜੋ ਕਿਛੁ ਬੋਲਦੇ ਹੈਨਿ, ਸੋ ਅਗਾਹ ਮਤਿ ਬੋਲਦੇ ਹੈਨਿ॥ ਓਨਾ ਕੈ ਵਚਨਿ ਪ੍ਰਮੇਸੁਰ ਕੀ ਕ੍ਰਿਪਾ ਹੈ॥ ਸਤਿ ਵਚਨ ਤੇ ਮਨੁ ਭਿਜਦਾ ਹੈ॥ ਓਨਾ ਦੇ ਵਚਨ ਪਰਮੇਸਰ ਨੋ ਭਾਉਦੇ ਹੈਨਿ॥ ਇਤਿ ਪਰਮੇਸੁਰ ਓਨਾ ਦੀ ਵਚਨੀ ਵਸਿ ਆਵਦਾ ਹੈ॥੨੬॥

ਸਾਖੀ॥ ਮ:੫ ਸ੍ਰੀ ਸਤਿਗੁਰੂ ਅਰਜਨਿ ਆਖਿਆ:- ਸਬਦੁ ਰਾਗਿ ਪਾਇ ਅੰਮ੍ਰਿਤ ਹੈ; ਰਾਗਿ ਪਾਇ ਗਾਵੀਐ॥ ਤਾ ਮਹਾ ਅੰਮ੍ਰਿਤ ਹੋਇਆ, ਆਤਮੈ ਅੰਤਰਿ ਭੇਟੈ॥ ਅਤੈ ਜੇ ਬਿਨਾ ਰਾਗਿ, ਅਤੈ ਜੇ ਮਧਮ ਰਾਗਿ ਗਾਵੀਐ; ਤਾ ਭੀ ਮਹਾ ਅੰਮ੍ਰਿਤ ਹੈ॥ ਪਰੁ ਰਾਗਿ ਜਾਣ ਅਜਾਣ ਨੋ ਭੀ ਭੇਦਦਾ ਹੈ॥ ਅਤੈ ਬਿਨਾ ਰਾਗਿ ਅਜਾਣ ਨੋ ਨਾਹੀ ਭੇਦਦਾ॥ ਪਰੁ ਸੁਣੇ ਤੇ ਸਭਨਾ ਨੋ ਫਲੁ ਦੇਦਾ ਹੈ॥੨੭॥

ਨੋਟ-ਪਤ੍ਰਾ ੫੨੫ ਤੋ ੫੨੭ ਤਕ ੬ "ਸਵਯੇ ਸ੍ਰੀ ਮੁਖ ਬਾਕੁ ਮਹਲਾ ੫" ਲਿਖੇ ਹਨ॥ ਜੋ ਪਤਿ ੩੮੮ ਘਰ ਆਪੇ ਟਿਕਾਣੇ ਭੀ ਦਰਜ ਹਨ! ੫੨੮ ਵਾ ਖਾਲੀ ਹੈ।

ਸਾਖੀ॥ ਮਨੁਖ ਦੀ ਸਾਰੀ ਦੇਹੀ ਵਿਚਹੁ ਆਪਣੀ ਜੋਤਿ, ਅਖੀ ਵਿਚਿ ਪਰਮੇਸਰਿ ਰਖੀ ਹੈ॥ ਅਖੀ ਵਿਚਿ ਜੁ ਪੁਤਲੀ ਹੈ, ਸੁ ਪਰਮੇਸਰੁ ਰੂਪੁ ਹੈ॥ ਸਭਨਾ ਇੰਦ੍ਰੀਆ ਵਿਚਿ ਅਪਨਾ ਰੂਪੁ ਦਸਵੈ ਦੁਆਰਿ ਰਖਿਆ ਹੈ॥ ਓਤੁ ਮੰਦਰ ਕੈ ਦੁਆਰਿ ਬੈਠਾ ਚਰਿਤ੍ਰ ਦੇਖਦਾ ਹੈ॥ ਏਤੁ ਰੁਪਿ ਘਟਿ ਘਟਿ ਕਾ ਭੇਦੀ ਹੈ॥ ਅਤੈ ਅਨੰਦ ਰੂਪੀ ਤਾ ਪਉਣ ਰੂਪੀ ਸਰਬਤ੍ਰ ਇੰਦ੍ਰੀਆ ਭੇਦੀਆ ਹੈਨਿ॥ ਜੁ ਕਿਛੁ ਇਸੁ ਮਨੁਖ ਦੀ ਦੇਹੀ ਵਿਚਿ ਮਨਸਾ ਵਰਤਦੀ ਹੈ ਸਾ ਜਾਣਿ ਕਰਿ ਤੇਹੋ ਫਲੁ ਦੇਦਾ ਹੈ॥ ਪਿਛੈ ਜਾ ਪਰਮੇਸਰ ਨਾਲਿ ਹੋਵੈ ਤੈ ਓਸੁ ਪਾਸਹੁ ਕਿਛੁ ਛੁਪਾਇਕੈ ਹੀ ਕਰਮ ਕਿਉ ਕੀਚਨਿ!! ਜਿਨੀ ਬੁਰੇ ਭਲ ਲਗਨਿ॥ ਅਤੈ ਪਰਮੇਸਰ ਦੀ ਦਰਗਾਹ ਸਰਮਿੰਦਿਆ ਹੋਈਐ। ਸੁ ਕਰਮ ਕਿਉ ਕੀਚਨਿ॥ ਜਿਨਾ ਤੇ ਸਭ ਫਲ ਭਲੇ ਲਗਨਿ, ਅਤੈ ਤਿਹੁ ਲੋਕਾ ਵਿਚਿ ਸਰਬ ਕਲਿਆਣ ਹੋਵੈ॥੨੮॥

ਸਾਖੀ ਜੇ ਕਿਸੈ ਸਿਖ ਸੰਤ ਨੇ ਆਪਣਾ ਕੰਮੁ ਬਹੁਤੁ ਪਏ ਹੋਵਨਿ; ਅਤੈ ਜੇ ਉਨਾ ਕੰਮਾ ਵਿਚਿ ਉਦਮੁ ਕਰੈ ਨਾਹੀ, ਢਿਲ ਪਈ ਵਿਗੜ ਜਾਦੇ ਹੋਵਨਿ, ਅਤੈ ਓਤੈ ਸਮੈ ਗੁਰੂ ਜੀ ਕਾਰ ਆਇ ਪਵੈ; ਤਾ ਆਪਣੇ ਸਭ ਕੰਮ ਛਡਿ ਕਰਿ ਗੁਰੂ ਕੇ ਕੰਮਿ ਜਾਵਣਾ॥ ਜਾ ਗੁਰੂ ਕਾ ਕੰਮੁ ਸਵਾਰੈ ਤਾ ਆਪਣੈ ਕੰਮਿ ਲਗਣਪਾ ਓਸੁ ਪੁਰਖ ਦੇ ਕੰਮ ਗੁਰੂ ਪੂਰਣੂ ਕਰੈ॥ ਏਤੁ ਗਲੈ ਭੇਦੁ ਨਾਹਿ॥ ਜਿਉ ਸਿਖੁ ਗੁਰੂ ਕੇ ਕੰਮ ਨੋ ਲੋਚੈ, ਤਿਉ ਗੁਰੂ ਸਿਖਾ ਦੀ ਕੰਮੀ ਹੋਦਾ ਹੈ॥ ਪਰਮੇਸਰੁ ਉਸੁ ਸੁਖ ਦੇ ਕੰਮ ਅਚਿੰਤੁ ਸਵਾਰਦਾ ਹੈ॥੨੯॥

ਸਾਖੀ॥ ਜਾ ਸਿਖੁ ਗੁਰੂ ਕੈ ਜਾਵੈ, ਤਾ ਦੁਆਰੈ ਜਾਇਕੈ ਗੁਰੂ ਕੈ ਦਰਸਨ ਬਾਝੁ ਚਿਤੁ ਹੋਰਥੈ ਰਖੈ ਨਾਹੀ॥ ਲੋਚਾ ਆਪਣੀ ਦਰਸਨ ਵਿਚਿ ਰਖੈ॥ ਦਰਸਨੁ ਅਘਾਇ ਦੇਖੈ॥ ਅਤੈ ਉਪਦੇਸੁ ਸੁਣੈ; ਅਤੈ ਪਰਸਾਦੁ ਪਾਇ॥ ਅਤੈ ਸਹਜੈ ਦੈ ਘਰਿ ਵਿਦਿਆ ਹੋਵੈ॥ ਤਾ ਉਸੁ ਸਿਖੁ ਦੇ ਕੰਮ ਸੰਪੂਰਨ ਹੋਵਨਿ॥੩੦॥

ਸਾਖੀ॥ ਮਹਾਪੁਰਖੁ ਜੁ ਹੋਨਿ; ਸੋ ਪਰਮੇਸੁਰ ਕਾ ਰੂਪੁ ਹੈਨਿ॥ ਜੇ ਕੋਈ ਪਰਮੇਸੁਰ ਕਾ ਰੂਪੁ ਡਿਠਿਆ ਲੋੜੈ, ਮਹਾਪੁਰਖ ਕਾ ਦਰਸਨੁ ਕਰਉ॥ ਜਣੁ ਪਰਮੇਸੁਰ ਕਾ ਦਰਸਨੁ ਕੀਤਾ॥ ਕਿ ਪਰਮੇਸਰੁ ਨਿਰੰਕਾਰੁ ਸਰੂਪੀ ਹੈ॥

ਉਸੁ ਪੁਰਖ ਦਾ ਕਿ ਦਿਸੈ!! ਪਰ ਓਸੁ ਪੁਰਖ ਦੀ ਕੁਦਰਤਿ ਦਿਸਦੀ ਹੈ, ਜੋ ਮਹਾਪੁਰਖ ਦੇ ਆਤਮੇ ਵਿਚਿ ਵਸਦਾ ਹੈ॥ ਸੁ ਮਹਾਪੁਰਖ ਏਤੁ ਪਰਮੇਸੁਰ ਕਾ ਰੂਪੁ ਹੈਨਿ॥ ਅਤੈ ਓਨਾ ਦੇ ਅੰਮ੍ਰਿਤ ਵਚਨ ਹੈਨਿ॥ ਜੋ ਹੈਨਿ ਸੇ ਪਰਮੇਸਰਾ ਨੋ ਭਾਵਦੇ ਹੈਨਿ॥ ਏਤੁ ਪਰਮੇਸਰ ਮਹਾਪੁਰਖਾ ਦਿਆ ਵਚਨਾ ਦੇ ਵਸਿ ਹੈ॥ ਜੇ ਕੋਈ ਸੰਤੁ ਭਗਤੁ ਗੁਰਮੁਖਿ ਓਨਾ ਵਚਨਾ ਪਾਇ ਪਰਮੇਸਰ ਨੋ ਅਰਾਧੇ, ਪਉਣੁ ਅਸਥਇਰੁ ਰਖਿਕੈ ਨਾ ਭਿਕਵਲ ਦੈ ਵਿਖੈ ਅਤੈ ਜੁ ਆਤਮੇ ਅੰਤਰਿ ਧਿਆਨੁ ਲਾਇ ਕਰਿ, ਸੁਰਤਿ ਕੈ ਘਰਿ ਆਇ ਕਰਿ ਗੁਰਮੁਖਿ ਬਾਣੀ ਅੰਮ੍ਰਿਤੁ ਰਾਗਿ ਪਾਇਕੈ ਨਿਰਮਲ ਜਸੁ ਗਾਵੈ ਸਬਦੁ ਅਖੰਡਤੁ ॥ ਤਦਿ ਓਸੁ ਸੰਤ ਨੋ ਪਰਮੇਸਰੁ ਵਿਸੁ ਰੂਪੀ ਤਤਕਾਲਿ ਆਇ ਮਿਲੈ॥ ਜੇ ਓਹੁ ਪੁਰਖੁ ਮਹਾ ਉ ਦਿਆਨ ਵਿਚਿ ਬੈਠੈ, ਪਰਮੇਸਰੁ ਅਰਾਧੈ ਇਕੇਲਾ॥ ਪਾਸਿ ਕੋਈ ਹੋਵੈਸੁ ਨਾਹੀ॥ ਤਾ ਅਰਾਧਣ ਦੈ ਪਰਸਾਦਿ ਸੰਬੂਹ ਸੰਗਤੀ ਦੇ ਉਸੁ ਪਾਸਿ ਆਇ ਜੁੜਨਿ॥ ਓਹੇ ਸੰਗਤੀ ਪਰਮੇਸੁਰ ਕਾ ਰੂਪੁ ਹੈਨਿ॥ ਵਿਸੁ ਰੂਪੀ ਪਰਮੇਸਰੁ ਆਪਣਾ ਜਸੁ ਸਨਣੈ ਨੋ ਆਇ ਇਕਠਾ ਹੋਦਾ ਹੈ। ਨਾਹੀ ਘਟਿ ਘਟਿ ਪਰਮੇਸਰੁ ਹੈ॥ ਪਰਗਟੁ ਗੁਰੂ ਕੈ ਸਬਦਿ ਹੈ॥ ਬਿਨੁ ਸਬਦਾ ਮੁਕਤਾ ਨਾਹੀ॥੩੧॥

ਸਾਖੀ॥ ਜੇ ਕੋਈ ਸਿਖੁ ਪਾਉਣੁ ਅਸਥਿਰੁ ਰਖਿ ਕਰਿ ਸੁਚਾਤ ਜਪੁ ਪੜੈ ਨਿਰੰਚੋ ਜੀਉ ਪੜਦਿਆ ਚਿਤੁ ਅਨੁਤ ਜਲਿ ਜਾਵੈ ਨਾਹੀ॥ ਅਤੈ ਆਦਿ ਅੰਤਿ ਤੀਕੁ ਪੜਦਿਆ ਤੀਕੁ ਮਨੁ ਹਜੂਰਿ ਰਹੈ॥ ਤਾ ਸੁ ਪੁਰਖ ਨੋ ਸੰਸਾਰ ਸਾਵਧਾਨੁ ਜੈਕਾਰੁ ਕਰਦਾ ਪਿਛੈ ਲਗਾ ਫਿਰੈ॥ ਅਤੈ ਲਛਮੀ ਭੀ ਅਦਿੰਤੁ ਨਾਲੇ ਆਇ ਵੜੈ॥ ਅਤੈ ਸੰਮਾਧਿ ਕੈ ਵਿਖੈ ਗੁਪਤ ਜਿਤੜੇ ਹੈਨਿ, ਤਿਤੜੇ ਡੰਡਉਤਿ ਉਸੁ ਪੁਰ ਨੋ ਕਰਨਿ॥ ਜਪੁ ਥੀ ਉਪਰਿ ਮੰਤੁ ਨਾਹੀ॥ ਸਿਰਿ ਮੰਤ੍ਰਾ ਕੈ ਮੰਤ੍ਰ ਜਪੁ ਹੈ॥ ਜੇ ਕੋਈ ਧਿਆਨੁ ਲਾਇ ਕਰਿ ਪਰਾਮਾਤਮੈ ਨਾਲਿ ਪੜੈ ਅਕੈ ਸੁਣੈ॥ ਤਾ ਉਸੁ ਪੁਰਖ ਨੋ ਨਉ ਨਿਧੀ ਪਿਛੈ ਲਗੀਆ ਫਿਰਲਿ॥ ਪੋਹਿ ਕਿਛੁ ਸਕੈ ਨਾਹੀ॥੩੨॥

ਸਾਖੀ॥ ਆਤਮਾ ਪਰਮਾਤਮਾ ਦੋਵੈ ਦੇਹੀ ਵਿਚਿ ਵਸਦੇ ਹੈਨਿ॥ ਆਤਮਾ ਮਾਇਆ ਤ੍ਰਿਸਨਾ ਵਿਆਪਤੁ ਹੈ॥ ਅਤੈ ਪਰ ਆਤਮਾ ਮਾਇਆ ਤ੍ਰਿਸਨਾ ਤੇ ਨਿਰਲੇਪੁ ਹੈ॥ ਇਸ ਤੇ ਤਮਾ ਦੁਖੁ ਸੁਖੁ ਤੇ ਭਿਨੁ ਨਾਹੀ॥ ਅਤੈ ਆਤਮਾ ਨਿਰਾਲਮੁ ਰਹਦਾ ਹੈ॥ ਦੁਖੁ ਸੁਖ ਤੇ ਪਰੈ ਹੈ॥ ਪਰ ਆਤਮੇ ਨੋ ਛੁਟਿ ਕੀਰਤਨ ਹੋਰੁ ਕੋਈ ਨਾਹੀ॥ ਬ੍ਰਹਮ ਰੂਪੀ ਪਰ ਆਤਮਾ ਹੈ॥ ਜਾਦਿ ਆਤਮਾ ਪਰ ਆਤਮੈ ਨੋ ਮਿਲਦਾ ਹੈ; ਤਦਿ ਮੁਕਤਾ ਹੋਦਾ ਹੈ॥ ਗੁਰੂ ਆਖਿਆ ਹੈ॥੩੩॥

ਨੋਟ- ਪਤਿ ੫੩੩ ਖਾਲੀ ਹੈ। ੫ ਤਰੀਕ ਤੋ ੫੪੯/੨ ਤੱਕ 'ਰਾਗੁ ਵਡਹੰਸ' ਦੇ ਚੋਣਵੇ ਸੰਬਦ - 'ਅਲਾਹਣੀਆ' ਆਦਿ ਲਿਖੇ ਹਨ॥ ੫੫੭/੧ ਤੱਕ 'ਬਿਹਾਗੜਾ ਅਲਾ ੫੩੪ ਛੰਤ॥' ਚੁਣਵੇ ਦਰਜ ਹਨ।

੫੫੮ ਤੋ ੫੫੯/੧ ਦੀ ਦੂਜੀ ਸਤਰ ਤੱਕ 'ਰਾਗੁ ਗਉੜੀ ਮਾਝੁ ਮਹਲਾ ੫' ਦੀਨ ਦਇਆਲ ਦਮੋਦਰ ਗਇਆ ਜੀਉ॥ ...... ੧॥੫॥ ਲਿਖਕੇ, ਤੀਜੀ ਸਤਰ ਵਿਚ "ਪੋਥੀ ਸਪੂਰਨ ਹੋਈ॥" ਹੈ॥

ਅਗਲੇ ਬਿਨਾ ਅੰਕੁ ਪਤ੍ਰੇ ਪਰ-

"ੴ ਸਤਿਗੁਰ ਪ੍ਰਸਾਦਿ ਚਲੁ ਜੋਤੀ ਜੋਤਿ ਸਮਾਵਣ ਕਾ

ਸਮਤੁ ੧੫੯੬ ਅਸੂ ਵਦੀ ੧੦ ਸ੍ਰੀ ਬਾਬਾ ਨਾਨਕ ਦੇਵ ਜੀ ਸਮਾਣੇ

ਸਮਤੁ ੧੬੦੯ ਚੇਤ ਸੁਦੀ ੪ ਸ੍ਰੀ ਸਤਿਗੁਰੂ ਅੰਗਦ ਜੀ ਸਮਾਣੇ

ਸਮਤੁ ੧੬੩੧ ਭਾਦਉ ਸੁਦੀ ੧੫ ਸ੍ਰੀ ਸਤਿਗੁਰੂ ਅਮਰਦਾਸ ਜੀ ਸਮਾਣੇ

ਸਮਤੁ ੧੬੩੮ ਭਾਦਉ ਸੁਦੀ ੩ ਸ੍ਰੀ ਸਤਿਗੁਰੂ ਰਾਮਦਾਸ ਜੀ ਸਮਾਣੇ

ਸਮਤੁ ੧੬੬੩ ਜੇਠ ਸੁਦੀ ੪ ਸੁਕਰਵਾਰਿ ਸ੍ਰੀ ਗੁਰੂ ਅਰਜਨ ਦੇਵ ਜੀ ਸਮਾਣੇ

ਸਮਤੁ ੧੭੦੧ ਚੇਤ ਸੁਦੀ ੫ ਆਇਤ ਵਾਰਿ ਸ੍ਰੀ ਸਤਿਗੁਰੂ ਹਰਿਗੋਵਿੰਦ ਜੀ ਸਮਾਣੇ

ਸਮਤ ੧੭੧੮ ਕਤਕ ਵਦੀ ੯ ਆਇਤ ਵਾਰੁ ਸ੍ਰੀ ਸਤਿਗੁਰੂ ਹਰਿ ਰਾਇ ਜੀ ਸਮਾਣੇ

**ਨੋਟ-** ਏਥੋ ਤੱਕ ਸਾਰੀ ਪੋਥੀ ਲਗਪੰਗ ਇਕੋ ਸਜਨ ਦੀ ਲਿਖਤ ਜਾਪਦੀ ਹੈ। ਇਸੇ ਹੱਥ ਦੀ ਲਿਖਤਿ ਇਕ ਪੋਥੀ ਸੰਤਮ ੧੭੨੮ ਦੀ ਲਿਖੀ ਹੋਈ 'ਸਿੱਖ ਰੈਫ੍ਰੈਸ ਲਾਇਬ੍ਰੇਰੀ' ਵਿੱਚ ਮੰਡੀ ਵਿੰਡ ਗੁਰਦੁਆਰੇ ਤੋਂ ਆਈ ਹੋਈ ਹੈ॥ ਇਸ ਤੋਂ ਅਗੇ ਵਖੋ ਵਖ ਹਥਾਂ ਦੀਆਂ ਲਿਖਤਾਂ ਹਨ-

ਸਬਤ ੧੬੯੫ ਚੇਤ ਵਦੀ ੧੦ ਅਏਤਵਰ ਸਰੀ ਗੁਰੂ ਬਾਬਾ ਜੀ ਸਮਾਣੇ ਕੀਰਤਪੁਰਿ

ਸਮਤ ੧੭੯੮ ਮਹੀਨਾ ਬੈਸਾਖ ਸੁਦੀ ਪੰਚਮੀ ਬੀਰਵਾਰ ਕੈ ਦਿਨਿ ਸਿਰੀ ਮਾਤਾ ਜੀ

ਮਾਤਾ ਪੰਜਾਬ ਕੁਇਰ ਜੀ ਨੇ ਦਾਗ ਦਿਤੇ ਸ੍ਰੀ ਦੇਹਰੇ ਕਰਤੇਪੁਰਖ ਕੇ ਗਢਵਾਲ ਬੁਧਵਾਰ

ਪੰਜ ਘੜੀਆ ਰਾਤ ਗਈ ਤੇ ਸਾਸ ਪੂਰੇ ਹੋਏ

ਸਮਤੁ ੧੮੦੩ ਅਠਾਰਾ ਸੈ ਤਿੜੋਤਰੇ ਮਹੀਨੈ ਚੇਤ ਸੁਦੀ ਦਸਮੀ ਨੇ ਵਾਰ ਸੁਕਰ ਨੇ ਸੀ ਸਾਹਬ ਅਮਰ ਸਿੰਘ ਜੀ[5] ਗੁਰੂ ਹਰਰਾਇ ਜੀ ਕਾ ਦੋਹਤਾ ਸਮਾਣਾ ਦੇਉ ਲੋਕ ਹੋਇਆ ਪਹੁਫੁਟਦੀ ਨਾਲ ਸਾਸ ਪੂਰੇ ਹੋਏ ਕੀਰਤਪੁਰ ਦੇਰਰੇ ਦਾਗ ਹੋਏ ਸਤਲਜ ਕੈ ਉਪਰ ਦਾਗ

ਸਮਤ ੧੬੯੫ ਚੇਤਵਦੀ ੧੦ ਆਇਤਵਾਰ ਸਿਰੀ ਗੁਰੂ ਬਾਬਾ ਗੁਰਦਿਤਾ ਜੀ ਸਮਾਣੇ । ਕੀਰਤਪੁਰ ਲਿਖਿਆ ਸਤ ਮਨਣਾ॥

---

5 ਬੀਬੀ ਰੂਪ ਕੌਰ ਜੀ ਸਪੁਤ੍ਰੀ ਸ੍ਰੀ ਗੁਰੂ ਹਰਿਰਾਇ ਜੀ ਦੇ ਸਪੁਤ੍ਰ ਸਨ

ਸਮਤੁ ੧੭੫੮ ਮਿਤੀ ਪੋਹ ਸੁਦੀ ਦੁਆਦਸੀ ਮਗਲਵਾਰ ਦੈ ਦਿਨ ਮਾਤਾ ਹਰੀ ਜੀ ਸਮਾਣੀ ਸਾਤ ਘੜੀਆ ਰਾਤ ਗਈ ਤੇ ਸਾਹ ਪੂਰੇ ਹੋਏ॥

ਸੰਮਤੁ ੧੭੭੭ ਮਿਤੀ ਸਾਵਣ ਵਦੀ ੮ ਛਨਿਛਰ ਵਾਰਿ ਘੜੀਆ ਛਿਅ ਦਿਨਿ ਚੜਿਐ ਸਿਰੀ ਮਾਤਾ ਸੁਲਖਣੀ ਜੀ ਸਮਾਣੀ ਕਿਰਤੀਪੁਰਿ॥

ਸਮਤ ੧੭੭੮੪ ਮਿਤੀ ਅੰਸੂ ਵਦੀ ਚਉਥ ਬੀਰਵਾਰਕੇ ਦਿਨ ਸਿਰੀ ਬੀਬੀ ਜੀ ਰੂਪ ਕੁਇਰ ਸਮਾਣੀ ਕਰੀਤਿਪੁਰ ਬੀਰੀ ਦਾਸ ਹੋਏ ਸਾਸ ਪੂਰੇ ਹੋਏ ਡੇਢ ਪਹਰ ਰਾਤ ਗਈ ਤੇ ਬੀਰਵਾਰ ਕੀ ਰਾਤ ਸਾਸ ਪੂਰੇ ਹੋਏ॥

ਸਮਤੁ ੧੭੩੯ ੨੫ ਵਸਖ ਵਦੀ ੧੩ ਤਿਰੋਦਸੀ ਮਗਲਵਾਰ ਦਿਨੇ ਦੁਇ ਘੜੀ ਦਿਨ ਚੜੇ ਸਰਮਤ ਜੀ ਸਮਾਣੀ ਅਗਰੇ ਭਸਮ ਕੀਰਤਪੁਰੇ ਦੇਹਰੇ ਭੇਜੀ

ਸਬਤੁ ੧੭੩੯ ਹਾੜ ਵਦੀ ਛਟੇ ਸੋਕਰਵਾਰ ਕੇ ਦਿਨਿ ਸੇਰੀ ਬੀਬ ਜੀ ਸਮਣ ਅਗਰ ਨਦ ਕਏਰ ਭਸਮ ਕੀਰਤਪੁਰਿ ਦੇਹਰ ਗਈ

ਸਮਤੁ ੧੭੪੩ ਚੇਤਿ ਸੁਦੀ ਬੋਧਵਾਰਿ ਕੇ ਦਿਨਿ ਦੀਵਾਨੁ ਕਸਮੀਰੀ ਦੇਵ ਲੋਕਿ ਹੋਏ॥

ਸਮਤੁ ੧੭੪੪ ਬਾਦੋ ਸੁਦੀ ੮ ਅਠੇ ਆਇਤਵਾਰਿ ਕੇ ਦਿਨਿ ਸ੍ਰੀ ਸਤਿਗੁਰੂ ਰਾਮਰਾਇ ਜੀ ਸਮਾਣੇ॥

ਸਮਤੁ ੧੭੯੯ ਤ ਸਭੈ ਜਮਤੁ ੨ ਚਲਿਆ ਕੀਰਤਪੁਰ ਮਹੀਨਾ ਬੈਸਾਖ ਥਿਤ ਚਾਨਣੀ ਵਾਰ ਸੁਕਰਵਾਰ ਕੇ ਦਿਨ ਦਾਸ ਹੋਏ ਦੇਹਰੀ

ਸੰਮਤੁ ੧੮੦੦੨ ਮਹੀਨੈ ਭਾਧਉ ਸੁਦੀਪ ਪੰਚਵੀ ਕੈ ਦਿਨ ਸ੍ਰਿ ਦਾਰਿ ਸਿਘ ੩ ਸਮਾਣਾ ਦੇਉਉ ਲੋਕ ਨੇ ਹੋਅ ਵਾਰ ਸੁਕਰੁ

ਸਮਤੁ ੧੭੬੯ ਮਹੀਨੈ ਕਤਕੁ ਥਥ ਕਦਸੀ ਵਾਰ ਸੋਮਵਾਰ ਪਰ ਰਾਤਿ ਰਹੀ ਤੇ ਸਾਸੁ ਪੂਰੇ ਹੋਏ ਬਾਬੇ ਕੁਇਰ ੪ ਸਿਘੁ ਦੇ ਕੀਰਤਪੁਰ ਹੋਇ ਸਤਿਲਜ ਦੇ ਕਨਾਰੇ

ਸਮਤੁ ੧੮੭੬ ਮਹੀਨੇ ਪਹੁਪ੍ਰ ੧ ਬਾਬਾ ਸੁਖਨ ਸਿੰਖ ਦੇ ਸਾਸ ਪੂਰੇ ਹੋਇ ਦਾਵਦਰੁ ਛੇ ਦਨ ਚੜੇ ਤੇ ਦਾਸ ਹੁਏ

ਨੋਟ - ਬਾਬਾ ਸੁਖਨ ਸਿੰਘ ਦੇ ਭੋਲਾ ਸਿੰਘ

ਭੋਲਾ ਸਿੰਘ ਦੇ ਹਰਸਾ ਸਿੰਘ ਤੇ ਸੰਗਤ ਸਿੰਘ

ਹਰਸਾ ਸਿੰਘ ਦਾ ਅੱਛਰ ਸਿੰਘ ਦਾ ਬਾਬੂ ਸਿੰਘ ਜੀ

ਮੋਜੂਦਾ ਮਹੰਤ ਗੁਰਦ੍ਵਾਰਾ ਮੰਜੀ ਸਾਹਿਬ ਕੀਰਤਪੁਰ ਹਨ। ਜਿਨਾ ਦੀ ਆਰਜਾ ਇਸ ਵਕਤ ਸੱਠ ਕੁ ਸਾਲ ਹੈ। ਆਪਦਾ ਜਨਮ ਮਿਤੀ ੧੦ ਪੋਹ ਸਮਤ ੧੯੪੮ ਬਿ: ਦ ਹੈ॥

2- ਇਹ ਸਾਖੀਆ ੨੯ ਜੇਠ ੨੦੦੬ ਬਿ: (੪੮੧ਮੁ. ਨ.) ਸਨੀਵਾਰ ਨੂੰ ਸਾਰੀਆ ਉਤਾਰੀਆ। ਸੰਝ ਨੂੰ ਪੰਜਕੁ ਵਜੇ ਤੱਕ॥

2. **ਹਮਾਯੂੰਨਾਮਾ**: ਭਾਈ ਸਾਹਿਬ ਨੇ ਇਸ ਗ੍ਰੰਥ ਦਾ ਅਨੁਵਾਦ ਹਿੰਦੀ ਤੋਂ ਕੀਤਾ। ਹਿੰਦੀ ਤੋਂ ਪਹਿਲਾਂ ਅੰਗਰੇਜ਼ੀ ਵਿਚ ਅਨੁਵਾਦ ਹੋਇਆ। ਇਸ ਦਾ ਪ੍ਰਸੰਗ ਇਸ ਦੇ ਹਿੰਦੀ ਅਨੁਵਾਦਕ ਵ੍ਰਜਰਤਨ ਦਾਸ ਦੀ ਲਿਖੀ ਭੂਮਿਕਾ ਵਿਚ ਦਿਤਾ ਗਿਆ ਹੈ, ਜਿਸਦਾ ਅਨੁਵਾਦ ਭਾਈ ਸਾਹਿਬ ਨੇ ਕੀਤਾ ਹੈ। ਹਿੰਦੀ ਅਨੁਵਾਦ ਨੂੰ ਨਾਗਰੀ ਪ੍ਰਚਾਰਣੀ ਸਭਾ, ਕਾਸ਼ੀ ਵਲੋਂ ਪ੍ਰਕਾਸ਼ਿਤ ਕੀਤਾ ਗਿਆ ਇਸ ਦੀ ਸੂਚਨਾ ਭਾਈ ਰਣਧੀਰ ਸਿੰਘ ਨੇ ਲਿਖਤ ਦੇ ਸ਼ੁਰੂ ਵਿਚ ਦਿਤੀ ਹੋਈ ਹੈ। ਨਾਗਰੀ ਪ੍ਰਚਾਰਣੀ ਸਭਾ ਤੋਂ ਬਾਅਦ ਇਹ ਗ੍ਰੰਥ ਨੈਸ਼ਨਲ ਬੁਕ ਟਰੱਸਟ, ਦਿੱਲੀ ਵਲੋਂ ਛਾਪਿਆ ਜਾ ਰਿਹਾ ਹੈ।ਭਾਈ ਸਾਹਿਬ ਨੇ ਹਮਾਯੂੰਨਾਮੇ ਵਿਚਲੇ ਨਾਵਾਂ ਅਤੇ ਥਾਵਾਂ ਦੀ ਮੂਲ ਲਿਖਤ ਵਿਚ ਲਾਲ ਸਿਆਹੀ ਦੀ ਵਰਤੋਂ ਕੀਤੀ ਹੈ। ਇਹ ਪੂਰੇ ਹਮਾਯੂੰਨਾਮੇ ਦਾ ਅਨੁਵਾਦ ਨਹੀਂ ਹੈ, ਸਿਰਫ ਹਮਾਯੂੰ ਦੇ ਜਨਮ ਤੱਕ ਦੀ ਕਥਾ ਦਾ ਹੀ ਅਨੁਵਾਦ ਹੈ। ਇਸ ਦੇ 'ਆਰੰਭ-ਵਚਨ' ਵਜੋਂ ਭੂਮਿਕਾ ਵ੍ਰਜਰਤਨ ਦਾਸ ਦੁਆਰਾ ਲਿਖੀ ਗਈ ਹੈ। ਇਸ ਭੂਮਿਕਾ ਵਿਚ ਇਸ ਦੇ ਸਮਕਾਲੀ ਗ੍ਰੰਥ ਦਾ ਜ਼ਿਕਰ ਹੈ, ਜਿਹੜੀ ਜੌਹਰ ਆਫਤਾਬਚੀ ਦੁਆਰਾ ਲਿਖੀ ਗਈ ਹੈ। ਇਸ ਦਾ ਨਾਮ ਤਜਕਿਰ:ਤੁਲ-ਵਾਕਿਆਤ ਜਾਂ ਵਾਕਿਆਤਿ-ਹੁਮਾਯੂੰਆਨੀ ਹੈ। ਇਸ ਪੁਸਤਕ ਵਿਚ ਹਮਾਯੂੰ ਦੀ ਰਾਜਗਦੀ ਤੋਂ ਉਸ ਦੀ ਮੌਤ ਤਕ ਦਾ ਵਰਨਣ ਹੈ। ਵ੍ਰਜਰਤਨ ਦਾਸ ਨੇ ਇਸ ਪੁਸਤਕ ਦੇ ਅੰਗਰੇਜ਼ੀ ਅਨੁਵਾਦ ਦਾ ਇਤਿਹਾਸ ਲਿਖਿਆ ਹੈ। ਉਸ ਨੇ ਇਹ ਵੀ ਦੱਸਿਆ ਹੈ ਕਿ ਹਿੰਦੀ ਅਨੁਵਾਦ ਅੰਗਰੇਜ਼ੀ ਅਨੁਵਾਦ ਤੋਂ ਸੁਤੰਤਰ ਹੈ। ਭਾਈ ਸਾਹਿਬ ਨੇ ਪੰਜਾਬੀ ਅਨੁਵਾਦ ਵਿਚ ਹਿੰਦੀ ਵਿਚ ਆਏ ਹੋਏ ਤੱਥਾਂ ਨੂੰ ਖੋਲ੍ਹਕੇ ਲਿਖਿਆ ਹੈ। ਮੂਲ ਪਾਠ ਵਿਚੋਂ ਜਦੋਂ ਭਾਈ ਸਾਹਿਬ ਨੇ ਕੁਝ ਲਾਇਨਾਂ ਛੱਡ ਕੇ ਅਗਲੀਆਂ ਲਾਈਨਾਂ ਦਾ ਅਨੁਵਾਦ ਕੀਤਾ ਹੈ ਹਨ ਤਾਂ ਅਕਸਰ ਕੁਝ ਚਿੰਨ (...., ---, *** ਆਦਿ) ਵਰਤੇ ਹਨ। ਇਸ ਗ੍ਰੰਥ ਦੇ ਮੂਲ ਪਾਠ ਵਿਚ ਬਹੁਤ ਸਾਰੇ ਤੱਥਾਂ ਦੀ ਵਿਆਖਿਆ ਲਈ ਸੰਦਰਭ ਸੂਚੀ ਅੰਤ ਵਿਚ ਦਿਤੀ ਗਈ ਹੈ। ਪ੍ਰੰਤੂ ਭਾਈ ਸਾਹਿਬ ਨੇ ਪਦ-ਟਿਪਣੀਆਂ ਵਿਚ ਵੇਰਵੇ ਦਿੱਤੇ ਹੋਏ ਹਨ। ਇਸ ਦਾ ਮੂਲ ਪਾਠ ਹੇਠ ਲਿਖਿਆ ਹੈ:

ਸਤਿ ਗੁਰ ਪ੍ਰਸਾਦਿ ॥

ਪ੍ਰਮਾਣੂ

ਹੁਮਾਯੂੰਨਾਮਹ

ਕ੍ਰਿਤ

ਗੁਲਬਦਨ ਬੇਗਮ

ਵਿੱਚੋ

ਜੋ ਵ੍ਰਜਰਤਨਦਾਸ ਜੀ ਨੇ ਅਸਲ ਫਾਰਸੀ ਤੋਂ

ਹਿੰਦੀ ਬੋਲੀ ਵਿੱਚ ਉਲਥਾਇਆ; ਅਤੇ ਕਾਸ਼ੀ ਨਾਗਰੀ ਪ੍ਰਚਾਰਨੀ ਸਭਾ

ਨੇ ਸੰਵਤ ੧੯੮੦ ਵਿੱਚ

ਛਪਵਾਇਆ

ਅਰੁ

ਸਿੱਖ ਰੈਫ੍ਰੈਂਸ ਲਾਇਬ੍ਰੇਰੀ-ਅੰਮ੍ਰਿਤਸਰ ਵਿੱਚ ੮੯੫ ਵੇ ਨੰਬਰ ਪੁਰ ਦਰਜ ਹੈ ।

ਸਤਿਗੁਰ ਪ੍ਰਸਾਦਿ।

ਆਰੰਭ-ਬਚਨ

ਭਾਵੇਂ ਹੁਮਾਯੂੰ ਬਾਦਸ਼ਾਹ ਫਾਰਸੀ, ਅਰਬੀ ਤੇ ਤੁਰਕੀ ਬੋਲੀਆਂ ਦੇ ਪੂਰੇ ਪੰਡਿਤ ਸਨ; ਜੋਤਿਸ਼ ਤੇ ਭੂਗ੍ਰਭ ਸ਼ਾਸਤ੍ਰਾਂ ਵਿੱਚ ਪਾਰੰਗਤ ਸਨ; ਅਰੁ ਫਾਰਸੀ ਦੇ ਕਵੀਸ਼ਰ ਭੀ ਸੇ; ਪਰ ਤਾਂ ਵੀ ਉਨ੍ਹਾਂ ਨੇ ਆਪਣੇ ਪਿਤਾ ਬਾਬਰ ਬਾਦਸ਼ਾਹ ਵਾਂਙੂ ਆਪਣੀ ਆਤਮ ਕਥਾ ਲਿਖਕੇ, ਉਨਾਂ ਦੀ ਰੀਸ ਨਹੀਂ ਕੀਤੀ। ---ਪ੍ਰੰਤੂ ਹੁਮਾਯੂੰ ਦੇ ਭਾਗਾਂ ਨੂੰ, ਉਸ ਘਾਟੇ ਨੂੰ ਉਸਦੇ ਦੋ ਸਮਕਾਲੀਆਂ ਨੇ ਪੂਰਿਆਂ ਕਰ ਦਿੱਤਾ। ਪਹਿਲੀ ਇਨਾਂ ਦੀ ਮਤ੍ਰੇਈ ਭੈਣ ਗੁਲਬਦਨ ਬੇਗਮ ਸੀ;ਤੇ ਦੂਜਾ ਇਨ੍ਹਾਂ ਦਾ ਸੇਵਕ ਜੌਹਰ ਆਫਤਾਬਚੀ ਸੀ॥ ਜੌਹਰ ਨੇ ਜੋ ਪੁਸਤਕ ਲਿਖੀ ਹੈ, ਉਹ *ਤਜਕਰਾਤ-ਉਲ-ਵਾਕਿਆਤ* (ਫਾਰਸੀ) ਯਾ *ਵਾਕਿਆਤ-ਏ-ਹੁਮਾਯੂਨੀ* ਅਖਵਾਉਦੀ ਹੈ। ਅਤੇ ਉਸ ਵਿੱਚ ਹੁਮਾਯੂੰ ਦੀ ਰਾਜਗੱਦੀ ਤੋਂ ਲੈਕੇ ਮਰਣ ਤੱਕ ਦਾ ਵਰਣਨ ਹੈ। ਇਸਨੇ ਆਪਣੇ ਸੁਆਮੀ ਦੀਆਂ ਸਾਰੀਆਂ ਗੱਲਾਂ ਦਾ ਸਾਫ ਦਿਲੀ ਨਾਲ ਬਿਆਨ ਕੀਤਾ ਹੈ ਤੇ ਕੁਝ ਵੀ ਲੁਕਾਣ ਦਾ ਜਤਨ ਨਹੀ ਕੀਤਾ ।

ਐਪਰ ਜਿਵੇ ਸਾਰੇ ਮਨੁੱਖ ਇਤਿਹਾਸਕਾਰਾਂ ਨੇ ਮਿਤੀਆ ਨਾਵਾਂ ਤੇ ਘਟਨਾਵਾਂ ਪੁਰ ਵਧੇਰੇ ਧਿਆਨ ਦਿਤਾ ਹੈ ਉਸੇ ਤਰਾਂ ਇਸ ਨੇ ਵੀ ਕੀਤਾ ਹੈ। ਇਸ ਵਿਸ਼ੇ ਪਰ ਨਾਰੀਆ ਘਟ ਹੀ ਕਲਮ ਚੁਕਦੀਆ ਹਨ। ਲੇਕਿਨ ਜਦੋਂ ਇਨ੍ਹਾ ਦਾ ਰਚਿਆ ਇਤਿਹਾਸ ਵੇਖੀਂਦਾਇ; ਤਾਂ ਉਸ ਵਿੱਚ ਇਹ ਵਿਚਿੱਤ੍ਰਤਾ ਜਰੂਰ ਲਭਦੀ ਹੈ

ਕਿ ਉਹ ਨਾਰੀ ਜਗਤ ਦੀਆਂ ਘਟਨਾਵਾਂ ਦਾ ਹੀ ਵਧੇਰੇ ਹਾਲ ਦੇਂਦੀਆਂ ਹਨ। ਇਹੋ ਵਿਚਿੱਤ੍ਰਤਾ ਯਾ ਵਾਧਾ ਗੁਲਬਦਨ ਬੇਗਮ ਦੀ ਪੋਥੀ ਹੁਮਾਯੂੰ ਨਾਮਾ ਵਿੱਚ ਭੀ ਹੈ॥

---ਬੇਗਮ ਨੇ ਆਪਣੇ ਪਿਤਾ ਭੀ ਕੁਝ ਵ੍ਰਿਤਾਂਤ ਦਿੱਤਾ ਹੈ। ਬਦਖਸ਼ਾਂ ਦੀਆਂ ਲੜਾਈਆਂ ਦਾ, ਕਾਬੁਲ ਪੁਰ ਕਬਜ਼ੇ ਦਾ; ਅਤੇ ਪਾਣੀਪਤਿ ਤੇ ਕਨ੍ਹਵਾ ਦੀਆਂ ਪ੍ਰਸਿੱਧ ਜਿੱਤਾਂ ਦਾ ਤਾਂ ਉੱਲੇਖ ਮਾਤ੍ਰ ਹੀ ਕੀਤਾ ਇ; ਪਰ ਵਿਰਵਾ ਪਾਇਆ ਹੈ, ਓਹਨਾਂ ਭੇਟਾਂ ਦਾ, ਜੋ ਬਾਬਰ ਨੇ ਦਿੱਲੀ ਦੀ ਲੁੱਟ ਵਿੱਚੋਂ ਕਾਬੁਲ ਭੇਜੀਆਂ ਸਨ। ਅਰੁ ਜਿਸ ਤਰ੍ਹਾਂ ਓਥੇ ਖੁਸ਼ੀਆਂ ਮਨਾਈਆਂ ਗਈਆ ਸਨ। ਹੁਮਾਯੂੰ ਦੀ ਮਾਂਦਗੀ, ਮਾਤਾ ਪਿਤਾ ਦਾ ਸੋਗ, ਉਨਾਂ ਦਾ ਅੱਛਾ ਹੋਣਾ, ਬਾਬਰ ਦੀ ਮਾਂਦਗੀ ਤੇ ਮੌਤ ਪਰ ਸੋਗ ਦਾ ਪੂਰਾ ਵੇਰਵਾ ਦਿੱਤਾ ਹੈ। ਕਿਉਂ ਜੋ ਨਾਰੀ ਦੀ ਨਜ਼ਰ ਵਿੱਚ, ਉਹ ਜੁੱਧ ਆਦਿਕ ਨਾਲੋਂ ਵਧੇਰੇ ਪ੍ਰਯੋਜੀਯ ਦਿਖਾਈ ਦੇਂਦਾ ਹੈ।

ਜਦੋਂ ਹੁਮਾਯੂੰ ਦਾ ਜੀਵਨ ਚਰਿਤ੍ਰ ਆਰੰਭ ਕੀਤਾ ਹੈ, ਤਾਂ ਪਿਹਲਾਂ ਤਲਿਸਮੀ ਤੇ ਹਿੰਦਾਲ ਦੇ ਵਿਆਹ ਦੀਆਂ ਮਜਲਿਸਾਂ ਦਾ ਹੀ ਵਰਣਨ ਦਿਤਾ ਹੈ।। ਪੂਰਬੀ ਪ੍ਰਾਂਤਾਂ ਦੀ ਜਿੱਤ-ਹਾਰ, ਚੌਸਾ ਤੇ ਕਨੌਜ ਦੇ ਜੁੱਧਾ ਅਰੁ ਓੜਕ ਚਗ਼ਤਾਈਆਂ ਦੇ ਲਾਹੌਰ ਨੱਸ ਆਵਣ ਦਾ ਹਵਾਲਾ ਭੀ ਉਨ੍ਹਾਂ ਨੇ ਦਿੱਤਾ ਹੈ। ਜਦੋਂ ਹੁਮਾਯੂੰ, ਸਿੰਧੁ ਵੱਲ ਚੱਲੇ, ਓਦੋਂ ਤੋਂ ਫਾਰਸ ਪਹੁੰਚਣ ਤੱਕ, ਜੋ ਕੁਝ ਦੁਖੜੇ ਤੇ ਔਖਿ ਉਨਾਂ ਨੂੰ ਭੁਗਤਣੇ ਪਏ, ਉਨ੍ਹਾਂ ਦਾ ਬੇਗਮ ਨੇ ਪੂਰਾ ਵੇਰਵਾ ਦੇ ਦਿੱਤਾ ਹੈ। ਹਮੀਦਾਬਾਨੂ ਬੇਗਮ ਨੇ ਹੁਮਾਯੂੰ ਨਾਲ ਵਿਆਹ ਕਰਨ ਵਿੱਚ ਜੋ ਔਖਿਆਈਆਂ ਵਿਖਾਈਆਂ, ਉਨ੍ਹਾਂ ਦਾ ਪੂਰਾ ਵਰਿਤਾਂਤ ਦਿੱਤਾ ਗਿਆ ਹੈ।---ਫਾਰਸ ਵਿਚ ਗੁਲਬਦਨ ਬੇਗਮ ਖੁਦ ਨਹੀ ਸੀ ਗਈ; ਓਥੋਂ ਦਾ ਜੋ ਹਾਲ ਦਿੱਤਾ ਹੈ, ਉਹ ਸਾਰਾ ਹਮੀਦਾ ਬਾਨੂ ਬੇਗਮ ਦਾ ਦੱਸਿਆ ਹੋਇਆ ਹੈ।---।।

ਹੁਮਾਯੂੰ ਦੇ ਓਧਰੋਂ ਮੁੜਨ ਦੇ ਨਾਲ ਹੀ ਬੇਗਮ ਦਾ ਇਤਿਹਾਸ ਨਵੇਂ ਸਿਰਿਓਂ ਅਫਗਾਨਿਸਤਾਨ ਤੋਂ ਆਰੰਭ ਹੁੰਦਾ ਹੈ।...

ਮੂਲ ਗ੍ਰੰਥ ਦਾ ਜੋ ਖਰੜਾ ਹੁਣ ਤੋੜੀ ਮਿਲਿਆਇ, ਉਹ ਵਲੈਤ ਦੇ ਬ੍ਰਿਟਿਸ਼ ਮਯੂਜਿਅਮ ਵਿੱਚ ਸਾਂਭਿਆ ਪਿਆ ਹੈ। ਉਸ ਵਿਚ ਪਹਿਲੇ (ਮੁਹਰਲੇ) ਪੱਤ੍ਰੇ ਨਹੀ ਹਨ। ਦੂਜਾ ਕੋਈ ਖਰੜਾ ਹਾਲਾਂ ਤੱਕ ਨਹੀ ਮਿਲਿਆ। ਇਸ ਤੋਂ ਲਗਦਾਇ, ਕਿ ਖਰੜੇ ਦੀਆਂ ਬਹੁਤੀਆਂ ਨਕਲਾਂ ਨਹੀ ਸਨ ਹੋਈਆਂ। ਹੋ ਸਕਦਾਇ ਇਹ ਪੁਸਤਕ (ਵਲਾਯਤ ਵਾਲੀ) ਬੇਗਮ ਦੇ ਆਪਣੇ ਹੱਥਾ ਦੀ ਹੀ ਲਿਖੀ ਹੋਈ ਹੋਵੇ। ਅਬੁਲਫਜ਼ਲ ਦੇ *ਅਕਬਰ ਨਾਮੇ* ਵਿੱਚ, ਭਾਵੇ ਇਸ ਪੁਸਤਕ ਦੀ ਵਰਤੋਂ ਦੇ ਇਸ਼ਾਰੇ ਹੈਗੇ ਨਿ; ਪਰ ਉਸਨੇ ਕਿਤੇ ਬੇਗਮ ਦੀ ਪੋਥੀ ਦਾ ਨਾਮ ਨਹੀ ਦਿੱਤਾ॥

ਕਰਨਲ ਹੈਮਿਲੂਨ ਜਦੋ, ਹਿੰਦੁਸਤਾਨ ਤੋਂ ਵਿਲਾਯਤ ਗਏ, ਤਾਂ ਦਿੱਲੀ ਤੇ ਲਖਨਊ ਤੋਂ ਇਕ ਹਜ਼ਾਰ ਪੁਸਤਕਾਂ ਇਕੱਠੀਆਂ ਕਰਕੇ ਲੈ ਗਏ ਸਨ। ਉਨ੍ਹਾਂ ਦੀ ਵਿਧਵਾ ਨੇ ਸੰਨ ੧੮੬੮ ਈ: ਵਿੱਚ, ਬ੍ਰਿਟਿਸ਼ ਮਿਊਜ਼ਿਅਮ ਪਾਸ, ਚੁਣੀਆਂ ਹੋਈਆਂ ੩੫੨ ਪੁਸਤਕਾਂ ਵੇਚ ਦਿਤੀਆਂ ਜਿਨ੍ਹਾਂ ਵਿਚ ਇਹ ਬੀ ਸੀ। ਡਾਕਟਰ ਰਜੂ ਜਿਨ੍ਹਾਂ ਨੇ ਇਨ੍ਹਾਂ ਪੁਸਤਕਾਂ ਦੀ ਸੂਚੀ ਬਣਾਈ ਸੀ। ਇਸ ਪੁਸਤਕ ਨੂੰ ਸਰਬੋਤਮ ਪੁਸਤਕਾਂ ਵਿੱਚ ਗਿਣਦੇ ਹਨ।---- ਅੰਗ੍ਰੇਜ਼ੀ ਅਨੁਵਾਦਿਕਾ ਦੀ ਲਿਖਤ ਅਨੁਸਾਰ, ਬੇਗਮ ਦਾ ਹੁਮਾਯੂੰਨਾਮਾ, ਉਸ ਸਮੇ ਤਕ ਪਰਦਾ ਨਸ਼ੀਨ ਹੀ ਰਿਹਾ, ਜਿਚਿਰ ਡਾਕਟਰ ਰਜੂ ਨੇ ਸੂਚੀ ਵਿਚ ਇਸਦਾ ਨਾਮ ਨਹੀ ਦਿੱਤਾ। ਬਾੱਦਾਂ ਭੀ ਇਹ ਉਸੇ ਹਾਲਤ ਵਿੱਚ ਪਿਆ ਰਿਹਾ। ਮਿਸੇਜ਼ ਬੇਵਰਿਜ਼ ਨੇ ਉਨੀਵੀ ਸਦੀ ਦੇ ਐਨ ਛੇਕੜ ਜਾਕੇ, ਇਸ ਪੁਸਤਕ ਨੂੰ ਆਪਣੇ ਹੱਥ ਲਿਆ। ਅਤੇ ਇਸਦੇ ਉਲਥੇ ਨੂੰ ਟਿੱਪਣੀਆਂ ਤੇ ਵਾਧਿਆਂ (ਪਰਿਸਿਸ਼ਟ) ਆਦਿ ਨਾਲ ਸਜਾ ਵਜਾਕੇ, ਰਾਯਲ ਏਸ਼ੀਆਟਿਕ ਸੋਸਾਇਟੀ ਦੇ ਓਰੀਐਂਟਲ ਟ੍ਰਾਂਸਲੇਸ਼ਨ ਫੰਡ ਦੀ ਨਵੀਂ ਮਾਲਾ ਵਿੱਚ ਛਪਵਾਇਆ॥

---ਬੇਗਮ ਨੇ ਤਾਰੀਖਾਂ ਤੇ ਘਟਨਾਵਾਂ ਵਿੱਚ ਕਿਤੇ ਕਿਤੇ ਗਲਤੀ ਕੀਤੀ ਹੈ। ਉਨ੍ਹਾਂ ਦਾ ਜ਼ਿਕਰ ਟਿੱਪਣੀਆਂ ਵਿੱਚ ਕਰ ਦਿੱਤਾ ਗਿਆ ਹੈ। ਇਹ ਹਿੰਦੀ ਅਨੁਵਾਦ, ਅੰਗ੍ਰੇਜ਼ੀ ਅਨੁਵਾਦ ਨਾਲੋ ਬਿਲਕੁੱਲ ਸੁਤੰਤ੍ਰ ਹੈ ਅਤੇ ਮੂਲ ਫਾਰਸੀ ਤੋਂ ਉਲਥਾ ਕੀਤਾ ਗਿਆ ਹੈ।--- ਬਹੁਤ ਸਾਰੇ ਨਵੇਂ ਨੋਟ ਭੀ ਵਧਾਏ ਗਏ ਹਨ। ਅੰਗ੍ਰੇਜ਼ੀ ਅਨੁਵਾਦ ਵਿੱਚ ਇੱਕ ਵੱਡਾ ਵਾਧਾ (ਪਰਿਸ਼ਿਸਟ) ਦਿੱਤਾ ਗਿਆਂ ਹੈ। ਜਿਸ ਵਿਚ ਬੇਗਮਾਂ ਆਦਿ ਦੇ ਛੋਟੇ ਛੋਟੇ ਜੀਵਨ ਚਰਿਤ੍ਰ ਦਿਤੇ ਹਨ। ਪ੍ਰੰਤੂ ਮੈਂ ਪਾਠਕਾਂ ਦੇ ਸੁਭੀਤੇ ਹਿਤ,--- ਜਿੱਥੇ ਬੇਗਮਾ ਦੇ ਨਾਮ ਆਏ ਹਨ, ਓਥੇ ਹੀ ਥੱਲੇ ਫੁੱਟ ਨੋਟਾਂ ਵਿੱਚ, ਉਨ੍ਹਾਂ ਦੇ ਜੀਵਨ– ਚਰਿਤ੍ਰ ਦੇ ਦਿੱਤੇ ਹਨ। ਇਹ ਜੀਵਨ ਚਰਿਤ੍ਰ ਅਸਲਚਿ ਅੰਗ੍ਰਜ਼ੀ ਅਨੁਵਾਦਿਕਾ ਦੀ ਮਿਹਨਤ ਦੇ ਹੀ ਫਲ ਹਨ॥

(ਵ੍ਰਿਜਰਤਨ ਦਾਸ)

## ਗੁਲਬਦਨ ਬੇਗਮ ਦਾ ਜੀਵਨ ਚਰਿਤ੍ਰ

ਗੁਲਬਦਨ ਬੇਗਮ ਦੇ ਪਿਤਾ, ਪ੍ਰਸਿੱਧ ਬਾਦਸ਼ਾਹ, ਜ਼ਹੀਰੁੱਦੀਨ ਮੁਹੱਮਦ ਬਾਬਰ ਸਨ। ਜਿਨ੍ਹਾਂ ਦੀਆਂ ਨਸਾਂ ਵਿੱਚ ਮੱਧ ਏਸ਼ੀਆ ਦੇ ਦੋ ਉੱਚ-ਘਰਾਣਿਆਂ ਦਾ ਖ਼ੂਨ ਸੀ। ਇਨ੍ਹਾਂ ਦੇ ਪਿਤਾ ਜਗਤ ਪ੍ਰਸਿੱਧ ਤੈਮੂਰ ਲੰਗ ਦੇ ਪੁੱਤ੍ਰ ਮੀਰਾਨ ਸ਼ਾਹ ਦੇ ਵੰਸ਼ਧਰ ਸਨ; ਤੇ ਮਾਤਾ ਜਮਦਾਹਕ ਚੰਗੇਜ਼ੁਖਾਂ ਦੇ ਪੁੱਤ੍ਰ ਚਗਤਾਈ – ਵੰਸ਼ ਦੀ ਜਾਈ ਸੀ। ਇਸੇ ਕਰਕੇ ਮੁਗਲ ਬਾਦਸ਼ਾਹ, ਮੀਰਾਂਸ਼ਾਹੀ ਤੇ ਚਗਤਾਈ ਅਖਵਾਉਂਦੇ ਹਨ। ਬਾਬਰ ਦਾ ਜਨਮ ੧੪ ਫਰਵਰੀ ੧੪੮੩ ਈ (੨੦ ਫੱਗਣ ੧੫੩੯ ਬਿ:) ਨੂੰ ਹੋਇਆ ਸੀ; ਤੇ ਬਾਰਾਂ ਵਰ੍ਹੇ ਦੀ ਉਮਰੇ ਫਰਗਾਨਹ

ਦੀ ਰਾਜਗੱਦੀ ਪਰ ਬੈਠੇ। ਆਪਣੇ ਰਾਜ ਦੀ ਰਾਖੀ ਲਈ ਉਹ ਦਸ ਵਰੇ ਲੜਦੇ ਘੁਲਦੇ ਰਹੇ । ਅੰਤ, ਸੰਨ ੧੫੦੪ ਈ:(੧੫੬੧ ਬਿ:), ਵਿੱਚ, ਉੱਥੋ ਨਸਕੇ ਅਫਗਾਨਿਸਤਾਨ ਆਏ; ਤੇ ਅਰਗੂਨਾਂ ਨੂੰ ਉੱਥੋ ਖਦੇੜ ਕੇ ਆਪਣਾ ਰਾਜ ਕਾਇਮ ਕੀਤਾ॥ ਇਸ ਰਾਜ ਦੀ ਰਾਜਧਾਨੀ ਕਾਬੁਲ ਵਿੱਚ, ਸਨ ੧੫੨੩ਈ: (੧੫੮੦ਬਿ:) ਦੇ ਇਰਦ ਗਿਰਦ ਗੁਲਬਦਨ ਬੇਗਮ ਦਾ ਜਨਮ ਹੋਇਆ ਸੀ। ਇਨਾਂ ਉਨੀਆਂ ਸਾਲਾ ਅੰਦਰ, ਭਾਰਤਵਰਸ ਵਿੱਚ ਆਪਣਾ ਰਾਜ ਸਥਾਪਨ ਕਰਨ ਦੀ ਲਾਲਸਾ ਬਾਬਰ ਦੇ ਦਿਲ ਵਿਚ ਬਣੀ ਰਹੀ। ਅਤੇ ਬੇਗਮ ਦੇ ਜਨਮ ਸਮੇ ਉਹ ਇਸੇ ਪਰਜਤਨ ਵਿੱਚ ਲੱਗੇ ਹੋਏ ਸਨ । ਜਿਸ ਵੇਲੇ ਬੇਗਮ ਢਾਈਆਂ ਵਰ੍ਹਿਆਂ ਦੀ ਸੀ, ਉਸ ਵਕਤ ਦਿੱਲੀ ਦੇ ਅਫਗਾਨ ਸੁਲਤਾਨ ਇਬਰਾਹੀਮ ਖਾਂ ਲੋਧੀ ਨੂੰ ਪਾਣੀਪਤਿ ਦੇ ਮੈਦਾਨ ਵਿੱਚ, ਪਹਿਲੀ ਵਾਰ ਪਛਾੜ ਕੇ ਬਾਬਰ ਨੇ ਮੁਗਲ ਰਾਜ ਦੀ ਨੀਂਹ ਰੱਖੀ ਸੀ॥ ਬਾਬਰ ਬਾਦਸ਼ਾਹ ਦੇ ਸੱਤ ਵਿਆਹ ਹੋਏ ਸੇ। ਪਹਿਲੀਆ ਨਾਰੀਆਂ ਤੈਮੂਰ ਵੰਸ ਦੀਆਂ ਸਨ, ਤੇ ਤਰਤੀਬਵਾਰ ਨਾਮ-ਆਇਸ਼ਹ ਸੁਲਤਾਨ ਬੇਗਮ, ਜ਼ੈਨਬ ਸੁਲਤਾਨ ਬੇਗਮ ਤੇ ਮਾਸੂਮਾ ਬੇਗਮ– ਸਨ । ਪਹਿਲੀ ਸਨ ੧੫੦੪ ਈ: (੧੫੬੧ ਬਿ:) ਵਿੱਚ ਉਨ੍ਹਾਂ ਨੂੰ ਛੱਡ ਗਈ ਸੀ ; ਦੂਜੀਆਂ ਦੋਵੇ ੧੫੦੭ ਈ: (੧੫੬੪ ਬਿ:) ਦੇ ਲਾਗੇ ਸ਼ਾਗੇ ਮਰ ਗਈਆਂ ਸਨ। ਸਨ ੧੫੦੬ਈ: (੧੫੬੩ ਬਿ:) ਵਿੱਚ, ਖੁਰਾਸਾਨ ਵਿਖੇ, ਮਾਹਮਬੇਗਮ ਨਾਲ ਸ਼ਾਦੀ ਹੋਈ; ਜਿਸ ਦੀ ਕੁਖੋਂ ਹੁਮਾਯੂੰ ਜਨਮਿਆਂ। ਇਸ ਤੋਂ ਕੁਝ ਬਰਸ ਬਾਅਦ ਦਿਲਦਾਰ ਬੇਗਮ ਤੇ ਗੁਲਰੁਖ ਬੇਗਮ ਨਾਲ ਵਿਆਹ ਹੋਇਆ। ਬਾਬਰ ਦਾ ਆਖਰੀ ਵਿਆਹ ਸੰਨ ੧੫੧੯ ਈ:(੧੫੭੬ ਬਿ:) ਵਿਚ ਯੂਸਫਜ਼ਈ ਸਰਦਾਰ ਦੀ ਧੀ ਬੀਬੀ ਮੁਬਾਰਿਕਾ ਨਾਲ ਹੋਇਆ। ਉਹ ਔਂਤਰੀ ਹੀ ਰਹੀ॥

ਗੁਲਬਦਨ ਬੇਗਮ ਦੀ ਮਾਤਾ ਦਿਲਦਾਰ ਬੇਗਮ ਸੀ। ਉਸ ਦੇ ਮਾਪਿਆਂ ਦਾ ਕੋਈ ਜ਼ਿਕਰ, ਪਿਤਾ, ਪੁੱਤ੍ਰੀ ਨੇ ਆਪਣੇ ਪੁਸਤਕਾਂ ਵਿਚ ਨਹੀਂ ਕੀਤਾ। ਇਸ ਤੋਂ ਪਤਾ ਲਗਦਾਇ, ਕਿ ਉਹ ਸ਼ਾਹੀ ਘਰਾਣੇ ਵਿਚੋਂ ਨਹੀਂ ਸੀ। ਤਦ ਭੀ ਬਾਬਰ ਦਾ ਉਸ ਨੂੰ ਆਗਾਚਹ ਲਿਖਣਾ ਇਹ ਟੋਹ ਦਿੰਦਾ ਹੈ, ਕਿ ਉਹ ਨੇਕ ਘਰਾਣੇ ਦੀ ਧੀ ਜ਼ਰੂਰ ਸੀ। ਉਸ ਦੀ ਕੁਖੋਂ ਪੰਜ ਬੱਚੇ ਪੈਦਾ ਹੋਏ: ਦੋ ਪੁਤ੍ਰ ਤਿੰਨ ਧੀਆਂ। ਸਨ ੧੫੧੫ ਈ: (੧੫੭੨ ਬਿ:) ਵਿੱਚ, ਯਾ ਲਾਗੇ ਸ਼ਾਗੇ ਗੁਲਰੰਗ ਬੇਗਮ ਦਾ; ਸਨ ੧੫੧੭ (੧੫੭੪ ਬਿ:) ਵਿੱਚ ਗੁਲਚਿਰਾਗ ਬੇਗਮ ਦਾ; ਸਨ ੧੫੧੯ ਈ: (੧੫੭੫ ਬਿ:) ਵਿੱਚ, ਅਬੁੱਨਾਸਿਰ ਮੁਹੰਮਦ ਹਿੰਦਾਲ ਮਿਰਜ਼ਾ ਦਾ; ਸਨ ੧੫੨੩ ਈ: (੧੫੮੦ ਬਿ:) ਵਿਖੇ, ਗੁਲਬਦਨ ਬੇਗਮ ਦਾ; ੧੫੨੫ ਈ: (੧੫੮੨ ਬਿ:) ਵਿਚ ਆਖਰੀ ਪੁੱਤ੍ਰ ਦਾ ਜਨਮ ਹੋਇਆ ਜਿਸਦਾ ਨਾਮ, ਉਸਦੀ ਭੈਣ ਨੇ ਆਲੌਰ ਮਿਰਜ਼ਾ ਲਿਖਿਆ ਹੈ। ਅਤੇ ਉਹ ਆਗਰੇ ਪਹੁੰਚਣ ਪੁਰ ਸਨ ੧੫੨੯ ਈ: (੧੫੮੬ ਬਿ:) ਵਿਚ ਮਰ ਗਿਆ॥

ਬਾਬਰ ਦੀਆਂ ਜਿਉਂਦੀਆਂ ਬੇਗਮਾਂ ਵਿੱਚੋਂ ਮਾਹਮ ਬੇਗਮ ਪ੍ਰਧਾਨ (ਪਟਰਾਣੀ) ਸੌ। ਉਸਦੀ ਕੁੱਖੋਂ ਹੁਮਾਯੂੰ ਤੋਂ ਬਾੱਦ ਚਾਰ ਬਾਲ ਜਨਮੇ, ਪਰ ਬਚਿਆ ਕੋਈ ਨਾ; ਇਸ ਸੋਗ ਨੂੰ ਘੱਟ ਕਰਨ ਹਿੱਤ, ਉਸ ਨੇ ਸਨ ੧੫੧੯ ਈ: (੧੫੭੬ ਬਿ:) ਵਿੱਚ ਹਿੰਦਾਲ ਨੂੰ; ਤੇ ੧੫੨੫ ਈ: (੧੫੮੨ ਬਿ:) ਵਿੱਚ ਗੁਲਬਦਨ ਬੇਗਮ ਨੂੰ ਦਿਲਦਾਰ ਬੇਗਮ ਪਾਸੋਂ ਲੈ ਕੇ ਪਾਲਿਆ। ---ਇਹ ਗੱਲ ਹਿੰਦਾਲ ਦੇ ਜਨਮ ਤੋਂ ਪਹਿਲਾਂ ਹੀ ਬਾਬਰ ਤੇ ਮਾਹਮ ਬੇਗਮ ਵਿਚਕਾਰ ਮਿਥ ਲਈ ਗਈ ਸੀ। ਫਿਰ ਜਦੋਂ ਬਾਬਰ, ਬਾਜੌਰ ਤੇ ਸ੍ਵਾਤ ਫਤਹ ਕਰਨ ਗਿਆ, ਮਾਹਮ ਬੇਗਮ ਨੇ ਲਿਖਿਆ ਤੇ ਪੁੱਛਿਆ, ਕਿ ਦਿਲਦਾਰ ਬੇਗਮ ਨੂੰ ਮੁੰਡਾ ਜੰਮੇਗਾ ਕਿ ਕੁੜੀ? ਬਾਬਰ ਨੇ ਲਿਖ ਭੇਜਿਆ ਕਿ ਮੁੰਡਾ ਹੋਊ। ਉਨ੍ਹਾਂ ਸਮਿਆਂ ਵਿਚ, ਇਹ ਜਾਨਣ ਲਈ ਸੌਖਾ ਤਰੀਕਾ ਇਹ ਸੀ, ਕਿ ਕਾਗਜ਼ ਦੇ ਦੋ ਪੁਰਜਿਆਂ ਪੁਰ ਮੁੰਡਾ ਤੇ ਕੁੜੀ ਲਿਖਕੇ ਗਾਰੇ ਵਿਚ ਲਪੇਟ ਕਿ ਦੋ ਗੋਲੀਆਂ ਬਣਾਈਆਂ ਜਾਂਦੀਆਂ। ਦੋਵੇਂ ਗੋਲੀਆਂ ਪਾਣੀ 'ਚ ਰੱਖ ਦੇਂਦੇ। ਜਿਸ ਗੋਲੀ ਦੀ ਮਿੱਟੀ ਖੁਰ ਖੁਰ ਕੇ ਕਾਗਜ਼ ਪਹਿਲੋਂ ਤਰ ਆਉਂਦਾ, ਉਸ ਨੂੰ ਵੇਖਕੇ ਆਗਮ ਬਚਨ ਕਰ ਦਿੱਤਾ ਜਾਂਦਾ। ਸਨ (੨੬ ਜਨਵਰੀ (੩੦ ਮਾਘ ੧੫੭੫) ਨੂੰ ਬਾਬਰ ਨੇ ਅਸਾਮ ਬਚਨ ਲਿਖ ਕੇ ਭੇਜਿਆ ਸੀ ਤੇ ਤੇ ੪ ਮਾਰਚ (੭ ਚੇਤ ੧੫੭੫) ਹਿੰਦਾਲ ਪੁੱਤ੍ਰ ਜਨਮ ਪਿਆ ਸੀ।

੧੧ ਫਰਵਰੀ ਸਨ ੧੫੨੮ਈ;(੧੬ਫੱਗਣ ੧੫੮੪ਬਿ;) ਨੂੰ ਯਾ ਇਸ ਤੋਂ ਕੁਝ ਬਾਦ,ਬੇਗਮਾਂ ਨੂੰ ਕਾਬੁਲ ਤੋਂ ਭਾਰਤ ਆਉਣ ਦਾ ਹੁਕਮ ਹੋਇਆ ਸਭ ਤੋਂ ਪਹਿਲਾਂ, ਜਨਵਰੀ ੧੫੨੯ਈ: (ਪੋਹ ੧੫੮੫ ਬਿ;) ਵਿੱਚ ਮਾਹਮ ਬੇਗਮ, ਗੁਲਬਦਨ ਬੇਗਮ ਨੂੰ ਨਾਲ ਲੈ ਕੇ ਰਵਾਨਾ ਹੋਈ। ਉਸ ਮੌਕੇ ਇਸਦੀ ਉਮਰ ਛੇ ਵਰੇ ਸੀ। ੧੯ ਫਰਵਰੀ (੨੫ ਫੱਗਣ) ਨੂੰ ਉਹ ਸਿੰਧੁ ਨਦ ਪਰ ਪਹੁੰਚੇ। ਜਿਸਦੀ ਖਬਰ ਬਾਬਰ ਨੂੰ ਗਜ਼ੀਪੁਰ ਵਿੱਚ, 9 ਅਪ੍ਰੈਲ (੫ ਵੈਸਾਖ ਸੰਮਤ ੧੫੯੩ ਬਿ;) ਨੂੰ ਮਿਲੀ। ੨੭ਜੂਨ (੩੦ ਹਾੜ) ਅੱਧੀ ਰਾਤੀ ਉਹ ਆਗਰੇ ਪਹੁੰਚੀ।ਬਾਬਰ ਨੇ ਕੁਝ ਦੂਰ ਆਗਾਹਂ ਪੈਦਲ ਜਾਕੇ, ਉਨ੍ਹਾਂ ਦਾ ਸ੍ਵਾਗਤ ਕੀਤਾ। ਤੇ ਪੈਂਦਲ ਹੀ ਮਹਿਲ ਤੱਕ ਆਏ।

ਗੁਲਬਦਨ ਬੇਗਮ ਦੂਜੇ ਦਿਣੂ ਆਗਰੇ ਪਹੁੰਚੀ। ਉਸਦਾ ਵੀ ਸੁਆਗਤ ਜਥਾਜੋਗ ਕੀਤਾ ਗਿਆ। ਚਾਰ ਵਰ੍ਹੇ ਤੋਂ ਬਾੱਦ, ਬਾਬਰ ਨੇ ਆਪਣੀਆਂ ਬੇਗਮਾਂ ਤੇ ਸ਼ਾਹਜ਼ਾਦੀਆਂ ਵਿਚੋਂ, ਇਨ੍ਹਾਂ ਦੋਹਾਂ ਨੂੰ ਹੀ ਪਹਿਲੇ ਪਹਿਲ ਵੇਖਿਆ ਸੀ। ਇਸ ਮਿਲਾਪ ਪਰ ਜੋ ਪ੍ਰਸਨੰਤਾ ਗੁਲਬਦਨ ਨੂੰ ਹੋਈ, ਉਸਦਾ ਵਰਣਨ ਪੰਜਾਹ ਵਰ੍ਹੇ ਬੀਤ ਜਾਣ ਪਰ ਉਸਨੇ ਆਪਣੀ ਅੱਲੜ ਕਲਮ ਨਾਲ ਅਜੇਹਾ ਸੋਹਣਾਂ ਕੀਤਾ ਹੈ, ਕਿ ਉਸ ਤੋਂ ਪਤਾ ਲਗ ਜਾਂਦਾ ਹੈ, ਕਿ ਉਸਦਾ ਮਾਨਸਿਕ ਬਲ ਬੁਢੇਪੇ ਯਾ ਸ਼ਾਂਤ ਜੀਵਨ ਦੇ ਕਾਰਣ ਭੀ ਖੀਣ ਨਹੀਂ ਸੀ ਹੋਇਆ।

ਇਸਤੋ ਬਾੱਦ ਬਾਬਰ ਨੇ ਇਨ੍ਹਾਂ ਨੂੰ ਧੌਲਪੁਰ ਤੇ ਸੀਕਰੀ ਲੈ ਜਾ ਕੇ ਆਪਣੀਆਂ ਬਣਵਾਈਆਂ ਇਮਾਰਤਾਂ ਤੇ ਲਗਵਾਏ ਹੋਏ ਬਾਮ ਵਿਖਾਲੇ। ਇਸ ਤੋ ਬਾੱਦ ਹੀ ਬੇਗਮ ਨੇ ਆਪਣੀ ਕਿਤਾਬ ਵਿਚ, ਖਾਨਜ਼ਾਦਾ ਬੇਗਮ ਨਾਲ, ਹੋਰਨਾਂ ਬੇਗਮਾਂ ਦਾ ਔਣਾ ਲਿਖਿਆ ਹੈ। ਪਰ ਬਾਬਰ ਨੇ ਆਪਣੀ ਕਥਾ ਵਿੱਚ ਉਨ੍ਹਾਂ ਦੇ ਆਉਣ ਦਾ ਕੋਈ ਜਿਕਰ ਨਹੀ ਕੀਤਾ।

ਜਿਸ ਸਮੇ ਹੁਮਾਯੂੰ, ਮੌੜ (ਬੰਗਾਲ) ਵਿਚ ਸੁਖ ਨਾਲ ਦਿਨ ਬਤੀਤ ਕਰ ਰਿਹਾ ਸੀ;ਉਸ ਮੌਕੇ ਹਿੰਦਾਲ ਨੇ ਕੁਝ ਸਰਦਾਰਾ ਰਾਇ ਬਗਾਵਾਤ ਕਰ ਦਿੱਤੀ। ਇਹ ਖਬਰ ਸੁਣ ਕੇ ਜਦੋਂ ਉਹ ਮੁੜਿਆ ਤਾਂ ਰਸਤੇ ਵਿੱਚ, ੨੭ ਜੂਨ ਸੰਨ ੧੫੩੯ (ਈਸਵੀ) (੨੦ ਹਾੜ ੧੫੯੫ ਬਿ;) ਨੂੰ ਚੌਸਾ-ਯੁੱਧ ਵਿੱਚ, ਸ਼ੇਰ ਸ਼ਾਹ ਸੂਰੀ ਪਾਸੋਂ ਬੁਰੀ ਤਰਾਂ ਹਾਰ ਖਾਕੇ ਰਾਜਧਾਨੀ (ਆਗਰੇ?) ਪਹੁੰਚਾ। ਇਸੇ ਜੁੱਧ ਵਿੱਚ ਜਦੋਂ ਹੁਮਾਯੂੰ, ਗੰਗਾ ਨਦੀ ਲੰਘਦਾ ਹੋਇਆ ਡੁੱਲਣ ਲੱਗਾ, ਤਾਂ ਨਜ਼ਮ ਸੱਕੇ ਨੇ, ਉਸਦੀ ਜਾਨ ਬਚਾਈ, ਇਨਾਮ ਵਜੋਂ ਹੁਮਾਯੂੰ ਨੇ ਉਸ ਭਿਸ਼ਤੀ ਨੂੰ, ਕੁਝ ਸਮੇਂ ਲਈ ਇਕ ਦਿਨ ਤਖਤ ਪੁਰ ਬਿਠਾਇਆ ਸੀ। ਜਦੋਂ ਉਸਨੇ ਆਪਣੀ ਮਸ਼ਕ ਕੱਟਕੇ ਚੱਮ ਦੇ ਸਿੱਕੇ ਚਲਾਏ ਸਨ। ਇਨ੍ਹਾਂ ਹੀ ਦਿਨਾਂ ਵਿੱਚ ਗੁਲਬਦਨ ਬੇਗਮ ਨੇ ਆਪਣੇ ਭਰਾ ਹੁਮਾਯੂੰ ਨਾਲ ਮਿਲਣੀ ਕੀਤੀ ਸੀ; ਜਿਸਦਾ ਕਿ ਇਨ੍ਹਾਂ ਹੀ ਦਿਨਾਂ ਵਿਚ ਖਿਜ਼ਰ ਖ੍ਵਾਜਾ ਖਾਂ ਨਾਲ ਵਿਆਹ ਹੋ ਚੁੱਕਾ ਸੀ; ਅਤੇ ਜਿਸਦੀ ਉਮਰ ਸਤਾਰਾਂ ਵਰ੍ਹੇ ਦੇ ਕਰੀਬ ਸੀ । ਸਨ੍ ੧੫੩੭ਈ: (੧੫੯੪ ਬਿ:) ਵਿੱਚ ਮਾਹਮ ਬੇਗਮ ਮਰ ਗਈ ਸੀ ਤੇ ਗੁਲਬਦਨ ਆਪਣੀ ਮਾਤਾ ਦਿਲਦਾਰ ਬੇਗਮ ਪਾਸ ਹੀ ਰਹਿੰਦੀ ਸੀ॥

ਬਾੱਦਾਂ ਜਦੋਂ ਸ਼ੇਰ ਸ਼ਾਹ ਸੂਰੀ ਨੇ ਬੰਗਾਲ ਤੋਂ ਚੜ੍ਹਾਈ ਕੀਤੀ ਤਾਂ ਹਮਾਯੂੰ ਨੇ ਕਾਮਰਾਨ ਨੂੰ ਆਪਣਾ ਪ੍ਰਤਿਨਿਧ ਬਣਾਕੇ ਆਗਰੇ ਛੱਡਿਆ; ਤੇ ਖੁਦ ਮੁਕਾਬਲੇ ਵਾਸਤੇ ਕਨੌਜ ਵਲ ਵਧਿਆ। ਏਧਰ ਕਾਮਰਾਨ, ਰਾਜਧਾਨੀ ਸੁੰਞੀ ਛੱਡਕੇ, ਬਾਰਾ ਸੌ ਸਵਾਰਾਂ ਨਾਲ ਲਾਹੌਰ ਤੁਰ ਗਿਆ। ਉਸਦੇ ਨਾਲ ਹੀ ਬਹੁਤ ਸਾਰੀਆਂ ਨਾਰੀਆਂ ਤੇ ਪੁਰਖ ਬਚਾਉ ਵਾਸਤੇ ਚਲੇ ਗਏ । ਗੁਲਬਦਨ ਨੂੰ ਵੀ ਹੁਮਾਯੂੰ ਦਾ ਹੁਕਮ ਵੇਖ ਕੇ ਨਾਲ ਜਾਣਾ ਪਿਆ। ਇਸ ਭਾਜੜ ਵਿਚ ਉਹ ਬਧੇਰੇ ਦੁੱਖ ਝੱਲਣ ਤੋਂ ਬਚ ਗਈ । ੧੭ ਮਈ ਸਨ ੧੫੪੦ ਈ: (੨੧ ਜੇਠ ੧੫੯੭ ਬਿ:) ਨੂੰ ਕਨੌਜ ਦਾ ਜੁੱਧ ਹੋਇਆ। ਜਿਸ ਵਿੱਚ ਹੁਮਾਯੂੰ ਦੀਅਣਗਿਣਤ ਸੈਨਾ, ਦਸ ਹਜ਼ਾਰ ਅਫਗਾਨਾਂ ਹੱਥੋਂ ਹਾਰਕੇ ਨੱਸ ਗਈ । ਹੁਮਾਯੂੰ, ਆਗਰੇ ਹੁੰਦਾ ਹੋਇਆ, ਲਾਹੌਰ ਪਹੁੰਚਾ॥

ਹੁਣ ਲਾਹੌਰ ਵਿੱਚ ਤੈਮੂਰੀਆਂ ਦੀਆਂ ਤੈਹਿਆਂ ਤੇ ਤੈਹਿਆਂ ਚੜ੍ਹ ਗਈਆਂ। ਅਤੇ ਭਰਾਵਾਂ ਵਿੱਚ ਓਦੋਂ ਤੱਕ ਤਾਨੇ ਮੇਹਣੇ ਤੇ ਸਲਾਹ ਮਸ਼ਵਰੇ ਹੁੰਦੇ ਰਹੇ, ਜਦੋਂ ਤੱਕ ਸ਼ੇਰਸ਼ਾਹ ਬਿਆਸ ਦੇ ਕੰਢੇ ਨਹੀਂ ਪੁੱਜ ਗਿਆ। ਜਦੋਂ ਉਹ ਸਿਰ ਆਯਾ ਵੇਖਿਆ; ਤਾਂ ਸਭ ਨੂੰ ਹੱਥਾਂ ਪੈਰਾਂ ਦੀਆਂ ਪੈ ਗਈਆਂ। ਕੋਈ ਕਿੱਧਰੇ, ਕੋਈ ਕਿਧਰੇ ਨੱਸ

ਤੁਰਿਆ। ਨਾਰੀਆ ਬਹੁਤ ਸਾਰੀਆਂ ਮਿਰਜ਼ਾ ਕਾਮਰਾਨ ਨਾਲ ਕਾਬੁਲ ਚਲੀਆਂ ਗਈਆਂ। ਗੁਲਬਦਨ ਭੀ ਇਨ੍ਹਾਂ ਵਿੱਚ ਹੀ ਸੀ। ਹੁਮਾਯੂੰ ਪੰਜ ਵਰ੍ਹੇ ਸਿੰਧੁ ਰਾਜਪੂਤਾਨੇ ਤੇ ਫਾਰਸ ਆਦਿ ਦੇਸਾਂ ਵਿੱਚ ਮਾਰਿਆ ਬਿਪਤਾ ਦਾ ਫਿਰਦਾ ਰਿਹਾ। ਓਨਾਂ ਚਿਰ ਬੇਗਮ, ਕਾਬੁਲ ਹੀ ਟਿਕੀ ਰਹੀ। ਇਨ੍ਹਾ ਪੰਜਾ ਵਰ੍ਹਿਆਂ ਦੇ ਹਾਲ ਉਸਨੇ, ਆਪਣੀ ਭਾਬੀ ਹਮੀਦਾਬਾਨੂ ਬੇਗਮ- ਜੋ ਹੁਮਾਯੂੰ ਨੇ ਇਸ ਭਾਜੜ ਵਿਚ ਹੀ ਵਿਆਹੀ ਸੀ- ਤੋਂ ਸੁਣਕੇ ਹੀ ਲਿਖਿਆ ਹੈ। ਪਰ ਐਸੀ ਉਤਮਤਮਾ ਨਾਲ, ਜਾਣੋਂ ਉਸਨੇ ਨਾਲ ਰਹਿਕੇ ਸਭ ਕੁਝ ਅੱਖੀਂ ਵੇਖਿਆ ਸੀ।

ਗੁਲਬਦਨ, ਕਾਬੁਲ ਵਿੱਚ ਬੜੇ ਆਰਾਮ ਨਾਲ ਰਹੀ । ਕਿਉਂ ਜੋ ਉਸ ਦੇ ਪੁੱਤ੍ਰਾਦਿ ਸਭ ਓਥੇ ਹੀ ਸਨ। ਜਿਨ੍ਹਾਂ ਵਿੱਚੋਂ ਇੱਕ ਦਾ ਨਾਮ ਉਸ ਨੇ ਸਆੱਦਤ ਯਾਰ ਖਾਂ ਦੱਸਿਆ ਹੈ। ਭਾਵੇਂ ਖਿਜ਼ਰ ਖ੍ਵਾਜਾ ਖਾਂ ਦੇ ਕਈ ਪੁੱਤ੍ਰ ਸਨ; ਪਰ ਪਤਾ ਨਹੀ ਉਨ੍ਹਾਂ ਵਿਚੋਂ ਕਿਤਨੇਂ ਤੇ ਕੇਹੜੇ ਗੁਲਬਦਨ ਦੀ ਕੁੱਖੋਂ ਸਨ। ਮਿਰਜ਼ਾ ਕਾਮਰਾਨ, ਸ਼ਾਹੀ ਬੇਗਮ ਨਾਲ ਬੜਾ ਭੈੜਾ ਸਲੂਕ ਕਰਦਾ ਸੀ। ਏਥੋਂ ਤੱਕ ਕਿ ਉਹ ਮਹਿਲਾਂ ਚੋਂ ਕੱਢ ਦਿੱਤੀਆਂ ਸਨ ਤੇ ਰੋਜ਼ੀਨੇ ਘਟਾ ਦਿੱਤੇ ਸਨ, ਪਰ ਉਹ ਗੁਲਬਦਨ ਦਾ ਆਦਰ ਸਤਿਕਾਰ ਕਰਦਾ ਸੀ ਤੇ ਉਸਨੂੰ ਆਪਣੇ ਘਰ ਵਾਲਿਆਂ ਸਮਾਨ ਹੀ ਸਮਝਦਾ ਸੀ ।

੧੫ ਨਵੰਬਰ ੧੫੪੫ ਈ: (੧੭ ਮੱਘਰ ੧੬੦੨ ਬਿ:) ਨੂੰ ਹੁਮਾਯੂੰ ਨੇ ਕਾਬੁਲ ਤੇ ਕਬਜ਼ਾ ਕਰ ਲਿਆ।--- ਸੰਨ ੧੫੪੯ ਈ: (੧੬੦੬ ਬਿ:) ਵਿੱਚ, ਗੁਲਬਦਨ ਤੇ ਹੋਰ ਬੇਗਮਾਂ ਹੁਮਾਯੂੰ ਦੀ ਸੈਨਾ ਨਾਲ ਜੋ ਬਲਖ ਜਾ ਰਹੀ ਸੀ- ਕੋਹਿ ਦਾਮਨ ਤੱਕ ਸੈਰ ਕਰਨ ਗਈਆਂ ਤੇ ਫ਼ਰਜਾਂ ਦੇ ਝਰਨੇ ਦਾ ਨਜ਼ਾਰਾ ਵੇਖ ਕੇ ਮੁੜ ਆਈਆਂ॥

੨੦ ਨਵੰਬਰ ੧੫੫੧ ਈ: (੨੧ ਮੱਘਰ ੧੬੦੮ ਬਿ:) ਨੂੰ ਕਾਮਰਾਨ ਦੇ ਰਾਤੀ ਮਾਰੇ ਛਾਪੇ ਵਿੱਚ ਬੀਰਤਾ ਪੂਰਬਕ ਲੜਦਾ ਹੋਇਆ ਹਿੰਦਾਲ ਮਾਰਿਆ ਗਿਆ। ਇਹ ਸੁਨਾਉਣੀ ਸੁਣਕੇ ਗੁਲਬਦਨ ਨੂੰ ਬੜਾ ਦੁੱਖ ਤੇ ਸੋਗ ਹੋਇਆ। ਕਿਉਂ ਜੋ ਉਸਦਾ ਇਹ ਇੱਕੋ ਸਕਾ ਭਾਈ ਸੀ। ਹਿੰਦਾਲ ਦੀ ਕੇਵਲ ਇੱਕ ਹੀ ਪੁੱਤ੍ਰੀ ਰੁਕਿਯਾੱ ਬੇਗਮ ਸੀ; ਜੋ ਅਕਬਰ ਨਾਲ ਪ੍ਰਣਾਈ ਗਈ ਸੀ।

ਭਰਾਵਾਂ ਪਾਸੋ ਖਲਾਸੀ ਪਾਕੇ, ਹੁਮਾਯੂੰ ੧੫ ਨਵੰਬਰ ੧੫੫੪ ਈ: (੧੬ ਮੱਘਰ ੧੬੧੧ ਬਿ:) ਨੂੰ, ਕਾਬੁਲ ਤੋਂ ਚੜ੍ਹਿਆ। ਅਰੁ ਪੰਜਾਬ ਫਤਿਹ ਕਰਕੇ, ੨੩ ਜੁਲਾਈ ੧੫੫੫ ਈ: (੨੪ ਸਾਉਣ ੧੬੧੨ ਬਿ:) ਨੂੰ ਦਿੱਲੀ ਤੇ ਤਖ਼ਤ ਪੁਰ ਬੈਠਾ। ਖਿਜ਼ਰ ਖ੍ਵਾਜਾ ਖਾਂ ਭੀ ਨਾਲ ਹੀ ਭਾਰਤ ਆਇਆ ਸੀ।--- ੨੭ ਜਨਵਰੀ ੧੫੫੬ ਈ: (੧ ਫੱਗਣ ੧੬੧੨) ਨੂੰ ਹੁਮਾਯੂੰ, ਦਿੱਲੀ ਵਿਚ ਕਾਲਵੱਸ ਹੋ ਗਿਆ। ਅਤੇ ਅਕਬਰ, ਭਾਰਤ ਦਾ ਬਾਦਸ਼ਾਹ ਬਣ ਗਿਆ। ਇਸੇ ਸਾਲ ਅਕਬਰ ਨੇ ਮੁਹੱਮਦ ਕੁਲੀ ਖਾਂ ਬ੍ਰਲਾਸ, ਅਤਗ਼ਾ ਖਾਂ ਤੇ ਖਿਜ਼ਰ ਖ੍ਵਾਜਾ ਖਾਂ ਨੂੰ ਥੋੜੀ ਜੇਹੀ ਸੈਨਾ ਦੇਕੇ, ਆਪਣੀ ਮਾਤਾ ਤੇ ਹੋਰਨਾਂ ਬੇਗਮਾਂ ਨੂੰ ਲਿਆਉਣ ਵਾਸਤੇ, ਕਾਬੁਲ ਭੇਜਿਆ। ਇਹ ਸਾਰੀਆਂ ਤੁਰਤ ਹੀ ਤੁਰ ਪਈਆਂ; ਤੇ ਸਨ ੧੫੫੭ ਈ ਦੇ ਸ਼ੁਰੂ (੧੬੧੩ ਬਿ: ਦੀ ਅੰਤਲੀ ਤਿਮਾਹੀ)

ਵਿੱਚ ਪੱਛਮੀ ਸ਼ਿਵਾਲਿਕ ਪਹਾੜੀ ਲਾਗੇ ਮਾਨਕੋਟ ਪਹੁੰਚ ਕੇ ਅਕਬਰ ਨੂੰ ਮਿਲੀਆਂ। ਹਮੀਦਾ ਬਾਨੂ ਬੇਗਮ (ਅਕਬਰ ਦੀ ਮਾਤਾ) ਨਾਲ ਗੁਲਬਦਨ ਬੇਗਮ, ਗੁਲਚਿਹਾਰ ਬੇਗਮ, ਹਾਜੀ ਬੇਗਮ ਤੇ ਸਲੀਮਾ ਸੁਲਤਾਨ ਬੇਗਮ ਭੀ ਹੈਸਨ॥

ਏਥੋ ਬੇਗਮਾਂ ਲਾਹੌਰ ਗਈਆਂ। ਓਥੋਂ ੭ ਦਿਸੰਬਰ ੧੫੫੭ ਈ: (੧੦ ਪੋਹ ੧੬੧੪ ਬਿ:) ਨੂੰ ਦਿੱਲੀ ਵੱਲ ਟੁਰੀਆਂ ਜਲੰਧਰ ਵਿੱਚ ਮੁਕਾਮ ਹੋਇਆ। ਏਥੇ ਹੀ ਬੇਰਮ ਖਾਂ ਖਾਨਖਾਨਾਂ ਦਾ ਨਿਕਾਹ, ਬਾਬਰ ਦੀ ਨਤਨੀ (ਪੋਤ੍ਰੀ?) ਸਲੀਮਾ ਸੁਲਤਾਨ ਬੇਗਮ ਨਾਲ ਹੋਇਆ; ਜਿਸ ਦੀ ਉਮਰ ਉਸ ਸਮੇਂ ਬਹੁਤ ਛੋਟੀ ਸੀ। ਇਹ ਨਾਤਾ ਹੁਮਾਯੂੰ ਨੇ ਹੀ ਕੀਤਾ ਸੀ; ਪਰ ਉਸ ਦੇ ਕਾਲ ਵੱਸ ਹੋ ਜਾਣ ਪੁਰ, ਹੁਣ ਉਸਦੀ ਇਛਰ ਪੂਰਨ ਕੀਤੀ ਗਈ। ਬੇਰਮ ਖਾਂ ਦੀਆਂ ਕਰਣੀ-ਕਰਤੂਤ ਤੇ ਯੋਗਤਾ ਦੇ ਇਨਾਮ ਵਜੋ, ਸ਼ਾਹੀ ਘਰਾਣੇ ਦੀ ਲੜਕੀ, ਉਸ ਨਾਲ ਪ੍ਰਣਾਈ ਗਈ ਸੀ। ਸਲੀਮਾ ਉਮਰ ਵਿਚ ਭਾਵੇਂ ਨਿਕੜੀ ਸੀ, ਪਰ ਲਾਇਕ ਤੇ ਵਿਦਵਾਨ ਸੀ। ਕਵੀਸਰੀ ਭੀ ਕਰਨ ਜਾਣਦੀ ਸੀ। ਅਤੇ ਕਵਿਤਾ ਵਿੱਚ ਛਾਪ ਮਖ਼ਫੀ ਦੇਂਦੀ ਹੁੰਦੀ ਸੀ॥

ਸਨ ੧੫੫੬ ਈ: ਦੇ ਸ਼ੁਰੂ (੧੬੧੨ ਬਿ: ਦੇ) ਅੰਤੁ ਵਿੱਚ, ਜਦੋਂ ਅਕਬਰ ਹੇਮੂੰ ਬਾਣੀਏ ਦੇ ਮੁਕਾਬਲੇ ਵਾਸਤੇ ਚੜ੍ਹਿਆ, ਤਾਂ ਖਿਜਰ ਖ੍ਵਾਜਾ ਖਾਂ ਨੂੰ, ਲਾਹੌਰ ਵਿੱਚ ਸੂਬੇਦਾਰ ਬਣਾਕੇ ਛੱਡ ਗਏ ਸਨ। ਸਿਕੰਦਰ ਸ਼ਾਹ ਸੂਰੀ ਜਿਸ ਦੀ ਦੇਖ ਭਾਲ ਵਾਸਤੇ ਖ੍ਵਾਜਾ ਜੀ ਛੱਡੇ ਗਏ ਸਨ ਮੌਕਾ ਪਾਕੇ ਮਾਨਕੋਟ ਤੋਂ ਨਿਕਲਿਆ, ਇਹ ਚੂੰਕਿ ਕੀ ਚੰਗਾ ਸੈਨਾਨੀ ਨਹੀ ਸੀ ਸੂਰੀ ਤੋਂ ਹਾਰ ਖਾਕੇ ਲਾਹੌਰ ਮੁੜ ਆਇਆ। ਸਿਕੰਦਰ ਨੇ ਏਥੇ ਭੀ ਆ ਘੇਰਿਆ। ਅਕਬਰ ਨੇ ਮੁੜਕੇ ਪੰਜਾਬ ਵਿੱਚ ਸ਼ਾਂਤੀ ਵਰਤਾਈ। ਇਸ ਤੋਂ ਬਾੱਦ ਇਹ ਕਿਸੇ ਅੱਛੇ ਅਹੁਦੇ ਪੁਰ ਨੀਯਤ ਨਹੀ ਕੀਤਾ ਗਿਆ ਉਂਞ ਹੈਸੀ ਪੰਜ ਹਜਾਰੀ ਮਨਸਬਦਾਰ ਤੇਂ ਅਮੀਰੁਲ ਉਮਰਾ ਹੀ ਸੀ।

ਅਕਬਰ ਦਾ ਫੁੱਫੜ ਹੋਣ ਕਰਕੇ, ਸ਼ਾਹੀ ਦਰਬਾਰ ਵਿੱਚ ਹੀ ਸੁਖ ਮਾਣਦਾ ਹੁੰਦਾ ਸੀ। ਸਨ ੧੫੬੩ ਈ: (੧੬੨੦ ਬਿ:) ਵਿਚ ਜਦੋਂ ਅਕਬਰ ਇਕ ਮੁੰਡੇ ਹੱਥੋ ਦਿੱਲੀ ਵਿਖੇ ਘਾਇਲ ਹੋਇਆ; ਤਦ ਖ੍ਵਾਜੇ ਨੇ ਖੂਬ ਸੇਵਾ ਕੀਤੀ। ਇਹ ਮੋਇਆ ਕਦੋਂ ਤੇ ਕਿਵੇਂ ? ਪਤਾ ਨਹੀ ਲੱਗ ਸਕਿਆ।

ਗੁਲਬਦਨ ਦੇ ਭਾਰਤ ਆ ਜਾਣ ਤੋ ਬਾੱਦ, ਸਨ ੧੫੭੪ ਈ: (ਸੰਮਤ ੧੬੩੧ਬਿ:) ਤੱਕ, ਉਸਦਾ ਜਿਕਰ ਕਿਸੇ ਇਤਿਹਾਸ ਵਿੱਚ ਨਹੀ ਮਿਲਦਾ। ਇਸ ਵਰ੍ਹੇ ਇਸਦੇ ਹੱਜ ਕਰਨ ਜਾਣ ਦਾ ਜ਼ਿਕਰ ਆਉਂਦਾ ਹੈ। ਗੁਲਬਦਨ ਦਾ ਜੀਵਨ ਅਕਬਰ ਦੀ ਛਤ੍ਰ ਛਾਯਾ ਵਿੱਚ ਬੜੇ ਸੁਖ-ਸੁਭੀਤੇ ਨਾਲ ਬਿਤੀਤ ਹੋਇਆ । ਮਾਤਾ ਤੇ ਇਸਤ੍ਰੀ ਦੇ ਕੰਮਾਂ ਅਰੁ ਪੜ੍ਹਨ – ਪੜ੍ਹਾਉਣ ਤੇ ਕਵਿਤਾ ਰਚਣ ਵਿਚ ਸਮਾ ਲੰਘਾਉਂਦੀ ਸੀ । ਭਾਰਤ ਦੀ ਨਵੀ ਰਹੂ ਰੀਤਿ ਦਾ ਵਰਤਾਰਾ ਭੀ ਵੇਖਦੀ ਕਰਦੀ ਰਹੀ ਹੋਊ । ਸਫਰ ਸਮੇ ਅਕਬਰ ਦੇ ਨਾਲ ਹੀ ਰਹਿੰਦੀ ਸੀ। ਇਸ ਦਾ ਡੇਰਾ ਹਮੀਦਾ ਬਾਨੂ ਬੇਗਮ (ਰਾਜਮਾਤਾ) ਦੇ ਲਾਗੇ ਹੁੰਦਾ ਸੀ । ਉਸ ਦੀ ਇੱਛਾ ਭਾਵੇ ਬਹੁਤ ਚਿਰੋਕਣੀ ਹੱਜ ਕਰਨ ਦੀ ਸੀ, ਪਰ ਅਕਬਰ ਜਾਣ ਨਹੀ ਸੀ ਦੇਂਦਾ। ਆਖਰ ਸਨ੧੫੭੫ਈ:(੧੬੫੨ਬਿ:)

ਵਿੱਚ ਜਾਣ ਦਾ ਢੋਆ ਬਣਿਆ। ਸ਼ਾਹੀ ਘਰਾਣੇ ਵਿੱਚ ਹੋਣ ਕਰਕੇ ਇਸ ਕਾਫਲੇ ਦੀ ਮੀਰ ਹਾੱਜ ਸੀ । ਦੂਜੇ ਥਾਂ ਸਲੀਮਾ ਸੁਲਤਾਨ ਬੇਗਮ ਸੀ, ਜੋ ਅਕਬਰ ਦੀ ਰਾਣੀ ਸੀ। ਭਾਵੇਂ ਸੁਹਾਗਣ ਨਾਰਿ ਵਾਸਤੇ ਹੱਜ ਕਰਨ ਦਾ ਵਿਧਾਨ ਨਹੀ ਸੀ; ਪਰ ਜੇ ਤੀਬਰ ਇੱਛਾ ਹੋਵੇ ਤਾਂ ਕਰ ਭੀ ਸਕਦੀ ਹੈ। ਅਸਕਰੀ ਦੀ ਨਾਰਿ ਸੁਲਤਾਨਮ ਬੇਗਮ, ਕਾਮਰਾਨ ਦੀਆਂ ਦੋ ਧੀਆਂ ਹਾਜੀ ਬੇਗਮ ਤੇ ਗੁਲਜ਼ਾਰ ਬੇਗਮ; ਗੁਲਬਦਨ ਦੀ ਪੋਤ੍ਰੀ ਅੱਮ ਕੁਲਸੂਮ ਤੇ ਸਲੀਮਾ ਖਾਨਮ ਭੀ ਨਾਲ ਗਈਆ ਸਨ। ਇਨ੍ਹਾਂ ਤੋਂ ਬਿਨਾਂ ਹੋਰ ਭੀ ਬਹੁਤ ਸਾਰੀਆਂ ਨਾਰੀਆਂ ਹਾਜੀਆਂ ਵਿਚ ਸਨ। ਜਿਨ੍ਹਾਂ ਵਿਚੋਂ ਗੁਲਨਾਰ ਆਗਾਚਾ; ਬੀਬੀ ਸਰੂਕਦ- ਜੋ ਮੁਨਾਇੱਮ ਖਾਂ ਖਾਨਖਾਨਾਂ ਦੀ ਵਿਧਵਾ ਸੀ; ਬੀਬੀ ਸਫੀਯਾ ਤੇ ਸ਼ਾਹਮ ਆਗਾ ਦੇ ਨਾਮ ਵਰਨਣ ਜੋਗ ਹਨ। ੧੫ ਅਕਤੂਬਰ ਸਨ ੧੫੭੫ ਈ: (੧੫ ਕੱਤਿਕ ੧੬੩੨ ਬਿ:) ਨੂੰ ਇਹ ਕਾਰਵਾਂ ਫਤਹਪੁਰ – ਸੀਕਰੀ ਤੋਂ ਰਵਾਨਾ ਹੋਇਆ। ਮੁਹੰਮਦ ਬਾਕੀ ਖਾਂ ਕੋਕਾ ਤੇ ਰੂਮੀ ਖਾਂ ਆਦਿ ਸਰਦਾਰ ਇਸ ਕਾਰਵਾਂ ਦੇ ਰਾਖੇ ਸਨ। ਸੁਲਤਾਨ ਸਲੀਮ ਇਕ ਪੜਾਉ ਤੱਕ ਨਾਲ ਗਿਆ; ਤੇ

ਚਹੁੰ ਵਰ੍ਹਿਆਂ ਦੇ ਸ਼ਾਹਜਾਦਾ ਮੁਰਾਦ ਨੂੰ ਸੂਰਤ ਤੱਕ ਨਾਲ ਜਾਣ ਦੀ ਆਗਿਆ ਹੋਈ। ਪਰ ਗੁਲਬਦਨ ਦੇ ਕਹਿਣ ਪਰ, ਉਸਦਾ ਖਹਿੜਾ ਨੇੜਿਓਂ ਹੀ ਛੁੱਟ ਗਿਆ ਚੂੰਕਿ ਰਾਜ ਅਜੇ ਪੱਕੀ ਤਰਾਂ ਕਾਇਮ ਨਹੀ ਸੀ ਹੋਇਆ, ਇਸ ਲਈ ਇਸ ਕਾਫਲੇਂ ਨੂੰ ਰਾਹ ਵਿਚ ਕਾਫੀ ਤਕਲੀਫਾਂ ਹੋਈਆਂ। ਅਰਬ ਸਾਗਰ ਵਿੱਚ ਚੂੰਕਿ ਪੁਰਤਗਾਲ ਵਾਲਿਆਂ ਦੀ ਪ੍ਰਧਾਨਤਾ ਸੀ। ਇਸ ਲਈ ਉਨ੍ਹਾਂ ਤੋਂ ਅਗਿਆ ਪਤ੍ਰ ਲੈਣਾ ਜਰੂਰੀ ਸੀ। ਬੇਗਮਾਂ ਨੂੰ ਤੁਰਕੀ ਦੇ ਜਹਾਜ਼ 'ਲਲੀਮ' ਪੁਰ --ਜੋ ਕਰਾਏ ਤੇ ਲਿਆ ਗਿਆ ਸੀ-ਸਵਾਰ ਕੀਤਾ ਗਿਆ ਹੋਰ ਯਾਤ੍ਰੀ ਸ਼ਾਹੀ ਜਹਾਜ਼ 'ਇਲਾਹੀ' ਪਰ ਚੜੇ। ਪਹਿਲਾ ਜਹਾਜ ਕਰਾਏ ਦਾ ਹੋਣ ਕਰਕੇ, ਬਚ ਗਿਆ, ਪਰ ਦੂਜੇ ਨੂੰ ਆਗਿਆ ਪੱਤ੍ਰ ਨਾ ਹੋਣ ਕਰਕੇ ਰੋਕਿਆ ਗਿਆ। ਓੜਕ ਪਾਸ ਮਿਲਣਪੁਰ ਦੋਵੇਂ ਜਹਾਜ ੧੭ ਅਕਤੂਬਰ ੧੫੭੬ ਈ: (੧੭ ਕੱਤਿਕ ੧੬੩੩ ਬਿ:) ਨੂੰ ਜਹਾਜ਼ ਘਾਟ ਤੋ ਛੁੱਟੇ।

ਬੇਗਮਾਂ ਨੇ ਅਰਬ ਵਿਚ ਕਈ ਵਰ੍ਹੇ ਫਿਰਕੇ ਚਹੁਆਂ ਸਥਾਨਾਂ ਦੀ ਖੂਬ ਯਾਤ੍ਰਾ ਕੀਤੀ। ਸਨ (੧੬੩੯ ਬਿ:) ਈ: ਵਿੱਚ ਮੁੜ ਫਤਹਪੁਰ-ਸੀਕਰੀ ਆ ਗਈਆਂ।

ਗੁਲਬਿਦਨ ਨੇ ਹੁਮਾਯੂੰਨਾਮੇ ਤੋਂ ਬਿਨਾਂ ਕੁਝ ਕਵਿਤਾਵਾਂ ਭੀ ਲਿਖੀਆਂ ਸਨ। ਜਿਨ੍ਹਾਂ ਵਿਚੋਂ ਇੱਕ ਸ਼ੇੱਰ ਮੀਰ ਮਹਿਦੀ ਸ਼ੀਰਾਜ਼ੀ ਨੇ ਆਪਣੀ ਕਿਤਾਬ ਤਜ਼ਕਿਰ: ਤੁਲਖਵਾਤੀਨ ਵਿੱਚ ਦੁਹਰਾਇਆ ਹੈ। ਉਸਦਾ ਭਾਵ ਹੈ:- "ਜੋ ਨਾਰਿ ਆਪਣੇ ਪ੍ਰੇਮੀ ਨਾਲ ਪ੍ਰੇਮ ਨਹੀ ਰੱਖਦੀ; ਸੱਚ ਜਾਣੋ, ਉਸਦੀ ਅਵਸਥਾ ਵਿਚ ਸਿਵਾ ਬਾਲਪੱਣ ਦੇ ਹੋਰ ਕੁੱਝ ਨਹੀ!"

ਬੇਗਮ ਨੂੰ ਕਿਤਾਬਾਂ ਕੱਠੀਆਂ ਕਰਨ ਦਾ ਬੜਾ ਸ਼ੌਕ ਸੀ। ਬਾਯਜ਼ੀਦ ਦੇ 'ਹੁਮਾਯੂੰਨਾਮੇ' ਦੀਆਂ ਨੋ ਨਕਲਾਂ ਕਰਵਾਈਆਂ ਗਈਆਂ ਸਨ। ਜਿਨ੍ਹਾਂ ਵਿਚੋਂ ਦੋ ਸ਼ਾਹੀ ਪੁਸਤਕਾਲੇ ਵਿੱਚ ਰੱਖੀਆਂ ਗਈਆਂ; ਇਕ ਇਕ

ਸਲੀਮ, ਮੁਰਾਦ ਤੇ ਦਾਨਿਯਾਲ ਸ਼ਾਹਜਾਦਿਆਂ ਨੂੰ; ਇਕ ਗੁਲਬਦਨ ਨੂੰ; ਦੋ ਅਬੂਲਫਜ਼ਲ ਨੂੰ; ਤੇ ਇੱਕ ਉਸਦੇ ਕਰਤਾ ਨੂੰ ਮਿਲੀ ਸੀ।....ਅੱਸੀ ਵਰ੍ਹੇ, ਦੀ ਉਮਰੇ, ਸਨ ੧੬੦੩ ਈ: ਦੇ ਫਰਵਰੀ ਮਹੀਨੇ (ਫੱਗਣ ੧੬੫੯ ਬਿ:) ਵਿੱਚ ਕੁਝ ਤਾਪ ਆਉਣ ਨਾਲ ਗੁਲਬਦਨ ਬੇਗਮ ਨੇ ਪੰਜ ਭੂਤਕ ਸਰੀਰ ਤਿਆਗ ਦਿੱਤਾ। ਅੰਤ ਸਮੇ ਤੱਕ ਹਮੀਦਾ ਬੇਗਮ ਨਾਲ ਰਹੀ। ਨੈਣ ਬੰਦ ਕੀਤੀ;ਜਦੋ ਇਹ ਪਈ ਸੀ, ਹਮੀਦਾ ਨੇ 'ਜੀਓ!' ਆਖ ਕੇ ਕੁਵਾਇਆ। ਕੁਝ ਦੇਰ ਬਾੱਦ ਅੱਖੀ ਉਘੇੜ ਕੇ ਬੋਲੀ: "ਮੈਂ ਤਾਂ ਚਲਦੀ ਹਾਂ; ਤੁਸੀ ਜੀਓ!"

ਅਕਬਰ ਨੇ ਆਪਣੀ ਸੁਯੋਗ ਭੂਆ ਦਾ ਜਨਾਜ਼ਾ ਉਠਾਯਾ ਸੀ। ਜੇ ਪੁੱਤ੍ਰ ਨਾ ਹੁੰਦੇ; ਕਿਰਯਾ-ਕਰਮ ਭੀ ਸਖਾ, ਬਾਦਸਾਹ ਖੁਦ ਕਰਦਾ।

ਐਉਂ, ਇਕ ਸੁਯੋਗ, ਨਿਕਾਣੀ, ਨੇਕ ਤੇ ਸਨੇਹ-ਭਰਪੂਰ ਨਾਰੀ ਦੀ ਜੀਵਨ ਖੇਡ ਖਤਮ ਹੋ ਗਈ। ਲੇਕਿਨ ਆਪਣੇ ਲਿਖੇ ਇਸ ਪੁਸਤਕ ਦੇ ਸਦਕੇ ਤੇ ਧਰਮਧਾਰਣੀ ਹੋਣ ਕਰਕੇ, ਸੈਂਕੜੇ ਵਰ੍ਹੇ, ਬੀਤ ਜਾਣ ਪੁਰ ਭੀ, ਅਸਾਂ ਲੋਕਾਂ ਦੀ ਮਿੱਤ੍ਰ ਤੇ ਅਮਰ ਹੈ।

ੴ

## ਹੁਮਾਯੂੰ ਨਾਮਹ

ਆਗਿਆ[6] ਹੋਈ ਸੀ, ਕਿ "ਜੋ ਸਮਾਚਾਰ ਫਿਰਦੌਸਮਕਾਨੀ[7] (ਬਾਬਰ) ਤੇ ਜੱਨਤ ਆਸ਼ਿਯਾਨੀ[8] (ਹੁਮਾਯੂੰ) ਦੇ ਚੇਤੇ ਹੋਣ, ਲਿਖੋ!" ਜਿਸ ਵੇਲੇ ਫਿਰਦੌਸ ਮਕਾਨੀ ਇਸ ਅਸਾਰ ਸੰਸਾਰ ਤੋਂ ਬਹਿਸ਼ਤ ਪਧਾਰੇ, ਇਹ ਤੁੱਛ ਜਿੰਦੜੀ ਅੱਠਾਂ ਵਰ੍ਹਿਆਂ ਦੀ ਸੀ। ਇਸੇ ਕਰਕੇ, ਕੁਝ ਕੁ ਵ੍ਰਿਤਾਂਤ ਯਾਦ ਸੀ। ਬਾਦਸ਼ਾਹੀ ਆਗਿਆ ਪਾਲਣ ਹਿਤ, ਜੋ ਕੁੱਝ ਸੁਣਿਆਂ ਵੇਖਿਆ ਯਾਦ ਸੀ; ਲਿਖਿਆ ਜਾਂਦਾ ਹੈ॥

ਇਸ ਪੁਸਤਕ ਨੂੰ ਪਾਕ-ਪਵਿਤ੍ਰ ਬਨਾਣ ਲਈ ਪਹਿਲੋਂ ਪਿਤਾ-ਪਾਤਸ਼ਾਹ ਦਾ ਵਿਰਤਾਂਤ ਲਿਖਿਆ ਜਾਂਦਾ ਹੈ; ਭਾਵੇ ਇਹ, ਉਨਾਂ ਦੀ ਅਪਨੀ ਕਥਾ *ਤੁਜ਼ਕਿਬਾਬਰੀ* ਵਿੱਚ ਦਰਜ਼ ਹੈ॥

---

6 ਸ਼ਾਇਦ ਅਕਬਰਨਾਮਾ ਲਿਖਣ ਵਾਸਤੇ ਮਸਾਲਾ ਇੱਕਠਾ ਕਰਨ ਸਮੇ ਇਹ ਆਗਿਆ; ੯੯੫ ਹਿਜਰੀ (੧੬੪੪ ਬਿ:) ਹੋਈ ਹੋਵੇ;

7 ਸੁਰਗ ਵਿੱਚ ਘਰ ਯਾ ਆਲ੍ਹਣਾ ਹੈ ਜਿਸਦਾ। ਭਾਵ ਸੁਰਗ ਵਾਸੀ। ਮੁਸਲਮਾਨ ਸ਼ਾਹੀ ਘਰਾਣਿਆ ਵਿਚ ਮਰਨ ਤੋਂ ਬਾੱਦ ਇਸ ਤਰਾਂ ਦੇ ਸਨਮਾਨਿਤ ਨਾਮ ਰੱਖਣ ਦਾ ਰਿਵਾਜ ਸੀ। ਰਾਜਾ, ਰਾਣੀ ਕੋਈ ਭੀ ਭਾਵੇਂ ਮਰੇ।

8 ਇਸ ਨਾਮ ਦੀ ਕਿਤਾਬ ਬਾਬਰ ਨੇ ਖੁਦ ਤੁਰਕੀ ਬੋਲੀ ਵਿੱਚ ਲਿਖੀ ਹੈ। ਜਿਸਨੂੰ ਫਾਰਸੀ ਵਿਚ ਅਬਦੁਰਹੀਮ ਖਾਨਖਾਨਾਂ ਨੇ ਉਲਲਾਯਾ ਨਾਮ ਰੱਖਿਆ।

ਸਾਹਿਬ ਕਿਰਾਨੀ[9] ਦੇ ਸਮੇ ਤੋਂ ਫਿਰਦੌਸ ਮਕਾਨੀ ਦੇ ਸਮੇਂ ਤੱਕ ਹੋ ਗੁਜਰੇ ਕਿਸੇ ਭੀ ਰਾਜੇ ਨੇ ਇਨ੍ਹਾਂ, ਸਮਾਨ ਘਾਲਣਾ ਨਹੀ ਘਾਲੀ ਹੋਣੀ। ਬਾਰਾਂ ਵਰ੍ਹੇ ਦੀ ਉਮਰੇ ਇਹ ਬਾਦਸ਼ਾਹ ਬਣੇ; ਤੇ ੫ ਅਜ਼ਾਨ ੯੦੯[10] ਹਿਜਰੀ ਨੂੰ, ਫਰਗਾਨਾ ਸੂਬੇ ਦੀ ਰਾਜਧਾਨੀ ਅੰਦਜਾਨ ਵਿੱਚ ਖੁਤਬਾ[11] ਪੜਿਆ ਗਿਆ।--- ਜਿਤਨੀ ਬੀਰਤਾ, ਪੌਰਖ ਤੇ ਧੀਰਜ ਇਨ੍ਹਾਂ ਨੇ ਯੁੱਧਾਂ ਤੇ ਕਸ਼ਟਾਂ ਵਿਖੇ ਵਿਖਾਇਆ, ਉਤਨਾਂ ਵਿਰਲੇ ਬਾਦਸ਼ਾਹਾਂ ਦੇ ਹਿੱਸੇ ਆਇਆ ਹੋਵੇਗਾ। ਦੋ ਵਾਰ ਤਲਵਾਰ ਦੇ ਜੋਰ ਇਨ੍ਹਾਂ ਨੇ ਸਮਰਕੰਦ ਜਿੱਤਿਆ। ਪਹਿਲੀ ਵਾਰ ਮੇਰੇ ਪਿਤਾ ਜੀ ਬਾਰਾਂ ਵਰ੍ਹੇ ਦੇ ਸਨ; ਦੂਜੀ ਵਾਰ ਉੱਨੀਹ ਬਰਸ ਦੇ। ਤੀਜੀ ਵਾਰ ਜਦੋਂ ਕਿ ਬਾਈਹ ਵਰੇ ਦੇ ਸਨ; ਛੇ ਮਹੀਨੇ ਘਿਰੇ ਰਹੇ ਸਨ।[12] ਅਤੇ ਇਨ੍ਹਾਂ ਦੇ ਚਾਚੇ ਸੁਲਤਾਨ ਹੁਸੈਨ ਮਿਰਜ਼ਾ ਬੈਕਰਾਂ ਨੇ – ਜੋ ਉਸ ਵੇਲੇ ਖੁਰਾਸਾਨ ਵਿਚ ਸਨ: ਅਤੇ ਮਾਮੇ ਸੁਲਤਾਨ ਮਹਮੂਦ ਖਾਂ ਨੇ ਜੋ ਕਾਸ਼ਗਰ ਵਿਖੇ ਸਨ, ਕੋਈ ਮਦਦ ਨਾਂ ਭੇਜੀ। ਜਦੋਂ ਕਿਸੇ ਪਾਸਿਓਂ ਸਹਾਇਤਾ ਨਾ ਮਿਲੀ ਤਾਂ ਨਿਰਾਸ਼ ਹੋ ਗਏ।[13]

ਐਸੇ ਔਖੇ ਵੇਲੇ ਸ਼ਾਹੀ ਬੇਗਖਾਨ ਨੇ ਆਖ ਭੇਜਿਆ; ਕਿ ਜੇ ਤੁਸੀ ਆਪਦੀ ਭੈਣ ਖਾਨਜ਼ਾਦਾ ਬੇਗਮ ਮੇਰੇ ਨਾਲ ਪ੍ਰਣਾ ਦਿਉ; ਤਾਂ ਸਾਡੀ ਤੁਹਾਡੀ ਸੰਧੀ ਤੇ ਮਿੱਤ੍ਰਤਾ ਹਮੇਸ਼ਾ ਲਈ ਹੋ ਜਾਏ! ਆਖਿਰ ਲੋੜ ਪਈ ਤੋਂ ਖਾਨਜ਼ਾਦਾ ਬੇਗਮ ਦਾ ਨਿਕਾਹ ਖਾਨ ਨਾਲ ਕਰਕੇ, ਆਪ ਨੇ ਖਲਾਸੀ ਪਾਈ॥[14]

ਨਾਲ ਦੋ ਸੌ ਪਿਆਦੇ ਸਨ। ਜਿਨ੍ਹਾਂ ਦੇ ਮੌਰਾਂ ਤੇ ਝੱਗੇ ਪੈਰੀ ਜੁੱਤੀਆਂ ਤੇ ਹੱਥਾ ਚ ਲਾਠੀਆਂ ਸਨ। ਐਸੀ ਬੇਸਮਾਨੀ ਨਾਲ ਖੁਦਾ ਪਰ ਭਵਕਲ ਕਰਕੇ ਬਾਦਸਾਹ ਨੇ ਬਦਖਸਾਂ ਪ੍ਰਾਂਤ ਤੇ ਕਾਬੁਲ ਵੱਲ ਧਾਈ ਕੀਤੀ।

ਕੰਦਜ਼ ਤੇ ਬਦਖਸਾਂ ਪ੍ਰਾਂਤ ਵਿੱਚ ਖੁਸ਼ਰੂਸਾਹੀਂ [15] ਦੀ ਸੈਨਾ ਤੇ ਬੰਦੇ ਸਨ। ਉਸਨੇ ਆਕੇ ਮੇਰੇ ਪਿਤਾ ਬਾਦਸ਼ਾਹ ਦੀ ਈਨ ਮੰਨ ਲਈ।

** ** ** **

[9] ਉੱਚੇ ਨਛੱਤ੍ਰਾਂ ਵਾਲਾ- ਤੈਮੂਰਲੰਗ ਦਾ ਸਨਿਮਾਨਤ ਨਾਮ ਹੈ।

[10] ਬਾਬਰ ਦਾ ਜਨਮ ੬ ਮੁਹੱਰਮ ੮੮੮ ਹਿ: (੨੦ ਫੱਗੁਣ ੧੫੩੯ ਬਿ:) ਨੂੰ ਹੋਇਆ ਤੇ ੮੯੯ ਹਿ: (੧੨ਹਾੜ ੧੫੫੫੧ ਬਿ:) ਵਿੱਚ ਫ੍ਰਗਾਨੇ ਦਾ ਬਾਦਸ਼ਾਹ ਬਣਿਆ ਸੀ। ੯੦੯ ਸਨ ਅਸੁੱਧ ਹੈ।

[11] ਮਸਜਿਦਾਂ ਵਿਚ, ਸਮੇ ਦੇ ਬਾਦਸਾਹ ਦਾ ਨਾਮ ਦੁਆ ਦੇ ਮੌਕੇ ਲਿਆ ਜਾਂਦਾ ਹੈ; ਉਸ ਰਸਮ ਨੂੰ ਖੁਤਬਾ ਕਹਿੰਦੇ ਹਨ।

[12] ਸਨ ੧੫੦੦ਈ:(੧੫੫ ਬਿ:) ਵਿੱਚ, ਜਦੋ ਸ਼ੈਬਾਨੀਖਾਂ ਨੇ ਸਮਰਕੰਦ ਘੇਰਿਆ ਸੀ।

[13] ਇਸ ਵੇਲੇ ਉਮਰ ਅਠਾਰਾਂ ਵਰੇ, ਹੋ ਗਈ ਸੀ।

[14] ਸਮਰਕੰਦ ਤੋਂ ਸੰਮਤ ੧੫੫੮ ਦੇ ਸਾਉਣ (ਜੁਲਾਈ ੧੫੦੧) ਮਹੀਨੇ ਵਿੱਚ।

[15] ਸੁਲਤਾਨ ਮਹਿਮੂਦ ਖਾਨ ਦਾ ਇਹ ਮੁਖੀ ਸਰਦਾਰ ਸੀ; ਤੇ ਜਾਤਿ ਦਾ ਕਿਬਚਾਕ ਤੁਰਕ ਸੀ। ੧੫੬੨ ਬਿ: (੧੫੦੫ ਈ:) ਵਿਚ ਸ਼ੈਬਾਨੀ ਖਾਨ ਦੇ ਉਜਬੇਗਾਂ ਨੇ ਉਸਨੂੰ ਮਾਰ ਘੱਤਿਆ।

ਪੰਜ ਛੇ ਊਠ ਤੇ ਪੰਜ ਛੇ ਖੱਚਰਾ ਲੱਦ ਕੇ ਉਹ ਵਿੱਦਾ ਹੋਇਆ ਤੇ ਸੁਖ ਨਾਲ ਖੁਰਸਾਨ ਚਲਾ ਗਿਆ। ਬਾਦਸਾਹ ਗਾਬੁਲ ਨੂੰ ਟੁਰ ਪਏ॥

ਉਸ ਮੌਕੇ ਕਾਬੁਲ ਦਾ ਹਾਕਮ ਮੁਹੱਮਦ ਮੁਕੀਮ ਸੀ; ਜੋ ਜ਼ੁਲਨੂਨ ਅਰਗੂਨ ਦਾ ਪੁੱਤ੍ਰ ਤੇ ਨਾਹੀਦ ਬੇਗਮ[16] ਦਾ ਨਾਨਾ ਸੀ।

ਉਲਗਬੇਗ ਮਿਰਜ਼ਾ[17] ਦੇ ਮਰਨ ਤੋਂ ਬਾੱਦ, ਉਸਨੇ ਕਾਬੁਲ, ਬਾਦਸ਼ਾਹ ਦੇ ਚਚੇਰੇ ਭਰਾ ਅਬਦੁਲ ਰੱਜਾਕ ਮਿਰਜ਼ੇ ਹੱਥੋ ਖੋਹ ਲਿਆ ਸੀ। ਬਾਦਸ਼ਾਹ ਰਾਜ਼ੀਬਾਜੀ ਕਾਬੁਲ ਪਹੁੰਚ ਗਏ। ਮੁਹੱਮਦ ਮੁਕੀਮ ਦੋ ਤ੍ਰੈ ਦਿਨ ਕਿਲੇ ਅੰਦਰ ਡਟਿਆ ਰਿਹਾ; ਕੁਝ ਦਿਨਾਂ ਵਿਚ ਪ੍ਰਣ ਤੇ ਪ੍ਰਤਿਗਯਾ ਕਰਕੇ ਕਾਬੁਲ ਉਸਨੇ ਬਾਦਸ਼ਾਹੀ ਬੰਦਿਆ ਨੂੰ ਸੌਂਪ ਦਿੱਤਾ; ਖੁਦ ਲਟਾਪਟਾ ਲੈ ਕੇ ਪਿਤਾ ਪਾਸ ਕੰਧਾਰ ਚਲਾ ਗਿਆ। ਇਹ ਘਟਨਾ ਸਨ ੯੧੦ ਹਿਜਰੀ[18] ਵਿੱਚ ਰੱਬੀ ਉਲਸਾਨੀ ਦੇ ਅਖੀਰ ਵਾਪਰੀ ਸੀ॥

ਕਾਬੁਲ ਦੇ ਅਮੀਰ ਬਣ ਜਾਣ ਪੁਰ ਬਾਦਸ਼ਾਹ ਬਗੇਸ਼ ਗਏ; ਤੇ ਇਕੇਰਾ ਹੀ ਕਬਜ਼ਾ ਕਰਕੇ ਵਾਪਸ ਕਾਬੁਲ ਮੁੜ ਆਏ॥

ਬਾਦਸਾਹ ਦੀ ਮਾਤਾ ਖਾਨਮ[19] ਨੂੰ ਛੇਅ ਦਿਨ ਤਾਪ ਚੜ੍ਹਦਾ ਰਿਹਾ। ਉਸ ਇਸ ਅਸਰ ਸੰਸਾਰ ਤੋਂ ਬਹਿਸਤ ਸਿਧਾਰ ਗਈ॥

** **

ਇਸੇ ਮੌਕੇ ਸੁਲਤਾਨ ਹੁਸੇਨ ਮਿਰਜ਼ਾ ਦੇ ਜ਼ਰੂਰੀ ਖਤ ਆਏ, ਕਿ "ਅਸੀ ਉਜ਼ਬੇਗਾਂ ਨਾਲ ਜੰਗ ਕਰਨਾ ਚਾਂਹਦੇ ਹਾ। ਜੇ ਤੁਸੀ ਵੀ ਆਓ ਬਹੁਤ ਅੱਛਾ ਹੋਵੇ।" ਬਾਦਸ਼ਾਹ ਨੇ ਖੁਦਾ ਦੀ ਮਰਜ਼ੀ ਮੰਗੀ। ਆਖਿਰ

---

16 ਨਾਹੀਦ ਬੇਗਮ, ਜ਼ੁਲਨੂਨ ਅਰਗੂਨ ਦੇ ਪੁੱਤ੍ਰ ਮੁਹੱਮਦ ਮੁਕੀਮ ਦੀ ਧੀ ਮਾਹਚੂਚਕ ਬੇਗਮ ਦੀ ਕੁੱਖੋਂ ਜਨਮੀ ਸੀ। ਬਾਬਰ ਨੇ ਇਸਦੀ ਮਾਂ ਨੂੰ ਕੈਦ ਕਰਕੇ, ਜੋਰੀ ਆਪਦੇ ਦਾਈ-ਭਾਈ ਕਾਸਿਮ ਨਾ ਵਿਆਹ ਦਿੱਤਾ ਸੀ। ਉਹ ਮੁਹਿੱਬ ਅਲੀ ਬਰਲਾਸ ਦੀ ਵਹੁਟੀ ਸੀ। ਇਹ ਅਜੇ ਅਠਾਰਾਂ ਮਹੀਨਿਆ ਦੀ ਹੀ ਸੀ, ਕਿ ਮਾਤਾ ਇਸ ਨੂੰ ਕਾਬੁਲ ਛੱਡਕੇ (ਘਟੀਆ ਦਰਜੇ ਦੇ ਬੰਦੇ ਨਾਲ ਸਿਰਨਰੜ ਹੋ ਜਾਣ ਨੂੰ ਬੁਰਾ ਮੰਨਕੇ) ਨੱਸ ਗਈ। ਜਦੋਂ ਫਿਰ ਉਸਨੂੰ ਸਿੰਧੁ ਵਿੱਚ ਮੁਹੰਮਦ ਬਾਕੀ ਤਰਖਾਨ ਨੇ ਕੈਦ ਕੀਤਾ, ਤਾਂ ਭੱਜ ਕੇ ਭੱਕਰ ਗਈ ਤੇ ਸਨ ੯੭੫ ਹਿ: ਤੱਕ ਸੁਲਤਾਨ ਮਹਮੂਦ ਭੱਕਰੀ ਦੀ ਸ਼ਰਨ ਵਿਚ ਰਹੀ। ਫਿਰ ਅਕਬਰ ਦੇ ਦਰਬਾਰ ਪਹੁੰਚੀ । ਇਹ ਹਿੰਦਾਲ ਦੀ ਮਜਲਸ ਵਿਚ ਵੀ ਹੈ ਸੀ।

17 ਮਿਰਜਾ ਅਬੂ ਸੈਯਦ ਦਾ ਪੁੱਤ ਜੋ ੧੫੫੯ ਬਿ: ਵਿੱਚ ਮਰ ਗਿਆ।

18 ਸੰਮਤ ੧੫੩੧ ਬਿ:(ਅਕਤੂਬਰ ੧੫੦੫) ਵਿੱਚ, ਜਦੋ ਬਾਬਰ ਤੇਈਆਂ ਵਰਿਆ ਦਾ ਸੀ

19 ਕਤਲਕ ਨਿਗਾਰ ਖਾਨਮ- ਇਹ ਯੂਨਸਖਾਂ ਚਗਤਾਈ ਤੇ ਈਸਾਨਿ ਦੌਲਤ ਕੂਰਚੀਂ ਦੀ ਦੂਜੀ ਧੀ ਸੀ। ਅਤੇ ਉਮਰ ਸ਼ੇਖ ਮਿਰਜਾ ਮੀਰਾਂ ਸਾਹੀ ਦੀ ਮੁਖੀ ਵਾਹੁਟੀ। ਮਹਮੂਦ ਖਾਂ ਤੇ ਮਾਹਮਦ ਖਾਂ ਦੀ ਮਤ੍ਰੇਈ ਭੈਣ ਲਗਦੀ ਸੀ। ਜੰਗ ਆਦਿ ਦੇ ਸਮਿਆ ਵਿੱਚ, ਇਸਨੇ ਸਦਾ ਪੁੱਤ੍ਰ ਦਾ ਸਾਥ ਦਿੱਤਾ। ਅਰੁ ਉਸਦੇ ਕਾਬੁਲਪਤਿ ਹੋ ਜਾਣ ਮਗਰੋਂ ਹਾੜ੍ਹ ੧੫੬੨ਬਿ:, ਜੂਨ ੧੫੦੫ ਈ: ਵਿੱਚ ਚੜ੍ਹਾਈ ਕਰ ਗਈ॥

ਉਹ ਉਨਾਂ ਨੂੰ ਮਿਲਣ ਚੱਲੇ। ਰਾਹ ਵਿਚ ਖਬਰ ਮਿਲੀ ਕਿ ਮਿਰਜ਼ਾ ਮਰ ਗਿਆ। ** ਆਖਿਰ ਉਹ ਖੁਰਾਸਾਨ ਵਲ ਚਲੇ ਗਏ॥

ਜਦੋ ਮਿਰਜ਼ਿਆਂ ਨੇ ਬਾਦਸ਼ਾਹ ਦਾ ਆਉਣਾ ਸੁਣਿਆ, ਤਾਂ ਸਾਰੇ ਸੁਆਗਤ ਕਰਨ ਚੱਲੇ। ਪਰ ਬਦੀਉੱਲਜ਼ਮਾਂ ਮਿਰਜੇ ਨੂੰ (ਉਮਰ ਵਿਚ ਬਾਬਰ ਨਾਲੋ ਪੰਦਰਾਂ ਵਰ੍ਹੇ ਹੋਣ ਕਰਕੇ) ਛੱਡ ਗਏ।** ਪਰ ਮਗਰੋਂ ਮਿਰਜ਼ੇ ਨੇ ਚੰਗੇਜ਼ ਖਾਨੀ ਤੋਰੇ ਅਨੁਸਾਰ ਔਖੇ ਭਾਰੇ ਹੋਕੇ ਮਿਲਣੀ ਕੀਤੀ। ਜਿਤਨੇ ਦਿਨ ਬਾਦਸ਼ਾਹ ਖੁਰਾਸਾਨ ਰਹੇ, ਮਿਰਜ਼ਿਆਂ ਨੇ ਸਤਿਕਾਰ ਵਿੱਚ ਕੋਈ ਕਸਰ ਬਾਕੀ ਨਾ ਰੱਖੀ।** ਮਿਰਜ਼ਿਆਂ ਨੇ ਸਰਦੀਆਂ ਦੇ ਦੁੱਖ ਦਸ ਕੇ ਕਿਹਾ: "ਸਿਆਲ ਨਿਕਲ ਲੈਣ ਦਿਓ। ਫਿਰ ਉਜਬੇਗਾਂ ਨਾਲ ਯੁੱਧ ਕਰਾਗੇ।" ਲੇਕਿਨ ਉਹ ਜੰਗ ਕਰਨ ਦਾ ਫੈਸਲਾ ਕਰ ਹੀ ਨਾ ਸਕੇ। ਸੁਲਤਾਨ ਹੁਸੈਨ ਮਿਰਜ਼ਾ ਨੇ ਅੱਸੀ ਵਰੇ, ਖੁਰਾਸਾਨ ਪੁਰ ਡਟਵਾਂ, ਕਬਜ਼ਾ ਰੱਖਿਆ; ਪਰ ਮਿਰਜ਼ੇ ਛੇਅ ਮਹੀਨੇ ਭੀ ਪਿਉ ਦਾ ਥਾਂ ਨਾਂ ਸਾਂਭ ਸਕੇ। ਬਾਦਸ਼ਾਹ ਨੇ ਉਨਾਂ ਨੂੰ ਜੋ ਇਲਾਕੇ ਦਿੱਤੇ ਸਨ, ਉਨ੍ਹਾਂ ਦੇ ਆਮਦਨ-ਖਰਚ ਵੱਲ ਮਿਰਜ਼ਿਆਂ ਜਦੋਂ ਧਿਆਨ ਨਾ ਦਿੱਤਾਂ; ਤਾਂ ਬਾਦਸਾਹ ਉਹ ਇਲਾਕੇ ਵੇਖਣ ਦੇ ਬਹਾਨੇ ਕਾਬੁਲ ਨੂੰ ਟੁਰ ਪਏ। ਉਸ ਵਰ੍ਹੇ ਬਰਫ ਬੜੀ ਪਈ ਸੀ। ਰਸਤੇ ਮਿਟ ਗਏ ਸਨ। ਬਾਦਸ਼ਾਹ ਕਾਸਿਮ ਬੇਗਮ ਨੇ ਸਾਥੀ ਅਮੀਰਾਂ ਦੀ ਮਰਜ਼ੀ ਵਿਰੁੱਧ ਨੇੜੇ ਦੇ ਰਸਤੇ ਮੁੜਨ ਦਾ ਫੈਸਲਾ ਕੀਤਾ; ਤਾਂ ਸਾਰੇ ਅਮੀਰ ਸਾਥ ਛੱਡ ਗਏ। ਬਾਦਸ਼ਾਹ ਤੇ ਕਾਸਿਮ ਬੇਗ ਨੇ ਆਪਣੇ ਪੁੱਤ੍ਰਾਂ ਸਮੇਤ ਤਿੰਨ ਚਾਰ ਦਿਨਾਂ ਵਿੱਚ ਬਰਫ ਹਟਾ ਕੇ ਰਾਹ ਬਣਾ ਲਿਆ। ਪਿੱਛੇ-2 ਸੈਨਾ ਵੀ ਨਿਕਲ ਆਈ।

ਇਸ ਤਰਾਂ ਉਹ ਗੋਰਬੰਦ ਪਹੁੰਚੇ। ਉਥੇ ਹਜ਼ਾਰੇ ਦੇ ਬਾਗ਼ੀ ਟੱਕਰ ਪਏ। ਜਿਨ੍ਹਾਂ ਨਾਲ ਮਿਲਕੇ ਬਾਦਸਾਹ ਨਾਲ ਲੜਾਈ ਕੀਤੀ। ਹਜਾਰਿਆਂ ਦਾ ਢੇਰ ਸਾਮਾਨ ਤੇ ਗਾਈਆਂ, ਬੱਕਰੀਆਂ ਬਾਦਸ਼ਾਹੀ ਸੈਨਕਾਂ ਦੇ ਹੱਥ ਆਈਆਂ। ਲੁੱਟ ਦਾ ਚੋਖਾ ਮਾਲ ਲੈ ਕੇ ਉਹ ਕਾਬੁਲ ਨੂੰ ਟੁਰ ਪਏ। ਜਦੋਂ ਮਨਾਰ ਟਿੱਲੇ ਥੱਲੇ ਪਹੁੰਚੇ ਤਾਂ ਪਤਾ ਲੱਗਾ ਕਿ ਮਿਰਜ਼ਾ ਖਾਂ[20] ਤੇ ਮਿਰਜ਼ਾ ਮੁਹੱਮਦ ਹੁਸੈਨ ਗੋਰਗਾ[21] ਬਾਗੀ ਹੋ ਗਏ ਹਨ; ਅਤੇ ਉਨਾਂ ਨੇ ਕਾਬੁਲ ਘੇਰਿਆ ਹੋਇਆ ਹੈ, ਬਾਦਸ਼ਾਹ ਨੇ ਕਾਬੁਲ ਵਾਸੀਆਂ ਨੂੰ ਧੀਰਜ-ਉਤਸਾਹ ਦੇਣ ਹਿਤ ਖਤ ਲਿਖੇ, ਕਿ "ਘਾਬਰੋ ਨਾਂ, ਅਸੀ ਵੀ ਆ ਗਏ ਹਾ! ਬੀਬੀ ਮਾਹਰੂ ਨਾਮੇ ਪ੍ਰਬਤ ਉੱਤੇ ਅਸੀ ਅੱਗ ਦੀ ਢਾਂਡੀ ਬਾਲਾਂਗੇ! ਤੁਸਾਂ ਭੀ ਖਜ਼ਾਨੇ (ਕੋਸ਼ਾਗਾਰ) ਦੀ ਛੱਤ ਪਰ ਅੱਗ ਬਾਲਣੀ। ਜਿਸ ਤੋਂ ਅਸੀਂ ਜਾਣ ਲਈਏ ਕਿ ਤੁਹਾਨੂੰ ਸਾਡੇ

---

[20] ਸੁਲਤਾਨ ਵੈਸ (ਮਿਰਜਾ ਖਾਂ) ਬਾਬਰ ਦੇ ਚਾਚੇ ਮਹਮੂਦ ਤੇ ਮਾਸੀ ਸੁਲਤਾਨ ਨਿਗਾਰ ਖਾਨਮ ਦਾ ਪੁੱਤ ਸੀ।

[21] ਤਾਰੀਖਿ ਰਸ਼ੀਦੀ ਦੇ ਕਰਤਾ ਮਿਰਜਾ ਹੈਦਰ ਦੋਗ਼ਲਾਤ ਦਾ ਪਿਤਾ ਤੇ ਬਾਬਰ ਦੀ ਮਾਸੀ ਖ਼ੂਬ ਨਿਗਾਰ ਖਾਨਮ ਦਾ ਪਤੀ ਸੀ।

ਪਹੁੰਚਣ ਦਾ ਪਤਾ ਲੱਗ ਗਿਆ ਹੈ। ਸਵੇਰੇ ਹੈਧਿਰੋਂ ਤੁਸੀ ਤੇ ਏਧਿਰੋਂ ਅਸੀਂ ਵੈਰੀਆਂ ਪੁਰ ਹੱਲਾ ਬੋਲ ਦਿਆਂਗੇ।" ਪਰ ਕਿਲੇ ਵਾਲਿਆ ਦੇ ਆਵਣ ਤੋ ਪਹਿਲਾਂ ਹੀ ਬਾਦਸਾਹ ਜੰਗ ਕਰਕੇ ਫਤਹ ਪ੍ਰਾਪਤਿ ਕਰ ਚੁੱਕੇ ਸਨ॥ ** ** ਬਾਦਸ਼ਾਹ ਨੇ ਮਾਸੀਆਂ ਨੂੰ ਖ਼ੁਸ਼ ਕਰਨ ਲਈ ਮਿਰਜ਼ਾ ਮੁਹੱਮਦ ਹੁਸੇਨ ਤੇ ਮਿਰਜ਼ਾ ਖਾਂ ਦਾ ਕਸੂਰ ਮੁਆੱਫ ਕਰ ਦਿੱਤਾ। ** ਮੈਦਾਨੀ ਇਲਾਕੇ ਵਿੱਚ ਉਨਾਂ ਨੂੰ ਜਾਗੀਰ ਦੇ ਦਿੱਤੀ।

ਖੁਦਾ ਨੇ ਜਿਸ ਵਕਤ ਕਾਬੁਲ, ਮਿਰਜਾ ਖਾਂ ਦੇ ਕਬਜ਼ਿਓਂ ਕੱਢਕੇ ਇਨ੍ਹਾਂ, (ਪਿਤਾ ਜੀ) ਦੇ ਅਧੀਨ ਕੀਤਾ, ਓਦੋਂ ਇਹ ਤੇਈ ਵਰ੍ਹਿਆਂ ਦੇ[22] ਸਨ ਅਤੇ ਇੱਕ ਭੀ ਪੁੱਤ੍ਰ ਨਹੀ ਸੀ। ਸਤਾਰਾਂ ਵਰ੍ਹੇ, ਦੀ ਉਮਰੇ ਸੁਲਤਾਨ ਅਹਮਦ ਮਿਰਜ਼ਾ ਦੀ ਪੁੱਤ੍ਰੀ ਆਯਸ਼ਾ ਸੁਲਤਾਨ ਬੇਗਮ[23] ਨੂੰ ਇਕ ਲੜਕੀ[24] ਹੋਈ ਸੀ; ਜੋ ਕਿ ਇੱਕ ਮਹੀਨੇ ਦੀ ਹੋ ਕੇ ਮਰ ਗਈ। ਰੱਬ ਨੇ ਕਾਬੁਲ ਦੀ ਜਿੱਤ ਸੁਭਾਗੀ ਕੀਤੀ; ਕਿ ਇਸਤੋ ਬਾੱਦ ਅਠਾਰਾਂ[25] ਬੱਚੇ ਪੈਦਾ ਹੋਏ:-

(੧) ਪਹਿਲੀ-ਆਕਮ ਯਾੱਨੀ ਮਾਹਮ ਬੇਗਮ [26]ਦੀ ਕੁੱਖੋ ਹੁਮਾਯੂੰ ਬਾਦਸ਼ਾਹ, ਬਾਰਬੂਲ ਮਿਰਜ਼ਾ, ਮਿਹਰਜਹਾਂ ਬੇਗਮ, ਏਸ਼ਾ ਦੌਲ ਬੇਗਮ ਤੇ ਫਾਰੂਕ ਮਿਰਜ਼ਾ[27] ਪੈਦਾ ਹੋਏ।

---

[22] ਜਿਸ ਸਮੇ ਬਾਬਰ ਨੇ ਮੁਹੱਮਦ ਮੁਕੀਮ ਅਰਗੂਨ ਪਾਸੋਂ ਕਾਬੁਲ ਲਿਆ ਸੀ, ਉਸ ਵੇਲੇ ( ਸੰਮਤ ੧੫੬੧ ਬਿ: ਵਿੱਚ) ਉਹ ਤੇਈਆਂ ਸਾਲਾਂ ਦੇ ਸਨ। ਇਸ ਤੋਂ ਦੋ ਸਾਲ ਬਾੱਦ ਮਿਰਜ਼ਾਂ ਖਾਨ ਦਾ ਵਿਦ੍ਰੋਹ ਹੋਇਆ ਸੀ।

[23] ਆਯਸ਼ਾ ਸੁਲਤਾਨ ਬੇਗਮ ਮੀਰਾਂਸਾਹੀ- ਸੁਲਤਾਨ ਆਹਮਦ ਮਿਰਜ਼ਾ ਕੁਤੂਕ ਬੇਗਮ ਦੀ ਤੀਜੀ ਬੇਟੀ ਸੀ। ਬਾਬਰ ਦੀ ਚਚੇਰੀ ਭੈਣ ਤੇ ਪਹਿਲੀ ਵਹੁਦੀ ਸੀ। ਸੰਮਤ ੧੫੫੬ ਦੇ ਚੇਤ੍ਰ ਵਿੱਚ ਖੋਜ਼ੰਦ ਵਿਖੇ ਨਿਕਾਹ ਹੋਇਆ।...ਬਾਬਰ ਲਿਖਦਾਇ: ਉਸ ਨਾਲ ਮੇਰਾ ਪਹਿਲੋਂ ਬੜਾ ਸੁਨੇਹੁ ਸੀ ; ਪਰ ਮਗਰੋਂ ਘਟ ਗਿਆ। ਸੰਮਤ ੧੫੫੭ ਵਿਚ ਇਕ ਲੜਕੀ ਫਖ਼ਰੁਨਿਸਾ ਪੈਦਾ ਹੋਈ ਸੀ। ੧੫੬੦ ਬਿ: ਵਿੱਚ ਆਪਣੀ ਬੜੀ ਭੈਣ ਸਯਾਤ ਸਲੀਕਾ ( ਜੋ ਬਾਬਰ ਦੇ ਕਿਸੇ ਵੈਰੀ ਨਾਲ ਪ੍ਰਣੀ ਸੀ ) ਦੀ ਕਿਸੇ ਗੋਂਦ ਦੇ ਕਾਰਣ ਬਾਬਰ ਨੂੰ ਛੱਡ ਕੇ ਚਲੀ ਗਈ। ਇਹ ਤੇ ਇਸਦੀ ਭੈਣ ਸੁਲਤਾਨੀ ਬੇਗਮ ਦੋਂਵੇ ਤਲਿਸਮੀ ਮਹਿਫਲ ਵਿਚ ਸਨ।....॥"

[24] ਫਖਰੁੱਨਿਸਾ ਬਾਬਰ ਨੇ ਆਪਣੀ ਤੁਜ਼ਕ ਵਿਚ ਲਿਖਿਆ ਹੈ, ਕਿ ਉਹ ਪਹਿਲੀ ਸੰਤਾਨ ਸੀ, ਤੇ ਜਦੋਂ ਉਹ ਜਨਮੀ ਹੈ, ਮੈਂ ਉੱਨੀ ਵਰ੍ਹੇ ਦਾ ਸਾਂ

[25] ਪਰ ਬੱਚਿਆਂ ਦੀ ਗਿਣਤੀ ਵਿੱਚ ਸੋਲਾਂ ਨਾਮ ਦਿੱਤੇ ਹਨ।

[26] ਮਾਹਮ ਬੇਗਮ – ਬਾਬਰ ਦੀ ਲਾਡੋ ਰਾਣੀ ਸੀ। ਇਹ ਖੁਰਾਸਾਨ ਦੇ ਭਲੇ ਘਰਾਣੇ ਦੀ ਧੀ ਸੀ। ਜਿਸ ਨਾਲ ਸੁਲਤਾਨ ਹੁਸੇਨ ਬੈਕਰਾ ਦਾ ਵੀ ਕੁੱਝ ਸੰਬੰਧ ਸੀਗਾ। ਪਰ ਹਾਲਾਂ ਤਕ ਕਿਸੇ ਕਿਤਾਬ ਵਿਚ ਉਸਦੇ ਮਾਪਿਆਂ ਤੇ ਵੰਸ ਦਾ ਪੂਰਾ ਤੇ ਤਸੱਲੀਬਖਸ਼ ਹਾਲ ਨਹੀ ਮਿਲਿਆ। ਸੁਲਤਾਨ ਹੁਸੇਨ ਮਿਰਜ਼ਾ ਦੇ ਮਰਨ ਪੁਰ ਜਦੋਂ ਬਾਬਰ ਹਿਰਾਤ ਗਿਆ; ਉਦੋਂ ਉਥੇ ਹੀ ਸੰਮਤ ੧੫੬੩ ਬਿ: ਵਿਚ ਨਿਕਾਹ ਹੋਇਆ। ੧੦ ਚੇਤ੍ਰ ੧੫੬੩ ਬਿ: (6 ਮਾਰਚ 1508 ਈ:) ਨੂੰ ਹੁਮਾਯੂੰ ਦਾ ਜਨਮ ਹੋਇਆ। ਚਾਰ ਬੱਚੇ ਹੋਰ ਹੋਏ; ਪਰ ਸਾਰੇ ਬਾਲਪਣ ਵਿੱਚ ਹੀ ਆਜਾਈਂ ਹੋ ਗਏ।

[27] ੧ ਸੰਮਤ ੧੫੯੨ ਬਿ: ਵਿਖੇਂ ਜਨਮਿਆ ਤੇ ੧੫੯੪ ਬਿ: ਵਿੱਚ ਮਰ ਗਿਆ ਪਿਉ ਦੇ ਮੱਥੇ ਹੀ ਨਹੀ ਲੱਗਾ।

(੨) ਦੂਜੀ-ਸੁਲਤਾਨ ਅਹਮਦ ਮਿਰਜਾ ਦੀ ਧੀ ਮਾੱਸੂਮਾ ਸੁਲਤਾਨ ਬੇਗਮ[28] ਜਣੇਪੇ ਸਮੇਂ ਹੀ ਮਰ ਗਈ। ਪੁੱਤ੍ਰੀ[29] ਦਾ ਨਾਮ ਮਾਤਾ ਦੇ ਨਾਮ ਪੁਰ ਰਖਿਆ ਗਿਆ।

(੩) ਤੀਜੀ-ਗੁਲਰੁਖ ਬੇਗਮ[30] ਤੋਂ ਕਾਮਰਾਂਨਿਰਜ਼ਾ, ਅਸਕਰੀ ਮਿਰਜ਼ਾ, ਸ਼ਾਹਰੁਖ ਮਿਰਜ਼ਾ, ਸੁਲਤਾਨ ਅਹਮਦ ਮਿਰਜ਼ਾ ਤੇ ਗੁਲਿਜ਼ਾਰ ਬੇਗਮ[31] ਜਨਮੇ।

(੪) ਚੌਥੀ–ਦਿਲਦਾਰ ਬੇਗਮ[32] ਨੂੰ ਗੁਲਰੰਗ ਬੇਗਮ[33] ਗੁਲਚਿਹਰਾ ਬੇਗਮ[34] ਹਿੰਦਾਲ ਮਿਰਜ਼ਾ, ਗੁਲਬਦਨ ਬੇਗਮ ਤੇ ਅਲਵਰ ਮਿਰਜ਼ਾ ਪੰਜ ਫਲ ਲੱਗੇ। ਅਰਥਾਤ, ਕਾਬੁਲ ਦੀ ਫਤਹਿ ਸੁਲੱਖਣੀ ਘੜੀ ਵਿੱਚ ਹੋਈ ਸੀ। ਸਾਰੇ ਬੱਚੇ ਕਾਬੁਲ ਵਿੱਚ ਹੀ ਜਨਮੇ; ਸਿਰਫ ਦੋ–..... ਮਿਹਰਜਾਨ ਬੇਗਮ[35] ਤੇ.... ਗੁਲਰੰਗ ਬੇਗਮ-ਖੋਸਤ ਵਿਖੇ ਜਨਮੀਆ ਸਨ।

ਬਾਦਸ਼ਾਹ ਫਿਰਦੌਸ-ਮਕਾਨੀ (ਸੁਰਗਵਾਸੀ=ਬਾਬਰ) ਦੇ ਜੇਠੇ ਪੁੱਤ੍ਰ ਹੁਮਾਯੂੰ ਬਾਦਸ਼ਾਹ ਦਾ ਜਨਮ ੪ ਜ਼ੀੱਲਕਾੱਦਾ ਸਨ ੯੧੩ ਹਿਜਰੀ (੯-੧੦ ਚੇਤ੍ਰ ੧੫੬੪ ਬਿ:=੬ ਮਾਰਚ ੧੫੦੮ ਈ:) ਮੰਗਲ (ਤੇ ਸੋਮਵਾਰ

---

28 ਅਹਮਦ ਮਿਰਜ਼ਾ ਦੀ ਪੰਜਵੀ ਸਭ ਤੋਂ ਨਿੱਕੀ ਪੁੱਤ੍ਰੀ ਸੀ। ਇਸ ਦੀ ਮਾਤਾ ਹਬੀਬਾ ਸੁਲਤਾਨ ਬੇਗਮ ਅਰਗੂਨ ਸੀ। ੧੫੬੪ ਬਿ: ਵਿਚ ਬਾਬਰ ਨਾਲ ਪ੍ਰਣਾਈ ਗਈ। ਬਾਬਰ ਦੀ ਪਹਿਲੀ ਇਸਤ੍ਰੀ ਆਯਸ਼ਾ ਦੀ ਮਤ੍ਰੇਈ ਭੈਣ ਸੀ। ਬਾਬਰ ਦੇ ਕਥਨ ਅਨੁਸਾਰ, ਇਹ ਸ਼ਾਦੀ ਪ੍ਰੇਮ ਬੰਧਨ ਸੀ।

29 ਮਾੱਸੂਮਾ ਸੁਲਤਾਨ ਬੇਗਮ – ਮੁਹੱਮਦ ਜਮਾਂ ਮਿਰਜ਼ਾ ਬੈਕ਼ਰਾ ਨਾਲ ਵਿਆਹੀ।

30 ਗੁਲਰੁਖ਼ ਬੇਗਮ ਦਾ ਮਕਬਰਾ (ਸਮਾਧਿ) ਸੰਮਤ ੧੬੦੨ ਬਿ: ਵਿੱਚ, ਕਾਬੁਲ ਦੇ ਬਾਹਰਵਾਰ ਹੈਗਾ ਸੀ। ਤੁਜ਼ਕ-ਬਾਬਰੀ ਵਿੱਚ ਕਾਮਰਾਂ ਦਾ ਵਿਆਹ ਸੁਲਤਾਨ ਅਲੀ ਮਿਰਜ਼ਾ ਮਾਮੇ ਦੀ ਧੀ ਨਾਲ; ਤੇ ਹੁਮਾਯੂੰ ਦਾ ਯਾਦਗਾਰ ਮਾਮੇ ਦੀ ਧੀ ਨਾਲ ਹੋਇਆ ਦੱਸਿਆ ਹੈ। ਇਹ ਦੋਵੇ ਬੇਗਚਿਕ ਅਮੀਰ ਸਨ। ਸੁਲਤਾਨ ਅਲੀ ਦੇ ਜੀਵਨ ਦੀਆਂ ਘਟਨਾ ਸ੍ਰੋਤਾਂ ਤੋਂ ਟੋਹ ਲਗਦੀ ਹੈ, ਕਿ ਉਹ ਗੁਲਰੁਖ਼ ਬੇਗਮ ਦਾ ਭਰਾ ਹੋਸੀ॥

31 ਗੁਲਬਦਨ ਬੇਗਮ ਨੇ ਇਸ ਦੇ ਵਿਆਹ ਬਾਰੇ ਕੁਝ ਨਹੀ ਲਿਖਿਆ। ਪਰ ਇਹ ਯਾਦਗਾਰ ਨਾਸਿਰ ਦੀ ਵਹੁਟੀ ਰਹੀ ਹੋਣੀ ਏਂ!

32 ਇਸਦੇ ਮਾਪਿਆ ਦਾ ਜ਼ਿਕਰ ਪਿਉ, ਪੁੱਤ੍ਰੀ ਦੋਹਾਂ ਨਹੀਂ ਕੀਤਾ। 'ਤੁਜ਼ਕ' ਵਿਚ ਛੁਟੇ ਹੋਏ ਥਾਵਾਂ ਚੋਂ ਸੰਮਤ ੧੫੬੬ ਤੋਂ ੧੫੭੬ ਬਿ: ਤੱਕ ਕਿਸੇ ਸਮੇਂ ਗੁਲਰੁਖ਼ ਤੇ ਦਿਲਦਾਰ ਬੇਗਮ ਵਿਆਹੀਆਂ ਗਈਆਂ ਹੋਣਗੀਆਂ। ਇਸ ਦੀ ਕੁਖੋਂ ਪੰਜ ਬੱਚੇ ਹੋਏ।....ਇਹ ਬੁੱਧਿਮਤੀ ਤੇ ਨਿਕਾਣੀ ਨਾਰਿ ਸੀਗੀ।

33 ਇਸਦਾ ਜਨਮ ਸੰਮਤ ੧੫੬੮ ਤੇ ੭੨ ਵਿਚਕਾਰ,ਖੋਸਤ ਵਿਚ ਹੋਇਆ। ਸੰਮਤ ੧੫੮੭ ਵਿਚ ਬਾਬਰ ਦੇ ਮਾਮੇ ਦੇ ਪੁਤ੍ਰ ਈਸਨ ਤੈਮੂਰ ਚਗਤਾਈ ਨਾਲ ਪ੍ਰਣਾਈ ਗਈ। ੧੬੦੧ ਬਿ: ਵਿੱਚ ਇਹ ਗੁਆਲਿਯਰ ਦੇ ਕਿਲੇਚਿ ਸੀ। ਫਿਰ ਪਤਾ ਨਹੀ ਇਸ ਸਿਰ ਕੀ ਬੀਤੀ॥

34 ਗੁਲ ਚਿਹਰਾ ਬੇਗਮ-ਦਾ ਜਨਮ ਸੰਮਤ ੧੫੭੨-੭੪ ਵਿਚਕਾਰ ਹੋਇਆ ਬਾਬਰ ਦੇ ਮਾਮੇ ਦੇ ਪੁੱਤ ਤੋਖ਼ਤਾ ਬੇਗਾ ਸੁਲਤਾਨ ਨਾਲ ਇਸਦਾ ਵਿਆਹ ਸੰਮਤ ੧੫੮੭ ਬਿ: ਵਿੱਚ ਹੋਇਆ ਉਦੋਂ ਇਹ ੧੪ ਵਰ੍ਹੇ ਦੀ ਸੀ। ੧੬੦੦ ਬਿ: ਵਿਚ ਰੰਡੀ ਹੋ ਗਈ। ਫਿਰ ੧੬੧੩ ਬਿ: ਤੱਕ ਪਤਾ ਨਹੀ ਕਿਵੇਂ ਰਹੀ; ਇਸ ਸਾਲ ਅੱਬਾਸ ਸੁਲਤਾਨ ਉਜ਼ਬੇਗ ਨਾਲ ਵਿਆਹ ਹੋ ਗਿਆ। ਪਰ ਹੁਮਾਯੂੰ ਦੀ ਬਲਖ ਪਰ ਚੜ੍ਹਾਈ ਸੁਣਕੇ, ਉਹ ਇਸਨੂੰ ਛੱਡਕੇ ਨੱਸ ਗਿਆ। ੧੩੧੪ ਬਿ: ਵਿਚ ਇਹ ਗੁਲਬਦਨ ਬੇਗਮ ਤੇ ਹਮੀਦਾ ਬਾਨੂ ਬੇਗਮ ਨਾਲ ਭਾਰਤ ਆਈ॥

35 ਮੂਲ ਲਿਖਤ ਵਿਚ ਇਸ ਲੜਕੀ ਦੇ ਮਿਹਰ ਜਾਨ ਤੇ ਮਿਹਰ ਜਹਾਂ ਦੋਵੇਂ ਨਾਮ ਲਿਖੇ ਹਨ॥

ਦੀ ਵਿਚਕਾਰਲੀ) ਅਤੇ ਕਾਬੁਲ ਦੇ ਕਿਲੇ ਅੰਦਰ ਹੋਇਆ ਸੀ । ਓਦੋਂ ਸੂਰਜ ਮੀਨ ਰਾਸ਼ੀ ਵਿਚ ਸੀ। ਉਸੇ ਸਾਲ ਬਾਦਸ਼ਾਹ ਫਿਰਦੌਸ ਮਕਾਨੀ ਨੇ ਅਮੀਰਾਂ ਤੇ ਪਰਜਾ ਨੂੰ ਹੁਕਮ ਕੀਤਾ, ਕਿ "ਸਾਨੂੰ 'ਬਾਦਸ਼ਾਹ' ਆਖੋ ! ਕਿਉਂਜੋ ਹੁਮਾਯੂੰ-ਬਾਦਸ਼ਾਹ ਦੇ ਜਨਮ ਤੋਂ ਪਹਿਲਾਂ ਮਿਰਜ਼ਾ ਬਾਬਰ ਨਾਮ ਤੇ ਪਦਵੀ ਕਰਕੇ ਸੱਦੇ ਜਾਂਦੇ ਸਨ। ਸਾਰੇ ਹੀ ਬਾਦਸ਼ਾਹਾਂ ਦੇ ਪੁੱਤ੍ਰ-ਨੂੰ ਮਿਰਜ਼ਾ ਕਹਿੰਦੇ ਹਨ; ਅਤੇ ਹੁਮਾਯੂੰ ਬਾਦਸਾਹ ਦੇ ਜਨਮ-ਸੰਮਤ ਵਿੱਚ ਉਨ੍ਹਾਂ ਨੇ ਆਪ ਨੂੰ ਬਾਦਸ਼ਾਹ ਅਖਵਾਯਾ। ਬਾਦਸ਼ਾਹ ਜੱਨਤ ਆਸ਼ਯਾਨੀ (ਬੈਕੁੰਠ ਵਾਸੀ=ਹੁਮਾਯੂੰ) ਦਾ ਜਨਮ-ਸੱਨ (ਹਿਜਰੀ ਸਾਲ) "ਸੁਲਤਾਨ ਹੁਮਾਯੂੰ ਖਾਨ"[36] ਤੇ ਸ਼ਾਹ ਫੀਰੋਜ਼ਕਦਰ[37] ਵਿਚੋ ਲਭਦਾ ਹੈ॥

ਸੰਤਾਨ ਉਤਪਤੀ ਤੋਂ ਬਾਦ ਖਬਰ ਮਿਲੀ ਕਿ ਸ਼ਾਹੀਬੇਗ ਖਾਂ ਨੂੰ ਸ਼ਾਹ ਇਸਮਾਈਲ ਨੇ ਮਾਰ ਸੁਟਿਆ॥[38]

ਇਥੇ ਇਸ ਗ੍ਰੰਥ ਦੇ ਅਨੁਵਾਦ ਦੀ ਸਮਾਪਤੀ ਹੋ ਜਾਂਦੀ ਹੈ।

3. **Annals of Delhi Badshat:** ਭਾਈ ਸਾਹਿਬ ਨੇ *ਹਮਾਯੂੰਨਾਮੇ* ਦੇ ਅਨੁਵਾਦ ਤੋਂ ਬਾਅਦ ਸ਼ੇਰ ਸ਼ਾਹ ਸੂਰੀ ਅਤੇ ਹਮਾਯੂੰ ਦੇ ਰਾਜਨੀਤਿਕ ਸੰਬੰਧਾਂ ਨੂੰ ਦਰਸਾਉਂਦੀ ਇਸ ਪੁਸਤਕ ਜਿਸਦਾ ਲੇਖਕ S.K. Bhuyan Rai Bahadur ਹੈ, ਵਿਚੋਂ ਕੁਝ ਪ੍ਰਸੰਗ ਅਨੁਵਾਦ ਕੀਤੇ ਹਨ। ਇਸ ਪੁਸਤਕ ਦਾ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਨੰ. 307 ਅਨੁਵਾਦਕ ਨੇ ਲਿਖਿਆ ਹੈ। ਇਸ ਪੁਸਤਕ ਵਿਚ ਸ਼ਾਮਿਲ 'ਪਾਦਸ਼ਾਹ ਬੁਰੰਜੀ' ਨਾਮਕ ਹੱਥ ਲਿਖਤ ਵਿਚੋਂ ਬਹੁਤ ਸਾਰੀ ਸਮਗਰੀ ਨੂੰ ਅਨੁਵਾਦ ਕੀਤਾ ਗਿਆ

---

36 ਅਬਜਦ (ਫਾਰਸੀ ਅੱਖਰਾਂ) ਦੇ ਹਿਸਾਬ ਹਰਿਕ ਨਾਮ ਦੇ ਜੋੜ ਕਰਨ ਨਾਲ ਸਾਲ ਨਿਕਲਦਾ ਹੈ:-

| | | | |
|---|---|---|---|
| | ੬੦੦ =خ | ੫=ہ | ੬੦=س ਸੁ |
| ਸੁਲਤਾਨ ਹੁਮਾਯੂੰ ਖਾਂ | ੧=ا ਖਾ | ੪੦=م ਹੁ | ੩੦= ل ਲ |
| | ੫੦=ن ਨ | ੧=ا =ا ਮਾਂ | ੯= ط ਤਾ |
| | ੬੫੧ | ੧੦=ی ਯੂੰ | ੧=ا ਨ |
| | ੧੫੦ | ੬=و | ੫੦=ن |
| | ੧੧੨ | ੫੦=ن | ੧੫੦ |
| | ੯੧੩ ਹਿਜਰੀ | ੧੧੨ | |

37 

| | | | |
|---|---|---|---|
| ਸ਼ਾਹ ਫ਼ੀਰੋਜ਼ਕ਼ਦਰ | ੧੦੦=ق ਕ਼ | ੮੦ =ف | ੩੦੦= ش |
| | ੪=ر ਦ | ੧੦= ی ਫ਼ੀ | ੧=ا |
| | ੨੦੦= ر ਰ | ੨੦੦= ر ਰੋ | ੫=ہ |
| ਜੋੜ =੯੧੩ | ੩੦੪ | ੬=و ਜ਼ | ੩੦੬ |
| | | ੭=ز | |
| | | ੩੦੩ | |

38 ੪ਪੋਹ ਸੰਮਤ ੧੫੩੭ ਬਿ: ਨੂੰ ਮਰਵ ਦੇ ਜੁੱਧ ਵਿਚ ਇਹ ਮਾਰਿਆ ਗਿਆ ਸੀ। ਇਸ ਖਤਰਨਾਕ ਦੁਸਮਨ ਦੇ ਮਾਰੇ ਜਾਣ ਪੁਰ ਬਾਬਰ ਨੇ ਇਕੇਰਾ ਫਿਰ ਜੱਦੀ-ਰਾਜ ਪ੍ਰਾਪਤ ਕਰਨ ਦਾ ਉੱਦਮ ਕੀਤਾ; ਪਰ ਉਜ਼ਬੇਗਾਂ ਨੇ ਉਸਨੂੰ ਸਫਲ ਨਹੀ ਹੋਣ ਦਿੱਤਾ॥

ਹੈ। ਇਸ ਪੁਸਤਕ ਦੇ ਪੰਨੇ ਨੰਬਰ, ਜਿੰਨ੍ਹਾਂ ਦਾ ਅਨੁਵਾਦ ਕੀਤਾ ਗਿਆ ਹੈ, ਦਾ ਵੇਰਵਾ ਵੀ ਅਨੁਵਾਦਕ ਨੇ ਦਿਤਾ ਹੈ। 'ਬੁਰੰਜੀ' ਅਹੋਮ (ਆਸਾਮੀ) ਭਾਸ਼ਾ ਵਿਚ ਲਿਖੀਆਂ ਪ੍ਰਾਚੀਨ ਹਥ ਲਿਖਤਾਂ ਨੂੰ ਕਿਹਾ ਜਾਂਦਾ ਹੈ। ਇੰਨ੍ਹਾਂ ਵਿਚ ਅਹੋਮ ਰਾਜ ਸਭਾ ਦੇ ਪੁਰਾਤਤਵੀ ਲੇਖਾਂ ਦਾ ਸੰਕਲਨ ਕੀਤਾ ਗਿਆ ਹੈ। ਪਹਿਲੀ ਬੁਰੰਜੀ ਦੀ ਰਚਨਾ ਅਸਾਮ ਦੇ ਰਾਜਾ ਸੁਕਫਾ ਦੇ ਹੁਕਮ ਨਾਲ ਹੋਈ। ਉਸਨੇ 1228 ਈ. ਵਿਚ ਅਸਮ ਰਾਜ ਦੀ ਸਥਾਪਨਾ ਕੀਤੀ। ਬੁਰੰਜੀ ਵਿਚ ਰਾਜ ਦੀਆਂ ਪ੍ਰਮੁਖ ਘਟਨਾਵਾਂ ਯੁਧ, ਸੰਧੀ, ਰਾਜਘੋਸ਼ਣਾ, ਰਾਜਦੂਤ ਅਤੇ ਰਾਜਪਾਲਾਂ ਆਦਿ ਦਾ ਜ਼ਿਕਰ ਹੁੰਦਾ ਹੈ। ਬੁਰੰਜੀ ਸ਼ਬਦ ਦਾ ਅਰਥ ਹੈ 'ਅਗਿਆਤ ਕਥਾਵਾਂ ਦਾ ਭੰਡਾਰ'।[39] ਭਾਈ ਸਾਹਿਬ ਨੇ 'ਅਹੋਮ ਬੂਰੰਜੀ'[40] ਸਿਰਲੇਖ ਅਧੀਨ ਬੁਰੰਜੀਆਂ ਦੀ ਪਛਾਣ 'ਅਸਾਮੀ ਪਖਾਣੇ' ਸ਼ਬਦ ਨਾਲ ਕਰਵਾਈ ਹੈ। ਇਸ ਦਾ ਵੇਰਵਾ ਇਹ ਹੈ: 'ਅਹੋਮ ਬੂਰੰਜੀ (ਆਸਾਮੀ ਪਖਾਣੇ)- 'ਅਹੋਮ' (ਆਸਾਮੀ) ਰਾਜ-ਘਰਾਣੇ ਦੀ ਕਥਾ, ਉਨ੍ਹਾਂ ਦੀ ਆਪਣੀ ਬੋਲੀ ਅਤੇ ਲਿਪੀ ਵਿੱਚ, ਜਿਸ ਦਾ ਅੰਗਰੇਜ਼ੀ ਵਿਚ ਉਲਥਾ ਰਾਇ ਸਾਹਿਬ ਗੋਲਾਪ ਚੰਦ੍ਰ 'ਬਰੂਆ' ਨੇ, ਆਸਾਮ-ਸਰਕਾਰ ਦੀ ਆਗਿਆ ਨਾਲ, ਸੰਨ 1930 ਈ: ਵਿਚ ਪ੍ਰਕਾਸ਼ਤ ਕੀਤਾ ਹੈ, ਜਿਸ ਵਿਚ ਰਾਜਾ ਰਾਮ ਸਿੰਘ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਕਾਮਰੂਪ ਦੇਸ਼ (ਗਉਹਾਟੀ) ਪਧਾਰੇ ਸਨ, ਉਸ ਦੀ ਮੁਹਿੰਮ ਦੇ ਸਮਾਚਾਰ ਬੜੇ ਖੋਲ ਕੇ ਲਿਖੇ ਹਨ। ਪਰ ਮਹੀਨੇ ਸਾਲ ਅਹੋਮੀ ਹੋਣ ਕਰਕੇ ਈਸ੍ਵੀ ਸਾਲ ਬਨਾਉਣ ਲਗਿਆਂ ਉਲਥਾਕਾਰ ਨੇ ਕੁਝ ਅਗਾਹਾਂ ਵਧਾ ਦਿਤੇ ਹਨ, ਜੋ ਹੋਰਨਾਂ ਬੂਰੰਜੀਆਂ ਵਿਚ ਲਿਖੇ ਸਾਕਾਂ, ਸੰਮਤਾਂ ਨਾਲ ਮੇਲ ਕੇ ਸੋਧਣੇ ਪੈਂਦੇ ਨੇ।' ਇਸ ਗ੍ਰੰਥ ਦਾ ਮੂਲ ਪਾਠ (ਅਨੁਵਾਦਿਤ) ਇਸ ਤਰ੍ਹਾਂ ਹੈ:

"ਬਾਦਸ਼ਾਹ ਬੂੰਰਜੀ"

Annals of the Delhi Badshahat

S.K. Bhuan Rai Bahadur M.B.E, M.A.B.R

Director of Historical & Antiquarien Studies in Assam

p. 58… so taking all things together, we may easily surmise that main bulk of the book was compiled between 1663 and 1685 A.D., and the copy of Manuscript was made later than 1731 A.D. Manuscript B could not have not copied earlier than 1793 A.D.

---

39 Wikipedia, ਅੰਗਰੇਜ਼ੀ ਅਤੇ ਹਿੰਦੀ ਵਿਆਖਿਆ.

40 *ਗੁਰ ਪ੍ਰਣਾਲੀਆਂ,* ਪੰ. 48.

the charactor of the script and the present condition of the ink

further support such a conclusion.

p.80 ਅਧਿਆਉ ਤੀਜਾ

<u>ਹੁਮਾਯੂੰ ਦਾ ਨਸਣਾ ਤੇ ਮੁੜ ਕਾਇਮ ਹੋਣਾ</u>

੨੬. **ਹੁਮਾਯੂੰ ਪਾਦਸ਼ਾਹ ਦੀ ਸੇਖੀ:-** ਦਿਲੀਪਤਿ ਹੁਮਾਯੂੰ ਪਾਦਸ਼ਾਹ ਜਦੋਂ ਦਰਬਾਰੇ ਬਹਿੰਦਾ, ਤਾਂ ਖੁਲ੍ਹੀ ਸ਼ੇਖੀ ਮਾਰਦਾ ਹੁੰਦਾ; ਕਿ

"ਮੈਨੂੰ ਕੋਈ ਅਜੇਹਾ ਪੁਰਖ ਨਹੀ ਦੀਹਦਾ; ਜੋ ਮੇਰੀ ਤਲਵਾਰ ਦੀ ਝਾਲ ਝੱਲ ਸਕੇ!''

ਦਰੀਆ ਦਾਦੁੱਲਾ ਕਾਜ਼ੀ ਬਾਦਸ਼ਾਹ ਦੀ ਇਹ ਫਜ਼ੂਲ ਗੱਪ ਸੁਣਕੇ ਰਹਿ ਨਾ ਸਕਿਆ ਤੇ ਆਖਣ ਲੱਗਾ:-

"ਇਉਂ ਗੱਪਾਂ ਮਾਰਕੇ ਤੁਸੀਂ ਸਰਬ ਸ਼ਕਤੀਵਾਨ

ਰੱਬ ਨੂੰ ਕਿਉਂ ਚਿੜਾਉਂਦੇ ਓਂ? ਅੱਜ ਤੁਸੀਂ

ਆਹਦੇ ਓ: ਏਥੇ ਤੁਹਾਡੀ ਤਲਵਾਰ ਰੋਕਣ

ਵਾਲਾ ਕੋਈ ਮਰਦ ਨਹੀ; ਅਜੇਹਾ ਮਰਦ

ਪ੍ਰਗਟੇਗਾ, ਜਿਸਦੀ ਸ਼ਕਤੀ ਦੀ ਝਾਲ ਝੱਲਣ

ਲਈ ਤੁਸੀਂ ਸਮਰੱਥ ਨਾ ਹੋਵੋਗੇ! ਅਤੇ ਜਿਸ

p.81 ਵਾਸਤੇ ਤੁਸੀਂ ਦਿਲੀ ਦਾ ਤਖਤ ਛੱਡਕੇ ਨੱਸ

ਜਾਓਗੇ!" ਉਹ ਦਿੱਲੀ ਦਾ ਪਾਦਸ਼ਾਹ ਬਣੇਗਾ!

ਇਹ ਆਗਮ ਬਚਨ ਧਰਮ ਪੁਸਤਕਾਂ ਵਿੱਚ

ਲਿਖੇ ਹੋਏ ਹਨ!!- ਇੰਞ ਕਾਜ਼ੀ ਨੇ ਆਖਿਆ॥

**੨੭-ਪਾਦਸ਼ਾਹ ਦਾ ਪ੍ਰਗਟਣ ਵਾਲਾ ਵਿਪੱਖੀ:-** ਪਾਦਸ਼ਾਹ ਦਾ ਦਿਲ ਡਰਦੇ ਮਾਰਿਆਂ ਮੁੱਠ ਵਿੱਚ ਆਗਿਆ; ਤੇ ਉਸਨੇ ਕਾਜ਼ੀ ਨੂੰ ਕਿਹਾ "ਮੈਨੂੰ ਤੁਸੀਂ ਵਿਖਾ ਸਕਦੇ ਓ ਉਹ ਨਵਾਬ ਦਾ ਗੋਲਾ, ਜੇੜ੍ਹਾ ਦਸਦੇ ਓ; ਜੁ ਅੱਗੋਂ ਮੇਰੀ ਤਾਕਤ ਨਾਲ ਭੜ੍ਹੱਕੇਗਾ?"

ਕਾਜ਼ੀ ਨੇ ਉੱਤਰ ਦਿਤਾ:- "ਮੈਂ ਉਸਨੂੰ ਸਾਧਾਰਨ ਰੂਪ ਵਿਚ ਵਿਖਾਣ ਦਾ ਵਾੱਦਾ ਨਹੀਂ ਕਰ ਸਕਦਾ; ਪਈ "ਅਹੁ ਹੈ ਉਹ ਮਨੁੱਖ!" ਮੈਂ ਉਸਦੇ ਚਿਹਨ-ਚੱਕ੍ਰ ਤੇ ਲੱਛਣ ਧਰਮ ਪੁਸਤਕਾਂ ਵਿੱਚੋਂ ਪਛਾਣਕੇ ਵਿਖਾਣ ਲਈ

ਸਮਰੱਥ ਹੋਵਾਂਗਾ!"

ਪਾਦਸ਼ਾਹ ਨੇ ਆਖਿਆ "ਮੈਂ ਤੁਹਾਡੇ ਮਸ਼ਵਰੇ ਮੂਜਬ ਕੰਮ ਕਰਨ ਲਈ ਤਯਾਰ ਹਾ; ਕ੍ਰਿਪਾ ਕਰਕੇ ਤਜਵੀਜਾਂ ਦਸੋ!!"

ਕਾਜ਼ੀ ਉੱਤਰ ਦਿਤਾ:- "ਕ੍ਰਿਪਾ ਪੂਰਬਕ ਇਕ ਦਾੱਵਤ ਦਾ ਪ੍ਰਬੰਧ ਕਰਨ ਲਈ ਲੋੜੀਂਦੀਆਂ ਵਸਤਾਂ ਮੁਹੱਈਆ ਕਰ ਦਿਓ; ਓਸ ਮੌਕੇ ਮੈ ਆਪਨੂੰ ਪੁਰਖ ਵਿਖਾ ਦਿਆਂਗਾ!" ਕਾਜ਼ੀ ਦੇ ਕਥਨ ਅਨੁਸਾਰ ਪਾਦਸ਼ਾਹ ਭੋਜਨ-ਸਮੱਗਰੀ ਇਕੱਠੀ ਕਰ ਦਿੱਤੀ ਤੇ ਆਪਣੇ ਅਮੀਰਾਂ ਨੂੰ ਨਿਉਂਦਾ ਦੇ ਦਿੱਤਾ। ਉਸਨੇ ਕਾਜ਼ੀ ਨੂੰ ਆਪਣੇ ਲਾਗੇ ਬੈਠਾ ਲਿਆ, ਅਰੁ ਪ੍ਰਾਹੁਣਿਆ ਨੂੰ ਪ੍ਰਸ਼ਾਦ-ਜਿਸ ਵਿਚ ਰੋਟੀਆਂ ਤੇ ਸਬਜ਼ੀ ਸੀ- ਛਕਣ ਦੀ ਆਗਿਆ ਕੀਤੀ॥ ਇੱਕ ਸ਼ੇਰਖਾ ਨਾਮੀ ਵਫਾਦਾਰ ਸਿਪਾਹੀ, ਇਕ ਪੰਜਾਹਜਾਰੀ ਨਵਾਬ ਦੀ ਚਾਕਰੀ ਕਰਦਾ ਸੀ; ਤੇ ਉਸਨੇ ਕਰਦ ਕੱਢ ਕੇ ਆਪਣੀ ਰੋਟੀ ਕੱਟੀ ਤੇ ਖਾਣ ਲੱਗ ਪਿਆ। ਕਾਜ਼ੀ ਨੇ ਉਤਵਲ ਸੈਨਤ ਕਰਕੇ ਆਖਿਆ:-

"ਹਜ਼ਰਤ ਪਾਦਸ਼ਾਹ! ਅਹੁ ਹੈ, ਉਹ ਮਰਦ ਜੋ ਤੇਰੀ ਤਲਵਾਰ ਦੀ ਤਾਕਤ ਨੂੰ ਭੈਭੀਤ ਕਰ ਦੇਵੇਗਾ!"

ਪਾਦਸ਼ਾਹ ਨੇ ਉਸਦੀ ਗੱਲ ਸਹੀ ਸਮਝਣ ਦੀ ਸੈਨਤ ਕਰਕੇ ਆਖਿਆ:-"ਨਵਾਬ ਦੇ ਇਸ ਨੌਕਰ ਨੂੰ ਹੁਣ ਚੰਗੂੰ ਵੇਖ ਲਓ, ਓਦੋਂ ਫਿਰ ਤੁਸਾਂ ਪਛਾਣਨਾ ਹੋਵੇਗਾ!

**੨੮ ਸ਼ੇਰ ਖਾਂ ਨੂੰ ਕਾਬੂ ਕਰਨ ਦੇ ਜਤਨ:-** ਇਸ ਪ੍ਰੀਤੀ ਭੋਜਨ ਤੋਂ ਚਾਰ ਦਿਹਾੜੇ ਮਗਰੋਂ ਪਾਦਸ਼ਾਹ ਨੇ ਇਕ ਦੂਤ ਨਵਾਬ ਪਾਸ ਇਹ ਆਖਣ ਲਈ ਟੋਰਿਆ ਬਈ ਅਗਲੇ ਭਲਕ ਸ਼ੇਰ ਖਾਂ ਨੂੰ ਨਾਲ ਲੈਕੇ ਬਾਦਸਾਹ ਨੂੰ ਮਿਲੇ। ਪਾਦਸ਼ਾਹ ਦਾ ਹੁਕਮ ਸੁਣਾਦਿਆ ਸਾਰ ਨਵਾਬ ਨੇ ਸ਼ੇਰ ਖਾਂ ਨੂੰ ਆਪਣੇ ਪਾਸ ਸੱਦਿਆ ਤੇ ਆਖਿਆ:-

p.82 "ਉਸ ਦਿਨ ਤੁਸਾਂ ਬਾਦਸ਼ਾਹ ਦੇ ਰੂਬਰੂ ਆਪਣੀ ਰੋਟੀ ਕੱਟ ਕੇ ਖਾਧੀ ਸੀ। ਇਸ ਲਈ ਮੈਨੂੰ ਹੁਕਮ ਹੋਇਆ ਹੈ ਕਿ ਤੈਨੂੰ ਨਾਲ ਲੈ ਕੇ ਆਵਾ! ਤੁਸੀਂ ਪਿਛਲੀਆਂ ਤਿੰਨਾ ਪੀੜ੍ਹੀਆਂ ਤੋਂ ਸਾਡੇ ਘਰਾਣੇ ਦੇ ਸੇਵਕ ਹਉ! ਹੁਣ ਮੈਂ ਤੈਨੂੰ ਪਾਦਸ਼ਾਹ ਦੇ ਪੇਸ਼ ਕਰਕੇ ਤੇਰੀ ਮੌਤ ਦਾ ਕਲੰਕ ਆਪਣੇ ਸਿਰ ਕਿਵੇਂ ਲੈ ਸਕਦਾ ਹਾਂ? ਹੁਣ ਜਿਵੇਂ ਤੂੰ ਆਪਣਾ ਭਲਾ ਚਾਹਨਾਂ ਇਂ ਕਰ! ਤੇਰੇ ਬਦਲੇ ਮੈ ਪਾਦਸ਼ਾਹ ਦੀ ਹਰ ਤਰਾਂ ਦੀ ਕਰੋਪੀ ਝੱਲਣ ਲਈ ਤਿਆਰ ਹਾਂ!" ਇਉ ਆਖਕੇ ਉਸ ਨੇ ਸਿਪਾਹੀ ਨੂੰ ਨਸਾੱ ਦਿੱਤਾ॥ ਨਵਾਬ ਅਗਲੇ ਦਿਨ ਪਾਦਸ਼ਾਹ ਦੀ ਖਿਦਮਤ ਵਿੱਚ ਹਾਜਿਰ ਹੋਇਆ। ਪਾਦਸ਼ਾਹ ਨੇ ਨਵਾਬ ਨੂੰ ਪੁੱਛਿਆ; "ਸਿਪਾਹੀ ਸ਼ੇਰ ਖਾਂ ਕਿੱਥੇ ਹੈ? ਜਿਸਨੂੰ ਨਾਲ ਲਿਆਇਆ ਹੈ!" ਨਵਾਬ ਨੇ ਉੱਤਰ ਦਿੱਤਾ:- "ਹਜ਼ਰਤ ਪਾਦਸ਼ਾਹ! ਮੈ ਉਸਨੂੰ ਹੋਧਰੇ ਭੇਜਿਆ ਹੋਇਆਇ; ਹਜ਼ੂਰ ਦਾ ਹੁਕਮ ਪਹੁੰਚਣ ਪੁਰ, ਕੱਲ ਮੈਂ ਉਸਨੂੰ ਸੱਦ ਘੱਲਿਆ ਹੈ! ਮੈਂ ਹਜ਼ੂਰ ਦੇ ਰੂਬਰੂ ਹਾਜ਼ਰ ਕਰਾਂਗਾ ਜਦੋ ਮੁੜ ਕੇ ਆਇਆ॥"

ਪਾਦਸ਼ਾਹ ਨੇ ਤਦ ਆਖਿਆ:- "ਅਸਾਂ ਉਸਨੂੰ ਕਿਸੇ ਮੰਦੀ ਨੀਤ ਨਾਲ ਨਹੀਂ ਬੁਲਾਇਆ। ਇਹ ਉਸਦੇ ਭਲੇ ਵਾਸਤੇ ਹੀ ਹੈ; ਉਸਨੂੰ ਅਸੀਂ ਆਪਣੇ ਹਜ਼ੂਰ ਰੱਖਣਾ ਚਾਹੁੰਦੇ ਹਾਂ! ਸੋ, ਉਸਨੂੰ ਕ੍ਰਿਪਾ ਕਰਕੇ ਛੇਤੀ ਲੈ ਆਓ!!" ਨਵਾਬ ਨੇ ਬਾਦਸ਼ਾਹ ਦੀ ਬਿਨੇ ਇਹ ਆਖਦਿਆ ਸਵੀਕਾਰ ਕਰ ਲਈ, ਕਿ ਉਹ ਪਾਦਸ਼ਾਹ ਦੀ ਆਗਿਆ ਪਾਲਣ ਕਰਦਿਆਂ ਆਪਣੇ ਨੌਕਰ ਨੂੰ ਅਠਾਂ ਦਸਾਂ ਦਿਨਾਂ ਤੋੜੀ ਪੇਸ਼ ਕਰ ਦੇਵੇਗਾ। ਨਵਾਬ ਨੇ ਚਾਕਰ ਨੂੰ ਖੁਦ ਗੁਪਤ ਸਲਾਹ ਦਿੱਤੀ ਤੇ ਨਸਾਇਆ; ਹੁਣ ਭਲਾ ਉਸਨੂੰ ਪਕੜੇਗਾ ਤੇ ਪਾਦਸ਼ਾਹ ਦੇ ਹਵਾਲੇ ਕਰੇਗਾ?

ਨਵਾਬ ਨੇ ਤਾਂ ਭੋਲੇ ਭਾ ਝੂਠਾ ਬਿਆਨ ਪਾਦਸ਼ਾਹ ਪਾਸ ਦੇਕੇ (P.83.) ਆਪਣੇ ਸੇਵਕ ਨੂੰ ਮੌਕਾ ਦਿਤਾ ਸੀ, ਤਾਂਜੋ ਉਹ ਓਦੋਂ ਤੱਕ ਦੂਰ ਨੱਸ ਜਾਏ। ਦਸ ਬਾਰਾਂ ਦਿਨ ਗੁਜਰ ਜਾਣ ਪੁਰ ਪਾਦਸ਼ਾਹ ਨੇ ਨਵਾਬ ਨੂੰ ਪੁੱਛਿਆ!"ਇਹ ਕੀ ਗੱਲ ਹੈ; ਤੁਸੀ ਸ਼ੇਰ ਖਾਂ ਸਿਪਾਹੀ ਨੂੰ ਹਾਲਾਂ ਤੱਕ ਭੀ ਨਹੀ ਲਿਆਏ?

ਨਵਾਬ ਨੇ ਉੱਤਰ ਦਿੱਤਾ- "ਮੈ ਦੂਤ ਉਸ ਪਰਗਣੇ ਵਿੱਚ ਭੇਜਿਆ ਸੀ, ਜਿੱਥੇ ਉਹ ਗਿਆ ਹੈ। ਉਹ ਓਥੇ ਨਹੀਂ ਲੱਭਾ; ਮੈ ਉਸਨੂੰ ਹੋਰਨੀਂ ਥਾਵੀਂ ਭੀ ਭਾਲਿਆ ਹੈ। ਕਿਤੋਂ ਭੀ ਕਿਸੇ ਨੇ ਉਸਦੀ ਸੂਹ ਨਹੀਂ ਦਿੱਤੀ, ਬਈ ਉਹ ਹੈ ਕਿਥੇ!

ਹੋ ਸਕਦਾ ਇ ਉਸ ਨੇ ਪਾਦਸ਼ਾਹ ਦਾ ਸੱਦਾ ਸੁਣ ਲਿਆ ਹੋਵੇ; ਸਾਇਦ ਇਸੇ ਕਰਕੇ ਉਹ ਕਿਧਰੇ ਹੋਰ ਨੱਸ ਗਿਆ ਹੈ!

ਤਾਂ ਬਾਦਸ਼ਾਹ ਨੇ ਨਵਾਬ ਨੂੰ ਆਖਿਆ- "ਜੇ ਸ਼ੇਰਖਾਂ ਪੈਦਾ ਨਹੀਂ ਕੀਤਾ ਜਾ ਸਕਦਾ, ਤਾਂ ਤੇਰੇ ਉਤੇ ਭੀ ਸ਼ੇਰਖਾਂ ਵਾਗੂੰ ਹੀ ਨਿਗਾਹ ਰੱਖੀ ਜਾਵੇਗੀ, ਅਰੁ ਤੇਰੀ ਵੀ ਕੋਈ ਸਲਾਮਤੀ ਨਹੀਂ। ਜਿੱਥੇ ਉਹ ਗਿਆ ਹੈ ਓਥੇ ਤਕੜੀ ਫੌਜ ਭੇਜੋ; ਤੇ ਉਸਨੂੰ ਲੱਭੋ! ਉਸਦੀਆਂ ਹਰਕਤਾਂ ਬਾਰੇ ਸਹੀ ਸਮਾਚਾਰ ਲੈ ਕੇ ਸਾਨੂੰ ਭੇਜੋ! ਜੇ ਸ਼ੇਰ ਖਾਂ ਨਾਂਹ ਨਾ ਲੱਭਾ; ਤਾਂ ਯਾਦ ਰੱਖੋ ਤੁਹਾਡੇ ਜੀਵਨ ਦੇ ਦਿਨ ਭੀ ਗੇਣਵੇ ਹੀ ਹਨ।"

ਪਾਦਸ਼ਾਹ ਦੀ ਗੱਲ ਸੁਣਕੇ ਨਵਾਬ ਨੇ ਸ਼ੇਰਖਾਂ ਨੂੰ ਭਾਲਣ ਵਾਸਤੇ ਬੰਦੇ ਨੀਯਤ ਕੀਤੇ।

**੨੯ ਸ਼ੇਰਖਾਂ ਭਗੌੜਾ ਸੇਵਾ ਵਿੱਚ:-** ਕੁਝ ਦਿਹਾੜੇ ਮਗਰੋਂ ਸ਼ੇਰਖਾਂ ਨੂੰ ਭਾਲਣ ਗਏ ਦੂਤਾਂ ਆਕੇ ਨਵਾਬ ਨੂੰ ਸੂਚਨਾਂ ਦਿਤੀ; ਕਿ ਸ਼ੇਰਖਾ ਸਿਪਾਹੀ ਸੇਵਾਂ[41] ਵਿਚ ਲੁਕਿਆ ਹੋਇਆ ਹੈ। ਅਰੁ ਉਨਾਂ ਸਪਸਟ ਦੱਸਿਆ ਕਿ ਇਹ ਇਤਲਾੱ ਚਾਲੀਸੇਰੀ ਹੈ। ਨਵਾਬ ਨੇ ਪਾਦਸ਼ਾਹ ਨੂੰ ਦੱਸਿਆ:- "ਜੋ ਬੰਦੇ ਸ਼ੇਰਖਾਂ ਸਿਪਾਹੀ ਨੂੰ ਭਾਲਣ ਘੱਲੇ

---

[41] ਸੇਵਾ ਵੀਹ ਵਿੱਸਵੇ 'ਬੀਜਾਪੁਰ' ਪੁਰਾਣਾ ਨਾਮ ਜਾਪਦਾਇ।- ('ਪਾਦਸ਼ਾਹ ਬੂਰੰਜੀ' (ਅੰਗ੍ਰੇਜ਼ੀ) ਨੋਟ ੬੩ ਵਾਂ) ਪਰ ਇਸ ਪੋਥੀ ਵਿਚ ਅੱਗੇ ਭੀ ਇਸ ਥਾਂ ਦਾ ਜ਼ਿਕਰ ਔਦਾਇ ਜੋ ਕੋਚਗਜ ਯਾ ਗਉਹਾਟੀ ਦੇ ਇਲਾਕੇ ਦਾ ਨਾਮ ਪ੍ਰਤੀਤ ਹੁੰਦਾਇ। (ਦੇਖੋ ਨੋਟ ੮੩)

ਸਨ; ਮੁੜ ਆਏ ਹਨ। ਉਨ੍ਹਾਂ ਮੈਨੂੰ ਖਬਰ ਦਿੱਤੀ ਹੈ, ਕਿ ਉਹ ਚੰਗੀ ਤਰਾਂ ਜਾਣਦੇ ਹਨ, ਜੁ ਉਹ ਸੇਵਾ ਵਿੱਚ ਸਰਨਾਗਤਿ ਹੈ।"

ਪਾਦਸ਼ਾਹ ਬੋਲਿਆ ਨਵਾਬ ਨੂੰ:- "ਇਹ ਸਾਹੀ ਤੇਰੀ ਚਾਲ ਹੈ!" ਨਵਾਬ ਨੂੰ ਨੌਕਰੀਓਂ ਹਟਾ ਕੇ ਕੈਦ ਕਰ ਦਿੱਤਾ ਗਿਆ॥

ਪਾਦਸ਼ਾਹ ਨੇ ਕਾਜ਼ੀ ਦਰੀਆ ਦਾਦੁੱਲਾ ਨੂੰ ਸੱਦ ਕੇ ਆਖਿਆ:- (p.84) "ਸ਼ੇਰਖਾਂ ਸਿਪਾਹੀ, ਜਿਸ ਬਾਰੇ ਤੁਸਾਂ ਓਦੋਂ ਦੱਸਿਆ ਸੀ, ਪਈ ਉਹ ਬਾਹੂਬਲ ਵਿਚ ਮੇਰਾ ਮੁਕਾਬਲਾ ਕਰੇਗਾ, ਹੁਣ ਸੇਵਾ ਵਿਚ ਦਿਨਕਟੀ ਕਰ ਰਿਹਾ ਹੈ। ਸਾਨੂੰ ਇਹ ਪੱਕੀ ਖਬਰ ਮਿਲੀ ਹੈ!" ਕਾਜ਼ੀ ਨੇ ਉੱਤਰ ਦਿੱਤਾ ਮੈ ਆਪਨੂੰ ਦੱਸਿਆ ਸੀ ਨਾਂ, ਕਿ ਇਹ ਗੱਲ ਧਰਮ ਗ੍ਰੰਥਾਂ ਵਿਚੋਂ ਲੱਭੀ ਹੈ। ਬੱਸ, ਜਿਵੇਂ ਮੈ ਆਖਿਆ ਸੀ, ਗੱਲ ਓਵੇਂ ਕਿਵੇਂ ਹੈ। ਮੈ ਹੋਰ ਕੀ ਆਖਾ ਸਕਨਾਂ ਵਾਂ?

**੩੦. ਸ਼ੇਰਖਾਂ ਦੀ ਹਾਰ ਪਾਦਸ਼ਾਹ ਪਾਸੋਂ:-** ਪਾਦਸ਼ਾਹ ਨੇ ਇਕ ਪੰਜਹਜ਼ਾਰੀ ਨਵਾਬ ਲਸ਼ਕਰ ਸਮੇਤ ਸ਼ੇਰਖਾਂ ਨੂੰ ਪਕੜ ਕੇ ਪੇਸ਼ ਕਰਨ ਹਿਤ ਭੇਜਿਆ। ਨਵਾਬ ਦੇ ਪਹੁੰਚਣ ਪੁਰ ਸ਼ੇਰਖਾਂ ਨੇ ਆਪਣੀ ਸਹਾਇਕ ਫੌਜ ਨਾਲ, ਸ਼ਾਹੀ ਲਸ਼ਕਰ ਨੂੰ ਘੇਰ ਲਿਆ। ਦੁਵੱਲੀ ਬੜਾ ਸਖਤ ਭੇੜ ਮੱਚਿਆ। ਸ਼ੇਰਖਾਂ ਜਿੱਤਿਆ ਤੇ ਪੰਜ ਹਜ਼ਾਰੀ ਨਵਾਬ ਮਾਰਿਆ ਗਿਆ। ਅੱਧੇ ਸੈਨਕ ਭੀ ਅਜਾਈਂ ਹੋਏ; ਬਾਕੀਆਂ ਨੇ ਏਧਰ ਓਧਰ ਭੱਜਕੇ ਜਾਨ ਬਚਾਈ। ਸ਼ੇਰਖਾਂ ਨੇ ਆਪਣੀ ਸੈਨਾਂ ਸ਼ਸਤ੍ਰਾ ਬਸਤ੍ਰਾਂ ਨਾਲ ਸਜਾਈ ਤੇ ਦਿੱਲੀ ਸਰ ਕਰਨ ਦਾ ਦਾਈਆ ਬੰਨ੍ਹਕੇ ਚੜ ਪਿਆ। ਖਬਰ ਮਿਲਣਪੁਰ ਪਾਦਸ਼ਾਹ ਖੁਦ ਹਮਲਾਵਰਾਂ ਦੇ ਮੁਕਾਬਲੇ ਵਾਸਤੇ ਅਗਾਂਹ ਵਧਿਆ। ਬਾਦਸ਼ਾਹੀ ਹਰਾਵਲ ਦਸਤੇ ਨਾਲ ਸ਼ੇਰ ਖਾਂ ਦੀ ਟੱਕਰ ਹੋਈ। ਸ਼ੇਰ ਖਾਂ ਝਾਲ ਨਾ ਝੱਲ ਸਕਿਆ; ਹਾਰ ਕੇ ਆਪਣੀ ਉਸੇ ਓਟ ਵਿੱਚ ਜਾ ਲੁਕਿਆ ਉਸਨੇ ਫਿਰ ਆਪਦੀ ਸੈਨਾ ਜੋੜੀ ਤੇ ਦਿੱਲੀ ਪੁਰ ਚੜਿ ਆਇਆ; ਜਿਥੇ ਕਿ ਸਾਹੀ ਲਸ਼ਕਰ ਵਿਚ ਘਿਰ ਗਿਆ ਬੜਾ ਗਹਿਗਡ ਯੁੱਧ ਮਚਿਆ। ਦੋਹਾਂ ਧਿਰਾਂ ਦੇ ਬੇਸ਼ੁਮਾਰ ਬੰਦੇ ਮਾਰੇ ਗਏ। ਪਰ ਆਖਿਰ ਸ਼ੇਰਖਾਂ ਦੇ ਪੈਰ ਉੱਖੜ ਗਏ; ਤੇ ਉਹ ਰਣ ਭੂਮੀ ਚੋਂ ਨੱਸ ਗਿਆ॥

**੩੧. ਸ਼ੇਰਖਾਂ ਨੂੰ ਜੰਗ ਕਰਨ ਦੀ ਭਲੇਰੀ ਸਿੱਖਿਆ:-** ਸ਼ੇਰਖਾਂ ਆਪਣੇ ਸਾਥੀਆਂ ਨੂੰ ਛੱਡ ਕੇ ਇੱਕਲਾ ਨੱਸ ਗਿਆ ਜੰਗ ਜਿੱਤਣ ਦੀਆਂ ਸਾਰੀਆਂ ਆਸਾਂ ਲਾਹਕੇ, ਉਹ ਸ਼ਹਿਰ ਦੀ ਇੱਕ ਬੁਢੜੀ ਦੇ ਘਰ ਜਾ ਲੁਕਿਆ। ਸ਼ੇਰਖਾਂ ਨੇ ਬੁਢੀਮਾਈ ਨੂੰ ਆਖਿਆ:- "ਅਹਿ ਲੈ ਪੈਸੇ, ਬਜ਼ਾਰ ਜਾਹੁ ਤੇ ਮੇਰੇ ਲਈ ਇਕ ਥਾਲ ਚਾਉਲਾਂ ਦਾ (p.85) ਜੋ ਇਕ ਸਰਦੇ ਪੁਜਦੇ ਬੰਦੇ ਦੇ ਖਾਣ ਜੋਗ ਹੋਵੇ ਖਰੀਦ ਕੇ ਲਿਆ ਦੇਹੁ।" ਮਾਈ ਨੂੰ ਕੁਝ ਪਤਾ ਨਹੀ ਸੀ, ਕਿ ਉਸਦੇ ਘਰ ਆਇਆ ਪ੍ਰਾਹੁਣਾਂ ਸ਼ੇਰਖਾਂਨ ਹੈ! ਉਹ ਪੈਸੇ ਲੈਕੇ ਬਜ਼ਾਰੇ ਗਈ ਤੇ ਇਕ ਵੱਡਾ ਥਾਲ

ਭਰਿਆ ਹੋਇਆ ਚੌਲਾਂ ਦਾ ਖਰੀਦ ਲਿਆਈ। ਥਾਲ ਉਸਨੇ ਸ਼ੇਰਖਾਂ ਅਗਾੜੀ ਰੱਖ ਦਿੱਤਾ। ਸ਼ੇਰ ਖਾਂ ਨੂੰ ਟੁੱਟਕੇ ਭੁੱਖ ਲਗੀ ਹੋਈ ਸੀ; ਜੇ ਉਸਨੇ ਗਿਰਾਹੀ ਚਾਉਲਾਂ ਦੇ ਢੇਰ ਦੀ ਟੀਸੀ ਤੋਂ ਚੁੱਕ ਲਈ ਸੀ; ਤਾਂ ਕੋਈ ਅਣੱਖੀ ਗੱਲ ਥੋੜੀ ਸੀ? ਮਾਈ ਨੇ ਆਖਿਆ:- "ਸ਼ੇਰਖਾਂ ਸ਼ਾਹ ਦਿੱਲੀ ਦੀ ਫੌਜ ਦੇ ਮੱਧ ਭਾਗ ਪੁਰ ਜਾ ਪਿਆ, ਇਸੇ ਕਰਕੇ ਮੁਕਾਬਲੇ ਵਿੱਚ ਨਾ ਠਹਿਰ ਸਕਿਆ ਓੜਕ ਹਾਰਕੇ ਮੈਦਾਨ ਚੋਂ ਨੱਸ ਗਿਆ। ਜੇ ਉਹ ਉਸਦੀ ਫੌਜ ਨੂੰ ਘੇਰ ਕੇ ਸਿਰਫ ਇਕ ਬੰਨਿਓਂ ਹੱਲਾ ਬੋਲ ਦੇਂਦਾ; ਤਾਂ ਪਾਦਸ਼ਾਹ ਦਿੱਲੀ ਨਿਸਚੇ ਹਾਰ ਜਾਂਦਾ। ਠੀਕ ਇਵੇਂ, ਜਿਵੇ ਚਾਉਲਾਂ ਦੇ ਢੇਰ ਨੂੰ ਇੱਕ ਪਾਸਿਓਂ ਖਾਧਾ ਜਾਏ, ਤਾਂ ਉਹ  ਸਹਜੇ ੨ ਸਾਰਾ ਖਾਧੇ ਭੀ ਜਾਂਦੇ ਨਿ ਤੇ ਬੰਦੇ ਦੀ ਭੁੱਖ ਭੀ ਮਿਟ ਜਾਂਦੀ ਹੈ।"

ਸ਼ੇਰ ਖਾਂ ਨੇ ਉਸ ਮਾਈ ਦਾ ਮੌਕੇ ਸਿਰ ਦਿੱਤਾ ਦ੍ਰਿਸ਼ਟਾਂਤ ਤੇ ਇਸ਼ਾਰਾ ਸਦਾ ਯਾਦ ਰੱਖਿਆ; ਤੇ ਆਪਣੇ ਸਾਰੇ ਹਮਲੇ ਇੱਕ ਪਾਸਿਉ ਹੀ ਕਰਦਾ ਰਿਹਾ। ਅਰੁ ਆਪਣੇ ਡੇਰੇ ਵਿੱਚ 'ਨਰਮਦਾ' ਦੇ ਸਾਹਮਣੇ ਠਹਿਰਿਆ॥

**੩੨. ਸ਼ੇਰ ਖਾ ਦੀ ਫਤਹ, ਪਾਦਸ਼ਾਹੀ ਸੈਨਾ ਉੱਤੇ**:- ਪਾਦਸ਼ਾਹ ਲਸ਼ਕਰ ਲੈਕੇ ਆਪਣੇ ਬਾਗੀ ਉੱਤੇ ਚੜ੍ਹ ਪਿਆ। ਦੋਹਾਂ ਦਲਾਂ ਦੀਆਂ ਕਈ ਝੜਪਾਂ ਹੋਈਆਂ। ਪੂਰਾ ਇਕ ਵਰ੍ਹਾ ਕਿਸੇ ਧਿਰ ਦੀ ਜਿੱਤ ਹਾਰ ਦਾ ਕੋਈ ਨਿਖੇੜਾ ਨਾ ਹੋ ਸਕਿਆ ।

ਛਲੀਆਂ (ਸੂਹੀਆਂ) ਦਾ ਇਕ ਟੋਲਾ ਉਸ ਜੰਗ ਵਿਚ ਦੋਹੀਂ ਪਾਸੀਂ ਆਪਣੇ ਚਲਿਤ੍ਰ ਖੇਡਦਾ ਰਿਹਾ! ਸ਼ੇਰਖਾਂ ਨੇ ਛਲੀਆਂ ਨੂੰ ਆਖਿਆ:- "ਮੈ ਤੁਹਾਡੀਆਂ ਝੋਲੀਆਂ ਭਰ ਦਿਆਗਾਂ ਧਨ ਨਾਲ ਜੇ ਤੁਸੀਂ ਮੈਨੂੰ ਇਹ ਪਤਾ ਲੈਦਿਓਂ ਕਿ ਅੱਠਾਂ ਪਹਿਰਾਂ ਵਿਚ ਕਿਸ ਵੇਲੇ ਹੁਮਾਯੂੰ ਪਾਦਸ਼ਾਹ ਬਿਨਾਂ ਪਹਿਰੇ ਹੁੰਦਾਇ!

ਸ਼ੇਰ ਖਾਂ ਦੇ ਆਖੇ ਛਲੀਏ ਹੁਮਾਯੂੰ ਪਾਦਸ਼ਾਹ ਦੇ ਡੇਰੇ ਗਏ, ਅਤੇ ਸੈਨਕਾਂ ਦੇ ਡੇਰੇ ਦੀ ਮਰਿਯਾਦਾ ਬਾਰੇ ਪਤਾ ਕੀਤਾ। ਉਨਾਂ ਨੂੰ ਮੱਲਮ ਹੋਇਆ ਕਿ ਪਹਿਰਾ ਤਾਂ ਅੱਠੇ ਪਹਿਰ (p.86)ਰਹਿੰਦਾ ਇ; ਪਰ ਰਾਤਿ ਦੇ ਪਿਛਲੇ ਪਹਿਰ, ਅੰਮ੍ਰਿਤ ਵੇਲੇ ਸੋਲ੍ਹਾਂ ਵਿਚੋਂ ਦਸ ਬੰਦੇ ਅਵੇਸਲੇ ਹੁੰਦੇ ਹਨ  ਤੇ ਸੋਲਾਂ ਵਿਚੋਂ ਸਿਰਫ ਇਕ ਸੁਚੇਤ ਹੁੰਦਾਇ । ਇਹ ਗੱਲ ਛਲੀਆਂ ਨੇ ਸ਼ੇਰ ਖਾਂ ਤੱਕ ਪੁਚਾ ਦਿੱਤੀ॥

ਸ਼ੇਰ ਖਾਂ ਨੇ ਆਪਣੀ ਸੈਨਾ ਵਿਚੋਂ ਇਕ ਸੌ ਚਾਲੀ, ਚੋਣਵੇਂ ਜੋਧੇ ਆਪਣੇ ਨਾਲ ਲਏ; ਰਾਤ ਸਮੇ ਨਰਮਦਾ ਲੰਘ ਕੇ, ਝਾਲਾਂਗੇ ਹੀ ਪਾਤਸ਼ਾਹੀ ਲਸ਼ਕਰ ਪਰ ਛਾਪਾ   ਜਾ ਮਾਰਿਆ। ਉਸ ਮੌਕੇ ਪਾਤਸ਼ਾਹੀ ਪਹਿਰੇਦਾਰ ਸਾਵਧਾਨ ਨਹੀਂ ਸਨ; ਜਿਧਰ ਕਿਸੇ ਨੂੰ ਸਿਰਲੁਕਾਈ ਮਿਲੀ ਉਧਰੇ  ਨੱਸ ਗਇਆ। ਇਸ ਤਰਾਂ ਲੁਕੇ ਹੋਏ ਸੈਨਕ; ਜਿਥੇ ਕਿਤੇ ਵੀ ਮਿਲੇ ਲੱਭ ਲੱਭਕੇ ਮਾਰੇ ਗਏ॥

ਹੁਮਾਯੂੰ ਨੇ ਨੱਸਕੇ ਰੂਮ[42] ਦੇ ਪਾਤਸ਼ਾਹ ਪਾਸ ਪਨਾਹ ਲਈ। ਸ਼ੇਰਖਾਂ, ਦਿੱਲੀ ਦੇ ਤਖਤ ਪੁਰ ਬੈਹ ਗਿਆ ਤੇ ਨਾਮ ਧਰਾਇਓਸ ਸ਼ੇਰ ਸ਼ਾਹ! ਪੁਰਾਣੀ ਪਾਤਸ਼ਾਹੀ ਦੇ ਨਵਾਬ ਤੇ ਅਮੀਰ ਕੱਢ ਦਿੱਤੇ ਯਾ ਮਾਰੇ ਗਏ। ਕੁਝਕੁ ਬਚੇ ਖੁਚੇ ਆਪਣੇ ਪਹਿਲੇ ਅਹੁਦੇ ਅਰੁ ਮਹਿਕਮੇ ਪੁਰ ਬਹਾਲ ਰਹੇ। ਹੁਮਾਯੂੰ ਪਾਦਸ਼ਾਹ ਆਪਣੀ ਇਸਤਰੀ ਪੁੱਤ੍ਰ ਤੇ ਹੋਰ ਸੰਬੰਧੀ ਦਿੱਲੀ ਵਿਚ ਛੱਡਕੇ ਇਕੱਲਾ ਹੀ ਨੱਸ ਗਿਆ॥

**੩੩. ਸ਼ੇਰਸ਼ਾਹ ਨੇ ਹੁਮਾਯੂੰ ਦੇ ਸੰਬੰਧੀ ਆਪਣਾ ਲਏ:-** ਸ਼ੇਰਸ਼ਾਹ ਨੇ ਇਕੇਰਾ ਬੇਗਮ ਤੇ ਅਕਬਰ ਨੂੰ ਆਖਿਆਂ:- "ਤੁਹਾਨੂੰ ਮੰਨ ਲੈਣਾ ਚਾਹੀਦਾ ਹੈ ਕਿ ਦਿੱਲੀ ਦਾ ਅਸਲ ਮਾਲਿਕ ਹੁਮਾਯੂੰ ਹੀ ਹੈ। ਹੁਮਾਯੂੰ ਮੇਰਾ ਪਿਤਾ, ਤੂੰ ਮੇਰੀ ਮਾਤਾ ਤੇ ਅਕਬਰ ਮੇਰਾ ਭਰਾ ਹੈ। ਤੁਹਾਨੂੰ ਉਸੇ ਤਰਾਂ ਖਾਣਾ ਪਹਿਣਨਾ ਚਾਹੀਦਾਇ, ਜਿਵੇਂ ਪਹਿਲੋਂ ਖਾਂਦੇ ਪਹਿਨਦੇ ਸਉ! ਮੈਂ ਤੁਹਾਡੀ ਰਸਦ ਤੇ ਲੀੜਾ ਲੱਤਾ ਕਦਾ ਚਿਤ ਨਾਂ ਘਟਾਵਾਂਗਾ।" ਉਹਨੇ ਕਿਤੇ ਇਕ ਗੰਗਾਸਾਗਰ ਪਿਆ ਸੀ। ਸ਼ੇਰਸ਼ਾਹ ਨੇ ਹੁਮਾਯੂੰ ਦੀ ਪਤਨੀ ਨੂੰ ਆਖਿਆ:- "ਕਿਰਪਾ ਕਰਕੇ ਅਹੁ ਜੱਗ ਦਿਓ ਖਾਂ, ਮੈ ਪਾਣੀ ਪੀਣਾ ਚਾਹਨਾ !" ਬੇਗਮ ਨੇ ਭਾਂਡਾ ਫੜਾ ਦਿੱਤਾ ਤੇ ਸ਼ੇਰ ਸ਼ਾਹ ਨੇ ਉਸੇ ਚੋਂ ਪਾਣੀ ਪੀਤਾ॥

**੩੪. ਸ਼ੇਰਸ਼ਾਹ ਦੀ ਉਦਾਰਤਾ:-** ਸ਼ੇਰਸ਼ਾਹ ਨੇ ਦਰਬਾਰ ਵਿੱਚ ਬੈਠਿਆਂ ਹੀ ਆਪਣੇ ਵਜ਼ੀਰ ਤੇ ਦੀਵਾਨ ਨੂੰ ਆਖਿਆ:-

"ਰੱਬ ਦੇ ਫਜ਼ਲ ਨਾਲ ਮੈਂ ਦਿੱਲੀ ਦਾ ਪਾਦਸ਼ਾਹ
p.87 ਬਣ ਗਿਆ ਹਾਂ ! ਛੱਤ੍ਰੀ ਘਰਾਣੇ ਵਿੱਚ ਏਦੋਂ ਉੱਚੀ
ਪਦਵੀ ਹੋਰ ਕੋਈ ਨਹੀ ਹੋ ਸਕਦੀ ਅਤੇ ਮੈਨੂੰ ਹੋਰ
ਕਿਸੇ ਦੀ ਇੱਛਾ ਬੀ ਬਾਕੀ ਨਹੀ ! ਮੈਂ ਹੁਮਾਯੂੰ
ਪਾਦਸ਼ਾਹ ਦੀ ਬੇਗਮ ਦੇ ਦਿੱਤੇ ਬਰਤਣ ਵਿੱਚ
ਪਾਣੀ ਪੀਤਾ ਹੈ । ਮੈਂ ਦਿੱਲੀ ਸ਼ਾਹ ਦੀ ਸੁਪਤਨੀ
ਨੂੰ ਆਪਣੀ ਸੇਵਾ ਕਰਨ ਦੀ ਵਡਿਆਈ ਬਖਸ਼ੀ ਹੈ।
ਅਰੁ ਮੈਂ ਇਸਨੂੰ ਅਪਣੇ ਸੁਭਾਗ ਦਾ ਸਿਖਰ ਖਿਆਲ
ਕਰਦਾ ਹਾਂ!"

---

[42] ਰੂਮ ਅਸਲਚਿ ਮੱਧ ਏਸ਼ੀਆ (ਜੰਬੂ ਦੀਪ) ਦੇ ਉਸ ਦੇਸ ਦਾ ਨਾਮ ਹੈ, ਜੋ ਇਰਾਕ ਤੋਂ ਪੱਛਮ ਰੂਮ ਸਾਗਰ ਨਾਲ ਲਗਦਾ ਹੈ। ਪਰ ਆਸਾਮੀ ਸਦਾ ਈਰਾਨ (ਫਾਰਸ) ਨੂੰ ਹੀ ਰੂਮ ਲਿਖਦੇ ਬੋਲਦੇ ਸਨ (ਨੋਟ 65)

ਵਜ਼ੀਰ, ਦੀਵਾਨ ਤੇ ਦਰਬਾਰ ਵਿਚ ਬੈਠੇ ਹੋਰ ਸਾਰਿਆਂ ਨੇ ਇਹ ਆਖਦਿਆਂ ਹੋਇਆਂ ਸ਼ੇਰਸ਼ਾਹ ਦੀ ਸਲਾਹੁਤਾ ਕੀਤੀ; "ਤੁਹਾਡੀ ਇਸੇ ਸੁਭਭਾਵਨਾ ਦੇ ਸਦਕੇ ਰੱਬ ਨੇ ਤੁਹਾਨੂੰ ਇਹ ਭਾਗ ਲਾਏ ਹ!। ਹੁਮਾਯੂੰ ਦੇ ਘਰਾਣੇ ਦੀ ਪਹਿਲੀ ਪ੍ਰਤਿਸ਼ਠਾ ਤੇ ਪਦਵੀ ਬਹਾਲ ਰਖਣਾ, ਤੁਹਾਡੀ ਕੀਰਤੀ ਓਨਾ ਚਿਰ ਕਾਇਮ ਰਖੇਗਾ, ਜਿੱਚਿਰ ਦਿੱਲੀ ਕਾਇਮ ਹੈ।

**੩੫. ਈਰਾਨੀ ਦਰਬਾਰ ਵਿੱਚ ਹੁਮਾਯੂੰ ਦੀ ਹਤਕ:-** ਹੁਮਾਯੂੰ ਪਾਤਸ਼ਾਹ ਨੇ ਸੁਲਤਾਨ ਰੂਮ ਦੇ ਬੂਹੇ ਤੇ ਖਲੋਕੇ ਇਹ ਸੁਨੇਹਾ ਘਲਿਆ:- "ਦਿੱਲੀ ਦਾ ਪਾਦਸ਼ਾਹ ਹੁਮਾਯੂੰ ਤੁਹਾਡੇ ਬੂਹੇ ਤੇ ਖਲੋਤਾ ਉਡੀਕ ਰਿਹਾ ਹੈ!"

ਸੁਲਤਾਨ ਰੂਮ ਨੇ ਕਿਹਾ:- "ਸ਼ਾਹ ਦਿਹਲੀ ਸਾਡੇ ਬੂਹੇ ਤੇ ਕਿਸ ਲਈ ਆਵੇਗਾ? ਇਹ ਗੱਲ ਝੂਠੀ ਹੈ! ਉਸਨੂੰ ਆਖੋ: ਸੱਚ ਦੱਸੇ, ਉਹ ਕੌਣ ਹੈ?"

ਹੁਮਾਯੂੰ ਨੇ ਉੱਤਰ ਦਿੱਤਾ:- "ਮੈਂ ਠੀਕ ਹੀ ਦਿੱਲੀਵਾਲਾ ਹੁਮਾਯੂੰ ਹਾਂ। ਆਪਣਾਂ ਦੇਸ਼ ਕਿਨ੍ਹਾਂ ਕਾਰਨਾਂ ਕਰਕੇ ਛੱਡਿਆ ਤੇ ਕਿਉਂ ਏਥੇ ਸ਼ਰਨ ਲਈ? ਆਪ ਨੂੰ ਖੋਲਕੇ ਦਸਿਆ ਜਾਵੇਗਾ।"

ਸੁਲਤਾਨ ਰੂਮ ਨੇ ਪਹਿਲੋਂ ਹੁਮਾਯੂੰ ਨੂੰ ਆਪਣੇ ਦਰਬਾਰ ਵਿਚ ਔਣ ਦੀ ਇਜ਼ਾਜ਼ਤ ਨਾਂ ਦਿੱਤੀ। ਪਰ ਇਹ ਆਖਕੇ ਉਸਨੂੰ ਅੱਡਰਾ ਡੇਰਾ ਤੇ ਲੋੜੀਂਦੀ ਖਾਣ ਪੀਣ ਆਦਿ ਦੀ ਸਮੱਗਰੀ ਦਿੱਤੇ ਜਾਣ ਦੀ ਆਗਿਆ ਦੇ ਦਿਤੀ ਕਿ, "ਅੱਜ ਦਿਨੇ ਉਸਨੂੰ ਓਥੇ ਹੀ ਠਹਿਰਣ ਦਿਓ! ਦਰਬਾਰ ਵਿਚ ਹਾਜਰ ਹੋਣ ਦੀ ਆਗਿਆ ਫਿਰ ਦਿਤੀ ਜਾਇਗੀ!" ਹੁਮਾਯੂੰ ਨੇ ਸੁਲਤਾਨ ਰੂਮ ਵੱਲੋਂ ਘੱਲੀ ਗਈ ਖਾਧ-ਸਮੱਗਰੀ ਲੈਣ ਤੋਂ ਸਿਰਫੇਰ ਦਿੱਤਾ; ਕਿਉਂ ਜੋ ਉਹ ਉਤਰੂ ਪਾਦਸ਼ਾਹ ਯੋਗ ਨਹੀ ਸੀ। ਉਸਨੇ ਆਪਣੇ ਸਾਥੀਆਂ ਨਾਲ ਰਲਕੇ ਹੀ ਛਕ ਛਕਾ ਲਿਆ। ਸੁਲਤਾਨ ਰੂਮ ਵੱਲੋ ਸੇਵਾ ਲਈ ਨੀਤੇ ਗਏ ਸੱਜਨ ਨੂੰ ਹੁਮਾਯੂੰ ਨੇ ਆਖਿਆ:- "ਮੈਨੂੰ ਪਾਦਸ਼ਾਹ ਦੇ ਛਕਣ ਲਾਇਕ ਭੋਜਨ ਲਿਆ ਦਿਓ ਮੈਂ ਉਸਦੀ ਪੂਰੀ ਕੀਮਤ ਅਦਾ ਕਰਾਂਗਾ ਅਤੇ ਉਸਨੂੰ ਸੋਨੇ ਦੀ ਇਕ ਮੁਹਰ ਦਿਤੀ। ਸੋ ਉਸ ਨੂੰ ਭੋਜਨ ਲਿਆ ਦਿਤਾ ਗਿਆ॥

ਸਲਤਾਨ ਰੂਮ ਦੇ ਦਰਬਾਰ ਨੂੰ ਸਾਹਮਣਾ ਵੇਹੜਾ ਚਿੱਕੜ ਨਾਲ ਢੱਕਿਆ ਹੋਇਆ ਸੀ। ਹੁਮਾਯੂੰ ਨੇ ਓਦੋ ਵੇਖਿਆ, ਜਦੋ ਉਹ ਉਸ ਰਸਤੇ ਦਰਬਾਰ ਨੂੰ ਜਾ ਰਿਹਾ ਸੀ। ਇਕ ਸੇਵਕ ਨੱਸਾ ਆਇਆ ਤੇ ਹੁਮਾਯੂੰ ਦੇ ਪੈਰਾਂ ਨੂੰ ਤੇਲ ਮਲ ਗਿਆ। ਸੁਲਤਾਨ ਰੂਮ ਨੇ, ਉਦੋ ਧਿਆਨ ਦਿਤਾ ਜਦੋਂ ਹੁਮਾਂਯੂੰ ਵੇਹੜੇ ਚੋਂ ਲੰਘ ਗਿਆ ਤੇ ਸੇਵਕ ਨੇ ਗਾਰਾ ਪਾਦਸ਼ਾਹ ਦੇ ਪੈਰਾਂ ਨਾਲੋਂ ਲਾਹ ਦਿੱਤਾ॥

ਹੁਮਾਯੂੰ, ਸੁਲਤਾਨ ਰੂਮ ਦੇ ਸਾਹਮਣੇ ਜਾ ਖਲੋਤਾ ਅਤੇ ਵੇਖਿਆ ਓਥੇ ਉਸਦੇ ਬਹਿਣ ਲਈ ਕੋਈ ਮੂੜ੍ਹਾ ਆਦਿ ਨਹੀ ਸੀ। ਸੇਵਕ ਨੇ ਇਕ ਢਾਲ ਫਰਸ ਉਤੇ ਰੱਖ ਕੇ ਕੱਪੜੇ ਨਾਲ ਕੱਜ ਦਿੱਤੀ।[43] ਇਸ ਤਰਾਂ ਉਸ ਵਾਸਤੇ ਬਣਾਏ ਮੂੜ੍ਹੇ ਉਤੇ ਹੁਮਾਯੂੰ ਬਹਿ ਗਿਆ।।

**੩੬. ਸੁਲਤਾਨ ਰੂਮ ਹੁਮਾਯੂੰ ਨੂੰ ਦੋਸ਼ੀ ਠਹਿਰਾਉਂਦਾਇ:-** ਕੁੱਝ ਸਮਾਂ ਬਾੱਦ ਸੁਲਤਾਨ ਰੂਮ ਹੁਮਾਯੂੰ ਨੂੰ ਕਹਿੰਦਾ ਇ:- "ਓ, ਹੁਮਾਯੂੰ ਦਿੱਲੀ ਦੇ ਪਾਤਸ਼ਾਹ!ਜਦੋਂ ਤੂੰ ਦਿਲੀ ਹੁੰਦਾ ਸੈਂ,ਤੇਰੇ ਪਾਸ ਇਹੋ ਜਿਹੇ ਕਿੰਨੇ ਕੁ ਸੇਵਕ ਸਨ!"

ਹੁਮਾਯੂੰ ਬੋਲਿਆ:- "ਤੁਹਾਡੀ ਕਿਰਪਾ ਨਾਲ ਮੇਰੇ ਪਾਸ ਇਹੋ ਜੇਹੇ ਬਥੇਰੇ ਸੇਵਾਦਾਰ ਸਨ!"

ਤਦ ਸੁਲਤਾਨ ਰੂਮ ਨੇ ਆਖਿਆ:- "ਜੇ ਐਡੇ ਭਾਗਾਂ ਵਾਲਾ ਸੈਂ ਤੇ ਇਹੋਂ ਜਿਹੇ ਐਨੇ ਸੇਵਕ ਸੇਵਾ ਕਰਨ ਲਈ ਮੌਜੂਦ ਸਨ; ਤਾਂ ਦਿਲੀਓਂ ਨੱਸਿਆਂ ਕਿਉਂ? ਤੁਸੀ ਤਿੰਨਾ ਪੀੜੀਆਂ ਤੋਂ ਦਿਲੀ ਦੇ ਪਾਦਸ਼ਾਹ ਸਉ; ਅਰੁ ਏਡਾ ਨਸੀਬਾਂ ਤੇ ਸੁਅਉਸਰ ਪ੍ਰਾਪਤ ਸੀ ; ਫਿਰ ਭੀ ਤੂੰ ਓਥੇ ਟਿਕ ਨਾਂ ਸਕਿਆ ਤੇ ਸਦਾ ਲਈ ਨੱਸ ਆਇਓਂ। ਘੱਟੋ ਘੱਟ ਇਕ ਲੱਖ ਸੇਵਕ ਤਾਂ ਐਸੇ ਲੱਭਈ ਸਕਦੇ ਸਨ; ਜੋ ਤੇਰੇ ਆਖੇ ਆਪਣੀਆਂ ਜਿੰਦੜੀਆਂ ਖਿੜੇ ਮੱਥੇ ਵਾਰ ਸਕਦੇ। ਆਪਣੀ ਬਾਦਸ਼ਾਹਤ ਸਮੇ,(p.89) ਤੁਸੀਂ ਆਪਣੀ ਪਰਜਾ ਦੇ ਭਲੇ ਬੁਰੇ ਦਾ ਧਿਆਨ ਕੀਤੇ ਬਿਨਾਂ, ਅਪਣੀ ਉੱਚੀ ਉਚੇਚਤਾ ਦੇ ਲਿਹਾਜ ਨਾਲ, ਆਪਣੀਆਂ ਕਾਮਨਾਂ ਤੇ ਤ੍ਰਿਸ਼ਨਾ ਨੂੰ ਪੱਠੇ ਪਾਉਂਦੇ ਹੋਵੋਗੇ! ਇਸੇ ਕਾਰਣ ਤੁਹਾਡੇ ਮਾੜੇ ਜੇਹੇ ਕੋਪ ਉਤੇ ਹੀ ਉਨਾਂ ਦੇ ਦਿਲ ਤੁਹਾਥੋਂ ਦੂਰ ਹੋ ਗਏ ਹਨ। ਜਿੱਚਿਰ ਦਿੱਲੀ ਕਾਇਮ ਰਹੂ, ਇਹ ਕਲੰਕ ਦਾ ਟਿੱਕਾ ਭੀ ਤੇਰੇ ਮੱਥੇ ਲੱਗਾ ਹੀ ਰਹੇਗਾ; ਅਰੁ ਮੁਸਲਮਾਨ ਸਦਾ ਹੀ ਤੇਰੇ ਨਾਮ ਤੇ ਫਿਟਕਾਰਾਂ ਪਉਣਗੇ। ਤੂੰ ਇੱਕ ਰੱਦ-ਖਲੱਕ ਮਨੁੱਖ ਹੈਂ! ਤੂੰ ਜੀਵਨਹੀਨ ਬੰਦਾ ਹੈਂ, ਕੀ ਹਰਜਇ ਜੇ ਸਾਰੀਆਂ ਲਾੱਨਤਾਂ ਤੈਨੂੰ ਲਤਾੜਦੀਆਂ ਚਲੀਆਂ ਜਾਣ?"

ਹੁਮਾਯੂੰ ਪਾਤਸ਼ਾਹ ਨੇ ਐਉਂ ਉਤਰ ਦਿਤਾ "ਦੁਨੀਆਂ ਭਰਦੇ ਲਾਣਤੀ ਬੰਦਿਆ ਵਿਚੋਂ ਇਕ ਮੈ ਹੀ ਗੁਨਹੀ ਭਰਿਆ ਹਾਂ। ਮੇਰਾ ਅਪਜਸ ਸਾਰੇ ਸੰਸਾਰ ਉਤੇ ਛਾਗਿਆ ਹੈ। ਮੇਰੀ ਇਸ ਨਿੰਦਤ ਅਵਸਥਾ ਤੋਂ ਛੁਟਕਾਰਾ ਕਰਣ ਨਾਲ ਤੁਸੀ ਰਹਿੰਦੀ ਦਿੱਲੀ ਤੱਕ ਜਸਖੱਟ ਲਓਗੇ। ਮੈ ਆਪਨੂੰ ਰਾਜੀ ਕਰਨ ਲਈ ਜਤਨ ਕਰਾਂ? ਜੋ ਕੁਝ ਭੀ ਆਪ ਫਰਮਾਉਂਦੇ ਓ, ਉਸਨੂੰ ਪੂਰਿਆਂ ਕਰਕੇ ਹੀ ਆਪਣਾ ਜਸ ਤੇ ਰਸੂਖ ਬਹਾਲ ਰਖੋਗੇ!।"

[43] ਇਹ ਕਹਾਣੀ ਮਨੂਸ਼ੀ ਨੇ ਭੀ ਇਸੇ ਤਰ੍ਹਾਂ ਸੁਣਾਈ ਹੈ; ਪਰ ਬਹਿਣ ਦੀ ਥਾਂ ਭੱਥੇ ਦੇ ਉਛਾਲ ਦੀਆਂ ਲੀਰਾਂ ਸ਼ਾਹੀ ਤਖਤ ਦੇ ਸਾਹਮਣੇ ਵਿਛਾਕੇ ਬਣਾਈ ਦੱਸੀ ਹੈ। (ਮਨੂਸੀ-ਭਾਗ ੧, ਪੰਨਾ ੧੧੪)

**੩੭. ਹੁਮਾਯੂੰ ਈਰਾਨੀ ਸੈਨਾਂ ਦੀ ਸਹਾਇਤਾ ਨਾਲ ਦਿੱਲੀ ਤੇ ਚੜ੍ਹਦਾਇ:-** ਸੁਲਤਾਨ ਰੂਮ ਨੇ ਹੁਮਯੂੰ ਨੂੰ ਇਕ ਲੱਖ ਰੁਪਯੇ ਮੁੱਲ ਦਾ ਮੂੜ੍ਹਾ ਪੇਸ਼ ਕੀਤਾ। ਸੁਲਤਾਨ ਨੇ ਆਪਣੇ ਤਖਤ ਵਲੋਂ ਖਿਲੱਤ ਖਾਸ ਅਤੇ ਖਾਣ ਪੀਣ ਅਰੁ ਵਸੇਬੇ ਦੀ ਸਾਰੀ ਸਮੱਗਰੀ, ਐਉਂ ਆਖ ਕੇ ਮੁੱਹਯਾ ਕੀਤੀ:- "ਜੇ ਤੁਸੀ ਮੇਰੀ ਸਹਾਇਤਾ ਦੇ ਭਰੋਸੇ ਪੁਰ ਮੇਰੇ ਕੋਲ ਆਸਰਾ ਲੈਂਦੇ ਓ; ਤਾਂ ਹੁਣ ਹੋਰ ਕੋਈ ਗੱਲ ਈ ਨਾਂ ਕਰੋ! ਹੁਣ ਸਾਰੀ ਗੱਲ ਮੇਰੇ ਜਿੱਮੇ ਰਹਿਣ ਦਿਓ।"

ਉਸਨੇ ਹੁਮਾਯੂੰ ਨੂੰ ਤਿੰਨ ਕੁ ਲੱਖ ਸਵਾਰ ਤੇ ਸਰਦਾਰ ਅਤੇ ਬੰਦੂਕਚੀ, ਢਾਲਚੀ ਆਦਿ ਕੁੱਲ ਜਮੀਅਤ ਸੱਤ ਲੱਖ ਦੀ ਇਹ ਆਖਦਿਆਂ ਦਿਤੀ ਕਿ "ਹੁਣ ਜਾਓ ਤੇ ਦਿਲੀ ਤੇ ਕਬਜ਼ਾ ਕਰ ਲਓ।"

ਇਹ ਦਲ ਲੈਕੇ ਹੁਮਾਯੂੰ ਮੁੜ ਪਿਆ ਤੇ ਦਿੱਲੀ ਉੱਤੇ ਆ ਪਿਆ॥ (p.90)

**੩੮. ਹੁਮਾਯੂੰ, ਸ਼ੇਰ ਸਾਹ ਪਾਸੋ ਫਿਰ ਹਾਰ ਗਿਆ:-** ਤਾਕਤ ਨਾਲ ਸ਼ੇਰ ਸਾਹ ਦਾ ਮੁਕਾਬਲਾ ਨਾਂ ਕਰ ਸਕਣ ਕਰਕੇ, ਹੁਮਾਯੂੰ ਦੁਬਾਰੇ ਹਾਰਕੇ ਰੂਮ ਭੱਜ ਗਿਆ। ਸੁਲਤਾਨ ਰੂਮ ਨੇ ਹੁਮਾਯੂੰ ਨੂੰ ਆਖਿਆ:- "ਤੁਸਾ ਪਹਿਲਾਂ ਆਖਿਆ ਸੀ: ਮੈਂ ਤਿੰਨ ਲੱਖ ਜਮੀਅਤ ਨਾਲ ਹੀ ਦਿੱਲੀ ਪਰ ਦੁਬਾਰੇ ਕਬਜ਼ਾ ਕਰ ਲਵਾਗਾਂ; ਪਰ ਹੁਣ ਤੁਸੀਂ ਸੱਤ ਲੱਖ ਸੈਨਾ ਨਾਲ ਭੀ ਨਹੀ ਜਿੱਤ ਸਕੇ!" ਹੁਮਾਯੂੰ ਨੂੰ ਇਉਂ ਆਖਦਿਆਂ, ਉਸਨੇ ਆਪਣੇ ਮਨਸਬਦਾਰਾ, ਸਰਦਾਰ ਤੇ ਸਿਪਾਈਆਂ ਨੂੰ ਜੋ ਦੇਸੀ ਸਨ ਯੋਗ ਸਜਾਵਾ ਦਿੱਤੀਆਂ।

ਸੁਲਤਾਨ ਨੇ ਹੁਮਾਯੂੰ ਨੂੰ ਬਾਰਾਂ ਲੱਖ ਤਾਜੀ ਫੌਜ ਦਿੱਤੀ ; ਜਿਸ ਵਿਚ ਛੇ ਲੱਖ ਘੋੜੇ ਤੇ ਹੰਢੇ ਵਰਤੇ ਨਵਾਬ ਹੈਸਨ। ਇਸ ਭਾਰੀ ਸੈਨਾ ਨਾਲ ਹੁਮਾਯੂੰ ਨੂੰ ਮੁੜਿ ਦਿਲੀ ਵੱਲ ਟੋਰਿਆ। ਸੁਲਤਾਨ ਨੇ ਆਪਣੇ ਬੰਦਿਆਂ ਨੂੰ ਆਖਿਆ:- "ਜੇ ਸਾਡੀ ਇੱਕਲੇ ੨ ਦੀ ਹਮਦਰਦੀ ਤੇ ਸਹਾਇਤਾ ਦਾ ਸਾਧਾਰਨ ਕੰਮ ਦੋਂਹ ਪਾਦਸ਼ਾਹਾਂ ਉਤੇ ਫਤਹ ਪ੍ਰਾਪਤਿ ਕਰ ਲਏਗਾ; ਤਾਂ ਦੂਜੀ ਸੂਰਤ ਵਿੱਚ ਸਾਰੀ ਉਮਰ ਲਈ ਅਪਜਸ ਪੱਲੇ ਪਿਆ ਰਹੇਗਾ। ਇਹ ਸਮਝਕੇ ਤੁਸਾਂ ਇਜੇਹੀ ਵਿਉਤ ਨਾਲ ਕੰਮ ਕਰਨਾ ਕਿ ਦਿੱਲੀ ਜਿੱਤਣ ਲਈ ਸਮਰਥ ਹੋ ਸਕੋ।" ਇਨ੍ਹਾਂ ਸ਼ਬਦਾਂ ਨਾਲ ਉਸਨੇ, ਸਾਰਿਆਂ ਨੂੰ ਜਥਾਯੋਗ ਇਨਾੱਮ ਅਕਰਾਮ ਦੇ ਕੇ ਵਿੱਦਾ ਕੀਤਾ।

ਇਸ ਦਲ ਨੇ ਪੂਰੀ ਤਾਕਤ ਨਾਲ ਦਿੱਲੀ 'ਤੇ ਹੱਲਾ ਬੋਲ ਦਿੱਤਾ। ਸ਼ੇਰਸਾਹ ਨਾਲ ਜੰਗਾਂ ਦਾ ਇਕ ਤਾਂਤਾ ਬੱਝ ਗਿਆ। ਪਹਿਲਾ ਮੁਕਾਬਲਾ ਵੱਡੀਆਂ ਤੋਪਾਂ ਨਾਲ ਹੋਇਆ; ਫਿਰ ਸਵਾਰਾਂ ਦਾ; ਉਦੇ ਬਾੱਦ ਢਾਲਚੀਆਂ ਦਾ ਪਰ ਸ਼ੇਰ ਸ਼ਾਹ ਕਿਸੇ ਗੱਲੇ ਨਾ ਹਾਰਿਆ। ਸ਼ੇਰ ਸਾਹ ਨੇ ਆਪਣੇ ਬੰਦਿਆਂ ਨਾਲ ਸਲਾਹ ਕਰਕੇ ਆਖਿਆ: "ਹੱਛਾ ਜੀ, ਹੁਣ ਮੈਂ ਇਨਾਂ ਨਾਲ ਐਸੇ ਤਰੀਕੇ ਨਾਲ ਸਿੰਝਾਂਗਾ, ਕਿ ਸੁਲਤਾਨ ਰੂਮ ਦੇ ਸੈਨਕ ਫਿਰ ਕਦੀ ਏਧਰ ਮੂੰਹ ਕਰਨ ਦੀ ਹੀ ਜੁਰਅਤ ਨਾਂ ਕਰਨ ਐਉਂ ਆਖਕੇ ਉਸਨੇ ਸੱਤ ਸੈ ਸਵਾਰ ਛਾਂਟ ਲਏ।

ਉਨਾਂ ਦੇ ਦੋਹੀਂ ਹੱਥੀਂ ਤਲਵਾਰਾਂ ਫੜਾਕੇ, ਤੜਕੇ ਹੀ ਵੈਰੀਆਂ ਪੁਰ ਅਚਿੰਤੇ ਛਾਪਾ ਜਾ ਮਾਰਿਆ। ਸਵਾਰਾਂ ਤੇ (p.91) ਘੋੜਿਆਂ ਦੇ ਸਥਰ ਲਾਹ ਸੁਟੇ। ਸੁਲਤਾਨੀ ਸੈਨਾ ਦੇ ਬਚੇ ਖੁਚੇ ਬੰਦੇ, ਸਿਰਤੇ ਪੈਰ ਰੱਖ ਕੇ ਮੈਦਾਨੋ ਭੱਜ ਗਏ। ਪਰ ਹੁਮਾਯੂੰ ਇਸ ਘਟਨਾਂ ਵਿੱਚ, ਰੂਮ ਜਾਣ ਦੀ ਥਾਂ ਵਿਚਕਾਰਿਓਂ ਹੀ ਪਿਛਾਹਾਂ ਮੁੜ ਪਿਆ॥

**੩੯. ਹੁਮਾਯੂੰ ਦੀ ਦੁਬਾਰੇ ਰਾਜ ਪ੍ਰਾਪਤੀ:-** ਸ਼ੇਰ ਸਾਹ ਨੇ ਇਕ ਦੂਤ ਹੱਥ ਚਿੱਠੀ ਵਿਚ ਹੁਮਾਯੂੰ ਨੂੰ ਇਹ ਸੁਨੇਹਾ ਘੱਲਿਆ;- "ਤੁਹਾਨੂੰ ਬਾਲ ਬੱਚਾ ਤਿਆਗ ਕੇ ਦਰਿਦਰਿ ਭਟਕਣ ਦੀ ਤੇ ਸਰੀਰ ਨੂੰ ਵਿਅਰਥ ਦੁੱਖ ਦੇਣ ਦੀ ਲੋੜ ਨਹੀਂ। ਤੁਸੀ ਮੇਰੇ ਪਿਤਾ ਹੋ ਤੇ ਮੈ ਤੁਹਾਡਾ ਪੁੱਤ੍ਰ ਮੈ ਤੁਹਾਨੂੰ ਦਿੱਲੀ ਔਣ ਲਈ ਸੱਦਾ ਦੇਂਦਾ ਹਾਂ; ਅਰੁ ਮੈ ਪਿਛਾਹਾਂ ਆਗਰੇ ਚਲਾ ਜਵਾਂਗਾ। ਸਲਤਨਤ ਦੋਂਹ ਭਾਗਾਂ ਵਿਚ ਵੰਡ ਲਵਾਂਗੇ। ਇਕ ਹਿੱਸਾ ਤੁਸੀਂ ਲੈ ਲੈਣਾਂ, ਦੂਜਾ ਮੈਂ ਲੈਲਾਂਗਾ। ਮੈਂ ਕੁਰਾਨ ਸਰੀਫ ਨੂੰ ਵਿਚ ਰੱਖਕੇ ਈਮਾਨ ਦੀ ਸੁਗੰਦ ਨਾਲ ਇਹ ਇਕਰਾਰ ਕਰਾਂਗਾ। ਜੇ ਤੁਸੀਂ ਇਸ ਤਜਵੀਜ਼ ਨਾਲ ਸਹਿਮਤ ਹੋ ਤਾਂ ਤੁਰਤ ਦਿੱਲੀ ਚਲੇ ਆਓ!!"

ਇਹ ਸੱਦਾ ਮਿਲਣ ਪੁਰ ਹੁਮਾਯੂੰ ਦਿੱਲੀ ਆਗਿਆ ਸ਼ੇਰ ਸ਼ਾਹ ਈਮਾਨ ਵਿਚ ਦੇਕੇ ਬਚਨ ਦਿੱਤਾ; ਅਰੁ ਰਾਜ ਭਾਗ ਦੋ ਹਿੱਸਿਆਂ ਵਿਚ ਵੰਡ ਲਿਆ ਹੁਮਾਯੂੰ ਦਿੱਲੀ ਪੁਰ ਰਾਜ ਕਰਨ ਲਗਾ ਤੇ ਸ਼ੇਰ ਸ਼ਾਹ ਆਗਰੇ ਪੁਰ। ਇਹ ਹੈ ਗੱਲ, ਜਿਵੇ ਦਿਲੀ ਦੀ ਪਾਦਸ਼ਾਹੀ ਦੋਂਹ ਥਾਂਈ ਵੰਡੀ ਗਈ। ਸ਼ੇਰ ਸਾਹ ਤੇ ਉਸਦੇ ਵਾਰਸਾਂ ਨੇ ਤਿੰਨਾ ਪੀੜ੍ਹੀਆਂ ਤੱਕ ਦਿਲੀ 'ਤੇ ਹਕੂਮਤ ਕੀਤੀ ਬੱਸ ਏਥੇ ਕਥਾ ਦਾ ਭੋਗ ਪੈ ਗਿਆ॥

(S.R.L. N: 307)

**Annals of the Delhi Badshat**

( ਨੌਵੇ ਤੇ ਦਸਵੇਂ ਪਾਤਿਸਾਹ ਦੇ ਸਮੇਂ ਦੀ ਆਸਾਮੀ ਲਿਖਤਿ)

ਬਾਦਸ਼ਾਹ ਬੂਰੰਜੀ

(ਦਿੱਲੀ-ਬਾਦਸ਼ਾਹੀ ਦੇ ਸਮਾਚਾਰ)

(ਸ.ਕੁ. ਭੁਇਯਾ ਵੱਲੋ ਉਲਥਾਏ ਹੋਏ) (ਪੰਨਾ ੧੫੭)

**੧੧੦. ਰਾਮ ਸਿੰਘ[44] ਸੇਵਾ-ਮੁਹਿੰਮ ਦਾ ਮੋਢੀ ਨੀਯਤ ਹੋਇਆ**

ਸੇਵਾ-ਮੁਹਿੰਮ ਦੀ ਬਾਰ ਬਾਰ ਅਸਫਲਤਾ ਤੋਂ ਔਰੰਗਜੇਬ ਬੜਾ ਤੱਤਾ ਹੋਇਆ। ਅਰੁ ਉਸਨੇ ਰਾਜਾ ਰਾਮ ਸਿੰਘ ਨੂੰ ਆਖਿਆ- ਮਾਨਧਾਤਾ ਤੁਹਾਡਾ ਬਾਬਾ ਸੀ। ਉਸਦੀ ਸੂਰਮਗਤੀ ਦੀਆਂ ਘਰ ਘਰ ਧੁੰਮਾਂ

---

[44] (੧੭੨੪ ਬਿੱਕ੍ਰਮੀ ੧੦ ਸਾਵਣ= 10 ਜੁਲਾਈ 1667 ਬੁਧਵਾਰ) ਬੁਰਹਾਨਪੁਰ ਦੇ ਪੜਾਉ ਪੁਰ ਸੁਰਗਵਾਸਿ ਹੋਇਆ; ਖਬਰ ਮਿਲਣ ਪੁਰ, ਔਰੰਗਜ਼ੇਬ ਨੇ ਕੰਵਰ ਰਾਮ ਸਿੰਘ ਨੂੰ 'ਰਾਜਾ' ਦੀ ਪਦਵੀ ਬਖਸੀ; ਉਸ ਵਕਤ (ਉਹ ਸ਼ਿਵਾ ਜੀ ਤੇ ਸੰਭਾ ਜੀ ਨੂੰ ਬੰਦੀਖਾਨਿਓ ਨਸਾ ਦੇਣ ਦੇ ਦੋਸ਼ ਵਿਚ) ਮਨਸਬ ਵਗੈਰਾ ਤੋਂ ਵਿਰਵਾ ਕੀਤਾ ਹੋਇਆ ਸੀ।

ਪਈਆ ਹੋਈਆ ਸਨ। ਤੁਹਾਡਾ ਪਿਤਾ ਜੈ ਸਿੰਘ ਵੀ ਬੜਾ ਜੁਝਾਰ ਸੀ, ਤੇ 'ਮਿਰਜਾ ਰਾਜਾ' ਪਦਵੀ ਦੇ ਕੇ ਉਸ ਦਾ ਮਾਣ ਵਧਾਇਆ ਗਿਆ ਸੀ। ਸੋ, ਤੁਹਾਡੇ ਘਰਾਣੇ ਦੀ ਕਰਣੀ-ਕਰਤੂਤ ਦੀ ਚਰਚਾ ਦੇਸ ਦੇਸਾਤ੍ਰਾਂ ਅੰਦਰ ਫੈਲੀ ਹੋਈ ਹੈ, ਤੂੰ ਵੜਾ ਭਾਗਾਂਵਾਲਾ ਹੈ; ਜੋ ਇਸ ਘਰਾਣੇ ਵਿੱਚ ਪੈਦਾ ਹੋਇਆ ਹੈ! ਇਸੇ ਕਰਕੇ ਮੈ ਤੈਨੂੰ ਸੇਵਾ[45]-ਮੁਹਿੱਮ ਪਰ ਜਾਣ ਵਾਸਤੇ ਕਹਿੰਦਾ (ਪੁੱਛਦਾ) ਹਾਂ! ਨਵਾਬ ਜੋ ਪਹਿਲੋ ਘੱਲੇ ਗਏ, 'ਸੇਵਾ'[46] ਦਾ ਕੁਝ ਨਹੀ ਬਣਾ ਸਕੇ!"

ਔਰੰਗਜੇਬ ਨੇ ਜਦੋਂ ਇਹ ਗੱਲ ਆਖੀ; ਤਾਂ ਰਾਮ ਸਿੰਘ ਐਉ ਬੋਲਿਆ:- "ਹਾਂ, ਮੈ ਸੇਵਾ[47]-ਮੁਹਿੱਮ ਤੇ ਜਰੂਰ ਜਾਵਾਂਗਾ; ਪਰ ਤੁਸੀ ਪਹਿਲੋਂ ਸਾਰੇ ਨਵਾਬਾਂ ਨੂੰ ਮੈਦਾਨ ਵਿੱਚੋਂ ਸੱਦ ਲਓ! ਕਿਉ ਜੋ ਮੈਂ ਇਕੱਲਾ ਹੀ, ਆਪਣੇ ਅੰਬੇਰੀ ਰਾਜਪੂਤਾਂ ਨੂੰ ਨਾਲ ਲੈ ਕੇ ਲੜਨਾ ਚਾਂਹਦਾ ਹਾਂ। ਉਸ ਤਰਾਂ ਮੈਂ ਜਿੱਤ ਹਾਰ ਦੇ ਜਸ-ਅਪਜਸ ਦਾ ਖੁਦ ਭਾਗੀ ਹੋਵਾਂਗਾ। ਜੇ ਅਸੀਂ ਇਕੱਠੇ ਲੜਾਗੇ, ਤਾਂ ਫਤਹ ਹੋਣ ਦੀ ਸੂਰਤ ਵਿੱਚ ਸਾਰਾ ਭੱਲ ਤੁਹਾਡੇ ਨਵਾਬ ਲੈਣਗੇ। ਨਾਲੇ, ਜੇੜੇ ਨਵਾਬ ਪਹਿਲਾ ਸੇਵਾ-ਮੁਹਿੰਮ ਤੇ ਘੱਲੇ ਗਏ ਹਨ; ਉਹ ਇਹ ਖਿਆਲ ਕਰਕੇ ਮੈਨੂੰ ਹਾਨੀ ਪੁਚਾਣ ਦਾ ਜਤਨ ਕਰਨਗੇ; ਪਈ ਮੈ ਉਨਾਂ ਤੋਂ ਬਾਲਾ ਬਣ ਕੇ ਭੇਜਿਆ ਗਿਆ ਹਾਂ। ਇਹ ਮੰਨਣਾ ਪਏਗਾ, ਕਿ ਉਹ ਨਵਾਬ ਸੇਵਾ- ਮੁਹਿੱਮ ਸਰ ਕਰਨ ਵਿੱਚ ਪੂਰੇ ਨਹੀਂ ਉਤਰੇ। ਇਸੇ ਕਰਕੇ ਸੇਵਾ-ਪਤਿ ਉਨਾਂ ਨੂੰ ਬੁੱਧੂ ਸਮਝਦਾ ਸੀ। ਸੋ, ਮੇਰਾ ਨਵਾਬਾਂ ਵਿਚ ਸ਼ਾਮਿਲ ਹੋਣਾ, ਮੇਰੀ ਸੋਭਾ ਨੂੰ ਵੱਟਾ ਲਾਇਗਾ। ਇਸ ਲਈ ਉਨਾ ਨਵਾਬਾਂ ਦੇ (੧੫੮) ਅਧੀਨ ਸਾਹੀ-ਲਸ਼ਕਰ ਅੱਗੋਂ ਲਈ ਉਸ ਮੈਦਾਨ ਵਿੱਚ ਨਹੀਂ ਰਹਿਣੇ ਚਾਹੀਦੇ। ਮੈ ਅਪਣੇ ਬੰਦੇ ਨਾਲ ਲੈ ਕੇ ਜੰਗ ਕਰਾਂਗਾ!"

## ੧੧੧. ਰਾਮ ਸਿੰਘ ਨੇ ਕੰਦ੍ਰਪ ਸਿੰਘ ਨੂੰ ਲਲਕਾਰਿਆ -

ਰਾਮ ਸਿੰਘ ਦੀ ਤਜਵੀਜ ਮੂਜਬ ਬਾਦਸ਼ਾਹ ਨੇ, ਸੇਵਾ-ਮੁਹਿੰਮ ਪਰ ਭੇਜੇ ਗਏ ਸਾਰੇ ਨਵਾਬ ਵਾਪਸ ਬੁਲਾ ਲਏ। ਰਾਮ ਸਿੰਘ ਨੂੰ ਛੇ ਹਜਾਰੀ ਮਨਸਬਦਾਰ ਤੇ ਛੇ ਹਜਾਰ ਸਵਾਰਾਂ ਦਾ ਸਰਦਾਰ ਬਣਾਇਆ ਗਿਆ। ਉਸ ਨੂੰ ਹਾਥੀ, ਘੋੜੇ ਤੇ ਹੋਰ ਮੁਨਾਸਬ ਇਨਾੱਮ-ਕਰਾਮ ਦੇ ਕੇ ਨਿਵਾਜਿਆ ਗਿਆ। ਤਦ ਉਹ ਸੇਵਾ-ਮੁਹਿੱਮ

---

45 (Seywa) ਸੇਵਾ ਨਾਮ ਦਾ ਇਕ ਨਗਰ ਬਰਮਾ ਦੇਸ ਦੇ ਡਾਕਖਾਨਿਆਂ ਵਿੱਚ ਹੈ (Post and Telegraph Guide, April 1934, p.524)

46 Sewa ਯਾ Siwan ਸੇਵਾ ਯਾ ਸੀਵਾਂ ਜ਼ਿਲਾ ਛਪਰਾ (Chapra) ਬਿਹਾਰ

47 ਹੋ ਸਕਦਾਇ, ਇਹ ਨਗਰ ਯਾ ਰਿਆਸਤ Shewa ਕੋਲਾਬਾ-ਬੰਬਈ ਲਾਗੇ ਹੀ ਹੋਵੇ; ਯਾ Shevgaon ਜਿਲ੍ਹਾ ਅਹਿਮਦਨਗਰ (ਦੱਖਣ) ਵਾਲਾ ਕਸਬਾ (P&T Guide, April 1934, pp.526-27). Shewa ਨਾਮ ਦੇ ਦੋ ਗ੍ਰਾਉ; ਜਿਲ੍ਹਾ ਪੇਸ਼ਾਵਰ ਤੇ ਡੇਰਾ ਇਸਮਾਈਲ ਖਾਂ (ਸਰਹੱਦੀ ਸੂਬੇ) ਵਿਚ ਭੀ ਹੈਗੇ ਨਿ; ਪਰ ਕੰਦ੍ਰਪ ਸਿੰਘ ਨਾਮ ਦਾ ਰਾਜਾ ਕੋਚ-ਬਿਹਾਰ, ਆਸਾਮ ਨਾਲ ਲਗਦੇ ਬਰਮਾ ਦੇ ਅੰਦਰ ਹੀ ਹੋ ਸਕਦਾਇ।

ਤੇ ਚੜ੍ਹਿਆ ਉਹ ਬਾਦਸ਼ਾਹ ਪਾਸੋਂ ਵਿੱਦਾ ਲੈ ਕੇ ਅੰਬੇਰ ਗਿਆ। ਇਕ ਸਾਤਾ ਓਥੇ ਟਿਕਿਆ। ਓਥੋਂ ਉਸਨੇ ਆਪਣੇ ਮੁਖੀ ਜੋਧੇ ਅਰੁ ਅਮਰ ਸਿੰਘ, ਦੀਪ ਸਿੰਘ, ਮਦਨ ਸਿੰਘ, ਉਗੱਰ ਸੇਨ ਰਾਉ, ਦਾਮੋਦਰ ਸਿੰਘ, ਕ੍ਰਿਸ਼ਨਾ ਸਿੰਘ, ਸੁਕ ਸਿੰਘ, ਰਘੁਰਾਇ ਤੇ ਅਨੰਦ ਰਾਇ ਤੋਂ ਬਿਨਾ ਚਾਲੀਹ ਹੋਰ ਠਾਕੁਰ ਨਾਲ ਲਏ। ਇਹ ਸਾਰੇ ਉਨਾਂ ਰਾਜਿਆਂ ਦੇ ਅਧੀਨ ਸਨ, ਜੋ ਰਾਮ ਸਿੰਘ ਦੇ ਭਰਾ-ਭਤੀਜੇ ਲਗਦੇ ਸਨ। ਉਸ ਦੀ ਸੈਨਾ ਵਿੱਚ ਅੱਸੀ ਹਜਾਰ ਰਾਜਪੂਤ ਸੈਨਕ, ਬਹੁਤ ਸਾਰੇ ਬੰਦੂਕਚੀ, ਬੇਲਦਾਰ, ਦੱਫੇਦਾਰ, ਮਜੂਰ ਤੇ ਢਾਲਚੀ ਭੀ ਸਨ। ਇਸ ਦਲ ਦੀ ਸਾਰੀ ਗਿਣਤੀ ਤਿੰਨ ਲੱਖ ਸੈਨਕ ਸੀ। ਐਉ ਤਿਆਰ ਬਰ ਤਿਆਰ ਹੋਕੇ, ਉਹ ਸੇਵਾ-ਮੁਹਿੰਮ ਤੇ ਚੜ ਪਿਆ।

ਸੇਵਾ[48] ਦੀ ਜੂਹ ਵਿੱਚ ਪਹੁੰਚ ਕੇ ਰਾਮ ਸਿੰਘ ਨੇ ਇਸ ਭਾਵ ਦੀ ਚਿੱਠੀ ਆਪਣੇ ਦੂਤਾਂ ਹੱਥ ਸੇਵਾ ਪਤਿ ਰਾਜਾ ਕੰਦ੍ਰਵ ਸਿੰਘ ਪਾਸ ਘੱਲੀ:- ਮੈ ਮਹਾਰਾਜਾ ਮਾਨਧਾਤਾ ਦਾ ਪੋਤ੍ਰਾ ਤੇ ਮਿਰਜਾ ਰਾਜਾ ਜੈ ਸਿੰਘ ਦਾ ਪੁੱਤ੍ਰ ਹਾਂ; ਅਰੁ ਮੇਰਾ ਨਾਮ ਹੈ ਰਾਮ ਸਿੰਘ! ਤੁਸਾਂ ਸਾਡੇ ਘਰਾਣੇ ਦੀ ਤਲਵਾਰ ਵਾਹਣ ਬਾਰੇ ਧਾਂਕ ਸੁਣੀ ਹੀ ਹੋਵੇਗੀ! ਅਪਣੇ ਦੋਹਾਂ ਘਰਾਣਿਆ ਵਿਚਕਾਰ ਚਿਰੋਕਣਾ ਮਿਤ੍ਰਚਾਰਾ ਵੀ ਬਣਿਆ ਹੋਇਆਇ। ਸਾਡੇ ਵਡੇਰਿਆਂ ਨੇ ਕਦੀ ਕਿਸੇ ਜੰਗ ਵਿੱਚ ਪਿੱਠ ਨਹੀਂ ਵਿਖਾਲੀ। ਤੁਸੀ ਔਰੰਗਜ਼ੇਬ ਬਾਦਸ਼ਾਹ ਦੀ ਸੂਰਮਗਤੀ ਤੋ ਬੀ ਚੰਗੀ ਤਰਾਂ ਜਾਣੂ ਹੋਵੋਗੇ! ਏਦੂੰ ਪਹਿਲਾਂ ਜਿਤਨੇ ਨਵਾਬ ਤੁਹਾਡੇ ਵਿਰੁੱਧ ਭੇਜੇ ਗਏ; ਸਾਰੇ ਅਸਫਲ ਮਨੋਰਥ ਰਹੇ ਹਨ। ਇਸ ਲਈ ਉਨਾਂ ਵਿਚੋਂ ਕਈ ਕਤਲ ਤੇ ਬਾਕੀ ਕੈਦ ਕੀਤੇ ਗਏ। ਬਾਦਸ਼ਾਹ ਆਪਣੇ ਪੁੱਤਰ ਸ਼ਾਹਜਾਦਾ ਸੁਲਤਾਨ ਮੁੰਹਮਦ ਨੂੰ ਭੇਜਣ ਲੱਗਾ ਸੀ; ਪਰ ਮੈ ਉਸਨੂੰ ਆਉਣ ਤੋਂ ਮੱਨੇ ਕਰ ਦਿੱਤਾ। ਅਰੁ ਆਪਣੇ ਪੁਰਾਣੇ ਮੇਲ-ਮਿਲਾਪ ਦੇ ਸਦਕੇ, ਆਪ ਇਸ ਮੁਹਿੰਮ ਤੇ ਆਇਆ ਹਾਂ। ਸੋ, ਆਓ: ਆਪਾਂ ਕਿਸੇ ਮੁਨਾਸਿਬ ਥਾਵੇਂ ਮਿਲਣੀ ਕਰੀਏ! ਜੇ ਭਲਾ ਤੁਸੀ ਜੁੱਧ ਕਰਨਾ ਹੀ ਚਾਂਹਦੇ ਓ; ਤਾਂ ਉਸ ਵਾਸਤੇ ਭੀ ਤਿਆਰ ਬਰਤਿਆਰ ਹੋ ਜਾਓ। ਢਿੱਲ ਬਿੱਲਕੁੱਲ ਨਾ ਕਰਨੀ!!"

## ੧੧੨. ਸੇਵਾ ਉਤੇ ਰਾਮ ਸਿੰਘ ਦੀ ਫਤਹ-

ਕੰਦ੍ਰਪ ਸਿੰਘ ਨੇ ਸ਼ਾਹੀ ਦੂਤਾਂ ਦੀ ਆਗਤ-ਭਗਤ ਕੀਤੀ; ਅਰੁ ਰਾਮ ਸਿੰਘ ਦੇ ਖਤ ਦਾ ਉੱਤਰ ਇਸ ਤਰਾਂ ਦਿੱਤਾ:- "ਜੋ ਦਲੀਲਾਂ ਤੁਸਾਂ ਆਪਣਾ ਚਿੱਠੀ ਵਿੱਚ ਲਿਖੀਆ ਹਨ; ਸਹੀ ਤੇ ਭਲੇਰੀਆਂ ਹਨ! ਐ ਪਰ ਜੇ ਆਪਾਂ ਮਿੱਤ੍ਰਚਾਰੇ ਦੇ ਮਸਲਿਆਂ ਵਿੱਚ ਪੈ ਗਏ; ਤਾਂ ਲੋਕੀ ਹੱਸਣਗੇ ਤੇ ਇਉਂ ਆਖਕੇ ਫਿਟਕਾਰਾ ਪਉਣਗੇ; ਕਿ

---

[48] Shilhati-24 Pargana, ਬਸੀਰਹਾਟ ਲਾਗੇ; ਤੇ ਤਿਪਰਾ (Tipra) ਅਨੁਸਾਰ ਭੀ ਹੋ ਸਕਦਾਇ।

"ਅਸੀ ਇਕ ਦੂਜੇ ਦਾ ਮੁਕਾਬਲਾ ਕਰਨ ਦੀ ਸਕਤਿ ਨਹੀਂ ਰਖਦੇ। ਸੋ, ਮੈਨੂੰ ਤਾਂ ਜੰਗ ਕਰਨਾ ਹੀ ਭਲੇਰਾ ਜਾਪਦਾ ਇ!!"

ਤਦ ਦੋਹਾਂ ਧਿਰਾ ਵਿੱਚ ਘਮਸਾਣ-ਜੁੱਧ ਮਚ ਪਿਆ। ਰਾਮ ਸਿੰਘ ਦੇ ਸਿਪਾਹੀ ਨੇਜਾ-ਬਾਜੀ ਵਿੱਚ ਬੜੇ ਮਾਹਿਰ ਸਨ। ਉਹ ਅਫੀਮ ਖਾਣ ਦੇ ਆਦੀ ਸਨ। ਇਸ ਕਰਕੇ ਉਨਾਂ ਨੂੰ ਹਥਿਆਰਾਂ ਦੇ ਘਾਵਾਂ ਦੀ ਕੋਈ ਪੀੜ ਪ੍ਰਤੀਤਿ ਨਹੀਂ ਸੀ ਹੁੰਦੀ। ਉਹ ਰਣ ਭੂਮੀ ਚੋ ਨੱਸਣ ਨਾਲੋ ਸਿੱਧੇ ਮੱਥੇ ਜੂਝਣਾ ਚੰਗੇਰਾ ਮੰਨਦੇ ਸਨ। ਦੂਜੇ ਬੰਨੇ, ਸੇਵਾ ਦੇ ਸੈਨਕ ਅੱਗੋਂ ਸਖਤ ਟਾਕਰਾ ਵੇਖ ਕੇ ਨਸ ਜਾਦੇ ਸਨ। ਇਸ ਕਾਰਣ ਇਸ ਘਮਸਾਣ ਵਿੱਚ, ਸੇਵਾ ਦੇ ਢੇਰ ਸਿਪਾਹੀ ਮੈਦਾਨ ਛੱਡ ਗਏ; ਯਾ ਮਾਰੇ ਗਏ। ਮਘੇ ਜੁੱਧ ਵਿੱਚ ਇਕ ਮੌਕੇ ਰਾਮ ਸਿੰਘ ਦੇ ਭੀਲ ਸੈਨਕਾ ਨੇ ਸੇਵਾਪਤੀ ਨੂੰ ਘੇਰਾ ਘੱਤ ਕੇ ਫੜ ਲਿਆ। ਰਾਮ ਸਿੰਘ ਨੇ ਇਸ ਲੜਾਈ ਵਿੱਚ ਸ਼ਾਨਦਾਰ ਫਤਿਹ ਪਾਈ॥

੧੬੦ ਸੇਵਾ-ਰਾਜਾ ਨੇ ਤਦ ਰਾਮ ਸਿੰਘ ਤੋ ਪੁਛਿਆ; "ਮੇਰੇ ਨਾਲ ਹੁਣ ਕੀ ਸਲੂਕ ਕੀਤਾ ਜਾਇਗਾ? ਬਾਦਸ਼ਾਹ ਦੇ ਪੇਸ਼ ਕਰੋਗੇ ਜਾਂ ਛੱਡ ਦਿਓਗੇ?" ਰਾਮ ਸਿੰਘ ਨੇ ਉੱਤਰ ਦਿਤਾ "ਹੁਣ ਤੁਹਾਨੂੰ ਇਹ ਗੱਲ ਪੁੱਛਣ ਦਾ ਕੋਈ ਹੱਕ ਨਹੀ; ਜਦੋ ਕਿ ਤੁਸਾਂ ਮੇਰੇ ਪਹਿਲੇ ਮਸ਼ਵਰੇ ਤੇ ਕੋਈ ਅਸਰ ਨਹੀਂ ਕੀਤਾ! ਤੁਹਾਨੂੰ ਪਾਤਿਸ਼ਾਹ ਦੇ ਹਜੂਰ ਪੇਸ਼ ਕੀਤਾ ਜਾਏਗਾ, ਲੇਕਿਨ ਮੈਂ ਬਾਦਸ਼ਾਹ ਪਾਸ ਤੇਰੇ ਹੱਕ ਦੀ ਗੱਲ ਕਰਾਂਗਾ। ਇਸ ਤਰਾਂ ਤੁਹਾਨੂੰ ਕੋਈ ਨੁਕਸਾਨ ਨਹੀਂ ਪਹੁੰਚੇਗਾ। ਤੁਸਾਂ ਆਪਣਾ ਸਿਰ ਪਹਿਲੋ ਭੁੰਞੇ ਰੱਖ ਦੇਣਾ; ਮਗਰੋਂ ਨਾਲ ਹੀ ਮੈਂ ਧਰਤੀ ਤੇ ਸਿਰ ਰੱਖ ਕੇ ਨਮਸਕਾਰ ਕਰਦਿਆਗਾਂ!!"

ਰਾਮ ਸਿੰਘ ਨੇ ਇਸ ਜੰਗ ਦੀ ਵਿਸਥਾਰ ਸਹਿਤ ਰਪਟ ਲਿਖ ਕੇ ਬਾਦਸ਼ਾਹ ਵੱਲ ਘੱਲੀ। ਬਾਦਸ਼ਾਹ ਨੇ ਰਾਮ ਸਿੰਘ ਨੂੰ ਹੁਕਮ ਦਿੱਤਾ; ਕਿ ਜਮਸ਼ੇਰ ਖਾਂ ਦੇ ਹੱਥ ਲਸ਼ਕਰ ਦੀ ਕਮਾਨ ਸੰਭਾਲ ਕੇ, ਸੇਵਾ-ਰਾਜਾ ਨੂੰ ਦਰਬਾਰ ਵਿੱਚ ਹਾਜਰ ਕਰੇ! ਸੋ, ਰਾਮ ਸਿੰਘ ਸੇਵਾਪਤੀ ਸਮੇਤ ਦਰਬਾਰੇ ਹਾਜਰ ਹੋਇਆ। ਬੜੇ ਵੱਡਮੁੱਲੇ ਘੋੜੇ ਜੋੜੇ ਦੇਕੇ ਬਾਦਸ਼ਾਹ ਨੇ ਰਾਮ ਸਿੰਘ ਦਾ ਸਨਮਾਨ ਕੀਤਾ॥

## ੧੧੩. ਸੇਵਾ ਰਾਜਾ ਔਰੰਗਜੇਬ ਦੇ ਹਜੂਰ ਪੇਸ਼

ਬਾਦਸ਼ਾਹ ਨੇ ਸੇਵਾਪਤੀ ਨੂੰ ਪੁਛਿਆ "ਤੂੰ ਸੇਵਾ ਦਾ ਮੁਖੀ ਰਾਜਾ ਹੈ, ਤੇ ਤੇਰੀ ਪਦਵੀ ਵੀ ਬੜੀ ਉੱਚੀ ਹੈ! ਤੁਹਾਡੇ ਵਡਾਰੂਆਂ, ਸਾਡੇ ਬਜਰੂਗਾਂ ਦੀ ਬੜੀ ਖਿਦਮਤ ਕੀਤੀ ਹੈ! ਪਰ ਤੂੰ ਹੁਣ ਮੇਰੇ ਨਾਲ ਵਿਗੜ ਬੈਠਾ ਹੈ! ਕਿ ਮੈਂ ਇਸ ਦਾ ਕਾਰਣ ਪੁੱਛ ਸਕਦਾ ਹਾਂ? ਅਰੁ ਤੂੰ ਸਾਫ ਸਾਫ ਦੱਸ ਸਕੇਂਗਾ, ਕਿ ਤੂੰ ਕਿਸੇ ਹੋਰ ਧੜੇ

ਨਾਲ ਅੰਦਰਖਾਤੇ ਗਾਂਢਾ-ਸਾਂਢਾ ਕੀਤਾ ਹੋਇਆ ਹੈ? ਜਾਂ ਮੈਨੂੰ ਤੂੰ ਆਪਣੇ ਅਧਿਕਾਰਾਂ ਵਿਚੋ ਕਮਜੋਰ ਖਿਆਲ ਕਰਦਾ ਇ?"

ਸੇਵਾਪਤੀ-ਰਾਜਾ ਕੰਦ੍ਰਪ ਸਿੰਘ ਬੋਲਿਆ "ਮੇਰੇ ਵਡਾਰੂਆ ਖੁਦ ਕਦੀ ਤੁਹਾਡੇ ਬਜੁਰਗਾਂ ਦੀ ਸੇਵਾ ਨਹੀ ਕੀਤੀ! ਉਹ ਸਿਰਫ ਸਮੇਂ ਦੇ ਰਿਵਾਜ ਅਨੁਸਾਰ ਕੁਝ ਵਸਤਾਂ ਤੇ ਜਿਣਸਾਂ, ਆਪਣੇ ਰਾਜਦੂਤ ਰਾਹੀਂ ਭੇਜਿਆ ਕਰਦੇ ਸਨ। ਤੁਸਾਂ ਤਖਤ ਤੇ ਬਹਿੰਦਿਆ ਹੀ ਰਾਜਕਰ ਵਸੂਲਣ ਪਰ ਅੜੀ ਬੰਨ ਲਈ; ਅਰੁ ਸਰੀਰਕ ਸੇਵਾ ਦਾ ਨਵਾਂ ਬੰਧਾਨ ਪੇਸ਼ ਕਰ ਦਿੱਤਾ। ਬਸ, ਇਸੇ ਕਰਕੇ ਤੁਹਾਡੇ ਵਲੋ ਮੂੰਹ ਮੋੜ ਲਿਆ ਹੈ!!"

ਬਾਦਸ਼ਾਹ ਨੇ ਆਖਿਆ "ਤੂੰ ਪਹਿਲੋ ਖਿਦਮਤ ਨਹੀਂ ਕੀਤੀ ਨਾ ਰਾਜਕਰ ਭਰਿਆ ਹੈ! ਹੁਣ ਅਸਾਂ ਤੈਨੂੰ ਬੰਨ ਮੰਗਾਇਆ ਹੈ? ਇਸ ਵਕਤ ਤੇਰੀ ਅਣਖ ਕਿਧਰ ਗਈ? ਹੁਣ ਮੈ ਤੈਨੂੰ ਕਤਲ ਕਰ ਸਕਦਾ ਹਾਂ; ਯਾ ਜੋ ਮਰਜੀ ਸਲੂਕ ਕਰਾਂ! ਭਲਾ ਇਸੇ ਵਿੱਚ ਹੈ, ਤੂੰ ਸਾਡੀ ਅਧੀਨਤਾ ਕਬੂਲ ਕਰ ਲਵੇ, ਤੇ ਸ਼ਾਹੀ ਖਿਰਾਜ ਭਰ ਕੇ ਚਿਰੰਜੀਵ ਹੋਵੇ! ਨਹੀ ਤਾਂ, ਹਾਥਿਆਂ ਦੇ ਪੈਰਾਂ ਹੇਠ ਮਿੱਧਿਆ ਤੇ ਮਾਰਿਆ ਜਾਏਗਾ!!"

ਕੰਦ੍ਰਪ ਸਿੰਘ ਗਰਜ ਕੇ ਬੋਲਿਆ "ਮੈ ਕੁਝ ਨਹੀਂ ਕਰ ਸਕਦਾ, ਜੋ ਅਸਾਂ ਪਿਛੇ ਕਦੀ ਨਹੀ ਕੀਤਾ! ਨਾਂ ਮੈ ਤੁਹਾਡੀ ਮਸਲਤ ਮੰਨ ਸਕਦਾ ਹਾਂ! ਭਾਵੇ ਮੌਤ ਦਾ ਦੁੱਖ ਮੈਨੂੰ ਸਹਿਣਾ ਹੀ ਪਵੇ"।

ਇਹ ਸੁਣ ਕੇ ਬਾਦਸ਼ਾਹ ਲੋਹਾ ਲਾਖਾ ਹੋ ਗਿਆ। ਰਾਜੇ ਨੂੰ ਹਾਥਿਆਂ ਦੇ ਪੈਰਾ ਹੇਠ ਸੁੱਟਣ ਦਾ ਹੁਕਮ ਦੇ ਦਿੱਤਾ। ਰਾਮ ਸਿੰਘ ਨੇ ਤਦ ਪ੍ਰਾਰਥਨਾ ਕੀਤੀ, 'ਇਸਨੂੰ ਮਾਰਿਆਂ ਨਾ ਜਾਵੇ!' ਤਦ, ਉਸੇ ਵੇਲੇ ਸੇਵਾਪਤੀ ਨੂੰ ਸੋਨੇ ਦੇ ਸੰਗਲ ਮਾਰ ਕੇ ਕੈਦ ਕਰ ਦਿੱਤਾ।

## ੧੧੪. ਕੰਦ੍ਰਪ ਸਿੰਘ ਦਾ ਕੈਦਖਾਨਿਓਂ ਬਚ ਨਿਕਲਿਆ

ਕੁਝ ਚਿਰ ਬੰਦੀਖਾਨੇ ਬੰਦ ਰਹਿਣ ਤੋ ਬਾਅਦ, ਕੰਦ੍ਰਪ ਸਿੰਘ ਨੇ ਰਾਮ ਸਿੰਘ ਨੂੰ ਕਿਹਾ "ਤੁਸੀ ਮੈਨੂੰ ਬਚਾਣ ਤਾ ਬਚਨ ਦੇ ਕੇ ਇਥੇ ਲਿਆਏ ਓ! ਮੈ ਨਹੀ ਸਮਝ ਸਕਿਆ, ਹੁਣ ਤਕ ਮੈਨੂੰ ਕਿਉ ਜੇਲ ਵਿੱਚ ਡੱਕ ਛੱਡਿਆ ਹੈ! ਮੈਨੂੰ ਨਹੀ ਪਤਾ, ਤੁਹਾਡੇ ਕਾਨੂੰਨ ਵਿੱਚ ਮੇਰੇ ਵਾਸਤੇ ਹੋਰ ਕੀ ਕੁਝ ਲਿਖਿਆ ਹੈ! ਇਹ ਸਭ ਕੁਝ ਤੁਹਾਡੇ ਵਾਸਤੇ ਸੋਭਦਾ ਹੈ? ਮੈਂ ਭੀ ਤਾਂ ਆਪਣੀ ਜਿੰਦਗੀ ਚ ਅਨੇਕਾ ਨੂੰ ਕੈਦ ਰੱਖ ਕੇ ਵੇਖਿਆ ਹੀ ਹੈ?"[49]

ਰਾਮ ਸਿੰਘ ਨੇ ਫਿਰ ਬਾਦਸ਼ਾਹ ਪਾਸ, ਸੱਚੇ ਦਿਲੋ ਰਾਜੇ ਦੀ ਖਿਲਾਸੀ ਵਾਸਤੇ ਪ੍ਰਾਰਥਨਾ ਕੀਤੀ। ਪਰ ਕਬੂਲ ਨਾ ਹੋਈ। ਰਾਮ ਸਿੰਘ ਇਹ ਵੇਖ ਕੇ ਦਿਲ ਵਿੱਚ ਬੜਾ ਪਛਤਾਇਆ॥

[49] S.K. Bhuyan ਨੇ ਇਹ ਕਥਾ ਸ਼ਿਵਾਜੀ ਮਰਹੱਟੇ ਦੀ ਹੀ ਵਿਗਾੜੀ ਹੋਈ ਵਾਰਤਾ ਮੰਨੀ ਹੈ(ਪੰਨੇ ੨੪੨) (note 83 Sewa Raja)

ਉਸ ਮੌਕੇ ਰਾਮ ਸਿੰਘ ਦੇ ਘਰ ਇੱਕ ਪੁੱਤਰ ਜਨਮਿਆਂ। ਉਸਦਾ ਨਾਮ ਕਿਸ਼ੋਰ ਦਾਸ/ਕਿਸ਼ਨ ਸਿੰਘ ਰੱਖਿਆ ਗਿਆ। ਨਾਮ ਸੰਸਕਰਣ ਪੁਰ ਰਾਮ ਸਿੰਘ ਰਾਜਿਆਂ ਤੇ ਨਵਾਬਾਂ ਨੂੰ ਖਾਦ ਪਦਾਰਥ, ਤੇ ਗਹਿਣੇ, ਤਾਂਬੇ, ਪਿੱਤਲ ਤੇ ਚਾਂਦੀ ਦੇ ਵਡੇ੨ ਸੰਦੂਕਾਂ ਵਿੱਚ ਬੰਦ ਕਰਕੇ ਭੇਜੇ। ਸੇਵਾਪਤੀ ਦੇ ਬੰਧਨ ਭੀ ਕੱਟ ਦਿਤੇ। ਅਰੁ ਉਸਨੂੰ ਇੱਕ ਸੰਦੂਕ ਵਿੱਚ ਬੰਦ ਕਰਕੇ ਉਸਦੇ ਵਤਨ ਪੁਚਾ ਦਿੱਤਾ। ਕਿਸੇ ਨੇ ਉਸਨੂੰ ਸਿੰਘ ਪੌਰ ਤੇ ਰਾਜ ਘਾਟ (ਸਰਹੰਦੀ ਚੌਕੀ) ਪਰ ਨਾਂ ਰੋਕਿਆ।

## ੧੧੫. ਰਾਮ ਸਿੰਘ ਦਾ ਪਹਿਲਾਂ ਗੁਨਾਹ (offence)

ਪਾਦਸ਼ਾਹ ਨੇ ਰਾਜੇ ਦਾ ਬਚ ਨਿਕਲਣਾ ਰਾਮ ਸਿੰਘ ਦੇ ਜ਼ੁੱਮੇ ਲਾਇਆ, ਤੇ ਇੰਞ ਆਖ ਕੇ ਉਸਨੂੰ ਦੋਸ਼ੀ ਠਹਿਰਾਇਆ, “ਸੇਵਾ ਦੇ ਰਾਜੇ ਨੂੰ ਤੂੰ ਕੀਹ ਕੀਤਾ?” ਰਾਮ ਸਿੰਘ ਨੇ ਉੱਤਰ ਦਿੱਤਾ “ਮੈ ਦਿਆਨਤਦਾਰੀ ਨਾਲ, ਉਸਨੂੰ ਛੱਡ ਦੇਣ ਲਈ ਹਜ਼ੂਰ ਪਾਸ ਅਰਜ਼ ਕੀਤੀ ਸੀ। ਆਪ ਚੂੰਕਿ ਉਸ ਦੀ ਖਲਾਸੀ ਪਰ ਰਜ਼ਾਮੰਦ ਨਹੀ ਹੋਏ। ਇਸ ਲਈ ਉਹ ਦਾਉ ਲਾ ਕੇ ਖਿਸਕ ਗਿਆ!” ਬਾਦਸ਼ਾਹ ਨੇ ਆਖਿਆ “ਤੂੰਹੀਓ ਉਸ ਨੂੰ ਬਚ-ਨਿਕਲਣ ਦਾ ਮੌਕਾ ਦਿੱਤਾ ਹੈ!” ਰਾਮ ਸਿੰਘ ਬੋਲਿਆ:- ਜੇ ਹਜੂਰ ਦਾ ਇਹੋ ਖਿਆਲ ਹੈ, ਕਿ ਸੇਵਾ ਰਾਜਾ ਦੇ ਬਚ ਨਿਕਲਣ ਦਾ ਵਸੀਲਾ ਮੈਂ ਹੀ ਬਣਿਆ ਹਾਂ; ਉਸਤੋਂ ਕਿਸੇ ਤਰਾਂ ਦਾ ਤੌਖਲਾ ਨਹੀਂ ਮੰਨਣਾ ਚਾਹੀਦਾ! ਉਹ ਹੁਣ ਭੀ ਮੇਰੇ ਅੰਗੂਠੇ ਥੱਲੇ ਹੈ।”

ਏਦੂੰ ਪਰੰਦ ਬਾਦਸ਼ਾਹ ਨੇ ਉਭਾਸਰ ਕੇ ਕੁਝ ਨਹੀਂ ਆਖਿਆ ਪਰ ਆਪਣੇ ਅੰਦਰ ਗੁੱਸਾ ਹਵਾਉਂਦਾ ਤੇ ਸੋਚਾ ਕਰਦਾ ਚੁੱਪ ਰਿਹਾ॥

## ੧੧੬. ਸਿੱਖ ਗੁਰੂ ਤੇਗ ਬਹਾਦਰ ਦਾ ਬੰਦੀ ਖਾਨਿਓ ਬਚ ਨਿਕਲਣਾ

ਓਦੋਂ ਓਥੇ (ਪੱਛਮੀ ਭਾਰਤ ਵਿੱਚ) ਗੁਰੂ ਨਾਨਕ ਮਤ ਦਾ ਇੱਕ ਸੰਤ ਸੀ। ਉਹ ਬੇਗਿਣਤ ਬ੍ਰਾਹਮਣਾ ਤੇ ਖੱਤਰੀ ਹਿੰਦੂਆਂ ਦਾ ਗੁਰੂ ਬਣ ਗਿਆ ਸੀ। ਉਹ ਨਾ ਤੇ ਰਾਮ, ਕ੍ਰਿਸ਼ਣ ਦਾ ਨਾਮ ਜਪਦਾ ਸੀ, ਤੇ ਨਾ ਹੀ ਖੁਦਾ ਤੇ ਦੇਵੀ ਦਾ। ਉਹ ਆਪਣੇ ਅੱਕੀਦੇ ਦੇ ਜਗਿਆਸੂਆਂ ਦੀ ਮਿਲਣੀ ਸਮੇਂ, ਸਧਾਰਣ ਤੌਰ ਪਰ “ਓਂ ਐ ਗੁਰੂ! ਓਂ ਐ ਗੁਰੂ” ਕਰਤਾਰ! ਕਰਤਾਰ!! ਕਹਿੰਦਾ! ਬਸ ਹੋਰ ਕੁਝ ਨਹੀਂ। ਭੱਟਾਚਾਰੀ ਬ੍ਰਹਾਮਣਾਂ ਅਰਥਾਤ ਪਾਦਰੀਆਂ ਤੇ ਮੁਸਲਮਾਨਾਂ ਦੇ ਕਾਜੀਆਂ, ਬਾਦਸ਼ਾਹ ਪਾਸ ਸ਼ਕਾਯਤ ਕੀਤੀ, ਕਿ- “ਇਹ ਸਖਸ ਕਿਸੇ ਵੱਖਰੇ ਪੀਠ (ਸੰਸਥਾ=ਜਮਾਤ) ਯਾ ਮਤਿ ਨਾਲ ਸਬੰਧ ਨਹੀ ਰੱਖਦਾ; ਸਗੋਂ ਦੇਸ਼ ਨੂੰ ਨਸ਼ਟ ਭ੍ਰਸ਼ਟ ਕਰਦਾ ਫਿਰਦਾ ਹੈ।”

ਇਸ ਸ਼ਿਕਾਯਤ ਪੁਰ ਪਾਦਸ਼ਾਹ ਨੇ ਗੁਰੂ ਨੂੰ ਆਪਣੇ ਦਰਬਾਰ ਵਿੱਚ ਪੇਸ਼ ਹੋਣ ਵਾਸਤੇ ਸੱਦਿਆ। ਪਰ ਉਹ ਨਹੀਂ ਆਇਆ। ਸਗੋਂ ਹਾਕਮਾਂ ਅਨਾਦਰ ਕਰਦਾ ਤੇ ਤੀਹ ਹਜ਼ਾਰ ਨਾਨਕ ਪੰਥੀ ਸੈਨਕਾਂ (੧੬੩) ਨਾਲ ਮੁਲਕ ਵਿੱਚ ਲੁੱਟ ਮਾਰ ਕਰਦਾ ਰਿਹਾ। ਪਾਦਸ਼ਾਹ ਨੂੰ ਬੜਾ ਗੁੱਸਾ ਆਇਆ। ਉਸਨੇ ਅੱਲੋਖਾਨ ਪਠਾਨ ਨੂੰ ਗੁਰੂ ਦੀ ਗ੍ਰਿਫਤਾਰੀ ਵਾਸਤੇ ਨੀਯਤ ਕੀਤਾ। ਉਸਨੇ ਗੁਰੂ ਨੂੰ ਪਕੜਿ ਆਂਦਾ। ਪਾਦਸ਼ਾਹ ਨੇ ਕਤਲ ਦਾ ਹੁਕਮ ਦੇ ਦਿੱਤਾ। ਗੁਰੂ ਨੇ ਜਾਨ ਬਚਾਣ ਲਈ ਰਾਮ ਸਿੰਘ ਦੀ ਓਟ ਲਈ। ਉਸਨੇ ਸਿੱਖ ਆਗੂ ਵਾਸਤੇ ਜਾਮਨੀ ਦੇ ਦਿੱਤੀ। ਮਗਰੋ ਉਹ ਨਾਨਕ ਪੰਥੀ ਗੁਰੂ ਭੀ ਬੰਦੀ ਖਾਨਿਓ ਬਚ ਨਿਕਲਿਆ।

**੧੧੭. ਰਾਮ ਸਿੰਘ ਦਾ ਦੂਜਾ ਜੁਰਮ**

ਪਾਦਸ਼ਾਹ ਨੇ, ਗੁਰੂ ਨੂੰ ਖਿਸਕਾ ਦੇਣ ਦਾ ਦੋਸ਼ ਲਾਉਂਦਿਆ, ਰਾਮ ਸਿੰਘ ਨੂੰ ਆਖਿਆ: "ਤੂੰ ਗੁਰੂ ਨੂੰ ਕਿਉਂ ਖਿਸਕਾ ਦਿੱਤਾ, ਜਦ ਕਿ ਆਪ ਹੀ ਉਸਦੀ ਜਾਮਨੀ ਓਟੀ ਸੀ?" ਉਸ ਨੇ ਉੱਤਰ ਦਿੱਤਾ: "ਉਹ ਹੈ ਕੋਣ! ਕੋਈ ਰਾਜਾ ਯਾ ਨਵਾਬ ਹੋਵੇ, ਤਦ ਹੀ ਆਪ ਨੂੰ ਉਸ ਤੋ ਬਦਲਾ ਲੈਣਾ ਸੋਭਦਾ ਇ। ਉਹ ਤਾ ਕੇਵਲ ਸਾਧੂ-ਦਰਵੇਸ਼ ਹੈ। ਉਸਦੇ ਨਿਕਲ ਜਾਣ ਪਰ, ਮੈਨੂੰ ਦੋਸ਼ ਦਿੰਦਿਆ ਸੁਣ ਕੇ ਲੋਕੀ ਹਜਰਤ ਉੱਤੇ ਹੱਸਣਗੇ।"

ਸਿੱਖ ਗੁਰੂ ਦੇ ਖਿਸਕ ਜਾਣ ਬਾਰੇ, ਰਾਮ ਸਿੰਘ ਦਾ ਉਜਰ ਸੁਣ ਕੇ, ਪਾਦਸ਼ਾਹ ਨੇ ਦਿਲ ਵਿੱਚ ਆਖਿਆ:- ਰਾਮ ਸਿੰਘ ਉੱਤੋੜਿੱਤੀ ਅਯੋਗ ਕੰਮ (ਅੜਬਾਈਆਂ-ਉਕਾਈਆਂ) ਕਰਨ ਲਗ ਪਿਆ ਹੈ! ਇਸਦੇ ਪਿਉ ਦਾਦੇ ਦੀਆਂ ਸਲਤਨਤ ਸਬੰਧੀ ਕੀਤੀਆਂ ਖਿਦਮਤਾਂ ਦਾ ਲਿਹਾਜ ਕਰਕੇ, ਅਸੀ ਇਸ ਨੂੰ ਕੁਝ ਆਖ ਨਹੀ ਸਕਦੇ। ਨਾਲੇ ਜੇ ਇਸ ਨੂੰ ਕੋਈ ਸਜ਼ਾ ਦੇਈਏ, ਤਾਂ ਰਾਜੇ ਰਲ ਕੇ ਹਕੂਮਤ ਵਿਰੁੱਧ ਭੜਕ ਉਠਣਗੇ। ਅਰੁ ਮੈ ਉਨਾਂ ਸਾਰਿਆਂ ਨਾਲੋਂ ਨਿਖੜ ਜਾਵਾਂਗਾ। ਇਹ ਵਿਚਾਰਕੇ ਪਾਦਸ਼ਾਹ ਨੇ ਰਾਮ ਸਿੰਘ ਵਿਰੁੱਧ (ਲੋਕਾਚਾਰੀ) ਕੋਈ ਕਾਰਵਾਈ ਨਾ ਕੀਤੀ।"

**੧੧੮. ਆਸਾਮ ਜੁੱਧ ਦਾ ਖਤਰਾ**

(ਇਸੇ ਮੌਕੇ) ਇਹ ਖਬਰ ਪਹੁੰਚੀ, ਕਿ ਆਸਾਮ-ਪਤੀ ਸੁਰਗਦੇਉ ਨੇ ਗੁਉਹਾਟੀ ਗੜੀ ਸਰ ਕਰ ਕੇ, ਸੱਯਦ ਪੀਰੋਜ ਖਾਂ ਨੂੰ ਪਕੜ ਲਿਆ ਹੈ। ਖਬਰ ਮਿਲਦਿਆਂ ਹੀ ਪਾਦਸ਼ਾਹ ਨੇ ਰਾਮ ਸਿੰਘ ਨੂੰ ਸੱਦ ਕੇ ਆਖਿਆ "ਰਾਜਾ ਮਾਂਧਾਤਾ ਦਾ ਪੁੱਤ੍ਰ ਰਾਜਾ ਜੈ ਸਿੰਘ, ਬੰਗਾਲ ਜੁੱਧ ਵਿਚ ਲੜਿਆ; ਤੇ ਉਸ ਸੂਬੇ ਪਰ ਕਬਜ਼ਾ ਕੀਤਾ। ਹੁਣ ਤੁਸੀਂ ਆਸਾਮ ਨਾਲ ਜੁੱਧ ਕਰੋ।"

੧੬੪ ਬਾਦਸ਼ਾਹ ਨੇ ਇਹ ਗਲ ਰਾਮ ਸਿੰਘ ਨੂੰ ਇਨ੍ਹਾਂ, ਕਾਰਨਾ ਕਰਕੇ ਆਖੀ:- ਅੱਗੇ ਜਿਤਨੇ ਨਵਾਬ ਆਸਾਮ ਦੀ ਮੁਹਿੰਮ ਪਰ ਭੇਜੇ ਗਏ, ਕੋਈ ਸਲਾਮਤ ਨਹੀ ਮੁੜਿਆ। ਕਈ ਖੁਦ ਮਰ ਗਏ ਤੇ ਬਾਕੀ ਜੰਗਾਂ

ਵਿੱਚ ਮਾਰੇ ਗਏ। ਆਸਾਮ ਦੇ ਪਉਣ,ਪਾਣੀ ਵਿਸ਼ੈਲੈ ਤੇ ਰੋਗ-ਮਈ ਹਨ। ਪਰਬਤ ਸੰਘਣੇ ਜੰਗਲਾਂ ਨਾਲ ਢੱਕੇ ਪਏ ਹਨ। ਪਾਦਸ਼ਾਹ ਚਾਹੁੰਦਾ ਸੀ, ਕੀ ਰਾਮ ਸਿੰਘ ਆਸਾਮ ਵਿਚ ਹੀ ਮਰ ਮੁੱਕ ਜਾਏ( ਤਾ ਗਲੋਂ ਲੱਥੇ)! ਇੰਨਾ ਵਿਚਾਰਾਂ ਤੇ ਵਿਉਂਤਾਂ ਦੇ ਆਧਾਰ ਪੁਰ ਬਾਦਸ਼ਾਹ ਨੇ ਉਸਨੂੰ ਆਸਾਮ ਭੇਜਣ ਦਾ ਫੈਸਲਾ ਕਰ ਲਿਆ।

## ੧੧੯. ਰਾਮ ਸਿੰਘ ਨੂੰ ਆਸਾਮ ਜੁੱਧ ਕਰਨ ਤੋਰਿਆ

ਰਾਜੇ ਨੇ (ਬਾਦਸ਼ਾਹੀ ਆਗਿਆ ਪਾਕੇ) ਆਪਣੇ ਦੇਸ਼ ਦੇ ਰਾਜਪੂਤ ਭੀਲ, ਰਸ਼ੀਦ ਖਾਂ ਨਵਾਬ ਤੇ ਹੋਰ ਸਰਦਾਰ ਨਾਲ ਲਏ। ਅਰੁ ਪਾਦਸ਼ਾਹ ਪਾਸੋਂ ਵਿਦਾ ਮੰਗੀ। ਪਾਦਸ਼ਾਹ ਨੇ ਆਪਣੇ ਦੋ ਏਤਬਾਰੀ ਸੱਜਣ ਦੀਵਾਨ ਬਣਾ ਕੇ ਰਾਮ ਸਿੰਘ ਨਾਲ ਦਿੱਤੇ- ਮਿਰਜਾ ਸਈਦ ਸੈਫ ਪ੍ਰਗਣਿਆ ਦਾ ਦੀਵਾਨ ਤੇ ਮੀਰ ਰਾਜੀ, ਲਸ਼ਕਰ ਤੇ ਸੈਨਕਾਂ ਦਾ ਦੀਵਾਨ ਥਾਪਿਆ। ਇਨਾਂ ਤੋ ਬਿਨਾਂ ਸੱਤ ਸੋ ਦਾ ਦਰੋਗਾ ਬਿਹਲੋਹਲ ਖਾਂ ਤੇ ਤਿੰਨ ਸੋ ਯਹੂਦੀਆਂ ਦਾ ਸਰਦਾਰ (ਦਰੋਗਾ) ਸੁਲਤਾਨ ਅਲੀ ਭੀ ਨਾਲ ਘੱਲਿਆ। ਮੀਰ ਗਜਲ ਬੇਗ 'ਖਾਜੀ' ਨੂੰ ਇਸ ਮੁਹਿਮ ਦੀਆਂ ਖਬਰਾਂ ਭੇਜਣ ਵਾਸਤੇ ਵਾਕਿਅ ਨਵੀਸ(reporter) ਨੀਯਤ ਕੀਤਾ। ਅਰੁ ਬਾਦਸ਼ਾਹ ਨੇ ਉਸ ਨੂੰ ਆਖਿਆ " ਰਾਮ ਸਿੰਘ ਭਰੋਸੇ ਯੋਗ ਬੰਦਾ ਨਹੀ ਹੈ! ਉਹ ਸੁਰਗ ਦੇਵ ਦੇ ਫਰੇਬ ਜਾਲ ਵਿੱਚ ਫਸ ਸਕਦਾ ਹੈ! ਤੁਸਾ ਇਸ ਦੀਆਂ ਹਰਕਤਾ ਤੇ ਮੁਹਿੰਮ ਦੀਆਂ ਜਿੱਤਾ ਹਾਰਾਂ ਬਾਰੇ ਸਹੀ ਤੇ ਸੱਜਰੇ ਸਮਾਚਾਰ ਬਕਾਇਦਾ ਭੇਜਦੇ ਰਹਿਣਾ।"

ਰਾਮ ਸਿੰਘ ਨੇ ਕੂਚ ਕਰ ਕੇ, ਰਾਹ ਵਿੱਚ ਆਪਣੇ ਲਸ਼ਕਰ ਸਮੇਤ ਮੁਕਾਮ ਕੀਤਾ। ਜਿੱਥੇ ਹੀ ਉਸਦੇ ਨਾਲ ਨੀਤੇ ਗਏ ਨਵਾਬ, ਆਪੋ ਆਪਣੇ ਲਸ਼ਕਰਾ ਸਮੇਤ ਆਣ ਮਿਲੇ। ਪਟਨੇ ਵਿੱਚ ਰਾਮ ਸਿੰਘ ਦੇ ਪਿਤਾ ਜੈ ਸਿੰਘ ਦਾ ਲਵਾਇਆ ਇੱਕ ਬਾਗ ਸੀ, ਰਾਜਾ ਉਸ ਵਿੱਚ ਮੁਕਾਮ ਕਰਕੇ ਆਪਣੇ ਲਸ਼ਕਰ ਦੇ ਪਿੱਛੇ ਰਿਹੇ ਹਿੱਸੇ ਨੂੰ ਸੱਤ ਦਿਨ ਉਡੀਕਦਾ ਰਿਹਾ।

## ੧੨੦. ਸ਼ਾਇਸਤਾ ਖਾਂ ਵੱਲੋ ਰਾਮ ਸਿੰਘ ਦਾ ਸ਼ਾਨਦਾਰ ਸੁਆਗਤ

ਰਾਮ ਸਿੰਘ, ਪਟਨੇ ਤੁੰ ਕੂਚ ਕਰਕੇ ਅਮੀਰ ਉਲ ਉਮਰਾ ਸਇਸਤਾ ਖਾਂ ਨਾਲ ਮੁਲਾਕਾਤ ਕਰਨ ਹਿੱਤ ਜਹਾਗੀਰ ਨਗਰ (ਢਾਕਾ) ਵਲ ਗਿਆ। ਉਹ ਰਾਜੇ ਦੇ ਪਿਤਾ ਜੈ ਸਿੰਘ ਦਾ ਗੂੜਾ ਮਿੱਤਰ ਸੀ। ਇਸ ਪੁਰਾਣੀ ਦੋਸਤੀ ਦੇ ਸਦਕੇ ਹੀ ਰਾਮ ਸਿੰਘ, ਢਾਕੇ ਆਇਆ। ਰਾਜਾ ਆਇਆ ਸੁਣ ਕੇ, ਸ਼ਿਇਸਤਾ ਖਾਂ ਨੇ ਸੱਚੇ ਦਿਲੋ ਉਸ ਦਾ ਸੁਆਗਤ ਕੀਤਾ। ਨਵਾਬ ਸਾਹਿਬ ਨੇ ਰਾਜੇ ਨੂੰ ਜੀਓ ਆਇਆ! ਆਖਣ ਵਾਸਤੇ ਅਬੁੱਰਨ ਮੀਰ ਖਾਂ ਦਾ ਪੁੱਤਰ ਅਤੇ ਰਾਜਾ ਨੰਦ ਲਾਲ ਤੇ ਰਾਏ ਮੁਰਾਰੀ ਧਰ- ਦੋ ਦੀਵਾਨ, ਹਾਥੀ, ਘੋੜਿਆਂ ਸਮੇਤ ਆਗਾੜੀ ਭੇਜੇ। ਇਨਾ ਨੇ ਪੰਜ ਪ੍ਰਕਾਰ ਦੇ ਵਾਜੇ ਵਜਾਉਦਿਆ ਜਲੂਸ ਦੇ ਰੂਪ ਵਿੱਚ ਨਿਯਤ ਟਿਕਾਣੇ ਵੱਲ

ਕੂਚ ਕੀਤਾ। ਮਾਸ਼ਕੀਆਂ (ਚਿਕਾ ਬਦਾਰਾਂ) ਦੀ ਵਡੀ ਜਮੀਅਤ ਨੇ ਸਮੇ ਰਹਿਤੇ ਪਾਣੀ ਨਾਲ ਛਿੜਕਾਉ ਕੀਤਾ। ਜਿਨਾਂ ਬਾਜਾਰਾਂ ਥਾਣੀ ਰਾਜਾ ਲੰਘਿਆ, ਉਨ੍ਹਾ ਵਿਚਲੇ ਸਾਰੇ ਮਕਾਨ-ਦੁਕਾਨ ਸੁਨਹਿਰੀ, ਰੁਪਹਿਲੀ ਕੱਪੜਇਆਂ ਨਾਲ ਸਜਾਏ ਗਏ ਸਨ। ਸ਼ਾਇਸਤਾ ਖਾਂ ਦਾ ਦੀਵਾਨਖਾਨਾਂ ਭੀ ਵਡਮੁੱਲੇ ਮਲੀਚਿਆਂ ਨਾਲ ਕੰਧਾਂ-ਕੋਠਿਆਂ ਸਮੇਤ ਸਜਿਆ ਹੋਇਆ ਸੀ। ਅੰਦਰ ਸੁਗੰਧਿਤ ਧੂਪ ਦੇ ਛੇ ਸੌ ਧੂਪਦਾਨ, ਬੋਲ(ਏਲੂਏ, ਕਾਲਾ ਸੁਹਾਗਾ= مصبی) ਨਾਲ ਧੁਖ ਰਹੇ ਸਨ। ਹਰ ਕਮਰੇ ਵਿੱਚ ਮੋਤੀਆਂ ਦੇ ਡੱਬੇ ਤੇ ਕਿਸ਼ਤੀਆਂ ਚੰਦੋਇਆਂ ਨਾਲ ਲਟਕ ਰਹੀਆਂ ਸਨ।

ਰਾਜਾ ਨਵਾਬ ਪਾਸ ਪਹੁੰਚਾ ਤਾਂ "ਚਾਚਾ ਜੀ! ਪੈਰੀ ਪੈਨਾ!" ਆਖ ਕੇ ਪੈਰੀ ਪਿਆ। ਨਵਾਬ ਨੇ ਉਸ ਨੂੰ ਜੱਫੀ ਵਿੱਚ ਘੁਟ ਕੇ ਤੇ ਗਲੇ ਨਾਲ ਲਾ ਕੇ ਮੱਥਾ ਚੁੰਮਿਆ। ਅਰੁ ਵਡਮੁੱਲੇ ਹਾਥੀ, ਘੋੜੇ ਤੇ ਪੰਚੀ ਹਜਾਰ ਦਾ ਜੜਾਊ ਖੰਜਰ ਸੁਆਗਤ ਵਜੋ ਦੇ ਕੇ ਰਾਮ ਸਿੰਘ ਦਾ ਆਦਰ ਕੀਤਾ।

ਫਿਰ, ਨਵਾਬ ਸ਼ਾਇਸਤਾ ਖਾਂ ਨੇ ਰਾਮ ਸਿੰਘ ਨੂੰ ਇਹ ਸਿੱਖਿਯਾ ਦੇ ਕੇ ਵਿਦਾ ਕੀਤਾ "ਤੁਸਾ ਇਸ ਤੌਰ ਕੰਮ ਕਰਨਾ ਕਿ ਤੁਹਾਡੇ ਉਤੇ ਬਾਦਸ਼ਾਹ ਦੀਆਂ ਭਾਵਨੀਆਂ ਬਣਿਆ ਰਹਿਣ। ਔਰਗਜੇਬ ਹੁਸ਼ਿਆਰ ਤੇ ਨੀਤੀਵਾਨ ਬਾਦਸ਼ਾਹ ਹੈ। ਸੁਜਾਨਗਰ(ਹਾਜੋ), ਆਸਾਮ ਵਿੱਚ ਇੱਕ ਸੁਰੰਗੀ ਇਲਾਕਾ ਹੈ । ਇਸਦੇ ਪਹਾੜ ਜੰਗਲਾ ਨਾਲ ਕੱਜੇ ਪਏ ਹਨ। ਵਿਸਾਖ ਤੇ ਜੇਠ ਦੋ ਮਹੀਨੇ, ਇਸਦੀਆਂ ਨਦੀਆਂ ਵਿੱਚ ਜਹਿਰੀਲਾ ਪਾਣੀ ਵਗਦਾ ਹੈ। ਪਉਣ ਜੋ ਵਗਦੀ ਹੈ, ਉਹ ਵੈਸ਼ੈਲੀ ਹੁੰਦੀ ਹੈ। ਇਸੇ ਕਰਕੇ ਸਾਡੇ ਬੰਦੇ ਓਥੇ ਮਰ ਜਾਦੇ ਹਨ ਸੋ ਤੁਹਾਨੂੰ ਖੂਬ ਸੁਚੇਤ ਹੋ ਕੇ ਰਹਿਣੇ ਚਾਹੀਦਾ ਏ। ਲੋਹਿਤਿਯਾ ਤੇ ਬ੍ਰਹਮਪੁੱਤਰ ਨਦੀਆਂ ਤੋਂ ਛੁੱਟ ਹੋ ਕਿਸੇ ਨਦੀ ਦਾ ਪਾਣੀ ਨਹੀ ਪੀਣਾ। ਉਸ ਦੇਸ਼ ਦੀ ਕਿਸੇ ਤੀਵੀ ਨੂੰ ਆਪਣੇ ਮਹਿਲ ਅੰਦਰ ਨਹੀ ਵੜਨ ਦੇਣਾ। ਉਹ ਬੜੀਆਂ ਕਪਟੀ ਤੇ ਦੁਸ਼ਟ ਹਨ।"

ਇਸਤੋਂ ਬਾਅਦ ਨਵਾਬ ਨੇ ਮਸ਼ਵਰਾ ਦਿੱਤਾ "ਜਦੋ ਤੁਹਾਡੇ ਪਾਸ ਅੰਨ ਆਦਿ ਖਾਦ ਖੁਰਾਕ ਦੀ ਤੋਟ ਆਵੇ, ਜੁੱਧ ਸਮੱਗਰੀ ਯਾ ਰੁਪਯੇ ਦੀ ਲੋੜ ਪਏ ਤਾਂ ਸਾਨੂੰ ਲਿਖਣਾ! ਅਸੀ ਤਹਾਨੂੰ ਇਕਲੋਤੇ ਪੁੱਤਰ ਸਮਾਨ ਸਮਝਦੇ ਹਾਂ, ਜੋ ਮੰਗੋਗੇ ਤਰੁੰਤ ਭੇਜਾਗੇ।"

ਰਾਮ ਸਿੰਘ ਨਵਾਬ ਸਾਹਿਬ ਦੇ ਸਲੂਕ ਤੇ ਸਵਾਗਤ ਤੋ ਬਹੁਤ ਖੁਸ਼ ਹੋਇਆ ਤੇ ਬੋਲਿਆ "ਆਪ ਨੇ ਜੋ ਨੇਕ ਸਲਾਹ ਮੈਨੂੰ ਦਿੱਤੀ ਹੈ, ਉਜੇਹੀ ਹੈ ਜਿਹੋ ਜਿਹੀ ਪਿਤਾ, ਪੁੱਤਰ ਨੂੰ ਵਿਦਾਇਗੀ ਸਮੇ ਦਿੰਦਾ ਹੈ।"

ਤਦ ਰਾਜੇ ਨੇ ਨਵਾਬ ਸਾਹਿਬ ਪਾਸੋ ਵਿਦਾ ਮੰਗੀ। ਨਵਾਬ ਦੇ ਪੁੱਤਰਾਂ ਚਰਨ ਛੋਹ ਕੇ, ਰਾਮ ਸਿੰਘ ਨੂੰ ਨਮਸਕਾਰ ਕੀਤਾ, ਅਰੁ ਦੂਰ ਤਕ ਵਿਦਾ ਕਰਨ ਨਾਲ ਗਏ। ਓਥੋ ਲਸ਼ਕਰ ਸਣੇ ਕੂਚ ਕਰਕੇ ਸੁਜਾਨਗਰ

(ਹਾਜੋ) ਪਹੁੰਚ ਗਿਆ।

ਇਥੇ ਆ ਕੇ ਇਹ ਪੁਸਤਕ ਦੇ ਅਨੁਵਾਦ ਦੀ ਭਾਈ ਸਾਹਿਬ ਵਲੋਂ ਸਮਾਪਤੀ ਕੀਤੀ ਗਈ ਹੈ। ਇਹ ਅੰਗਰੇਜ਼ੀ ਪੁਸਤਕ ਦੇ 13ਵੇਂ ਅਧਿਆਇ ਤੱਕ ਦੇ ਪ੍ਰਸੰਗਾਂ ਵਿਚੋਂ ਅਨੁਵਾਦ ਹੈ। ਇਸ ਦੀ ਸਮਾਪਤੀ ਉਪਰ ਅੰਗਰੇਜ਼ੀ ਉਲਥਾਕਾਰ ਦੇ ਮੁਢਲੇ ਸ਼ਬਦ ਫਿਰ ਦੁਹਰਾਏ ਗਏ ਹਨ। ਇੰਨ੍ਹਾਂ ਨੇ ਲਿਖਿਆ ਹੈ:

'ਨੋਟ: ਉਲਥਾਕਾਰ ਨੇ ਇਸ ਪੁਸਤਕ ਦੇ ਮੁਖ ਵਚਨ ਵਿਚ ਸਫਾ ੫੦ ਪਰ ਅਠਵੀਂ ਸਤਰੋਂ ਇਉਂ ਲਿਖਿਆ ਹੈ:

> so taking all things together, we may easily surmise that main bulk of the book was compiled between 1663(1720 ਬਿ.) and 1685 A.D.(1742 ਬਿ.), and the copy of Manuscript was made later than 1731 A.D. (1788 ਬਿ.). Manuscript B could not have not copied earlier than 1793 A.D. (1850 ਬਿ.) the charactor of the script and the present condition of the ink further support such a conclusion.'

4. **ਭੱਟ ਵਹੀਆਂ ਅਤੇ ਜੱਟਾਂ ਅਤੇ ਖਾਨਦਾਨ:** ਭੱਟ ਵਹੀਆਂ ਦਾ ਸਿੱਖ ਇਤਿਹਾਸ ਨੂੰ ਯਥਾਰਥਕ ਰੂਪ ਵਿਚ ਪੇਸ਼ ਕਰਨ ਵਿਚ ਵੱਡਾ ਯੋਗਦਾਨ ਹੈ। ਇੰਨ੍ਹਾਂ ਵਿਚੋਂ ਸਿੱਖ ਇਤਿਹਾਸ ਨੂੰ ਖੋਜਣ ਅਤੇ 'ਭੱਟਾਕਸ਼ਰੀ' ਵਿਚੋਂ ਪੰਜਾਬੀ ਭਾਸ਼ਾ ਵਿਚ ਉਲਥਾਉਣ ਦਾ ਸਿਹਰਾ 'ਗਿ. ਗਰਜਾ ਸਿੰਘ' ਦੇ ਸਿਰ ਹੈ। ਭਾਈ ਸਾਹਿਬ ਅਤੇ ਗਿਆਨੀ ਜੀ ਦੀ ਮਿਤਰਤਾ ਸੀ। ਗਿਆਨੀ ਗਰਜਾ ਸਿੰਘ ਨੇ ਭਾਈ ਸਾਹਿਬ ਨੂੰ ਆਪਣੀਆਂ ਕਿਰਤਾਂ ਵਿਚੋਂ ਬਹੁਤ ਸਾਰੀ ਸਮਗਰੀ ਵੀ ਦਿੱਤੀ। ਹੋ ਸਕਦਾ ਹੈ ਭਾਈ ਸਾਹਿਬ ਨੇ ਵੀ ਉਨ੍ਹਾਂ ਦੀ ਸਹਾਇਤਾ ਕਿਸੇ ਨਾ ਕਿਸੇ ਰੂਪ ਵਿਚ ਕੀਤਾ ਹੋ ਸਕਦੀ ਹੈ। ਭਾਈ ਸਾਹਿਬ ਦੀ ਹੱਥ ਲਿਖਤ ਵਿਚੋਂ ਸਾਨੂੰ ਭੱਟ ਵਹੀਆਂ ਦਾ ਹੇਠ ਲਿਖਿਆ ਉਤਾਰਾ ਲਭਿਆ ਹੈ:

**ਪੁਸ਼ਕਰ ਦੇ ਚੇਤਨ ਵੰਸੀ ਪੰਡਿਆਂ ਦੀ ਵਹੀ**

ਵਿੱਚ

**ਧਾਲੀਵਾਲ**

੧- ਪਤ੍ਰਾ ੭੭ ਸਤਰ ੧੫ ਤੋ- ਸਦਾਨੰਦ ਕਾ ਬੇਟਾ ਦਲ = ਦਲ ਸਿੰਘ;ਦਲ ਸਿੰਘ ਦਾ ਬੇਟਾ ਗੁਰਦਿੱਤਾ ਸਿੰਘ ਗੋਤ ਧਾਲੀਵਾਲ ਬਸਣੀਕ ਧੋਲੇ ਕੇ ਧਾਲੀਵਾਲ ਪੁਸਕਰ ਪੁਸਕਰ ਇਸਨਾਨ ਕੀਏ ਸਾਲ ੧੯੦੩ ਮਿਤੀ ਚੇਤ ਸੁਦੀ ੧੩ ॥

੨- ਦੂਜੀ ਵਹੀ ਦੇ ਪਤਿ ੧੪੪ ਪਰ- ਗਾਮ ਧੌਲੇ ਕਾ ਧਾਲੀਵਾਲ ਗੁਰਦਿਤਿ ਸਿੰਘ ਪੁਸਕਰ ਆਇਆ, ਦਲ ਸਿੰਘ ਕਾ ਬੇਟਾ, ਬਾਘੇਲ ਸਿੰਘ ਕਾ ਪੋਤਾ ਗੁਰਦਿਤ ਸਿੰਘ॥ ਜੋ ਕੋਈ ਹਮਾਰੀ ਕਲ ਕਾ ਆਵੈ ਪ੍ਰੋਹਤ ਭਗਵਾਨ ਜੀ ਕੇ ਬੇਟੇ ਪੋਤੇ ਕੋ ਮਾਨੈ ਗੁਰਦਿਤਾ ਸਿੰਘ ਇਸਨਾਨ ਕਰਣੇ ਆਇਆ ॥ ਮਿਤੀ ਹਾੜ ਸੁਦੀ ਪੁਨਿਆ ਸਾਲ ੧੯੦੯

੩ ਤੀਜੀ ਵਹੀ ਦੇ ਪਤ੍ਰੇ ੨੯, ਸਤਰ ੨੧ ਪਰ ਹਿੰਦੀ ਵਿਚ-

ਗਾਮ ਧੋਲਾ ਕੇ ਜੀ: ਨਾਭੇ ਕਾ, ਜਾਤ ਜਿਮੀਦਾਰ ਗੋਤ ਧਾਲੀਵਾਲ ਪੁ. ਜਸਾ ਸਿੰਘ ਭਾ: ਦੋ ਬੜਾ ਮਸਾ ਸਿੰਘ ਦੋਲੂ ਸਿੰਘ ਜੀ ਕੇ ਬੇਟਾ ਸੇਖ ਸਿੰਘ ਜੀ ਕੇ ਪੋਤੇ ਪ੍ਰਾਣਾ ਸਿੰਘ ਜੀ ਕੇ ਪੜੋਤੇ ਮਸਾ ਸਿੰਘ ਜੀ ਕੇ ਬੇਟੇ ਜੈਮਲ ਸਿੰਘ ਸੰਮਤ ੧੯੪੫ ਚੇਤ (ਸਹੀ ਗੁਰਮੁਖੀ ਅਖਰਾਂ ਚੇ ) ਜਸਾ ਸਿੰਘ

੪- ਇਸੇ ਵਰੀ ਦੇ ਪਤਿ ੧੧੭, ਸਤਰ ੧੮ ਪਰ ਹਿੰਦੀ ਲੇਖ –

ਪੁਸਕਰ ਜੀ ਆਏ ਪ੍ਰਤਾਪ ਸਿੰਘ ਜੀ ਭਾਈ ਨੰਦ ਸਿੰਘ ਜੀ ਗੁਲਾਬ ਸੀਗ ਜੀ ਰਾਜੀ ਸੀਗ ਜੀ ਦੇ ਪੋਤਾ ਜਿਮੀਦਾਰ ਧਾਲੀਵਾਲ ਗਾਮ ਧੌਲਾ ਤਪਾ ਪ:ਅੰਬਾਲਾ ਕਾ ੧੯੨੧

ੴ

**ਬੁਧਵਾਰ 8/2/1961**

(ਹਿੰਦੀ ਅੱਖਰਾਂ ਵਿਚ ਹਨ)

<u>ਲੌਂਗੋਵਾਲ</u> – ਪੰਨਾ ੪੧੧- ਵਹੀ ਸ਼੍ਰੀ ਕੰਤ ਪੁੱਤ੍ਰ ਲਕਸਮੀ ਕੰਤ ਕਟੜਾ

ਕੁਰੁਛੇਤ੍ਰ (ਹਵੇਲੀ ਸਦਾਬ੍ਰਤ ਲਾਗੇ)

<u>ਵਾਸੀ ਲੌਂਗੋਵਾਲ ਕੇ ਜਾਤਿ 'ਦੁਲੱਟ'</u>

ਪ੍ਰੇਮ ਸਿੰਘ,ਜੀਤ ਸਿੰਘ,ਚੜਤ ਸਿੰਘ,ਰੱਘਾ ਸਿੰਘ,ਕੇ ਬੇਟੇ ।

ਲਹਿਣਾ ਸਿੰਘ,ਅਣੋਖ ਸਿੰਘ,ਸੰਤੋਖ ਸਿੰਘ,ਤ੍ਰਿਲੋਕ ਸਿੰਘ,ਪ੍ਰੇਮ ਕੇ ਬੇਟੇ।

ਨਿਹਾਲ ਸਿੰਘ,ਲਖਾ ਸਿੰਘ, ਜੀਤ ਸਿੰਘ, ਕੇ।

ਹਮੀਰ ਸਿੰਘ,ਮਹਾਰਾਜ ਸਿੰਘ,ਸਰਾਜ ਸਿੰਘ,ਤਾਰਾ ਸਿੰਘ,ਬਖਤਾ ਸਿੰਘ,ਰੁੱਘਾ ਸਿੰਘ,ਸੁਜਾਨ ਸਿੰਘ, ਨਗਾਹੀਏ ਕੇ ਬੇਟੇ; ਕਾਲਾ ਸਿੰਘ ਕੇ ਪੋਤੇ ।

ਮੁਖੀਆ ਤਾਰਾ ਸਿੰਘ ਕਾ ਬੇਟਾ।

ਬੀਰ ਸਿੰਘ,ਹਮੀਰ ਸਿੰਘ, ਫਤਿਹ ਸਿੰਘ,ਮੁਖੀਆ ਸਿੰਘ ਕੇ ਬੇਟੇ।

ਹਰੀ ਸਿੰਘ,ਭਾਗ ਸਿੰਘ,ਬਖਤਾ ਸਿੰਘ ਕਾ ਬੇਟੇ।

ਦੀਪ ਸਿੰਘ,ਨਿੱਕਾ,ਭਾਗ ਸਿੰਘ ਕੇ ਬੇਟੇ।

ਬਸਾਵਾ ਸਿੰਘ,ਸੁਜਾਨ ਸਿੰਘ ਕਾ ਬੇਟਾ

ਅਤਰ ਸਿੰਘ, ਨਿੱਕਾ, ਬਸਾਵਾ ਸਿੰਘ,ਬੁਧ ਸਿੰਘ,ਸੁੱਧ ਸਿੰਘ, ਧੰਨਾ ਸਿੰਘ,ਸੁਰਤੀਆ ਕੇ ਬੇਟੇ।

<u>ਸੁਧ ਸਿੰਘ ਸੰਵਤ ੧੯੦੯</u>

ਆਏ ਦੀਦਾਰ ਸਿੰਘ,ਸਦਾ ਸਿੰਘ, ਗਿਆਨ ਸਿੰਘ,ਭਾਗ ਸਿੰਘ ਕੇ ਬੇਟੇ।

ਭਾਗ ਸਿੰਘ ਬਖਤਾ ਸਿੰਘ ਕਾ ਬੇਟਾ, ਨਗਾਹੀਆ ਸਿੰਘ ਕਾ ਪੋਤਾ।

ਦੀਦਾਰ ਸਿੰਘ, ਸਦਾ ਸਿੰਘ, ਗਿਐਨ ਸਿੰਘ, ਭਾਗ ਸਿੰਘ ਕੇ ਬੇਟੇ ਆਏ ਦੀਦਾਰ ਸਿੰਘ, ਕਰਨੈਲ ਸਿੰਘ ਤੇ ੧੯੧੫

'ੳਸਤਿਗੁਰ ਪ੍ਰਸਾਦਿ ਲੇਖਤਮੁ ਦਿਦਾਰਿ

ਸਿੰਘ ਕੁਲਛੇਤਰਿ ਕਾ ਪਰਹੁਤੁ ਗੁਪਾਲਿ'

ੴ

<u>ਦੋਹਾ ਨਾਇਕ ਭਗਵੰਤ ਸਿੰਘ ਕਾ</u>

ਸਿਮਰੂੰ ਪ੍ਰਿਥਮੈਂ ਸਾਰਦ ਮਾਤਾ ਦੇਵੀ, ਸਤਿਗੁਰ ਸਚੇ ਗਿਆਨ ਬਤਾਇਆ
ਹਦਉਤ ਜਨਹਾਨੇ ਸਾਤੋ ਭੁਜਾ ਤੁਮਾਰੀ, ਸਾਤੋ ਕਾ ਜਸ ਚਹੁ ਕੰਟੀ ਛੱਇਆ
ਹੁਕਮ ਭਇਆ ਸਚੇ ਸਾਹਿਬ ਕਾ ਭਗਵੰਤ ਨਾਇਕ ਕੋ ਗੁਰੂ ਬਧਾਇਆ
ਅਜਬਕੀ ਆਏ ਤੁਮ ਤੀਨ ਬਨਾਕੇ, ਖੀਂਦਾ ਸਾਂਗ ਤਉ ਮੁੰਡ ਭਵਾਇਆ
ਕਾਗਲਖਾਨ ਨੇ ਲਾਈ ਬਰਛੀ ਪਾਚ ਹਜਾਰੀ ਦਾ ਮਨਸਬ ਤੋਊ ਪਾਇਆ।
ਸੋਲਾਂ ਜਾਤੀਆਂ ਮੇ ਉੱਜਲ ਹੋਆ, ਬੰਸ ਜਲੇ ਕਾ ਨਾਮ ਬਢਾਇਆ
ਕਰਮਾਂ ਬਾਈ ਜਸ ਤਉ ਕਾ ਗਾਊ, ਸਾਤ ਸਪੂਤ ਬੀਰ ਕੀ ਥੀ ਮਾਇਆ
ਬਾਜ ਸਿੰਘ ਕੌਰ ਸਿੰਘ ਤਉ ਬੇਟੇ ਗਾਊ; ਮਨਸਬ ਜਿਨ ਕਾ ਸੀ ਦੂਣ ਸਬਾਇ
ਜਸਗਾਊ ਤਉਂ ਨਠੀਏ ਰੂਪੀ ਬਲੂ ਕਾ ਜਹਿ ਕੀ ਬੰਸ ਗੁਰ ਹੁਕਮ ਬਜਾਇਆ
ਦਾਨ ਦੀਆਂ ਭੇਟੋ ਕੋ ਉਜਲ, ਥਾਲੇ ਮੁਹਰੈ ਕਾ ਭਗਵੰਤ ਸਿੰਘ ਭਰ ਲਿਆਇਆ।
ਸਾਲ ਸਤਰਾ ਸੈਂ ਪੈਸਠ ਆਹਾ, ਨਰਬੁਦ ਦੋਹਾ ਜੋੜਿ ਸੁਨਾਇਆ

ਬਾਨ ਗੰਗਾ ਦੀ ਘਾਟੀ ਤੇ ਖੜਿ, ਬੀਰ ਜਨਹਾਨੇ ਕਾ ਜਸ ਗਾਇਆ।▯

(ਭੱਟ ਵਹੀ ਤਲਉਡਾ, ਪਰਗਣਾਂ ਜੀਂਦ)

ਨੋਟ-ਇਹ ਦੋਹਾ, ਭੱਟ ਕੋਸੋ ਸਿੰਘ ਸਹੀਦ ਦੇ ਸਪੁੱਤ੍ਰ ਭੱਟ ਨਰਬੁਦ ਸਿੰਘ ਨੇ ਕੱਤਿਕ ਸੁਦੀ ▯ ਸੰਮਤ ੧੭੬੫ ਬਿ: ਨੂੰ ਬਾਣ ਗੰਗਾ ਦੇ ਕਨਾਰੇ (ਨਾਦੇੜਿ) ਰਚ ਸੁਣਾਇ

ਮੂਲਾ (ਪੁਆਰ ਬੰਝਰਾਓਤ ਜਲਹਾਣਾ)

ਬੱਲੂ

ਮਲੂਕੀ ਮਲੂਕਾ ਮਾਈਦਾਸ ਰੂੜੀਅਮ ਰੂਪੀਆ ਜੈਮੇਲ ਬੀਰੀਆ ਨੇਤਾ ਸੁੰਛ ਮਾਧੋ ਰਈਆ ਸਹੇਲ

ਮਨੀਸਿੰਘ ਆਦਿ ਨਛੀਮਮ ਸਹਿਜਾ ਕੋਰਿ

ਬਾਜੂ ਭਾਗੂ ਕੁਰੀਆਨ ਸੁੱਖੂ ਰਨੂਆ ਸਾਮਾ ਸੰਮਤੀਆਂ

(ਬਾਜਸਿੰਘ) (ਭਗਵੰਤ ਸਿੰਘ) (ਕੌਰਸਿੰਘ) (ਸੁਖਾ ਸਿੰਘ) ਰਣਸਿੰਘ (ਸੰਗਤ ਸਿੰਘ)

ਕੇਸ ਸਿੰਨਾ ਸ਼ੇਰ ਸਿੰਘ ਅਨਬੇਲ ਸਿੰਘ ਕਰਮ ਸਿੰਘ ਬਾਘ ਸਿੰਘ

ਮਨਾ ਸਿੰਘ ਦਿਆਲੂ ਸਿੰਘ ਹੀਰਾ ਸਿੰਘ ਵਜੀਤ ਸਿੰਘ ਰਣਧੀਰ ਸਿੰਘ ਹਿੰਮਤ ਸਿੰਘ ਮੇਤੀ ਸਿੰਘ ਜੋਤ ਸਿੰਘ

ਭੀਮੇ ਸਿੰਘ ਤੇਸੋ ਸਿੰਘ ਖੜੂਗਾ ਸਿੰਘ ਗੁਲਾਬ ਸਿੰਘ ਰੁਲਦਾ ਸਿੰਘ

ਇਨ੍ਹਾਂ ਲਿਖਤਾਂ/ਪੁਸਤਕਾਂ ਦੇ ਅਨੁਵਾਦ ਤੋਂ ਇਲਾਵਾ ਸਾਨੂੰ ਭਾਈ ਸਾਹਿਬ ਦੀ ਡਾਇਰੀਆਂ ਵਿਚ ਹੋਰ ਵੀ ਬਹੁਤ ਸਾਰੀ ਸਮਗਰੀ ਮਿਲਦੀ ਹੈ, ਜਿਸ ਦਾ ਵੇਰਵਾ ਅਧਿਆਇ ਦੇ ਸ਼ੁਰੂ ਵਿਚ ਦਿੱਤਾ ਗਿਆ ਹੈ। ਪਰੰਤੂ ਉਸ ਦਾ ਵਿਸਥਾਰ ਜਾਂ ਮੂਲ ਪਾਠ ਇਥੇ ਨਹੀਂ ਦਿੱਤਾ ਗਿਆ। ਇਸ ਦਾ ਕਾਰਨ ਹੈ ਕਿ ਇਹ ਲਿਖਤਾਂ ਭਾਈ ਸਾਹਿਬ ਵਲੋਂ ਕਿਸੇ ਨਾ ਕਿਸੇ ਪੁਸਤਕ ਵਿਚ ਪ੍ਰਕਾਸ਼ਿਤ ਹਨ।

**ਸਾਰੰਸ਼:** ਇਸ ਅਧਿਆਇ ਵਿਚ ਭਾਈ ਸਾਹਿਬ ਦੀਆਂ ਹਥ-ਲਿਖਤਾਂ ਜਿੰਨ੍ਹਾਂ ਵਿਚ ਅਨੁਵਾਦ ਆਦਿ ਮੁਖ ਹਨ, ਨੂੰ ਸ਼ਾਮਿਲ ਕੀਤਾ ਗਿਆ ਹੈ। ਇਹ ਅਧੂਰੇ ਅਨੁਵਾਦ ਹਨ, ਪੂਰੇ ਕਿਉਂ ਨਹੀਂ ਕੀਤੇ ਗਏ? ਇੰਨ੍ਹਾਂ ਸਵਾਲਾਂ ਦੇ ਜਬਾਬ ਸਾਡੇ ਕੋਲ ਨਹੀਂ। ਇੰਨ੍ਹਾਂ ਦੇ ਉਤਰ ਵਜੋਂ ਅਸੀਂ ਕਿਆਸਰਾਈਆਂ ਹੀ ਲਾ ਸਕਦੇ ਹਾਂ। ਇਹ ਕਿਹਾ ਜਾ ਸਕਦਾ ਹੈ ਕਿ ਭਾਈ ਸਾਹਿਬ ਨੂੰ ਇੰਨ੍ਹਾਂ ਨੂੰ ਪੂਰੇ ਕਰਨ ਦਾ ਸਮਾਂ ਨਹੀਂ ਲਗਿਆ ਜਾਂ ਉਨ੍ਹਾਂ ਨੇ ਸਿਰਫ ਆਪਣੇ ਕਿਸੇ ਕਾਰਜ ਲਈ ਵਰਤੀ ਜਾ ਸਕਣਜੋਗ ਸਮਗਰੀ ਨੂੰ ਹੀ ਅਨੁਵਾਦ ਕੀਤਾ? ਜਾਂ ਸਾਨੂੰ ਪ੍ਰਾਪਤ ਸਮਗਰੀ ਵਿਚ ਪੂਰਾ ਪ੍ਰਾਪਤ ਨਹੀਂ ਹੋਇਆ। ਕੋਈ ਹੋਰ ਲਿਖਤਾਂ ਵੀ ਭਾਈ ਸਾਹਿਬ ਦੀਆਂ ਕਿਸੇ ਹੋਰ ਥਾਂ ਪਈਆਂ ਹੋਣ

ਇਹ ਵੀ ਸੰਭਾਵਨਾ ਹੈ। ਪਰੰਤੂ ਪ੍ਰਾਪਤ ਹਥਲੀ ਸਮਗਰੀ ਤੋਂ ਸਾਨੂੰ ਭਾਈ ਸਾਹਿਬ ਦੀ ਅਨੁਵਾਦ ਕਲਾ ਬਾਰੇ ਕੁਝ ਤਥ ਸਾਡੇ ਸਨਮੁਖ ਹੋਏ ਹਨ:

1. ਉਨ੍ਹਾਂ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਅਨੁਵਾਦਿਤ ਭੰਡਾਰ ਵਿਚ ਆਪਣਾ ਯੋਗਦਾਨ ਪਾਇਆ।
2. ਉਨ੍ਹਾਂ ਨੇ ਉਨ੍ਹਾਂ ਰਚਨਾਵਾਂ ਦਾ ਅਨੁਵਾਦ ਕੀਤਾ ਜਿਸ ਦਾ ਸੰਬੰਧ ਕਿਸੇ ਨਾ ਕਿਸੇ ਰੂਪ ਵਿਚ ਸਿੱਖ ਇਤਿਹਾਸ ਜਾਂ ਪੰਜਾਬ ਦੇ ਇਤਿਹਾਸ ਨਾਲ ਜੁੜਦਾ ਹੈ।
3. ਉਨ੍ਹਾਂ ਨੇ ਸਿੱਖ ਸਾਹਿਤ ਨਾਲ ਜੁੜਦੇ ਤੱਥਾਂ ਨੂੰ ਲਭਣ ਲਈ ਅਹੋਮ ਭਾਸ਼ਾ ਵਿਚਲੀਆਂ ਲਿਖਤਾਂ ਤਕ ਰਸਾਈ ਕੀਤੀ।
4. ਭਾਰਤੀ ਕਲਾਸੀਕਲ ਸਾਹਿਤ ਜਿਹੜਾ ਅਰਬੀ-ਫਾਰਸੀ, ਸੰਸਕ੍ਰਿਤ-ਹਿੰਦੀ ਆਦਿ ਭਾਸ਼ਾਵਾਂ ਵਿਚ ਪ੍ਰਵਾਨਿਤ ਅਤੇ ਰਾਸ਼ਟਰੀ ਤੌਰ ਤੇ ਪ੍ਰਚਲਿਤ ਹੈ, ਤੋਂ ਇਲਾਵਾ ਲੋਕ ਬੋਲੀਆਂ ਜਾਂ ਲੋਕ-ਧਾਰਾ ਦੇ ਸਰੋਤਾਂ ਨੂੰ ਪੰਜਾਬੀ ਪਾਠਕਾਂ ਦੇ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ।

# ਸਾਰ ਤੇ ਸਥਾਪਨਾਵਾਂ

ਭਾਈ ਰਣਧੀਰ ਸਿੰਘ ਰਿਸਰਚ ਸਕਾਲਰ ਸਿੱਖ ਪੰਥ ਦੇ ਖੋਜੀ ਪਰਿਵਾਰ ਦੇ ਇਕ ਅਜਿਹੇ ਮੈਂਬਰ ਸਨ ਜਿਨ੍ਹਾਂ ਨੇ ਸਿੱਖੀ ਸਿਦਕ ਨਿਭਾਉਣ ਦੇ ਨਾਲ-ਨਾਲ ਸਿੱਖ ਇਤਿਹਾਸ ਵਿਚ ਖੋਜ ਨੂੰ ਆਪਣਾ ਸ਼ੌਕ ਅਤੇ ਕਿੱਤਾ ਬਣਾ ਕੇ ਜੀਵਨ ਜੀਵਿਆ। ਉਹ ਮਾਲਵੇ ਦੇ ਪਿੰਡ ਡੂਮਛੇੜੀ ਵਿਚ ਪੈਦਾ ਹੋਏ ਅਤੇ ਸਕੂਲੀ ਪੜ੍ਹਾਈ ਕੇਵਲ ਅਠਵੀਂ ਤੱਕ ਹੀ ਕਰ ਸਕੇ। ਫਿਰ ਵੀ ਉਹ ਹਿੰਦੀ, ਪੰਜਾਬੀ, ਉਰਦੂ ਅਤੇ ਫਾਰਸੀ ਵਿਚ ਮੁਹਾਰਤ ਤੋਂ ਇਲਾਵਾ ਅੰਗਰੇਜ਼ੀ ਵੀ ਪੜ੍ਹ ਲਿਖ ਲੈਂਦੇ ਸਨ। ਉਨ੍ਹਾਂ ਨੇ ਫੌਜ ਵਿਚ ਨੌਕਰੀ ਕਰਨ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਬਤੌਰ ਇੰਸਪੈਕਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਰਿਸਰਚ ਸਕਾਲਰ ਵਜੋਂ ਅਤੇ ਅਖਬਾਰਾਂ ਦੇ ਸੰਪਾਦਕ (ਅਕਾਲੀ ਅਤੇ ਪ੍ਰਦੇਸੀ) ਵਜੋਂ ਵੀ ਕਾਰਜ ਕੀਤਾ। ਇੰਨ੍ਹਾਂ ਸਭਨਾਂ ਦੇ ਨਾਲ ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਵਿਚਲੀ ਸਾਹਿਤਕ ਸਮਗਰੀ ਇਕਠੀ ਕਰਨ ਵਾਲਿਆਂ 'ਸਿੱਖ ਹਿਸਟਰੀ ਸੋਸਾਇਟੀ' ਦੇ ਵਿਦਵਾਨਾਂ ਵਿਚ ਡਾ. ਗੰਡਾ ਸਿੰਘ ਦੇ ਨਾਲ ਮੋਹਰੀ ਸ਼ਖਸ਼ੀਅਤਾਂ ਵਿਚ ਇਨ੍ਹਾਂ ਦਾ ਨਾਮ ਆਉਂਦਾ ਹੈ।

ਹਥਲਾ ਖੋਜ-ਕਾਰਜ ਭਾਈ ਰਣਧੀਰ ਸਿੰਘ ਦੀ ਜੀ ਦੇ ਰਚਨਾ ਸੰਸਾਰ ਨਾਲ ਸੰਬੰਧਿਤ ਹੈ। ਇਸ ਵਿਚ ਇਨ੍ਹਾਂ ਦੁਆਰਾ ਰਚਿਤ, ਸੰਪਾਦਿਤ, ਵਿਆਖਿਆਤਮਕ ਅਤੇ ਅਨੁਵਾਦਿਤ ਸਾਹਿਤ ਸ਼ਾਮਿਲ ਹੈ। ਅਸੀਂ ਇਨ੍ਹਾਂ ਦੀਆਂ ਸਾਹਿਤਕ ਵਿਧਾਵਾਂ ਦਾ ਸਰਵੇਖਣ ਅਤੇ ਵਿਸ਼ਲੇਸ਼ਣ ਕਰਨ ਦਾ ਜਤਨ ਕੀਤਾ ਹੈ। ਸਾਡਾ ਘੇਰਾ ਸਿਰਫ ਇਸ ਦੀ ਸਿਧਾਂਤਿਕਤਾ ਅਤੇ ਇਤਿਹਾਸਿਕਤਾ ਤੱਕ ਹੀ ਪਸਰਿਆ ਹੈ।

ਭਾਈ ਰਣਧੀਰ ਸਿੰਘ ਦਾ ਜੀਵਨ ਕਾਲ 1898-1974 ਤੱਕ ਲਗਪਗ 74 ਸਾਲ ਦਾ ਸੀ। ਉਨ੍ਹਾਂ ਦੇ ਸਮੇਂ ਵਿਚ ਸਿੰਘ ਸਭਾ ਲਹਿਰ ਦੀ ਚੜ੍ਹਤ, ਪਹਿਲਾ ਵਿਸ਼ਵ ਯੁਧ, ਗੁਰਦੁਆਰਾ ਸੁਧਾਰ ਲਹਿਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦਾ ਹੋਂਦ ਵਿਚ ਆਉਣਾ, ਸਿੱਖਾਂ ਦੇ ਵਡੇ ਅਦਾਰੇ ਜਿਵੇਂ ਖਾਲਸਾ ਕਾਲਜ, ਅੰਮ੍ਰਿਤਸਰ; ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ; ਪੰਜਾਬੀ ਯੂਨੀਵਰਸਿਟੀ, ਪਟਿਆਲਾ ਆਦਿ ਸਾਰੇ ਭਾਈ ਸਾਹਿਬ ਦੇ ਸਮਕਾਲੀ ਸਮੇਂ ਵਿਚ ਬਣੇ। ਭਾਈ ਰਣਧੀਰ ਸਿੰਘ ਇਨ੍ਹਾਂ ਨਾਲ ਕਿਸੇ ਨਾ ਕਿਸੇ ਰੂਪ ਵਿਚ ਜੁੜੇ ਰਹੇ। ਇਸ ਲਈ ਇਹ ਖੋਜ ਕਾਰਜ ਸਿੱਖ ਇਤਿਹਾਸ ਦੀ ਇਕ ਸਦੀ ਨਾਲ ਜੁੜਿਆ ਹੋਇਆ ਹੈ।

ਇਸ ਖੋਜ ਕਾਰਜ ਦੇ ਚਾਰ ਅਧਿਆਇਆਂ ਵਿਚੋਂ ਮਹਤਵਪੂਰਨ ਗਲਾਂ/ਤੱਥ ਸਾਡੇ ਸਨਮੁਖ ਹੋਏ ਹਨ, ਜਿੰਨ੍ਹਾਂ

ਨੂੰ ਇਥੇ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ:

ਪਹਿਲਾ ਅਧਿਆਇ ਭਾਈ ਰਣਧੀਰ ਸਿੰਘ ਦੇ ਜੀਵਨ ਅਤੇ ਤਤਕਾਲੀ ਹਾਲਾਤਾਂ ਦਾ ਵੇਰਵਾ ਪੇਸ਼ ਕਰਦਾ ਹੈ। ਇਸ ਦਾ ਅਧਿਐਨ ਕਰਦਿਆਂ ਪਤਾ ਲਗਦਾ ਹੈ ਕਿ ਮਨੁਖ ਹਮੇਸ਼ਾ ਕੁਝ ਆਹਰ ਵਿਚ ਲਗਿਆ ਰਹਿੰਦਾ ਹੈ। ਉਸਦੇ ਘਰੋਗੀ ਹਾਲਾਤ ਉਸਨੂੰ ਵੱਖ-ਵੱਖ ਰਾਹਾਂ ਉਪਰ ਤੋਰਦੇ ਹਨ, ਪਰੰਤੂ ਉਸ ਅੰਦਰ ਕੁਝ ਖਾਸ ਕਰਨ ਦੀ ਇਛਾ ਜੇਕਰ ਪ੍ਰਬਲ ਹੋਵੇ ਤਾਂ ਰੋਜੀ-ਰੋਟੀ ਨਾਲ ਜੁੜੇ ਬਹੁ-ਪ੍ਰਕਾਰੀ ਕਿਤਿਆਂ ਵਿਚੋਂ ਵੀ ਉਹ ਆਪਣੀ ਇਛਾ ਨੂੰ ਪੂਰੀ ਕਰਨ ਦਾ ਵਕਤ ਕਢ ਹੀ ਲੈਂਦਾ ਹੈ। ਭਾਈ ਰਣਧੀਰ ਸਿੰਘ ਦੀ ਘਰੋਗੀ ਹਾਲਤ ਨੇ ਉਨ੍ਹਾਂ ਨੂੰ ਆਰਥਿਕ ਤੰਗੀ ਨਾਲ ਜੂਝਦਿਆਂ ਘਰ ਛਡਣ ਲਈ ਮਜਬੂਰ ਕੀਤਾ। ਫੌਜ ਵਿਚੋਂ ਮਿਲਿਆ ਅਨੁਸ਼ਾਸ਼ਨ ਉਨ੍ਹਾਂ ਨੂੰ ਤਮਾਮ ਉਮਰ ਅਨੁਸ਼ਾਸ਼ਤ ਰਹਿਣ ਵਿਚ ਸਹਾਈ ਹੋਇਆ। ਬਚਪਨ ਵਿਚ ਪੜ੍ਹੀ ਵਿਦਿਆ ਦਾ ਪਾਸਾਰ ਲਗਾਤਾਰ ਹੁੰਦਾ ਰਿਹਾ, ਭਾਵੇਂ ਉਹ ਫੌਜ ਵਿਚ ਰਹੇ ਜਾਂ ਕਲਕਤੇ ਵਿਚ ਹੋਟਲ ਚਲਾਉਂਦੇ ਰਹੇ। ਆਪਣੇ ਸ਼ੌਕ ਦੀ ਪੂਰਤੀ ਖਾਤਰ ਅਖਬਾਰਾਂ ਵਿਚ ਲੇਖ ਲਿਖਣੇ ਅਤੇ ਸੰਪਾਦਕੀ ਕਰਨੀ ਇਸ ਪੌੜੀ ਦਾ ਅਗਲਾ ਡੰਡਾ ਸਾਬਿਤ ਹੋਇਆ।

ਉਨ੍ਹਾਂ ਨੇ ਆਪਣੇ ਸਮਕਾਲੀ ਮਹੌਲ ਦਾ ਪ੍ਰਭਾਵ ਵੀ ਕਬੂਲਿਆ। ਪਹਿਲੇ ਵਿਸ਼ਵ ਯੁਧ ਨਾਲ ਹਿੰਦੋਸਤਾਨ ਲਈ ਅਜਾਦੀ ਦੀ ਲਹਿਰ ਦਾ ਆਗਾਜ਼ ਹੋਇਆ। ਇਸੇ ਸਮੇਂ ਗੁਰਦੁਆਰਾ ਸੁਧਾਰ ਲਹਿਰ ਚਲੀ। ਇੰਨ੍ਹਾਂ ਹਾਲਾਤਾਂ ਨੇ ਭਾਈ ਰਣਧੀਰ ਸਿੰਘ ਨੂੰ ਗੁਰਦੁਆਰਿਆਂ ਵਿਚ ਫੈਲੇ ਮਨਮਤੀ ਸਿਧਾਂਤਾਂ ਖਿਲਾਫ ਲਿਖਣ ਲਈ ਪ੍ਰੇਰਿਆ। ਉਨ੍ਹਾਂ ਦੀ ਲਿਖਤ ਵਿਚ ਅਧਿਆਤਮਿਕਤਾ ਦੀ ਵਿਆਖਿਆ ਬੌਧਿਕਤਾ ਨਾਲ ਹੋਈ ਸਾਨੂੰ ਮਿਲਦੀ ਹੈ। ਇਸ ਦੇ ਨਾਲ ਸਿੰਘ ਸਭਾ ਲਹਿਰ ਦੇ ਵਿਦਵਾਨਾਂ ਵਾਂਗ ਮਿਥਕ ਵਿਚਾਰਾਂ ਦਾ ਵੀ ਖੰਡਨ ਮਿਲਦਾ ਹੈ।

ਭਾਈ ਸਾਹਿਬ ਨੂੰ ਜਨਮ ਤੋਂ ਮਿਲੀ ਸਿੱਖੀ ਦੀ ਗੁੜਤੀ ਨੇ ਸਿਦਕਵਾਨ ਸਿੱਖ ਵਜੋਂ ਉਨ੍ਹਾਂ ਨੂੰ ਹਮੇਸ਼ਾ ਚੜ੍ਹਦੀ ਕਲਾ ਵਿਚ ਰਖਿਆ। ਉਨ੍ਹਾਂ ਦੇ ਘਰ ਹੁਣ ਤਕ ਨਿਆਸਰੇ ਨੂੰ ਆਸਰਾ ਦੇਣ ਅਤੇ ਦਸਬੰਧ ਪਰੰਪਰਾ ਉਪਰ ਅਮਲ ਦੀ ਰੀਤ ਨੂੰ ਹੁਣ ਤਕ ਦੇਖਿਆ ਜਾ ਸਕਦਾ ਹੈ। ਇਨ੍ਹਾਂ ਗੱਲਾਂ ਦਾ ਸੰਬੰਧ ਪਹਿਲੇ ਅਧਿਆਇ ਨਾਲ ਹੈ।

ਸਿੰਘ ਸਭਾ ਲਹਿਰ ਤੋਂ ਸਿੱਖਾਂ ਵਿਚ ਇਕ ਪਿਰਤ ਪਈ, ਜਿਹੜੀ ਸਿੱਖ ਇਤਿਹਾਸ ਅਤੇ ਰਹਿਤ ਮਰਯਾਦਾ ਨਾਲ ਮਿਲਦੇ ਸ੍ਰੋਤਾਂ ਨੂੰ ਵਿਗਿਆਨਕ ਢੰਗ ਨਾਲ ਸੰਪਾਦਤ ਕਰਨ ਦੀ ਸੀ। ਇਸ ਖੇਤਰ ਵਿਚ ਮੁਢਲਾ ਕਾਰਜ ਭਾਈ ਗੁਰਮੁਖ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਗਿਆਨੀ ਦਿੱਤ ਸਿੰਘ ਆਦਿ ਨੇ ਕੀਤਾ। ਇਸੇ ਲੜੀ ਨੂੰ ਭਾਈ

ਵੀਰ ਸਿੰਘ, ਡਾ. ਗੰਡਾ ਸਿੰਘ, ਪ੍ਰਿ. ਤੇਜਾ ਸਿੰਘ ਆਦਿ ਨੇ ਅਗੇ ਤੋਰਿਆ। ਭਾਈ ਰਣਧੀਰ ਸਿੰਘ ਸਿੰਘ ਸਭਾ ਲਹਿਰ ਦੇ ਦੂਸਰੇ ਪੂਰ ਦੇ ਵਿਆਖਿਆਕਾਰ ਵਜੋਂ ਉਭਰੇ ਹਨ। ਇੰਨ੍ਹਾਂ ਦੀਆਂ ਕਿਰਤਾਂ ਦੇ ਸਰਵੇਖਣ ਵਜੋਂ ਸਾਨੂੰ ਪ੍ਰਕਾਸ਼ਿਤ ਰੂਪ ਵਿਚ ਛੇ ਮੌਲਿਕ ਅਤੇ ਸੰਪਾਦਿਤ ਪੁਸਤਕਾਂ ਪ੍ਰਾਪਤ ਹੋਈਆਂ ਹਨ, ਜਿੰਨ੍ਹਾਂ ਵਿਚ *ਗੁਰਪ੍ਰਣਾਲੀਆਂ, ਪ੍ਰੇਮ ਸੁਮਾਰਗ ਗ੍ਰੰਥ, ਉਦਾਸੀ ਸਿੱਖਾਂ ਦੀ ਵਿਥਿਆ, ਸ੍ਰੀ ਗੁਰੂ ਗੋਬਿੰਦ ਜੀ ਦੀ ਸ਼ਬਦ ਮੂਰਤਿ (ਦਸਵੇਂ ਪਾਤਿਸ਼ਾਹ ਗ੍ਰੰਥ) ਦਾ ਇਤਿਹਾਸ, ਸ਼ਬਦਾਰਥ ਦਸਮ ਗ੍ਰੰਥ ਸਾਹਿਬ (ਤਿੰਨ ਭਾਗ), ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ* ਪ੍ਰਾਪਤ ਹੋਏ ਹਨ। ਇਸ ਤੋਂ ਇਲਾਵਾ ਵੱਖ-ਵੱਖ ਪੁਸਤਕਾਂ ਵਿਚ ਛਪੇ 22 ਖੋਜ-ਪਰਚੇ ਪ੍ਰਾਪਤ ਹੋਏ ਹਨ। ਇਹ ਸਾਰੀਆਂ ਕਿਰਤਾਂ ਇਸ ਗਲ ਦੀ ਗਵਾਹੀ ਭਰਦੀਆਂ ਹਨ ਕਿ ਉਨ੍ਹਾਂ ਨੇ ਮੂਲ ਸਰੋਤਾਂ ਤਕ ਪਹੁੰਚ ਕਿ ਸਿੱਖ ਇਤਿਹਾਸਿਕ ਅਤੇ ਸਾਹਿਤਕ ਸਰੋਤਾਂ ਨੂੰ ਸੰਪਾਦਨ ਕਰਨ ਦਾ ਨਿੱਗਰ ਉਪਰਾਲਾ ਕੀਤਾ।

ਭਾਈ ਰਣਧੀਰ ਸਿੰਘ ਦੀਆਂ ਰਚਨਾਵਾਂ ਦਾ ਵਿਸ਼ਲੇਸ਼ਣ ਕਰਨ ਤੇ ਉਨ੍ਹਾਂ ਦੁਆਰਾ ਵਰਤੀਆਂ ਗਈ ਵਿਧਾਵਾਂ ਵਿਆਖਿਆਕਾਰੀ, ਇਤਿਹਾਸਕਾਰੀ, ਆਲੋਚਨਾ ਅਤੇ ਕੋਸ਼ਕਾਰੀ ਆਦਿ ਦੇ ਰੂਪ ਵਿਚ ਸਾਡੇ ਸਨਮੁਖ ਹੁੰਦੀਆਂ ਹਨ। ਇੰਨ੍ਹਾਂ ਦੀ ਵਿਆਖਿਆਕਾਰੀ ਦਾ ਨਮੂਨਾ *ਸ਼ਬਦਾਰਥ ਸ੍ਰੀ ਦਸਮ ਗ੍ਰੰਥ ਸਾਹਿਬ, ਪ੍ਰੇਮ ਸੁਮਾਰਗ* ਆਦਿ ਵਿਚ ਮਿਲਦਾ ਹੈ। ਜਿਹੜਾ ਟੀਕਾਕਾਰੀ ਨੂੰ ਸ਼ਬਦ-ਅਰਥੀ ਰੂਪ ਵਿਚ ਪੇਸ਼ ਕਰਦਾ ਹੈ। ਇਤਿਹਾਸਿਕ ਲੇਖਣੀ ਦੇ ਰੂਪ ਵਿਚ ਭਾਈ ਸਾਹਿਬ ਦੀ ਪਹੁੰਚ ਬੌਧਿਕ ਹੈ। ਇਹ ਪੌਰਾਣਿਕ ਵਿਆਖਿਆਕਾਰੀ ਦਾ ਖੰਡਨ ਕਰਦੇ ਹਨ। *ਉਦਾਸੀ ਸਿੱਖਾਂ ਦੀ ਵਿਥਿਆ* ਵਿਚ ਉਨ੍ਹਾਂ ਨੇ ਸਿੱਖ ਇਤਿਹਾਸਕਾਰੀ ਵਿਚ ਬਾਬਾ ਸ੍ਰੀ ਚੰਦ ਅਤੇ ਉਦਾਸੀ ਸੰਪਰਦਾਇ ਸੰਬੰਧੀ ਪਾਏ ਅਨੇਕ ਭੁਲੇਖਿਆਂ ਦਾ ਖੰਡਨ ਕੀਤਾ ਹੈ। ਇਸ ਤੋਂ ਇਲਾਵਾ ਉਦਾਸੀ ਸਾਧੂਆਂ ਦੁਆਰਾ ਪਾਏ ਗਏ ਸਿੱਖੀ ਪ੍ਰਚਾਰ ਦੇ ਯੋਗਦਾਨ ਨੂੰ ਸਰੋਤਾਂ ਦੇ ਅਧਾਰ ਤੇ ਪਰਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਭਾਈ ਸਾਹਿਬ ਨੇ ਗੁਰਪ੍ਰਣਾਲੀਆਂ ਦੇ ਸੰਪਾਦਨ ਵਜੋਂ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਵੇਰਵਿਆਂ ਲਈ ਇਕ ਵਿਗਿਆਨਿਕ ਪ੍ਰਣਾਲੀ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਭਾਈ ਸਾਹਿਬ ਨੇ ਸਿੱਖ ਗ੍ਰੰਥਾਂ ਤੋ ਇਲਾਵਾ ਫਾਰਸੀ ਸਰੋਤਾਂ ਅਤੇ ਕੰਨੂ ਪਿਲੇ ਦੁਆਰਾ ਤਿਆਰ ਕੀਤੀ ਜੰਤਰੀ ਦੇ ਅਧਾਰ ਤੇ ਸਿੱਖ ਇਤਿਹਾਸ ਦੇ ਪ੍ਰਮੁਖ ਮਸਲੇ ਨੂੰ ਨਜਿਠਣ ਦੀ ਕੋਸ਼ਿਸ਼ ਕੀਤੀ ਹੈ। ਉਹ ਗੁਰੂ ਸਾਹਿਬਾਨ ਨਾਲ ਜੁੜੀਆਂ ਘਟਨਾਵਾਂ ਨੂੰ ਮਿਤੀ ਬੱਧ ਤਰੀਕੇ ਵਜੋਂ ਪਾਠਕਾਂ ਦੇ ਸਨਮੁਖ ਕਰਨਾ ਚਾਹੁੰਦੇ ਸਨ। ਇਹ ਪੁਸਤਕ ਨਾਨਕਸ਼ਾਹੀ ਕੈਲੰਡਰ ਦੇ ਮਸਲੇ ਨਾਲ ਜੁੜਿਆ ਬਹੁ-ਮੁਲਾ ਸਰੋਤ ਹੈ। ਇਸ ਵਿਚ ਸੰਪਾਦਕ ਨੇ ਆਪਣੇ ਦੁਆਰਾ ਪੇਸ਼ ਅਧਿਐਨ ਨੂੰ ਪਾਠਕਾਂ ਦੇ ਸਨਮੁਖ ਕੀਤਾ ਹੈ ਕਿ ਉਹ ਇਤਿਹਾਸਿਕ ਮਸਾਲੇ ਵਿਚੋਂ ਮੋਤੀ

ਲੱਭ ਸਕਣ। ਸ਼ਬਦ ਮੂਰਤ ਦਸਮ ਗ੍ਰੰਥ ਬਾਰੇ ਅਸੀਂ ਇਹ ਕਹਿ ਸਕਦੇ ਹਾਂ ਕਿ ਇਹ ਪੁਸਤਕ 'ਦਸਮ-ਗ੍ਰੰਥ ਸ਼ਬਦਾਰਥ ਦੀ' ਭੂਮਿਕਾ ਵਜੋਂ ਲਿਖੀ ਗਈ। ਇਸ ਵਿਚ ਵਾਧੇ ਕਰਕੇ ਭਾਈ ਸਾਹਿਬ ਨੇ ਸੁਤੰਤਰ ਪੁਸਤਕ ਦੇ ਰੂਪ ਵਿਚ ਛਾਪਿਆ। *ਸ਼ਬਦਾਰਥ* ਨੂੰ ਪੜ੍ਹਦਿਆਂ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਜਿਸ ਨੂੰ ਪ੍ਰਿੰਸੀਪਲ ਤੇਜਾ ਸਿੰਘ, ਨੇ ਤਿਆਰ ਕੀਤਾ ਦਾ ਧਿਆਨ ਵਾਰ ਵਾਰ ਮਨ ਵਿਚ ਆਉਂਦਾ ਹੈ। ਇਹ ਸ਼ਬਦਾਰਥ ਉਸੇ ਲੜੀ ਦਾ ਭਾਗ ਹੈ। *ਪ੍ਰੇਮ ਸੁਮਾਰਗ* ਖਾਲਸਾਈ ਰਹਿਤ ਨਾਲ ਜੁੜਿਆ ਦੁਰਲਭ ਸਰੋਤ ਹੈ। ਇਹ *ਸਿੱਖ ਰਹਿਤ ਮਰਯਾਦਾ* ਲਈ ਆਧਾਰ ਸਾਮਗਰੀ ਦਾ ਕਾਰਜ ਕਰਦਾ ਹੈ। ਭਾਈ ਸਾਹਿਬ ਨੇ ਆਪਣੀ ਸੰਪਾਦਨਾ ਦੁਆਰਾ ਗੁਰੂ ਗੋਬਿੰਦ ਸਿੰਘ ਜੀ ਸਮੇਂ ਦੇ ਸਿੱਖ ਸਮਾਜ ਦੀ ਤਸਵੀਰ ਇਸ ਵਿਚ ਪੇਸ਼ ਕੀਤੀ ਹੈ। ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ (ਪਹਿਲਾ ਭਾਗ) ਪੁਸਤਕ ਸਾਨੂੰ ਸਿੱਖ ਇਤਿਹਾਸ ਦੇ ਦਰਸ਼ਨ ਆਧੁਨਿਕ ਯੁਗ ਦੇ ਸਨਮੁਖ ਇਤਿਹਾਸ ਦੀ ਵਿਆਖਿਆ ਜਾਂ ਇਤਿਹਾਸਕਾਰੀ ਦੇ ਨਵੇਂ ਦਿਸਹੱਦੇ ਖੋਲਦੀ ਹੈ। ਸਮਕਾਲੀ ਇਤਿਹਾਸਕਾਰਾਂ ਜਿਵੇਂ ਗਿਆਨੀ ਗਿਆਨ ਸਿੰਘ ਆਦਿ ਦੀਆਂ ਲਿਖਤਾਂ ਉਪਰ ਇੰਨ੍ਹਾਂ ਨੇ ਆਪਣੀ ਰਾਇ ਦਿਤੀ। ਗੁਰੂ ਸਾਹਿਬਾਨ ਦੇ ਸਮਕਾਲੀ ਇਤਿਹਾਸਕਾਰਾਂ ਦਾ ਜੀਵਨ ਜਿਹੜਾ ਪਹਿਲਾਂ ਵਿਸਥਾਰ ਨਾਲ ਪੰਜਾਬੀ ਵਿਚ ਨਹੀਂ ਮਿਲਦਾ ਭਾਈ ਸਾਹਿਬ ਨੇ ਪੇਸ਼ ਕੀਤਾ। ਗੁਰੂ ਸਾਹਿਬਾਨ ਨਾਲ ਸੰਬੰਧਿਤ ਸਾਖੀਆਂ, ਹੁਕਮਨਾਮੇ ਆਦਿ ਦੀ ਆਲੋਚਨਾਤਮਕ ਜਾਣਕਾਰੀ ਇੰਨ੍ਹਾਂ ਦੇ ਪੇਸ਼ ਕੀਤੀ।

ਭਾਈ ਰਣਧੀਰ ਸਿੰਘ ਨੇ ਆਪਣੀ ਲਿਖਤ ਸਮਗਰੀ ਵਿਚੋਂ ਬਹੁਤ ਸਾਰੀਆਂ ਕਿਰਤਾਂ ਨੂੰ ਪ੍ਰਕਾਸ਼ਿਤ ਕਰਵਾ ਦਿਤਾ। ਪਰੰਤੂ ਫਿਰ ਵੀ ਕਾਫੀ ਸਮਗਰੀ ਅਣਛਪੀ ਹੀ ਪਈ ਹੈ। ਸਾਨੂੰ ਉਨ੍ਹਾਂ ਕੁਝ ਦੀਆਂ ਹੱਥ ਲਿਖਤਾਂ ਪ੍ਰਾਪਤ ਹੋਈਆਂ ਜਿਹੜੀਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਡਾ. ਗੰਡਾ ਸਿੰਘ ਰੈਫਰੈਂਸ ਲਾਇਬ੍ਰੇਰੀ ਦੇ ਹਥ ਲਿਖਤ ਸ਼ੈਕਸ਼ਨ ਵਿਚ ਮੌਜੂਦ ਹਨ।

ਇੰਨ੍ਹਾਂ ਵਿਚ ਹਮਾਯੂੰ ਨਾਮਾ ਦਾ ਪੰਜਾਬੀ ਅਨੁਵਾਦ, ਸਤਿਗੁਰੂ ਦੇ ਮੁਹੈ ਦੀਆਂ ਸਾਖੀਆਂ ਦਾ ਉਤਾਰਾ, ਦਸਮ ਗ੍ਰੰਥ ਦੀਵਾਨ ਖਾਨਾ ਸੰਗਰੂਰ, ਭਾਈ ਦੁਰਗਾ ਦਾਸ ਪਾਸ ਹੁਕਮਨਾਮੇ, ਗੁਰੂ ਕੀਆਂ ਸਾਖੀਆਂ, ਭਾਈ ਲਖਣਹਿਤੋਪਦੇਸ਼ ਆਦਿ ਦਾ ਸੰਕਲਨ ਅਤੇ ਵਰਗੀਕਰਨ ਕੀਤਾ ਹੈ। ਇਹ ਸਿੱਖ ਸਾਹਿਤ ਦੀ ਵੱਖੋ-ਵੱਖਰੀਆਂ ਵਿਧਾਵਾਂ ਇਤਿਹਾਸ, ਰਹਿਤਨਾਮੇ, ਵਿਆਖਿਆ ਨਾਲ ਸੰਬੰਧਿਤ ਹਨ। ਇੰਨ੍ਹਾਂ ਵਿਚੋਂ ਬਹੁਤੀਆਂ ਲਿਖਤਾਂ ਪ੍ਰਕਾਸ਼ਿਤ ਵੀ ਹਨ ਜਿਵੇਂ ਹਮਾਯੂਨਾਮਾ ਕ੍ਰਿਤ ਗੁਲਬਦਨ ਬੇਗਮ ਫਾਰਸੀ ਅਤੇ ਹਿੰਦੀ ਵਿਚ ਛਪਿਆ ਮਿਲਦਾ ਹੈ, ਸਤਿਗੁਰੂ ਜੀ ਦੇ ਮੁਹੈ ਦੀਆਂ ਸਾਖੀਆਂ ਨਰਿੰਦਰ ਕੌਰ ਭਾਟੀਆ ਨੇ ਸੰਪਾਦਿਤ ਕੀਤੀਆਂ ਹਨ। ਦਸਮ ਗ੍ਰੰਥ ਦੀਵਾਨਖਾਨਾ ਸੰਗਰੂਰ ਦਾ ਵੇਰਵਾ ਭਾਈ ਰਣਧੀਰ ਸਿੰਘ, ਰਤਨ ਸਿੰਘ ਜੱਗੀ, ਪਿਆਰਾ ਸਿੰਘ

ਪਦਮ ਆਦਿ ਦੀਆਂ ਪੁਸਤਕਾਂ ਵਿਚ ਮਿਲਦਾ ਹੈ। ਇਸ ਤੋਂ ਇਲਾਵਾ ਹੋਰ ਪੁਸਤਕਾਂ ਵੀ ਕਿਸੇ ਨਾ ਕਿਸੇ ਰੂਪ ਵਿਚ ਪ੍ਰਾਪਤ ਹਨ। ਅਸੀਂ ਖੋਜ ਕਾਰਜ ਵਿਚ ਹਮਾਯੂੰਨਾਮਾ ਦੇ ਪੰਜਾਬੀ ਅਨੁਵਾਦ ਦੇ ਮੂਲ ਪਾਠ, ਪਾਦਸ਼ਾਹ ਬੁਰੰਜੀ ਅਤੇ ਸਤਿਗੁਰੂ ਦੇ ਮੁਹੈਂ ਦੀਆਂ ਸਾਖੀਆਂ ਦੇ ਪਾਠਾਂ ਨੂੰ ਸ਼ਾਮਿਲ ਕੀਤਾ ਹੈ।

**ਉਪਲਬਧੀਆਂ**

ਉਪਰੋਕਤ ਅਧਿਆਇਆਂ ਨੂੰ ਨੇਪਰੇ ਚਾੜਦਿਆਂ ਸਾਡੇ ਸਾਹਮਣੇ ਕੁਝ ਤੱਥ ਪ੍ਰਗਟ ਹੋਏ ਹਨ:

1. ਭਾਈ ਸਾਹਿਬ ਇਕ ਕਿਰਤੀ ਪਰਿਵਾਰ ਵਿਚ ਪੈਦਾ ਹੋਏ ਅਸਾਧਾਰਨ ਸ਼ਖਸ਼ੀਅਤ ਦੇ ਮਾਲਕ ਸਨ। ਇੰਨ੍ਹਾਂ ਨੇ ਭਾਵੇਂ ਉਪਾਧੀ ਸਾਪੇਖ ਜਾਂ ਵਿਧੀਵਧ ਢੰਗ ਦੀ ਪਛਮੀ ਸਿੱਖਿਆ ਗ੍ਰਹਿਣ ਨਹੀਂ ਕੀਤੀ, ਫਿਰ ਵੀ ਸਿੱਖ ਇਤਿਹਾਸ ਨੂੰ ਸਮਝਣ ਦੀ ਆਪਣੀ ਬੌਧਿਕ ਸੂਝ ਨਾਲ ਆਪਣੇ ਆਪ ਨੂੰ ਵਿਦਵਾਨਾਂ ਦੀ ਕਤਾਰ ਵਿਚ ਸ਼ਾਮਿਲ ਕੀਤਾ।
2. ਉਨ੍ਹਾ ਨੇ ਸਿੱਖ ਗ੍ਰੰਥਾਂ ਅਤੇ ਇਤਿਹਾਸ ਦੀ ਸਿੰਘ ਸਭਾਈ ਵਿਆਖਿਆ ਕੀਤੀ ਜਿਸ ਵਿਚ ਪੌਰਾਣਿਕ ਵਿਆਖਿਆਕਾਰੀ ਦੀ ਥਾਂ ਬੌਧਿਕ ਵਿਆਖਿਆ ਨੂੰ ਮਾਨਤਾ ਦਿੱਤੀ ਗਈ।
3. ਉਨ੍ਹਾਂ ਦੀ ਇਤਿਹਾਸਕਾਰੀ ਵਿਚ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਨਾਲ ਜੁੜੀਆਂ ਮਿਤੀਆਂ ਦਾ ਵਿਸ਼ੇਸ਼ ਰੂਪ ਵਿਚ ਧਿਆਨ ਰਖਿਆ ਗਿਆ ਹੈ। ਇਸ ਨਾਲ ਉਨ੍ਹਾ ਦੇ ਜੀਵਨ ਵੇਰਵਿਆਂ ਦਾ ਪ੍ਰਮਾਣ ਠੋਸ ਹੋ ਜਾਂਦਾ ਹੈ।
4. ਸਿੰਘ ਸਭਾ ਲਹਿਰ ਸਮੇਂ ਸਿੱਖ ਪਛਾਣ ਦਾ ਮਸਲਾ ਗੰਭੀਰ ਰੂਪ ਧਾਰਨ ਕਰ ਗਿਆ ਸੀ। ਭਾਈ ਕਾਨ੍ਹ ਸਿੰਘ ਨਾਭਾ, ਭਾਈ ਗੁਰਮੁਖ ਸਿੰਘ ਅਤੇ ਭਾਈ ਦਿੱਤ ਸਿੰਘ ਵਰਗੇ ਵਿਦਵਾਨ ਸਿੱਖ ਸ਼ਨਾਖਤ ਨੂੰ ਲੈ ਕੇ ਆਪਣੀਆਂ ਲਿਖਤਾਂ ਰਾਹੀਂ ਪ੍ਰਮਾਣਿਕ ਸਿੱਖ ਰਹਿਤ ਦਾ ਸਰੂਪ ਤਿਆਰ ਕਰਨ ਲਗੇ ਹੋਏ ਸਨ। ਉਨ੍ਹਾਂ ਦਾ ਅਨੁਸਰਣ ਕਰਦਿਆਂ ਭਾਈ ਰਣਧੀਰ ਸਿੰਘ ਨੇ ਵੀ ਸਿੱਖ ਰਹਿਤ ਨਾਲ ਜੁੜੇ ਗ੍ਰੰਥ ਪ੍ਰੇਮ ਸੁਮਾਰਗ ਨੂੰ ਸੰਪਾਦਿਤ ਕਰਦਿਆਂ ਵਿਸ਼ਾਲ ਭੂਮਿਕਾ ਵਿਚ ਸਿੱਖ ਸ਼ਖਸ਼ੀਅਤ ਦੀ ਪਰਿਭਾਸ਼ਾ ਦੇਣ ਦਾ ਸਾਰਥਕ ਜਤਨ ਕੀਤਾ ਹੈ।
5. ਭਾਈ ਸਾਹਿਬ ਸਾਰੀ ਉਮਰ ਇਸ ਖਿਆਲ ਨਾਲ ਜੁੜੇ ਰਹੇ ਕਿ ਦਸਮ ਗ੍ਰੰਥ ਦੀ ਬਾਣੀ ਗੁਰੂ ਗੋਬਿੰਦ ਸਿੰਘ ਦੀ ਜੀ ਦੀ ਰਚੀ ਹੋਈ ਹੈ। ਇਸ ਖਿਆਲ ਦੀ ਪ੍ਰੋੜਤਾ ਲਈ ਉਨ੍ਹਾਂ ਨੇ ਕਈ ਪੁਸਤਕਾਂ ਅਤੇ ਲੇਖ ਲਿਖੇ।
6. ਭਾਈ ਸਾਹਿਬ ਦੀ ਪੁਸਤਕ 'ਗੁਰਪ੍ਰਣਾਲੀਆਂ' ਗੁਰ-ਇਤਿਹਾਸ ਦੀਆਂ ਘਟਨਾਵਾਂ ਨੂੰ ਇਤਿਹਾਸਿਕ

ਪ੍ਰਮਾਣਿਕਤਾ ਦੇ ਰੂਪ ਵਿਚ ਪੇਸ਼ ਕਰਦੀ ਹੈ। ਅਸੀਂ ਇਹ ਮੰਨਦੇ ਹਾਂ ਕਿ ਇਹ ਸਿੱਖ ਕੈਲੰਡਰ ਨਾਲ ਜੁੜਿਆ ਮੁਢਲਾ ਅਤੇ ਪੁਖਤਾ ਕਦਮ ਹੈ।

7. ਉਦਾਸੀ ਸੰਪਰਦਾਇ ਸਿੱਖ ਪੰਥ ਦੀ ਸੰਪਰਦਾ ਹੈ ਅਤੇ ਇਸ ਦਾ ਸਿੱਖ ਪ੍ਰਚਾਰ-ਪ੍ਰਸਾਰ ਵਿਚ ਬਹੁਤ ਵਡਾ ਯੋਗਦਾਨ ਹੈ। ਇਸ ਗਲ ਦੀ ਵਕਾਲਤ 'ਉਦਾਸੀ ਸਿੱਖਾਂ ਦੀ ਵਿਥਿਆ' ਕਰਦੀ ਹੈ। ਇਸ ਦੇ ਰਚਣ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਦਾਸੀਆਂ ਨਾਲ ਉਲਝੀ ਹੋਈ ਸੀ । ਫਿਰ ਵੀ ਉਸ ਸਮੇਂ ਇਸ ਪੁਸਤਕ ਦਾ ਇਸ ਸੰਸਥਾ ਵਲੋਂ ਛਪਣਾ ਉਦਾਸੀਆਂ ਨਾਲ ਝਗੜਿਆਂ ਨੂੰ ਦੂਰ ਕਰਕੇ ਨੇੜੇ ਲਾਉਣ ਲਈ ਚੰਗਾ ਜਤਨ ਸੀ।


8. ਹਮਾਯੂੰਨਾਮਾ ਪੁਸਤਕ ਜੋ ਹਿੰਦੀ ਅਤੇ ਅੰਗਰੇਜ਼ੀ ਵਿਚ ਉਪਲਬਧ ਹੈ, ਭਾਈ ਸਾਹਿਬ ਵਲੋਂ ਇਸ ਦਾ ਪੰਜਾਬੀ ਵਿਚ ਅਨੁਵਾਦ ਕਰਨਾ ਪੰਜਾਬੀ ਅਨੁਵਾਦ ਦੇ ਖੇਤਰ ਦੀ ਇਕ ਪ੍ਰਾਪਤੀ ਮੰਨਿਆ ਜਾ ਸਕਦਾ ਹੈ। ਇਸ ਦੇ ਨਾਲ *ਪਾਦਸ਼ਾਹ ਬੁਰੰਜੀ* ਨਾਮੀ ਮੌਖਿਕ ਆਸਾਮੀ ਸਾਹਿਤ ਦਾ ਭਾਗ ਕੁਝ ਲਿਖਤਾਂ ਜਿਹੜੀਆਂ ਵਿਚੋਂ ਗੁਰੂ ਤੇਗ ਬਹਾਦਰ ਸਾਹਿਬ ਨਾਲ ਸੰਬੰਧਿਤ ਭਰੋਸੇਯੋਗ ਸੂਚਨਾਵਾਂ ਮਿਲਦੀਆਂ ਹਨ, ਦੇ ਅਨੁਵਾਦ ਨਾਲ ਗੁਰੂ ਸਾਹਿਬ ਦੇ ਆਸਾਮੀ ਦੌਰੇ ਉਪਰ ਇਕ ਨਵੀਂ ਰੌਸ਼ਨੀ ਪੈਂਦੀ ਹੈ।

**ਸੰਭਾਵਨਾਵਾਂ**

ਭਾਈ ਸਾਹਿਬ ਦੀ ਸ਼ਖਸ਼ੀਅਤ ਅਤੇ ਰਚਨਾ ਨਾਲ ਜੁੜੇ ਇਸ ਕਾਰਜ ਨੂੰ ਕਰਦਿਆਂ ਸਾਨੂੰ ਕੁਝ ਸੰਭਾਵਨਾਵਾਂ ਨਜਰ ਆਈਆਂ ਹਨ:


1. ਭਾਈ ਸਾਹਿਬ ਦੇ ਜੀਵਨ ਦਾ ਅਧਿਐਨ ਕਰਦਿਆਂ ਸਾਨੂੰ ਪਤਾ ਲਗਾ ਹੈ ਕਿ ਉਨ੍ਹਾਂ ਦਾ ਬਹੁਤ ਸਾਰਾ ਹੱਥ ਲਿਖਤ ਸਾਹਿਤ ਅਣਪ੍ਰਕਾਸ਼ਿਤ ਪਿਆ ਹੈ। ਇਸ ਦਾ ਕੁਝ ਵੇਰਵਾ ਅਸੀਂ ਹਥਲੇ ਖੋਜ ਕਾਰਜ ਵਿਚ ਦਿਤਾ ਹੈ। ਪਰੰਤੂ ਬਹੁਤ ਸਾਰੀ ਸਮਗਰੀ ਸਾਨੂੰ ਪ੍ਰਾਪਤ ਨਹੀਂ ਹੋਈ ਅਤੇ ਉਨ੍ਹਾਂ ਦੇ ਪਰਿਵਾਰ ਕੋਲ ਵੀ ਉਨ੍ਹਾਂ ਦੀ ਇਹ ਸਮਗਰੀ ਨਹੀਂ ਹੈ। ਜੇਕਰ ਇਹ ਪ੍ਰਾਪਤ ਹੋ ਜਾਵੇ ਤਾਂ ਉਂਨ੍ਹਾਂ ਦੀ ਰਚਨਾ ਦਾ ਹੋਰ ਭੰਡਾਰ ਵੀ ਪਾਠਕਾਂ ਦੇ ਸਨਮੁਖ ਹੋ ਸਕਦਾ ਹੈ।
2. ਉਨ੍ਹਾਂ ਦੁਆਰਾ ਸ਼ੁਰੂ ਕੀਤੇ ਗੁਰਪ੍ਰਣਾਲੀਆਂ ਦੇ ਅਧਿਐਨ ਦਾ ਨੋਟਿਸ ਸਾਡੇ ਵਿਦਵਾਨਾਂ ਦੁਆਰਾ ਵਡੇ ਪੱਧਰ ਉਤੇ ਨਹੀਂ ਲਿਆ ਗਿਆ। ਜੇਕਰ ਇਹ ਅਧਿਐਨ ਨੂੰ ਅਗੇ ਵਧਾਇਆ ਜਾਵੇ ਤਾਂ ਸਿੱਖ ਕੈਲੰਡਰ ਨਾਲ ਜੁੜੇ ਮਸਲਿਆਂ ਉਪਰ ਨਵੀਂ ਰੌਸ਼ਨੀ ਪੈ ਸਕਦੀ ਹੈ।

# ਅੰਤਿਕਾ - 1




ਭਾਈ ਰਣਧੀਰ ਸਿੰਘ ਜੀ

## ਅੰਤਿਕਾ - 2



RANDHIR SINGH S/o BASHAN SINGH
21-July1898 to 7-December 1974

# ਅੰਤਿਕਾ - 3



रचनाएँ, उनके विचार आदि की अनेक बातें छूटी हैं, जिन
का ऐतिहासिक दृष्टि से आवश्यक अंश है। इन्होंने अपने
पृष्ठपोषक आदि का विचार भी पीछे पड़ गया है, जिनसे
स्पष्ट हो जाता है कि इनका जन्म संवत् १७०३ के आसपास
से हुआ था। संवत् १७४० में इन्होंने 'नाम-प्रकाश' ग्रन्थ और
५४ और संवत् १७६६ में 'प्रबोध चन्द्रोदय' का अनुवाद किया।
उक्त संवतों की रचना के आसपास रही होगा। इस
प्रकार 'आलम' के संबंध में 'शेख' के उल्लेख से जो
भ्रांति फैली थी उसका पूर्ण-पूर्ण निराकरण हो जाता है। अतः
'आलम' के एक मानने में अब कोई बाधा नहीं है और
उनका रचनाकाल भी संवत् १७४० से संवत् १७८० तक
निश्चित है।*

भवदीय [signature]

* १९७४ ईसवी में काशी हिन्दू विश्वविद्यालय में हुए प्राच्य-
विद्या-सम्मेलन (ओरिएंटल कान्फ्रेंस) के हिन्दी विभाग में पठित

# ਅੰਤਿਕਾ - 4

ਭਾਈ ਸਾਹਿਬ ਬਾਰੇ ਪੁਖਤਾ ਜਾਣਕਾਰੀ ਉਨ੍ਹਾਂ ਦੇ ਸਪੁੱਤਰ ਸ. ਹਰਜੀਤ ਸਿੰਘ ਨਾਲ ਹੋਈਆਂ ਕੁਝ ਮੁਲਾਕਾਤਾਂ ਦੌਰਾਨ ਵੀ ਇਕਤਰ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਥੇ ਅਸੀਂ 7 ਅਗਸਤ 2013 ਨੂੰ ਸਵੇਰ 11:30 ਤੋਂ ਸ਼ਾਮ 1:30 ਤਕ ਹੋਈ ਮੁਲਾਕਾਤ ਦੇ ਕੁਝ ਅੰਸ਼ ਪੇਸ਼ ਕਰ ਰਹੇ ਹਾਂ:

**ਪ੍ਰਸ਼ਨ: ਸ. ਹਰਜੀਤ ਸਿੰਘ ਜੀ ਆਪਣੇ ਪਿੰਡ ਬਾਰੇ ਕੁਝ ਦੱਸੋ।**

ਉੱਤਰ: ਸਾਡਾ ਪਿੰਡ ਡੂੰਮਛੇੜੀ ਬਾਬੇ 'ਡੂੰਮੇ' ਤੇ 'ਕੂੰਮੇ' ਨੇ ਵਸਾਇਆ ਸੀ। ਇਹ ਸਾਡੇ ਵਡੇਰੇ ਸਨ। ਉਨ੍ਹਾਂ ਦੇ ਹੋਰ ਦੋ ਭਰਾ 'ਸੂਮਾ' ਅਤੇ 'ਧੂਮਾ' ਵੀ ਸਨ। ਉਨ੍ਹਾਂ ਨੇ ਸਾਡੇ ਨੇੜੇ ਦੇ ਕਈ ਪਿੰਡ ਬੰਨੇ। ਪਿਛੋਂ (ਪਿਛੋਕੜ ਤੋਂ) ਇਹ ਸ਼ਾਇਦ ਰਾਜਪੂਤ ਸਨ। ਇਸ ਸਮੇਂ ਪਿੰਡ ਦੀ ਅਬਾਦੀ 2500 ਦੇ ਕਰੀਬ ਹੈ, ਜਿੰਨ੍ਹਾਂ ਵਿਚੋਂ 12-13 ਕੁ ਸੌ ਵੋਟਰ ਹਨ।

**ਪ੍ਰਸ਼ਨ: ਆਪਣੇ ਪਰਿਵਾਰ ਬਾਰੇ ਕੁਝ ਸਾਂਝ ਪਾਉ।**

ਉੱਤਰ: ਬਾਪੂ ਜੀ (ਭਾਈ ਰਣਧੀਰ ਸਿੰਘ) ਦੇ ਅਸੀਂ ਚਾਰ ਪੁੱਤਰ ਸਾਂ। ਵੱਡਾ ਸੁਰਜੀਤ ਸਿੰਘ ਸੀ। ਉਹ ਪੜ੍ਹਾਈ ਉਪਰੰਤ ਨੇਵੀ ਵਿਚ ਭਰਤੀ ਹੋ ਗਿਆ। ਉਸਦੀ ਪਤਨੀ ਦਾ ਨਾਮ ਰਜਿੰਦਰ ਕੌਰ ਸੀ। ਉਸਦੇ ਘਰ ਪੰਜ ਲੜਕੀਆਂ ਅਤੇ ਇਕ ਲੜਕਾ ਹੋਇਆ। ਉਸਦਾ ਪਰਿਵਾਰ ਮੋਰਿੰਡੇ ਰਹਿੰਦਾ ਹੈ। ਦੂਜਾ ਸੰਤਪਾਲ ਸਿੰਘ ਸੀ, ਉਹ ਪੜ੍ਹਿਆ ਨਹੀਂ ਤੇ ਖੇਤੀ ਕਰਦਾ ਰਿਹਾ। ਉਸਦੀ ਪਤਨੀ ਦਾ ਨਾਂ ਰਣਜੀਤ ਕੌਰ ਸੀ। ਉਸਦੇ ਦੋ ਲੜਕੀਆਂ ਅਤੇ ਦੋ ਲੜਕੇ ਹੋਏ। ਮੈਂ ਇੰਨ੍ਹਾਂ ਦੋਹਾਂ ਤੋਂ ਛੋਟਾ ਹਾਂ। ਬਸ ਸਤ ਕੁ ਜਮਾਤਾਂ ਪਾਸ ਕਰ ਕੇ ਖੇਤੀਬਾੜੀ ਵਿਚ ਈ ਪੈ ਗਏ। ਮੇਰੀ ਪਤਨੀ ਦਾ ਨਾਮ ਜੁਗਿੰਦਰ ਕੌਰ ਹੈ। ਮੇਰੇ ਦੋ ਲੜਕੀਆਂ ਤੇ ਇਕ ਮੁੰਡਾ ਹੈ। ਮੈਥੋਂ ਛੋਟੀ ਇਕ ਭੈਣ ਐ ਗੁਰਦੀਪ ਕੌਰ। ਹੁਣ ਅਸਟ੍ਰੇਲੀਆ ਰਹਿੰਦੀ ਹੈ। ਉਹ ਰੁਪਾਲਹੇੜੀ ਵਿਆਹੀ ਹੋਈ ਹੈ। ਉਨ੍ਹਾਂ ਦੇ ਪਤੀ ਦਾ ਨਾਂ ਦੀਦਾਰ ਸਿੰਘ ਸੀ ਜਿਹੜੇ ਆਸਟ੍ਰੇਲੀਆ ਚਲੇ ਗਏ। ਉਨ੍ਹਾਂ ਦਾ ਇਕ ਲੜਕਾ ਹੈ ਜਤਿੰਦਰਪਾਲ ਸਿੰਘ[1], ਉਥੇ ਪ੍ਰੋਫੈਸਰ ਹੈ। ਸਭ ਤੋਂ ਛੋਟਾ ਸਫਲ ਸਿੰਘ ਸੀ। ਦਸ

---

1 ਪ੍ਰੋ. ਜਤਿੰਦਰਪਾਲ ਸਿੰਘ ਤੋਂ ਵੀ ਭਾਈ ਰਣਧੀਰ ਸਿੰਘ ਬਾਰੇ ਕੁਝ ਜਾਣਕਾਰੀ ਪ੍ਰਾਪਤ ਹੋਈ। ਪਰੰਤੂ ਉਨ੍ਹਾਂ ਦਾ ਸਰੋਤ ਬੀਬੀ ਗੁਰਦੀਪ ਕੌਰ ਅਤੇ ਉਸਦੇ ਮਾਮਾ ਜੀ (ਸ. ਹਰਜੀਤ ਸਿੰਘ) ਹੀ ਹਨ।

ਜਮਾਤਾਂ ਪਾਸ ਕਰਕੇ ਬਿਜਲੀ ਬੋਰਡ ਵਿਚ ਇੰਸਪੈਕਟਰ ਰਿਹਾ। ਉਸਦੀ ਪਤਨੀ ਦਾ ਨਾਮ ਰਵਿੰਦਰ ਕੌਰ ਹੈ। ਇੰਨ੍ਹਾਂ ਦੇ ਦੋ ਬੱਚੇ- ਇਕ ਲੜਕਾ ਤੇ ਲੜਕੀ ਹੋਏ।

ਪ੍ਰਸ਼ਨ : ਬਾਪੂ ਜੀ ਦੇ ਸੁਭਾਅ ਬਾਰੇ ਕੁਝ ਦਸੋ।

ਉਤਰ: ਬਾਪੂ ਜੀ ਦਾ ਸੁਭਾਅ ਬਹੁਤ ਸਖਤ ਸੀ। ਅਸੀਂ ਤਾਂ ਉਨ੍ਹਾਂ ਤੋਂ ਬਹੁਤ ਡਰਦੇ ਸਾਂ। ਭਾਵੇਂ ਉਹ ਕਹਿੰਦੇ ਕੁਝ ਨਹੀਂ ਸਨ। ਫਿਰ ਵੀ ਜਦੋਂ ਅੰਮ੍ਰਿਤਸਰ ਤੋਂ ਘਰ ਆਉਂਦੇ, ਉਦੋਂ ਘਰ ਵਿਚ ਇਕ ਖਾਸ ਮਹੌਲ ਹੁੰਦਾ। ਅਸੀਂ ਉਨ੍ਹਾਂ ਕੋਲ ਅੰਮ੍ਰਿਤਸਰ ਵੀ ਜਾਂਦੇ। ਪਟਿਆਲੇ ਵੀ ਕਾਫੀ ਚਿਰ ਰਹੇ। ਇਥੇ ਉਨ੍ਹਾਂ ਦੇ ਹੁੰਦਿਆਂ ਉਨ੍ਹਾਂ ਦੇ ਕਈ ਮਿਤਰ ਆਉਂਦੇ ਰਹਿੰਦੇ। ਅਸੀਂ ਸਾਰਿਆਂ ਦੀ ਸੇਵਾ ਕਰਦੇ। ਮੈਂ ਛੋਟੇ ਹੁੰਦਿਆਂ ਖੇਤੀ ਵਿਚ ਲਗ ਗਿਆ। ਅੰਮ੍ਰਿਤਸਰ ਕਣਕ ਘਰੋਂ ਜਾਂਦੀ। ਸਾਨੂੰ ਹੁਕਮ ਸੀ ਕਿ ਕਿਸੇ ਮੰਗਤੇ ਨੂੰ ਖਾਲੀ ਨਹੀਂ ਮੋੜਨਾ। ਉਹ ਪਿੰਡ ਆ ਕੇ ਵੀ ਆਪਣੇ ਪੜ੍ਹਨ ਦੇ ਕੰਮ ਵਿਚ ਲਗੇ ਰਹਿੰਦੇ। ਉਹ ਪੰਜ ਕਕਾਰਾਂ ਦੇ ਧਾਰਨੀ ਸਨ। ਵਿਹਲੇ ਸਮੇਂ ਸਦਾ ਬਾਣੀ ਪੜ੍ਹਦੇ ਰਹਿੰਦੇ। ਸਾਡੇ ਪਿੰਡ ਦਾ ਗੁਰਦੁਆਰਾ ਉਨ੍ਹਾਂ ਨੇ ਬਣਵਾਇਆ। ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅੰਮ੍ਰਿਤਸਰ ਤੋਂ ਲਿਆ ਕੇ ਪ੍ਰਕਾਸ਼ ਕਰਵਾਇਆ। ਉਹ ਹਮੇਸ਼ਾ ਆਪਣੀ ਕਮਾਈ ਵਿਚੋਂ ਦਸਵੰਧ ਕਢਦੇ। ਇਸ ਦੀ ਆਦਤ ਸਾਨੂੰ ਵੀ ਪੈ ਗਈ। ਸਾਡੇ ਘਰ ਕਿਸੇ ਨੂੰ ਵੀ ਕੋਈ ਨਸ਼ੇ ਦੀ ਲਤ ਨਹੀਂ ਲਗੀ।

ਪ੍ਰਸ਼ਨ: ਉਂਨ੍ਹਾਂ ਦੇ ਅੰਤਲੇ ਦਿਨਾਂ ਬਾਰੇ ਦਸੋ।

ਉਤਰ: ਆਪਣੀ ਆਖਰੀ ਉਮਰ ਵਿਚ ਪਟਿਆਲੇ ਤੋਂ ਪਿੰਡ ਆਏ ਸਨ। ਉਨ੍ਹਾਂ ਨੂੰ ਸ਼ੂਗਰ ਹੋ ਗਈ ਸੀ। ਇਕ ਦਿਨ ਇਕ ਥਮਲਾ ਉਨ੍ਹਾਂ ਤੇ ਡਿਗ ਪਿਆ ਜਿਆਦਾ ਸੱਟ ਲਗਣ ਕਰਕੇ ਪੂਰੇ ਹੋ ਗਏ।

ਇਸ ਤਰ੍ਹਾਂ ਹੋਰ ਵੀ ਬਹੁਤ ਸਵਾਲ ਜਵਾਬ ਹੋਏ ਅਤੇ ਇਨ੍ਹਾਂ ਸਵਾਲ ਜਵਾਬ ਹੋਏ ਅਤੇ ਇਨ੍ਹਾਂ ਸਵਾਲ ਜਵਾਬਾਂ ਵਿੱਚ ਭਾਈ ਸਾਹਿਬ ਬਾਰੇ ਵੱਡਮੁਲੀ ਜਾਣਕਾਰੀ ਪ੍ਰਾਪਤ ਹੋਈ।

# ਪੁਸਤਕ ਸੂਚੀ

**ਭਾਈ ਰਣਧੀਰ ਸਿੰਘ ਰਚਨਾਵਲੀ (ਮੂਲ ਸਰੋਤ)**

**ਪੁਸਤਕਾਂ**


*ਉਦਾਸੀ ਸਿੱਖਾਂ ਦੀ ਵਿਥਿਆ ਪਹਿਲੇ ਦੋ ਦਰਸ਼ਨ ਯਾਨੀ ਸਤਿਗੁਰਾਂ ਦੇ ਸਮੇਂ ਦੀ ਅਵਸਥਾ* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਸੰਬਤ 1881, ਸਾਕਾ 2016.

*ਸ਼ਬਦਾਰਥ ਦਸਮ ਗ੍ਰੰਥ ਸਾਹਿਬ* (ਤਿੰਨ ਭਾਗ) ਪੰਜਾਬੀ ਯੂਨੀਵਰਸਿਟੀ,ਪਟਿਆਲਾ, 1995.

*ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ (ਪਹਿਲਾ ਭਾਗ),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1957.

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀ ਸ਼ਬਦਿ-ਮੂਰਤਿ (ਦਸਵੇਂ ਪਾਤਿਸ਼ਾਹ ਕੇ ਗ੍ਰੰਥ) ਦਾ ਇਤਿਹਾਸ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1955.

*ਪ੍ਰੇਮ ਸੁਮਾਰਗ ਗ੍ਰੰਥ: ਅਰਥਾਤ ਖਾਲਸਾਈ ਜੀਵਨ-ਜਾਚ (ਪਾਤਿਸ਼ਾਹੀ ਦਸਵੀਂ),* ਨਿਊ ਬੁੱਕ ਕੰਪਨੀ, ਜਲੰਧਰ, 2000.

*ਬਾਬਾਣੀ ਪੀੜ੍ਹੀ ਚਲੀ ਗੁਰ-ਪ੍ਰਣਾਲੀਆਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ,ਅਪ੍ਰੈਲ 1977.


**ਲੇਖ**


**ਆਵਣ ਅਠਤਰੇ ਜਾਣ ਸਤਾਨਵੇਂ,** *ਆਲੋਚਨਾ,* ਜਨਵਰੀ, 1969.

**ਸਤਿਗੁਰਾਂ ਦੀਆਂ ਗੁਰਪੁਰਬ ਸਾਖੀਆਂ ਆਦਿ,** *ਗੁਰਦੁਆਰਾ ਗਜ਼ਟ,* ਅਕਤੂਬਰ 1955

**ਸਰਬ ਸਾਂਝੀ ਵੈਸਾਖੀ,** *ਗੁਰਦੁਆਰਾ ਗਜ਼ਟ,* ਅਪ੍ਰੈਲ 1949.

**ਸਿੱਖ ਸਾਖੀਆਂ ਅਤੇ ਹਕੀਕਤਾਂ,** *ਗੁਰਮਤਿ ਪ੍ਰਕਾਸ਼,* ਜੂਨ 1962.

**ਸੋਢੀ ਪਾਤਸ਼ਾਹ,** *ਪੰਜਾਬੀ ਦੁਨੀਆ,* ਅਕਤੂਬਰ-ਨਬੰਵਰ 1962.

**ਸ੍ਰੀ ਗੁਰੂ ਗੋਬਿੰਦ ਸਿੰਘ ਜੀਦੇ ਹੁਕਮਨਾਮੇ,** *ਗੁਰਮਤਿ ਪ੍ਰਕਾਸ਼,* ਜੂਨ 1960.

**ਸ੍ਰੀ ਦਸ਼ਮੇਸ਼ ਜੀ ਦਾ ਜਨਮ-ਸੰਮਤ,** *ਆਲੋਚਨਾ,* ਜੁਲਾਈ, ਅਗਸਤ, ਸਤੰਬਰ 1965.

**ਗੁਰਪੁਰਬ-ਨਿਰਣਾ,** *ਆਲੋਚਨਾ,* ਅਪ੍ਰੈਲ, ਮਈ, ਜੂਨ 1968.

**ਗੁਰੂ ਅਰਜਨ ਜੀ ਦਾ ਸੰਖੇਪ ਜੀਵਨ,** *ਪੰਜਾਬੀ ਦੁਨੀਆ,* ਜੂਨ-ਜੁਲਾਈ 1953.

**ਗੁਰੂ ਬਾਬੇ ਦਾ ਜਨਮ-ਦਿਨ**, *ਆਲੋਚਨਾ,* ਜਨਵਰੀ, 1969.

**'ਜ਼ਫ਼ਰਨਾਮਹ' ਅਤੇ ਇਸ ਦਾ ਆਲਾ ਦੁਆਲਾ**, *ਸਮਾਜਕ ਵਿਗਿਆਨ ਪੱਤਰ,'* (ਸੰਪਾ.) ਸ. ਗੁਰਬਖ਼ਸ਼ ਸਿੰਘ ਸਚਦੇਵ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜਨਵਰੀ 1970.

**ਨਾਨਕ 'ਨਿਰੰਕਾਰੀ' ਦਾ ਪਰਚਾਰ ਦਉਰਾ**, *ਗੁਰੂ ਨਾਨਕ: ਜੀਵਨ ਦਰਸ਼ਨ ਅਤੇ ਕਾਵਿ-ਕਲਾ,* (ਸੰਪਾ.) ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1969.

**ਭਾਈ ਸਾਹਿਬ ਸਿੰਘ ਜੀ ਪਿਆਰਾ**, *ਗੁਰਮਤਿ ਪ੍ਰਕਾਸ਼,* ਜੁਲਾਈ 1960.

**ਭਾਈ ਗੁਰਦਾਸ ਭੱਲੇ ਦਾ ਸੰਖੇਪ ਜੀਵਨ,** ਪੰਜਾਬੀ ਦੁਨੀਆ ਦੇ ਮਈ 1952.

**ਦਸਮ ਗ੍ਰੰਥ ਸੰਬੰਧੀ ਵਿਚਾਰ,** *ਪੰਜ ਦਰਿਆ* ਅਪ੍ਰੈਲ 1942.

**ਦਸਮ ਗ੍ਰੰਥ ਦਾ ਇਕੋ ਲੇਖਕ,** *ਪੰਜ ਦਰਿਆ,* ਸਤੰਬਰ 1941.

**ਬਵੰਜਾ ਕਵੀ,** *ਪੰਜ ਦਰਿਆ,* ਸਤੰਬਰ 1942,

**ਰੂਸ ਵਿਚ ਪੁਰਾਣੀ ਧਰਮ ਸਾਲ,** *ਗੁਰਮਤਿ ਪ੍ਰਕਾਸ਼* ਫਰਵਰੀ 1961.

**ਲਬਾਣਾ ਭਾਈ-ਚਾਰਾ,** *ਗੁਰਮਤਿ ਪ੍ਰਕਾਸ਼,* ਫਰਵਰੀ ਅਤੇ ਮਾਰਚ 1961.

**ਗੌਣ-ਸਰੋਤ**

ਅਮਰਜੀਤ ਸਿੰਘ ਢਿੱਲੋਂ, (ਸੰਪਾ.), *ਟੀਕਾਕਾਰੀ, ਇਤਿਹਾਸਕਾਰੀ ਅਤੇ ਪੱਤਰਕਾਰੀ ਕੁੱਝ ਦ੍ਰਿਸ਼ਟੀਕੋਣ, ) ਤੀਜੀ ਪੰਜਾਬੀ ਵਿਕਾਸ ਕਾਨਫਰੰਸ(,* ਪੰਜਾਬੀ ਯੂਨੀਵਰਸਿਟੀ ,ਪਟਿਆਲਾ ,7-9 ਦਸੰਬਰ 1984.

ਅਮਰਜੀਤ ਸਿੰਘ (ਸੰਪਾ.), *ਭਾਈ ਕਾਨ੍ਹ ਸਿੰਘ ਨਾਭਾ ਇੱਕ ਅਧਿਐਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982.

ਇੰਦਰਜੀਤ ਸਿੰਘ ਗੋਗੋਆਣੀ (ਸੰਪਾ.), ਗਿਆਨੀ ਦਿੱਤ ਸਿੰਘ ਰਚਨਾਵਲੀ: ਧਰਮ ਤੇ ਫਲਸਫ਼ਾ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2016

ਇੰਦਰਜੀਤ ਸਿੰਘ ਗੋਗੋਆਣੀ, *ਗਿਆਨੀ ਦਿੱਤ ਸਿੰਘ:ਜੀਵਨ, ਰਚਨਾ ਅਤੇ ਸਿੱਖ ਪੰਥ ਨੂੰ ਦੇਣ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2010.

ਸ. ਸ. ਪਦਮ, *ਸੂਰਤ ਸਿੰਘ ਕ੍ਰਿਤ ਸਿਖਾਂ ਦੀ ਭਗਤਮਾਲਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2011.

ਸਤਨਾਮ ਸਿੰਘ ਸੰਧੂ, ਸਾਹਿਤ ਦੀ ਹੋਂਦ ਵਿਧੀ, ਪੰਜਾਬ ਹੈਰੀਟੇਜ ਪਬਲੀਕੇਸ਼ਨ, ਪਟਿਆਲਾ, 2008.

ਸੰਤੋਖ ਸਿੰਘ (ਭਾਈ),*ਸ੍ਰੀ ਗੁਰ ਨਾਨਕ ਪ੍ਰਕਾਸ਼: ਪੂਰਬਾਰਧ (ਭਾਗ ਦੂਜਾ),* (ਸੰਪਾ.) ਡਾ. ਕਿਰਪਾਲ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਦਸੰਬਰ 2006

ਸੰਤੋਖ ਸਿੰਘ, (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ, ਰਾਸਿ 2, ਅੰਸੂ 14, (ਸੰਪਾ.) ਭਾਈ ਵੀਰ ਸਿੰਘ, ਖਾਲਸਾ ਸਮਾਚਾਰ, ਸ੍ਰੀ ਅੰਮ੍ਰਿਤਸਰ, 1963.

ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ (ਸੰਨ 1926 ਤੋਂ 1976 ਤਕ),* ਸਿੱਖ ਇਤਿਹਾਸ ਰੀਸਰਚ ਬੋਰਡ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ, 1982.

ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ,* ਕਵਿਰਾਜ ਨਰਾਇਣ ਸਿੰਘ ਵੱਲਭ, ਨਿਆਮਤਪੁਰੀ 1954.

ਸਮਸ਼ੇਰ ਸਿੰਘ ਅਸ਼ੋਕ, *ਪੰਜਾਬੀ ਪੱਤਰਕਲਾ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991.

ਸਮਸ਼ੇਰ ਸਿੰਘ ਅਸ਼ੋਕ, *ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ,* ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ, 1966.

ਸਰਦੂਲ ਸਿੰਘ, *ਭਾਈ ਗੁਰਦਾਸ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1961.

ਸਰੂਪ ਦਾਸ ਭੱਲਾ, *ਗੁਰੂ ਨਾਨਕ ਮਹਿਮਾ ਅਰਥਾਤ ਮਹਿਮਾ ਪ੍ਰਕਾਸ਼* (ਭਾਗ ਪਹਿਲਾ), (ਸੰਪਾ.) ਡਾ. ਉਤਮ ਸਿੰਘ ਭਾਟੀਆ, ਭਾਸ਼ਾ ਵਿਭਾਗ, ਪੰਜਾਬ, 1999.

*ਸਿੱਖ ਰਹਿਤ* ਮਰਯਾਦਾ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੁਲਾ 2015, ਪੰਨੇ 9-10

ਸਿਰਦਾਰ ਕਪੂਰ ਸਿੰਘ, 'ਸਿੱਖ ਤੇ ਸਿੰਘ' ਰਾਜ ਕਰੇਗਾ ਖਾਲਸਾ, (ਸੰਪਾ.) ਡਾ. ਗੁਰਮੁਖ ਸਿੰਘ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2007.

ਸੀਹਾਂ ਉਪਲ, ਸਾਖੀ ਮਹਲੁ ਪਹਿਲੇ ਕੀ, (ਸੰਪਾ.) ਸ.ਸ. ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਮਈ 2014.

ਸੈਨਾਪਤਿ, *ਸ੍ਰੀ ਗੁਰ ਸੋਭਾ,* (ਸੰਪਾ.) ਗੰਡਾ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1980.

ਸੁਖਜੀਤ ਕੌਰ, *ਭਾਈ ਕਾਨ੍ਹ ਸਿੰਘ ਨਾਭਾ ਤੇ ਉਨ੍ਹਾਂ ਦੀਆਂ ਰਚਨਾਵਾਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀ ਹੀਣ.

ਸੁਰਿੰਦਰ ਸਿੰਘ ਕੋਹਲੀ, ਬਚਨ ਸਿੰਘ ਮੁੰਦਰਾ,(ਸੰਪਾ.),*ਗੁਰੂ ਨਾਨਕ: ਜੀਵਨ, ਦਰਸ਼ਨ ਅਤੇ ਕਾਵਿ-ਕਲਾ,* ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1969.

---, (ਸੰਪਾ.) *ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿਤ ਦਾ ਇਤਿਹਾਸ, (ਭਾਗ ਤੀਜਾ),* ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1987.

ਸੋਹਣ ਸਿੰਘ ਸੀਤਲ,*ਸਿੱਖ ਇਤਿਹਾਸ ਦੇ ਸੋਮੇ* ਭਾਗ ਦੂਜਾ, ਲਾਹੌਰ ਬੁਕ ਸ਼ਾਪ, ਲੁਧਿਆਣਾ, 1982.

ਸੋਹਣ ਕਵਿ, *ਗੁਰ ਬਿਲਾਸ ਪਾ.6,* (ਸੰਪਾ.) ਗਿ. ਇੰਦਰ ਸਿੰਘ ਗਿੱਲ, ਜੀਵਨ ਮੰਦਰ ਪੁਸਤਕਾਲਯ, ਅੰਮ੍ਰਿਤਸਰ, 1968.

ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ?,* ਸਿੱਖ ਇਤਿਹਾਸ ਰੀਸਰਚ ਬੋਰਡ(ਸ਼੍ਰੋ.ਗੁ. ਪ੍ਰ. ਕ.), ਸ੍ਰੀ ਅੰਮ੍ਰਿਤਸਰ, ਅਪ੍ਰੈਲ, 2000,

ਕਰਤਾਰ ਸਿੰਘ 'ਸੁਹੱਦੀ', *ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪਰਉਪਕਾਰੀ ਇਤਿਹਾਸ ਅਤੇ ਕਲਿਯੁਗ ਵਿਚ ਸਤਿਯੁਗ ਵਰਤਾਉਣ ਵਾਲੇ ਅਰਸ਼ੀ ਗੁਰਮਤਿ ਸਿਧਾਂਤ,* ਖੁਦ, 1974,

ਕਰਤਾਰ ਸਿੰਘ, *ਸਿੱਖ ਇਤਿਹਾਸ (ਭਾਗ ਦੂਜਾ),* ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1961.

ਕਰਨੈਲ ਸਿੰਘ ਸੋਮਲ, *ਸਿੱਖ ਇਤਿਹਾਸ ਦਾ ਟਕਸਾਲੀ ਖੋਜੀਂ ਭਾਈ ਰਣਧੀਰ ਸਿੰਘ ਡੂਮਛੇੜੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018.

ਕਰਮ ਸਿੰਘ ਹਿਸਟੋਰੀਅਨ, (ਸੰਪਾ.)*ਬਹੁ-ਮੁੱਲੇ ਇਤਿਹਾਸਕ ਲੇਖ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1991.

ਕਾਨ੍ਹ ਸਿੰਘ ਨਾਭਾ (ਭਾਈ), *ਹਮ ਹਿੰਦੂ ਨਹੀਂ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2016.

--------------------, *ਗੁਰੁਸ਼ਬਦਾਲੰਕਾਰ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970.

-------------------, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006.

--------------------,*ਗੁਰ ਛੰਦ ਦਿਵਾਕਰ,* ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ, 1924.

-----------------, *ਗੁਰਮਤ ਪ੍ਰਭਾਕਰ, ਜੀਵਨ ਸਿੰਘ, ਚਤਰ ਸਿੰਘ,* ਅੰਮ੍ਰਿਤਸਰ, 2005.

-----------------, *ਗੁਰੁਮਤ ਮਾਰਤੰਡ,* (ਦੋ ਭਾਗ),ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1938.

----------------, *ਚੰਡੀ ਦੀ ਵਾਰ ਸਟੀਕ,* ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2005.

---------------, *ਨਾਮ ਮਾਲਾ ਕੋਸ਼,* ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ, 1938.

ਕਿਰਪਾਲ ਸਿੰਘ, (ਸੰਪਾ.),*ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974.

ਕੇਸਰ ਸਿੰਘ ਛਿਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* (ਸੰਪਾ.) ਪ੍ਰੋ. ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਫਰਵਰੀ, 1997

ਕੁਲਵੰਤ ਸਿੰਘ, *ਮਿਥ ਅਧਿਐਨ ਤੇ ਵਾਰਾਂ ਭਾਈ ਗੁਰਦਾਸ,* ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2014.

ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ (ਭਾਗ ਪਹਿਲਾ),* ਭਾਸ਼ਾ ਵਿਭਾਗ ਪੰਜਾਬ, 1970.

ਗਿਆਨ ਸਿੰਘ,*ਨਿਰਮਲ ਪੰਥ ਪ੍ਰਦੀਪਕਾ,* ਨਿਰਮਲ ਪੰਚਾਇਤੀ ਅਖਾੜਾ, ਕਨਖਲ, 1962.

ਗੁਰਚਰਨ ਸਿੰਘ ,*ਇਤਿਹਾਸ ਦਾ ਅਧਿਆਪਨ,* ਪੰਜਾਬੀ ਯੂਨੀਵਰਸਿਟੀ ,ਪਟਿਆਲਾ ,1978.

ਗੁਰਚਰਨ ਸਿੰਘ ਮਹਿਤਾ, *ਭਾਈ ਵੀਰ ਸਿੰਘ ਦੀ ਕਵਿਤਾ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1972.

ਗੁਰਦੇਵ ਸਿੰਘ (ਸੰਪਾ.), *ਉਦਾਸੀ ਸੰਪ੍ਰਦਾਇ ਅਤੇ ਸਿੱਖ ਪੰਥ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਗੁਰਮੇਲ ਸਿੰਘ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ: ਇਤਿਹਾਸ ਅਤੇ ਮੁਲਾਂਕਣ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016,

ਗੁਰਮੇਲ ਸਿੰਘ, (ਸੰਪਾ.) ਗੁਰੂ ਅੰਗਦ ਦੇਵ: ਸ੍ਰੋਤ ਪੁਸਤਕ, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਆਨੰਦਪੁਰ ਸਾਹਿਬ, 2006.

ਜਗਮੇਲ ਸਿੰਘ ਭਾਠੂਆਂ, *ਯੁੱਗ ਪੁਰਸ਼, ਭਾਈ ਕਾਨ੍ਹ ਸਿੰਘ ਨਾਭਾ,* ਆਰਸ਼ੀ ਪਬਲਿਸ਼ਰਜ਼, ਦਿੱਲੀ, 2007.

ਜੋਧ ਸਿੰਘ, *ਗੁਰਮਤਿ ਨਿਰਣਯ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2003.

ਪਿਆਰਾ ਸਿੰਘ ਪਦਮ, ਗੁਰੂ ਸਰ, ਸਿੰਘ ਬ੍ਰਦਰਜ, ਅੰਮ੍ਰਿਤਸਰ, 2012.

ਪਿਆਰਾ ਸਿੰਘ ਪਦਮ, *ਦਸਮ ਗ੍ਰੰਥ ਦਰਸ਼ਨ,* ਕਲਮ ਮੰਦਿਰ, ਪਟਿਆਲਾ, 1990, ਪੰ. 69.

ਪ੍ਰੀਤਮ ਸਿੰਘ, *ਭਾਈ ਕਾਨ੍ਹ ਸਿੰਘ ਨਾਭਾ ਪਿਛੋਕੜ ਰਚਨਾ ਤੇ ਮੁਲਾਂਕਣ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1989.

ਭਗਤ ਸਿੰਘ, *ਗਿਆਨੀ ਗਿਆਨ ਸਿੰਘ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1978.

ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਜਾਬੀ ਯੂਨਿਵਰਸਿਟੀ, ਪਟਿਆਲਾ, 1997.

ਤੇਜਵੰਤ ਮਾਨ, *ਭਾਈ ਕਾਨ੍ਹ ਸਿੰਘ ਨਾਭਾ,* ਮੰਗਲ ਪ੍ਰਕਾਸ਼ਨ, ਅੰਮ੍ਰਿਤਸਰ, 1996.

ਦਲਜੀਤ ਸਿੰਘ (ਐਡਮਿੰਟਨ), ਦਰਸ਼ਨ: ਸੱਚ ਦੀ ਭਾਲ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012.

ਦਲਜੀਤ ਸਿੰਘ ਖਹਿਰਾ, *ਕੋਸ਼ਕਾਰੀ ਅਤੇ ਪੰਜਾਬੀ ਕੋਸ਼ਕਾਰੀ: ਸਿਧਾਂਤਕ ਅਤੇ ਵਿਹਾਰਿਕ ਪਰਿਪੇਖ,* 2009.

ਦਰਸ਼ਨ ਸਿੰਘ, *ਭਾਈ ਗੁਰਦਾਸ ਸਿੱਖੀ ਦੇ ਪਹਿਲੇ ਵਿਆਖਿਆਕਾਰ*, ਪੰਜਾਬੀ ਯੂਨਿਵਰਸਿਟੀ, ਪਟਿਆਲਾ, 1997.

ਦਿੱਤ ਸਿੰਘ, ਸ੍ਰੀ ਗੁਰੂ ਅਰਜਨ ਪ੍ਰਬੋਧ, ਦਿੱਤ ਹਰੀ ਬੁੱਕ ਡਿਪੂ, ਅੰਮ੍ਰਿਤਸਰ, 1932.

ਦੇਵਿੰਦਰ ਸਿੰਘ ਵਿਦਿਆਰਥੀ, *ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.

ਨਰਿੰਦਰ ਸਿੰਘ ਕਪੂਰ, ਪੰਜਾਬੀ ਪੱਤਰਕਾਰੀ ਦਾ ਵਿਕਾਸ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012,

ਨਰੈਣ ਸਿੰਘ, ਅਕਾਲੀ ਮੋਰਚੇ ਅਤੇ ਝੱਬਰ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, 1998.

ਵਜ਼ੀਰ ਸਿੰਘ, *ਧਰਮ ਦਾ ਦਾਰਸ਼ਨਿਕ ਪੱਖ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999,

ਵਰਿੰਦਰ ਸਿੰਘ, *ਪੰਜਾਬ ਦਾ ਇਤਿਹਾਸ,* ਚੇਤਨਾ ਪਬਲਿਸ਼ਰਜ਼, ਚੰਡੀਗੜ੍ਹ, 2001.

**English**

Romila Thaper, *A History of India,* Asia Publishing House, Bombay, 1956.

**ਕੋਸ਼**

ਹਰਿਭਜਨ ਸਿੰਘ (ਸੰਪਾ.) *ਸ੍ਰੀ ਗੁਰੂ ਗ੍ਰੰਥ ਕੋਸ਼,* ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ, 2008.

ਜੀ. ਐੱਸ. ਰਿਆਲ, *ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼*, ਪੰਜਾਬੀ ਯੂਨਿਵਰਸਿਟੀ, ਪਟਿਆਲਾ, 2012.

ਜੋਧ ਸਿੰਘ (ਸੰਪਾ.), *ਸਿੱਖ ਪੰਥ ਵਿਸ਼ਵਕੋਸ਼ (ਜਿਲਦ ਦੂਜੀ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.

ਪੰਜਾਬੀ ਕੋਸ਼ (ਜਿਲਦ ਪੰਜਵੀ), ਭਾਸ਼ਾ ਵਿਭਾਗ, ਪੰਜਾਬ ਪਟਿਆਲਾ, 1982..

ਪ੍ਰੀਤਮ ਸਿੰਘ, *ਪੰਜਾਬੀ ਲੇਖਕ ਕੋਸ਼,* ਯੂਨੀਸਟਾਰ ਬੁਕਸ, ਚੰਡੀਗੜ੍ਹ, 2003.

ਬ੍ਰਹਮਜਗਦੀਸ਼ ਸਿੰਘ, *ਸਾਹਿਤ ਸੰਕਲਪ ਕੋਸ਼*, ਵਾਰਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 2014.

ਬਲਵੰਤ ਸਿੰਘ ਕੋਠਾਗੁਰੂ (ਸੰਪਾ.), *ਗੁਰੂ ਗਿਰਾਰਥ ਕੋਸ਼,* ਸੁਖਦੇਵ ਕੁਟੀ ਰਤਨ ਬਾਗ, ਕਨਖਲ, ਹਰਿਦੁਆਰ, 2012.

ਰਛਪਾਲ ਸਿੰਘ ਗਿੱਲ, (ਸੰਪਾ.), *ਪੰਜਾਬ ਕੋਸ਼,* (ਦੋ ਭਾਗ ), ਭਾਸ਼ਾ ਵਿਭਾਗ ਪੰਜਾਬ, 2004,

ਰਤਨ ਸਿੰਘ ਜੱਗੀ, (ਸੰਪਾ.), *ਸਾਹਿਤ ਕੋਸ਼: ਪਰਿਭਾਸ਼ਿਕ ਸ਼ਬਦਾਵਲੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001.

ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* (ਚਾਰ ਭਾਗ) ,ਗ੍ਰੇਸ਼ੀਅਸ ਬੁਕਸ, ਪਟਿਆਲਾ, 2014.

ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼,* (ਦੋ ਜਿਲਦਾਂ), ਪੰਜਾਬੀ ਯੂਨਿਵਰਸਿਟੀ, ਪਟਿਆਲਾ, 2002.

*The Encyclopedia of Religion,* (vol.2) (ed.) Mircea Eliade, New York, 1987.

*Webster Dictionary of the English Language* (College edition), Surjeet Publications, New Delhi, 1979.

## ਪ੍ਰੋਸੀਡਿੰਗਜ

ਧਨਵੰਤ ਕੌਰ (ਸੰਪਾ.), *ਪੰਜਾਬੀ ਟੀਕਾਕਾਰੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ, ਤੀਜੀ ਪੰਜਾਬੀ ਵਿਕਾਸ ਕਾਨਫ਼ਰੰਸ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015.

ਪਰੋਸੀਡਿੰਗਜ਼ ਨੈਸ਼ਨਲ ਸੈਮੀਨਾਰ, *ਭਾਈ ਕਾਨ੍ਹ ਸਿੰਘ ਨਾਭਾ ਦਾ ਸਿੱਖ ਧਰਮ ਅਧਿਐਨ ਲਈ ਯੋਗਦਾਨ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਮਾਰਚ 2011.

ਬਲਵੰਤ ਸਿੰਘ ਢਿੱਲੋਂ, (ਸੰਪਾ.), *ਨੈਸ਼ਨਲ ਸੈਮੀਨਾਰ ਆਨ ਐਕਸੇਜੈਸਿਸ ਆਫ਼ ਸ੍ਰੀ ਗੁਰੂ ਗ੍ਰੰਥ ਸਾਹਿਬ: ਨੇਚਰ ਐਂਡ ਮੈਥਡੋਲਾਜੀ* , ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2012.

## ਟੀਕੇ

*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਚਾਰ ਭਾਗ),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1979.

ਕ੍ਰਿਪਾਲ ਸਿੰਘ, *ਸੰਪਰਦਾਈ ਟੀਕਾ ਸ੍ਰੀ ਅਮੀਰ ਭੰਡਾਰ,* ਭਾ. ਚਤਰ ਸਿੰਘ, ਜੀਵਨ ਸਿੰਘ, ਅੰਮ੍ਰਿਤਸਰ, 2013.

ਰਤਨ ਸਿੰਘ ਜੱਗੀ, *ਭਾਵ ਪ੍ਰਬੋਧਨੀ ਟੀਕਾ: ਸ੍ਰੀ ਗੁਰੂ ਗ੍ਰੰਥ ਸਾਹਿਬ ,* ਪੰਜਾਬੀ ਯੂਨਿਵਰਸਿਟੀ, ਪਟਿਆਲਾ, 2014.

**ਅਖਬਾਰ**

ਪ੍ਰੋ. ਨਿਰਮਲ ਸਿੰਘ, ਇਤਿਹਾਸ ਖੋਜੀ ਭਾਈ ਰਣਧੀਰ ਸਿੰਘ ਡੂਮਛੇੜੀ, ਪੰਜਾਬੀ ਟ੍ਰਿਬਿਊਨ, 7 ਦਸਬੰਰ 1991.

# ਭਾਈ ਰਣਧੀਰ ਸਿੰਘ (ਰਿਸਰਚ ਸਕਾਲਰ) ਦਾ ਰਚਨਾ ਸੰਸਾਰ

## ਸਰਵੇਖਣ ਤੇ ਵਿਸ਼ਲੇਸ਼ਣ

(ਸਿਧਾਂਤਕ ਤੇ ਇਤਿਹਾਸਕ ਪਰਿਪੇਖ)

**ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸੋਸ਼ਲ ਸਾਇੰਸਿਜ਼ ਫ਼ੈਕਲਟੀ ਅਧੀਨ**

**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਵਿਚ**

**ਪੀਐਚ.ਡੀ. ਦੀ ਡਿਗਰੀ ਹਿਤ ਪੇਸ਼ ਕੀਤਾ**

**ਖੋਜ-ਪ੍ਰਬੰਧ (Thesis)**

**2019**


**ਨਿਗਰਾਨ**

**ਡਾ. ਤੇਜਿੰਦਰ ਕੌਰ ਧਾਲੀਵਾਲ**
ਸਹਾਇਕ ਪ੍ਰੋਫੈਸਰ,
ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ।

**ਖੋਜਾਰਥੀ**

**ਨਿਰਵੈਰ ਸਿੰਘ**

**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਸਾਰ ਤੇ ਸਥਾਪਨਾਵਾਂ

ਭਾਈ ਰਣਧੀਰ ਸਿੰਘ ਰਿਸਰਚ ਸਕਾਲਰ ਸਿੱਖ ਪੰਥ ਦੇ ਖੋਜੀ ਪਰਿਵਾਰ ਦੇ ਇਕ ਅਜਿਹੇ ਮੈਂਬਰ ਸਨ ਜਿਨ੍ਹਾਂ ਨੇ ਸਿੱਖੀ ਸਿਦਕ ਨਿਭਾਉਣ ਦੇ ਨਾਲ-ਨਾਲ ਸਿੱਖ ਇਤਿਹਾਸ ਵਿਚ ਖੋਜ ਨੂੰ ਆਪਣਾ ਸ਼ੌਕ ਅਤੇ ਕਿੱਤਾ ਬਣਾ ਕੇ ਜੀਵਨ ਜੀਵਿਆ। ਉਹ ਮਾਲਵੇ ਦੇ ਪਿੰਡ ਡੂਮਛੇੜੀ ਵਿਚ ਪੈਦਾ ਹੋਏ ਅਤੇ ਸਕੂਲੀ ਪੜ੍ਹਾਈ ਕੇਵਲ ਅਠਵੀਂ ਤੱਕ ਹੀ ਕਰ ਸਕੇ। ਫਿਰ ਵੀ ਉਹ ਹਿੰਦੀ, ਪੰਜਾਬੀ, ਉਰਦੂ ਅਤੇ ਫਾਰਸੀ ਵਿਚ ਮੁਹਾਰਤ ਤੋਂ ਇਲਾਵਾ ਅੰਗਰੇਜ਼ੀ ਵੀ ਪੜ੍ਹ ਲਿਖ ਲੈਂਦੇ ਸਨ। ਉਨ੍ਹਾਂ ਨੇ ਫੌਜ ਵਿਚ ਨੌਕਰੀ ਕਰਨ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਬਤੌਰ ਇੰਸਪੈਕਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਰਿਸਰਚ ਸਕਾਲਰ ਵਜੋਂ ਅਤੇ ਅਖਬਾਰਾਂ ਦੇ ਸੰਪਾਦਕ (ਅਕਾਲੀ ਅਤੇ ਪ੍ਰਦੇਸੀ) ਵਜੋਂ ਵੀ ਕਾਰਜ ਕੀਤਾ। ਇੰਨ੍ਹਾਂ ਸਭਨਾਂ ਦੇ ਨਾਲ ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਵਿਚਲੀ ਸਾਹਿਤਕ ਸਮਗਰੀ ਇਕਠੀ ਕਰਨ ਵਾਲਿਆਂ 'ਸਿੱਖ ਹਿਸਟਰੀ ਸੋਸਾਇਟੀ' ਦੇ ਵਿਦਵਾਨਾਂ ਵਿਚ ਡਾ. ਗੰਡਾ ਸਿੰਘ ਦੇ ਨਾਲ ਮੋਹਰੀ ਸ਼ਖਸ਼ੀਅਤਾਂ ਵਿਚ ਇਨ੍ਹਾਂ ਦਾ ਨਾਮ ਆਉਂਦਾ ਹੈ।

ਹਥਲਾ ਖੋਜ-ਕਾਰਜ ਭਾਈ ਰਣਧੀਰ ਸਿੰਘ ਦੀ ਜੀ ਦੇ ਰਚਨਾ ਸੰਸਾਰ ਨਾਲ ਸੰਬੰਧਿਤ ਹੈ। ਇਸ ਵਿਚ ਇਨ੍ਹਾਂ ਦੁਆਰਾ ਰਚਿਤ, ਸੰਪਾਦਿਤ, ਵਿਆਖਿਆਤਮਕ ਅਤੇ ਅਨੁਵਾਦਿਤ ਸਾਹਿਤ ਸ਼ਾਮਿਲ ਹੈ। ਅਸੀਂ ਇਨ੍ਹਾਂ ਦੀਆਂ ਸਾਹਿਤਕ ਵਿਧਾਵਾਂ ਦਾ ਸਰਵੇਖਣ ਅਤੇ ਵਿਸ਼ਲੇਸ਼ਣ ਕਰਨ ਦਾ ਜਤਨ ਕੀਤਾ ਹੈ। ਸਾਡਾ ਘੇਰਾ ਸਿਰਫ ਇਸ ਦੀ ਸਿਧਾਂਤਿਕਤਾ ਅਤੇ ਇਤਿਹਾਸਿਕਤਾ ਤੱਕ ਹੀ ਪਸਰਿਆ ਹੈ।

ਭਾਈ ਰਣਧੀਰ ਸਿੰਘ ਦਾ ਜੀਵਨ ਕਾਲ 1898-1974 ਤੱਕ ਲਗਪਗ 74 ਸਾਲ ਦਾ ਸੀ। ਉਨ੍ਹਾਂ ਦੇ ਸਮੇਂ ਵਿਚ ਸਿੰਘ ਸਭਾ ਲਹਿਰ ਦੀ ਚੜ੍ਹਤ, ਪਹਿਲਾ ਵਿਸ਼ਵ ਯੁਧ, ਗੁਰਦੁਆਰਾ ਸੁਧਾਰ ਲਹਿਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦਾ ਹੋਂਦ ਵਿਚ ਆਉਣਾ, ਸਿੱਖਾਂ ਦੇ ਵਡੇ ਅਦਾਰੇ ਜਿਵੇਂ ਖਾਲਸਾ ਕਾਲਜ, ਅੰਮ੍ਰਿਤਸਰ; ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ; ਪੰਜਾਬੀ ਯੂਨੀਵਰਸਿਟੀ, ਪਟਿਆਲਾ ਆਦਿ ਸਾਰੇ ਭਾਈ ਸਾਹਿਬ ਦੇ ਸਮਕਾਲੀ ਸਮੇਂ ਵਿਚ ਬਣੇ। ਭਾਈ ਰਣਧੀਰ ਸਿੰਘ ਇਨ੍ਹਾਂ ਨਾਲ ਕਿਸੇ ਨਾ ਕਿਸੇ ਰੂਪ ਵਿਚ ਜੁੜੇ ਰਹੇ। ਇਸ ਲਈ ਇਹ ਖੋਜ ਕਾਰਜ ਸਿੱਖ ਇਤਿਹਾਸ ਦੀ ਇਕ ਸਦੀ ਨਾਲ ਜੁੜਿਆ ਹੋਇਆ ਹੈ।

ਇਸ ਖੋਜ ਕਾਰਜ ਦੇ ਚਾਰ ਅਧਿਆਇਆਂ ਵਿਚੋਂ ਮਹਤਵਪੂਰਨ ਗਲਾਂ/ਤੱਥ ਸਾਡੇ ਸਨਮੁਖ ਹੋਏ ਹਨ, ਜਿੰਨ੍ਹਾਂ

ਨੂੰ ਇਥੇ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ:

ਪਹਿਲਾ ਅਧਿਆਇ ਭਾਈ ਰਣਧੀਰ ਸਿੰਘ ਦੇ ਜੀਵਨ ਅਤੇ ਤਤਕਾਲੀ ਹਾਲਾਤਾਂ ਦਾ ਵੇਰਵਾ ਪੇਸ਼ ਕਰਦਾ ਹੈ। ਇਸ ਦਾ ਅਧਿਐਨ ਕਰਦਿਆਂ ਪਤਾ ਲਗਦਾ ਹੈ ਕਿ ਮਨੁਖ ਹਮੇਸ਼ਾ ਕੁਝ ਆਹਰ ਵਿਚ ਲਗਿਆ ਰਹਿੰਦਾ ਹੈ। ਉਸਦੇ ਘਰੋਗੀ ਹਾਲਾਤ ਉਸਨੂੰ ਵੱਖ-ਵੱਖ ਰਾਹਾਂ ਉਪਰ ਤੋਰਦੇ ਹਨ, ਪਰੰਤੂ ਉਸ ਅੰਦਰ ਕੁਝ ਖਾਸ ਕਰਨ ਦੀ ਇਛਾ ਜੇਕਰ ਪ੍ਰਬਲ ਹੋਵੇ ਤਾਂ ਰੋਜੀ-ਰੋਟੀ ਨਾਲ ਜੁੜੇ ਬਹੁ-ਪ੍ਰਕਾਰੀ ਕਿਤਿਆਂ ਵਿਚੋਂ ਵੀ ਉਹ ਆਪਣੀ ਇਛਾ ਨੂੰ ਪੂਰੀ ਕਰਨ ਦਾ ਵਕਤ ਕਢ ਹੀ ਲੈਂਦਾ ਹੈ। ਭਾਈ ਰਣਧੀਰ ਸਿੰਘ ਦੀ ਘਰੋਗੀ ਹਾਲਤ ਨੇ ਉਨ੍ਹਾਂ ਨੂੰ ਆਰਥਿਕ ਤੰਗੀ ਨਾਲ ਜੂਝਦਿਆਂ ਘਰ ਛਡਣ ਲਈ ਮਜਬੂਰ ਕੀਤਾ। ਫੌਜ ਵਿਚੋਂ ਮਿਲਿਆ ਅਨੁਸ਼ਾਸ਼ਨ ਉਨ੍ਹਾਂ ਨੂੰ ਤਮਾਮ ਉਮਰ ਅਨੁਸ਼ਾਸ਼ਤ ਰਹਿਣ ਵਿਚ ਸਹਾਈ ਹੋਇਆ। ਬਚਪਨ ਵਿਚ ਪੜ੍ਹੀ ਵਿਦਿਆ ਦਾ ਪਾਸਾਰ ਲਗਾਤਾਰ ਹੁੰਦਾ ਰਿਹਾ, ਭਾਵੇਂ ਉਹ ਫੌਜ ਵਿਚ ਰਹੇ ਜਾਂ ਕਲਕਤੇ ਵਿਚ ਹੋਟਲ ਚਲਾਉਂਦੇ ਰਹੇ। ਆਪਣੇ ਸ਼ੌਕ ਦੀ ਪੂਰਤੀ ਖਾਤਰ ਅਖਬਾਰਾਂ ਵਿਚ ਲੇਖ ਲਿਖਣੇ ਅਤੇ ਸੰਪਾਦਕੀ ਕਰਨੀ ਇਸ ਪੌੜੀ ਦਾ ਅਗਲਾ ਡੰਡਾ ਸਾਬਿਤ ਹੋਇਆ।

ਉਨ੍ਹਾਂ ਨੇ ਆਪਣੇ ਸਮਕਾਲੀ ਮਹੌਲ ਦਾ ਪ੍ਰਭਾਵ ਵੀ ਕਬੂਲਿਆ। ਪਹਿਲੇ ਵਿਸ਼ਵ ਯੁਧ ਨਾਲ ਹਿੰਦੋਸਤਾਨ ਲਈ ਅਜਾਦੀ ਦੀ ਲਹਿਰ ਦਾ ਆਗਾਜ਼ ਹੋਇਆ। ਇਸੇ ਸਮੇਂ ਗੁਰਦੁਆਰਾ ਸੁਧਾਰ ਲਹਿਰ ਚਲੀ। ਇੰਨ੍ਹਾਂ ਹਾਲਾਤਾਂ ਨੇ ਭਾਈ ਰਣਧੀਰ ਸਿੰਘ ਨੂੰ ਗੁਰਦੁਆਰਿਆਂ ਵਿਚ ਫੈਲੇ ਮਨਮਤੀ ਸਿਧਾਂਤਾਂ ਖਿਲਾਫ ਲਿਖਣ ਲਈ ਪ੍ਰੇਰਿਆ। ਉਨ੍ਹਾਂ ਦੀ ਲਿਖਤ ਵਿਚ ਅਧਿਆਤਮਿਕਤਾ ਦੀ ਵਿਆਖਿਆ ਬੌਧਿਕਤਾ ਨਾਲ ਹੋਈ ਸਾਨੂੰ ਮਿਲਦੀ ਹੈ। ਇਸ ਦੇ ਨਾਲ ਸਿੰਘ ਸਭਾ ਲਹਿਰ ਦੇ ਵਿਦਵਾਨਾਂ ਵਾਂਗ ਮਿਥਕ ਵਿਚਾਰਾਂ ਦਾ ਵੀ ਖੰਡਨ ਮਿਲਦਾ ਹੈ।

ਭਾਈ ਸਾਹਿਬ ਨੂੰ ਜਨਮ ਤੋਂ ਮਿਲੀ ਸਿੱਖੀ ਦੀ ਗੁੜਤੀ ਨੇ ਸਿਦਕਵਾਨ ਸਿੱਖ ਵਜੋਂ ਉਨ੍ਹਾਂ ਨੂੰ ਹਮੇਸ਼ਾ ਚੜ੍ਹਦੀ ਕਲਾ ਵਿਚ ਰਖਿਆ। ਉਨ੍ਹਾਂ ਦੇ ਘਰ ਹੁਣ ਤਕ ਨਿਆਸਰੇ ਨੂੰ ਆਸਰਾ ਦੇਣ ਅਤੇ ਦਸਬੰਧ ਪਰੰਪਰਾ ਉਪਰ ਅਮਲ ਦੀ ਰੀਤ ਨੂੰ ਹੁਣ ਤਕ ਦੇਖਿਆ ਜਾ ਸਕਦਾ ਹੈ। ਇਨ੍ਹਾਂ ਗੱਲਾਂ ਦਾ ਸੰਬੰਧ ਪਹਿਲੇ ਅਧਿਆਇ ਨਾਲ ਹੈ।

ਸਿੰਘ ਸਭਾ ਲਹਿਰ ਤੋਂ ਸਿੱਖਾਂ ਵਿਚ ਇਕ ਪਿਰਤ ਪਈ, ਜਿਹੜੀ ਸਿੱਖ ਇਤਿਹਾਸ ਅਤੇ ਰਹਿਤ ਮਰਯਾਦਾ ਨਾਲ ਮਿਲਦੇ ਸ੍ਰੋਤਾਂ ਨੂੰ ਵਿਗਿਆਨਕ ਢੰਗ ਨਾਲ ਸੰਪਾਦਤ ਕਰਨ ਦੀ ਸੀ। ਇਸ ਖੇਤਰ ਵਿਚ ਮੁਢਲਾ ਕਾਰਜ ਭਾਈ ਗੁਰਮੁਖ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਗਿਆਨੀ ਦਿੱਤ ਸਿੰਘ ਆਦਿ ਨੇ ਕੀਤਾ। ਇਸੇ ਲੜੀ ਨੂੰ ਭਾਈ

ਵੀਰ ਸਿੰਘ, ਡਾ. ਗੰਡਾ ਸਿੰਘ, ਪ੍ਰਿ. ਤੇਜਾ ਸਿੰਘ ਆਦਿ ਨੇ ਅਗੇ ਤੋਰਿਆ। ਭਾਈ ਰਣਧੀਰ ਸਿੰਘ ਸਿੰਘ ਸਭਾ ਲਹਿਰ ਦੇ ਦੂਸਰੇ ਪੂਰ ਦੇ ਵਿਆਖਿਆਕਾਰ ਵਜੋਂ ਉਭਰੇ ਹਨ। ਇੰਨ੍ਹਾਂ ਦੀਆਂ ਕਿਰਤਾਂ ਦੇ ਸਰਵੇਖਣ ਵਜੋਂ ਸਾਨੂੰ ਪ੍ਰਕਾਸ਼ਿਤ ਰੂਪ ਵਿਚ ਛੇ ਮੌਲਿਕ ਅਤੇ ਸੰਪਾਦਿਤ ਪੁਸਤਕਾਂ ਪ੍ਰਾਪਤ ਹੋਈਆਂ ਹਨ, ਜਿੰਨ੍ਹਾਂ ਵਿਚ *ਗੁਰਪ੍ਰਣਾਲੀਆਂ, ਪ੍ਰੇਮ ਸੁਮਾਰਗ ਗ੍ਰੰਥ, ਉਦਾਸੀ ਸਿੱਖਾਂ ਦੀ ਵਿਥਿਆ, ਸ੍ਰੀ ਗੁਰੂ ਗੋਬਿੰਦ ਜੀ ਦੀ ਸ਼ਬਦ ਮੂਰਤਿ (ਦਸਵੇਂ ਪਾਤਿਸ਼ਾਹ ਗ੍ਰੰਥ) ਦਾ ਇਤਿਹਾਸ, ਸ਼ਬਦਾਰਥ ਦਸਮ ਗ੍ਰੰਥ ਸਾਹਿਬ (ਤਿੰਨ ਭਾਗ), ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ* ਪ੍ਰਾਪਤ ਹੋਏ ਹਨ। ਇਸ ਤੋਂ ਇਲਾਵਾ ਵੱਖ-ਵੱਖ ਪੁਸਤਕਾਂ ਵਿਚ ਛਪੇ 22 ਖੋਜ-ਪਰਚੇ ਪ੍ਰਾਪਤ ਹੋਏ ਹਨ। ਇਹ ਸਾਰੀਆਂ ਕਿਰਤਾਂ ਇਸ ਗਲ ਦੀ ਗਵਾਹੀ ਭਰਦੀਆਂ ਹਨ ਕਿ ਉਨ੍ਹਾਂ ਨੇ ਮੂਲ ਸਰੋਤਾਂ ਤਕ ਪਹੁੰਚ ਕਿ ਸਿੱਖ ਇਤਿਹਾਸਿਕ ਅਤੇ ਸਾਹਿਤਕ ਸਰੋਤਾਂ ਨੂੰ ਸੰਪਾਦਨ ਕਰਨ ਦਾ ਨਿੱਗਰ ਉਪਰਾਲਾ ਕੀਤਾ।

ਭਾਈ ਰਣਧੀਰ ਸਿੰਘ ਦੀਆਂ ਰਚਨਾਵਾਂ ਦਾ ਵਿਸ਼ਲੇਸ਼ਣ ਕਰਨ ਤੇ ਉਨ੍ਹਾਂ ਦੁਆਰਾ ਵਰਤੀਆਂ ਗਈ ਵਿਧਾਵਾਂ ਵਿਆਖਿਆਕਾਰੀ, ਇਤਿਹਾਸਕਾਰੀ, ਆਲੋਚਨਾ ਅਤੇ ਕੋਸ਼ਕਾਰੀ ਆਦਿ ਦੇ ਰੂਪ ਵਿਚ ਸਾਡੇ ਸਨਮੁਖ ਹੁੰਦੀਆਂ ਹਨ। ਇੰਨ੍ਹਾਂ ਦੀ ਵਿਆਖਿਆਕਾਰੀ ਦਾ ਨਮੂਨਾ *ਸ਼ਬਦਾਰਥ ਸ੍ਰੀ ਦਸਮ ਗ੍ਰੰਥ ਸਾਹਿਬ, ਪ੍ਰੇਮ ਸੁਮਾਰਗ* ਆਦਿ ਵਿਚ ਮਿਲਦਾ ਹੈ। ਜਿਹੜਾ ਟੀਕਾਕਾਰੀ ਨੂੰ ਸ਼ਬਦ-ਅਰਥੀ ਰੂਪ ਵਿਚ ਪੇਸ਼ ਕਰਦਾ ਹੈ। ਇਤਿਹਾਸਿਕ ਲੇਖਣੀ ਦੇ ਰੂਪ ਵਿਚ ਭਾਈ ਸਾਹਿਬ ਦੀ ਪਹੁੰਚ ਬੌਧਿਕ ਹੈ। ਇਹ ਪੌਰਾਣਿਕ ਵਿਆਖਿਆਕਾਰੀ ਦਾ ਖੰਡਨ ਕਰਦੇ ਹਨ। *ਉਦਾਸੀ ਸਿੱਖਾਂ ਦੀ ਵਿਥਿਆ* ਵਿਚ ਉਨ੍ਹਾਂ ਨੇ ਸਿੱਖ ਇਤਿਹਾਸਕਾਰੀ ਵਿਚ ਬਾਬਾ ਸ੍ਰੀ ਚੰਦ ਅਤੇ ਉਦਾਸੀ ਸੰਪਰਦਾਇ ਸੰਬੰਧੀ ਪਾਏ ਅਨੇਕ ਭੁਲੇਖਿਆਂ ਦਾ ਖੰਡਨ ਕੀਤਾ ਹੈ। ਇਸ ਤੋਂ ਇਲਾਵਾ ਉਦਾਸੀ ਸਾਧੂਆਂ ਦੁਆਰਾ ਪਾਏ ਗਏ ਸਿੱਖੀ ਪ੍ਰਚਾਰ ਦੇ ਯੋਗਦਾਨ ਨੂੰ ਸਰੋਤਾਂ ਦੇ ਅਧਾਰ ਤੇ ਪਰਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਭਾਈ ਸਾਹਿਬ ਨੇ ਗੁਰਪ੍ਰਣਾਲੀਆਂ ਦੇ ਸੰਪਾਦਨ ਵਜੋਂ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਵੇਰਵਿਆਂ ਲਈ ਇਕ ਵਿਗਿਆਨਿਕ ਪ੍ਰਣਾਲੀ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਭਾਈ ਸਾਹਿਬ ਨੇ ਸਿੱਖ ਗ੍ਰੰਥਾਂ ਤੋ ਇਲਾਵਾ ਫਾਰਸੀ ਸਰੋਤਾਂ ਅਤੇ ਕੰਨ੍ਹ ਪਿਲੇ ਦੁਆਰਾ ਤਿਆਰ ਕੀਤੀ ਜੰਤਰੀ ਦੇ ਅਧਾਰ ਤੇ ਸਿੱਖ ਇਤਿਹਾਸ ਦੇ ਪ੍ਰਮੁਖ ਮਸਲੇ ਨੂੰ ਨਜਿਠਣ ਦੀ ਕੋਸ਼ਿਸ਼ ਕੀਤੀ ਹੈ। ਉਹ ਗੁਰੂ ਸਾਹਿਬਾਨ ਨਾਲ ਜੁੜੀਆਂ ਘਟਨਾਵਾਂ ਨੂੰ ਮਿਤੀ ਬੱਧ ਤਰੀਕੇ ਵਜੋਂ ਪਾਠਕਾਂ ਦੇ ਸਨਮੁਖ ਕਰਨਾ ਚਾਹੁੰਦੇ ਸਨ। ਇਹ ਪੁਸਤਕ ਨਾਨਕਸ਼ਾਹੀ ਕੈਲੰਡਰ ਦੇ ਮਸਲੇ ਨਾਲ ਜੁੜਿਆ ਬਹੁ-ਮੁਲਾ ਸਰੋਤ ਹੈ। ਇਸ ਵਿਚ ਸੰਪਾਦਕ ਨੇ ਆਪਣੇ ਦੁਆਰਾ ਪੇਸ਼ ਅਧਿਐਨ ਨੂੰ ਪਾਠਕਾਂ ਦੇ ਸਨਮੁਖ ਕੀਤਾ ਹੈ ਕਿ ਉਹ ਇਤਿਹਾਸਿਕ ਮਸਾਲੇ ਵਿਚੋਂ ਮੋਤੀ

ਲੱਭ ਸਕਣ। ਸ਼ਬਦ ਮੂਰਤ ਦਸਮ ਗ੍ਰੰਥ ਬਾਰੇ ਅਸੀਂ ਇਹ ਕਹਿ ਸਕਦੇ ਹਾਂ ਕਿ ਇਹ ਪੁਸਤਕ 'ਦਸਮ-ਗ੍ਰੰਥ ਸ਼ਬਦਾਰਥ ਦੀ' ਭੂਮਿਕਾ ਵਜੋਂ ਲਿਖੀ ਗਈ। ਇਸ ਵਿਚ ਵਾਧੇ ਕਰਕੇ ਭਾਈ ਸਾਹਿਬ ਨੇ ਸੁਤੰਤਰ ਪੁਸਤਕ ਦੇ ਰੂਪ ਵਿਚ ਛਾਪਿਆ। *ਸ਼ਬਦਾਰਥ* ਨੂੰ ਪੜ੍ਹਦਿਆਂ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਜਿਸ ਨੂੰ ਪ੍ਰਿੰਸੀਪਲ ਤੇਜਾ ਸਿੰਘ, ਨੇ ਤਿਆਰ ਕੀਤਾ ਦਾ ਧਿਆਨ ਵਾਰ ਵਾਰ ਮਨ ਵਿਚ ਆਉਂਦਾ ਹੈ। ਇਹ ਸ਼ਬਦਾਰਥ ਉਸੇ ਲੜੀ ਦਾ ਭਾਗ ਹੈ। *ਪ੍ਰੇਮ ਸੁਮਾਰਗ* ਖਾਲਸਾਈ ਰਹਿਤ ਨਾਲ ਜੁੜਿਆ ਦੁਰਲਭ ਸਰੋਤ ਹੈ। ਇਹ *ਸਿੱਖ ਰਹਿਤ ਮਰਯਾਦਾ* ਲਈ ਆਧਾਰ ਸਾਮਗਰੀ ਦਾ ਕਾਰਜ ਕਰਦਾ ਹੈ। ਭਾਈ ਸਾਹਿਬ ਨੇ ਆਪਣੀ ਸੰਪਾਦਨਾ ਦੁਆਰਾ ਗੁਰੂ ਗੋਬਿੰਦ ਸਿੰਘ ਜੀ ਸਮੇਂ ਦੇ ਸਿੱਖ ਸਮਾਜ ਦੀ ਤਸਵੀਰ ਇਸ ਵਿਚ ਪੇਸ਼ ਕੀਤੀ ਹੈ। ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ (ਪਹਿਲਾ ਭਾਗ) ਪੁਸਤਕ ਸਾਨੂੰ ਸਿੱਖ ਇਤਿਹਾਸ ਦੇ ਦਰਸ਼ਨ ਆਧੁਨਿਕ ਯੁਗ ਦੇ ਸਨਮੁਖ ਇਤਿਹਾਸ ਦੀ ਵਿਆਖਿਆ ਜਾਂ ਇਤਿਹਾਸਕਾਰੀ ਦੇ ਨਵੇਂ ਦਿਸਹੱਦੇ ਖੋਲਦੀ ਹੈ। ਸਮਕਾਲੀ ਇਤਿਹਾਸਕਾਰਾਂ ਜਿਵੇਂ ਗਿਆਨੀ ਗਿਆਨ ਸਿੰਘ ਆਦਿ ਦੀਆਂ ਲਿਖਤਾਂ ਉਪਰ ਇੰਨ੍ਹਾਂ ਨੇ ਆਪਣੀ ਰਾਇ ਦਿਤੀ। ਗੁਰੂ ਸਾਹਿਬਾਨ ਦੇ ਸਮਕਾਲੀ ਇਤਿਹਾਸਕਾਰਾਂ ਦਾ ਜੀਵਨ ਜਿਹੜਾ ਪਹਿਲਾਂ ਵਿਸਥਾਰ ਨਾਲ ਪੰਜਾਬੀ ਵਿਚ ਨਹੀਂ ਮਿਲਦਾ ਭਾਈ ਸਾਹਿਬ ਨੇ ਪੇਸ਼ ਕੀਤਾ। ਗੁਰੂ ਸਾਹਿਬਾਨ ਨਾਲ ਸੰਬੰਧਿਤ ਸਾਖੀਆਂ, ਹੁਕਮਨਾਮੇ ਆਦਿ ਦੀ ਆਲੋਚਨਾਤਮਕ ਜਾਣਕਾਰੀ ਇੰਨ੍ਹਾਂ ਦੇ ਪੇਸ਼ ਕੀਤੀ।

ਭਾਈ ਰਣਧੀਰ ਸਿੰਘ ਨੇ ਆਪਣੀ ਲਿਖਤ ਸਮਗਰੀ ਵਿਚੋਂ ਬਹੁਤ ਸਾਰੀਆਂ ਕਿਰਤਾਂ ਨੂੰ ਪ੍ਰਕਾਸ਼ਿਤ ਕਰਵਾ ਦਿਤਾ। ਪਰੰਤੂ ਫਿਰ ਵੀ ਕਾਫੀ ਸਮਗਰੀ ਅਣਛਪੀ ਹੀ ਪਈ ਹੈ। ਸਾਨੂੰ ਉਨ੍ਹਾਂ ਕੁਝ ਦੀਆਂ ਹੱਥ ਲਿਖਤਾਂ ਪ੍ਰਾਪਤ ਹੋਈਆਂ ਜਿਹੜੀਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਡਾ. ਗੰਡਾ ਸਿੰਘ ਰੈਫਰੈਂਸ ਲਾਇਬ੍ਰੇਰੀ ਦੇ ਹਥ ਲਿਖਤ ਸ਼ੈਕਸ਼ਨ ਵਿਚ ਮੌਜੂਦ ਹਨ।

ਇੰਨ੍ਹਾਂ ਵਿਚ ਹਮਾਯੂੰ ਨਾਮਾ ਦਾ ਪੰਜਾਬੀ ਅਨੁਵਾਦ, ਸਤਿਗੁਰੂ ਦੇ ਮੁਹੈ ਦੀਆਂ ਸਾਖੀਆਂ ਦਾ ਉਤਾਰਾ, ਦਸਮ ਗ੍ਰੰਥ ਦੀਵਾਨ ਖਾਨਾ ਸੰਗਰੂਰ, ਭਾਈ ਦੁਰਗਾ ਦਾਸ ਪਾਸ ਹੁਕਮਨਾਮੇ, ਗੁਰੂ ਕੀਆਂ ਸਾਖੀਆਂ, ਭਾਈ ਲਖਣਹਿਤੋਪਦੇਸ਼ ਆਦਿ ਦਾ ਸੰਕਲਨ ਅਤੇ ਵਰਗੀਕਰਨ ਕੀਤਾ ਹੈ। ਇਹ ਸਿੱਖ ਸਾਹਿਤ ਦੀ ਵੱਖੋ-ਵੱਖਰੀਆਂ ਵਿਧਾਵਾਂ ਇਤਿਹਾਸ, ਰਹਿਤਨਾਮੇ, ਵਿਆਖਿਆ ਨਾਲ ਸੰਬੰਧਿਤ ਹਨ। ਇੰਨ੍ਹਾਂ ਵਿਚੋਂ ਬਹੁਤੀਆਂ ਲਿਖਤਾਂ ਪ੍ਰਕਾਸ਼ਿਤ ਵੀ ਹਨ ਜਿਵੇਂ ਹਮਾਯੂਨਾਮਾ ਕ੍ਰਿਤ ਗੁਲਬਦਨ ਬੇਗਮ ਫਾਰਸੀ ਅਤੇ ਹਿੰਦੀ ਵਿਚ ਛਪਿਆ ਮਿਲਦਾ ਹੈ, ਸਤਿਗੁਰੂ ਜੀ ਦੇ ਮੁਹੈ ਦੀਆਂ ਸਾਖੀਆਂ ਨਰਿੰਦਰ ਕੌਰ ਭਾਟੀਆ ਨੇ ਸੰਪਾਦਿਤ ਕੀਤੀਆਂ ਹਨ। ਦਸਮ ਗ੍ਰੰਥ ਦੀਵਾਨਖਾਨਾ ਸੰਗਰੂਰ ਦਾ ਵੇਰਵਾ ਭਾਈ ਰਣਧੀਰ ਸਿੰਘ, ਰਤਨ ਸਿੰਘ ਜੱਗੀ, ਪਿਆਰਾ ਸਿੰਘ

ਪਦਮ ਆਦਿ ਦੀਆਂ ਪੁਸਤਕਾਂ ਵਿਚ ਮਿਲਦਾ ਹੈ। ਇਸ ਤੋਂ ਇਲਾਵਾ ਹੋਰ ਪੁਸਤਕਾਂ ਵੀ ਕਿਸੇ ਨਾ ਕਿਸੇ ਰੂਪ ਵਿਚ ਪ੍ਰਾਪਤ ਹਨ। ਅਸੀਂ ਖੋਜ ਕਾਰਜ ਵਿਚ ਹਮਾਯੂੰਨਾਮਾ ਦੇ ਪੰਜਾਬੀ ਅਨੁਵਾਦ ਦੇ ਮੂਲ ਪਾਠ, ਪਾਦਸ਼ਾਹ ਬੁਰੰਜੀ ਅਤੇ ਸਤਿਗੁਰੂ ਦੇ ਮੁਹੈਂ ਦੀਆਂ ਸਾਖੀਆਂ ਦੇ ਪਾਠਾਂ ਨੂੰ ਸ਼ਾਮਿਲ ਕੀਤਾ ਹੈ।

**ਉਪਲਬਧੀਆਂ**

ਉਪਰੋਕਤ ਅਧਿਆਇਆਂ ਨੂੰ ਨੇਪਰੇ ਚਾੜ੍ਹਦਿਆਂ ਸਾਡੇ ਸਾਹਮਣੇ ਕੁਝ ਤੱਥ ਪ੍ਰਗਟ ਹੋਏ ਹਨ:

1. ਭਾਈ ਸਾਹਿਬ ਇਕ ਕਿਰਤੀ ਪਰਿਵਾਰ ਵਿਚ ਪੈਦਾ ਹੋਏ ਅਸਾਧਾਰਨ ਸ਼ਖਸ਼ੀਅਤ ਦੇ ਮਾਲਕ ਸਨ। ਇੰਨ੍ਹਾਂ ਨੇ ਭਾਵੇਂ ਉਪਾਧੀ ਸਾਪੇਖ ਜਾਂ ਵਿਧੀਵਧ ਢੰਗ ਦੀ ਪਛਮੀ ਸਿੱਖਿਆ ਗ੍ਰਹਿਣ ਨਹੀਂ ਕੀਤੀ, ਫਿਰ ਵੀ ਸਿੱਖ ਇਤਿਹਾਸ ਨੂੰ ਸਮਝਣ ਦੀ ਆਪਣੀ ਬੌਧਿਕ ਸੂਝ ਨਾਲ ਆਪਣੇ ਆਪ ਨੂੰ ਵਿਦਵਾਨਾਂ ਦੀ ਕਤਾਰ ਵਿਚ ਸ਼ਾਮਿਲ ਕੀਤਾ।
2. ਉਨ੍ਹਾ ਨੇ ਸਿੱਖ ਗ੍ਰੰਥਾਂ ਅਤੇ ਇਤਿਹਾਸ ਦੀ ਸਿੰਘ ਸਭਾਈ ਵਿਆਖਿਆ ਕੀਤੀ ਜਿਸ ਵਿਚ ਪੌਰਾਣਿਕ ਵਿਆਖਿਆਕਾਰੀ ਦੀ ਥਾਂ ਬੌਧਿਕ ਵਿਆਖਿਆ ਨੂੰ ਮਾਨਤਾ ਦਿੱਤੀ ਗਈ।
3. ਉਨ੍ਹਾਂ ਦੀ ਇਤਿਹਾਸਕਾਰੀ ਵਿਚ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਨਾਲ ਜੁੜੀਆਂ ਮਿਤੀਆਂ ਦਾ ਵਿਸ਼ੇਸ਼ ਰੂਪ ਵਿਚ ਧਿਆਨ ਰਖਿਆ ਗਿਆ ਹੈ। ਇਸ ਨਾਲ ਉਨ੍ਹਾ ਦੇ ਜੀਵਨ ਵੇਰਵਿਆਂ ਦਾ ਪ੍ਰਮਾਣ ਠੋਸ ਹੋ ਜਾਂਦਾ ਹੈ।
4. ਸਿੰਘ ਸਭਾ ਲਹਿਰ ਸਮੇਂ ਸਿੱਖ ਪਛਾਣ ਦਾ ਮਸਲਾ ਗੰਭੀਰ ਰੂਪ ਧਾਰਨ ਕਰ ਗਿਆ ਸੀ। ਭਾਈ ਕਾਨ੍ਹ ਸਿੰਘ ਨਾਭਾ, ਭਾਈ ਗੁਰਮੁਖ ਸਿੰਘ ਅਤੇ ਭਾਈ ਦਿੱਤ ਸਿੰਘ ਵਰਗੇ ਵਿਦਵਾਨ ਸਿੱਖ ਸ਼ਨਾਖਤ ਨੂੰ ਲੈ ਕੇ ਆਪਣੀਆਂ ਲਿਖਤਾਂ ਰਾਹੀਂ ਪ੍ਰਮਾਣਿਕ ਸਿੱਖ ਰਹਿਤ ਦਾ ਸਰੂਪ ਤਿਆਰ ਕਰਨ ਲਗੇ ਹੋਏ ਸਨ। ਉਨ੍ਹਾਂ ਦਾ ਅਨੁਸਰਣ ਕਰਦਿਆਂ ਭਾਈ ਰਣਧੀਰ ਸਿੰਘ ਨੇ ਵੀ ਸਿੱਖ ਰਹਿਤ ਨਾਲ ਜੁੜੇ ਗ੍ਰੰਥ ਪ੍ਰੇਮ ਸੁਮਾਰਗ ਨੂੰ ਸੰਪਾਦਿਤ ਕਰਦਿਆਂ ਵਿਸ਼ਾਲ ਭੂਮਿਕਾ ਵਿਚ ਸਿੱਖ ਸ਼ਖਸ਼ੀਅਤ ਦੀ ਪਰਿਭਾਸ਼ਾ ਦੇਣ ਦਾ ਸਾਰਥਕ ਜਤਨ ਕੀਤਾ ਹੈ।
5. ਭਾਈ ਸਾਹਿਬ ਸਾਰੀ ਉਮਰ ਇਸ ਖਿਆਲ ਨਾਲ ਜੁੜੇ ਰਹੇ ਕਿ ਦਸਮ ਗ੍ਰੰਥ ਦੀ ਬਾਣੀ ਗੁਰੂ ਗੋਬਿੰਦ ਸਿੰਘ ਦੀ ਜੀ ਦੀ ਰਚੀ ਹੋਈ ਹੈ। ਇਸ ਖਿਆਲ ਦੀ ਪ੍ਰੋੜ੍ਹਤਾ ਲਈ ਉਨ੍ਹਾਂ ਨੇ ਕਈ ਪੁਸਤਕਾਂ ਅਤੇ ਲੇਖ ਲਿਖੇ।
6. ਭਾਈ ਸਾਹਿਬ ਦੀ ਪੁਸਤਕ 'ਗੁਰਪ੍ਰਣਾਲੀਆਂ' ਗੁਰ-ਇਤਿਹਾਸ ਦੀਆਂ ਘਟਨਾਵਾਂ ਨੂੰ ਇਤਿਹਾਸਿਕ

ਪ੍ਰਮਾਣਿਕਤਾ ਦੇ ਰੂਪ ਵਿਚ ਪੇਸ਼ ਕਰਦੀ ਹੈ। ਅਸੀਂ ਇਹ ਮੰਨਦੇ ਹਾਂ ਕਿ ਇਹ ਸਿੱਖ ਕੈਲੰਡਰ ਨਾਲ ਜੁੜਿਆ ਮੁਢਲਾ ਅਤੇ ਪੁਖਤਾ ਕਦਮ ਹੈ।

7. ਉਦਾਸੀ ਸੰਪਰਦਾਇ ਸਿੱਖ ਪੰਥ ਦੀ ਸੰਪਰਦਾ ਹੈ ਅਤੇ ਇਸ ਦਾ ਸਿੱਖ ਪ੍ਰਚਾਰ-ਪ੍ਰਸਾਰ ਵਿਚ ਬਹੁਤ ਵਡਾ ਯੋਗਦਾਨ ਹੈ। ਇਸ ਗਲ ਦੀ ਵਕਾਲਤ 'ਉਦਾਸੀ ਸਿੱਖਾਂ ਦੀ ਵਿਥਿਆ' ਕਰਦੀ ਹੈ। ਇਸ ਦੇ ਰਚਣ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਦਾਸੀਆਂ ਨਾਲ ਉਲਝੀ ਹੋਈ ਸੀ । ਫਿਰ ਵੀ ਉਸ ਸਮੇਂ ਇਸ ਪੁਸਤਕ ਦਾ ਇਸ ਸੰਸਥਾ ਵਲੋਂ ਛਪਣਾ ਉਦਾਸੀਆਂ ਨਾਲ ਝਗੜਿਆਂ ਨੂੰ ਦੂਰ ਕਰਕੇ ਨੇੜੇ ਲਾਉਣ ਲਈ ਚੰਗਾ ਜਤਨ ਸੀ।
8. ਹਮਾਯੂੰਨਾਮਾ ਪੁਸਤਕ ਜੋ ਹਿੰਦੀ ਅਤੇ ਅੰਗਰੇਜ਼ੀ ਵਿਚ ਉਪਲਬਧ ਹੈ, ਭਾਈ ਸਾਹਿਬ ਵਲੋਂ ਇਸ ਦਾ ਪੰਜਾਬੀ ਵਿਚ ਅਨੁਵਾਦ ਕਰਨਾ ਪੰਜਾਬੀ ਅਨੁਵਾਦ ਦੇ ਖੇਤਰ ਦੀ ਇਕ ਪ੍ਰਾਪਤੀ ਮੰਨਿਆ ਜਾ ਸਕਦਾ ਹੈ। ਇਸ ਦੇ ਨਾਲ *ਪਾਦਸ਼ਾਹ ਬੁਰੰਜੀ* ਨਾਮੀ ਮੌਖਿਕ ਆਸਾਮੀ ਸਾਹਿਤ ਦਾ ਭਾਗ ਕੁਝ ਲਿਖਤਾਂ ਜਿਹੜੀਆਂ ਵਿਚੋਂ ਗੁਰੂ ਤੇਗ ਬਹਾਦਰ ਸਾਹਿਬ ਨਾਲ ਸੰਬੰਧਿਤ ਭਰੋਸੇਯੋਗ ਸੂਚਨਾਵਾਂ ਮਿਲਦੀਆਂ ਹਨ, ਦੇ ਅਨੁਵਾਦ ਨਾਲ ਗੁਰੂ ਸਾਹਿਬ ਦੇ ਆਸਾਮੀ ਦੌਰੇ ਉਪਰ ਇਕ ਨਵੀਂ ਰੌਸ਼ਨੀ ਪੈਂਦੀ ਹੈ।

**ਸੰਭਾਵਨਾਵਾਂ**

ਭਾਈ ਸਾਹਿਬ ਦੀ ਸ਼ਖਸ਼ੀਅਤ ਅਤੇ ਰਚਨਾ ਨਾਲ ਜੁੜੇ ਇਸ ਕਾਰਜ ਨੂੰ ਕਰਦਿਆਂ ਸਾਨੂੰ ਕੁਝ ਸੰਭਾਵਨਾਵਾਂ ਨਜਰ ਆਈਆਂ ਹਨ:

1. ਭਾਈ ਸਾਹਿਬ ਦੇ ਜੀਵਨ ਦਾ ਅਧਿਐਨ ਕਰਦਿਆਂ ਸਾਨੂੰ ਪਤਾ ਲਗਾ ਹੈ ਕਿ ਉਨ੍ਹਾਂ ਦਾ ਬਹੁਤ ਸਾਰਾ ਹੱਥ ਲਿਖਤ ਸਾਹਿਤ ਅਣਪ੍ਰਕਾਸ਼ਿਤ ਪਿਆ ਹੈ। ਇਸ ਦਾ ਕੁਝ ਵੇਰਵਾ ਅਸੀਂ ਹਥਲੇ ਖੋਜ ਕਾਰਜ ਵਿਚ ਦਿਤਾ ਹੈ। ਪਰੰਤੂ ਬਹੁਤ ਸਾਰੀ ਸਮਗਰੀ ਸਾਨੂੰ ਪ੍ਰਾਪਤ ਨਹੀਂ ਹੋਈ ਅਤੇ ਉਨ੍ਹਾਂ ਦੇ ਪਰਿਵਾਰ ਕੋਲ ਵੀ ਉਨ੍ਹਾਂ ਦੀ ਇਹ ਸਮਗਰੀ ਨਹੀਂ ਹੈ। ਜੇਕਰ ਇਹ ਪ੍ਰਾਪਤ ਹੋ ਜਾਵੇ ਤਾਂ ਉਂਨ੍ਹਾਂ ਦੀ ਰਚਨਾ ਦਾ ਹੋਰ ਭੰਡਾਰ ਵੀ ਪਾਠਕਾਂ ਦੇ ਸਨਮੁਖ ਹੋ ਸਕਦਾ ਹੈ।
2. ਉਨ੍ਹਾਂ ਦੁਆਰਾ ਸ਼ੁਰੂ ਕੀਤੇ ਗੁਰਪ੍ਰਣਾਲੀਆਂ ਦੇ ਅਧਿਐਨ ਦਾ ਨੋਟਿਸ ਸਾਡੇ ਵਿਦਵਾਨਾਂ ਦੁਆਰਾ ਵਡੇ ਪੱਧਰ ਉਤੇ ਨਹੀਂ ਲਿਆ ਗਿਆ। ਜੇਕਰ ਇਹ ਅਧਿਐਨ ਨੂੰ ਅਗੇ ਵਧਾਇਆ ਜਾਵੇ ਤਾਂ ਸਿੱਖ ਕੈਲੰਡਰ ਨਾਲ ਜੁੜੇ ਮਸਲਿਆਂ ਉਪਰ ਨਵੀਂ ਰੌਸ਼ਨੀ ਪੈ ਸਕਦੀ ਹੈ।

## ABSTRACT

Bhai Randhir Singh Research Scholar was a member of Sikh scholarship, who was the great sikh personality accepted the research in Sikhism as a profession. He was born in Dumcheri, a village in Malwa, and could only attend school until the eighth. Nevertheless, in addition to his expertise in Hindi, Punjabi, Urdu and Persian, he also studied English. Apart from serving in Army, he served as the Inspector in the Shiromani Gurdwara Parbandhak Committee, as a Research Scholar at Punjabi University, Patiala and the editor of the newspapers (Akali and Pardesi). Along with all of these, as the scholar of the Sikh History Society, he was indefatigable worker for collection of literary material in the Sikh Reference Library, Amritsar with Dr. Ganda Singh.

This research work concerned with the writings of Bhai Randhir Singh. We collected his writings from many libraries. It divided in four chapters. First chapter deals with the life and contemporary conditions of Bhai Randhir Singh. Second is the brief introduction of his writings, third is an analysis of his work, in this we divide his work in two major categories Interpretation and Historiography of Sikh Scripture and historical sources. In the fourth chapter we include the unpublished work of Bhai Randhir Singh.

It is evident from Bhai Randhir Singh's writings that knowledge of various languages like Sanskrit, Arabi, Farsi etc. is necessary for research. This is due to the fact that these languages has been used in all Sikh Religious literatures. Fundamentals of Sikhism relates to philosophical and historical aspects.

In the end we can say Bhai Randhir Singh was a genius. Who has given the glorious writings to Sikh Literature.

**ਭਾਈ ਰਣਧੀਰ ਸਿੰਘ (ਰਿਸਰਚ ਸਕਾਲਰ) ਦਾ ਰਚਨਾ ਸੰਸਾਰ:ਸਰਵੇਖਣ ਤੇ ਵਿਸ਼ਲੇਸ਼ਣ**

**(ਸਿਧਾਂਤਕ ਤੇ ਇਤਿਹਾਸਕ ਪਰਿਪੇਖ)**

**ਅਬਸਟ੍ਰੈਕਟ**


ਭਾਈ ਰਣਧੀਰ ਸਿੰਘ ਰਿਸਰਚ ਸਕਾਲਰ ਸਿੱਖ ਪੰਥ ਦੇ ਖੋਜੀ ਪਰਿਵਾਰ ਦੇ ਇਕ ਅਜਿਹੇ ਮੈਂਬਰ ਸਨ, ਜਿਨ੍ਹਾਂ ਨੇ ਸਿੱਖੀ ਸਿਦਕ ਨਿਭਾਉਣ ਦੇ ਨਾਲ-ਨਾਲ ਸਿੱਖ ਇਤਿਹਾਸ ਵਿਚ ਖੋਜ ਨੂੰ ਆਪਣਾ ਸ਼ੌਕ ਅਤੇ ਕਿੱਤਾ ਬਣਾ ਕੇ ਜੀਵਨ ਜੀਵਿਆ। ਉਹ ਮਾਲਵੇ ਦੇ ਪਿੰਡ ਡੂਮਛੇੜੀ ਵਿਚ ਪੈਦਾ ਹੋਏ ਅਤੇ ਸਕੂਲੀ ਪੜ੍ਹਾਈ ਕੇਵਲ ਅਠਵੀਂ ਤੱਕ ਹੀ ਕਰ ਸਕੇ। ਫਿਰ ਵੀ ਉਹ ਹਿੰਦੀ, ਪੰਜਾਬੀ, ਉਰਦੂ ਅਤੇ ਫਾਰਸੀ ਵਿਚ ਮੁਹਾਰਤ ਤੋਂ ਇਲਾਵਾ ਅੰਗਰੇਜ਼ੀ ਵੀ ਪੜ੍ਹ ਲਿਖ ਲੈਂਦੇ ਸਨ। ਉਨ੍ਹਾਂ ਨੇ ਫੌਜ ਵਿਚ ਨੌਕਰੀ ਕਰਨ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਬਤੌਰ ਇੰਸਪੈਕਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਰਿਸਰਚ ਸਕਾਲਰ ਵਜੋਂ ਅਤੇ ਅਖਬਾਰਾਂ ਦੇ ਸੰਪਾਦਕ ( ਅਕਾਲੀ ਅਤੇ ਪ੍ਰਦੇਸੀ) ਵਜੋਂ ਵੀ ਕਾਰਜ ਕੀਤਾ। ਇੰਨ੍ਹਾਂ ਸਭਨਾਂ ਦੇ ਨਾਲ ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਵਿਚਲੀ ਸਾਹਿਤਕ ਸਮਗਰੀ ਇਕਠੀ ਕਰਨ ਵਾਲਿਆਂ 'ਸਿੱਖ ਹਿਸਟਰੀ ਸੋਸਾਇਟੀ' ਦੇ ਵਿਦਵਾਨਾਂ ਵਿਚ ਡਾ. ਗੰਡਾ ਸਿੰਘ ਦੇ ਨਾਲ ਮੋਹਰੀ ਸ਼ਖਸ਼ੀਅਤਾਂ ਵਿਚ ਇਨ੍ਹਾਂ ਦਾ ਨਾਮ ਆਉਂਦਾ ਹੈ।

ਹਥਲਾ ਖੋਜ-ਕਾਰਜ ਭਾਈ ਰਣਧੀਰ ਸਿੰਘ ਦੀ ਜੀ ਦੇ ਰਚਨਾ ਸੰਸਾਰ ਨਾਲ ਸੰਬੰਧਿਤ ਹੈ। ਇਸ ਵਿਚ ਇਨ੍ਹਾਂ ਦੁਆਰਾ ਰਚਿਤ, ਸੰਪਾਦਿਤ, ਵਿਆਖਿਆਤਮਕ ਅਤੇ ਅਨੁਵਾਦਿਤ ਸਾਹਿਤ ਸ਼ਾਮਿਲ ਹੈ। ਅਸੀਂ ਇਨ੍ਹਾਂ ਦੀਆਂ ਸਾਹਿਤਕ ਵਿਧਾਵਾਂ ਦਾ ਸਰਵੇਖਣ ਅਤੇ ਵਿਸ਼ਲੇਸ਼ਣ ਚਾਰ ਅਧਿਆਇਆਂ ਵਿਚ ਵੰਡ ਕੇ ਕਰਨ ਦਾ ਜਤਨ ਕੀਤਾ ਹੈ। ਅੰਤ ਵਿਚ ਸਾਰ ਅਤੇ ਸਥਾਪਨਾ ਦੇ ਰੂਪ ਖੋਜ ਕਾਰਜ ਨੂੰ ਸਮੇਟਿਆ ਗਿਆ ਹੈ। ਸਾਡੇ ਖੋਜ ਕਾਰਜ ਦਾ ਘੇਰਾ ਇਸ ਦੀ ਸਿਧਾਂਤਿਕਤਾ ਅਤੇ ਇਤਿਹਾਸਿਕਤਾ ਤੱਕ ਪਸਰਿਆ ਹੋਇਆ ਹੈ।

ਭਾਈ ਰਣਧੀਰ ਸਿੰਘ ਦੀਆਂ ਲਿਖਤਾਂ ਵਿਚੋਂ ਪਤਾ ਲਗਦਾ ਹੈ ਕਿ ਖੋਜ ਲਈ ਪੁਰਾਣੀਆਂ ਭਾਸ਼ਾਵਾਂ ਜਿਵੇਂ ਸੰਸਕ੍ਰਿਤ, ਅਰਬੀ, ਫਾਰਸੀ ਆਦਿ ਦੀ ਜਾਣਕਾਰੀ ਬਹੁਤ ਜਰੂਰੀ ਹੈ। ਇਸ ਦਾ ਮੁਢਲਾ ਕਾਰਨ ਧਰਮ ਗ੍ਰੰਥਾਂ ਅਤੇ ਸਿੱਖ ਧਰਮ ਨਾਲ ਜੁੜੇ ਸਰੋਤਾਂ ਵਿਚ ਇੰਨ੍ਹਾਂ ਭਾਸ਼ਾਵਾਂ ਦੀ ਹੋਈ ਵਰਤੋਂ ਹੈ। ਸਿੱਖ ਪੰਥ ਦੇ ਮੁਢਲੇ ਅਸੂਲਾਂ ਦੀ ਸਮਝ ਦਰਸ਼ਨ ਅਤੇ ਇਤਿਹਾਸਕਾਰੀ ਦੇ ਖੇਤਰ ਨਾਲ ਜੁੜਦੀ ਹੈ। ਭਾਈ ਸਾਹਿਬ ਦੀਆਂ ਲਿਖਤਾਂ ਇਸ ਗਲ ਨੂੰ ਪੁਸ਼ਟ ਕਰਦੀਆਂ ਹਨ।

ਇਸ ਖੋਜ ਕਾਰਜ ਨੂੰ ਕਰਦਿਆਂ ਇਹ ਮਹਿਸੂਸ ਹੋਇਆ ਹੈ ਕਿ ਸਿੱਖ-ਖੋਜੀ ਲਈ ਸਿਖੀ ਅਤੇ ਅਕਾਦਮਿਕਤਾ ਨਾਲ ਏਕਤਾ ਦੀ ਜਿਹੜੀ ਜਰੂਰਤ ਹੈ ਉਸ ਨੂੰ ਭਾਈ ਸਾਹਿਬ ਪੂਰਾ ਕਰਦੇ ਹਨ। ਉਨ੍ਹਾਂ ਦੀਆਂ ਲਿਖਤਾਂ ਕਿਤੇ ਵੀ ਉਲਾਰੂ ਬਿਰਤੀ ਦਾ ਸ਼ਿਕਾਰ ਨਹੀਂ ਹੁੰਦੀਆਂ।

# ਘੋਸ਼ਣਾ ਪੱਤਰ

ਮੈਂ ਬਿਆਨ ਕਰਦਾ ਹਾਂ ਕਿ **ਭਾਈ ਰਣਧੀਰ ਸਿੰਘ (ਰਿਸਰਚ ਸਕਾਲਰ) ਦਾ ਰਚਨਾ ਸੰਸਾਰ: ਸਰਵੇਖਣ ਤੇ ਵਿਸ਼ਲੇਸ਼ਣ (ਸਿਧਾਂਤਕ ਤੇ ਇਤਿਹਾਸਕ ਪਰਿਪੇਖ)** ਵਿਸ਼ੇ ਉਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਗਿਆ ਹੋਵੇ।

ਤੇਜਿੰਦਰ ਕੌਰ

**ਡਾ. ਤੇਜਿੰਦਰ ਕੌਰ ਧਾਲੀਵਾਲ**
ਨਿਗਰਾਨ,
ਸਹਾਇਕ ਪ੍ਰੋਫੈਸਰ
ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਨਿਰਵੈਰ ਸਿੰਘ

**ਨਿਰਵੈਰ ਸਿੰਘ**
ਖੋਜਾਰਥੀ

# ਧੰਨਵਾਦ


1. ਇਸ ਖੋਜ-ਕਾਰਜ ਲਈ ਸਭ ਤੋਂ ਪਹਿਲਾ ਧੰਨਵਾਦ ਪਰਮਾਤਮਾ ਦਾ ਜਿਸ ਦੀ ਕਿਰਪਾ ਨਾਲ ਸੋਚ-ਵਿਚਾਰ ਦੀ ਸ਼ਕਤੀ ਮਨੁੱਖ ਅੰਦਰ ਕਾਰਜਸ਼ੀਲ ਹੈ।
2. ਮੇਰੇ ਮਾਤਾ-ਪਿਤਾ ਅਤੇ ਸਮੂਹ ਪਰਿਵਾਰ ਦਾ ਧੰਨਵਾਦ ਜਿੰਨ੍ਹਾਂ ਨੇ ਜਨਮ ਤੋਂ ਲੈ ਕੇ ਮੇਰੀ ਹਰ ਇਛਾ ਦੀ ਪੂਰਤੀ ਲਈ ਹਰ ਸੰਭਵ ਕੋਸ਼ਿਸ਼ ਕੀਤੀ।
3. ਮੇਰੇ ਅਧਿਆਪਕ ਸਾਹਿਬਾਨ ਦਾ ਧੰਨਵਾਦ, ਜਿੰਨ੍ਹਾਂ ਨੇ ਮੈਨੂੰ ਇਸ ਪੜਾਅ 'ਤੇ ਪਹੁੰਚਣ ਵਿਚ ਮਦਦ ਕੀਤੀ ਅਤੇ ਮੈਂ ਇਸ ਉਪਾਧੀ-ਸਾਪੇਖ ਕਾਰਜ ਬਾਰੇ ਸੋਚਣ ਯੋਗ ਹੋਇਆ।
4. ਡਾ. ਤੇਜਿੰਦਰ ਕੌਰ ਧਾਲੀਵਾਲ ਦਾ ਬਹੁਤ ਧੰਨਵਾਦ, ਜਿੰਨ੍ਹਾਂ ਦੀ ਅਗਵਾਈ ਵਿਚ ਇਹ ਕਾਰਜ ਉਲੀਕਿਆ ਅਤੇ ਪ੍ਰਵਾਨ ਚੜ੍ਹਿਆ।
5. ਭਾਈ ਰਣਧੀਰ ਸਿੰਘ ਦੇ ਪਰਿਵਾਰ ਖਾਸ ਕਰਕੇ ਉਨ੍ਹਾਂ ਦੇ ਪੁਤਰ ਸ. ਹਰਜੀਤ ਸਿੰਘ, ਬੀਬੀ ਗੁਰਦੀਪ ਕੌਰ (ਸਪੁਤਰੀ) ਅਤੇ ਪ੍ਰੋ. ਜਤਿੰਦਰਪਾਲ ਸਿੰਘ (ਭਾਈ ਰਣਧੀਰ ਸਿੰਘ ਦੇ ਦੋਹਤੇ ਅਤੇ ਬੀਬੀ ਗੁਰਦੀਪ ਕੌਰ ਦੇ ਸਪੁਤਰ) ਅਤੇ ਉਨ੍ਹਾਂ ਦੇ ਸਮੂਹ ਪਰਿਵਾਰ ਦਾ ਤਹਿ ਦਿਲੋਂ ਧੰਨਵਾਦ ਜਿੰਨ੍ਹਾਂ ਨੇ ਭਾਈ ਸਾਹਿਬ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਜੁੜੀ ਜਾਣਕਾਰੀ ਦੇ ਕੇ ਕ੍ਰਿਤਾਰਥ ਕੀਤਾ।
6. ਵੱਖ-ਵੱਖ ਅਦਾਰਿਆਂ ਜਿਵੇਂ ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ; ਭਾਈ ਗੁਰਦਾਸ ਲਾਇਬ੍ਰੇਰੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ; ਭਾਸ਼ਾ ਵਿਭਾਗ, ਪੰਜਾਬ; ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ; ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ; ਦੇ ਸਟਾਫ ਦਾ ਧੰਨਵਾਦ, ਜਿੰਨ੍ਹਾਂ ਦੀ ਮਦਦ ਨਾਲ ਵੱਖ-ਵਖ ਲਿਖਤਾਂ ਦਾ ਅਧਿਐਨ ਕਰ ਸਕਿਆ।
7. ਡਾ. ਗੰਡਾ ਸਿੰਘ ਪੰਜਾਬੀ ਰੈਫਰੈਂਸ ਲਾਇਬ੍ਰੇਰੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਟਾਫ ਦਾ ਬਹੁਤ ਧੰਨਵਾਦ, ਜਿੰਨ੍ਹਾਂ ਨੇ ਭਾਈ ਰਣਧੀਰ ਸਿੰਘ ਦੀ ਹਥ-ਲਿਖਤ ਸਮਗਰੀ ਮੁਹਈਆ ਕਰਵਾਈ।
8. ਪ੍ਰੋ. ਪਿਆਰਾ ਸਿੰਘ ਪਦਮ ਦੀ ਸਪੁਤਰੀ ਡਾ. ਹਰਜਿੰਦਰ ਕੌਰ ਦਾ ਧੰਨਵਾਦ, ਜਿੰਨ੍ਹਾਂ ਤੋਂ ਮੈਨੂੰ ਭਾਈ ਸਾਹਿਬ ਬਾਰੇ ਜਾਣਕਾਰੀ ਮਿਲੀ।
9. ਮੇਰੇ ਦੋਸਤਾਂ-ਮਿਤਰਾਂ ਦਾ ਧੰਨਵਾਦ ਜਿੰਨ੍ਹਾਂ ਨੇ ਇਸ ਕਾਰਜ ਲਈ ਸਮਗਰੀ ਜੁਟਾਉਣ ਵਿਚ ਮਦਦ ਕੀਤੀ।

**ਨਿਰਵੈਰ ਸਿੰਘ**

# ਭੂਮਿਕਾ

ਭਾਈ ਰਣਧੀਰ ਸਿੰਘ ਸਿੱਖ ਪੰਥ ਦੇ ਖੋਜੀ-ਵਿਦਵਾਨਾਂ ਦੀ ਸ਼੍ਰੇਣੀ ਵਿਚ ਵਿਸ਼ੇਸ਼ ਥਾਂ ਰਖਦੇ ਹਨ। ਉਨ੍ਹਾਂ ਦਾ ਜੀਵਨ ਕਾਲ (1898-1974 ਈ.) ਸਿੱਖ ਪੰਥ ਦੇ ਬਹੁਤ ਸਾਰੇ ਮਸਲਿਆਂ ਅਤੇ ਉਨ੍ਹਾਂ ਨੂੰ ਨਜਿਠਣ ਲਈ ਸਿੱਖਾਂ ਵਿਚ ਉਠੀਆਂ ਲਹਿਰਾਂ ਨਾਲ ਜੁੜਿਆ ਹੋਇਆ ਹੈ। ਇਸ ਸਮੇਂ ਅੰਗਰੇਜ਼ ਪੰਜਾਬ ਵਿਚ ਪੂਰੀ ਤਰ੍ਹਾਂ ਪੈਰ ਜਮਾ ਕੇ ਇਥੋਂ ਦੇ ਨੀਤੀ ਘਾੜੇ ਬਣ ਗਏ ਸਨ। ਸਿੱਖ ਧਰਮ ਵਿਚ ਸਿੰਘ ਸਭਾ ਲਹਿਰ ਦਾ ਉਥਾਨ ਹੋ ਚੁੱਕਾ ਸੀ। ਭਾਈ ਸਾਹਿਬ ਦੀ ਜਵਾਨੀ ਦੇ ਦਿਨਾਂ ਤੱਕ ਇਹ ਲਹਿਰ ਦੀ ਲੋਅ ਮਧਮ ਹੋ ਗਈ ਅਤੇ ਉਸ ਦੀ ਥਾਂ ਗੁਰਦੁਆਰਾ ਸੁਧਾਰ ਲਹਿਰ ਦਾ ਆਰੰਭ ਹੋ ਗਿਆ। ਦੂਜੇ ਪਾਸੇ ਭਾਰਤੀਆਂ ਅਤੇ ਪੰਜਾਬੀਆਂ ਨੂੰ ਅੰਗਰੇਜ਼ਾਂ ਵਲੋਂ ਪਹਿਲੇ ਵਿਸ਼ਵ ਯੁਧ ਦੀ ਅੱਗ ਵਿਚ ਝੋਕਿਆ ਗਿਆ। ਭਾਈ ਸਾਹਿਬ ਨੇ ਇਹ ਸਾਰਾ ਕੁਝ ਅੱਖੀਂ ਦੇਖਿਆ ਅਤੇ ਹੰਡਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿਚ ਆਉਣ ਸਮੇਂ ਅਤੇ ਉਦਾਸੀ ਸਾਧੂਆਂ ਨਾਲ ਪਏ ਰੇੜਕੇ ਨੂੰ ਤਹਿ ਤਕ ਜਾ ਕੇ ਦੇਖਣ ਦਾ ਮੌਕਾ ਭਾਈ ਸਾਹਿਬ ਨੂੰ ਮਿਲਿਆ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੇ ਹਥ ਲਿਖਤ ਸਰੂਪਾਂ ਦੀ ਖੋਜ, ਸਿੱਖ ਸੰਪਰਦਾਵਾਂ ਨਾਲ ਜੁੜੇ ਸਾਹਿਤ ਦਾ ਵਿਸ਼ਲੇਸ਼ਣ ਅਤੇ ਸਿੱਖ ਰਹਿਤ ਦੇ ਗ੍ਰੰਥਾਂ ਦੇ ਅਧਿਐਨ ਵਿਚ ਭਾਈ ਸਾਹਿਬ ਨੂੰ ਮੁਹਾਰਤ ਹਾਸਿਲ ਸੀ। ਇਤਿਹਾਸ ਦੀਆਂ ਅਰਬੀ-ਫਾਰਸੀ, ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਪੁਸਤਕਾਂ ਉਹ ਅਸਾਨੀ ਨਾਲ ਪੜ੍ਹਦੇ ਅਤੇ ਵਿਸ਼ਲੇਸ਼ਣ ਕਰਦੇ ਸਨ।

ਹਥਲਾ ਖੋਜ-ਕਾਰਜ ਭਾਈ ਰਣਧੀਰ ਸਿੰਘ ਦੀ ਸਖਸ਼ੀਅਤ ਅਤੇ ਉਨ੍ਹਾਂ ਦੀਆਂ ਕਿਰਤਾਂ ਨਾਲ ਜੁੜਿਆ ਹੋਇਆ ਹੈ। ਇਸ ਦਾ ਪ੍ਰਸਤਾਵਿਤ ਨਾਂ 'ਭਾਈ ਰਣਧੀਰ ਸਿੰਘ (ਰਿਸਰਚ-ਸਕਾਲਰ) ਦਾ ਰਚਨਾ ਸੰਸਾਰ: ਸਰਵੇਖਣ ਅਤੇ ਵਿਸ਼ਲੇਸ਼ਣ (ਸਿਧਾਂਤਕ ਅਤੇ ਇਤਿਹਾਸਕ ਪਰਿਪੇਖ)' ਰਖਿਆ ਗਿਆ ਹੈ। ਇਸ ਅਧੀਨ ਭਾਈ ਸਾਹਿਬ ਦੇ ਜੀਵਨ ਵੇਰਵਿਆਂ ਤੋਂ ਇਲਾਵਾ ਉਨ੍ਹਾਂ ਦੀਆਂ ਕਿਰਤਾਂ ਵਿਚ ਮਿਲਦੇ ਵਿਸ਼ੇਸ਼ ਅਨੁਸ਼ਾਸਨਾਂ (ਵਿਧਾਵਾਂ) ਵਿਆਖਿਆਕਾਰੀ, ਟੀਕਾਕਾਰੀ, ਇਤਿਹਾਸਕਾਰੀ, ਪੱਤਰਕਾਰੀ ਆਦਿ ਨੂੰ ਵਿਸ਼ੇਸ਼ ਤਵੱਜੋਂ ਦਿੱਤੀ ਗਈ ਹੈ। ਇਸ ਨਾਲ ਭਾਈ ਸਾਹਿਬ ਦੀਆਂ ਹਥ ਲਿਖਤਾਂ ਜਿਹੜੀਆਂ ਪ੍ਰਕਾਸ਼ਿਤ ਰੂਪ ਵਿਚ ਨਹੀਂ ਆਈਆਂ, ਨੂੰ ਵੀ ਇਸ ਅਧਿਐਨ ਕਾਰਜ ਵਿਚ ਸ਼ਾਮਿਲ ਕੀਤਾ ਗਿਆ ਹੈ।

ਭਾਈ ਸਾਹਿਬ ਦੇ ਜੀਵਨ ਅਤੇ ਰਚਨਾਵਾਂ ਨਾਲ ਜੁੜੇ ਕਾਰਜਾਂ ਵਿਚ ਸਾਨੂੰ ਹੇਠ ਲਿਖੀ ਸਮਗਰੀ ਮਿਲਦੀ ਹੈ:

1. ਪ੍ਰੋ. ਨਿਰਮਲ ਸਿੰਘ ਦੁਆਰਾ ਲਿਖਿਆ ਅਤੇ ਪੰਜਾਬੀ ਟ੍ਰਿਬਿਊਨ ਵਿਚ ਛਪਿਆ ਲੇਖ 'ਇਤਿਹਾਸ ਖੋਜੀ ਭਾਈ ਰਣਧੀਰ ਸਿੰਘ ਡੂਮਛੇੜੀ' (7 ਦਸੰਬਰ 1991)।
2. ਪ੍ਰੋ. ਪਿਆਰਾ ਸਿੰਘ ਪਦਮ ਦੁਆਰਾ ਲਿਖਿਆ ਲੇਖ 'ਗਿ. ਰਣਧੀਰ ਸਿੰਘ- ਇਤਿਹਾਸ ਖੋਜੀ', ਜਿਹੜਾ ਉਨ੍ਹਾਂ ਪੁਸਤਕ *ਗੁਰੂ ਸਰ* ਦੇ ਪੰਨੇ 115-118 ਉਪਰ ਛਪਿਆ ਹੈ।
3. ਸ਼ਮਸ਼ੇਰ ਸਿੰਘ ਅਸ਼ੋਕ ਦੀ ਪੁਸਤਕ *ਪੰਜਾਬੀ ਪੱਤਰਕਲਾ (1953)* ਵਿਚ ਭਾਈ ਰਣਧੀਰ ਸਿੰਘ ਦੇ ਜੀਵਨ ਅਤੇ ਕੰਮਾਂ ਬਾਰੇ ਦਿੱਤਾ ਵੇਰਵਾ।
4. ਪੰਜਾਬੀ ਅਤੇ ਸਿੱਖ ਕੋਸ਼ਾਂ ਵਿਚ ਭਾਈ ਸਾਹਿਬ ਅਤੇ ਉਨ੍ਹਾਂ ਦੀਆਂ ਪੁਸਤਕਾਂ ਬਾਰੇ ਮਿਲਦੀ ਜਾਣਕਾਰੀ, ਜਿਵੇਂ ਪ੍ਰੋ. ਪ੍ਰੀਤਮ ਸਿੰਘ ਦਾ *ਪੰਜਾਬੀ ਲੇਖਕ ਕੋਸ਼ (2003);* ਡਾ. ਰਤਨ ਸਿੰਘ ਜੱਗੀ ਦੇ *ਸਿੱਖ ਪੰਥ ਵਿਸ਼ਵਕੋਸ਼ (2010);* ਡਾ. ਹਰਬੰਸ ਸਿੰਘ ਦਾ *ਇਨਸਾਈਕਲੋਪੀਡੀਆ ਆਫ ਸਿੱਖਇਜ਼ਮ* ਆਦਿ ।
5. *ਖੋਜ ਦਰਪਣ* ਜੁਲਾਈ 1982 ਵਿਚ ਡਾ. ਪਿਆਰ ਸਿੰਘ ਦੁਆਰਾ 'ਸ਼ਬਦਾਰਥ ਦਸਮ ਗ੍ਰੰਥ ਸਾਹਿਬ' ਦਾ ਰਿਵਿਊ।
6. ਡਾ. ਕਰਨੈਲ ਸਿੰਘ ਸੋਮਲ ਦੀ ਪੁਸਤਕ *ਸਿੱਖ ਇਤਿਹਾਸ ਦਾ ਟਕਸਾਲੀ ਖੋਜੀ ਭਾਈ ਰਣਧੀਰ ਸਿੰਘ ਡੂਮਛੇੜੀ (2018),*
7. ਭਾਈ ਸਾਹਿਬ ਦੀਆਂ ਆਪਣੀਆਂ ਪੁਸਤਕਾਂ ਵਿਚੋਂ ਕੇਵਲ *ਪ੍ਰੇਮ-ਸੁਮਾਰਗ ਗ੍ਰੰਥ* ਵਿਚੋਂ ਇਨ੍ਹਾਂ ਬਾਰੇ ਕੁਝ ਜਾਣਕਾਰੀ ਮਿਲਦੀ ਹੈ।

ਉਪਰੋਕਤ ਸਾਹਿਤ ਵਿਚ ਡਾ. ਕਰਨੈਲ ਸਿੰਘ ਸੋਮਲ ਦੀ ਪੁਸਤਕ ਭਾਈ ਸਾਹਿਬ ਬਾਰੇ ਛਪੀ ਵਿਸ਼ੇਸ਼ ਪੁਸਤਕ ਹੈ। ਇਸ ਵਿਚ ਉਨ੍ਹਾਂ ਦੇ ਜੀਵਨ ਅਤੇ ਰਚਨਾਵਾਂ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਲੇਖਕ ਨੇ ਭਾਈ ਸਾਹਿਬ ਦੇ ਜੀਵਨ ਬਾਰੇ ਵੇਰਵੇ ਦਿੰਦਿਆਂ ਬਹੁਤ ਮਿਹਨਤ ਕੀਤੀ ਹੈ। ਪਰੰਤੂ ਰਚਨਾਵਾਂ ਬਾਰੇ ਸਿਰਫ ਮੁਢਲੀ ਜਾਣਕਾਰੀ ਹੀ ਦਿਤੀ ਹੈ।

**ਖੋਜ ਦਾ ਘੇਰਾ**

ਸਾਡੇ ਖੋਜ-ਕਾਰਜ ਦਾ ਘੇਰਾ ਭਾਈ ਰਣਧੀਰ ਸਿੰਘ ਦੇ ਜੀਵਨ ਕਾਲ 1898-1974 ਈ: ਦੇ ਸਮੇਂ ਤਕ ਫੈਲਿਆ ਹੋਇਆ ਹੈ। ਇਸ ਸਮੇਂ ਦੌਰਾਨ ਸਿੰਘ ਸਭਾ ਲਹਿਰ ਦੀ ਚੜ੍ਹਤ, ਪਹਿਲਾ ਵਿਸ਼ਵ ਯੁਧ, ਗੁਰਦੁਆਰਾ ਸੁਧਾਰ ਲਹਿਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦਾ ਹੋਂਦ ਵਿਚ ਆਉਣਾ, ਸਿੱਖਾਂ ਦੇ ਵਡੇ ਅਦਾਰੇ ਜਿਵੇਂ ਖਾਲਸਾ ਕਾਲਜ, ਅੰਮ੍ਰਿਤਸਰ; ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ; ਪੰਜਾਬੀ ਯੂਨੀਵਰਸਿਟੀ, ਪਟਿਆਲਾ ਆਦਿ ਸਾਰੇ ਭਾਈ ਸਾਹਿਬ ਦੇ ਸਮਕਾਲੀ ਸਮੇਂ ਵਿਚ ਬਣੇ। ਭਾਈ ਰਣਧੀਰ ਸਿੰਘ ਇਨ੍ਹਾਂ ਨਾਲ ਕਿਸੇ ਨਾ ਕਿਸੇ ਰੂਪ ਵਿਚ ਜੁੜੇ ਰਹੇ। ਇਸ ਲਈ ਇਹ ਖੋਜ ਕਾਰਜ ਸਿੱਖ ਇਤਿਹਾਸ ਦੀ ਇਕ ਸਦੀ ਨਾਲ ਜੁੜਿਆ ਹੋਇਆ ਹੈ।

**ਖੋਜ ਵਿਧੀ**

ਇਸ ਖੋਜ ਕਾਰਜ ਵਿਚ ਅੰਤਰ-ਅਨੁਸ਼ਾਸਨੀ ਵਿਧੀ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਵਿਧੀ ਵਿਚ ਇਤਿਹਾਸਿਕ, ਸਮਾਜ-ਸ਼ਾਸਤਰੀ, ਧਰਮ ਸ਼ਾਸਤਰੀ ਆਦਿ ਵਿਧੀਆਂ ਸ਼ਾਮਿਲ ਹਨ। ਸਮਾਜ ਸ਼ਾਸਤਰੀ ਵਿਧੀ ਸਾਨੂੰ ਭਾਈ ਸਾਹਿਬ ਨਾਲ ਸਬੰਧਿਤ ਸਮਗਰੀ ਅਤੇ ਜੀਵਨ ਵੇਰਵੇ ਇਕਤਰ ਕਰਨ ਵਿਚ ਸਹਾਇਕ ਸਿੱਧ ਹੋਈ। ਇਤਿਹਾਸਿਕ ਵਿਧੀ ਉਨ੍ਹਾਂ ਦੇ ਸਮਕਾਲੀ ਸਮਾਜ ਦੀਆਂ ਘਟਨਾਵਾਂ ਦਾ ਲੇਖਾ ਜੋਖਾ ਕਰਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਵਿਚਲੇ ਇਤਿਹਾਸਿਕ ਵੇਰਵਿਆਂ ਦਾ ਵਰਗੀਕਰਨ ਅਤੇ ਵਿਸ਼ਲੇਸ਼ਣ ਕਰਨ ਲਈ, ਧਰਮਸ਼ਾਸਤਰੀ ਵਿਧੀ ਉਨ੍ਹਾਂ ਦੀ ਵਿਆਖਿਆਕਾਰੀ ਨੂੰ ਸਮਝਣ ਲਈ ਸਹਾਇਕ ਹੋਈ। ਇਸ ਤਰ੍ਹਾਂ ਬਣੀ ਅੰਤਰ-ਅਨੁਸ਼ਾਸਨੀ ਵਿਧੀ ਦੀ ਸਹਾਇਤਾ ਨਾਲ ਇਹ ਖੋਜ ਕਾਰਜ ਨੂੰ ਨੇਪਰੇ ਚਾੜ੍ਹਿਆ ਗਿਆ।

ਖੋਜ ਕਾਰਜ ਦੇ ਚਾਰ ਅਧਿਆਇਆਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:

- ਅਧਿਆਇ ਪਹਿਲਾ: **ਭਾਈ ਰਣਧੀਰ ਸਿੰਘ: ਜੀਵਨ ਅਤੇ ਤਤਕਾਲੀ ਹਾਲਾਤ**

ਇਹ ਅਧਿਆਇ ਭਾਈ ਰਣਧੀਰ ਸਿੰਘ ਦੇ ਜੀਵਨ ਅਤੇ ਤਤਕਾਲੀ ਹਾਲਾਤਾਂ ਦਾ ਵੇਰਵਾ ਪੇਸ਼ ਕਰਦਾ ਹੈ। ਇਸ ਵਿਚ ਅਸੀਂ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਭਾਈ ਸਾਹਿਬ ਦੀ ਘਰੇਗੀ ਹਾਲਤ ਕੀ ਸੀ? ਕਿੰਨਾ ਗੱਲਾਂ ਦਾ ਉਨ੍ਹਾਂ ਦੇ ਜੀਵਨ ਉਪਰ ਪ੍ਰਭਾਵ ਪਿਆ? ਉਨ੍ਹਾਂ ਦੇ ਮਾਤਾ ਪਿਤਾ ਦੇ ਸਿੱਖ ਧਰਮ ਨਾਲ ਜੁੜੇ ਹੋਣਾ, ਪਿਤਾ ਦੀ ਕਿਰਤ ਦਾ ਉਨ੍ਹਾਂ ਦੁਆਰਾ ਪ੍ਰਭਾਵ ਕਬੂਲਿਆ ਜਾਣਾ, ਉਨ੍ਹਾਂ ਨੂੰ ਮੁਢਲੀ ਵਿਦਿਆ ਦੇਣ ਵਾਲੇ

ਗਿਆਨੀ ਗੁਰਦਿਤ ਸਿੰਘ ਖਮਾਣੋ ਦੁਆਰਾ ਇਨ੍ਹਾਂ ਨੂੰ ਦਸਮ ਗ੍ਰੰਥ ਦੀ ਬਾਣੀ ਪੜ੍ਹਾਉਣਾ, ਇਨ੍ਹਾਂ ਦੁਆਰਾ ਰੁਜਗਾਰ ਦੀ ਭਾਲ ਵਿਚ ਫੌਜ ਦੀ ਨੌਕਰੀ, ਕਲਕਤੇ ਵਿਚ ਹੋਟਲ ਚਲਾਉਣਾ, ਅਖਬਾਰਾਂ ਦੀ ਸੰਪਾਦਨਾ ਕਰਨਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਿਚ ਇੰਸਪੈਕਟਰ ਲਗਣਾ, ਖੋਜ ਦੀ ਲਗਨ ਨੂੰ ਪੂਰਾ ਕਰਨ ਲਈ ਸਿੱਖ ਹਿਸਟਰੀ ਸੋਸਾਇਟੀ ਦਾ ਮੈਂਬਰ ਬਣਕੇ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਪੁਸਤਕ ਭੰਡਾਰ ਭਰਨ ਲਈ ਜਦੋ-ਜਹਿਦ ਕਰਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਓਰੀਐਂਟਲ ਸਕਾਲਰ ਦੇ ਅਹੁਦੇ 'ਤੇ ਕਾਰਜਸ਼ੀਲ ਹੋਣ ਆਦਿ ਬਾਰੇ ਵੇਰਵਾ ਦਿਤਾ ਗਿਆ ਹੈ।

ਉਪਰੋਕਤ ਗੱਲਾਂ ਦੇ ਨਾਲ-ਨਾਲ ਉਸ ਸਮੇਂ ਪਹਿਲੇ ਵਿਸ਼ਵ ਯੁਧ ਸਮੇਂ ਪੰਜਾਬੀ ਫੌਜੀਆਂ ਦੇ ਅੰਗਰੇਜ਼ਾਂ ਦਾ ਸਾਥ ਦੇਣ ਬਾਰੇ, ਜਿਨ੍ਹਾਂ ਵਿਚ ਭਾਈ ਰਣਧੀਰ ਸਿੰਘ ਵੀ ਸ਼ਾਮਿਲ ਸਨ। ਸਿੱਖ ਪੰਥ ਉਸ ਸਮੇਂ ਆਪਣੇ ਗੁਰਦੁਆਰੇ ਅਜਾਦ ਕਰਾਉਣ ਲਈ ਲਗਾਤਾਰ ਸ਼ਹਾਦਤਾਂ ਦੇ ਰਿਹਾ ਸੀ। ਸਿੱਖ ਵਿਦਵਾਨ ਸਿੰਘ ਸਭਾ ਲਹਿਰ ਤੋਂ ਪ੍ਰੇਰਿਤ ਹੋ ਕੇ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਯਾਦਾ ਦੀ ਵਿਆਖਿਆ ਕਰ ਰਹੇ ਸਨ। ਇਸ ਅਧਿਆਇ ਵਿਚ ਇਹ ਦਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਭਾਈ ਸਾਹਿਬ ਨੇ ਵੀ ਇਹ ਪ੍ਰਭਾਵ ਕਬੂਲਿਆ। ਜਿਸਦਾ ਵਿਸਥਾਰ ਸਹਿਤ ਪਤਾ ਭਾਈ ਸਾਹਿਬ ਦੀਆਂ ਲਿਖਤਾਂ ਨੂੰ ਭਾਈ ਕਾਨ੍ਹ ਸਿੰਘ ਨਾਭਾ ਅਤੇ ਗਿ. ਦਿੱਤ ਸਿੰਘ ਦੀਆਂ ਲਿਖਤਾਂ ਦੇ ਸਨਮੁਖ ਰਖ ਕੇ ਪੜ੍ਹਨ ਤੋਂ ਲਗਦਾ ਹੈ।

- ਅਧਿਆਇ ਦੂਜਾ: **ਭਾਈ ਰਣਧੀਰ ਦਾ ਰਚਨਾ ਸੰਸਾਰ: ਸਰਵੇਖਣ ਅਤੇ ਵਰਗੀਕਰਨ**

ਇਹ ਅਧਿਆਇ ਭਾਈ ਰਣਧੀਰ ਸਿੰਘ ਦੀਆਂ ਕਿਰਤਾਂ ਨਾਲ ਸੰਬੰਧਿਤ ਹੈ। ਇਨ੍ਹਾਂ ਕਿਰਤਾਂ ਦੇ ਸਰਵੇਖਣ ਵਜੋਂ ਸਾਨੂੰ ਭਾਈ ਰਣਧੀਰ ਸਿੰਘ ਦੀਆਂ ਪ੍ਰਕਾਸ਼ਿਤ ਰੂਪ ਵਿਚ ਛੇ (ਮੌਲਿਕ ਅਤੇ ਸੰਪਾਦਿਤ) ਪੁਸਤਕਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿਚ *ਗੁਰਪ੍ਰਣਾਲੀਆਂ, ਪ੍ਰੇਮ ਸੁਮਾਰਗ ਗ੍ਰੰਥ, ਉਦਾਸੀ ਸਿੱਖਾਂ ਦੀ ਵਿਥਿਆ, ਸ੍ਰੀ ਗੁਰੂ ਗੋਬਿੰਦ ਜੀ ਦੀ ਸ਼ਬਦ ਮੂਰਤਿ (ਦਸਵੇਂ ਪਾਤਿਸ਼ਾਹ ਗ੍ਰੰਥ) ਦਾ ਇਤਿਹਾਸ, ਸ਼ਬਦਾਰਥ ਦਸਮ ਗ੍ਰੰਥ ਸਾਹਿਬ (ਤਿੰਨ ਭਾਗ), ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ* ਪ੍ਰਾਪਤ ਹੋਏ ਹਨ। ਇਸ ਤੋਂ ਇਲਾਵਾ ਵੱਖ-ਵੱਖ ਪੁਸਤਕਾਂ ਵਿਚ ਛਪੇ 22 ਖੋਜ-ਪਰਚੇ ਪ੍ਰਾਪਤ ਹੋਏ ਹਨ। ਇਸ ਸਾਰੀ ਸਮਗਰੀ ਦਾ ਵਰਗੀਕਰਨ ਕਰਦਿਆਂ ਸਾਨੂੰ ਕੁਝ ਰਚਨਾਵਾਂ ਭਾਈ ਸਾਹਿਬ ਦੀਆਂ ਮੌਲਿਕ ਜਿਨ੍ਹਾਂ ਵਿਚ, *ਉਦਾਸੀ ਸਿੱਖਾਂ ਦੀ ਵਿਥਿਆ, ਸ੍ਰੀ ਗੁਰੂ ਗੋਬਿੰਦ ਜੀ ਦੀ ਸ਼ਬਦ ਮੂਰਤਿ (ਦਸਵੇਂ ਪਾਤਿਸ਼ਾਹ ਦੇ ਗ੍ਰੰਥ )*

*ਦਾ ਇਤਿਹਾਸ* ਅਤੇ ਖੋਜ-ਪਰਚੇ ਸ਼ਾਮਿਲ ਹਨ। ਸੰਪਾਦਿਤ ਰਚਨਾਵਾਂ ਵਿਚ *ਗੁਰਪ੍ਰਣਾਲੀਆਂ, ਸ਼ਬਦਾਰਥ ਦਸਮ ਗ੍ਰੰਥ ਸਾਹਿਬ (ਤਿੰਨ ਭਾਗ), ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ* ਅਤੇ *ਪ੍ਰੇਮ ਸੁਮਾਰਗ ਗ੍ਰੰਥ* ਹਨ। ਅਸੀਂ ਇਸ ਸਾਹਿਤ ਵਿਚਲੇ ਵਿਸ਼ਿਆਂ ਬਾਰੇ ਸੰਖੇਪ ਰੂਪ ਵਿਚ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਤਰ੍ਹਾਂ ਇਹ ਅਧਿਆਇ ਭਾਈ ਸਾਹਿਬ ਦੀਆਂ ਰਚਨਾਵਾਂ ਦਾ ਪੁਨਰ-ਪਠਨ/ਸਾਹਿਤ ਸਮੀਖਿਆ (Review of literature) ਦਾ ਰੂਪ ਬਣ ਜਾਂਦਾ ਹੈ।

- ਅਧਿਆਇ ਤੀਜਾ: **ਭਾਈ ਰਣਧੀਰ ਸਿੰਘ ਦੀਆਂ ਰਚਨਾਵਾਂ ਦਾ ਵਿਸ਼ਲੇਸ਼ਣ**

ਇਸ ਅਧਿਆਇ ਵਿੱਚ ਭਾਈ ਸਾਹਿਬ ਦੀਆਂ ਰਚਨਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਵਿਸ਼ਲੇਸ਼ਣ ਵਿਚ ਉਨ੍ਹਾਂ ਦੁਆਰਾ ਵਰਤੀਆਂ ਗਈਆਂ ਵਿਧਾਵਾਂ ਵਿਆਖਿਆਕਾਰੀ, ਇਤਿਹਾਸਕਾਰੀ, ਆਲੋਚਨਾ, ਕੋਸ਼ਕਾਰੀ ਆਦਿ ਦੇ ਰੂਪ ਵਿਚ ਸਾਡੇ ਸਨਮੁਖ ਹੁੰਦੀਆਂ ਹਨ। ਇਨ੍ਹਾਂ ਦੀ ਵਿਆਖਿਆਕਾਰੀ ਦਾ ਨਮੂਨਾ *ਸ਼ਬਦਾਰਥ ਸ੍ਰੀ ਦਸਮ ਗ੍ਰੰਥ ਸਾਹਿਬ* ਅਤੇ *ਪ੍ਰੇਮ ਸੁਮਾਰਗ* ਆਦਿ ਵਿਚ ਮਿਲਦਾ ਹੈ, ਜਿਹੜਾ ਟੀਕਾਕਾਰੀ ਨੂੰ ਸ਼ਬਦ-ਅਰਥੀ ਰੂਪ ਵਿਚ ਪੇਸ਼ ਕਰਦਾ ਹੈ। ਇਤਿਹਾਸਿਕ ਲੇਖਣੀ ਦੇ ਰੂਪ ਵਿਚ ਭਾਈ ਸਾਹਿਬ ਦੀ ਪਹੁੰਚ ਬੌਧਿਕ ਹੈ। ਇਹ ਪੌਰਾਣਿਕ ਵਿਆਖਿਆਕਾਰੀ ਦਾ ਖੰਡਨ ਕਰਦੇ ਹਨ। *ਉਦਾਸੀ ਸਿੱਖਾਂ ਦੀ ਵਿਥਿਆ* ਵਿਚ ਉਨ੍ਹਾਂ ਨੇ ਸਿੱਖ ਇਤਿਹਾਸਕਾਰੀ ਵਿਚ ਬਾਬਾ ਸ੍ਰੀ ਚੰਦ ਅਤੇ ਉਦਾਸੀ ਸੰਪਰਦਾਇ ਸੰਬੰਧੀ ਪਏ ਅਨੇਕ ਭੁਲੇਖਿਆਂ ਦਾ ਖੰਡਨ ਕੀਤਾ ਹੈ। ਇਸ ਤੋਂ ਇਲਾਵਾ ਉਦਾਸੀ ਸਾਧੂਆਂ ਦੁਆਰਾ ਪਾਏ ਗਏ ਸਿੱਖੀ ਪ੍ਰਚਾਰ ਦੇ ਯੋਗਦਾਨ ਨੂੰ ਸਰੋਤਾਂ ਦੇ ਅਧਾਰ ਤੇ ਪਰਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਭਾਈ ਸਾਹਿਬ ਨੇ ਗੁਰਪ੍ਰਣਾਲੀਆਂ ਦੇ ਸੰਪਾਦਨ ਵਜੋਂ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਵੇਰਵਿਆਂ ਲਈ ਇਕ ਵਿਗਿਆਨਿਕ ਪ੍ਰਣਾਲੀ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਭਾਈ ਸਾਹਿਬ ਨੇ ਸਿੱਖ ਗ੍ਰੰਥਾਂ ਤੋਂ ਇਲਾਵਾ ਫਾਰਸੀ ਸਰੋਤਾਂ ਅਤੇ ਕੰਨੂ ਪਿਲੇ ਦੁਆਰਾ ਤਿਆਰ ਕੀਤੀ ਜੰਤਰੀ ਦੇ ਅਧਾਰ ਤੇ ਸਿੱਖ ਇਤਿਹਾਸ ਦੇ ਪ੍ਰਮੁਖ ਮਸਲੇ ਨੂੰ ਨਜਿਠਣ ਦੀ ਕੋਸ਼ਿਸ਼ ਕੀਤੀ ਹੈ। ਉਹ ਗੁਰੂ ਸਾਹਿਬਾਨ ਨਾਲ ਜੁੜੀਆਂ ਘਟਨਾਵਾਂ ਨੂੰ ਮਿਤੀ ਬੱਧ ਤਰੀਕੇ ਵਜੋਂ ਪਾਠਕਾਂ ਦੇ ਸਨਮੁਖ ਕਰਨਾ ਚਾਹੁੰਦੇ ਸਨ। ਇਹ ਪੁਸਤਕ ਨਾਨਕਸ਼ਾਹੀ ਕੈਲੰਡਰ ਦੇ ਮਸਲੇ ਨਾਲ ਜੁੜਿਆ ਬਹੁ-ਮੁਲਾ ਸਰੋਤ ਹੈ। ਇਸ ਵਿਚ ਸੰਪਾਦਕ ਨੇ ਆਪਣੇ ਦੁਆਰਾ ਪੇਸ਼ ਅਧਿਐਨ ਨੂੰ ਪਾਠਕਾਂ ਦੇ ਸਨਮੁਖ ਕੀਤਾ ਹੈ ਕਿ ਉਹ ਇਤਿਹਾਸਿਕ ਮਸਾਲੇ ਵਿਚੋਂ ਮੋਤੀ ਲੱਭ ਸਕਣ। *ਸ਼ਬਦ ਮੂਰਤ ਦਸਮ ਗ੍ਰੰਥ*

ਬਾਰੇ ਅਸੀਂ ਇਹ ਕਹਿ ਸਕਦੇ ਹਾਂ ਕਿ ਇਹ ਪੁਸਤਕ 'ਦਸਮ-ਗ੍ਰੰਥ ਸ਼ਬਦਾਰਥ ਦੀ' ਭੂਮਿਕਾ ਵਜੋਂ ਲਿਖੀ ਗਈ। ਇਸ ਵਿਚ ਵਾਧੇ ਕਰਕੇ ਭਾਈ ਸਾਹਿਬ ਨੇ ਸੁਤੰਤਰ ਪੁਸਤਕ ਦੇ ਰੂਪ ਵਿਚ ਛਾਪਿਆ। *ਸ਼ਬਦਾਰਥ ਦਸਮ ਗ੍ਰੰਥ* ਨੂੰ ਪੜ੍ਹਦਿਆਂ ਸ਼ਬਦਾਰਥ ਸ਼੍ਰੀ ਗੁਰੂ ਗ੍ਰੰਥ ਸਾਹਿਬ, ਜਿਸ ਨੂੰ ਪ੍ਰਿੰਸੀਪਲ ਤੇਜਾ ਸਿੰਘ, ਨੇ ਤਿਆਰ ਕੀਤਾ ਦਾ ਧਿਆਨ ਵਾਰ ਵਾਰ ਮਨ ਵਿਚ ਆਉਂਦਾ ਹੈ। ਇਹ *ਸ਼ਬਦਾਰਥ* ਉਸੇ ਲੜੀ ਦਾ ਭਾਗ ਹੈ। *ਪ੍ਰੇਮ ਸੁਮਾਰਗ* ਖਾਲਸਾਈ ਰਹਿਤ ਨਾਲ ਜੁੜਿਆ ਦੁਰਲਭ ਸਰੋਤ ਹੈ। ਇਹ *ਸਿੱਖ ਰਹਿਤ ਮਰਯਾਦਾ* ਲਈ ਆਧਾਰ ਸਮਗਰੀ ਦਾ ਕਾਰਜ ਕਰਦਾ ਹੈ। ਭਾਈ ਸਾਹਿਬ ਨੇ ਆਪਣੀ ਸੰਪਾਦਨਾ ਦੁਆਰਾ ਗੁਰੂ ਗੋਬਿੰਦ ਸਿੰਘ ਜੀ ਸਮੇਂ ਦੇ ਸਿੱਖ ਸਮਾਜ ਦੀ ਤਸਵੀਰ ਇਸ ਵਿਚ ਪੇਸ਼ ਕੀਤੀ ਹੈ। *ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ (ਪਹਿਲਾ ਭਾਗ)* ਪੁਸਤਕ ਸਾਨੂੰ ਸਿੱਖ ਇਤਿਹਾਸ ਦੇ ਦਰਸ਼ਨ ਆਧੁਨਿਕ ਯੁਗ ਦੇ ਸਨਮੁਖ ਇਤਿਹਾਸ ਦੀ ਵਿਆਖਿਆ ਜਾਂ ਇਤਿਹਾਸਕਾਰੀ ਦੇ ਨਵੇਂ ਦਿਸਹੱਦੇ ਖੋਲਦੀ ਹੈ। ਇਸ ਪੁਸਤਕ ਵਿਚ ਸਮਕਾਲੀ ਇਤਿਹਾਸਕਾਰਾਂ ਜਿਵੇਂ ਗਿਆਨੀ ਗਿਆਨ ਸਿੰਘ ਆਦਿ ਦੀਆਂ ਲਿਖਤਾਂ ਉਪਰ ਇਨ੍ਹਾਂ ਨੇ ਆਪਣੀ ਰਾਇ ਦਿਤੀ। ਗੁਰੂ ਸਾਹਿਬਾਨ ਦੇ ਸਮਕਾਲੀ ਇਤਿਹਾਸਕਾਰਾਂ ਦਾ ਜੀਵਨ ਜਿਹੜਾ ਪਹਿਲਾਂ ਵਿਸਥਾਰ ਨਾਲ ਪੰਜਾਬੀ ਵਿਚ ਨਹੀਂ ਮਿਲਦਾ ਭਾਈ ਸਾਹਿਬ ਨੇ ਪੇਸ਼ ਕੀਤਾ। ਗੁਰੂ ਸਾਹਿਬਾਨ ਨਾਲ ਸੰਬੰਧਿਤ ਸਾਖੀਆਂ, ਹੁਕਮਨਾਮੇ ਆਦਿ ਦੀ ਆਲੋਚਨਾਤਮਕ ਜਾਣਕਾਰੀ ਇਨ੍ਹਾਂ ਨੇ ਪੇਸ਼ ਕੀਤੀ।

- ਅਧਿਆਇ ਚੌਥਾ: **ਭਾਈ ਸਾਹਿਬ ਦੀਆਂ ਹੱਥ ਲਿਖਤਾਂ: ਸੰਕਲਨ ਅਤੇ ਵਰਗੀਕਰਨ**

ਇਸ ਅਧਿਆਇ ਵਿਚ ਭਾਈ ਸਾਹਿਬ ਦੀਆਂ ਹੱਥ ਲਿਖਤਾਂ ਜਿਹੜੀਆਂ ਸਾਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਡਾ. ਗੰਡਾ ਸਿੰਘ ਰੈਫਰੈਂਸ ਲਾਇਬ੍ਰੇਰੀ ਦੇ ਹਥ ਲਿਖਤ ਸ਼ੈਕਸ਼ਨ ਵਿਚੋਂ ਪ੍ਰਾਪਤ ਹੋਈਆਂ ਹਨ, ਦਾ ਸੰਕਲਨ ਅਤੇ ਵਰਗੀਕਰਨ ਕੀਤਾ ਗਿਆ ਹੈ। ਇਨ੍ਹਾਂ ਲਿਖਤਾਂ ਵਿਚ *ਹਮਾਯੂੰ ਨਾਮਾ* ਦਾ ਪੰਜਾਬੀ ਅਨੁਵਾਦ, *ਸਤਿਗੁਰੂ ਦੇ ਮੁਹੈ ਦੀਆਂ ਸਾਖੀਆਂ ਦਾ ਉਤਾਰਾ*, ਦਸਮ ਗ੍ਰੰਥ ਦੀਵਾਨ ਖਾਨਾ ਸੰਗਰੂਰ, ਭਾਈ ਦੁਰਗਾ ਦਾਸ ਪਾਸ ਹੁਕਮਨਾਮੇ, *ਗੁਰੂ ਕੀਆਂ ਸਾਖੀਆਂ, ਲਖਣਹਿਤੋਪਦੇਸ਼* ਆਦਿ ਦਾ ਸੰਕਲਨ ਅਤੇ ਵਰਗੀਕਰਨ ਕੀਤਾ ਹੈ। ਇਹ ਸਿੱਖ ਸਾਹਿਤ ਦੀ ਵੱਖੋ-ਵੱਖਰੀਆਂ ਵਿਧਾਵਾਂ ਇਤਿਹਾਸ, ਰਹਿਤਨਾਮੇ, ਵਿਆਖਿਆ ਨਾਲ ਸੰਬੰਧਿਤ ਹਨ। ਇਨ੍ਹਾਂ ਵਿਚੋਂ ਬਹੁਤੀਆਂ ਲਿਖਤਾਂ ਪ੍ਰਕਾਸ਼ਿਤ ਵੀ ਹਨ ਜਿਵੇਂ ਹਮਾਯੂਨਾਮਾ ਕ੍ਰਿਤ ਗੁਲਬਦਨ ਬੇਗਮ ਫਾਰਸੀ ਅਤੇ ਹਿੰਦੀ ਵਿਚ ਛਪਿਆ ਮਿਲਦਾ ਹੈ, ਸਤਿਗੁਰੂ ਜੀ ਦੇ ਮੁਹੈ ਦੀਆਂ

ਸਾਖੀਆਂ ਨਰਿੰਦਰ ਕੌਰ ਭਾਟੀਆ ਨੇ ਸੰਪਾਦਿਤ ਕੀਤੀਆਂ ਹਨ। ਦਸਮ ਗ੍ਰੰਥ ਦੀਵਾਨਖਾਨਾ ਸੰਗਰੂਰ ਦਾ ਵੇਰਵਾ ਭਾਈ ਰਣਧੀਰ ਸਿੰਘ, ਰਤਨ ਸਿੰਘ ਜੱਗੀ, ਪਿਆਰਾ ਸਿੰਘ ਪਦਮ ਆਦਿ ਦੀਆਂ ਪੁਸਤਕਾਂ ਵਿਚ ਮਿਲਦਾ ਹੈ। ਇਸ ਤੋਂ ਇਲਾਵਾ ਹੋਰ ਪੁਸਤਕਾਂ ਵੀ ਕਿਸੇ ਨਾ ਕਿਸੇ ਰੂਪ ਵਿਚ ਪ੍ਰਾਪਤ ਹਨ। ਅਸੀਂ ਇਸ ਅਧਿਆਇ ਵਿਚ ਸਿਰਫ ਹਮਾਯੂੰਨਾਮਾ ਦੇ ਪੰਜਾਬੀ ਅਨੁਵਾਦ, ਸਤਿਗੁਰੂ ਦੇ ਮੂਹੈ ਦੀਆਂ ਸਾਖੀਆਂ ਦਾ ਉਤਾਰਾ, ਬਾਦਸ਼ਾਹ ਬੁਰੰਜੀ ਦਾ ਅਨੁਵਾਦ ਆਦਿ ਦੇ ਪਾਠਾਂ ਨੂੰ ਸ਼ਾਮਿਲ ਕੀਤਾ ਹੈ।

ਖੋਜ-ਕਾਰਜ ਦੇ ਅਖੀਰ ਵਿਚ ਉਪਰੋਕਤ ਅਧਿਆਇਆਂ ਵਿਚ ਕੀਤੀ ਚਰਚਾ ਨੂੰ 'ਸਾਰ ਤੇ ਉਪਲਬਧੀਆਂ' ਵਜੋਂ ਸਮੇਟਣ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸ ਖੋਜ ਕਾਰਜ ਵਿਚ ਚਾਰ ਅੰਤਿਕਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ। ਪਹਿਲੀ ਅੰਤਿਕਾ ਵਿਚ ਭਾਈ ਸਾਹਿਬ ਦੀ ਫੋਟੋ, ਦੂਜੀ ਅੰਤਿਕਾ ਵਿਚ ਉਨ੍ਹਾਂ ਦੀ ਉਹ ਫੋਟੋ ਜਿਸ ਉਪਰ ਉਨ੍ਹਾਂ ਦੇ ਦੇਹਾਂਤ ਦੀ ਮਿਤੀ 1974 ਈ. ਲਿਖੀ ਗਈ ਹੈ, ਜਦੋਂ ਕਿ ਉਨ੍ਹਾਂ ਦੇ ਜੀਵਨ ਬਾਰੇ ਮਿਲਦੇ ਕੁਝ ਵੇਰਵਿਆਂ ਵਿਚ ਦੇਹਾਂਤ ਦੀ ਮਿਤੀ 1972 ਈ. ਲਿਖੀ ਮਿਲਦੀ ਹੈ। ਤੀਜੀ ਅੰਤਿਕਾ ਵਿਚ ਉਨ੍ਹਾਂ ਦੀ ਹਥ-ਲਿਖਤ ਦਾ ਨਮੂਨਾ ਹੈ ਅਤੇ ਚੌਥੀ ਅੰਤਿਕਾ ਵਿਚ ਭਾਈ ਸਾਹਿਬ ਦੇ ਬੇਟੇ ਭਾਈ ਹਰਜੀਤ ਸਿੰਘ ਨਾਲ ਹੋਈ ਮੁਲਾਕਾਤ ਦੇ ਕੁਝ ਕੁ ਅੰਸ਼ ਸ਼ਾਮਿਲ ਹਨ।

**ਮਿਤੀ:** **ਨਿਰਵੈਰ ਸਿੰਘ**

## ਤਤਕਰਾ


**ਪੰਨਾ**

**ਭੂਮਿਕਾ** **i-vii**

**ਅਧਿਆਇ-ਪਹਿਲਾ** **1-17**

ਭਾਈ ਰਣਧੀਰ ਸਿੰਘ: ਜੀਵਨ ਅਤੇ ਤਤਕਾਲੀ ਹਾਲਾਤ

**ਅਧਿਆਇ-ਦੂਜਾ** **18-85**

ਭਾਈ ਰਣਧੀਰ ਸਿਘ ਦਾ ਰਚਨਾ ਸੰਸਾਰ: ਸਰਵੇਖਣ ਅਤੇ ਵਰਗੀਕਰਨ

**ਅਧਿਆਇ-ਤੀਜਾ** **86-123**

ਭਾਈ ਰਣਧੀਰ ਸਿੰਘ ਦੀਆਂ ਰਚਨਾਵਾਂ ਦਾ ਵਿਸ਼ਲੇਸ਼ਣ

**ਅਧਿਆਇ-ਚੌਥਾ** **124-183**

ਭਾਈ ਰਣਧੀਰ ਸਿੰਘ ਦੀ ਅਪ੍ਰਕਾਸ਼ਿਤ ਰਚਨਾ ਦਾ ਮੂਲ-ਪਾਠ ਤੇ ਸੰਪਾਦਨ

**ਸਾਰ ਅਤੇ ਸਥਾਪਨਾਵਾਂ** **184-189**

**ਅੰਤਿਕਾ 1**

ਭਾਈ ਰਣਧੀਰ ਸਿੰਘ ਦੀ ਤਸਵੀਰ

**ਅੰਤਿਕਾ 2**

ਭਾਈ ਰਣਧੀਰ ਸਿੰਘ ਦੀ ਫੋਟੋ ਜਿਸ ਉਪਰ ਜਨਮ ਅਤੇ ਦੇਹਾਂਤ ਦੀ ਮਿਤੀ ਲਿਖੀ ਹੈ

**ਅੰਤਿਕਾ 3**

ਭਾਈ ਰਣਧੀਰ ਸਿੰਘ ਦੀ ਹਥ-ਲਿਖਤ ਅਤੇ ਹਸਤਾਖਰ

ਅੰਤਿਕਾ 4

ਭਾਈ ਰਣਧੀਰ ਸਿੰਘ ਦੇ ਸਪੁਤਰ ਸ. ਹਰਜੀਤ ਸਿੰਘ ਨਾਲ ਕੀਤੀ ਮੁਲਾਕਾਤ

**ਪੁਸਤਕ ਸੂਚੀ** **190-197**

# ਪੇਪਰ ਪ੍ਰਕਾਸ਼ਤ ਪ੍ਰਮਾਣ ਪੱਤਰ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਖੋਜਾਰਥੀ ਨਿਰਵੈਰ ਸਿੰਘ ਨੇ ਹੇਠ ਲਿਖੇ ਅਨੁਸਾਰ ਦੇ ਪੇਪਰ ਪ੍ਰਕਾਸ਼ਤ ਹੋਏ ਹਨ।

1. ਨਿਰਵੈਰ ਸਿੰਘ, ਭਾਈ ਰਣਧੀਰ ਸਿੰਘ ਜੀ ਦੁਆਰਾ ਸੰਪਾਦਿਤ ਪੁਸਤਕ 'ਗੁਰਪ੍ਰਣਾਲਿਆਂ': ਇੱਕ ਜਾਣ ਪਛਾਣ, ਲਖਵਿੰਦਰ ਸਿੰਘ (ਸੰਪਾ.). ਸਿੱਖ ਅਧੀਐਨ : ਸਿਧਾਂਤ ਇਤਿਹਾਸ ਅਤੇ ਵਿਆਖਿਅਕਰੀ ਲੇਖ ਸੰਗ੍ਰਹਿ, 2017, ਪੰਨਾ 192-200. ISBN: 978-93-85670-55-8.
2. ਨਿਰਵੈਰ ਸਿੰਘ, ਭਾਈ ਰਣਧੀਰ ਸਿੰਘ ਅਤੇ ਭਟ ਵਾਰੀਆਂ, Lakhwinder Singh (Ed.), National Conference: Exploring the Past to Understand the Present and Guide the Future, April 10, 2017, p.85.

**ਡਾ. ਤੇਜਿੰਦਰ ਕੌਰ ਧਾਲੀਵਾਲ**
ਸਹਾਇਕ ਪ੍ਰੋਫੈਸਰ,
ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ।